ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਅਤੇ ਬੰਗਲਾਦੇਸ਼ ਦੇ ਗੁਰਧਾਮ

(ਇਤਿਹਾਸ, ਪਰੰਪਰਾ ਅਤੇ ਪ੍ਰਬੰਧ)



ਡਾ. ਪਰਮਵੀਰ ਸਿੰਘ

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ

ਅਤੇ

ਬੰਗਲਾਦੇਸ਼ ਦੇ ਗੁਰਧਾਮ

(ਇਤਿਹਾਸ, ਪਰੰਪਰਾ ਅਤੇ ਪ੍ਰਬੰਧ)

ਡਾ. ਪਰਮਵੀਰ ਸਿੰਘ

GRACIOUS

©
Author

Takht Sri Harimandir Ji Patna Sahib
Ate
Bangladesh de Gurdham
(Itihas, Prampara Ate Parbandh)
By
Dr. Paramvir Singh
Punjabi University, Patiala

ISBN : 978-93-87276-92-5
Year : 2020
Price : ₹ 450

Published by
Gracious Books
Office: LIG-13, Phase-1, Urban Estate, Patiala
SCO: 23, Shalimar Plaza, Opp. Punjabi University, Patiala
Ph.+91-175-5017642, +91-175-5007643
graciousbooks@yahoo.co.in
www.graciousbooks.in

Printed at: Anand Sons, New Delhi

Type Setting by: Ravi Kant Handa
Mob. 7009176151

ਸਮਰਪਣ

ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਹ ਪੁਸਤਕ ਭਾਰਤ ਦੇ ਪੂਰਬ ਵਿਚ ਸਥਿਤ ਉਸ ਮਹਾਨ ਅਸਥਾਨ ਦੀ ਯਾਦ ਦਿਵਾਉਂਦੀ ਹੈ ਜਿਹੜਾ ਕਿ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੈ। ਗੁਰੂ ਜੀ ਦੀ ਚਰਨ ਛੋਹ ਨਾਲ ਪਵਿੱਤਰ ਹੋਇਆ ਇਹ ਅਸਥਾਨ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਦੇ ਇਕ ਵੱਡੇ ਕੇਂਦਰ ਵੱਜੋਂ ਸਾਹਮਣੇ ਆਇਆ ਹੈ।

1469 ਵਿਚ ਤਲਵੰਡੀ ਰਾਇ ਭੋਇ, ਮੌਜੂਦਾ ਨਨਕਾਣਾ ਸਾਹਿਬ, ਵਿਖੇ ਪਿਤਾ ਕਲਿਆਣ ਚੰਦ ਅਤੇ ਮਾਤਾ ਤ੍ਰਿਪਤਾ ਜੀ ਦੇ ਘਰ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੋਇਆ। ਇਸ ਨਗਰ ਵਿਖੇ ਗੁਰੂ ਜੀ ਨਾਲ ਜੁੜੇ ਹੋਏ ਕਈ ਕੌਤਕ ਉਹਨਾਂ ਦੀ ਦੈਵੀ ਸ਼ਖ਼ਸੀਅਤ ਦਾ ਪ੍ਰਗਟਾਵਾ ਕਰਦੇ ਹਨ। ਇਥੋਂ ਆਪਣੀ ਭੈਣ ਨਾਨਕੀ ਕੋਲ ਸੁਲਤਾਨਪੁਰ ਲੋਧੀ, ਪੰਜਾਬ ਦੇ ਮੌਜੂਦਾ ਕਪੂਰਥਲੇ ਜ਼ਿਲ੍ਹੇ, ਵਿਖੇ ਆ ਕੇ ਗੁਰੂ ਜੀ ਨੇ ਮੋਦੀਖ਼ਾਨੇ ਵਿਖੇ ਨੌਕਰੀ ਕਰ ਲਈ ਪਰ ਪ੍ਰਭੂ-ਬੰਦਗੀ ਅਤੇ ਪਰਉਪਕਾਰ ਵਾਲੇ ਕਾਰਜ ਨਿਰੰਤਰ ਜਾਰੀ ਰੱਖੇ। ਵੇਈਂ ਪ੍ਰਵੇਸ਼ ਦੀ ਘਟਨਾ ਉਪਰੰਤ ਲੋਕਾਈ ਨੂੰ ਪਰਮਾਤਮਾ ਦਾ ਸੰਦੇਸ਼ ਦੇਣ ਲਈ ਗੁਰੂ ਜੀ ਉਦਾਸੀਆਂ 'ਤੇ ਚਲੇ ਗਏ। ਪ੍ਰਭੂ-ਬੰਦਗੀ, ਪ੍ਰੇਮ ਅਤੇ ਭਾਈਚਾਰਕ ਸਾਂਝ ਦੇ ਉਪਦੇਸ਼ ਦੁਆਰਾ ਗੁਰੂ ਜੀ ਨੇ ਆਪਸੀ ਵੈਰ-ਵਿਰੋਧ, ਸਵਾਰਥ ਅਤੇ ਨਫ਼ਰਤ ਦੀਆਂ ਦੀਵਾਰਾਂ ਨੂੰ ਢਾਹ ਕੇ ਆਮ ਲੋਕਾਂ ਨੂੰ ਇਕ ਸੂਤਰ ਵਿਚ ਪਰੋਣ ਦਾ ਮਹੱਤਵਪੂਰਨ ਕਾਰਜ ਕੀਤਾ।

ਪਹਿਲੀ ਉਦਾਸੀ ਤੋਂ ਵਾਪਸ ਆ ਕੇ ਗੁਰੂ ਜੀ ਨੇ ਰਾਵੀ ਦਰਿਆ ਦੇ ਕੰਢੇ ਕਰਤਾਰਪੁਰ ਨਗਰ ਦਾ ਮੁੱਢ ਬੰਨਿਆ ਸੀ ਅਤੇ ਆਪਣੀਆਂ ਸਮੂਹ ਉਦਾਸੀਆਂ ਉਪਰੰਤ ਲਗਪਗ 18 ਸਾਲ ਇਸ ਨਗਰ ਵਿਖੇ ਬਸਰ ਕੀਤੇ ਸਨ। ਇਸ ਨਗਰ ਵਿਖੇ ਨਾਮ ਜਪਣ, ਕਿਰਤ ਕਰਨ ਅਤੇ ਵੰਡ ਛਕਣ ਦਾ ਮਹੱਤਵਪੂਰਨ ਸੰਦੇਸ਼ ਪ੍ਰਦਾਨ ਕਰਦੇ ਹੋਏ ਗੁਰੂ ਜੀ ਨੇ ਭਾਈ ਲਹਿਣਾ ਨੂੰ ਗੁਰੂ ਅੰਗਦ ਦੇਵ ਜੀ ਦੇ ਰੂਪ ਵਿਚ ਸਥਾਪਿਤ ਕਰਦੇ ਹੋਏ ਆਪਣੇ ਦੈਵੀ-ਮਿਸ਼ਨ ਨੂੰ ਸਦੀਵ ਕਾਲ ਲਈ ਜਾਰੀ ਕਰ ਦਿੱਤਾ ਸੀ।

1539 ਵਿਚ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਨਾਲ ਇਹ ਨਗਰ ਕਰਤਾਰਪੁਰ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੋ ਗਿਆ। ਸ਼ਰਧਾ, ਪ੍ਰੇਮ, ਸਤਿਕਾਰ ਅਤੇ ਉਤਸ਼ਾਹ ਸਹਿਤ ਗੁਰੂ ਨਾਨਕ ਨਾਮ-ਲੇਵਾ ਸੰਗਤ ਇਸ ਅਸਥਾਨ ਦੇ ਦਰਸ਼ਨ ਕਰਦੀ ਹੈ। 1947 ਵਿਚ ਭਾਰਤ-ਪਾਕਿ ਵੰਡ ਦੌਰਾਨ ਇਹ ਅਸਥਾਨ ਸਿੱਖ ਸੰਗਤ ਤੋਂ ਵਿਛੜ ਗਿਆ ਸੀ ਪਰ ਗੁਰੂ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਇਸ ਅਸਥਾਨ ਦੇ ਖੁੱਲ੍ਹੇ

ਦਰਸ਼ਨ-ਦੀਦਾਰ ਕਰਨ ਲਈ ਅੰਤਰ-ਰਾਸ਼ਟਰੀ ਸਰਹੱਦ ਨੂੰ ਖੋਲਿਆ ਗਿਆ ਹੈ।

ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਮਨੁੱਖੀ ਕਦਰਾਂ-ਕੀਮਤਾਂ ਅਤੇ ਭਾਈਚਾਰਕ ਸਾਂਝ ਪੈਦਾ ਕਰਨ ਦੀ ਚੇਤਨਾ ਪੈਦਾ ਕਰਦਾ ਹੈ। ਇਸ ਲਈ ਗੁਰੂ ਜੀ ਦੇ ਜੀਵਨ, ਸ਼ਖ਼ਸੀਅਤ, ਸਿਧਾਂਤ ਅਤੇ ਚਰਨ ਛੋਹ ਪ੍ਰਾਪਤ ਅਸਥਾਨਾਂ ਸੰਬੰਧੀ ਜਾਣਕਾਰੀ ਪ੍ਰਾਪਤ ਕਰਨ ਦੀ ਇੱਛਾ ਹਰ ਸਿੱਖ ਦੇ ਮਨ ਵਿਚ ਬਣੀ ਰਹਿੰਦੀ ਹੈ। ਇਸੇ ਆਹਰ ਦੀ ਪੂਰਤੀ ਵੱਜੋਂ ਇਹ ਖੋਜ-ਕਾਰਜ ਅਰੰਭ ਕੀਤਾ ਗਿਆ ਸੀ। ਗੁਰੂ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਇਹ ਕਾਰਜ ਉਹਨਾਂ ਦੇ ਚਰਨਾਂ ਵਿਚ ਸਮਰਪਿਤ ਕਰਨ ਦੀ ਖ਼ੁਸ਼ੀ ਲੈ ਰਿਹਾ ਹਾਂ।

ਤਤਕਰਾ

ਭੂਮਿਕਾ	(vii)-(xv)
ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ	1–125
• ਪਟਨਾ ਸਾਹਿਬ ਦਾ ਪਿਛੋਕੜ	1
• ਉਦਾਸੀਆਂ ਦਾ ਪ੍ਰਭਾਵ	3
• ਬਿਹਾਰ ਦੀ ਸਿੱਖ ਵਸੋਂ	9
• ਤਖ਼ਤ ਪਟਨਾ ਸਾਹਿਬ ਦੀ ਸਥਿਤੀ	14
• ਤਖ਼ਤ ਪਟਨਾ ਸਾਹਿਬ ਦੀ ਨਵੀਂ ਇਮਾਰਤ	31
• ਇਤਿਹਾਸਿਕ ਨਿਸ਼ਾਨੀਆਂ	40
• ਆਰਥਿਕ ਪ੍ਰਬੰਧ	43
• ਯਾਤਰੂਆਂ ਲਈ ਨਿਵਾਸ ਅਸਥਾਨ	46
• ਪ੍ਰਮੁੱਖ ਗੁਰਪੁਰਬ	47
• ਗੁਰਧਾਮਾਂ ਦੀ ਸੇਵਾ-ਸੰਭਾਲ ਅਤੇ ਪ੍ਰਬੰਧ	48
• ਮਹੰਤ ਅਤੇ ਮੁੱਖ ਸੇਵਾਦਾਰ	64
• ਗੁਰਦੁਆਰਾ ਐਕਟ	88
• ਧਾਰਮਿਕ ਅਤੇ ਵਿੱਦਿਅਕ ਯੋਗਦਾਨ	92
• ਸ਼ਤਾਬਦੀ ਸਮਾਰੋਹ	98
• ਚੁਣੌਤੀਆਂ	107
ਬੰਗਲਾਦੇਸ਼ ਦੇ ਗੁਰਧਾਮ	126–183
• ਇਤਿਹਾਸਕ ਪਿਛੋਕੜ	126
• ਭਾਰਤ ਦੀ ਅਜ਼ਾਦੀ ਤੋਂ ਪਹਿਲਾਂ	128
• ਪੂਰਬੀ ਪਾਕਿਸਤਾਨ ਅਧੀਨ	129
• ਬੰਗਲਾਦੇਸ਼ ਅਜ਼ਾਦ ਹੋਣ ਉਪਰੰਤ	132
• ਗੁਰਧਾਮਾਂ ਦੀ ਸਾਂਭ-ਸੰਭਾਲ ਲਈ ਯਤਨ ਅਰੰਭ	139
• ਪ੍ਰਮੁੱਖ ਗੁਰਧਾਮ ਅਤੇ ਨਿਸ਼ਾਨੀਆਂ	142
• ਗੁਰਧਾਮਾਂ ਦਾ ਪ੍ਰਬੰਧ	171

ਹੁਕਮਨਾਮੇ, ਗੁਰਮਤੇ ਅਤੇ ਸਨਮਾਨ 184–262
- ਭੂਮਿਕਾ 184
- ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਨਾਲ ਸੰਬੰਧਿਤ 195
- ਬੰਗਲਾਦੇਸ਼ ਨਾਲ ਸੰਬੰਧਿਤ 251

ਅੰਤਿਕਾ 263–273

ਪੁਸਤਕ ਸੂਚੀ 274–279

ਭੂਮਿਕਾ

ਸਿੱਖ ਧਰਮ ਵਿਚ ਪੰਜ ਤਖ਼ਤ ਸਾਹਿਬਾਨ ਦਾ ਵਿਸ਼ੇਸ਼ ਮਹੱਤਵ ਹੈ—ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ; ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ, ਪਟਨਾ; ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ; ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ, ਨਾਂਦੇੜ। ਇਹਨਾਂ ਵਿਚੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਸਿੱਖ ਧਰਮ ਦੇ ਛੇਵੇਂ ਗੁਰੂ, ਗੁਰੂ ਹਰਿਗੋਬਿੰਦ ਸਾਹਿਬ, ਜੀ ਨੇ ਆਪਣੇ ਹੱਥੀਂ ਕੀਤੀ ਸੀ। ਬਾਕੀ ਚਾਰ ਤਖ਼ਤ ਸਾਹਿਬਾਨ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਹਨ। ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਹੋਇਆ ਸੀ ਅਤੇ ਇਥੇ ਉਹਨਾਂ ਦੇ ਬਚਪਨ ਦੇ ਕੌਤਕਾਂ ਨਾਲ ਸੰਬੰਧਿਤ ਅਸਥਾਨ ਅਤੇ ਨਿਸ਼ਾਨੀਆਂ ਮੌਜੂਦ ਹਨ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਕਰਮ-ਭੂਮੀ ਦਾ ਧੁਰਾ ਮੰਨਿਆ ਜਾਂਦਾ ਹੈ ਅਤੇ ਇਥੇ ਹੀ ਉਹਨਾਂ ਨੇ ਖ਼ਾਲਸਾ ਪੰਥ ਦੀ ਸਥਾਪਨਾ ਕੀਤੀ ਸੀ। ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਗੁਰੂ ਜੀ ਨੇ ਜੰਗਾਂ-ਜੁੱਧਾਂ ਤੋਂ ਮੁਕਤ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਭਾਈ ਮਨੀ ਸਿੰਘ ਜੀ ਤੋਂ ਤਿਆਰ ਕਰਵਾਈ ਸੀ। ਤਖ਼ਤ ਸ੍ਰੀ ਹਜ਼ੂਰ ਸਾਹਿਬ ਗੁਰੂ ਜੀ ਦੇ ਅੰਤਿਮ ਸਮੇਂ ਦੀਆਂ ਪ੍ਰਮੁੱਖ ਘਟਨਾਵਾਂ ਦੀ ਯਾਦ ਦਿਵਾਉਂਦਾ ਹੈ ਜਿਥੇ ਉਹਨਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਖੰਡੇ ਦੀ ਪਾਹੁਲ ਦੇ ਕੇ ਜ਼ੁਲਮ ਦਾ ਖ਼ਾਤਮਾ ਕਰਨ ਲਈ ਪੰਜਾਬ ਵੱਲ ਤੋਰਿਆ ਸੀ ਅਤੇ ਇਸੇ ਅਸਥਾਨ 'ਤੇ ਹੀ ਉਹਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਖ਼ਾਲਸਾ ਪੰਥ ਨੂੰ ਸਾਂਝੇ ਤੌਰ 'ਤੇ ਗੁਰਤਾਗੱਦੀ ਪ੍ਰਦਾਨ ਕਰਦੇ ਹੋਏ 'ਜੋਤਿ ਗ੍ਰੰਥ ਵਿਚ ਸਰੀਰ ਪੰਥ ਵਿਚ' ਹੋਣ ਦਾ ਆਦੇਸ਼ ਦਿੱਤਾ ਸੀ। ਇਸ ਦਾ ਭਾਵ ਇਹ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਹੀ ਖ਼ਾਲਸਾ ਪੰਥ ਗੁਰੂ ਹੋਣ ਦਾ ਅਧਿਕਾਰੀ ਹੈ। ਸਿੱਖ ਜਗਤ ਵਿਚ ਇਸ ਅਸਥਾਨ ਦਾ ਇਸ ਕਰਕੇ ਵੀ ਵਿਸ਼ੇਸ਼ ਮਹੱਤਵ ਹੈ ਕਿਉਂਕਿ 1708 ਵਿਚ ਇਸੇ ਅਸਥਾਨ 'ਤੇ ਹੀ ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤ ਸਮਾਏ ਸਨ।

ਇਸ ਪੁਸਤਕ ਦੇ ਹਵਾਲਿਆਂ ਵਿਚ ਕਈ ਥਾਂਈਂ ਚਾਰ ਤਖ਼ਤਾਂ ਦਾ ਜ਼ਿਕਰ ਆਇਆ ਹੈ ਜਿਨ੍ਹਾਂ ਨੂੰ ਮੂਲ ਰੂਪ ਵਿਚ ਹੀ ਰੱਖਿਆ ਗਿਆ ਹੈ। ਸ੍ਰੀ ਦਮਦਮਾ ਸਾਹਿਬ ਨੂੰ ਤਖ਼ਤ ਸਾਹਿਬ ਦਾ ਦਰਜਾ ਅੱਧੀ ਵੀਹਵੀਂ ਸਦੀ ਲੰਘ ਜਾਣ ਉਪਰੰਤ ਪ੍ਰਾਪਤ ਹੋਇਆ ਹੈ। 1963 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਅਸਥਾਨ ਨੂੰ ਤਖ਼ਤ ਸਾਹਿਬ ਐਲਾਨ ਦਿੱਤਾ ਗਿਆ ਸੀ। ਇਸ ਤੋਂ ਬਾਅਦ ਇਸ ਤਖ਼ਤ ਸਾਹਿਬ ਨੂੰ ਸਿੱਖ ਗੁਰਦੁਆਰਾ ਐਕਟ ਵਿਚ ਸ਼ਾਮਲ ਕਰਨ ਲਈ ਯਤਨ ਅਰੰਭ ਹੋ ਗਏ। ਖ਼ਾਲਸਾ ਪੰਥ

ਦੀ ਸਥਾਪਨਾ ਦੀ ਤੀਜੀ ਸ਼ਤਾਬਦੀ ਮਨਾਉਂਦੇ ਸਮੇਂ 23 ਅਪ੍ਰੈਲ 1999 ਨੂੰ ਸ੍ਰੀ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਾਲੀ ਭਾਰਤ ਸਰਕਾਰ ਨੇ ਇਕ ਨੋਟੀਫਿਕੇਸ਼ਨ ਜਾਰੀ ਕਰਦੇ ਹੋਏ ਇਸ ਤਖ਼ਤ ਸਾਹਿਬ ਨੂੰ ਸਿੱਖ ਗੁਰਦੁਆਰਾ ਐਕਟ ਵਿਚ ਸ਼ਾਮਲ ਕਰ ਲਿਆ ਸੀ।

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਸਿੱਖ ਧਰਮ ਦੇ ਪੰਜ ਤਖ਼ਤਾਂ ਵਿਚ ਸ਼ਾਮਲ ਹੈ। ਪੂਰਬ ਵਿਚ ਸਿੱਖਾਂ ਲਈ ਇਹ ਇਕ ਮਹੱਤਵਪੂਰਨ ਕੇਂਦਰੀ ਧਾਰਮਿਕ ਅਸਥਾਨ ਹੈ ਕਿਉਂਕਿ ਇਸ ਨੂੰ ਤਖ਼ਤ ਸਾਹਿਬ ਦਾ ਦਰਜਾ ਪ੍ਰਾਪਤ ਹੈ। ਗੁਰੂ ਨਾਨਕ ਦੇਵ ਜੀ ਤੋਂ ਇਸ ਅਸਥਾਨ ਦਾ ਸੰਬੰਧ ਸਿੱਖ ਧਰਮ ਨਾਲ ਜੁੜਦਾ ਹੈ। ਇਹ ਸਾਲਿਸ ਰਾਏ ਜੌਹਰੀ ਦਾ ਘਰ ਸੀ ਅਤੇ ਪੂਰਬ ਦੀ ਉਦਾਸੀ ਦੌਰਾਨ ਗੁਰੂ ਜੀ ਨੇ ਇਥੇ ਹੀ ਨਿਵਾਸ ਕੀਤਾ ਸੀ। ਗੁਰੂ ਜੀ ਨੇ ਇਸ ਅਸਥਾਨ ਨੂੰ ਧਰਮਸਾਲ ਦਾ ਰੂਪ ਪ੍ਰਦਾਨ ਕਰਕੇ ਸਾਲਿਸ ਰਾਏ ਜੌਹਰੀ ਨੂੰ ਇਥੋਂ ਦਾ ਮੰਜੀਦਾਰ ਨਿਯੁਕਤ ਕੀਤਾ ਸੀ। ਗੁਰੂ ਨਾਨਕ ਦੇਵ ਜੀ ਤੋਂ ਬਾਅਦ ਉਹਨਾਂ ਦੇ ਨੌਵੇਂ ਉਤਰਾਧਿਕਾਰੀ ਗੁਰੂ ਤੇਗ਼ ਬਹਾਦਰ ਜੀ ਇਸ ਨਗਰ ਵਿਖੇ ਆਏ ਅਤੇ ਇਥੋਂ ਅੱਗੇ ਅਸਾਮ ਦੀ ਯਾਤਰਾ ’ਤੇ ਚਲੇ ਗਏ ਸਨ ਪਰ ਉਹਨਾਂ ਦੇ ਪਰਿਵਾਰ ਨੇ ਇਸ ਅਸਥਾਨ ’ਤੇ ਨਿਵਾਸ ਕੀਤਾ ਸੀ। ਇਹ ਉਹ ਮਹਾਨ ਪਵਿੱਤਰ ਅਸਥਾਨ ਹੈ ਜਿਥੇ ਗੁਰੂ ਤੇਗ਼ ਬਹਾਦਰ ਜੀ ਦੇ ਸਪੁੱਤਰ ਗੋਬਿੰਦ ਰਾਇ ਜੀ (ਗੁਰੂ ਗੋਬਿੰਦ ਸਿੰਘ ਜੀ) ਦਾ ਪ੍ਰਕਾਸ਼ ਹੋਇਆ ਸੀ। ਗੁਰੂ ਤੇਗ਼ ਬਹਾਦਰ ਜੀ, ਮਾਤਾ ਗੁਜਰੀ ਜੀ ਅਤੇ ਬਾਲ ਗੋਬਿੰਦ ਰਾਇ ਜੀ ਦੀਆਂ ਸੰਭਾਲ ਕੇ ਰੱਖੀਆਂ ਹੋਈਆਂ ਯਾਦਗਾਰੀ ਨਿਸ਼ਾਨੀਆਂ ਸਿੱਖ ਧਰਮ ਵਿਚ ਇਸ ਅਸਥਾਨ ਦੇ ਮਹੱਤਵ ਦੀ ਜਾਣਕਾਰੀ ਪ੍ਰਦਾਨ ਕਰਦੀਆਂ ਹਨ।

ਹਰ ਇਕ ਸਿੱਖ ਦੇ ਮਨ ਦੀ ਇਹ ਇੱਛਾ ਹੁੰਦੀ ਹੈ ਕਿ ਜੀਵਨ ਵਿਚ ਇਕ ਵਾਰੀ ਉਹ ਇਸ ਪਾਵਨ ਅਸਥਾਨ ਦੇ ਦਰਸ਼ਨ ਜਰੂਰ ਕਰੇ। ਜਦੋਂ ਆਵਾਜਾਈ ਦੇ ਸਾਧਨ ਬਹੁਤ ਸੀਮਿਤ ਸਨ, ਉਸ ਸਮੇਂ ਵੀ ਇਸ ਅਸਥਾਨ ਦੇ ਦਰਸ਼ਨ ਕਰਨ ਲਈ ਸਿੱਖ ਸੰਗਤਾਂ ਪੰਜਾਬ ਤੋਂ ਨਿਰੰਤਰ ਹਾਜ਼ਰੀ ਭਰਦੀਆਂ ਸਨ। ਮੌਜੂਦਾ ਸਮੇਂ ਵਿਚ ਆਵਾਜਾਈ ਦੇ ਸਾਧਨਾਂ ਵਿਚ ਭਾਰੀ ਤਬਦੀਲੀ ਆਈ ਹੈ। ਰੇਲ, ਸੜਕੀ ਅਤੇ ਹਵਾਈ ਸਾਧਨਾਂ ਰਾਹੀਂ ਇਹ ਨਗਰ ਭਾਰਤ ਦੇ ਹਰ ਇਕ ਨਗਰ ਨਾਲ ਜੁੜਿਆ ਹੋਇਆ ਹੈ। ਦੇਸ਼-ਵਿਦੇਸ਼ ਦੇ ਹਜ਼ਾਰਾਂ ਸ਼ਰਧਾਲੂ ਇਸ ਅਸਥਾਨ ਦੇ ਦਰਸ਼ਨ ਕਰਨ ਆਉਂਦੇ ਹਨ ਅਤੇ ਕੁੱਝ ਦਿਨ ਇਥੇ ਨਿਵਾਸ ਕਰਕੇ ਗੁਰੂ ਸਾਹਿਬਾਨ ਨਾਲ ਸੰਬੰਧਿਤ ਅਸਥਾਨਾਂ ਅਤੇ ਨਿਸ਼ਾਨੀਆਂ ਦੇ ਦਰਸ਼ਨ ਕਰਕੇ ਅਨੰਦ ਪ੍ਰਾਪਤ ਕਰਦੇ ਹਨ। ਇਸ ਅਸਥਾਨ ਸੰਬੰਧੀ ਜਾਣਕਾਰੀ ਪ੍ਰਦਾਨ ਕਰਨ ਵਾਲੇ ਕੁੱਝ ਕਾਰਜ ਵੀ ਸੰਗਤ ਦੇ ਸਨਮੁਖ ਮੌਜੂਦ ਹਨ। ਆਮ ਸ਼ਰਧਾਲੂ ਲਈ ਤਾਂ ਭਾਵੇਂ ਇਹ ਜਾਣਕਾਰੀ ਕਾਫ਼ੀ ਹੋਵੇ ਪਰ ਵਧੇਰੇ ਰੁਚੀ ਰੱਖਣ ਵਾਲੇ ਵਿਅਕਤੀ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਹੋਰ ਵਧੇਰੇ ਕਾਰਜ ਕਰਨ ਦੀ ਲੋੜ ਸੀ। ਅਕਾਦਮਿਕ ਪੱਧਰ ’ਤੇ ਵੀ ਕੁੱਝ ਕਾਰਜ ਸਾਹਮਣੇ ਆਏ ਹਨ ਪਰ ਫਿਰ ਵੀ ਇਸ ਅਸਥਾਨ ਸੰਬੰਧੀ ਗਹਿਨ ਅਤੇ ਵਿਸਤ੍ਰਿਤ ਜਾਣਕਾਰੀ ਪ੍ਰਾਪਤ ਕਰਨ ਦੀ ਇੱਛਾ ਬਣੀ ਰਹਿੰਦੀ ਹੈ। ਇਸੇ ਲੋੜ ਨੂੰ ਮੁੱਖ ਰੱਖਦੇ ਹੋਏ ਇਸ ਖੋਜ-ਕਾਰਜ ਰਾਹੀਂ ਇਕ ਨਿਮਾਣਾ ਜਿਹਾ ਯਤਨ ਕੀਤਾ ਗਿਆ ਹੈ।

ਇਹ ਖੋਜ-ਕਾਰਜ ਤਿੰਨ ਪ੍ਰਮੁੱਖ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲਾ ਭਾਗ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਨਾਲ ਸੰਬੰਧਿਤ ਹੈ। ਇਸ ਅਧਿਆਇ ਵਿਚ ਤਖ਼ਤ ਸਾਹਿਬ ਦੀ ਪਰੰਪਰਾ ਅਤੇ ਇਤਿਹਾਸ ਨੂੰ ਜਾਣਨ ਅਤੇ ਲੱਭਣ ਦਾ ਯਤਨ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਦੇ ਸਮੇਂ ਇਸ ਅਸਥਾਨ ਦਾ ਸੰਬੰਧ ਸਿੱਖ ਧਰਮ ਨਾਲ ਜੁੜਦਾ ਹੈ ਅਤੇ ਇਸ ਦਾ ਮਹੱਤਵ ਉਸ ਸਮੇਂ ਹੋਰ ਵੱਧ ਜਾਂਦਾ ਹੈ ਜਦੋਂ ਗੁਰੂ ਜੀ ਆਪਣੇ ਨਵੇਂ ਸਜੇ ਸਿੱਖ ਨੂੰ ਇਥੋਂ ਦਾ ਮੰਜੀਦਾਰ ਨਿਯੁਕਤ ਕਰਦੇ ਹਨ। ਗੁਰੂ ਜੀ ਦੁਆਰਾ ਸਥਾਪਿਤ ਕੀਤੀ ਇਹ ਪਰੰਪਰਾ ਨਿਰੰਤਰ ਚੱਲਦੀ ਹੈ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੱਕ ਇਸ ਦਾ ਵਿਸਤ੍ਰਿਤ ਰੂਪ ਦੇਖਣ ਨੂੰ ਮਿਲਦਾ ਹੈ। ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਕ ਬੀੜ ਮੌਜੂਦ ਹੈ ਜਿਹੜੀ ਗੁਰੂ ਜੀ ਨੇ ਬਿਹਾਰ ਦੀ ਸਿੱਖ ਸੰਗਤ ਦੇ ਦਰਸ਼ਨ ਲਈ ਭੇਜੀ ਸੀ। ਇਹ ਬੀੜ ਹਾਲੇ ਵੀ ਤਖ਼ਤ ਸਾਹਿਬ 'ਤੇ ਮੌਜੂਦ ਹੈ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਮੌਜੂਦਾ ਸਮੇਂ ਤੱਕ ਇਸ ਅਸਥਾਨ ਦੇ ਪ੍ਰਮੁੱਖ ਸੇਵਾਦਾਰਾਂ ਬਾਰੇ ਜਣਕਾਰੀ ਪ੍ਰਾਪਤ ਕਰਨ ਦਾ ਯਤਨ ਕੀਤਾ ਗਿਆ ਹੈ। ਮਹਾਰਾਜਾ ਰਣਜੀਤ ਸਿੰਘ ਅਤੇ ਬਿਹਾਰ ਦੇ ਭੁਚਾਲ ਤੋਂ ਬਾਅਦ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਨਵੀਂ ਇਮਾਰਤ ਉਸਾਰੀ ਗਈ ਹੈ। ਦੇਸ਼-ਵਿਦੇਸ਼ ਦੀਆਂ ਸਿੱਖ ਸੰਗਤਾਂ ਨੇ ਸਾਂਝੇ ਤੌਰ 'ਤੇ ਇਸ ਦੀ ਉਸਾਰੀ ਵਿਚ ਯੋਗਦਾਨ ਪਾਇਆ ਹੈ।

ਬਿਹਾਰ ਦੇ ਲੋਕਾਂ ਨੂੰ ਸਿੱਖੀ ਨਾਲ ਜੋੜਨ ਵਿਚ ਉਦਾਸੀਆਂ ਦੀ ਵਿਸ਼ੇਸ਼ ਭੂਮਿਕਾ ਰਹੀ ਹੈ। ਗੁਰੂ ਹਰਿ ਰਾਇ ਜੀ ਦੇ ਸਮੇਂ ਹੋਏ ਭਗਤ ਗਿਰਿ (ਭਗਤ ਭਗਵਾਨ) ਤੋਂ ਇਸ ਇਲਾਕੇ ਦਾ ਉਦਾਸੀ ਸੰਪ੍ਰਦਾਇ ਰਾਹੀਂ ਸਿੱਖੀ ਨਾਲ ਸੰਬੰਧ ਜੁੜਦਾ ਹੈ। ਇਸ ਦੇ ਪ੍ਰਭਾਵ ਅਧੀਨ 360 ਡੇਰੇ ਬਿਹਾਰ ਵਿਚ ਪ੍ਰਫੁੱਲਿਤ ਹੋਏ ਜਿਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਦਾ ਪ੍ਰਚਾਰ ਕੀਤਾ। ਭਾਵੇਂ ਕਿ ਇਹ ਉਦਾਸੀ ਸਥਾਨਕ ਪਰੰਪਰਾਵਾਂ ਨਾਲ ਜੁੜੇ ਹੋਏ ਸਨ ਪਰ ਉਸ ਦੇ ਨਾਲ ਹੀ ਇਹਨਾਂ ਨੇ ਗੁਰੂ ਜੀ ਦਾ ਨਾਮ ਅਤੇ ਸੰਦੇਸ਼ ਬਿਹਾਰ ਦੇ ਹਰ ਘਰ ਵਿਚ ਪਹੁੰਚਾਉਣ ਦਾ ਸ਼ਲਾਘਾਯੋਗ ਕਾਰਜ ਕੀਤਾ ਸੀ। ਇਕ ਅਜਿਹਾ ਸਮਾਂ ਵੀ ਆਇਆ ਜਦੋਂ ਡੇਰੇ ਆਉਣ ਵਾਲੀ ਸੰਗਤ ਨੂੰ ਇਹ 'ਸਤਿਨਾਮ' ਦਾ ਮੰਤ੍ਰ ਦ੍ਰਿੜਾਇਆ ਕਰਦੇ ਸਨ। ਗੁਰੂ ਨਾਨਕ ਦੇਵ ਜੀ ਦੁਆਰਾ ਉਚਾਰਣ ਕੀਤਾ ਗਿਆ ਮੂਲ ਮੰਤ੍ਰ ਇਹਨਾਂ ਦੇ ਡੇਰਿਆਂ ਵਿਚ ਆਮ ਪ੍ਰਚੱਲਿਤ ਹੁੰਦਾ ਸੀ ਜਿਸ ਦਾ ਜਾਪ ਕਰਨ ਲਈ ਸ਼ਰਧਾਲੂ ਨੂੰ ਆਦੇਸ਼ ਦਿੱਤਾ ਜਾਂਦਾ ਸੀ। ਬਿਹਾਰ ਦੀ ਉਦਾਸੀ ਸੰਪ੍ਰਦਾਇ 'ਤੇ ਪੰਜਾਬ ਵਿਚ ਚੱਲੀ ਗੁਰਦੁਆਰਾ ਸੁਧਾਰ ਲਹਿਰ ਦਾ ਪ੍ਰਭਾਵ ਦੇਖਣ ਨੂੰ ਮਿਲਦਾ ਹੈ ਜਿਸ ਤੋਂ ਬਾਅਦ ਕਈ ਉਦਾਸੀ ਡੇਰਿਆਂ ਦੀ ਕਾਰਜਸ਼ੈਲੀ ਅਤੇ ਰੂਪ-ਰੇਖਾ ਵਿਚ ਫਰਕ ਆਉਣਾ ਸ਼ੁਰੂ ਹੋ ਗਿਆ। ਭਾਵੇਂ ਕਿ ਮੌਜੂਦਾ ਸਮੇਂ ਵਿਚ ਵੀ ਬਿਹਾਰ ਵਿਖੇ ਉਦਾਸੀਆਂ ਦੇ ਬਹੁਤ ਸਾਰੇ ਡੇਰੇ ਮੌਜੂਦ ਹਨ ਜਿਹੜੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਅਤੇ ਬਾਬਾ ਸ੍ਰੀ ਚੰਦ ਜੀ ਦਾ ਜਨਮ ਦਿਨ ਮਨਾਉਂਦੇ ਹਨ। ਭਾਵੇਂ ਕਿ ਬਹੁਤੇ ਮੌਜੂਦਾ ਡੇਰੇਦਾਰ ਗੁਰਮੁਖੀ ਨਹੀਂ ਪੜ੍ਹ ਸਕਦੇ ਪਰ ਇਹਨਾਂ ਦੇ ਡੇਰਿਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੁਰਾਤਨ ਸਰੂਪ ਮੌਜੂਦ ਹਨ। ਬਾਬਾ ਸ੍ਰੀ ਚੰਦ ਜੀ ਦੀ ਮੂਰਤੀ ਵੀ ਇਹਨਾਂ ਡੇਰਿਆਂ ਵਿਚ ਦੇਖੀ

ਜਾ ਸਕਦੀ ਹੈ ਜਿਸ ਦੀ ਧੂਪ-ਬੱਤੀ ਕਰਕੇ ਸਮੂਹ ਕਾਰਜ ਕਰ ਲਏ ਜਾਂਦੇ ਹਨ। ਇਹਨਾਂ ਵਿਚੋਂ ਕੁੱਝ ਡੇਰੇ ਅਜਿਹੇ ਵੀ ਹਨ ਜਿਨ੍ਹਾਂ ਦਾ ਪ੍ਰਬੰਧ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਕੀਤਾ ਜਾਂਦਾ ਹੈ। ਜਿਹੜੇ ਡੇਰਿਆਂ ਦਾ ਪ੍ਰਬੰਧ ਤਖ਼ਤ ਸਾਹਿਬ ਦੇ ਅਧੀਨ ਹੈ, ਉਥੇ ਮਰਯਾਦਾ ਦਾ ਪੂਰਨ ਤੌਰ 'ਤੇ ਪਾਲਣ ਕੀਤਾ ਜਾਂਦਾ ਹੈ।

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦਾ ਪ੍ਰਬੰਧ ਸੰਗਤ ਦੁਆਰਾ ਭੇਟਾ ਕੀਤੀ ਜਾਂਦੀ ਮਾਇਆ ਦੁਆਰਾ ਕੀਤਾ ਜਾਂਦਾ ਹੈ। ਬਿਹਾਰ ਵਿਚ ਸਿੱਖ ਸੰਗਤ ਬਹੁਤ ਘੱਟ ਹੈ। ਭਾਰਤ-ਪਾਕਿ ਵੰਡ ਉਪਰੰਤ ਜਿਹੜੇ ਸਿੱਖ ਪਾਕਿਸਤਾਨ ਤੋਂ ਆ ਕੇ ਇਥੇ ਵੱਸ ਗਏ ਸਨ ਉਹਨਾਂ ਨੇ ਤਖ਼ਤ ਸਾਹਿਬ ਦੀ ਰੌਣਕ ਵਿਚ ਭਾਰੀ ਵਾਧਾ ਕੀਤਾ ਸੀ। 1984 ਦੀਆਂ ਘਟਨਾਵਾਂ ਨੇ ਬਿਹਾਰ ਵਿਚ ਸਿੱਖਾਂ ਦੀ ਗਿਣਤੀ ਘਟਾਉਣ ਵਿਚ ਭਾਰੀ ਅਸਰ ਦਿਖਾਇਆ ਹੈ। ਪਰ ਮੌਜੂਦਾ ਸਮੇਂ ਦੌਰਾਨ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਪੁਰਬ ਮਨਾਉਣ ਲਈ ਬਿਹਾਰ ਸਰਕਾਰ ਨੇ ਜਿਸ ਤਰ੍ਹਾਂ ਦੇ ਪ੍ਰਬੰਧ ਕੀਤੇ ਹਨ, ਉਸ ਨਾਲ ਇਕ ਵਾਰੀ ਫਿਰ ਤਖ਼ਤ ਸਾਹਿਬ ਦੇ ਦਰਸ਼ਨ ਕਰਨ ਲਈ ਆਉਣ ਵਾਲੀ ਸਿੱਖ ਸੰਗਤ ਵਿਚ ਭਾਰੀ ਵਾਧਾ ਹੋਇਆ ਹੈ। ਇਸ ਨਾਲ ਤਖ਼ਤ ਸਾਹਿਬ ਦੇ ਪ੍ਰਬੰਧ ਨੂੰ ਉਸਾਰੂ ਅਤੇ ਸੁਚਾਰੂ ਰੂਪ ਵਿਚ ਚਲਾਉਣ ਲਈ ਪ੍ਰਬੰਧਕਾਂ ਦੇ ਮਨ ਵਿਚ ਉਤਸ਼ਾਹ ਪੈਦਾ ਹੋਇਆ ਹੈ। ਸਿੱਖ ਸੰਗਤ ਦੀ ਵੱਧਦੀ ਆਮਦ ਨਾਲ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦਾ ਸਤਿਕਾਰ ਅਤੇ ਪ੍ਰਭਾਵ ਆਮ ਲੋਕਾਂ ਵਿਚ ਦੇਖਣ ਨੂੰ ਮਿਲਦਾ ਹੈ। ਪਿਛਲੇ ਸਮੇਂ ਦੌਰਾਨ ਹੋਏ ਸਮਾਗਮਾਂ ਕਾਰਨ ਬਿਹਾਰ ਦੇ ਆਮ ਲੋਕਾਂ ਵਿਚ ਵੀ ਤਖ਼ਤ ਸਾਹਿਬ ਪ੍ਰਤੀ ਸੰਵੇਦਨਾ ਅਤੇ ਸ਼ਰਧਾ ਵਿਚ ਵਾਧਾ ਹੋਇਆ ਹੈ।

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦਾ ਪ੍ਰਬੰਧ ਪਟਨਾ ਸਿਟੀ ਦੇ ਜ਼ਿਲ੍ਹਾ ਜੱਜ ਦੀ ਸਰਪ੍ਰਸਤੀ ਅਧੀਨ ਇਕ ਚੁਣੀ ਹੋਈ ਕਮੇਟੀ ਦੁਆਰਾ ਕੀਤਾ ਜਾਂਦਾ ਹੈ। ਜ਼ਿਲ੍ਹਾ ਜੱਜ ਦੁਆਰਾ ਨਾਮਜ਼ਦ ਕੀਤੇ ਜਾਂਦੇ ਤਿੰਨ ਮੈਂਬਰਾਂ ਸਮੇਤ ਇਕ 15 ਮੈਂਬਰੀ ਕਮੇਟੀ ਸਮੂਹ ਕਾਰਜਾਂ ਦੀ ਦੇਖ-ਰੇਖ ਕਰਦੀ ਹੈ। ਧਰਮ ਪ੍ਰਚਾਰ, ਯਾਤਰੂਆਂ ਦੀ ਸਹੂਲਤ ਲਈ ਲੰਗਰ ਅਤੇ ਨਿਵਾਸ ਦਾ ਪ੍ਰਬੰਧ, ਵਿੱਦਿਅਕ ਕਾਰਜ ਆਦਿ ਇਸ ਕਮੇਟੀ ਦੀ ਮੁੱਖ ਜ਼ਿੰਮੇਵਾਰੀ ਹੈ ਜਿਸ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਇਆ ਜਾ ਰਿਹਾ ਹੈ। ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਧਾਰਮਿਕ ਮਰਯਾਦਾ ਦੀ ਜ਼ਿੰਮੇਵਾਰੀ ਜਥੇਦਾਰ ਸਾਹਿਬ ਦੇ ਅਧੀਨ ਹੈ ਇਸ ਦੇ ਨਾਲ ਹੀ ਇਥੋਂ ਦੇ ਜਥੇਦਾਰ ਸਾਹਿਬਾਨ ਤਖ਼ਤ ਸਾਹਿਬ ਦੇ ਪ੍ਰਬੰਧ ਅਧੀਨ ਆਉਣ ਵਾਲੇ ਸਮੂਹ ਗੁਰਧਾਮਾਂ ਦੀ ਧਾਰਮਿਕ ਮਰਯਾਦਾ ਨਿਭਾਉਣ ਦੇ ਨਾਲ-ਨਾਲ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸਿੰਘ ਸਾਹਿਬਾਨ ਦੀਆਂ ਹੋਣ ਵਾਲੀਆਂ ਮੀਟਿੰਗਾਂ ਵਿਚ ਵੀ ਸ਼ਮੂਲੀਅਤ ਕਰਦੇ ਹਨ ਅਤੇ ਧਾਰਮਿਕ ਮਰਯਾਦਾ ਨਾਲ ਸੰਬੰਧਿਤ ਮਸਲਿਆਂ 'ਤੇ ਆਪਣੀ ਰਾਇ ਪ੍ਰਗਟ ਕਰਦੇ ਹਨ।

ਗੁਰੂ ਨਾਨਕ ਦੇਵ ਜੀ ਨੇ ਸਾਲਿਸ ਰਾਇ ਜੌਹਰੀ ਨੂੰ ਪੂਰਬ ਦੇ ਇਲਾਕੇ ਦੀ ਮੰਜੀ ਸੌਂਪੀ ਸੀ ਅਤੇ ਉਸ ਨੇ ਆਪਣੇ ਘਰ ਨੂੰ ਹੀ ਧਰਮਸਾਲ ਬਣਾ ਲਿਆ ਸੀ। ਗੁਰੂ ਆਸ਼ੇ ਅਨੁਸਾਰ ਸੰਗਤ ਦੀ ਸੇਵਾ ਅਤੇ ਨਾਮ ਸਿਮਰਨ ਉਸ ਦੇ ਜੀਵਨ ਦਾ ਅੰਗ ਬਣ ਗਏ

ਸਨ। ਇਸ ਅਸਥਾਨ 'ਤੇ ਹੁਣ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਸਸ਼ੋਭਿਤ ਹਨ। ਸਾਲਿਸ ਰਾਇ ਜੌਹਰੀ ਤੋਂ ਬਾਅਦ ਇਸ ਅਸਥਾਨ ਦੇ ਪ੍ਰਮੁੱਖ ਸੇਵਾਦਾਰਾਂ ਦੀ ਲੜੀ ਚੱਲਦੀ ਰਹੀ ਹੈ ਜਿਨ੍ਹਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ ਯਤਨ ਕੀਤਾ ਗਿਆ ਹੈ। ਇਹਨਾਂ ਪ੍ਰਮੁੱਖ ਸੇਵਾਦਾਰਾਂ ਦੁਆਰਾ ਤਖ਼ਤ ਸਾਹਿਬ ਦੀ ਸੇਵਾ-ਸੰਭਾਲ, ਧਰਮ ਪ੍ਰਚਾਰ ਦੇ ਕਾਰਜ, ਇਹਨਾਂ ਨਾਲ ਜੁੜੀਆਂ ਹੋਈਆਂ ਸਮੱਸਿਆਵਾਂ, ਸੰਗਤ ਨਾਲ ਵਿਹਾਰ ਆਦਿ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ।

ਇਸ ਪੁਸਤਕ ਦਾ ਦੂਜਾ ਭਾਗ ਬੰਗਲਾਦੇਸ਼ ਦੇ ਗੁਰਧਾਮਾਂ ਦੇ ਇਤਿਹਾਸ, ਪਰੰਪਰਾ ਅਤੇ ਪ੍ਰਬੰਧ ਨਾਲ ਸੰਬੰਧਿਤ ਹੈ। ਬੰਗਲਾਦੇਸ਼ ਵਿਚ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਤੇਗ਼ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਅਸਥਾਨ ਮੌਜੂਦ ਹਨ। ਇਹਨਾਂ ਤੋਂ ਇਲਾਵਾ ਸਥਾਨਕ ਸਿੱਖਾਂ ਵੱਲੋਂ ਵੀ ਬਹੁਤ ਸਾਰੇ ਗੁਰਧਾਮਾਂ ਦੀ ਉਸਾਰੀ ਕੀਤੀ ਗਈ ਸੀ ਅਤੇ ਭਾਰਤ-ਪਾਕਿ ਵੰਡ ਤੋਂ ਪਹਿਲਾਂ ਇਹਨਾਂ ਦਾ ਪ੍ਰਬੰਧ ਵੀ ਸਿੱਖਾਂ ਕੋਲ ਹੀ ਸੀ ਪਰ ਦੇਸ਼-ਵੰਡ ਉਪਰੰਤ ਵੱਡੀ ਗਿਣਤੀ ਸਿੱਖ ਭਾਰਤ ਵਿਚ ਪਲਾਇਨ ਕਰ ਗਏ ਜਿਸ ਕਾਰਨ ਇਹਨਾਂ ਗੁਰਧਾਮਾਂ ਦਾ ਪ੍ਰਬੰਧ ਅਤੇ ਸਾਂਭ-ਸੰਭਾਲ ਸੰਭਵ ਨਹੀਂ ਸੀ। ਸਥਾਨਕ ਗੁਰਧਾਮਾਂ 'ਤੇ ਕਬਜ਼ਾ ਹੋ ਗਿਆ ਅਤੇ ਇਤਿਹਾਸਕ ਗੁਰਧਾਮ ਵੀ ਸ਼ਰਾਰਤੀ ਅਨਸਰਾਂ ਦੇ ਨਿਸ਼ਾਨੇ 'ਤੇ ਆ ਗਏ। ਪੂਰਬੀ ਪਾਕਿਸਤਾਨ ਦੀ ਸਰਕਾਰ ਨੇ ਢਾਕਾ ਵਿਖੇ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਬਣੇ ਹੋਏ ਗੁਰਦੁਆਰਾ ਨਾਨਕਸ਼ਾਹੀ ਰਮਨਾ ਦੀ ਜ਼ਮੀਨ 'ਤੇ ਕਬਜ਼ਾ ਕਰਕੇ ਇਥੇ ਯੂਨੀਵਰਸਿਟੀ ਦੀ ਉਸਾਰੀ ਕਰ ਦਿੱਤੀ। ਬੰਗਲਾਦੇਸ਼ ਸਥਿਤ ਗੁਰਧਾਮਾਂ ਦੀ ਸਾਂਭ-ਸੰਭਾਲ ਕਰਨਾ ਇਕ ਸੁਪਨੇ ਵਾਂਗ ਲੱਗ ਰਿਹਾ ਸੀ ਪਰ ਦਸੰਬਰ 1971 ਵਿਚ ਭਾਰਤ-ਪਾਕਿ ਜੰਗ ਉਪਰੰਤ ਜਦੋਂ ਬੰਗਲਾਦੇਸ਼ ਅਜ਼ਾਦ ਹੋ ਗਿਆ ਤਾਂ ਸੁਪਨੇ ਸਾਕਾਰ ਹੋਣੇ ਨਜ਼ਰ ਆਉਣ ਲੱਗੇ। ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਅਤੇ ਕਲਕੱਤਾ ਦੇ ਸਿਰੜੀ ਸਿੱਖਾਂ ਨੇ ਬੰਗਲਾਦੇਸ਼ ਦੀ ਜੰਗ ਦੇ ਨਾਇਕ ਜਨਰਲ ਜਗਜੀਤ ਸਿੰਘ ਅਰੋੜਾ ਨਾਲ ਸੰਪਰਕ ਕਾਇਮ ਕੀਤਾ ਅਤੇ ਉਸ ਨੂੰ ਬੰਗਲਾਦੇਸ਼ ਦੇ ਗੁਰਧਾਮਾਂ ਦੀ ਸੇਵਾ-ਸੰਭਾਲ ਕਰਨ ਦੀ ਬੇਨਤੀ ਕੀਤੀ। ਜਨਰਲ ਅਰੋੜਾ ਆਪ ਵੀ ਸ਼ਰਧਾਲੂ ਸਿੱਖ ਸੀ ਅਤੇ ਉਸ ਨੇ ਬੰਗਲਾਦੇਸ਼ ਦੇ ਗੁਰਧਾਮਾਂ ਦੀ ਸਾਂਭ-ਸੰਭਾਲ ਵਿਚ ਪੂਰਨ ਸਹਿਯੋਗ ਪ੍ਰਦਾਨ ਕੀਤਾ। ਇਥੋਂ ਤੱਕ ਕਿ ਬੰਗਾਲਦੇਸ਼ ਦੀ ਜੰਗ ਜਿੱਤਣ ਉਪਰੰਤ ਉਥੋਂ ਦੇ ਕਾਰਜਕਾਰੀ ਰਾਸ਼ਟਰਪਤੀ ਸੱਯਦ ਨਜ਼ਰੁਲ ਇਸਲਾਮ ਨੇ ਆਪਣਾ ਪਹਿਲਾ ਭਾਸ਼ਣ ਢਾਕਾ ਦੇ ਬਖ਼ਸ਼ੀ ਬਜ਼ਾਰ ਦੇ ਨੇੜੇ ਢਾਕਾ ਯੂਨੀਵਰਸਿਟੀ ਵਿਖੇ ਸਥਿਤ ਗੁਰਦੁਆਰਾ ਨਾਨਕਸ਼ਾਹੀ ਰਮਨਾ ਵਿਖੇ ਦਿੰਦੇ ਹੋਏ ਸਮੂਹ ਧਰਮਾਂ ਦੇ ਪੈਰੋਕਾਰਾਂ ਦੀ ਧਾਰਮਿਕ ਅਜ਼ਾਦੀ ਦਾ ਐਲਾਨ ਕਰ ਦਿੱਤਾ ਸੀ।

ਜਦੋਂ ਤੋਂ ਬੰਗਲਾਦੇਸ਼ ਅਜ਼ਾਦ ਹੋਇਆ ਹੈ, ਉਸ ਸਮੇਂ ਤੋਂ ਹੀ ਇਥੋਂ ਦੇ ਗੁਰਧਾਮਾਂ ਦਾ ਪ੍ਰਬੰਧ ਕਰਨ ਲਈ ਇਕ ਕਮੇਟੀ ਦੀ ਸਖ਼ਤ ਲੋੜ ਮਹਿਸੂਸ ਕੀਤੀ ਜਾ ਰਹੀ ਸੀ। ਬੰਗਲਾਦੇਸ਼ ਦੇ ਅਜ਼ਾਦ ਹੁੰਦੇ ਹੀ ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਇਕ ਉੱਚ-ਪੱਧਰੀ ਕਮੇਟੀ ਉਥੇ ਗਈ ਜਿਸ ਨੇ ਬੰਗਲਾਦੇਸ਼ ਦੇ ਗੁਰਧਾਮਾਂ ਦੀ ਹਾਲਤ ਦਾ ਜਾਇਜ਼ਾ ਲੈ ਕੇ ਇਕ ਵਿਸਥਾਰਪੂਰਵਕ ਰਿਪੋਰਟ ਪੇਸ਼ ਕੀਤੀ। ਕਮੇਟੀ ਦੀ ਰਿਪੋਰਟ ਦੇ ਆਧਾਰ 'ਤੇ

ਬੰਗਲਾਦੇਸ਼ ਦੇ ਗੁਰਧਾਮਾਂ ਦਾ ਸੁਯੋਗ ਤਰੀਕੇ ਨਾਲ ਪ੍ਰਬੰਧ ਕਰਨ ਲਈ ਇਕ ਕਮੇਟੀ ਗਠਨ ਕਰਨ ਦਾ ਵਿਚਾਰ ਸਾਹਮਣੇ ਆਇਆ ਜਿਸ ਤੋਂ ਬਾਅਦ ਬੰਗਲਾਦੇਸ਼ ਗੁਰਦੁਆਰਾ ਮੈਨੇਜਮੈਂਟ ਬੋਰਡ ਦਾ ਗਠਨ ਕੀਤਾ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਸਮੇਤ ਹੋਰ ਕਈ ਸਿੱਖ ਸੰਸਥਾਵਾਂ ਨੇ ਬੰਗਲਾਦੇਸ਼ ਗੁਰਦੁਆਰਾ ਮੈਨੇਜਮੈਂਟ ਬੋਰਡ ਨੂੰ ਸਹਿਯੋਗ ਦੇ ਕੇ ਉਥੋਂ ਦੇ ਗੁਰਧਾਮਾਂ ਦਾ ਪ੍ਰਬੰਧ ਕਰਨ ਦਾ ਉੱਘਾ ਯਤਨ ਕੀਤਾ। ਕੈਪਟਨ ਭਾਗ ਸਿੰਘ, ਸ. ਜੋਗਿੰਦਰ ਸਿੰਘ ਜੋਗੀ ਆਦਿ ਪ੍ਰਮੁੱਖ ਸਿੱਖ ਇਸ ਬੋਰਡ ਦੇ ਮੋਢੀਆਂ ਵਿਚ ਸ਼ਾਮਲ ਸਨ ਜਿਨ੍ਹਾਂ ਨੇ ਬੰਗਲਾਦੇਸ਼ ਦੇ ਗੁਰਧਾਮਾਂ ਦੀ ਸਾਂਭ-ਸੰਭਾਲ ਲਈ ਆਪਣਾ ਪੂਰਾ ਤਾਣ ਲਗਾ ਦਿੱਤਾ। ਮੌਜੂਦਾ ਸਮੇਂ ਵਿਚ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵੱਲੋਂ ਇਕ ਕਮੇਟੀ ਦਾ ਗਠਨ ਕੀਤਾ ਗਿਆ ਹੈ ਜਿਹੜੀ ਕਿ ਉਥੋਂ ਦੇ ਗੁਰਧਾਮਾਂ ਦੀ ਸਾਂਭ-ਸੰਭਾਲ ਕਰ ਰਹੀ ਹੈ।

ਇਸ ਖੋਜ-ਕਾਰਜ ਦਾ ਤੀਜਾ ਭਾਗ ਹੁਕਮਨਾਮਿਆਂ ਨਾਲ ਸੰਬੰਧਿਤ ਹੈ। ਹੁਕਮਨਾਮੇ ਗੁਰੂ ਸਾਹਿਬਾਨ ਦੀ ਸਿੱਖਾਂ ਨਾਲ ਸਾਂਝ ਅਤੇ ਪ੍ਰੇਮ ਦਾ ਪ੍ਰਤੀਕ ਹਨ। ਇਹਨਾਂ ਹੁਕਮਨਾਮਿਆਂ ਵਿਚੋਂ ਮੁਖੀ ਸਿੱਖਾਂ ਅਤੇ ਸਥਾਨਾਂ ਦੇ ਵੇਰਵੇ, ਗੁਰੂ ਜੀ ਦਾ ਸਿੱਖਾਂ ਨਾਲ ਪ੍ਰੇਮ ਅਤੇ ਉਹਨਾਂ ਦੀਆਂ ਬਖ਼ਸ਼ਿਸ਼ਾਂ ਅਤੇ ਸਿੱਖਾਂ ਦੀ ਗੁਰੂ ਪ੍ਰਤੀ ਸ਼ਰਧਾ ਅਤੇ ਸਤਿਕਾਰ ਦਾ ਪ੍ਰਗਟਾਵਾ ਵੀ ਹੁੰਦਾ ਹੈ। ਹੱਥਲੇ ਖੋਜ-ਕਾਰਜ ਵਿਚ ਗੁਰੂ ਸਾਹਿਬਾਨ ਅਤੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਤੋਂ ਸਮੇਂ-ਸਮੇਂ ’ਤੇ ਜਾਰੀ ਹੋਏ ਕੁੱਝ ਮਹੱਤਵਪੂਰਨ ਹੁਕਮਨਾਮਿਆਂ ਦਾ ਜ਼ਿਕਰ ਕੀਤਾ ਗਿਆ ਹੈ। ਗੁਰੂ ਸਾਹਿਬਾਨ ਅਤੇ ਮਾਤਾਵਾਂ ਦੁਆਰਾ ਜਿਹੜੇ ਹੁਕਮਨਾਮੇ ਜਾਰੀ ਕੀਤੇ ਗਏ ਸਨ ਉਹਨਾਂ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਦਾ ਜ਼ਿਕਰ ਕਰਦੇ ਹੋਏ ਤਖ਼ਤ ਸਾਹਿਬ ਤੋਂ ਜਾਰੀ ਕੀਤੇ ਗਏ ਕੁੱਝ ਚੋਣਵੇਂ ਹੁਕਮਨਾਮਿਆਂ ਦਾ ਵੇਰਵਾ ਦੇਣ ਦਾ ਯਤਨ ਕੀਤਾ ਗਿਆ ਹੈ। ਗੁਰੂ ਗੋਬਿੰਦ ਸਿੰਘ ਜੀ ਅਤੇ ਗੁਰੂ ਤੇਗ਼ ਬਹਾਦਰ ਜੀ ਨੇ ਬੰਗਲਾਦੇਸ਼ ਦੇ ਸਿੱਖਾਂ ਦੇ ਨਾਂ ’ਤੇ ਜਿਹੜੇ ਹੁਕਮਨਾਮੇ ਜਾਰੀ ਕੀਤੇ ਸਨ, ਉਹਨਾਂ ਦਾ ਵੇਰਵਾ ਸ. ਜੀ. ਬੀ. ਸਿੰਘ, ਡਾ. ਗੰਡਾ ਸਿੰਘ, ਡਾ. ਤ੍ਰਿਲੋਚਨ ਸਿੰਘ ਆਦਿ ਵਿਦਵਾਨਾਂ ਦੇ ਖੋਜ-ਕਾਰਜਾਂ ਅਤੇ ਬੰਗਲਾਦੇਸ਼ ਦੀਆਂ ਰਿਪੋਰਟਾਂ ਵਿਚ ਆਇਆ ਹੈ। ਇਹਨਾਂ ਦੀ ਸਹਾਇਤਾ ਨਾਲ ਹੁਕਮਨਾਮਿਆਂ ਸੰਬੰਧੀ ਜਾਣਕਾਰੀ ਪ੍ਰਦਾਨ ਕਰਨ ਦਾ ਯਤਨ ਕੀਤਾ ਗਿਆ ਹੈ।

ਇਸ ਖੋਜ-ਕਾਰਜ ਸੰਬੰਧੀ ਪ੍ਰਮਾਣਿਕ ਜਾਣਕਾਰੀ ਪ੍ਰਾਪਤ ਕਰਨ ਲਈ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਅਤੇ ਬੰਗਲਾਦੇਸ਼ ਦੀ ਯਾਤਰਾ ਕਰਨੀ ਪਈ ਅਤੇ ਇਹਨਾਂ ਖੋਜ-ਯਾਤਰਾਵਾਂ ਦੌਰਾਨ ਜਿਹੜੀ ਸਮਗਰੀ ਪ੍ਰਾਪਤ ਹੋਈ ਹੈ, ਉਸੇ ਨੂੰ ਇਥੇ ਸ਼ਾਮਲ ਕੀਤਾ ਗਿਆ ਹੈ। ਮਾਰਚ 2019 ਵਿਚ ਤਖ਼ਤ ਸਾਹਿਬ ਦੇ ਪ੍ਰਬੰਧ ਵਿਚ ਮਹੱਤਵਪੂਰਨ ਤਬਦੀਲੀਆਂ ਹੋਈਆਂ ਹਨ ਜਿਨ੍ਹਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਉਥੇ ਜਾਣ ਦੀ ਲੋੜ ਮਹਿਸੂਸ ਹੁੰਦੀ ਹੈ। ਇਸ ਸੰਬੰਧੀ ਹੋਰ ਵਧੇਰੇ ਵੇਰਵੇ ਅਗਲੇ ਸੰਸਕਰਨ ਵਿਚ ਸ਼ਾਮਲ ਕਰ ਲਏ ਜਾਣਗੇ।

ਹੱਥਲੇ ਖੋਜ-ਕਾਰਜ ਨੂੰ ਸਿਰੇ ਚਾੜ੍ਹਨ ਵਿਚ ਬਹੁਤ ਸਾਰੇ ਸੱਜਣਾਂ ਨੇ ਸਹਿਯੋਗ ਅਤੇ

ਪ੍ਰੇਰਨਾ ਪ੍ਰਦਾਨ ਕੀਤੀ ਹੈ। ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਜੀ ਅਤੇ ਪ੍ਰਬੰਧਕ ਕਮੇਟੀ ਦੇ ਸਹਿਯੋਗ ਦੁਆਰਾ ਹੀ ਇਹ ਕਾਰਜ ਸੰਪੂਰਨ ਹੋਇਆ ਹੈ। ਜਥੇਦਾਰ ਸਾਹਿਬ ਨੇ ਇਸ ਖੋਜ-ਕਾਰਜ ਨੂੰ ਸਿਰੇ ਚਾੜ੍ਹਨ ਲਈ ਪ੍ਰੇਰਨਾ ਦੇਣ ਦੇ ਨਾਲ-ਨਾਲ ਤਖ਼ਤ ਸਾਹਿਬ ਨਾਲ ਸੰਬੰਧਿਤ ਬਹੁਤ ਹੀ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕੀਤੀ ਹੈ। ਤਖ਼ਤ ਸਾਹਿਬ 'ਤੇ ਮੌਜੂਦ ਇਤਿਹਾਸਕ ਹੁਕਮਨਾਮੇ, ਗੁਰੂ ਸਾਹਿਬਾਨ ਦੀਆਂ ਨਿਸ਼ਾਨੀਆਂ ਅਤੇ ਸਮੇਂ-ਸਮੇਂ 'ਤੇ ਜਿਹੜੇ ਹੁਕਮਨਾਮੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਤੋਂ ਜਾਰੀ ਕੀਤੇ ਜਾਂਦੇ ਰਹੇ ਹਨ, ਉਹ ਜਥੇਦਾਰ ਸਾਹਿਬ ਰਾਹੀਂ ਪ੍ਰਾਪਤ ਹੋਏ ਹਨ। ਇਸ ਖੋਜ-ਕਾਰਜ ਦੇ ਵਿਭਿੰਨ ਪਹਿਲੂਆਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਜਦੋਂ ਵੀ ਪਟਨਾ ਸਾਹਿਬ ਜਾਣ ਦਾ ਮੌਕਾ ਮਿਲਿਆ, ਜਥੇਦਾਰ ਸਾਹਿਬ ਨਾਲ ਲੰਮੀ ਵਿਚਾਰ-ਚਰਚਾ ਹੁੰਦੀ ਰਹੀ ਹੈ। ਬਹੁਤ ਸਾਰੇ ਨੁਕਤਿਆਂ 'ਤੇ ਇਹਨਾਂ ਵੱਲੋਂ ਦਿੱਤੀ ਗਈ ਜਾਣਕਾਰੀ ਅਤੇ ਸੁਝਾਅ ਬਹੁਤ ਹੀ ਮਹੱਵਪੂਰਨ ਸਨ। ਇਸ ਕਾਰਜ ਨੂੰ ਸਿਰੇ ਚਾੜ੍ਹਨ ਲਈ ਸਭ ਤੋਂ ਵਧੇਰੇ ਸਹਿਯੋਗ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਜੀ ਨੇ ਪ੍ਰਦਾਨ ਕੀਤਾ ਹੈ, ਇਹਨਾਂ ਦਾ ਤਹਿ ਦਿਲੋਂ ਧੰਨਵਾਦੀ ਹਾਂ।

ਭਾਵੇਂ ਕਿ ਇਸ ਖੋਜ ਕਾਰਜ ਨੂੰ ਸਿਰੇ ਚਾੜ੍ਹਨ ਲਈ ਕਈ ਵਾਰੀ ਪਟਨਾ ਸਾਹਿਬ ਜਾਣ ਦਾ ਮੌਕਾ ਮਿਲਦਾ ਰਿਹਾ ਹੈ ਪਰ ਜਦੋਂ ਤੋਂ ਮੌਜੂਦਾ ਪ੍ਰਬੰਧਕ ਕਮੇਟੀ ਹੋਂਦ ਵਿਚ ਆਈ ਹੈ, ਉਸ ਸਮੇਂ ਤੋਂ ਇਸ ਦੇ ਜਨਰਲ ਸਕੱਤਰ ਸ. ਮਹਿੰਦਰ ਸਿੰਘ ਢਿਲੋਂ ਇਸ ਖੋਜ ਕਾਰਜ ਨੂੰ ਸਿਰੇ ਚਾੜ੍ਹਨ ਵਿਚ ਵਿਸ਼ੇਸ਼ ਤੌਰ 'ਤੇ ਸਹਿਯੋਗ ਦਿੰਦੇ ਰਹੇ ਹਨ। ਉਹ ਆਪ ਵੀ ਇਤਿਹਾਸ ਵਿਚ ਰੁਚੀ ਰੱਖਦੇ ਹਨ ਅਤੇ ਪਹਿਲਾਂ ਵੀ ਲੰਮਾ ਸਮਾਂ ਤਖ਼ਤ ਸਾਹਿਬ ਦੀ ਪ੍ਰਬੰਧਕ ਕਮੇਟੀ ਵਿਚ ਕਾਰਜਸ਼ੀਲ ਰਹੇ ਹਨ, ਜਿਸ ਕਰਕੇ ਉਹਨਾਂ ਦੀ ਇਸ ਖੋਜ-ਕਾਰਜ ਵਿਚ ਵਿਸ਼ੇਸ਼ ਰੁਚੀ ਸੀ। ਇਹਨਾਂ ਦੁਆਰਾ ਦਿੱਤੇ ਗਏ ਸਹਿਯੋਗ ਲਈ ਇਹਨਾਂ ਦਾ ਬਹੁਤ ਧੰਨਵਾਦ ਹੈ। ਇਸ ਖੋਜ-ਕਾਰਜ ਨੂੰ ਸੰਪੂਰਨ ਕਰਨ ਵਿਚ ਪਟਨਾ ਸਾਹਿਬ ਦੇ ਸ. ਤ੍ਰਿਲੋਕ ਸਿੰਘ ਨਿਸ਼ਾਦ, ਪ੍ਰਿੰਸੀਪਲ ਸ਼ਮਸ਼ੇਰ ਸਿੰਘ, ਸ. ਦਲਜੀਤ ਸਿੰਘ ਸੁਪਰਡੈਂਟ, ਭਾਈ ਮਨਜਿੰਦਰ ਸਿੰਘ ਬਾਲ ਲੀਲਾ ਆਦਿ ਨੇ ਸਹਿਯੋਗ ਦਿੱਤਾ ਹੈ, ਸਭਨਾਂ ਦਾ ਧੰਨਵਾਦ ਹੈ।

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੁਆਰਾ ਬੰਗਲਾਦੇਸ਼ ਦੇ ਗੁਰਧਾਮਾਂ ਦਾ ਪ੍ਰਬੰਧ ਵੀ ਕੀਤਾ ਜਾਂਦਾ ਹੈ ਅਤੇ ਇਸ ਨੂੰ ਸੁਚਾਰੂ ਰੂਪ ਵਿਚ ਚਲਾਉਣ ਲਈ ਬੰਗਲਾਦੇਸ਼ ਮੈਨੇਜਮੈਂਟ ਬੋਰਡ ਦਾ ਗਠਨ ਕੀਤਾ ਗਿਆ ਹੈ। ਉਥੋਂ ਦੇ ਗੁਰਧਾਮਾਂ ਦੇ ਇਤਿਹਾਸ ਦੀਆਂ ਬਹੁਤ ਸਾਰੀਆਂ ਪਰਤਾਂ ਭਾਵੇਂ ਵਿਦਵਾਨਾਂ ਦੇ ਖੋਜ-ਕਾਰਜਾਂ ਅਤੇ ਗੁਰਦੁਆਰਾ ਕਮੇਟੀਆਂ ਦੀਆਂ ਰਿਪੋਰਟਾਂ ਵਿਚੋਂ ਪ੍ਰਾਪਤ ਹੁੰਦੀਆਂ ਹਨ ਪਰ ਇਸ ਸੰਬੰਧੀ ਹੋਰ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਅਤੇ ਉਥੋਂ ਦੇ ਗੁਰਧਾਮਾਂ ਦੀ ਮੌਜੂਦਾ ਸਥਿਤੀ ਬਾਰੇ ਜਾਣਕਾਰੀ ਇਕੱਤਰ ਕਰਨ ਲਈ ਬੰਗਲਾਦੇਸ਼ ਜਾਣ ਦਾ ਮੌਕਾ ਮਿਲਿਆ ਹੈ। ਬੰਗਲਾਦੇਸ਼ ਦੇ ਗੁਰਧਾਮਾਂ ਸੰਬੰਧੀ ਜਾਣਕਾਰੀ ਪ੍ਰਦਾਨ ਕਰਨ ਵਿਚ, ਸ੍ਰੀ ਪਾਰਸ ਲਾਲ ਬਾਗ਼ੀ, ਸ੍ਰੀ ਪ੍ਰੋਬੀਰ ਕੁਮਾਰ

ਬਾਗ਼ੀ, ਸ੍ਰੀ ਤਪਸ ਲਾਲ, ਸ. ਜਸਪਾਲ ਸਿੰਘ, ਸ. ਭੁਪਿੰਦਰ ਸਿੰਘ ਗਿੱਲ, ਸ. ਸਿੰਘਬੀਰ ਸਿੰਘ ਆਦਿ ਨੇ ਸਹਿਯੋਗ ਦਿੱਤਾ ਹੈ। ਬੰਗਲਾਦੇਸ਼ ਨਾਲ ਸੰਬੰਧਿਤ ਗੁਰਧਾਮਾਂ ਦੀ ਜਾਣਕਾਰੀ ਪ੍ਰਦਾਨ ਕਰਨ ਵਿਚ ਸ. ਸਤਨਾਮ ਸਿੰਘ ਧਨੋਆ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ, ਸਭਨਾਂ ਦਾ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ। ਬੰਗਲਾਦੇਸ਼ ਦੇ ਗੁਰਧਾਮਾਂ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਢਾਕਾ ਯੂਨੀਵਰਸਿਟੀ ਦੀ ਲਾਇਬਰੇਰੀ ਤੋਂ ਵੀ ਸਹਾਇਤਾ ਪ੍ਰਾਪਤ ਕੀਤੀ ਹੈ ਜਿਸ ਲਈ ਢਾਕਾ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਦੇ ਪ੍ਰੋ. ਮਿਸਬਾਹ ਕਮਲ, ਖੋਜਾਰਥੀਆਂ ਅਤੇ ਲਾਇਬਰੇਰੀ ਸਟਾਫ਼ ਨੇ ਭਰਪੂਰ ਸਹਿਯੋਗ ਦਿੱਤਾ ਹੈ, ਇਹਨਾਂ ਦਾ ਵੀ ਸ਼ੁਕਰਗੁਜ਼ਾਰ ਹਾਂ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਇਸ ਖੋਜ-ਕਾਰਜ ਵਿਚ ਵਿਸ਼ੇਸ਼ ਰੁਚੀ ਲੈਂਦੇ ਰਹੇ ਹਨ ਅਤੇ ਜਦੋਂ ਕਦੇ ਵੀ ਬਿਹਾਰ ਅਤੇ ਬੰਗਲਾਦੇਸ਼ ਦੀ ਖੋਜ-ਯਾਤਰਾ ਤੋਂ ਵਾਪਸ ਆਉਣਾ ਤਾਂ ਉਥੋਂ ਦੇ ਬਿਰਤਾਂਤ ਵਿਸ਼ੇਸ਼ ਦਿਲਚਸਪੀ ਨਾਲ ਸੁਣਦੇ। ਇਸ ਖੋਜ-ਕਾਰਜ ਨੂੰ ਨੇਪਰੇ ਚਾੜ੍ਹਨ ਲਈ ਦਿੱਤੀ ਗਈ ਪ੍ਰੇਰਨਾ ਲਈ ਇਹਨਾਂ ਦਾ ਧੰਨਵਾਦ ਹੈ।

ਇਸ ਖ਼ੋਜ-ਕਾਰਜ ਨੂੰ ਨੇਪਰੇ ਚਾੜ੍ਹਨ ਵਿਚ ਡਾ. ਪ੍ਰਿਤਪਾਲ ਸਿੰਘ, ਵਾਈਸ-ਚਾਂਸਲਰ, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਅਤੇ ਕਲਕੱਤਾ ਦੇ ਸ. ਜਗਮੋਹਨ ਸਿੰਘ ਗਿੱਲ ਦੇ ਨਾਲ-ਨਾਲ ਮੇਰੇ ਕੋਲ ਖ਼ੋਜ ਕਰ ਰਹੇ ਵਿਦਿਆਰਥੀਆਂ ਦਾ ਵੀ ਸਹਿਯੋਗ ਅਤੇ ਯੋਗਦਾਨ ਰਿਹਾ ਹੈ ਜਿਨ੍ਹਾਂ ਵਿਚ ਡਾ. ਜਸਵੰਤ ਸਿੰਘ, ਸ. ਭੁਪਿੰਦਰਪਾਲ ਸਿੰਘ, ਸ. ਕਸ਼ਮੀਰ ਸਿੰਘ ਆਦਿ ਨੇ ਵੀ ਸਮੇਂ-ਸਮੇਂ 'ਤੇ ਸਹਾਇਤਾ ਕੀਤੀ ਹੈ, ਸਭਨਾਂ ਦਾ ਧੰਨਵਾਦ ਹੈ। ਵਿਭਾਗ ਅਤੇ ਡਾ. ਗੰਡਾ ਸਿੰਘ ਕੁਲੈਕਸ਼ਨ ਵਿਖੇ ਕੰਮ ਕਰਦੇ ਲਾਇਬਰੇਰੀ ਸਟਾਫ਼ ਨੇ ਸੰਬੰਧਿਤ ਪੁਸਤਕਾਂ ਅਤੇ ਹੋਰ ਸਹਾਇਕ ਖੋਜ ਸਮਗਰੀ ਪ੍ਰਦਾਨ ਕਰਨ ਵਿਚ ਭਰਪੂਰ ਸਹਿਯੋਗ ਦਿੱਤਾ ਹੈ, ਇਹਨਾਂ ਦਾ ਵੀ ਧੰਨਵਾਦ ਹੈ।

ਇਸ ਖੋਜ-ਕਾਰਜ ਨੂੰ ਪਾਠਕਾਂ ਤੱਕ ਪਹੁੰਚਉਣ ਲਈ ਠਕਰਾਲ ਪਰਿਵਾਰ ਦੇ ਸ. ਕਰਤਾਰ ਸਿੰਘ ਠਕਰਾਲ ਜੀ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਗੁਰਧਾਮਾਂ ਦੀ ਸੇਵਾ-ਸੰਭਾਲ ਲਈ ਇਹ ਹਮੇਸ਼ਾਂ ਯਤਨਸ਼ੀਲ ਰਹਿੰਦੇ ਹਨ ਅਤੇ ਬੰਗਲਾਦੇਸ਼ ਦੇ ਗੁਰਧਾਮਾਂ ਦੀ ਸਾਂਭ-ਸੰਭਾਲ ਲਈ ਵਿਸ਼ੇਸ਼ ਉਪਰਾਲੇ ਕਰਦੇ ਰਹਿੰਦੇ ਹਨ। ਕੁੱਝ ਕਾਰਨਾਂ ਕਰ ਕੇ ਇਸ ਖੋਜ-ਕਾਰਜ ਦੀ ਛਪਾਈ ਵਿਚ ਦੇਰੀ ਹੋ ਰਹੀ ਸੀ ਪਰ ਇਹ ਇਸ ਨੂੰ ਛੇਤੀ ਹੀ ਪਾਠਕਾਂ ਤੱਕ ਪਹੁੰਚਾਉਣ ਦੇ ਇੱਛੁਕ ਸਨ। ਇਹਨਾਂ ਦੁਆਰਾ ਦਿੱਤੀ ਗਈ ਪ੍ਰੇਰਨਾ ਅਤੇ ਸਹਿਯੋਗ ਲਈ ਇਹਨਾਂ ਦਾ ਵਿਸ਼ੇਸ਼ ਧੰਨਵਾਦ ਹੈ।

ਬਿਹਾਰ ਅਤੇ ਬੰਗਲਾਦੇਸ਼ ਦੀ ਯਾਤਰਾ ਕੀਤੇ ਬਗ਼ੈਰ ਇਹ ਖੋਜ-ਕਾਰਜ ਸੰਭਵ ਨਹੀਂ ਸੀ। ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਅਤੇ ਇਸ ਦੀ ਪ੍ਰਬੰਧਕ ਕਮੇਟੀ ਅਧੀਨ ਗੁਰਧਾਮਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਕਈ ਵਾਰੀ ਬਿਹਾਰ ਜਾਣ ਦੀ ਲੋੜ ਪੈਂਦੀ ਰਹੀ ਹੈ। ਇਹ ਸਮੂਹ ਯਾਤਰਾਵਾਂ ਪਰਿਵਾਰਕ ਸਹਿਯੋਗ ਤੋਂ ਬਗ਼ੈਰ ਸੰਭਵ ਨਹੀਂ ਸਨ। ਮੇਰੀ ਸੁਪਤਨੀ ਡਾ. ਨਰਿੰਦਰ ਕੌਰ ਮੈਨੂੰ ਘਰ ਦੀਆਂ ਜ਼ਿੰਮੇਵਾਰੀਆਂ ਤੋਂ ਮੁਕਤ

ਰਹਿਣ ਵਿਚ ਸਦਾ ਸਹਾਈ ਰਹੀ ਹੈ, ਇਹਨਾਂ ਦਾ ਵੀ ਤਹਿ-ਦਿਲੋਂ ਧੰਨਵਾਦੀ ਹਾਂ।

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਅਤੇ ਬੰਗਲਾਦੇਸ਼ ਦੇ ਗੁਰਧਾਮਾਂ ਸੰਬੰਧੀ ਜਾਣਕਾਰੀ ਪ੍ਰਾਪਤ ਕਰਨ ਦਾ ਕੀਤਾ ਗਿਆ ਇਹ ਨਿਮਾਣਾ ਜਿਹਾ ਯਤਨ ਗਲਤੀਆਂ ਤੋਂ ਮੁਕਤ ਨਹੀਂ ਕਿਹਾ ਜਾ ਸਕਦਾ। ਇਸ ਦਿਸ਼ਾ ਵਿਚ ਖੋਜ ਕਾਰਜ ਕਰਨ ਵਾਲੇ ਖੋਜਾਰਥੀ ਅਤੇ ਵਿਦਿਆਰਥੀ ਜਿਥੇ ਇਸ ਤੋਂ ਕੁੱਝ ਲਾਭ ਪ੍ਰਾਪਤ ਕਰ ਸਕਦੇ ਹਨ, ਉਥੇ ਇਸ ਨੂੰ ਹੋਰ ਵਧੇਰੇ ਪ੍ਰਮਾਣਿਕ ਬਣਾਉਣ ਲਈ ਯੋਗ ਸੁਝਾਅ ਪ੍ਰਦਾਨ ਕਰਦੇ ਰਹਿਣਗੇ।

(ਡਾ. ਪਰਮਵੀਰ ਸਿੰਘ)
ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ

ਪਟਨਾ ਸਾਹਿਬ ਦਾ ਪਿਛੋਕੜ

ਪਟਨਾ ਸਾਹਿਬ ਬਿਹਾਰ[1] ਰਾਜ ਦਾ ਇਕ ਪ੍ਰਮੁੱਖ ਨਗਰ ਹੈ ਜਿਹੜਾ ਕਿ ਦਿੱਲੀ ਤੋਂ ਕਲਕੱਤੇ ਜਾਣ ਵਾਲੇ ਰੇਲ ਮਾਰਗ 'ਤੇ ਆਉਂਦਾ ਹੈ। ਸੜਕ ਅਤੇ ਹਵਾਈ ਮਾਰਗ ਰਾਹੀਂ ਪੂਰੇ ਦੇਸ਼ ਨਾਲ ਜੁੜਿਆ ਹੋਇਆ ਇਹ ਨਗਰ ਭਾਰਤ ਦੇ ਪੁਰਾਤਨ ਇਤਿਹਾਸ ਦੀ ਯਾਦ ਦਿਵਾਉਂਦਾ ਹੈ। ਪਾਟਲੀਪੁੱਤਰ[2] ਦੇ ਨਾਂ ਨਾਲ ਜਾਣਿਆ ਜਾਂਦਾ ਇਹ ਨਗਰ ਮੌਜੂਦਾ ਸਮੇਂ ਵਿਚ ਬਿਹਾਰ ਰਾਜ ਦੀ ਰਾਜਧਾਨੀ ਹੈ। ਇਤਿਹਾਸ ਵਿਚ ਇਸ ਨਗਰ ਨੇ ਬਹੁਤ ਉਤਰਾਅ-ਚੜ੍ਹਾਅ ਦੇਖੇ ਹਨ। ਸੱਤਵੀਂ ਸਦੀ ਈਸਵੀ ਤੱਕ ਇਸ ਦਾ ਨਾਂ ਇਤਿਹਾਸ ਵਿਚ ਵਿਸ਼ੇਸ਼ ਸਥਾਨ ਰੱਖਦਾ ਸੀ ਫਿਰ ਇਸ ਦੀ ਸ਼ਾਨ ਮੱਧਮ ਪੈ ਗਈ ਜਿਹੜੀ ਕਿ 16ਵੀਂ ਸਦੀ ਵਿਚ ਸ਼ੇਰ ਸ਼ਾਹ ਸੂਰੀ ਦੇ ਸਾਹਮਣੇ ਆਉਣ ਨਾਲ ਫਿਰ ਉਜਾਗਰ ਹੋਈ। 1541 ਵਿਚ ਉਸ ਨੇ ਇਕ ਕਿਲ੍ਹਾ ਬਣਾ ਕੇ ਇਸ ਨੂੰ ਆਪਣੀ ਰਾਜਧਾਨੀ ਬਣਾਇਆ ਅਤੇ ਇਹ ਨਗਰ ਇਕ ਵੱਡੇ ਰਾਜਨੀਤਿਕ ਅਤੇ ਵਪਾਰਕ ਕੇਂਦਰ ਵੱਜੋਂ ਵਿਕਸਿਤ ਹੋਇਆ। ਔਰੰਗਜ਼ੇਬ ਦੇ ਰਾਜ ਦੇ ਅੰਤਲੇ ਦਿਨਾਂ ਵਿਚ ਸ਼ਹਿਜ਼ਾਦੇ ਅਜ਼ੀਮੁਸ਼ਾਨ ਦੇ ਕਹਿਣ 'ਤੇ ਇਸ ਨਗਰ ਦਾ ਨਾਂ ਅਜ਼ੀਮਾਬਾਦ ਰੱਖਿਆ ਗਿਆ[3] ਪਰ ਇਹ ਨਾਂ ਬਹੁਤਾ ਲੰਮਾ ਸਮਾਂ ਚੱਲ ਨਾ ਸਕਿਆ ਅਤੇ ਇਤਿਹਾਸ ਵਿਚ ਇਹ ਨਗਰ ਪਾਟਲੀਪੁੱਤਰ ਵੱਜੋਂ ਹੀ ਪ੍ਰਚੱਲਿਤ ਰਿਹਾ ਜਿਹੜਾ ਕਿ ਸਮੇਂ ਦੇ ਗੇੜ ਨਾਲ ਪਟਨਾ ਨਗਰ ਵੱਜੋਂ ਪ੍ਰਸਿੱਧ ਹੋਇਆ। ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਹੋਣ ਨਾਲ ਇਹ ਨਗਰ ਸਿੱਖ ਜਗਤ ਵਿਚ ਪਟਨਾ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੋ ਗਿਆ ਹੈ। ਲੰਮੇ ਸਮੇਂ ਤੋਂ ਸਤਿਕਾਰ ਸਹਿਤ ਇਸ ਨੂੰ ਪਟਨਾ ਸਾਹਿਬ ਦੇ ਨਾਂ ਨਾਲ ਯਾਦ ਕਰਦੇ ਹੋਏ ਸਿੱਖ ਇਹ ਮੰਗ ਕਰ ਰਹੇ ਸਨ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਨਾਲ ਸੰਬੰਧਿਤ ਇਸ ਨਗਰ ਦਾ ਨਾਂ ਪਟਨਾ ਸਾਹਿਬ ਰੱਖਿਆ ਜਾਵੇ।[4] ਸਾਲ 2017 ਵਿਚ ਇਥੇ ਗੁਰੂ ਗੋਬਿੰਦ ਜੀ ਦਾ 350 ਸਾਲਾ ਪ੍ਰਕਾਸ਼ ਪੁਰਬ ਬਹੁਤ ਹੀ ਸ਼ਰਧਾ, ਉਤਸ਼ਾਹ, ਪ੍ਰੇਮ ਅਤੇ ਭਾਈਚਾਰੇ ਦੀ ਭਾਵਨਾ ਨਾਲ ਮਨਾਇਆ ਗਿਆ ਅਤੇ ਇਸ ਸ਼ਤਾਬਦੀ ਦੌਰਾਨ ਸਿੱਖਾਂ ਦੀ ਇਹ ਚਿਰੋਕਣੀ ਮੰਗ ਪੂਰੀ ਹੋ ਗਈ ਅਤੇ ਸਰਕਾਰੀ ਪੱਧਰ 'ਤੇ ਇਸ ਦਾ ਨਾਂ ਪਟਨਾ ਸਾਹਿਬ ਵੱਜੋਂ ਸਥਾਪਿਤ ਕਰ ਦਿੱਤਾ ਗਿਆ। ਇਸ ਦੇ ਨਾਲ ਲੱਗਦੇ ਰੇਲਵੇ ਸਟੇਸ਼ਨ ਦਾ ਨਾਂ ਵੀ ਪਟਨਾ ਸਿਟੀ ਤੋਂ

ਬਦਲ ਕੇ ਪਟਨਾ ਸਾਹਿਬ ਰੱਖ ਦਿੱਤਾ ਗਿਆ ਹੈ। ਸਿੱਖ ਧਰਮ ਦਾ ਕੇਂਦਰੀ ਸਥਾਨ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਇਥੇ ਹੀ ਸਸ਼ੋਭਿਤ ਹੈ ਅਤੇ ਸਾਰਾ ਸਾਲ ਦੇਸ਼-ਵਿਦੇਸ਼ ਤੋਂ ਆਉਣ ਵਾਲੀਆਂ ਸੰਗਤਾਂ ਕਾਰਨ ਇਥੇ ਸਦੀਵੀ ਰੌਣਕ ਬਣੀ ਰਹਿੰਦੀ ਹੈ।

ਭਾਰਤ ਦੀ ਪੁਰਾਤਨ ਧਾਰਮਿਕ ਪਰੰਪਰਾ, ਰਾਜਨੀਤੀ ਅਤੇ ਵਪਾਰ ਦਾ ਵੱਡਾ ਕੇਂਦਰ ਰਹੇ ਪਟਨਾ ਸਾਹਿਬ ਦਾ ਸਿੱਖ ਧਰਮ ਨਾਲ ਸੰਬੰਧ ਗੁਰੂ ਨਾਨਕ ਦੇਵ ਜੀ ਤੋਂ ਜੁੜਦਾ ਹੈ। ਆਪਣੀ ਪਹਿਲੀ ਉਦਾਸੀ ਦੌਰਾਨ ਗੁਰੂ ਨਾਨਕ ਦੇਵ ਜੀ ਇਥੇ ਆਏ ਸਨ ਅਤੇ ਇਥੋਂ ਦਾ ਇਕ ਅਮੀਰ ਵਪਾਰੀ ਸਾਲਿਸ ਰਾਇ ਜੌਹਰੀ ਉਹਨਾਂ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕੇ ਸਿੱਖ ਸੱਜ ਗਿਆ ਸੀ। ਗੁਰੂ ਜੀ ਨੇ ਉਸ ਨੂੰ ਇਥੋਂ ਦਾ ਪ੍ਰਚਾਰਕ ਨਿਯੁਕਤ ਕਰ ਦਿੱਤਾ। ਸਿੱਖ ਸਰੋਤਾਂ ਵਿਚ ਸਾਲਿਸਰਾਇ ਨੂੰ ਮੰਜੀਦਾਰ ਵੱਜੋਂ ਜਾਣਿਆ ਜਾਂਦਾ ਹੈ। ਸਾਲਿਸਰਾਇ ਜੌਹਰੀ ਤੋਂ ਪਟਨਾ ਸਾਹਿਬ ਵਿਖੇ ਮੰਜੀ ਪਰੰਪਰਾ ਅਰੰਭ ਹੋ ਗਈ ਸੀ ਅਤੇ ਇਹ ਅਸਥਾਨ ਸਿੱਖ ਧਰਮ ਦੇ ਪ੍ਰਚਾਰ ਕੇਂਦਰ ਵੱਜੋਂ ਸਥਾਪਿਤ ਹੋ ਗਿਆ ਸੀ। ਗੁਰੂ ਨਾਨਕ ਦੇਵ ਜੀ ਤੋਂ ਬਆਦ ਗੁਰੂ ਤੇਗ਼ ਬਹਾਦਰ ਜੀ ਨੇ ਆਪਣੀ ਚਰਨ ਛੋਹ ਨਾਲ ਇਸ ਨਗਰ ਨੂੰ ਪਵਿੱਤਰ ਕੀਤਾ ਸੀ। ਗੁਰੂ ਤੇਗ਼ ਬਹਾਦਰ ਜੀ ਇਥੋਂ ਬੰਗਾਲ ਅਤੇ ਅਸਾਮ ਦੀ ਧਾਰਮਿਕ ਯਾਤਰਾ ਕਰਨ ਲਈ ਅੱਗੇ ਚਲੇ ਗਏ ਸਨ। ਗੁਰੂ ਜੀ ਨੂੰ ਢਾਕਾ ਵਿਖੇ (ਗੁਰੂ) ਗੋਬਿੰਦ ਰਾਇ ਜੀ ਦੇ ਪਟਨਾ ਸਾਹਿਬ ਵਿਖੇ ਪ੍ਰਕਾਸ਼ ਹੋਣ ਦੀ ਖਬਰ ਮਿਲੀ ਸੀ। ਗੁਰੂ ਜੀ ਧਾਰਮਿਕ ਆਗੂ ਸਨ ਅਤੇ ਉਹ ਸਮਾਜ ਵਿਚ ਧਰਮ ਅਤੇ ਸ਼ਾਂਤੀ ਸਥਾਪਿਤ ਕਰਨ ਲਈ ਪ੍ਰੇਰਨਾ ਪੈਦਾ ਕਰ ਰਹੇ ਸਨ। ਗੁਰੂ ਜੀ ਦੇ ਯਤਨਾਂ ਸਦਕਾ ਅਸਾਮ ਦੇ ਇਲਾਕੇ ਵਿਚ ਸ਼ਾਂਤੀ ਦੀ ਸਥਾਪਨਾ ਸੰਭਵ ਹੋਈ ਸੀ। ਅਸਾਮ ਦੇ ਰਾਜੇ ਦੀ ਜੈਪੁਰ ਦੇ ਰਾਜਾ ਰਾਮ ਸਿੰਘ ਨਾਲ ਸੁਲਹ-ਸਫ਼ਾਈ ਕਰਾਉਣ ਨਾਲ ਗੁਰੂ ਜੀ ਦਾ ਪ੍ਰਭਾਵ ਅਤੇ ਪ੍ਰਤਿਸ਼ਠਾ ਇਲਾਕੇ ਵਿਚ ਫੈਲ ਗਈ ਸੀ। ਅਸਾਮ ਤੋਂ ਵਾਪਸੀ ਸਮੇਂ ਗੁਰੂ ਤੇਗ਼ ਬਹਾਦਰ ਜੀ ਕੁੱਝ ਸਮਾਂ ਪਟਨਾ ਸਾਹਿਬ ਵਿਖੇ ਨਿਵਾਸ ਕਰਕੇ ਪੰਜਾਬ ਆ ਗਏ ਸਨ ਅਤੇ ਉਹਨਾਂ ਨੇ ਪਰਿਵਾਰ ਨੂੰ ਵੀ ਪਿੱਛੋਂ ਆਉਣ ਲਈ ਕਹਿ ਦਿੱਤਾ ਸੀ। ਗੁਰੂ ਜੀ ਦਾ ਪੰਜਾਬ ਵਾਪਸੀ ਦਾ ਮਨੋਰਥ ਵੀ ਆਮ ਲੋਕਾਂ 'ਤੇ ਅਰੰਭ ਹੋਏ ਸਰਕਾਰੀ ਜਬਰ ਅਤੇ ਜ਼ੁਲਮ ਨੂੰ ਰੋਕਣਾ ਸੀ।

ਪਟਨਾ ਸਾਹਿਬ ਨੂੰ ਤਿੰਨ ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਬਚਪਨ ਇਸੇ ਨਗਰ ਵਿਚ ਹੀ ਬਸਰ ਹੋਇਆ ਅਤੇ ਉਹਨਾਂ ਦੇ ਬਚਪਨ ਦੀਆਂ ਬਹੁਤ ਸਾਰੀਆਂ ਨਿਸ਼ਾਨੀਆਂ ਇਸ ਨਗਰ ਵਿਚ ਮੌਜੂਦ ਹਨ। ਗੁਰੂ ਸਾਹਿਬ ਜੀ ਦੇ ਪ੍ਰਕਾਸ਼ ਨਾਲ ਹੀ ਇਹ ਅਸਥਾਨ ਸਿੱਖਾਂ ਵਿਚ ਵਿਸ਼ੇਸ਼ ਸਥਾਨ ਗ੍ਰਹਿਣ ਕਰ ਗਿਆ ਸੀ ਅਤੇ ਸਮਾਂ ਪਾ ਕੇ ਸਿੱਖੀ ਦਾ ਇਹ ਪ੍ਰਚਾਰ ਕੇਂਦਰ ਤਖ਼ਤ ਸਾਹਿਬ ਵੱਜੋਂ ਪ੍ਰਸਿੱਧੀ ਪ੍ਰਾਪਤ ਕਰ ਗਿਆ। ਹਰ ਇਕ ਸਿੱਖ ਸ਼ਰਧਾਲੂ ਇਸ ਅਸਥਾਨ ਦੇ ਦਰਸ਼ਨ ਅਤੇ ਜਾਣਕਾਰੀ ਪ੍ਰਾਪਤ ਕਰਨ ਦੀ ਲੋਚਾ ਰੱਖਦਾ ਹੈ। ਇਸ ਅਸਥਾਨ ਦੇ ਪਿਛੋਕੜ ਦੀ ਜਾਣਕਾਰੀ ਪ੍ਰਾਪਤ ਕਰਨ ਵਾਲਾ ਇਸ ਇਲਾਕੇ ਵਿਚ ਉਦਾਸੀਆਂ ਦੁਆਰਾ ਕੀਤੇ ਗਏ ਸਿੱਖੀ ਪ੍ਰਚਾਰ ਦੇ ਪ੍ਰਭਾਵ ਤੋਂ ਮੁਕਤ ਨਹੀਂ ਹੋ ਸਕਦਾ।

ਉਦਾਸੀਆਂ ਦਾ ਪ੍ਰਭਾਵ

ਸਮੁੱਚੇ ਬਿਹਾਰ ਵਿਚ ਹੀ ਉਦਾਸੀਆਂ ਦਾ ਵਿਸ਼ੇਸ਼ ਪ੍ਰਭਾਵ ਰਿਹਾ ਹੈ ਅਤੇ ਇਹਨਾਂ ਦੇ ਸ਼ਰਧਾਲੂ ਆਪਣੇ ਆਪ ਨੂੰ ਨਾਨਕਸ਼ਾਹੀ ਕਹਿੰਦੇ ਹਨ। ਪਟਨਾ ਬਿਹਾਰ ਦੀ ਰਾਜਧਾਨੀ ਹੈ ਅਤੇ ਇਥੇ ਉਦਾਸੀਆਂ ਦੀਆਂ ਧਰਮਸਾਲਾਵਾਂ ਅਤੇ ਪ੍ਰਚਾਰ ਕੇਂਦਰ ਮੌਜੂਦ ਹਨ। ਮੌਜੂਦਾ ਸਮੇਂ ਵਿਚ ਭਾਵੇਂ ਕਿ ਇਹਨਾਂ ਡੇਰਿਆਂ ਵਿਚ ਸਿੱਖੀ ਪ੍ਰਭਾਵ ਕਾਫ਼ੀ ਹੱਦ ਤੱਕ ਮਨਫ਼ੀ ਹੋ ਗਿਆ ਜਾਪਦਾ ਹੈ ਪਰ ਫਿਰ ਵੀ ਗੁਰੂ ਸਾਹਿਬਾਨ ਦੇ ਦਿਹਾੜੇ ਮਨਾਉਣ ਦੀ ਪਰੰਪਰਾ ਕਾਇਮ ਹੈ। ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਉਦਾਸੀਆਂ ਦੇ ਲਗਪਗ ਸਮੂਹ ਨਾਨਕਸ਼ਾਹੀ ਡੇਰਿਆਂ ਵਿਚ ਮਨਾਇਆ ਜਾਂਦਾ ਹੈ। ਭਾਵੇਂ ਕਿ ਗੁਰੂ ਨਾਨਕ ਦੇਵ ਜੀ ਦਾ ਪੁਰਬ ਮਨਾਉਣ ਦਾ ਇਹਨਾਂ ਦਾ ਆਪਣਾ ਹੀ ਮੁਹਾਵਰਾ ਅਤੇ ਤੌਰ-ਤਰੀਕਾ ਹੈ ਪਰ ਫਿਰ ਵੀ ਕਾਇਮ ਹੈ।

ਬਹੁਤ ਸਾਰੀਆਂ ਪੁਰਾਤਨ ਲਿਖਤਾਂ ਵਿਚ ਆਮ ਲੋਕਾਂ ਦੇ ਉਦਾਸੀ ਡੇਰਿਆਂ 'ਤੇ ਜਾਣ ਅਤੇ ਉਥੋਂ 'ਵਾਹਿਗੁਰੂ' ਮੰਤ੍ਰ ਪ੍ਰਾਪਤ ਕਰਨ ਦੀ ਜਾਣਕਾਰੀ ਮਿਲਦੀ ਹੈ। ਕਿਹਾ ਜਾਂਦਾ ਹੈ ਕਿ ਬੰਗਾਲ ਦੇ ਇਕ ਪ੍ਰਸਿੱਧ ਧਾਰਮਿਕ ਆਗੂ ਸਵਾਮੀ ਰਾਮਕ੍ਰਿਸ਼ਨ ਪਰਮਹੰਸ ਨੂੰ ਅਧਿਆਤਮਿਕ ਸਾਧਨਾ ਲਈ ਇਹ ਸ਼ਬਦ ਇਕ ਉਦਾਸੀ ਸਾਧੂ ਤੋਤਾਪੁਰੀ ਤੋਂ ਪ੍ਰਾਪਤ ਹੋਇਆ ਸੀ ਜਿਹੜਾ ਉਹਨਾਂ ਨੇ ਆਪਣੇ ਚੇਲੇ ਸਵਾਮੀ ਵਿਵੇਕਾਨੰਦ ਨੂੰ ਅੱਗੇ ਦੱਸਿਆ ਸੀ।[5]

ਬਿਹਾਰ ਵਿਚ ਜਿਥੇ-ਜਿਥੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਤੇਗ਼ ਬਹਾਦਰ ਜੀ ਨੇ ਚਰਨ ਪਾਏ ਸਨ ਉਹਨਾਂ ਅਸਥਾਨਾਂ 'ਤੇ ਉਦਾਸੀਆਂ ਦੇ ਵੱਡੇ ਕੇਂਦਰ ਦੇਖਣ ਨੂੰ ਮਿਲਦੇ ਹਨ। ਇਸ ਦਾ ਕਾਰਨ ਇਹ ਹੈ ਕਿ ਉਦਾਸੀ ਸਾਧੂਆਂ ਨੇ ਬਿਹਾਰ ਵਿਚ ਸਿੱਖੀ ਪ੍ਰਚਾਰ ਲਈ ਸਭ ਤੋਂ ਪਹਿਲਾਂ ਉਹਨਾਂ ਇਲਾਕਿਆਂ ਵਿਖੇ ਆਪਣੇ ਕੇਂਦਰ ਸਥਪਿਤ ਕੀਤੇ ਸਨ ਜਿਹੜੇ ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਸਨ। ਰਣਧੀਰ ਸਿੰਘ ਦੱਸਦੇ ਹਨ ਕਿ ਰਾਜਗੀਰ ਦੀ ਧਨੀਮਾ ਪਹਾੜੀ "ਜ਼ਿਲ੍ਹਾ ਗਯਾ ਵਿਚ ਨਰਟੀਗੰਜ ਨਗਰ ਲਾਗੇ ਹੈ। ਏਥੇ ਪੂਰਬੀ ਭਾਰਤ ਦੇ ਦੌਰੇ ਸਮੇਂ ਸਤਿਗੁਰ ਨਾਨਕ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਸਾਹਿਬ ਚਰਨ ਪਾ ਆਏ ਸਨ। ਉਸੇ ਅਸਥਾਨ ਦੀ ਸੁੰਧਕ ਲੈ ਕੇ ਬਾਬਾ ਮੀਹਾਂ ਸਾਹਿਬ ਦੀ ਬਖ਼ਸ਼ ਵਿਚੋਂ ਸੰਗਲਵਾਲੇ ਅਖਾੜੇ (ਅੰ:ਸਰ) ਦੀ ਸ਼ਾਖ਼ ਦੇ ਸੰਤਾਂ ਮਹੰਤਾਂ ਯਾਦਗਾਰੀ ਆਸ਼ਰਮ ਸਥਾਪਨ ਕਰਨ ਦਾ ਉੱਦਮ ਕੀਤਾ। ਇਸ ਅਖਾੜੇ ਦੇ ਮਹੰਤ ਚਰਨਦਾਸ ਜੀ ਦੇ ਸੇਵਕਾਂ 'ਚੋਂ ਬਾਵਾ ਈਸ਼ਰਦਾਸ ਜੀ ਦੇ ਚੇਲੇ ਠਾਕੁਰ ਦਾਸ ਜੀ ਸੰਮਤ 1950 ਬਿ: (1893 ਈ.) ਵਿਚ ਗੁਰਧਾਮਾਂ ਦੀ ਯਾਤਰਾ ਕਰਦੇ ਇਸ ਰਮਣੀਕ ਤੇ ਪੁਨੀਤ ਅਸਥਾਨ ਪੁਰ ਆਏ ਤੇ ਏਥੇ ਹੀ ਆਸਣ ਲਾ ਕੇ ਇਸ ਧਰਮਾਸ਼੍ਰਮ ਤੇ ਪੂਰਣੇ ਪਾਏ।... ਬਾਬਾ ਠਾਕੁਰ ਦਾਸ ਜੀ ਨੂੰ ਗੁਰਮਤਿ ਗਿਆਨ ਦੁਆਰਾ ਏਨੀ ਸਰਬੱਗਤਾ ਪ੍ਰਾਪਤ ਸੀ ਕਿ ਸਤਿਗੁਰ ਨਾਨਕ ਦੇ ਪਾਵਨ ਜਨਮ-ਸਥਾਨ ਦੀ ਮਹੰਤ ਨਰਾਇਣ ਦਾਸ ਦੇ ਹੱਥੋਂ ਹੋਈ ਘੋਰ ਅਵੱਗਯਾ ਦਾ ਪਹਿਲੋਂ ਹੀ ਪਤਾ ਲੱਗ ਗਿਆ। ਸਿੱਖ ਸਾਧੂ ਦੇ ਹੱਥੋਂ ਗੁਰ-ਸਿੱਖਾਂ ਦੇ ਕਤਲਾਮ ਦਾ

ਭਿਆਨਕ ਦੁੱਖ ਨਾ ਸਹਾਰਦੇ ਹੋਏ ਆਪ ਉਸੇ ਦਿਨ ਸਰੀਰ ਤਿਆਗ਼ ਗਏ। ਆਪ ਤੋਂ ਮਗਰੋਂ ਇਸ ਸੰਤ ਆਸ਼ਰਮ ਦੀ ਸੇਵਾ-ਸੰਭਾਲ ਬਾਵਾ ਅਜੁਧਿਆ ਦਾਸ ਦੇ ਜ਼ਿੰਮੇ ਲੱਗੀ।"[6]

ਇਸ ਖੋਜ ਕਾਰਜ ਦੇ ਆਹਰ ਵਿਚ ਜਦੋਂ ਸੰਗਲ ਵਾਲੇ ਡੇਰੇ ਦੇ ਨਾਂ ਨਾਲ ਪ੍ਰਸਿੱਧ ਅਸਥਾਨ 'ਤੇ ਜਾਣ ਦਾ ਮੌਕਾ ਮਿਲਿਆ ਤਾਂ ਇਥੋਂ ਦੇ ਮੁੱਖ ਸੇਵਾਦਾਰ ਮਹੰਤ ਸਾਗਰ ਦਾਸ ਜੀ ਨਾਲ ਮੁਲਾਕਾਤ ਹੋਈ। ਬਹੁਤ ਹੀ ਮਿਲਣਸਾਰ ਸੁਭਾਅ ਦੇ ਮਾਲਕ ਮਹੰਤ ਜੀ ਨੇ ਦੱਸਿਆ ਕਿ ਬਿਹਾਰ ਵਿਚ ਲਗਪਗ 1000 ਨਾਨਕਸ਼ਾਹੀ ਡੇਰੇ ਹਾਲੇ ਵੀ ਮੌਜੂਦ ਹਨ ਜਿਨ੍ਹਾਂ ਦੀ ਡਾਇਰੈਕਟਰੀ ਬਣੀ ਹੋਈ ਹੈ। ਇਹਨਾਂ ਨੇ ਅੱਗੇ ਦੱਸਿਆ ਕਿ ਡੇਰੇ ਵਿਚ ਰੋਜ਼ਾਨਾ ਜਪੁਜੀ ਸਾਹਿਬ, ਸੁਖਮਨੀ ਸਾਹਿਬ ਅਤੇ ਰਹਿਰਾਸ ਦਾ ਪਾਠ ਹੁੰਦਾ ਹੈ। ਇਹਨਾਂ ਉਦਾਸੀ ਡੇਰਿਆਂ ਵਿਚ ਆਉਣ ਵਾਲੀ ਸਥਾਨਕ ਵੱਸੋਂ ਭਾਵੇਂ ਕਿ ਆਪਣੇ ਆਪ ਨੂੰ ਗੁਰੂ ਨਾਨਕ ਦੇਵ ਜੀ ਦਾ ਸਿੱਖ ਦੱਸਦੀ ਹੈ ਪਰ ਨਾਲ ਹੀ ਇਹ ਲੋਕ ਹਿੰਦੂ ਧਰਮ ਦੀਆਂ ਰਹੁ-ਰੀਤਾਂ ਵੀ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਨਿਭਾਉਂਦੇ ਹਨ। ਹਿੰਦੂ ਧਰਮ ਦੀਆਂ ਰਸਮਾਂ ਅਤੇ ਵਰਤੋਂ-ਵਿਹਾਰ ਇਹਨਾਂ ਦੇ ਜੀਵਨ 'ਤੇ ਬਹੁਤ ਭਾਰੂ ਹੈ। ਜੇਕਰ ਇਹਨਾਂ ਉਦਾਸੀ ਪ੍ਰਭਾਵ ਵਾਲੇ ਨਾਨਕਸ਼ਾਹੀ ਡੇਰਿਆਂ ਦੀ ਸੰਗਤ ਨੂੰ ਸਿੱਖੀ ਵਿਚ ਸ਼ਾਮਲ ਕਰ ਲਿਆ ਜਾਵੇ ਤਾਂ ਸਿੱਖ ਵੱਸੋਂ ਕਰੋੜਾਂ ਵਿਚ ਪਹੁੰਚ ਜਾਂਦੀ ਹੈ। ਸ. ਜਸਵੰਤ ਸਿੰਘ ਲਿਖਦੇ ਹਨ:

> I contacted late Baba Baldev Sahai, Advocate-General Patna High Court, a Nanak Panthi Sikh of Bihar. He told me that up to early 20th century there were atleast one crore Nanak Panthis in the state of Bihar and atleast 85 different sangats in patna itself.[7]

ਸਿੱਖ ਧਰਮ ਵਿਚ ਉਦਾਸੀ ਸੰਪ੍ਰਦਾਇ ਦਾ ਅਰੰਭ ਬਾਬਾ ਸ੍ਰੀ ਚੰਦ ਜੀ ਤੋਂ ਦੇਖਿਆ ਜਾਂਦਾ ਹੈ। ਬਾਬਾ ਸ੍ਰੀ ਚੰਦ ਜੀ ਨੇ ਅਕਾਲ ਚਲਾਣੇ ਤੋਂ ਪਹਿਲਾਂ ਇਸ ਸੰਪ੍ਰਦਾਇ ਦੀ ਜ਼ਿੰਮੇਵਾਰੀ ਗੁਰੂ ਹੋਰਿਗੋਬਿੰਦ ਸਾਹਿਬ ਜੀ ਦੇ ਵੱਡੇ ਸਪੁਤਰ ਬਾਬਾ ਗੁਰਦਿੱਤਾ ਜੀ ਦੇ ਹੱਥ ਸੌਂਪ ਦਿੱਤੀ ਸੀ। ਇਸ ਸੰਪ੍ਰਦਾਇ ਰਾਹੀਂ ਸਿੱਖੀ ਪ੍ਰਚਾਰ ਹਿਤ ਉਹਨਾਂ ਨੇ ਚਾਰ ਧੂਣੇ (ਧੂੰਏ) ਸਥਾਪਿਤ ਕੀਤੇ ਸਨ ਜਿਹੜੇ ਕਿ ਇਹਨਾਂ ਦੇ ਪ੍ਰਮੁੱਖ ਪ੍ਰਚਾਰਕਾਂ ਦੇ ਨਾਂ ਨਾਲ ਜਾਣੇ ਜਾਂਦੇ ਹਨ—ਅਲਮਸਤ, ਬਾਲੂ ਹਸਣਾ, ਗੋਇੰਦਾ ਅਤੇ ਫੂਲਸ਼ਾਹ। ਇਹਨਾਂ ਚਾਰ ਉਦਾਸੀ ਧੂਣਿਆਂ ਦੇ ਨਾਲ-ਨਾਲ ਛੇ ਬਖ਼ਸ਼ਿਸ਼ਾਂ ਦਾ ਸਿੱਖੀ ਪ੍ਰਚਾਰ ਵਿਚ ਵਿਸ਼ੇਸ਼ ਯੋਗਦਾਨ ਰਿਹਾ ਹੈ ਜਿਨ੍ਹਾਂ ਨੂੰ ਇਹਨਾਂ ਨਾਵਾਂ ਨਾਲ ਜਾਣਿਆ ਜਾਂਦਾ ਹੈ—ਸੁਥਰੇਸ਼ਾਹੀ, ਸੰਗਤਸਾਹਿਬੀਏ, ਜੀਤਮੱਲੀਏ, ਬਖ਼ਤਮੱਲੀਏ, ਭਗਤ ਭਗਵਾਨੀਏ ਅਤੇ ਮੀਹਾਂਸ਼ਾਹੀਏ। ਇਹਨਾਂ 10 ਪ੍ਰਚਾਰਕ ਕੇਂਦਰਾਂ ਵਿਚੋਂ ਬਾਬਾ ਅਲਮਸਤ ਅਤੇ ਭਗਤ ਭਗਵਾਨ ਦੋ ਅਜਿਹੀਆਂ ਸ਼ਖ਼ਸੀਅਤਾਂ ਸਨ ਜਿਨਾਂ ਨੇ ਪੂਰਬ ਵਿਚ ਸਿੱਖੀ ਪ੍ਰਚਾਰ ਦਾ ਵੱਡਾ ਕਾਰਜ ਕੀਤਾ ਸੀ। ਇਹਨਾਂ ਤੋਂ ਇਲਾਵਾ ਸਿੱਖੀ ਦੇ ਹੋਰਨਾਂ ਪ੍ਰਚਾਰਕਾਂ ਨੇ ਵੀ ਪੂਰਬ ਦੀ ਸੰਗਤ ਨੂੰ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨਾਲ ਜੋੜਨ ਦਾ ਕਾਰਜ ਕੀਤਾ ਸੀ। ਬਿਹਾਰ ਵਿਖੇ

ਉਦਾਸੀਆਂ ਦੇ ਪੁਰਾਤਨ ਡੇਰਿਆਂ ਤੋਂ ਇਥੇ ਸਿੱਖੀ ਦੇ ਬੂਟੇ ਦੇ ਵਿਕਾਸ ਦੀ ਜਾਣਕਾਰੀ ਮਿਲਦੀ ਹੈ। ਇਹਨਾਂ ਡੇਰਿਆਂ ਵਿਚੋਂ ਪਟਨਾ ਸਾਹਿਬ ਵਿਖੇ ਜਿਹੜੇ ਡੇਰਿਆਂ ਦੀ ਜਾਣਕਾਰੀ ਮਿਲਦੀ ਹੈ, ਉਹਨਾਂ ਦਾ ਵੇਰਵਾ ਰਣਧੀਰ ਸਿੰਘ ਨੇ ਇਸ ਤਰ੍ਹਾਂ ਦਿੱਤਾ ਹੈ[8]:

1. ਲੂਣ-ਗੋਲਾ ਮਹੱਲੇ ਵਿਚ ਭਾਈ ਸੰਗਤ ਸਾਹਿਬ ਦੀ ਬਖ਼ਸ਼ਿਸ਼ ਦੇ ਸਾਧੂ ਭਾਈ ਵਾਸਦੇਵ ਦੀ ਧਰਮਸਾਲਾ ਜਿਹੜੀ ਕਿ ਸੰਮਤ 1891 ਬਿ. (1834 ਈ.) ਵਿਚ ਕਾਇਮ ਹੋਈ।
2. ਬੇਗਮਪੁਰੇ ਵਿਚ ਮਹਾਂਬੀਰ ਘਾਟ ਪੁਰ ਮਹੰਤ ਗਿਆਨ ਦਾਸ ਵਾਲੀ ਧਰਮਸਾਲ।
3. ਸਤੀ ਚੌਰਾ ਵਿਚ ਮਹੰਤ ਰਾਮ ਕਿਸ਼ਨ ਦਾਸ ਵਾਲਾ ਧਰਮ-ਧਾਮ।
4. ਮਾਰੂ ਗੰਜ ਵਿਚ ਮਹੰਤ ਗੁਪਾਲ ਦਾਸ ਦਾ ਡੇਰਾ।
5. ਲੂਣ ਗੋਲਾ ਵਿਚ ਸੀੜ੍ਹੀ ਘਾਟ, ਪੀਰ ਦਮੜੀਆਂ, ਵਿਖੇ ਮਹੰਤ ਆਇਆ ਰਾਮ ਦਾ ਡੇਰਾ।
6. ਸੀੜ੍ਹੀ ਘਾਟ ਮਹੱਲੇ ਵਿਚ ਹੀ ਪ੍ਰੇਮ ਦਾਸ ਦੀ ਧਰਮਸਾਲਾ
7. 'ਨੌਸਰ ਘਾਟ' ਮਹੰਤ ਬ੍ਰਹਮ ਦਿਆਲ ਵਾਲਾ ਧਰਮ-ਸਥਾਨ।
8. ਮਹਾਂਬੀਰ ਘਾਟ ਪੁਰ ਹੀ ਮਹੰਤ ਭ੍ਰਿਗੂ ਦਾਸ ਵਾਲੀ ਧਰਮਸਾਲਾ।
9. ਖੁਸਰੋ ਪੁਰ ਨਿਵਾਦਾ ਵਿਖੇ ਭਾਈ ਰਾਮ ਪ੍ਰਕਾਸ਼ ਦਾ ਅਸਥਾਨ
10. ਛਤੂਆ (ਫਤੂਆ) ਘਾਟ ਪੁਰ ਮਹੰਤ ਜਮਨਾ ਦਾਸ ਵਾਲੀ ਧਰਮਸਾਲਾ।

ਪਟਨਾ ਸਾਹਿਬ ਵਿਖੇ ਗੰਗਾ ਨਦੀ ਦੇ ਕਿਨਾਰੇ ਸੈਂਕੜੇ ਘਾਟ ਮੌਜੂਦ ਹਨ। ਗੰਗਾ ਨਦੀ ਪ੍ਰਤੀ ਲੋਕਾਂ ਦੀ ਧਾਰਮਿਕ ਆਸਥਾ ਨੂੰ ਮੁੱਖ ਰੱਖਦੇ ਹੋਏ ਇਹਨਾਂ ਘਾਟਾਂ ਦੀ ਉਸਾਰੀ ਕੀਤੀ ਗਈ। ਬਹੁਤ ਸਾਰੇ ਮਹੱਤਵਪੂਰਨ ਘਾਟਾਂ 'ਤੇ ਵਿਸ਼ੇਸ਼ ਧਾਰਮਿਕ ਮੱਠ ਜਾਂ ਮੰਦਰ ਬਣੇ ਹੋਏ ਹਨ। ਉਦਾਸੀ ਮਹੰਤਾਂ ਦੁਆਰਾ ਵੀ ਪ੍ਰਚਾਰ ਕਰਨ ਲਈ ਇਹਨਾਂ ਘਾਟਾਂ 'ਤੇ ਉਹਨਾਂ ਦੇ ਮੱਠ ਦੇਖੇ ਜਾ ਸਕਦੇ ਹਨ। ਇਹਨਾਂ ਘਾਟਾਂ ਵਿਚੋਂ ਪਟਨਾ ਸਾਹਿਬ ਵਿਖੇ ਮੌਜੂਦ ਚਰਖੀ ਘਾਟ ਦਾ ਜ਼ਿਕਰ ਕਰਦੇ ਹੋਏ ਰਣਧੀਰ ਸਿੰਘ ਦੱਸਦੇ ਹਨ, "ਗੰਗਾ ਦੇ ਘਾਟਾਂ ਵਿਚੋਂ ਇਕ ਦਾ ਨਾਮ ਹੈ 'ਚਰਖੀ ਘਾਟ'। ਇਸ ਘਾਟ ਪੁਰ ਗੁਰੂ ਘਰ ਦੇ ਅਨਨ ਭਗਤ ਭਾਈ ਪ੍ਰਭੂ ਦਾਸ ਦਾ ਰਿਹਾਇਸ਼ੀ ਮਕਾਨ ਸੀ। ਬਾਬਾ ਅਲਮਸਤ ਜੀ ਦੇ ਸੱਤਵੇਂ ਚੇਲੇ ਸਾਧੂ ਅਜੀਤ ਮੱਲ ਜੀ ਦੀ ਸ਼੍ਰੇਣੀ ਚੋਂ ਅੱਠਵੀਂ ਪੀੜ੍ਹੀ ਬਾਬਾ ਗੰਗਾ ਦਾਸ ਜੀ, ਤੀਰਥ ਯਾਤ੍ਰਾ ਤੇ ਧਰਮ ਪ੍ਰਚਾਰ ਕਰਦੇ ਹੋਏ ਇਸ ਟਿਕਾਣੇ 'ਤੇ ਪਹੁੰਚੇ। ਕੁੱਝ ਸਮੇਂ ਇਸ ਘਾਟ 'ਤੇ ਆਸਣ ਜਮਾ ਕੇ ਸਿਮਰਨ-ਭਜਨ ਦਾ ਅਨੰਦ ਮਾਣਦੇ ਰਹੇ। ਭਾਈ ਪ੍ਰਭ ਦਾਸ ਨੇ ਅਤੁੱਟ ਸੇਵਾ ਕੀਤੀ। ਓੜਕ ਸੰਮਤ ਉਨੀ ਸੈ ਬੈਤਾਲੀਹ (1885 ਈ.) ਵਿਚ ਆਪਣਾ ਰਿਹਾਇਸ਼ੀ ਮਕਾਨ ਸੰਤਾਂ ਨੂੰ ਦਾਨ ਕਰਕੇ ਸਦਾ ਲਈ ਸਤਿ-ਸੰਗਤ ਦਾ ਅਸਥਾਨ ਬਣਾ ਦਿੱਤਾ। ਹੁਣ ਤੱਕ ਇਹ ਪੁੰਨ-ਧਾਮ ਇਸੇ ਮੂਹੀਂ ਦੇ ਸਾਧੂਆਂ ਦੇ ਇੰਤਜ਼ਾਮ ਵਿਚ ਹੈ।"[9]

ਅਲਮਸਤ ਤੋਂ ਇਲਾਵਾ ਬਾਲੂ ਹਸਣਾ ਦੇ ਚੇਲਿਆਂ ਵੱਲੋਂ ਵੀ ਪਟਨਾ ਸਾਹਿਬ ਵਿਖੇ ਮੱਠਾਂ ਦੀ ਸਥਾਪਨਾ ਕੀਤੀ ਗਈ ਸੀ। ਪਟਨਾ ਸਾਹਿਬ ਵਿਖੇ ਅਲਮਸਤ ਤੋਂ ਇਲਾਵਾ ਬਾਲੂ ਹਸਨਾ ਦੇ ਚੇਲਿਆਂ ਨੇ ਜਿਹੜੀਆਂ ਧਰਮਸਾਲਾਵਾਂ ਦੀ ਸਥਾਪਨਾ ਕੀਤੀ ਉਹ ਇਸ ਤਰ੍ਹਾਂ ਹਨ[10]:

1. **ਕਰਨਾਲ ਗੰਜ –** ਇਸ ਮਹੱਲੇ ਅੰਦਰ ਪੱਛਮੀ ਦਰਵਾਜ਼ੇ, ਸਤਿਗੁਰ ਨਾਨਕ ਦੇਵ ਜੀ ਦੀ ਚਰਨ-ਛੁਹ ਨਾਲ ਪਵਿੱਤਰ ਹੋਈ ਸੁਭਾਗ ਭੂਮੀ ਪੁਰ ਸੰਮਤ ਸਤਾਰਾਂ ਸੈ ਵੀਹ ਬਿ. (1663 ਈ.) ਵਿਖੇ ਧਰਮਸਾਲ ਕਾਇਮ ਹੋਈ ਜਿਸ ਦਾ ਪ੍ਰਬੰਧ ਇਸੇ ਸਾਧੂ-ਸ਼੍ਰੇਣੀ ਦੇ ਹੱਥ ਚਲਾ ਆ ਰਿਹਾ ਹੈ।

2. **ਸਿਮਲੀ** - ਬਾਬਾ ਬਾਲੂ ਹਸਣਾ ਜੀ ਦੇ ਸੇਵਕ ਸਾਧੂ ਬਖਤ ਮੱਲ ਜੀ ਦੇ ਚੇਲੇ ਬਾਬਾ ਗੁਲਮੇਹਰ ਜੀ ਹੋਏ ਹਨ। ਆਪ ਨੇ ਪਟਨਾ ਸ਼ਹਿਰ ਆ ਕੇ, ਸਤਿਗੁਰੁ ਨਾਨਕ ਦੇਵ ਦਾ ਸੋ ਥਾਨ ਭਾਲਿਆ, ਜਿਥੇ ਗੁਰੂ ਜੀ ਨੱਗਰੋਂ ਬਾਹਰਿ ਪਹਿਰ-ਪ੍ਰਥਮੇ ਆ ਕੇ ਬੈਠੇ। ਸੇਵਕ-ਸ਼ਰਧਾਲੂ ਸਿੱਖਾਂ ਦੀ ਸਹਾਇਤਾ ਨਾਲ, ਸੰਮਤ ਸਤਾਰਾਂ ਸੈ ਬਹੱਤਰ (1715 ਈ.) ਵਿਖੇ ਉਸ ਥਾਂ ਧਰਮਸਾਲਾ ਬਣਾਈ। ਜੋ 'ਸਿਮਲੀ ਧਰਮਸਾਲ' ਕਰਕੇ ਵੱਸਦੀ ਹੈ। ਬਾਬਾ ਜੀ ਤੋਂ ਬਾਦ ਉਹਨਾਂ ਦੇ ਸੇਵਕਾਂ ਦੀ ਲੜੀ ਇਉਂ ਚੱਲੀ ਆਈ ਹੈ—1. ਬਾਬਾ ਹਰਿ ਨਰਾਇਣ ਜੀ, 2. ਬਾਬਾ ਗੋਪਾਲ ਦਾਸ, 3. ਬਾਬਾ ਰਾਮਦਾਸ, 4. ਬਾਬਾ ਸਾਧੂ ਰਾਮ, 5. ਬਾਬਾ ਰਾਮ ਸਰਨ ਦਾਸ, 6. ਹੀਰਾ ਦਾਸ, ਤੇ 7. ਮਹੰਤ ਗਣੇਸ਼ ਦਾਸ ਜੀ। ਬਾਬਾ ਗੁਲਮੇਹਰ ਜੀ ਚੰਗੀ ਵੈਦਗੀ ਜਾਣਦੇ ਸਨ; ਇਸੇ ਵਸੀਲੇ ਆਪ ਨੇ ਦੀਨਾ-ਦੁਖੀਆਂ ਦੀ ਸੇਵਾ ਕੀਤੀ; ਅਰੁ ਉਹਨਾਂ ਪਾਸੋਂ ਇਸ ਧਰਮ ਸਥਾਨ ਦੀ ਸੇਵਾ ਕਰਵਾਈ। ਆਪ ਦੇ ਸੇਵਕ ਸਾਧੂ ਮਗਰੋਂ ਭੀ ਇਹ ਲੋਕ-ਭਲਾਈ ਦਾ ਕਾਰਜ ਚਲਾਉਂਦੇ ਰਹੇ ਹਨ। ਮਗਰੋਂ ਢਿੱਲੇ-ਮੱਠੇ ਧਰਮ ਵਾਲੇ ਸਾਧੂਆਂ, ਇਥੇ ਸ਼ਿਵ-ਮੰਦਿਰ ਭੀ ਬਣਵਾ ਦਿੱਤਾ ਹੈ; ਅਰੁ ਮਹੰਤਾਂ ਦੀਆਂ ਸਮਾਧਾਂ ਭੀ, ਬਣੀਆਂ ਹਨ।

3. **ਮਲੀਆ ਮਹਾਂਦੇਵ –** ਪਟਨਾ ਸ਼ਹਿਰ ਦੇ 'ਮਲੀਆ ਮਹਾਂਦੇਵ' ਟਿਕਾਣੇ, ਬਾਲੂ ਹਸਣੀਏ ਸਾਧੂਆਂ, ਸੰਮਤ ਉਨੀਹ ਸੈ ਚਾਰ (1847 ਈ.) ਵਿਚ ਧਰਮਸਾਲ ਕਾਇਮ ਕੀਤੀ। ਇਸ ਅਸਥਾਨ ਦੀ ਬੁਨਿਆਦ ਬਾਬਾ ਜਾਦੋ ਰਾਇ ਜੀ ਦੀ ਸ਼ਰੇਣੀ ਵਿਚੋਂ ਬਾਬਾ ਪਰਮਾਨੰਦ ਜੀ ਨੇ ਰੱਖੀ ਅਤੇ ਆਪਣੇ ਸ਼ਰਧਾਲੂ ਗੁਰਸਿੱਖਾਂ ਨੂੰ ਪ੍ਰੇਰਕੇ ਕੇ ਸੇਵਾ ਕਰਵਾਈ। ਇਥੇ ਸਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼, ਤੇ ਗੁਰਬਾਣੀ ਦਾ ਪਾਠ ਵਿਚਾਰ ਹੁੰਦਾ ਹੈ। ਲੇਕਿਨ ਕੁੱਝ ਸਮੇਂ ਤੋਂ ਮਹੰਤਾਂ, ਹਿੰਦੂਆਂ ਨੂੰ ਖ਼ੁਸ਼ ਕਰਨ ਹਿਤ ਠਾਕੁਰ ਪੂਜਾ ਦੀ ਲਗੜ ਭੀ ਲਾ ਲਈ ਹੈ। ਇਸ ਧਰਮਸਾਲ ਦੇ ਮਹੰਤ ਪਰਮਾਨੰਦ ਜੀ ਤੋਂ ਬਾਦ ਨੰਬਰਦਾਰ-ਬਾਬਾ ਦਲਪਤਿ ਦਾਸ, ਬਾਬਾ ਭੋਮਾ ਰਾਮ, ਰਾਮ ਦਾਸ, ਕੁਸ਼ਲ ਦਾਸ, ਨੰਦ ਰਾਮ, ਹਰੀ ਦਾਸ ਤੇ ਸੰਧਯ ਰਾਮ ਜੀ ਹੁੰਦੇ ਆਏ ਹਨ।

ਉਦਾਸੀ ਸਾਧੂਆਂ ਦੁਆਰਾ ਸਿੱਖੀ ਪ੍ਰਚਾਰ ਲਈ ਸਥਾਪਿਤ ਕੀਤੇ ਇਹਨਾਂ ਮੱਠਾਂ ਵਿਚ ਰੋਜ਼ਾਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਸੀ, ਕੀਰਤਨ ਦੀ ਪ੍ਰਥਾ

ਕਾਇਮ ਸੀ ਅਤੇ ਸਵੇਰੇ ਸ਼ਾਮ ਨਿਤਨੇਮ ਨਾਲ ਬਾਣੀਆਂ ਪੜ੍ਹਨ ਤੋਂ ਇਲਾਵਾ ਕਥਾ ਪ੍ਰਵਾਹ ਵੀ ਨਿਰੰਤਰ ਚੱਲਦਾ ਸੀ। ਮੌਜੂਦਾ ਸਮੇਂ ਵਿਚ ਵੀ ਜਿਹੜੇ ਪੁਰਾਤਨ ਉਦਾਸੀ ਡੇਰੇ ਕਾਇਮ ਹਨ ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੁਰਾਤਨ ਸਰੂਪ ਦੇਖਣ ਨੂੰ ਮਿਲਦਾ ਹੈ।

ਉਦਾਸੀਆਂ ਦੇ ਨਾਲ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਕੀਤੀਆਂ ਬਖ਼ਸ਼ਿਸ਼ਾਂ ਨੇ ਵੀ ਸਿੱਖੀ ਪ੍ਰਚਾਰ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਇਹਨਾਂ ਵਿਚੋਂ ਇਕ ਬਖ਼ਸ਼ਿਸ਼ ਭਗਤ ਭਗਵਾਨ ਦੇ ਨਾਂ ਨਾਲ ਪ੍ਰਸਿੱਧ ਹੋਈ। ਗੁਰੂ ਹਰਿਰਾਇ ਜੀ ਦੀ ਪ੍ਰੇਰਨਾ ਅਤੇ ਬਖ਼ਸ਼ਿਸ਼ ਨਾਲ ਸਥਾਪਿਤ ਹੋਈ ਇਹ ਬਖ਼ਸ਼ਿਸ਼ ਬਿਹਾਰ ਨਾਲ ਸੰਬੰਧਿਤ ਹੈ। ਗਿਆਨੀ ਗਿਆਨ ਸਿੰਘ ਜੀ ਦੱਸਦੇ ਹਨ, "ਭਗਤ ਗਿਰਿ ਗੁਸਾਈਂ ਬੋਧ ਗਯਾ ਦੇ ਮਹੰਤ ਨੇ ਆਪਣੀ ਜਮਾਤ ਅਤੇ ਹੋਰ ਅਨੇਕ ਮਹੰਤਾਂ ਸਮੇਤ ਜੁਵਾਲਾਮੁਖੀ ਦੇ ਦਰਸ਼ਨ ਕਰਨ ਜਾਂਦੇ ਹੋਏ ਗੁਰੂ ਕਾ ਜਸ ਸੁਣਕੇ ਕੀਰਤਪੁਰ ਜਾ ਡੇਰਾ ਪਾਇਆ।... ਗੁਰੂ ਜੀ ਦੇ ਬਚਨ ਸੁਣਕੇ ਓਨ੍ਹਾਂ ਦਾ ਮਨ ਕੋਇਲ ਦੇ ਬੱਚੇ ਵਾਂਗੂੰ ਗੁਰੂ ਵੰਨੀ ਫਿਰ ਆਯਾ ਤੇ ਗੁਰੂ ਜੀ ਦੇ ਚਰਨ ਫੜ ਲੀਤੇ, ਬੇਨਤੀ ਆਪਣੇ ਸਿੱਖ ਬਣਾਓ। ਗੁਰੂ ਜੀ ਨੇ ਓਨ੍ਹਾਂ ਦੀ ਅਧਿਕ ਸ਼ਰਧਾ ਪ੍ਰੀਤ ਵੇਖ ਕਰ ਚਰਣਾਮ੍ਰਿਤ ਤੇ ਸਤਨਾਮ ਦਾ ਉਪਦੇਸ਼ ਦੇ ਕਰ ਬਚਨ ਕੀਤਾ 'ਭਗਤ ਵਛਲ ਦਰਗਹਿ ਪਰਵਾਣ', ਓਸੇ ਘੜੀ ਤੋਂ ਭਗਤ ਗਿਰ ਦਾ ਨਾਮ ਭਗਤ ਭਗਵਾਨ ਉੱਘਾ ਹੋ ਗਿਆ। ਸਾਥੀ ਸਭ ਗੁਰੂ ਘਰ ਦੇ ਸਾਧੂ ਬਣ ਗਏ ਜਿਨ੍ਹਾਂ ਦੇ ਤਿੰਨ ਸੌ ਸੱਠ ਡੇਰੇ ਹੁਣ ਪਟਨੇ ਜ਼ਿਲ੍ਹੇ ਵਿਚ ਹਨ ਤੇ ਭਗਤ ਭਗਵਾਨ ਦੀ ਗੱਦੀ ਦਾਨਾਪੁਰ ਵਿਚ ਹੈ। ਕੁੱਛ ਦਿਨ ਗੁਰੂ ਜੀ ਪਾਸ ਰਹੇ, ਸਤਿਸੰਗ ਕੀਤਾ, ਗੁਰੂ ਘਰ ਦੀ ਮਰਯਾਦਾ ਸਿੱਖੀ। ਜਵਾਲਾਮੁਖੀ ਦੀ ਯਾਤ੍ਰਾ ਦੀ ਥਾਉਂ ਦੇਹਰੇ ਬਾਬਾ ਨਾਨਕ ਦੀ ਜਾਤ੍ਰਾ ਕਰਕੇ ਬੇਦੀ ਮੇਹਰ ਚੰਦ ਨੂੰ ਮਿਲ ਕਰ ਆਪਣੇ ਦੇਸ ਵਿਚ ਜਾ ਕੇ ਬਹੁਤ ਸਿੱਖੀ ਫੈਲਾਈ।"[11] ਭਗਤ ਭਗਵਾਨ ਸੰਬੰਧੀ ਜਾਣਕਾਰੀ ਦਿੰਦੇ ਹੋਏ ਭਾਈ ਕਾਨ੍ਹ ਸਿੰਘ ਨਾਭਾ ਦੱਸਦੇ ਹਨ, "ਭਗਵਾਨ ਗਿਰਿ ਸੰਨਯਾਸੀ, ਪੂਰਵ ਅਤੇ ਬਿਹਾਰ ਵਿਚ ਪ੍ਰਸਿੱਧ ਸਾਧੂ ਸੀ। ਇਹ ਗੁਰੂ ਹਰਿਰਾਇ ਸਾਹਿਬ ਦਾ ਸਿੱਖ ਹੋਇਆ। ਇਸ ਨੇ ਧਰਮ ਚੰਦ ਜੀ ਦੇ ਪੁੱਤਰ ਮਿਹਰਬਾਨ ਦੀ ਸੰਗਤਿ ਕਰਕੇ ਉਦਾਸੀ ਭੇਖ ਧਾਰਨ ਕੀਤਾ। ਸਤਿਗੁਰੂ ਜੀ ਨੇ ਏਸ ਦਾ ਨਾਮ 'ਭਗਤ ਭਗਵਾਨ' ਰੱਖਿਆ। ਇਸ ਦੇ ਸੰਪ੍ਰਦਾਇ ਦੇ ਉਦਾਸੀ ਸਾਧੂਆਂ ਦੀਆਂ ਹੁਣ 370 ਗੱਦੀਆਂ ਪੂਰਬ ਵਿਚ ਹਨ।"[12]

ਭਗਤ ਭਗਵਾਨ ਦੇ ਚੇਲਿਆਂ ਨੇ ਪਟਨਾ ਸਾਹਿਬ ਵਿਖੇ ਸਿੱਖੀ ਪ੍ਰਚਾਰ ਲਈ ਵਿਸ਼ੇਸ਼ ਯਤਨ ਕੀਤੇ ਸਨ। ਇਹਨਾਂ ਦੇ ਚੇਲੇ "ਬਖਤ ਮੱਲ ਦੀ ਸ਼ਾਖ ਵਿਚੋਂ ਬਾਬਾ ਫਤੇਹ ਚੰਦ ਨੇ ਸੰਮਤ ਸਤਾਰਾਂ ਸੈ ਬਾਹਠ ਬਿ. (1705 ਈ.) ਵਿਖੇ ਧਰਮਸਾਲ ਬੱਧੀ ਤੇ ਨਾਮ ਬਾਣੀ ਦਾ ਪ੍ਰਵਾਹ ਜਾਰੀ ਕੀਤਾ ਜਿਨ੍ਹਾਂ ਦੀ ਗੁਰਪ੍ਰਣਾਲੀ ਇਸ ਤਰ੍ਹਾਂ ਹੈ: ਭਗਤ ਜੀ ਦੇ ਚੇਲੇ ਬਢੌਨਾ ਸਾਹਿਬ, ਉਹਨਾਂ ਦੇ ਫਤੇਹ ਚੰਦ, ਤਿਨ੍ਹਾਂ ਦੇ ਸਚੁਖੇਲ ਚੰਦ; ਫਿਰ ਵਾਰੀ ਸਿਰ ਚਾਹੀਰਾਮ, ਗੋਬਿੰਦਦਾਸ, ਪੂਰਨਦਾਸ, ਸ਼ਿਵਰਾਮਦਾਸ, ਬ੍ਰਹਮਦਾਸ, ਬ੍ਰਹਮ ਨਾਰਾਇਣ, ਤੇ ਰਘੂ

ਨੰਦਨ ਚੇਲੇ ਤੋਂ ਬਾਦ ਚੇਲੇ ਇਸ ਧਰਮਸਾਲਾ ਦੇ ਪ੍ਰਬੰਧਕ ਬਣਦੇ ਆਏ ਹਨ। ਬਾਬਾ ਫਤੇਹ ਚੰਦ ਤੋਂ ਬਾਦ ਬਾਵਾ ਗੋਬਿੰਦ ਦਾਸ ਜੀ ਨੇ ਇਸ ਧਰਮ-ਧਾਮ ਦੀ ਸ਼ਾਨ ਖੂਬ ਚਮਕਾਈ। ਇਹ ਅਸਥਾਨ ਭੀ ਸਤਿਗੁਰੂ ਤੇਗ ਬਹਾਦਰ ਜੀ ਦਾ ਯਾਦਗਾਰੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ, ਤੇ ਗੁਰਬਾਣੀ ਪੜ੍ਹਨ ਸੁਣਨ ਦਾ ਰੰਗ ਬੱਝਾ ਰਹਿੰਦਾ ਹੈ।"[13]

ਬਖਤ ਮੱਲ ਵੱਲੋਂ ਸਥਾਪਿਤ ਕੀਤੀ ਗਈ ਧਰਮਸਾਲ ਰਕਾਬਗੰਜ ਦੇ ਨਾਂ ਨਾਲ ਪ੍ਰਸਿੱਧ ਹੋਈ। ਇਹ ਮੱਠ ਤਖ਼ਤ ਪਟਨਾ ਸਾਹਿਬ ਤੋਂ ਕੋਈ 3-4 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਕਿਸੇ ਸਮੇਂ ਇਹ ਅਸਥਾਨ ਬਿਹਾਰ ਵਿਚ ਸਿੱਖੀ ਦਾ ਪ੍ਰਮੁੱਖ ਕੇਂਦਰ ਸੀ। ਮੌਜੂਦਾ ਸਮੇਂ ਵਿਚ ਰਕਾਬਗੰਜ ਦੀ ਹਾਲਤ ਬਹੁਤੀ ਵਧੀਆ ਨਹੀਂ ਹੈ ਅਤੇ ਨਾ ਹੀ ਕਿਸੇ ਸਮੇਂ ਇਥੋਂ ਹੁੰਦੇ ਸਿੱਖੀ ਪ੍ਰਚਾਰ ਬਾਰੇ ਕੋਈ ਬਹੁਤੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਸ ਅਸਥਾਨ ਸੰਬੰਧੀ ਜਿਹੜੀ ਵੀ ਜਾਣਕਾਰੀ ਮਿਲਦੀ ਹੈ ਉਹ ਪੁਰਾਤਨ ਪੁਸਤਕਾਂ ਵਿਚ ਹੀ ਮੌਜੂਦ ਹੈ। ਇਸ ਅਸਥਾਨ ਦੇ ਸਿੱਖੀ ਨਾਲ ਸੰਬੰਧ ਹੋਣ ਦਾ ਵੇਰਵਾ ਬੁਕਾਨਨ ਦੀ 1811-12 ਦੀ ਪਟਨਾ ਅਤੇ ਗਯਾ ਸਰਵੇ ਰਿਪੋਰਟ ਤੋਂ ਹੁੰਦਾ ਹੈ ਜਿਸ ਵਿਚ ਉਹ ਲਿਖਦਾ ਹੈ ਕਿ "ਇਕ ਨਾਨਕਸ਼ਾਹੀ ਡੇਰੇ ਦੇ ਮੁਖੀ ਗੋਵਿੰਦ ਦਾਸ ਨਾਲ ਮੁਲਾਕਾਤ ਕਰਨ ਲਈ ਮੈਂ ਸਵੇਰ ਵੇਲੇ ਰਕਾਬਗੰਜ ਗਿਆ। ਬਗ਼ੈਰ ਕਿਸੇ ਪਖੰਡ ਤੋਂ ਸੇਵਾ ਕਰਨ ਵਾਲਾ ਅੱਧਖੜ ਉਮਰ ਦਾ ਇਹ ਵਿਅਕਤੀ ਬਹੁਤਾ ਗਿਆਨਵਾਨ ਨਹੀਂ ਸੀ ਅਤੇ ਬਹੁਤ ਸਾਰੀਆਂ ਪੌਰਾਣਿਕ ਕਥਾਵਾਂ ਸੁਣਾ-ਸੁਣਾ ਕੇ ਥੱਕਿਆ ਹੋਇਆ ਜਾਪਦਾ ਸੀ। ਖ਼ਾਲਸਾ ਸੰਪ੍ਰਦਾਇ ਦੀਆਂ 360 ਗੱਦੀਆਂ ਵਾਲੇ ਬੁੰਗੇ ਦਾ ਮੁੱਖੀ ਹੋਣ ਦਾ ਦਾਅਵਾ ਕਰਦਾ ਸੀ।"[14] ਬਿਹਾਰ ਸਿੱਖ ਪ੍ਰਤੀਨਿਧੀ ਬੋਰਡ ਨਾਲ ਕੰਮ ਕਰਨ ਵਾਲੇ ਸ. ਜਸਵੰਤ ਸਿੰਘ ਨੇ 1960 ਦੌਰਾਨ ਰਕਾਬਗੰਜ ਨੂੰ ਬਹੁਤ ਨੇੜਿਉਂ ਦੇਖਿਆ ਸੀ। ਇਸ ਸੰਬੰਧੀ ਆਪਣੀ ਰਿਪੋਰਟ ਵਿਚ ਇਹ ਦੱਸਦਾ ਹੈ:

> Once I succeeded in locating Gurdwara Rakabganj at Patna but was not allowed to enter into the Gurdwara lest we forcibly occupy it. I found some Scriptures and other things of historical value relating to Guru Nanak Dev and Guru Tegh Bahadur. The property attached to that Gurdwara was tremendous but it has been practically converted into a Mandir of Hanumanji.[15]

ਮੌਜੂਦਾ ਸਮੇਂ ਵਿਚ ਮਨੀਕਾਂਤ ਪਾਂਡੇ ਇਥੇ ਸੇਵਾ ਕਰ ਰਿਹਾ ਹੈ। ਇਸੇ ਇਲਾਕੇ ਦੇ ਸ੍ਰੀ ਬ੍ਰਹਮਦੇਵ ਪ੍ਰਸਾਦ ਨੇ ਇਸ ਅਸਥਾਨ ਦੇ ਉਹਨਾਂ ਸੇਵਾਦਾਰਾਂ ਦੇ ਨਾਂ ਦੱਸੇ ਹਨ ਜਿਨ੍ਹਾਂ ਨੂੰ ਉਸ ਨੇ ਇਥੇ ਸੇਵਾ ਕਰਦਿਆਂ ਦੇਖਿਆ ਹੈ। ਇਹ ਨਾਂ ਹਨ - ਰਾਮਕਿਸ਼ਨ ਦਾਸ, ਸੇਵਾ ਦਾਸ, ਗਯਾ ਦਾਸ। ਇਸ ਤੋਂ ਬਾਅਦ ਇਥੇ ਇਕ ਕਮੇਟੀ ਦਾ ਗਠਨ ਹੋਇਆ

ਜਿਸ ਨੇ ਮੌਜੂਦਾ ਸੇਵਾਦਾਰ ਮਨੀਕਾਂਤ ਪਾਂਡੇ ਨੂੰ ਸੇਵਾ ਸੌਂਪੀ ਹੈ। ਸ੍ਰੀ ਬ੍ਰਹਮਦੇਵ ਪ੍ਰਸਾਦ ਨੇ ਅੱਗੇ ਦੱਸਿਆ ਕਿ ਇਸ ਡੇਰੇ ਦੇ ਨਾਂ ਦੋ ਏਕੜ ਤੋਂ ਵਧੇਰੇ ਜ਼ਮੀਨ ਹੈ ਅਤੇ ਅੱਧੀ ਤੋਂ ਵਧੇਰੇ ਜ਼ਮੀਨ ਟਾਟਾ ਕੰਪਨੀ ਕੋਲ ਕਿਰਾਏ 'ਤੇ ਦਿੱਤੀ ਹੋਈ ਹੈ ਜਿਸ ਦੀ ਆਮਦਨ ਨਾਲ ਇਥੋਂ ਦਾ ਪ੍ਰਬੰਧ ਕੀਤਾ ਜਾਂਦਾ ਹੈ। ਭਾਦੋਂ ਦੇ ਅਖੀਰਲੇ ਛੇ ਦਿਨ ਪਾਠ ਕੀਤਾ ਜਾਂਦਾ ਹੈ ਅਤੇ ਆਖਰੀ ਦਿਨ ਭੰਡਾਰਾ ਕੀਤਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਕ ਪੁਰਾਤਨ ਹੱਥ-ਲਿਖਤ ਸਰੂਪ ਇਥੇ ਸੰਭਾਲ ਕੇ ਰੱਖਿਆ ਹੋਇਆ ਹੈ।

ਬਿਹਾਰ ਵਿਚ ਸਿੱਖ ਵਸੋਂ

ਭਾਰਤ ਦੇ ਉਤਰੀ ਖਿਤੇ ਵਿਚ ਪ੍ਰਮੁੱਖ ਤੌਰ 'ਤੇ ਸਾਹਮਣੇ ਆਏ ਸਿੱਖ ਭਾਵੇਂ ਦੇਸ਼-ਵਿਦੇਸ਼ ਵਿਚ ਫੈਲ ਗਏ ਹਨ ਪਰ ਗਿਣਾਤਮਿਕ ਪੱਖ ਤੋਂ ਇਹਨਾਂ ਦੀ ਗਿਣਤੀ ਬਹੁਤੀ ਜ਼ਿਆਦਾ ਨਹੀਂ ਹੈ। ਰਾਜਨੀਤਿਕ ਜਾਗਰੂਕਤਾ, ਸਦਾਚਾਰਕ ਵਿਹਾਰ ਅਤੇ ਪਰਉਪਕਾਰੀ ਬਿਰਤੀ ਨੇ ਬਹੁਗਿਣਤੀ ਲੋਕਾਂ ਦਾ ਧਿਆਨ ਇਹਨਾਂ ਵੱਲ ਖਿੱਚਿਆ ਹੈ। ਸਿੱਖਾਂ ਦੀ ਅਬਾਦੀ ਬਾਰੇ ਸਮੇਂ-ਸਮੇਂ 'ਤੇ ਬਹੁਤ ਸਾਰੇ ਅੰਕੜੇ ਪੇਸ਼ ਕੀਤੇ ਜਾਂਦੇ ਰਹੇ ਹਨ। 1881 ਤੋਂ ਲੈ ਕੇ 1931 ਤੱਕ ਭਾਰਤ ਵਿਚ ਸਿੱਖਾਂ ਦੀ ਗਿਣਤੀ ਦਾ ਇਹ ਵੇਰਵਾ ਇਕ ਅੰਗਰੇਜ਼ ਲਿਖਾਰੀ ਹਟਨ ਨੇ ਦਿੱਤਾ ਹੈ[16]:

Census Year	Actual Number of Sikhs	Increase % since 1881
1881	18,53,426	--
1891	19,07,833	2.9
1901	21,95,339	18.4
1911	30,14,466	62.6
1921	32,38,803	74.7
1931	43,35,771	133.9

1881 ਤੋਂ ਲੈ ਕੇ 1931 ਦੀ ਮਰਦਮ ਸ਼ੁਮਾਰੀ ਤੱਕ ਹਟਨ ਨੇ ਸਿੱਖਾਂ ਦਾ ਜਿਹੜਾ ਵੇਰਵਾ ਦਿੱਤਾ ਹੈ ਉਹ ਨਿਰੰਤਰ ਵਾਧੇ ਦੀ ਦਿਸ਼ਾ ਦਾ ਸੂਚਕ ਹੈ। 1881 ਤੋਂ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਿੱਖਾਂ ਦੀ ਗਿਣਤੀ ਇਕ ਕਰੋੜ ਦੱਸੀ ਜਾਂਦੀ ਹੈ ਜਿਹੜੀ ਕਿ ਇਸ ਰਾਜ ਦੇ ਜਾਣ ਨਾਲ ਬਹੁਤ ਘੱਟ ਗਈ ਸੀ ਅਤੇ 1881 ਵਿਚ ਪੇਸ਼ ਕੀਤੇ ਅੰਕੜਿਆਂ ਵਿਚ ਸਿੱਖਾਂ ਦੀ ਗਿਣਤੀ ਬਹੁਤ ਥੋੜੀ ਨਜ਼ਰ ਆਈ ਹੈ। ਇਸ ਦੇ ਕਈ ਕਾਰਨ ਦੇਖੇ ਜਾ ਸਕਦੇ ਹਨ। ਇਸੇ ਤਰ੍ਹਾਂ 1812 ਵਿਚ ਬੁਕਾਨਨ ਨੇ ਪਟਨਾ ਵਿਚ ਵੱਡੀ ਗਿਣਤੀ ਸਿੱਖ ਵਸੋਂ ਦਾ ਜ਼ਿਕਰ ਕੀਤਾ ਹੈ:

Amongst others which have not been previously published

> may be mentioned the estimates showing the great strength of Sikhism at Patna about 1812, from which it would appear that the number of adherents of both sects, including their families, was well over 50,000.[17]

ਬਿਹਾਰ ਉਦਾਸੀ ਸੰਪ੍ਰਦਾਇ ਦੇ ਪ੍ਰਚਾਰਕਾਂ ਦਾ ਗੜ੍ਹ ਰਿਹਾ ਹੈ। ਭਉ ਭਾਵਨੀ ਵਿਚ ਰਹਿ ਕੇ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਕਰਨਾ ਇਹਨਾਂ ਦਾ ਮੁੱਖ ਉਦੇਸ਼ ਸੀ। ਬਿਹਾਰ ਦੀ ਬਹੁਤ ਸਾਰੀ ਵੱਸੋਂ ਉਦਾਸੀਆਂ ਦੇ ਪ੍ਰਚਾਰ ਤੋਂ ਪ੍ਰਭਾਵਿਤ ਸੀ। ਭਾਵੇਂ ਕਿ ਉਦਾਸੀਆਂ ਦੇ ਪ੍ਰਭਾਵ ਸਦਕਾ ਇਥੋਂ ਦੇ ਲੋਕਾਂ ਨੇ ਗੁਰੂ ਜੀ ਪ੍ਰਤੀ ਆਸਥਾ ਕਾਇਮ ਕਰ ਲਈ ਸੀ ਪਰ ਹਿੰਦੂ ਧਰਮ ਦੇ ਪੁਰਾਤਨ ਰੀਤੀ ਰਿਵਾਜਾਂ ਅਤੇ ਵਿਰਾਸਤ ਵਿਚ ਮਿਲੇ ਸੰਸਕਾਰਾਂ ਤੋਂ ਪੱਲਾ ਛੁਡਾਉਣਾ ਮੁਸ਼ਕਿਲ ਸੀ। ਉਦਾਸੀ ਪ੍ਰਚਾਰਕਾਂ ਦੀ ਮੁੱਖ ਸੁਰ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਅਤੇ ਸੰਦੇਸ਼ ਪ੍ਰਤੀ ਲੋਕਾਂ ਨੂੰ ਚੇਤਨ ਕਰਨਾ ਸੀ ਪਰ ਇਸ ਕਾਰਜ ਲਈ ਉਹਨਾਂ ਨੇ ਲੋਕਾਂ ਦੇ ਪੁਰਾਤਨ ਰੀਤੀ-ਰਿਵਾਜਾਂ ਅਤੇ ਵਿਸ਼ਵਾਸਾਂ ਨੂੰ ਨਕਾਰਨ ਜਾਂ ਰੱਦ ਕਰਨ ਦੀ ਬਜਾਏ ਉਹਨਾਂ ਨੂੰ ਕਿਸੇ ਨਾ ਕਿਸੇ ਰੂਪ ਵਿਚ ਮਾਨਤਾ ਦਿੱਤੀ ਹੋਈ ਸੀ। ਉਦਾਸੀ ਪ੍ਰਚਾਰਕ ਸਮਝਦੇ ਸਨ ਕਿ ਆਮ ਲੋਕਾਂ ਨੂੰ ਉਹਨਾਂ ਦੇ ਵਿਸ਼ਵਾਸਾਂ ਦੇ ਧਾਰਨੀ ਹੋਣ ਦੇ ਨਾਲ-ਨਾਲ ਗੁਰਮਤਿ ਦੀ ਸਿੱਖਿਆ ਦਿੱਤੀ ਜਾ ਸਕਦੀ ਹੈ। ਇਸ ਨਾਲ ਕਿਸੇ ਦੂਜੇ ਧਾਰਮਿਕ ਵਿਸ਼ਵਾਸ ਪ੍ਰਤੀ ਨਕਾਰਾਤਮਿਕ ਸੋਚ ਵੀ ਪੈਦਾ ਨਹੀਂ ਹੁੰਦੀ ਅਤੇ ਨਵੇਂ ਵਿਸ਼ਵਾਸ ਨੂੰ ਗ੍ਰਹਿਣ ਕਰਨ ਵਿਚ ਸੌਖ ਪੈਦਾ ਹੋ ਜਾਂਦੀ ਹੈ। ਉਦਾਸੀ ਪ੍ਰਚਾਰਕ ਹਿੰਦੂ ਧਰਮ ਦੇ ਤਿਉਹਾਰਾਂ ਵਿਚ ਅਕਸਰ ਹਿੱਸਾ ਲੈਂਦੇ ਸਨ ਜਿਸ ਕਰਕੇ ਬਹੁਤ ਸਾਰੇ ਲੋਕ ਉਹਨਾਂ ਦੇ ਸ਼ਰਧਾਲੂ ਬਣ ਗਏ ਸਨ। ਸਥਾਨਕ ਪੱਧਰ ’ਤੇ ਜਦੋਂ ਕੋਈ ਸਮੱਸਿਆ ਪੇਸ਼ ਆਉਂਦੀ ਤਾਂ ਉਸ ਦਾ ਹੱਲ ਸਥਾਨਕ ਮਹੰਤਾਂ ਪਾਸੋਂ ਲੱਭਿਆ ਜਾਂਦਾ ਸੀ। ਉਦਾਸੀਆਂ ਦੀ ਇਹ ਪ੍ਰਚਾਰ ਵਿਧੀ ਕਾਰਗਾਰ ਤਾਂ ਸਾਬਿਤ ਹੋਈ ਪਰ ਜਦੋਂ ਵੱਡੇ ਪੱਧਰ ’ਤੇ ਕਿਸੇ ਵਿਸ਼ਵਾਸ ਦੇ ਧਾਰਨੀ ਹੋਣ ਦਾ ਮੌਕਾ ਆਉਂਦਾ ਤਾਂ ਲੋਕ ਆਪਣੇ ਆਪ ਨੂੰ ਹਿੰਦੂ ਹੀ ਦੱਸ ਦਿੰਦੇ ਸਨ। ਬਿਹਾਰ ਦੀ ਜਨਗਣਨਾ ਵਿਚ ਉਦਾਸੀਆਂ ਦੇ ਸਿੱਖੀ ਪ੍ਰਚਾਰ ਦਾ ਪ੍ਰਭਾਵ ਬਹੁਤ ਥੋੜ੍ਹਾ ਨਜ਼ਰ ਆਉਂਦਾ ਹੈ। ਬਿਹਾਰ ਵਿਖੇ ਸਿੱਖ ਵੱਸੋਂ ਦਾ ਸਹੀ ਲੇਖਾ-ਜੋਖਾ ਕਰਨਾ ਮੁਸ਼ਕਿਲ ਹੀ ਨਹੀਂ ਕਈ ਵਾਰੀ ਅਸੰਭਵ ਵੀ ਜਾਪਦਾ ਹੈ।

1901 ਦੀ ਬੰਗਾਲ ਜਨਗਣਨਾ ਦੇ ਆਧਾਰ ’ਤੇ ਮਾਲੇ ਦੱਸਦਾ ਹੈ ਕਿ ਇਸ ਖਿਤੇ ਵਿਚ ਸਿੱਖ ਵੱਸੋਂ ਬਹੁਤ ਥੋੜੀ ਹੈ। ਇਸ ਰਿਪੋਰਟ ਦੇ ਚੌਥੇ ਅਧਿਆਇ ਤੋਂ ਪਤਾ ਲੱਗਦਾ ਹੈ ਕਿ 1901 ਵਿਚ ਬੰਗਾਲ ਦੇ ਇਲਾਕੇ ਵਿਚ 340 ਵਸਨੀਕਾਂ ਨੇ ਆਪਣਾ ਧਰਮ ਸਿੱਖ ਲਿਖਾਇਆ ਸੀ ਪਰ ਅੰਤਿਕਾ 6 ਵਿਚ 1033 ਵਿਅਕਤੀਆਂ (626 ਪੁਰਸ਼ ਅਤੇ 407 ਇਸਤਰੀਆਂ) ਨੂੰ ਸਿੱਖ ਵੱਸੋਂ ਵਿਚ ਦਰਸਾਇਆ ਗਿਆ ਹੈ। ਸਿੱਖਾਂ ਦੀ ਵਧੇਰੇ ਵੱਸੋਂ ਕਲਕੱਤਾ ਵਿਖੇ ਮੌਜੂਦ ਹੈ। ਇਸ ਖਿੱਤੇ ਵਿਚ ਸਿੱਖਾਂ ਦੀ ਘੱਟ ਵੱਸੋਂ ਦੱਸਣ ਦਾ ਕਾਰਨ ਇਹ ਹੋ ਸਕਦਾ ਹੈ ਕਿ ਜਾਂ ਤਾਂ ਵਪਾਰ ਕਰਨ ਲਈ ਇਹ ਆਰਜੀ ਤੌਰ ’ਤੇ ਪੰਜਾਬ ਤੋਂ

ਕਲਕੱਤੇ ਆ ਕੇ ਵੱਸੇ ਹੋਏ ਹਨ ਜਾਂ ਜਨਗਣਨਾ ਸਮੇਂ ਹੀ ਸ਼ਾਇਦ ਇਹ ਇਥੇ ਆਏ ਹੋਣ। ਬੰਗਾਲ ਦੇ ਸ਼ਾਹਬਾਦ ਜ਼ਿਲ੍ਹੇ ਅਧੀਨ ਪੈਂਦੇ ਇਕ ਛੋਟੇ ਜਿਹੇ ਨਗਰ ਸਸਾਰਾਮ ਵਿਖੇ ਸਦੀਆਂ ਤੋਂ ਅਗਰਹਰੀ ਰਹਿ ਰਹੇ ਹਨ, ਸ਼ਾਇਦ ਇਹਨਾਂ ਨੂੰ ਸਿੱਖ ਸ਼੍ਰੇਣੀ ਵਿਚ ਨਹੀਂ ਰੱਖਿਆ ਗਿਆ। ਮਾਲੇ ਦੱਸਦਾ ਹੈ ਕਿ ਕੁੱਝ ਸਾਲ ਪਹਿਲਾਂ ਮੈਂ ਸਸਾਰਾਮ ਵਿਖੇ ਰੁਕਿਆ ਸੀ। ਇਥੋਂ ਦੇ ਵਿਅਕਤੀਆਂ ਦੀ ਦਿੱਖ, ਨੈਣ-ਨਕਸ਼, ਡੀਲ-ਡੌਲ ਅਤੇ ਪਹਿਰਾਵਾ ਇਹਨਾਂ ਦੇ ਉੱਤਰ ਭਾਰਤ ਨਾਲ ਸੰਬੰਧਿਤ ਹੋਣ ਦਾ ਸਪਸ਼ਟ ਸੰਕੇਤ ਕਰਦਾ ਸੀ। ਪੁੱਛਣ ’ਤੇ ਇਹਨਾਂ ਨੇ ਦੱਸਿਆ ਕਿ ਸਦੀਆਂ ਤੋਂ ਇਹ ਇਥੇ ਹੀ ਨਿਵਾਸ ਕਰ ਰਹੇ ਹਨ ਅਤੇ ਸੱਚੇ ਸਿੱਖ ਹਨ। ਭਾਵੇਂ ਕਿ ਲੰਮੇ ਸਮੇਂ ਤੋਂ ਇਹਨਾਂ ਦਾ ਸਿੱਖਾਂ ਦੀ ਪ੍ਰਮੁੱਖ ਸੰਸਥਾ ਨਾਲ ਕੋਈ ਰਾਬਤਾ ਨਹੀਂ ਹੈ ਪਰ ਕਈ ਪੀੜ੍ਹੀਆਂ ਤੋਂ ਇਹਨਾਂ ਦੇ ਪਰਿਵਾਰਾਂ ਵਿਚ ਸਿੱਖੀ ਕਾਇਮ ਹੈ।[18]

1931 ਦੀ ਮਰਦਮ ਸ਼ੁਮਾਰੀ ਵਿਚ ਪੰਜਾਬ ਤੋਂ ਬਾਹਰ ਬਿਹਾਰ, ਉੜੀਸਾ ਅਤੇ ਸੀ.ਪੀ. (ਸੈਂਟਰਲ ਪ੍ਰੋਵਿੰਸ) ਵਿਖੇ ਸਿੱਖ ਵੱਸੋਂ ਦੇ ਜਿਹੜੇ ਅੰਕੜੇ ਪੇਸ਼ ਕੀਤੇ ਗਏ ਹਨ ਉਹਨਾਂ ਅਨੁਸਾਰ ਇਹਨਾਂ ਇਲਾਕਿਆਂ ਦੀ ਕੁੱਲ ਸਿੱਖ ਅਬਾਦੀ 6247 ਸੀ।[19] ਇਹ ਅੰਕੜੇ ਦੱਸਦੇ ਹਨ ਕਿ ਬਿਹਾਰ ਵਿਚ ਸਿੱਖਾਂ ਦੀ ਨਿਗੂਣੀ ਜਿਹੀ ਵੱਸੋਂ ਸੀ। ਭਾਵੇਂ ਕਿ ਇਹ ਅੰਕੜੇ ਪੂਰੀ ਤਰ੍ਹਾਂ ਠੀਕ ਨਾ ਵੀ ਹੋਣ ਪਰ ਫਿਰ ਵੀ ਇਹਨਾਂ ਵਿਚ ਬਹੁਤਾ ਬਦਲਾਉ ਨਹੀਂ ਕੀਤਾ ਜਾ ਸਕਦਾ। ਇੰਞ ਜਾਪਦਾ ਹੈ ਕਿ ਇਹਨਾਂ ਪ੍ਰਦੇਸ਼ਾਂ ਵਿਚ ਵੱਸਦੇ ਨਾਨਕਸ਼ਾਹੀ ਡੇਰਿਆਂ ਦੇ ਸ਼ਰਧਾਲੂਆਂ, ਵਣਜਾਰਿਆਂ ਅਤੇ ਸਿਕਲੀਗਰਾਂ ਨੂੰ ਸਿੱਖ ਵੱਜੋਂ ਦਰਜ ਨਹੀਂ ਕੀਤਾ ਗਿਆ ਨਹੀਂ ਤਾਂ ਤਿੰਨ ਪ੍ਰਦੇਸ਼ਾਂ ਦੀ ਸਿੱਖ ਅਬਾਦੀ ਵਧੇਰੇ ਹੋ ਸਕਦੀ ਸੀ।

1947 ਵਿਚ ਦੇਸ਼-ਵੰਡ ਉਪਰੰਤ ਭਾਰਤ ਦੋ ਟੁਕੜਿਆਂ ਵਿਚ ਵੰਡਿਆ ਗਿਆ। ਇਸ ਦਾ ਦੂਜਾ ਹਿੱਸਾ ਪਾਕਿਸਤਾਨ ਦੇ ਰੂਪ ਵਿਚ ਸਾਹਮਣੇ ਆਇਆ। ਪਾਕਿਸਤਾਨ ਮੁਸਲਿਮ ਬਹੁਗਿਣਤੀ ਦੇਸ਼ ਬਣਿਆ ਅਤੇ ਇਸ ਦੇ ਗਠਨ ਨਾਲ ਬਹੁਤ ਸਾਰੇ ਮੁਸਲਮਾਨ ਭਾਰਤ ਛੱਡ ਕੇ ਪਾਕਿਸਤਾਨ ਵਿਖੇ ਚਲੇ ਗਏ ਸਨ। ਇਸ ਮੌਕੇ ਪੰਜਾਬ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਅਤੇ ਪਾਕਿਸਤਾਨ ਵਿਚੋਂ ਵੱਡੀ ਗਿਣਤੀ ਹਿੰਦੂਆਂ ਅਤੇ ਸਿੱਖਾਂ ਨੂੰ ਭਾਰਤ ਆਉਣ ਲਈ ਮਜਬੂਰ ਹੋਣਾ ਪਿਆ। ਅਜਿਹੇ ਸਮੇਂ ਬਿਹਾਰ ਵਿਖੇ ਹਿੰਦੂਆਂ ਅਤੇ ਸਿੱਖਾਂ ਦੀ ਆਮਦ ਵੀ ਵਰਨਨਯੋਗ ਸੀ। ਬਿਹਾਰ ਦੀ ਜਨਗਣਨਾ ਦੇ ਅੰਕੜੇ ਦੱਸਦੇ ਹਨ:

> Displaced persons from West Punjab and the North-West Frontier Province which are now included in Pakistan began to arrive in Bihar from July 1947. The influx was rapid and by Januuy 1948, their number had reached 15,000. A census of displaced persons taken in July 1949 by the State Government showed that out of 4,822 refugee families which had come to Bihar from Western Pakistan, 3,350 were

> from West Punjab, 322 from the North-West Frontier Province and 533 from Sindh. Some displaced persons came to Bihar from Eastern Pakistan during 1948-49, but large-scale movement did not begin until the second quarter of I950 when there were fresh communal disturbances in Eastern Pakistan... The I951 census has disclosed that there were in all, 73,503 displaced persons from Pakistan in Bihar at that time.[20]

1941 ਵਿਚ ਬਿਹਾਰ ਦੀ ਅਬਾਦੀ ਵਿਚ 23 ਪ੍ਰਤੀਸ਼ਤ ਵਾਧਾ ਦਰਜ ਕੀਤਾ ਗਿਆ ਸੀ ਜਿਹੜਾ ਕਿ 1951 ਦੀ ਜਨਗਣਨਾ ਸਮੇਂ 44.33 ਪ੍ਰਤੀਸ਼ਤ ਤੱਕ ਪੁੱਜ ਗਿਆ ਸੀ। ਭਾਵੇਂ ਕਿ ਪਾਕਿਸਤਾਨ ਬਣਨ ਉਪਰੰਤ ਹਿੰਦੂ ਅਤੇ ਸਿੱਖ ਦੋਵੇਂ ਹੀ ਬਿਹਾਰ ਵਿਚ ਆ ਕੇ ਵੱਸੇ ਸਨ ਪਰ ਇਹਨਾਂ ਵਿਚੋਂ ਵਧੇਰੇ ਗਿਣਤੀ ਹਿੰਦੂਆਂ ਦੀ ਸੀ। ਬਿਹਾਰ ਵਿਖੇ ਵੱਸਣ ਵਾਲੇ ਬਹੁਤੇ ਉਹ ਸਿੱਖ ਸਨ ਜਿਨ੍ਹਾਂ ਨੂੰ ਸੰਤ ਨਿਸਚਲ ਸਿੰਘ ਪ੍ਰੇਰਕੇ ਪਟਨਾ ਸਾਹਿਬ ਲੈ ਆਏ ਸਨ। ਸੰਤ ਨਿਸਚਲ ਸਿੰਘ ਦੇ ਯਤਨਾਂ ਸਦਕਾ ਸਿੱਖਾਂ ਨੂੰ ਬਿਹਾਰ ਵਿਚ ਲਿਆਉਣ ਲਈ ਕੁੱਝ ਵਿਸ਼ੇਸ਼ ਰੇਲ ਗੱਡੀਆਂ ਚਲਾਈਆਂ ਗਈਆਂ ਸਨ ਅਤੇ ਬਹੁਤ ਸਾਰੇ ਸਿੱਖਾਂ ਨੂੰ ਬਿਹਾਰ ਵਿਚ ਲਿਆ ਕੇ ਵਸਾਇਆ ਗਿਆ ਸੀ। ਪਟਨਾ ਸਾਹਿਬ ਦੇ ਆਲੇ-ਦੁਆਲੇ ਬਹੁਤ ਸਾਰੇ ਸਿੱਖਾਂ ਨੇ ਆਪਣੇ ਕਾਰੋਬਾਰ ਅਰੰਭ ਕੀਤੇ ਸਨ ਅਤੇ ਹੌਲੀ-ਹੌਲੀ ਉਹ ਇਥੇ ਹੀ ਸਥਾਪਿਤ ਹੋ ਗਏ ਸਨ। ਪਟਨਾ ਅਤੇ ਬਿਹਾਰ ਦੇ ਦੂਜੇ ਇਲਾਕਿਆਂ ਵਿਚ ਸਿੱਖ ਅਬਾਦੀ ਦੇ ਵੱਧਣ ਨਾਲ ਭਾਵੇਂ ਕਿ ਤਖ਼ਤ ਸਾਹਿਬ 'ਤੇ ਸਿੱਖਾਂ ਦੀ ਕੁੱਝ ਰੌਣਕ ਵੱਧ ਗਈ ਸੀ ਪਰ ਇਸ ਨਾਲ ਰਾਜਸੀ ਅੰਕੜਿਆਂ ਵਿਚ ਕੋਈ ਫਰਕ ਨਹੀਂ ਪੈਂਦਾ ਸੀ।

1961 ਦੀ ਜਨਸੰਖਿਆ ਵਿਚ ਸਿੱਖਾਂ ਨਾਲ ਸੰਬੰਧਿਤ ਜਿਹੜੇ ਅੰਕੜੇ ਸਾਹਮਣੇ ਆਏ ਹਨ ਉਹਨਾਂ ਦਾ ਲੇਖਾ-ਜੋਖਾ ਕਰਨ ਵਾਲੇ ਦੱਸਦੇ ਹਨ ਕਿ 16,67,173 ਸਿੱਖ ਪੰਜਾਬ ਤੋਂ ਬਾਹਰ ਵੱਸਦੇ ਹਨ ਅਤੇ ਉਹਨਾਂ ਵਿਚੋਂ 2.7 ਪ੍ਰਤੀਸ਼ਤ ਬਿਹਾਰ ਵਿਚ ਹਨ।[21] ਸਿੱਖਾਂ ਦੀ ਘੱਟਗਿਣਤੀ ਉਹਨਾਂ ਲਈ ਸਮੱਸਿਆਵਾਂ ਖੜੀਆਂ ਕਰਦੀ ਰਹੀ ਹੈ। ਇਸ ਕਰਕੇ 20 ਦਸੰਬਰ 1970 ਨੂੰ ਜਦੋਂ ਗਿਆਨੀ ਕਰਤਾਰ ਸਿੰਘ ਭਾਰਤ ਦੇ ਪੂਰਬੀ ਹਿੱਸੇ ਵਿਚ ਆਏ ਤਾਂ ਉਹਨਾਂ ਨੇ ਸਿੱਖਾਂ ਦੀ ਅਬਾਦੀ ਲਿਖਾਉਣ ਵਾਲਿਆਂ ਦਾ ਦਾਇਰਾ ਵਧਾਉਣ 'ਤੇ ਜੋਰ ਦਿੱਤਾ। ਬਿਹਾਰ ਦੇ ਗੁਰਦੁਆਰਾ ਰਾਂਚੀ ਵਿਖੇ ਆਪਣੇ ਭਾਸ਼ਣ ਦੌਰਾਨ ਉਹਨਾਂ ਕਿਹਾ ਕਿ ਸੂਬਾ ਬਿਹਾਰ ਜਿਸ ਦੀ ਰਾਜਧਾਨੀ ਪਟਨਾ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਜਨਮ ਲਿਆ ਅਤੇ ਆਪਣੇ ਬਚਪਨ ਦੇ ਅੱਧੇ ਸਾਲ ਇਥੇ ਬਤੀਤ ਕੀਤੇ, ਸਿੱਖ ਇਤਿਹਾਸ ਵਿਚ ਆਪਣਾ ਖਾਸ ਸਥਾਨ ਰੱਖਦਾ ਹੈ। ਇਥੋਂ ਦੇ ਵਸਨੀਕ ਸਿੱਖਾਂ ਨੂੰ ਆਪਣੇ ਕਰਤਵ ਦੁਆਰਾ ਇਥੋਂ ਦੇ ਸਮਾਜ ਵਿਚ ਖਾਸ ਸਥਾਨ ਪ੍ਰਾਪਤ ਕਰਨਾ ਚਾਹੀਦਾ ਹੈ। ਇਸ ਮੰਤਵ ਦੀ ਪੂਰਤੀ ਲਈ ਉਹਨਾਂ ਕਿਹਾ ਕਿ ਤੁਸਾਂ ਨੂੰ ਕੁੱਝ ਕੁ ਬਹੁਤ ਜਰੂਰੀ

ਗੱਲਾਂ ਵੱਲ ਧਿਆਨ ਦੇਣ ਦੀ ਲੋੜ ਹੈ। ਸਾਹਮਣੇ ਆ ਰਹੀ 1971 ਦੀ ਮਰਦਮ ਸ਼ੁਮਾਰੀ ਵਾਸਤੇ ਤੁਸਾਂ ਬਹੁਤ ਕੁੱਝ ਕਰਨਾ ਹੈ ਅਤੇ ਹੁਣੇ ਕਰਨਾ ਹੈ। ਭਾਵੇਂ ਇਹ ਅੰਕੜੇ ਵੀ ਕੋਈ ਭਰੋਸੇਯੋਗ ਨਹੀਂ ਪਰ ਪਿਛਲੀ ਸ਼ੁਮਾਰੀ ਅਨੁਸਾਰ ਬਿਹਾਰ ਵਿਚ ਸਿੱਖਾਂ ਦੀ ਗਿਣਤੀ ਬਤਾਲੀ ਹਜ਼ਾਰ ਦੱਸੀ ਗਈ ਹੈ। ਮੈਂ ਜਾਣਦਾ ਹਾਂ ਕਿ ਇਸ ਗਿਣਤੀ ਵਿਚ ਉਹ ਹਜ਼ਾਰਾਂ ਸਿੱਖ ਦਰਜ ਨਹੀਂ ਜੋ ਆਪਣੇ ਆਪ ਨੂੰ 'ਨਾਨਕਪੰਥੀ' ਅਖਵਾਂਦੇ ਹਨ, ਬਲਕਿ ਉਹਨਾਂ ਦੀ ਗਿਣਤੀ ਲੱਖਾਂ ਵਿਚ ਹੈ। ਲੋਕਤੰਤਰ ਦੇ ਯੁੱਗ ਵਿਚ ਆਪਣੀ ਅਸਲੀ ਗਿਣਤੀ ਨੂੰ ਸੁਰੱਖਿਅਤ ਨਾ ਰੱਖ ਸਕਣਾ ਕਿਤਨੀ ਕੁ ਅਣਗਹਿਲੀ ਹੈ। ਇਸ ਦਾ ਕਿਤਨਾ ਕੁ ਖਮਿਆਜ਼ਾ ਆਪ ਨੂੰ ਭੁਗਤਣਾ ਪੈ ਰਿਹਾ ਹੈ, ਇਹਦਾ ਅੰਦਾਜ਼ਾ ਲਗਾਉਣਾ ਔਖਾ ਨਹੀਂ। ਜੋ ਪਿੱਛੇ ਹੋ ਚੁੱਕਾ ਸੋ ਹੋ ਚੁੱਕਾ ਐਤਕਾਂ ਫੇਰ ਅਸੀਂ ਫਾਡੀ ਨਾ ਰਹਿ ਜਾਈਏ, ਹੁਣ ਵੇਲਾ ਸੰਭਾਲਣ ਦੀ ਲੋੜ ਹੈ। ਅਸਾਂ ਕਿਸੇ ਦਾ ਹੱਕ ਨਹੀਂ ਖੋਹਣਾ ਪਰ ਆਪਣਾ ਛੱਡਣਾ ਵੀ ਨਹੀਂ। ਇਹ ਅਸੂਲ ਹੱਥੋਂ ਨਹੀਂ ਜਾਣ ਦੇਣਾ। ਇਸ ਲਈ ਆਪਣੀ ਅਸਲੀ ਗਿਣਤੀ ਦਰਜ ਕਰਕੇ ਵਿਖਾਉ ਤਾਂ ਸ਼੍ਰੋਮਣੀ ਕਮੇਟੀ ਪਾਸੋਂ ਵੀ ਆਪਣਾ ਪ੍ਰਤੀਨਿਧ ਲੈਣ 'ਤੇ ਮਜਬੂਰ ਕਰ ਸਕਦੇ ਹੋ। ਇਸ ਸੰਬੰਧ ਵਿਚ ਇਸ ਸੂਬੇ ਦੇ ਸਾਰੇ ਸ਼ਹਿਰ ਪਟਨਾ, ਜਮਸ਼ੇਦਪੁਰ, ਰਾਂਚੀ, ਮਜ਼ਫ਼ਰਪੁਰ, ਗਯਾ ਆਦਿਕਾਂ ਤੋਂ ਨੌਜਵਾਨਾਂ ਅਤੇ ਇਸਤਰੀ ਸਤਿਸੰਗ ਦੀਆਂ ਟੋਲੀਆਂ ਬਣਾ ਕੇ ਸਭ ਸਿੱਖਾਂ ਅਤੇ ਨਾਨਕਪੰਥੀਆਂ ਨੂੰ ਸਿੱਖ ਦਰਜ ਕਰਵਾਉ। ਇਸ ਜਰੂਰੀ ਕੋਸ਼ ਵਿਚ ਹਰੇਕ ਮਾਈ ਭਾਈ ਨੂੰ ਅਪਨਾ ਹਿੱਸਾ ਪਾਣਾ ਚਾਹੀਦਾ ਹੈ। ਅਤੇ ਆਪਣੀ ਤਸੱਲੀ ਕਰਨੀ ਚਾਹੀਦੀ ਹੈ ਕਿ ਸ਼ੁਮਾਰ ਕੁਨਿੰਦੇ ਠੀਕ ਅੰਦਰਾਜ਼ ਕਰਦੇ ਹਨ ਕਿ ਨਹੀਂ। ਇਸ ਜਰੂਰੀ ਕੰਮ ਲਈ ਜਿਹੜੇ ਪਿੱਛੇ ਵੱਡੇ ਜ਼ਿਮੀਦਾਰਾਂ ਨਾਲ ਅੰਮ੍ਰਿਤਧਾਰੀ ਸਿੰਘ ਸਜੇ ਹਨ ਉਹਨਾਂ ਦੀ ਖਾਸ ਤੌਰ 'ਤੇ ਮੱਦਦ ਪ੍ਰਾਪਤ ਕਰਨੀ ਚਾਹੀਦੀ ਹੈ।[22]

ਬਿਹਾਰ ਵਿਚ ਸਿੱਖ ਦੁਕਾਨਾਂ, ਨੌਕਰੀਆਂ ਅਤੇ ਹੋਰ ਵਪਾਰਕ ਕਾਰੋਬਾਰ ਕਰਦੇ ਸਨ। ਖ਼ੁਸ਼ਹਾਲ ਜੀਵਨ ਬਸਰ ਕਰ ਰਹੇ ਇਹਨਾਂ ਸਿੱਖਾਂ ਨੂੰ ਨਵੰਬਰ 1984 ਵਿਚ ਘਰ-ਬਾਰ ਛੱਡਣ ਲਈ ਮਜਬੂਰ ਹੋਣਾ ਪਿਆ। ਨਵੰਬਰ ਦੇ ਪਹਿਲੇ ਹਫ਼ਤੇ ਵਿਚ ਟੈਲੀਗ੍ਰਾਫ਼, ਸਟੇਟਸਮੈਨ ਆਦਿ ਅਖ਼ਬਾਰਾਂ ਵਿਚ ਛਪੀਆਂ ਖ਼ਬਰਾਂ ਦੱਸਦੀਆਂ ਹਨ ਕਿ ਪਟਨਾ, ਰਾਂਚੀ, ਬੋਕਾਰੋ, ਧਨਬਾਦ, ਝੁਮਰੀ ਤਲਈਆ, ਜਮਸ਼ੇਦਪੁਰ, ਅਦਿਤਯਪੁਰ, ਝਰੀਆ ਆਦਿ ਅਨੇਕ ਸ਼ਹਿਰਾਂ ਵਿਚ ਸਿੱਖਾਂ ਦਾ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਕੀਤਾ ਗਿਆ।[23] ਇਸ ਘਟਨਾ ਨੇ ਬਿਹਾਰ ਵਿਚ ਵੱਸਦੇ ਸਿੱਖਾਂ ਨੂੰ ਬੁਰੀ ਤਰ੍ਹਾਂ ਨਾਲ ਝੰਜੋੜ ਕੇ ਰੱਖ ਦਿੱਤਾ ਸੀ ਅਤੇ ਉਹਨਾਂ ਵਿਚੋਂ ਬਹੁਤੇ ਆਪਣੇ ਕਾਰੋਬਾਰ ਸਮੇਟ ਕੇ ਪੰਜਾਬ ਜਾਂ ਕਿਸੇ ਹੋਰ ਸ਼ਹਿਰ ਵਿਚ ਪਲਾਇਣ ਕਰ ਗਏ ਸਨ। ਸਿੱਖ ਵੱਸੋਂ ਦੇ ਪਲਾਇਣ ਕਰ ਜਾਣ ਨਾਲ ਗੁਰਧਾਮਾਂ ਦੀ ਸਾਂਭ-ਸੰਭਾਲ 'ਤੇ ਭਾਰੀ ਅਸਰ ਪਿਆ ਸੀ। ਕਈ ਗੁਰਧਾਮ ਵੀਰਾਨ ਹੋ ਗਏ ਅਤੇ ਦੂਰ-ਦੁਰਾਡੇ ਪਿੰਡਾਂ ਵਿਚ ਬਣੇ ਹੋਏ ਬਹੁਤ ਸਾਰੇ ਗੁਰਧਾਮ ਖਸਤਾ ਹਾਲ ਸਥਿਤੀ ਵਿਚ ਚਲੇ ਗਏ। ਕਦੇ ਕੋਈ ਗ੍ਰੰਥੀ ਸਿੰਘ ਜਾ ਕੇ ਪ੍ਰਕਾਸ਼ ਕਰ ਆਉਂਦਾ ਹੈ।

ਮੌਜੂਦਾ ਸਮੇਂ ਵਿਚ ਬਿਹਾਰ ਵਿਖੇ ਸਿੱਖਾਂ ਦੀ ਅਬਾਦੀ ਬਹੁਤ ਘੱਟ ਹੈ। 2001 ਦੀ ਜਨਗਣਨਾ ਅਨੁਸਾਰ ਬਿਹਾਰ ਵਿਚ ਸਿੱਖਾਂ ਦੀ ਕੁੱਲ ਅਬਾਦੀ 20,780 ਸੀ ਜਿਹੜੀ ਕਿ 2011 ਵਿਚ ਵੱਧ ਕੇ 23,779 ਹੋ ਗਈ[24] ਅਤੇ ਇਹਨਾਂ ਵਿਚੋਂ ਲਗਪਗ 4700 ਸਿੱਖ ਪਟਨਾ ਜ਼ਿਲ੍ਹੇ ਵਿਚ ਰਹਿੰਦੇ ਹਨ। ਪਟਨਾ ਸਾਹਿਬ ਤੋਂ ਇਲਾਵਾ ਸਾਸਾਰਾਮ, ਹਲਹਲੀਆ, ਕਾੜ੍ਹਾ ਗੋਲਾ, ਗਯਾ, ਮਹੇਸਵਾ, ਪੂਰਨੀਆ, ਲੱਛਮੀਪਰ ਆਦਿ ਸਥਾਨਾਂ 'ਤੇ ਸਿੱਖ ਵੱਸੋਂ ਦੇਖੀ ਜਾ ਸਕਦੀ ਹੈ। ਬਿਹਾਰ ਦੇ ਕਈ ਪਿੰਡਾਂ ਵਿਚ ਵੀ ਸਿੱਖ ਵੱਸੋਂ ਮੌਜੂਦ ਹੈ ਜਿਨ੍ਹਾਂ ਬਾਰੇ ਵਿਸਤਾਰ ਪੂਰਵਕ ਜਾਣਕਾਰੀ ਸ. ਜਗਮੋਹਨ ਸਿੰਘ ਗਿੱਲ ਨੇ ਆਪਣੇ ਲੇਖਾਂ ਵਿਚ ਦਿੱਤੀ ਹੈ। ਇਹ ਕਲਕੱਤਾ ਦੇ ਵਸਨੀਕ ਹਨ ਅਤੇ ਬਿਹਾਰ ਦੇ ਸਿੱਖਾਂ ਸੰਬੰਧੀ ਜਾਣਕਾਰੀ ਪ੍ਰਾਪਤ ਕਰਨ ਅਤੇ ਉਹਨਾਂ ਨੂੰ ਸਿੱਖੀ ਵੱਲ ਪ੍ਰੇਰਿਤ ਕਰਨ ਲਈ ਅਕਸਰ ਬਿਹਾਰ ਦੇ ਦੂਰ-ਦੁਰਾਡੇ ਇਲਾਕਿਆਂ ਵਿਚ ਵੱਸਦੇ ਸਿੱਖਾਂ ਨਾਲ ਸੰਪਰਕ ਵਿਚ ਰਹਿੰਦੇ ਹਨ। ਕਈ ਪਿੰਡਾਂ ਵਿਚ ਗੁਰਮਤਿ ਕੈਂਪ ਲਗਾ ਕੇ ਸਿੱਖ ਧਰਮ ਸੰਬੰਧੀ ਜਾਣਕਾਰੀ ਪ੍ਰਦਾਨ ਕਰਦੇ ਹਨ।

ਤਖ਼ਤ ਪਟਨਾ ਸਾਹਿਬ ਦੀ ਸਥਿਤੀ

ਪੂਰਬ ਵਿਚ ਸਿੱਖਾਂ ਦਾ ਇਹ ਮਹਾਨ ਅਤੇ ਮਹੱਤਵਪੂਰਨ ਕੇਂਦਰੀ ਅਸਥਾਨ ਹੈ। ਸਿੱਖ ਧਰਮ ਵਿਚ ਸਤਿਕਾਰਯੋਗ ਪੰਜ ਤਖ਼ਤ ਸਾਹਿਬਾਨ ਵਿਚ ਸ਼ਾਮਲ ਇਸ ਅਸਥਾਨ ਨੂੰ ਤਿੰਨ ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਹੈ। ਸਾਲਿਸ ਰਾਇ ਜੌਹਰੀ ਦੇ ਘਰ ਵਿਖੇ ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਿਤ ਕੀਤੀ ਧਰਮਸਾਲ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦਾ ਰੂਪ ਧਾਰਨ ਕਰ ਗਈ ਹੈ। ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੀ ਜਿਹੜੀ ਪਹਿਲੀ ਇਮਾਰਤ ਸਾਲਿਸ ਰਾਇ ਦੇ ਸਮੇਂ ਮੌਜੂਦ ਸੀ, ਉਸ ਦੀ ਜਗ੍ਹਾ ਰਾਜਾ ਫਤਹਿ ਚੰਦ ਮੈਣੀ ਨੇ ਨਵੀਂ ਇਮਾਰਤ ਦੀ ਉਸਾਰੀ ਕਰਵਾਈ ਸੀ। ਇਸ ਅਸਥਾਨ 'ਤੇ ਹੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਹੋਇਆ ਸੀ।

ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪਹਿਲੀ ਇਮਾਰਤ ਲੱਕੜੀ ਦੀ ਬਣੀ ਹੋਈ ਸੀ ਜਿਸ ਦਾ ਵੇਰਵਾ ਚਾਰਲਸ ਵਿਲਕਿਨਜ਼[25] ਦੀ ਲਿਖਤ ਵਿਚ ਮਿਲਦਾ ਹੈ:

> The whole building forms a square of about 40 feet, raised from the ground about six or eight steps. The hall is in the center, divided from four other apartments by wooden arches, upon pillars of the same material, all neatly carved. this room is rather longer than it is broad.[26]

ਗੁਰੂ ਤੇਗ਼ ਬਹਾਦਰ ਜੀ ਨੇ ਪਟਨਾ ਸਾਹਿਬ ਦੀ ਸੰਗਤ ਨੂੰ ਹੁਕਮਨਾਮਾ ਲਿਖ ਕੇ ਇਕ ਵੱਡੀ ਹਵੇਲੀ ਵਿਚ ਗੁਰੂ ਪਰਿਵਾਰ ਨੂੰ ਰੱਖਣ ਦੀ ਤਾਕੀਦ ਕਰਦੇ ਹੋਏ ਕਿਹਾ ਸੀ— "ਕੋਈ ਅਵਲ ਹਵੇਲੀ ਹੋਵੈ ਬਡੀ ਹੋਵੈ ਤਿਸ ਮੋ ਕਬੀਲੇ ਹਮਾਰੇ ਰਖਣੈ ਸੰਗਤਿ ਕੇ ਗੁਰੂ ਰੁਜਗਾਰ ਮੋ ਬਰਕਤਿ ਕਰੈਗਾ ਸੇਵਾ ਕੀ ਵੇਲਾ ਹੈ।"[27] ਗੁਰੂ ਸਾਹਿਬ ਦੇ ਇਸ ਆਦੇਸ਼

ਦੀ ਪਾਲਣਾ ਕਰਦੇ ਹੋਏ ਪਟਨਾ ਸਾਹਿਬ ਦੇ ਅਮੀਰ ਰਾਜਾ ਫਤਹਿ ਚੰਦ ਮੈਣੀ ਨੇ ਇਹ ਹਵੇਲੀ ਤਿਆਰ ਕਰਵਾਈ ਸੀ। ਇਹ ਨਵੀਂ ਹਵੇਲੀ ਉਸੇ ਜਗ੍ਹਾ 'ਤੇ ਤਿਆਰ ਕਰਵਾਈ ਗਈ ਸੀ ਜਿਥੇ ਪਹਿਲਾਂ ਸਾਲਿਸ ਰਾਇ ਜੌਹਰੀ ਦੀ ਹਵੇਲੀ ਮੌਜੂਦ ਸੀ। ਜਦੋਂ ਇਹ ਇਮਾਰਤ ਤਿਆਰ ਹੋਈ ਤਾਂ ਗੁਰੂ ਪਰਿਵਾਰ ਨੂੰ ਗੁਰਦੁਆਰਾ ਬੜੀ ਸੰਗਤ, ਗਾਇ ਘਾਟ ਤੋਂ ਸਤਿਕਾਰ ਸਹਿਤ ਇਥੇ ਲਿਆਂਦਾ ਗਿਆ ਸੀ।

ਲੱਕੜ ਦੀ ਇਹ ਹਵੇਲੀ ਲੰਮਾ ਸਮਾਂ ਰਹੀ ਪਰ ਕਿਸੇ ਕਾਰਨ ਅੱਗ ਲੱਗਣ ਕਾਰਨ ਸੜ ਗਈ ਸੀ। ਦੂਜੀ ਵਾਰ ਟਹਿਲ ਤੋਂ ਬਣੀ ਇਮਾਰਤ ਚੋਖਾ ਚਿਰ ਰਹੀ।[28] ਇਸ ਇਮਾਰਤ ਦੀ ਜਗ੍ਹਾ ਨਵੀਂ ਇਮਾਰਤ ਦੀ ਉਸਾਰੀ ਮਹਾਰਾਜਾ ਰਣਜੀਤ ਸਿੰਘ ਨੇ ਕਰਵਾਈ ਸੀ। ਇਸ ਸੰਬੰਧੀ ਇਕ ਪੱਥਰ ਤੋਂ ਜਾਣਕਾਰੀ ਪ੍ਰਾਪਤ ਹੁੰਦੀ ਹੈ ਜਿਸ ਉਪਰ ਲਿਖਿਆ ਹੈ—"ੴ ਵਾਹਗੁਰੂ ਜੀ ਕੀ ਫਤੇ ਹੈ। ਸੰਮਤ 1896 ਮਿਤੀ ਹਾੜ 1॥ ਤਖਤ ਸ੍ਰੀ ਹਰਿਮੰਦਰ ਜੀ॥ ਟਹਲ ਸ੍ਰਕਾਰ ਰਣਜੀਤ ਸਿੰਘ ਜੀ ਦੀ ਰਾਹੀ ਭਾਈ ਗੁਰਮੁਖ ਸਿੰਘ ਜੀ ਗਿਆਨੀ ਦੀ॥ ਹੱਥੋ ਭਾਈ ਸਿਯਾਮ ਸਿੰਘ ਦਰੋਗੇ॥ ਰਾਜ ਭਾਈ ਰੂਪ ਸਿੰਘ ਕਰਖਾਨੀਏ॥ ਗੁਰਦੁਆਰੇ ਏਹ ਦਾਨ ਇਨਾ ਨੁ ਗੁਰੂ ਚਿਤ ਆਵੇ ਜੀ॥" ਇਸ ਵਕਤ ਇਹ ਪੱਥਰ ਅਜਾਇਬ ਘਰ ਵਿਚ ਸੰਭਾਲ ਕੇ ਰੱਖਿਆ ਹੋਇਆ ਹੈ।

ਮਹਾਰਾਜਾ ਰਣਜੀਤ ਸਿੰਘ ਦੁਆਰਾ ਕਰਵਾਈ ਗਈ ਸੇਵਾ ਦੀ ਯਾਦ ਵੱਜੋਂ ਇਥੇ ਇਕ ਹੋਰ ਪੱਥਰ ਲੱਗਿਆ ਹੋਇਆ ਸੀ ਜਿਹੜਾ ਕਿ ਹੁਣ ਕਿਤੇ ਦਿਖਾਈ ਨਹੀਂ ਦਿੰਦਾ ਪਰ ਉਸ ਦੀ ਸੇਵਾ ਨੂੰ ਸਵੀਕਾਰ ਕਰਨ ਸੰਬੰਧੀ ਇਹ ਇਬਾਰਤ ਲਿਖੀ ਹੋਈ ਮਿਲਦੀ ਹੈ:

> ੴ ਸਤਿਗੁਰ ਪ੍ਰਸਾਦਿ॥ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ ਜਪੁ॥ ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ਸੰਬਤ 1722 ਮਿਤੀ ਜੇਠ ਸੁਦੀ 1 ਤਖਤ ਸ੍ਰੀ ਹਰਿਮੰਦਰ ਜੀ ਟਹਲ ਪਹਲੀ॥ ਟਹਲ ਦੂਸਰੀ ਬਾਰ ਸ੍ਰਕਾਰ ਰਣਜੀਤ ਸਿੰਘ ਬਹਾਦ੍ਰ ਦੀ॥ ਰਾਹੀ ਭਾਈ ਗੁਰਮੁਖ ਸਿੰਘ ਗਿਆਨੀ ਦੀ॥ ਦਸਤੀ ਭਾਈ ਸਿਆਮ ਸਿੰਘ ਦੀ॥ ਮੁਮਾਰ ਰੂਪ ਸਿੰਘ ਰਾਜਾ॥ ਸੰਬਤ 1898 ਮਿਤੀ ਚੇਤ ਸੁਦੀ॥13॥[29]

ਇਸ ਦਰਬਾਰ ਹਾਲ ਦੇ ਪਿਛਲੇ ਪਾਸੇ ਇਕ ਵਿਸ਼ਾਲ ਪੁਰਾਤਨ ਡਿਉੜ੍ਹੀ ਹੈ ਜਿਸਦੇ ਅੰਦਰਲੇ ਪਾਸੇ ਲਿਖਿਆ ਹੋਇਆ ਹੈ—"ਇਸ ਦਰਸ਼ਨੀ ਡਿਉੜੀ ਦੀ ਸੇਵਾ ਰਾਹੀਂ ਸ੍ਰੀ ਮਾਨ ਸੰਤ ਨਿਸਚਲ ਸਿੰਘ ਜੀ ਮਹਾਰਾਜ। ਸੰਤਪੁਰਾ, ਮੰਡੀ ਬਹਾਉਦੀਨ, ਗੁਜਰਾਤ।" ਡਿਉੜੀ ਦੇ ਬਾਹਰ ਸੜਕ ਵਾਲੇ ਪਾਸੇ ਗੇਟ ਦੇ ਉਪਰ ਇਕ ਪੱਥਰ ਲੱਗਿਆ ਹੋਇਆ ਹੈ। ਇਸ ਪੱਥਰ ਤੋਂ ਇਸ ਅਸਥਾਨ ਦੀ ਪਹਿਲਾਂ ਹੋਈ ਕਾਰ ਸੇਵਾ ਸੰਬੰਧੀ ਜਾਣਕਾਰੀ ਮਿਲਦੀ ਹੈ:

> Erected at the beneficence of H.H. Maharaja Rajendra Singh Saheb Mahendra Bahadur of Pattialla H.H Maharaja

> Raghoobeer Sinh Bahadur Jhind and H.H. Maharaja Vikram Sinh Barar Bans Bahadur of Faridkoat under the Patronage of T.M. Kirkwood Esquare District Judge of Patna and the Management of Vajpeyee Jainarayan and Rai Ishwari Prasad Manager of the Temple by Batook sealptor of Benares in 1887.

ਇਸ ਪੱਥਰ 'ਤੇ ਲਿਖੀ ਹੋਈ ਇਬਾਰਤ ਤੋਂ ਇਹ ਪਤਾ ਲੱਗਦਾ ਹੈ ਕਿ ਤਖ਼ਤ ਸਾਹਿਬ ਦੇ ਆਲੇ ਦੁਆਲੇ ਚਾਰ-ਦੀਵਾਰੀ ਬਾਅਦ ਵਿਚ ਕੀਤੀ ਗਈ ਹੈ ਅਤੇ ਡਿਊੜ੍ਹੀ ਦੀ ਉਸਾਰੀ 1887 ਵਿਚ ਮੁਕੰਮਲ ਹੋਈ ਹੈ।ਇਸ ਦੀ ਦਿੱਖ ਨੂੰ ਸੁੰਦਰ ਬਣਾਉਣ ਲਈ ਸੰਗਤ ਨਿਰੰਤਰ ਯਤਨਸ਼ੀਲ ਰਹੀ ਹੈ। ਸੰਤ ਨਿਸਚਲ ਸਿੰਘ ਅਤੇ ਪੰਜਾਬ ਦੇ ਰਾਜੇ, ਮਹਾਰਾਜੇ ਅਤੇ ਸਰਦਾਰ ਘਰਾਣੇ ਇਸ ਅਸਥਾਨ ਨਾਲ ਜੁੜੇ ਰਹੇ ਹਨ ਅਤੇ ਲੱਗਦੀ ਵਾਹੇ ਇਸ ਦੀ ਉਸਾਰੀ ਲਈ ਨਿਰੰਤਰ ਯਤਨ ਕਰਦੇ ਰਹੇ ਹਨ। ਇਕ ਅੰਗਰੇਜ ਲਿਖਾਰੀ ਮੋਨੀਅਰ ਵਿਲੀਅਮ ਪਟਨਾ ਸਾਹਿਬ ਆਇਆ ਤਾਂ ਮਹਾਰਾਜਾ ਰਣਜੀਤ ਸਿੰਘ ਦੁਆਰਾ ਤਿਆਰ ਕਰਵਾਈ ਇਸ ਇਮਾਰਤ ਨੂੰ ਦੇਖਣ ਗਿਆ। ਉਸ ਨੇ ਇਥੋਂ ਦੇ ਮਹੰਤ ਨਾਲ ਮੁਲਾਕਾਤ ਕੀਤੀ ਅਤੇ ਤਖਤ ਸਾਹਿਬ ਦੀ ਮਰਯਾਦਾ ਨੂੰ ਨੇੜੇ ਹੋ ਕੇ ਦੇਖਿਆ। ਆਪਣੇ ਅਨੁਭਵ ਸਾਂਝੇ ਕਰਦਾ ਹੋਇਆ ਉਹ ਲਿਖਦਾ ਹੈ:

> The temple dedicated to the tenth Guru Govind, at Patna, was rebuilt by Ranjit Sinh about forty years ago. I found it, after some trouble, in a side street, hidden from view and approached by a gateway, over which were the images of the first nine Gurus, with Nanak in the centre. The shrine is open on one side. Its guardian had a high-peaked turban encircled by steel rings (cakra), used as weapons. He was evidently an Akali - or 'worshipper of the timeless God'- a term applied to a particular class of Sikh zealots who believe themselves justified in putting every opponent of their religion to the sword. As I entered the court of the temple, accompanied by a Musalman friend, this Akali displayed great excitement, and I began to fear an outburst of fanaticism which might have been dangerous to us both. Happily my companion knew the man we had to deal with, and, under a process of judicious handling, the fiery zealot

> cooled down, and even allowed us to inspect the interior of the tenth Guru's shrine.[30]

1839 ਵਿਚ ਮਹਾਰਾਜਾ ਰਣਜੀਤ ਸਿੰਘ ਦੁਆਰਾ ਤਿਆਰ ਕਰਵਾਈ ਗਈ ਇਹ ਇਮਾਰਤ ਲਗਪਗ 95 ਸਾਲ ਤੱਕ ਕਾਇਮ ਰਹੀ। 1934 ਵਿਚ ਆਏ ਭੁਚਾਲ ਨੇ ਇਸ ਇਮਾਰਤ ਨੂੰ ਭਾਰੀ ਨੁਕਸਾਨ ਪਹੁੰਚਾਇਆ। ਇਸ ਭੁਚਾਲ ਸੰਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਹੈ, "15 ਜਨਵਰੀ 1934 ਨੂੰ ਦਿਨ ਦੇ ਦੋ ਬਜ ਕੇ 14 ਮਿੰਟ ਪਰ ਭੁਚਾਲ ਆਇਆ, ਜਿਸ ਨਾਲ ਤਖ਼ਤ ਪਟਣਾ ਸਾਹਿਬ ਦੀ ਇਮਾਰਤ ਬਿਲਕੁਲ ਗਿਰ ਗਈ ਹੈ। ਪਟਣੇ ਦੇ ਦੂਜੇ ਗੁਰਦੁਅਰਿਆਂ ਦੀ ਹਾਲਤ ਭੀ ਖਰਾਬ ਹੈ।"[31] ਇਸ ਭੁਚਾਲ ਨਾਲ ਬਿਹਾਰ ਵਿਚ ਵੱਸਦੇ ਸਿੱਖ ਅਤੇ ਉਹਨਾਂ ਦੇ ਧਰਮ ਅਸਥਾਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਸਨ। ਬਿਹਾਰ ਦੀ ਆਮ ਜਨਤਾ ਵੀ ਰੋਜ਼ਾਨਾਂ ਦੀਆਂ ਲੋੜਾਂ ਲਈ ਤਰਸ ਰਹੀ ਸੀ। ਬਜ਼ੁਰਗਾਂ, ਬੱਚਿਆਂ ਅਤੇ ਔਰਤਾਂ ਦੀ ਤੁਰੰਤ ਬਾਂਹ ਫੜਨ ਦੀ ਲੋੜ ਸੀ ਤਾਂ ਕਿ ਕੁਦਰਤੀ ਕਰੋਪੀ ਤੋਂ ਬਾਅਦ ਕੋਈ ਹੋਰ ਐਸੀ ਭਿਆਨਕ ਬੀਮਾਰੀ ਸਮਾਜ ਨੂੰ ਆਪਣੀ ਲਪੇਟ ਵਿਚ ਨਾ ਲੈ ਲਵੇ ਜਿਸ ਨਾਲ ਹੋਰ ਵਧੇਰੇ ਨੁਕਸਾਨ ਹੋਣ ਦੀ ਸੰਭਾਵਨਾ ਹੋਵੇ। ਸਰਕਾਰੀ ਮਸ਼ੀਨਰੀ ਆਪਣੀ ਚਾਲ ਅਤੇ ਸਮਰੱਥਾ ਅਨੁਸਾਰ ਕੰਮ ਕਰ ਰਹੀ ਸੀ ਪਰ ਇਸ ਦੇ ਨਾਲ ਹੀ ਗੈਰ-ਸਰਕਾਰੀ ਸੰਸਥਾਵਾਂ ਦੀ ਵੱਡੇ ਪੱਧਰ 'ਤੇ ਲੋੜ ਸੀ ਜਿਹੜੀਆਂ ਵਲੰਟੀਅਰ ਤਿਆਰ ਕਰਕੇ ਬਿਹਾਰ ਦੇ ਭੁਚਾਲ ਪੀੜਤਾਂ ਦੀ ਮੱਦਦ ਕਰਨ। ਬੰਗਾਲ ਬਿਹਾਰ ਦੇ ਨਾਲ ਲੱਗਦਾ ਰਾਜ ਹੈ ਅਤੇ ਕਲਕੱਤੇ ਦੀ ਸਿੱਖ ਸੰਗਤ ਸਭ ਤੋਂ ਪਹਿਲਾਂ ਇਸ ਕਾਰਜ ਲਈ ਅੱਗੇ ਆਈ। ਆਮ ਲੋਕਾਂ ਨੂੰ ਰੋਜ਼ਾਨਾਂ ਜੀਵਨ ਦੀਆਂ ਲੋੜਾਂ ਮੁਹੱਈਆ ਕਰਵਾਉਣ ਅਤੇ ਉਹਨਾਂ ਦੀ ਸੇਵਾ ਕਰਨ ਲਈ ਦਲ ਕਾਇਮ ਕੀਤੇ ਗਏ। ਅਖ਼ਬਾਰਾਂ ਰਾਹੀਂ ਆਮ ਲੋਕਾਂ ਨੂੰ ਸਿੱਖ ਸੰਗਤ ਵੱਲੋਂ ਕੀਤੇ ਪਰਉਪਕਾਰ ਦੇ ਕਾਰਜਾਂ ਪ੍ਰਤੀ ਸੂਚਿਤ ਕੀਤਾ ਜਾਣ ਲੱਗਾ। ਸਿੱਖ ਸੰਗਤ ਨੂੰ ਵੀ ਇਸ ਕਾਰਜ ਲਈ ਖੁਲ੍ਹੇ ਮਨ ਨਾਲ ਸਹਾਇਤਾ ਕਰਨ ਦੀ ਪ੍ਰੇਰਨਾ ਪੈਦਾ ਕਰਨ ਦੀਆਂ ਖ਼ਬਰਾਂ ਪ੍ਰਕਾਸ਼ਿਤ ਹੋਣ ਲੱਗੀਆਂ। ਪੰਜਾਬ ਵਿਚ ਜਿਹੜੀਆਂ ਖ਼ਬਰਾਂ ਪੁੱਜੀਆਂ, ਉਹਨਾਂ ਵਿਚੋਂ ਇਕ ਦਾ ਵੇਰਵਾ ਇਸ ਤਰ੍ਹਾਂ ਹੈ[32]:

> ਇਹ ਗਲ ਆਮ ਪਬਲਕ ਨੂੰ ਚੰਗੀ ਤਰ੍ਹਾਂ ਮਲੂਮ ਹੈ ਕਿ ਬਿਹਾਰ ਨੂੰ ਇਕ ਮਹਾਂ ਭੁਚਾਲ ਨੇ ਬੇਹਦ ਨੁਕਸਾਨ ਪੁਚਾਇਆ ਹੈ ਜਿਨ੍ਹਾਂ ਸਜਣਾਂ ਨੇ ਇਸ ਅਲਾਕੇ ਨੂੰ ਖੁਦ ਜਾ ਕੇ ਦੇਖਿਆ ਹੈ ਉਹਨਾਂ ਨੂੰ ਸਹੀ ਨੁਕਸਾਨ ਦਾ ਅੰਦਾਜ਼ਾ ਲੱਗ ਸਕਦਾ ਹੈ ਕਿ ਕਿਸ ਤਰ੍ਹਾਂ ਅਲਾਕੇ ਦਾ ਅਲਾਕਾ ਜੇਹੜਾ ਕੁੱਝ ਦਿਨ ਪਹਿਲਾਂ ਖੇਤੀਆਂ ਨਾਲ ਲਹਿ ਲਹਾ ਰਿਹਾ ਸੀ ਵੈਰਾਨ ਰੇਤਿਆਂ ਦੇ ਟਿਬੇ ਬਣ ਗਏ ਹਨ ਇਹਨਾਂ ਨਥਾਵਿਆਂ ਦੀ ਵਡਮੁਲੀ ਸੇਵਾ ਇਹਨਾਂ ਨੂੰ ਰੋਟੀ ਖਲੌਣੀ ਹੈ ਇਸੇ ਲਈ ਸ੍ਰੀ ਗੁਰੂ ਸਿੰਘ ਸਭਾ ਕਲਕਤਾ ਨੇ ਅਤੁਟ ਲੰਗਰ ਮੁਜ਼ਫਰ ਪੁਰ ਖੋਹਲ ਦਿੱਤਾ ਹੈ ਜੇਹੜਾ ਲਗਪਗ ਇਕ ਮਹੀਨੇ ਤੋਂ ਚਲ ਰਿਹਾ ਹੈ ਅਤੇ ਹੋਰ ਜਗ੍ਹਾ ਵਿਚ ਖੋਲਣ ਦੀ ਵਿਚਾਰ ਹੈ ਜਿਸ ਤਰ੍ਹਾਂ ਮਾਇਆ

ਆਗਿਆ ਦੇਵੇਗੀ ਕੀਤਾ ਜਾਵੇਗਾ।...ਹੁਣ ਤੱਕ ਜੇਹੜੀ ਸੇਵਾ ਇਸ ਲੰਗਰ ਨੇ ਕੀਤੀ ਹੈ ਉਹ ਹਦੋਂ ਵਧ ਸ਼ਲਾਘਾ ਯੋਗ ਹੈ। ਪੰਡਤ ਜਵਾਹਰ ਲਾਲ ਜੀ ਨੈਹਰੂ ਵਰਗੀਆਂ ਉਚ ਹਸਤੀਆਂ ਤੋਂ ਲੈ ਕੇ ਭੁਖੇ ਪੇਂਡੂਆਂ ਤੱਕ ਇਸ ਲੰਗਰ ਵਿਚ ਅਭੇਦ ਛਕਦੇ ਹਨ ਤੇ ਸਿਖਾਂ ਦੀ ਇਸ ਅਦੁਤੀ ਸੇਵਾ ਦੀ ਸ਼ਲਾਘਾ ਹਰ ਪ੍ਰਾਣੀ ਮਾਤ੍ਰ ਦੀ ਜਬਾਨੋਂ ਹੋ ਰਹੀ ਹੈ।

ਦਾਸ
ਭਾਗ ਸਿੰਘ ਸੈਕ੍ਰੇਟਰੀ
ਸ੍ਰੀ ਗੁਰੂ ਸਿੰਘ ਸਭਾ ਕਲਕਤਾ।

ਇਸ ਭੁਚਾਲ ਨੇ ਕੇਵਲ ਪਟਨਾ ਸਾਹਿਬ ਨੂੰ ਹੀ ਆਪਣੀ ਲਪੇਟ ਵਿਚ ਨਹੀਂ ਲਿਆ ਬਲਕਿ ਸਮੁੱਚੇ ਬਿਹਾਰ ਦੇ ਵਿਭਿੰਨ ਇਲਾਕਿਆਂ 'ਤੇ ਮਾਰੂ ਅਸਰ ਪਾਇਆ। ਬਿਹਾਰ ਵਿਚ ਜਾਨੀ ਅਤੇ ਮਾਲੀ ਨੁਕਸਾਨ ਦੀ ਜਿਹੜੀ ਭਿਆਨਕ ਤਬਾਹੀ ਹੋਈ, ਉਸਦੇ ਹਾਲਾਤ ਨੂੰ ਬਿਆਨ ਕਰਦੀ ਵਿਧਾਤਾ ਸਿੰਘ ਤੀਰ ਨੇ ਮਾਰਚ 1934 ਵਿਚ 'ਮੰਗ੍ਹੇਰ ਵਾਸੀ' ਸਿਰਲੇਖ ਅਧੀਨ ਇਹ ਕਵਿਤਾ ਲਿਖੀ[33]:

ਮੰਗ੍ਹੇਰ ਵਾਸੀ

ਦਿਲ ਭਰਦਾ ਦੀਦੇ ਡੁਲ੍ਹਦੇ ਨੇ, ਦਰਦਾਂ ਦੇ ਹੰਝੂ ਵਰ੍ਹਦੇ ਹਨ।
ਫ਼ਿਕਰਾਂ ਵਿੱਚ ਹੋਸ਼ ਗਵਾਚੀ ਏ, ਵਿਰਲਾਪ ਵਲਵਲੇ ਕਰਦੇ ਹਨ।
ਕੁਦਰਤ ਦੇ ਇਕ ਹਲੂਣੇ ਨੇ, ਪਰਲੋ ਪਲ ਵਿਚ ਲੈ ਆਂਦੀ ਹੈ।
ਬੀਤੀ ਨੂੰ ਚੇਤੇ ਕਰਕੇ ਹੀ, ਜਿੰਦੜੀ ਏਹ ਡੁਬਦੀ ਜਾਂਦੀ ਹੈ।
ਕੀ ਦੱਸਾਂ ਕੀ ਸਾਂ? ਕੀ ਬਣਿਆ, ਮੇਰੇ ਤੇ ਕੀ ਵਰਤੀ ਹੈ।
ਖਾ ਖਾ ਕੇ ਮਾਰ ਭੂਚਾਲਾਂ ਦੀ, ਥੇਹ ਹੋ ਗਈ ਦਿਲ ਦੀ ਧਰਤੀ ਹੈ।
ਮੰਗ੍ਹੇਰ ਮੇਰਾ ਕਲ੍ਹ ਵਸਦਾ ਸੀ, ਸ਼ਾਨਾਂ ਸਨ ਰੰਗ ਨਜ਼ਾਰੇ ਸਨ।
ਉਸਦੇ ਵਿਚ ਮੈਂ 'ਲਖਪਤੀਆ' ਸਾਂ, ਮੇਰੇ ਕਈ ਮਹਿਲ ਮੁਨਾਰੇ ਸਨ।
ਧਰਤੀ ਦੇ ਕਹਿਰ ਕਾਂਬੇ ਨੇ ਫੜ, ਤਖਤ ਮੇਰਾ ਉਲਟਾ ਦਿੱਤਾ।
ਲਖਪਤੀਓਂ ਬੇ ਘਰ ਕਰ ਮੈਨੂੰ, ਠੂਠਾ ਹੈ ਹੱਥ ਫੜਾ ਦਿੱਤਾ।
ਮੰਗਤੇ ਅੱਜ ਮੈਥੋਂ ਚੰਗੇ ਨੇ, ਮੈਂ ਉਹਨਾਂ ਤੋਂ ਹੁਣ ਮੰਗਦਾ ਹਾਂ।
ਕਲ ਖੁਲ੍ਹੇ ਲੰਗਰ ਲਾਉਂਦਾ ਸਾਂ, ਅਜ ਆਟਾ ਲਭਦਾ ਡੰਗ ਦਾ ਹਾਂ।
ਦੋ ਚਾਨਣ ਬਾਲ ਬੁਝਾ ਦਿਤੇ, ਹੋਣੀ ਨੂੰ ਕਿਤੋਂ ਅਨ੍ਹੇਰ ਪਏ।
ਆਸਾਂ ਸਭ ਢੇਰੀ ਹੋਈਆਂ ਨੇ, ਨਜ਼ਰੀ ਨਾ ਮੂਲ ਮੰਗ੍ਹੇਰ ਪਏ।
ਮਲਬੇ ਚੋਂ ਲੋੜਾਂ ਲਾਲ ਪਿਆ, ਜੋ ਅਚਨਚੇਤ ਗਵਾ ਲਏ ਨੇ।
ਮਹਿਲੀਂ ਜੋ ਮੈਲੇ ਹੁੰਦੇ ਸਨ, ਮਿੱਟੀ ਨੇ ਅੱਜ ਲੁਕਾ ਲਏ ਨੇ।

ਲਿੱਸੀ ਜਿਹੀ ਧੀ ਮੋਹ-ਮੂਰਤ ਵੀ, ਦੁਖ ਦਿਲ ਮੇਰੇ ਤੇ ਧਰ ਗਈ ਏ।
ਵੀਰੇ ਨੂੰ ਕੁੱਛੜ ਚੁਕਿਆਂ ਈ, ਅਣਿਆਈ ਮੌਤੇ ਮਰ ਗਈ ਏ।
ਸੀਤਾ ਸਤਵੰਤੀ ਨੂੰਹ ਰਾਣੀ, ਹੋਣੀ ਦੇ ਢਿਡ ਵਿਚ ਪੈ ਗਈ ਏ।
ਬਚੜੀ ਸ਼ਰਮੀਲੀ ਲਾਜਵਤੀ, ਸਧਰਾਂ ਘੁੰਡ ਵਿਚ ਹੀ ਲੈ ਗਈ ਏ।
ਰੋਂਦਾ ਹਾਂ ਢਾਹਾਂ ਮਾਰ ਮਾਰ, ਸਦਦਾ ਹਾਂ ਸੁਖ ਖੁਸ਼ਹਾਲੀ ਨੂੰ।
ਖੰਡਰਾਂ ਦੇ ਪੱਥਰ ਪੁਟ ਪੁਟ ਕੇ, ਲਭਦਾ ਹਾਂ ਕਰਮਾਂ ਵਾਲੀ ਨੂੰ।
ਆਸਾਂ ਦੀ ਰੁੜ੍ਹੀ ਰਿਆਸਤ ਹੈ, ਮੇਰੇ ਜਿਹਾ ਕੋਈ ਗ਼ਰੀਬ ਨਹੀਂ।
ਮੇਰੇ ਮੱਖਣਾਂ ਦੇ ਪਲਿਆਂ ਨੂੰ, ਖੱਫਣ ਵੀ ਹੋਏ ਨਸੀਬ ਨਹੀਂ।
ਏਹ ਡਾਵਾਂ-ਡੋਲ ਅੰਜਾਣ ਜਿਹਾ, ਮੇਰੇ ਜੋ ਕੋਲ ਖਲੋਤਾ ਏ।
ਚਾਨਣ ਹੈ ਮੇਰੇ ਚਾਨਣ ਦਾ, ਦਰਦਾਂ ਵਿਚ ਫੁੱਲ ਪਰੋਤਾ ਏ।
ਪੋਤਾ ਹੈ ਇਹ ਲਖਪਤੀਏ ਦਾ, ਜਾਇਆ ਹੈ ਮੋਏ ਅਮੀਰਾਂ ਨੇ।
ਇਸ ਲਾਲ ਸੁਚੇ ਨੂੰ ਹੋਣੀ ਨੇ, ਦੇ ਦਿੱਤੀਆਂ ਛਜ ਛਜ ਲੀਰਾਂ ਨੇ।
ਸਭ ਕੁੱਝ ਚੋਂ ਇਹ ਕੁੱਝ ਬਚਿਆ ਹੈ, ਇਸ ਦੀ ਜ਼ਿੰਦਗਾਨੀ ਬਾਕੀ ਹੈ।
ਮੇਰੇ ਉਜੜੇ ਪਰਵਾਰ ਵਿਚੋਂ, ਇਕ ਰਹੀ ਨਿਸ਼ਾਨੀ ਬਾਕੀ ਹੈ।
ਧੁੰਦਲੇ ਜਿਹੇ ਇਸ ਚਾਨਣ ਚੋਂ, ਕੁੱਝ ਆਸਾ ਨਜ਼ਰੀ ਆਉਂਦੀ ਹੈ।
ਪਰ ਬੇ-ਪਰਵਾਹੀ ਕੁਦਰਤ ਦੀ, ਡਰਿਆਂ ਨੂੰ ਪਈ ਡਰਾਉਂਦੀ ਹੈ।
ਮਹਿਲਾਂ ਦੀ ਥਾਂ ਵਿਚ ਛਪਰੀ ਦੇ, ਹੁਣ ਦਾਦਾ ਪੋਤਾ ਵਸਦੇ ਹਾਂ।
ਕਰ ਯਾਦ ਕਦੇ ਹਾਂ ਰੋ ਪੈਂਦੇ, ਉਠ ਉਠ ਖੰਡਰਾਂ ਵੱਲ ਨਸਦੇ ਹਾਂ।
ਛਪਰੀ ਇਹ ਸਾਡੀ ਭਾਗ ਭਰੀ, ਦੋ ਕਣੀਆਂ ਵਸਿਆਂ ਚੋਂਦੀ ਹੈ।
ਰੋਂਦੇ ਹਾਂ ਅਸੀਂ ਨਸੀਬਾਂ ਨੂੰ, ਇਹ ਦਰਦਣ ਸਾਨੂੰ ਰੋਂਦੀ ਹੈ।
ਘਾਹ ਫੂਸ ਪਰਾਲੀ ਸੇਜ ਬਣੀ, ਅਖ ਲਾਉਣ ਬਾਝੋਂ ਸੌਂਦੇ ਹਾਂ।
ਅਖੀਆਂ ਵਿਚ ਪਰਲੋ ਭੌਂਦੀ ਹੈ, ਪਰਲੋ ਵਿਚ ਦੋਵੇਂ ਭੌਂਦੇ ਹਾਂ।
ਕੰਗਲੇ ਹਾਂ 'ਤੀਰ' ਸਵਾਲੀ ਹਾਂ, ਮਿੱਟੀ ਵਿਚ ਮਿਲੀਆਂ ਸ਼ਾਹੀਆਂ ਨੇ।
ਤਖ਼ਤੋਂ ਹੈ ਤਖ਼ਤ ਦੇ ਦਿੱਤਾ, ਕੁਦਰਤ ਦੀਆਂ ਬੇ-ਪਰਵਾਹੀਆਂ ਨੇ।

10 ਮਾਰਚ 1934 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜਨਰਲ ਇਕੱਤਰਤਾ ਹੋਈ ਜਿਸ ਵਿਚ ਬਿਹਾਰ ਵਿਖੇ ਆਏ ਭੁਚਾਲ ਕਾਰਨ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਇਮਾਰਤ ਨੂੰ ਪੁੱਜੇ ਭਾਰੀ ਨੁਕਸਾਨ 'ਤੇ ਚਿੰਤਾ ਪ੍ਰਗਟ ਕਰਦੇ ਹੋਏ ਇਸ ਦੀ ਛੇਤੀ ਤੋਂ ਛੇਤੀ ਮੁਰੰਮਤ ਕਰਨ ਦਾ ਗੁਰਮਤਾ ਪਾਸ ਕਰਦੇ ਹੋਏ ਕਿਹਾ ਗਿਆ:

> ਭੁਚਾਲ ਨਾਲ ਤਖ਼ਤ ਸ੍ਰੀ ਪਟਨਾ ਸਾਹਿਬ ਜੀ ਦੀ ਇਮਾਰਤ ਨੂੰ ਨੁਕਸਾਨ ਪੁੱਜਣ ਵਾਲੀ ਘਟਨਾ ਨੂੰ ਵੇਖ ਕੇ ਇਹ ਇਜਲਾਸ ਦਿਲੀ ਰੰਜ ਅਤੇ ਅਫਸੋਸ ਪ੍ਰਗਟ ਕਰਦਾ ਹੈ ਅਰ ਫ਼ੈਸਲਾ ਕਰਦਾ ਹੈ ਕਿ ਉਸ ਇਮਾਰਤ ਦੀ ਮੁਰੰਮਤ ਦਾ ਕੰਮ ਛੇਤੀ ਤੋਂ ਛੇਤੀ ਅਰੰਭਿਆ ਜਾਵੇ ਅਤੇ ਅੰਤ੍ਰਿਗ ਕਮੇਟੀ

> ਨੂੰ ਅਧਿਕਾਰ ਦੇਂਦਾ ਹੈ ਕਿ ਉਹ ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਸਮੂਹ ਪੰਥਕ ਮੁਖੀਆਂ ਦੀ ਇਕ ਸਾਂਝੀ ਪ੍ਰਤੀਨਿਧ ਇਮਾਰਤ ਕਮੇਟੀ ਨਿਯਤ ਕਰੇ ਅਤੇ ਸਮੂਹ ਪੰਥ ਪਾਸ ਅਪੀਲ ਕਰਦਾ ਹੈ ਕਿ ਉਹ ਇਸ ਸ਼ੁਭ ਕਾਰਜ ਲਈ ਸ਼ੀਘਰ ਹੀ ਮਾਇਆ ਦੇ ਗੱਫੇ ਘੱਲ ਕੇ ਕਲਗੀਆਂ ਵਾਲੇ ਦਸਮੇਸ਼-ਪਿਤਾ ਦੀਆਂ ਖੁਸ਼ੀਆਂ ਲਵੇ।[34]

ਮਈ 1934 ਵਿਚ ਮਹਾਰਾਜਾ ਪਟਿਆਲਾ ਨੇ ਪੰਥ ਨੂੰ ਤਖ਼ਤ ਸ੍ਰੀ ਪਟਨਾ ਸਾਹਿਬ ਲਈ ਸਹਾਇਤਾ ਭੇਜਣ ਵਾਸਤੇ ਅਪੀਲ ਕੀਤੀ ਜਿਹੜੀ ਕਿ ਵੱਖੋ-ਵੱਖਰੇ ਅਖ਼ਬਾਰਾਂ, ਅਤੇ ਰਸਾਲਿਆਂ ਵਿਚ ਛਪੀ। *ਖ਼ਾਲਸਾ ਸਮਾਚਾਰ* ਵਿਚ ਇਸ ਅਪੀਲ ਦਾ ਵੇਰਵਾ ਇਸ ਪ੍ਰਕਾਰ ਹੈ:

> ਇਸ ਭੁਚਾਲ ਵਿਚ ਅਨੇਕ ਥਾਵਾਂ ਨੂੰ ਜਿਥੇ ਨੁਕਸਾਨ ਪੁੱਜਾ ਹੈ ਉਥੇ ਚਹੁੰਆਂ ਤਖ਼ਤ ਸਾਹਿਬਾਂ ਵਿਚੋਂ ਬਿਹਾਰ ਪ੍ਰਾਂਤ ਦੇ 'ਸ੍ਰੀ ਪਟਨਾ ਸਾਹਿਬ' ਦੇ ਗੁਰਦੁਆਰੇ ਨੂੰ ਭੀ ਕਾਫ਼ੀ ਨੁਕਸਾਨ ਪੁੱਜਾ ਹੈ। ਇਸ ਗੁਰਦੁਆਰੇ ਨੂੰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਦਾ ਸੌਭਾਗ ਪ੍ਰਾਪਤ ਹੈ। ਆਮ ਇਮਾਰਤਾਂ ਤੇ ਆਸ਼ਰਮਾਂ ਦੀ ਮੁਰੰਮਤ ਤੇ ਉਸਾਰੀ ਤਾਂ ਕੁੱਝ ਕੁ ਸੁਸਾਇਟੀਆਂ ਤੇ ਜਥਿਆਂ ਦੀ ਰਾਹੀਂ ਬੜੀ ਤੇਜ਼ੀ ਨਾਲ ਹੋ ਰਹੀ ਹੈ, ਇਸ ਵਿਚ ਸੰਦੇਹ ਨਹੀਂ ਕਿ ਸ੍ਰੀ ਪਟਣਾ ਸਾਹਿਬ ਨੂੰ ਲੋਕਲ ਕਮੇਟੀਆਂ ਜ਼ਰੂਰ ਯੋਗ ਧਿਆਨ ਦੇਣਗੀਆਂ, ਪਰ ਮੈਂ ਇਸ ਨੂੰ ਸਿੱਖ ਪੰਥ ਦਾ ਮੁੱਖ ਤੇ ਪਹਿਲਾ ਫਰਜ਼ ਸਮਝਦਾ ਹਾਂ ਕਿ ਆਪਣੇ ਮਹਾਨ ਪਵਿੱਤ੍ਰ ਧਾਰਮਿਕ ਸਥਾਨਾਂ ਵਿਚੋਂ ਇਸ ਦੀ ਮੁਰੰਮਤ ਵਾਸਤੇ ਆਪਣੀ ਸਹਾਇਤਾ ਦਾ ਹੱਥ ਫੜਾਵੇ। ਇਕ ਪ੍ਰਾਚੀਨ ਸਿੱਖ ਰਿਆਸਤ ਦਾ ਹਾਕਮ ਹੋਣ ਕਰਕੇ ਤੇ ਸਿੱਖ ਪੰਥ ਦਾ ਸਦਕਾ ਹੋਣ ਕਰਕੇ ਮੈਂ ਭਾਰਤ ਦੇ ਆਪਣੇ ਸਿੱਖ ਭਰਾਵਾਂ ਅੱਗੇ ਅਪੀਲ ਕਰਦਾ ਹਾਂ ਕਿ ਓਹ ਮੇਰੇ ਤੇ ਮੇਰੀ ਸਿੱਖ ਪਰਜਾ ਦੇ ਨਾਲ ਮਿਲ ਕੇ 'ਸ੍ਰੀ ਪਟਨਾ ਸਾਹਿਬ ਰੈਸਟੋਰੇਸ਼ਨ ਫੰਡ' ਵਿਚ ਚੰਦੇ ਭੇਜ ਕੇ ਇਸ ਨੂੰ ਭਰਪੂਰ ਕਰਨ।[35]

ਤਖ਼ਤ ਸ੍ਰੀ ਪਟਨਾ ਸਾਹਿਬ ਦੀ ਇਮਾਰਤ ਨੂੰ ਨੁਕਸਾਨ ਪੁੱਜਣ ਦਾ ਪਤਾ ਲੱਗਣ ਤੇ ਸਮੂਹ ਸਿੱਖਾਂ ਨੂੰ ਭਾਰੀ ਸ਼ੋਕ ਹੋਇਆ ਅਤੇ ਸਭ ਦੀ ਇਹ ਇੱਛਾ ਸੀ ਕਿ ਇਹ ਇਮਾਰਤ ਛੇਤੀ ਤੋਂ ਛੇਤੀ ਬਣ ਕੇ ਤਿਆਰ ਹੋ ਜਾਵੇ। ਜਿਹੜਾ ਵੀ ਸ਼ਰਧਾਲੂ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਦਰਸ਼ਨ ਕਰਨ ਜਾਂਦਾ ਸੀ, ਇਮਾਰਤ ਦੇ ਹੋਏ ਨੁਕਸਾਨ ਨੂੰ ਦੇਖ ਕੇ ਉਸ ਦੇ ਹਿਰਦੇ ਵਿਚ ਪੀੜਾ ਹੋਣੀ ਸੁਭਾਵਕ ਸੀ। ਹਰ ਇਕ ਸ਼ਰਧਾਲੂ ਇਹ ਚਾਹੁੰਦਾ ਸੀ ਕਿ ਦਸਮ ਪਿਤਾ ਦੇ ਪ੍ਰਕਾਸ਼ ਅਸਥਾਨ ਦੀ ਸੇਵਾ ਛੇਤੀ ਤੋਂ ਛੇਤੀ ਹੋਣੀ ਚਾਹੀਦੀ ਹੈ। ਇਸ ਸੰਬੰਧੀ ਬਰਮਾ ਤੋਂ ਦਰਸ਼ਨ ਕਰਨ ਪੁੱਜੇ ਇਕ ਸ਼ਰਧਾਲੂ ਦੀ ਵੇਦਨਾ ਦਾ ਜ਼ਿਕਰ ਕੀਤਾ ਜਾ ਰਿਹਾ ਹੈ। ਭੁਚਾਲ ਤੋਂ ਦੋ ਸਾਲ ਬਾਅਦ ਤਖ਼ਤ ਸਾਹਿਬ ਦੇ ਦਰਸ਼ਨ ਕਰਨ ਉਪਰੰਤ

ਉਸ ਨੇ ਆਪਣੀ ਭਾਵਨਾ ਅਤੇ ਦਰਦ ਬਿਆਨ ਕਰਦੇ ਹੋਏ ਲਿਖਿਆ:

> ਮੈਨੂੰ ਪਿਛਲੇ ਮਹੀਨੇ ਸ੍ਰੀ ਪਟਣਾ ਸਾਹਿਬ ਦਾ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋ ਗਿਆ, ਪਰ ਗੁਰਦੁਆਰੇ ਦੀ ਹਾਲਤ ਦੇਖ ਕੇ ਅਖੀਆਂ ਵਿਚੋਂ ਪਾਣੀ ਨਿਕਲ ਤੁਰਿਆ। ਦੋ ਸਾਲ ਹੋਏ ਹਨ ਤਾਂ ਏਥੇ ਭੁਚਾਲ ਆਇਆ ਸੀ, ਜਿਸ ਨਾਲ ਤਖ਼ਤ ਸਾਹਿਬ ਦੇ ਮਕਾਨਾਂ ਨੂੰ ਸਖ਼ਤ ਨੁਕਸਾਨ ਪੁੱਜਾ, ਸਿਰਫ ਜਨਮ ਅਸਥਾਨ ਬਚਿਆ, ਬਾਕੀ ਦੇ ਮਕਾਨ ਕੁਛ ਢਹਿ ਗਏ ਅਤੇ ਕੁਛ ਪਾਟ ਗਏ। ਹੋਰ ਲੋਕਾਂ ਨੇ ਤਾਂ ਆਪਣੇ ਮਕਾਨ ਫੇਰ ਮੁੜ ਕੇ ਤਿਆਰ ਕਰ ਲਏ ਹਨ, ਪਰ ਸਾਡੇ ਤਖ਼ਤ ਸਾਹਿਬ ਦੀ ਹਾਲਤ ਓਸੇ ਤਰ੍ਹਾਂ ਪਈ ਹੈ। ਸੁਣਿਆ ਹੈ ਕਿ ਮਹਾਰਾਜਾ ਪਟਿਆਲਾ ਨੇ ਤਖ਼ਤ ਸਾਹਿਬ ਦੀ ਮੁਰੰਮਤ ਲਈ ਕੁਛ ਮਾਇਆ ਦਾਨ ਕੀਤੀ ਸੀ ਅਤੇ ਕੁਛ ਹੋਰ ਉਪਰਾਲਾ ਹੋਇਆ ਪਰ ਉਹ ਮਾਇਆ ਅਜੇ ਤੱਕ ਜਿਥੇ ਸੀ ਓਥੇ ਹੀ ਪਈ ਹੈ, ਪਟਣੇ ਸਾਹਿਬ ਨਹੀਂ ਪਹੁੰਚੀ।[36]

ਤਖ਼ਤ ਸ੍ਰੀ ਪਟਨਾ ਸਾਹਿਬ ਦੀ ਨਵ-ਉਸਾਰੀ ਇਕ ਵੱਡਾ ਕਾਰਜ ਸੀ ਅਤੇ ਇਸ ਕਾਰਜ ਲਈ ਸਮੂਹ ਸਿੱਖ ਜਥੇਬੰਦੀਆਂ, ਸਿੱਖ ਸੰਸਥਾਵਾਂ, ਰਾਜੇ, ਮਹਾਰਾਜੇ, ਵਪਾਰੀ, ਕਿਰਤੀ ਆਦਿ ਇਸ ਦਿਸ਼ਾ ਵਿਚ ਕਾਰਜਸ਼ੀਲ ਸਨ। ਸਭਨਾਂ ਦਾ ਮਨ ਤਖ਼ਤ ਸ੍ਰੀ ਪਟਨਾ ਸਾਹਿਬ ਵੱਲ ਲੱਗਣਾ ਸੁਭਾਵਿਕ ਸੀ ਅਤੇ ਹਰ ਇਕ ਸਿੱਖ ਇਸ ਦੀ ਛੇਤੀ ਤੋਂ ਛੇਤੀ ਪੁਨਰ-ਉਸਾਰੀ ਵਿਚ ਹਿੱਸਾ ਪਾਉਣਾ ਚਾਹੁੰਦਾ ਸੀ। ਤਖ਼ਤ ਸਾਹਿਬ ਦੇ ਹਾਲਾਤ ਨੂੰ ਜਾਣਨ ਅਤੇ ਉਥੇ ਹੋਏ ਜਾਨੀ ਤੇ ਮਾਲੀ ਨੁਕਸਾਨ ਦਾ ਵੇਰਵਾ ਇਕੱਤਰ ਕਰਨ ਲਈ ਕਈ ਸੰਸਥਾਵਾਂ ਦੇ ਨੁਮਾਇੰਦੇ ਪਟਨਾ ਸਾਹਿਬ ਜਾ ਰਹੇ ਸਨ। ਚੀਫ਼ ਖ਼ਾਲਸਾ ਦੀਵਾਨ ਸਿੱਖਾਂ ਦੀ ਇਕ ਮਹੱਤਵਪੂਰਨ ਸੰਸਥਾ ਸੀ ਜਿਸ ਨੇ ਪੂਰਬ ਵਿਚ ਸਿੱਖਾਂ ਦੇ ਇਸ ਕੇਂਦਰੀ ਸਥਾਨ ਦੀ ਉਸਾਰੀ ਲਈ ਭਰਪੂਰ ਯਤਨ ਕੀਤੇ ਸਨ। ਇਸ ਸੰਬੰਧੀ ਚੀਫ਼ ਖ਼ਾਲਸਾ ਦੀਵਾਨ ਦੇ ਆਨਰੇਰੀ ਸਕੱਤਰ ਸ. ਸੁੰਦਰ ਸਿੰਘ ਮਜੀਠੀਆ ਨੇ ਸੰਗਤ ਨੂੰ ਅਪੀਲ ਕਰਦੇ ਹੋਏ ਕਿਹਾ:

> ਸਤਿਗੁਰੂ ਜੀ ਦੇ ਪਵਿਤ੍ਰ ਚਰਨ ਕਵਲਾਂ ਦੇ ਪਿਆਰਿਆਂ ਨੂੰ ਇਹ ਖਬਰ ਸੁਣ ਕੇ ਹਦੋਂ ਵੱਧ ਕੇ ਪਰਸੰਨਤਾ ਹੋਵੇਗੀ ਕਿ ਦਸਮੇਸ਼ ਪਿਤਾ ਕਲਗੀਧਰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਅਵਤਾਰ ਅਸਥਾਨ ਤਖਤ ਸ੍ਰੀ ਪਟਨਾ ਸਾਹਿਬ ਜੀ ਦੀ ਇਮਾਰਤ ਨੂੰ ਬਿਹਾਰ ਦੇ ਇਲਾਕੇ ਦੇ ਭੁਚਾਲ ਨਾਲ ਜੋ ਨੁਕਸਾਨ ਪੁੱਜਾ ਸੀ, ਉਸ ਦੀ ਇਮਾਰਤ ਦੀ ਸੇਵਾ ਸੰਬੰਧੀ ਚੀਫ਼ ਖ਼ਾਲਸਾ ਦੀਵਾਨ ਦੇ 27 ਮਈ 1934 ਦੇ ਜਨਰਲ ਸਮਾਗਮ ਵਿਚ ਗੁਰਮਤਾ ਸੋਧਿਆ ਗਿਆ ਸੀ ਕਿ ਬਰਸਾਤ ਦਾ ਮੌਸਮ ਬਹੁਤ ਨੇੜੇ ਆ ਗਿਆ ਹੈ ਇਸ ਲਈ ਪਹਿਲਾਂ ਆਰਜੀ ਮੁਰੰਮਤ ਦੀ ਸੇਵਾ ਬਹੁਤ ਹੀ ਜਲਦ ਅਰੰਭ ਕਰਾ ਦਿੱਤੀ ਜਾਵੇ। ਪੱਕੀ ਤੇ ਸ਼ੋਭਨੀਕ ਇਮਾਰਤ ਦੇ ਬਣਾਉਣ ਲਈ ਜੋ ਗੁਰਦੁਆਰਾ

> ਸਾਹਿਬ ਜੀ ਦੀ ਸ਼ਾਨ ਅਤੇ ਮਹੱਤਤਾ ਦੇ ਅਨੁਕੂਲ ਹੋਵੇ, ਇੰਜਨੀਅਰਾਂ ਪਾਸੋਂ ਨਕਸ਼ੇ ਤੇ ਡੀਜ਼ਾਇਨ ਵਗੈਰਾ ਤਿਆਰ ਕਰਵਾਏ ਜਾਣ। ਸੋ ਆਰਜੀ ਮੁਰੰਮਤ ਦੀ ਸੇਵਾ ਚੀਫ਼ ਖ਼ਾਲਸਾ ਦੀਵਾਨ ਵੱਲੋਂ ਰਾਇ ਬਹਾਦਰ ਸਰਦਾਰ ਵਸਾਖਾ ਸਿੰਘ ਜੀ ਤੇ ਸਰਦਾਰ ਰਾਮ ਸਿੰਘ ਜੀ ਕਾਬਲੀ ਠੇਕੇਦਾਰਾਨ ਦਿੱਲੀ ਵਾਲਿਆਂ ਦੇ ਸਪੁਰਦ ਕੀਤੀ ਗਈ ਹੈ।... ਪੰਥ ਦੇ ਗੁਣੀ ਤੇ ਪੰਥ ਹਿਤੈਸ਼ੀ ਇੰਜਨੀਅਰਾਂ ਦੀ ਸੇਵਾ ਵਿਚ ਬਿਨੈ ਕੀਤੀ ਜਾਂਦੀ ਹੈ ਕਿ ਉਹ ਕ੍ਰਿਪਾ ਕਰਕੇ ਨਵੀਂ ਬਣਨ ਵਾਲੀ ਇਮਾਰਤ ਦੇ ਨਕਸ਼ੇ ਤੇ ਆਪਣੀਆਂ ਤਜਵੀਜ਼ਾਂ ਦੀਵਾਨ ਦੇ ਦਫ਼ਤਰ ਵਿਚ ਘੱਲਣ ਦੀ ਦਯਾਲਤਾ ਕਰਨ ਤੇ ਲਾਭ ਪੁਚਾਉਂਦੇ ਤੇ ਸੇਵਾ ਵਿਚ ਹਿੱਸਾ ਲੈਂਦੇ ਹੋਏ ਸੱਚੇ ਪਾਤਸ਼ਾਹ ਜੀ ਦੀਆਂ ਖੁਸ਼ੀਆਂ ਲੈਣ।[37]

1934 ਵਿਚ ਆਏ ਭੁਚਾਲ ਨਾਲ ਤਖ਼ਤ ਸਾਹਿਬ ਦੀ ਇਮਾਰਤ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ ਸੀ। ਮੌਜੂਦਾ ਪਾਕਿਸਤਾਨ ਵਿਚ ਪੈਂਦੀ ਮੰਡੀ ਬਹਾਉਦੀਨ, ਜ਼ਿਲ੍ਹਾ ਗੁਜਰਾਤ ਦੇ ਸੰਤ ਨਿਸਚਲ ਸਿੰਘ[38] ਤਖ਼ਤ ਸਾਹਿਬ ਦੀ ਸਾਂਭ-ਸੰਭਾਲ ਲਈ ਪੁਰਜ਼ੋਰ ਯਤਨ ਕਰ ਰਹੇ ਸਨ। ਸੰਗਤ ਦੀ ਬਹੁਤੀ ਆਮਦ ਨਾ ਹੋਣ ਕਰਕੇ ਅਤੇ ਧਨ ਦੀ ਕਮੀ ਕਾਰਨ ਬਹੁਤ ਸਾਰੇ ਜ਼ਰੂਰੀ ਕੰਮ ਵੀ ਪਿੱਛੇ ਪੈ ਗਏ ਸਨ। ਸੰਤ ਜੀ ਨੇ ਪਾਕਿਸਤਾਨ ਦੀ ਸੰਗਤ ਦੇ ਮਨ ਵਿਚ ਤਖ਼ਤ ਸਾਹਿਬ ਦੀ ਪ੍ਰੇਰਨਾ ਪੈਦਾ ਕੀਤੀ ਅਤੇ ਵਿਸ਼ੇਸ਼ ਰੇਲ ਗੱਡੀਆਂ ਰਾਹੀਂ ਸੰਗਤ ਪਟਨਾ ਸਾਹਿਬ ਆਉਣ ਲੱਗੀ। ਸੰਗਤ ਵਿਚ ਸਰਦੇ-ਪੁੱਜਦੇ ਪਰਿਵਾਰ ਤਖ਼ਤ ਲਈ ਮਾਇਆ ਭੇਟ ਕਰ ਜਾਂਦੇ ਸਨ। ਪੁਰਤਾਨ ਡਿਊੜ੍ਹੀ ਦੇ ਅੰਦਰ ਲਗੇ ਹੋਏ ਪੱਥਰ ਇਸ ਗੱਲ ਦੀ ਸ਼ਾਹਦੀ ਭਰਦੇ ਹਨ ਕਿ 1937, 1939, 1942 ਵਿਚ ਵਿਸ਼ੇਸ਼ ਰੇਲ ਗੱਡੀਆਂ ਰਾਹੀਂ ਪਟਨਾ ਸਾਹਿਬ ਪਹੁੰਚਣ ਵਾਲੀਆਂ ਸੰਗਤਾਂ ਨੇ ਕਿੰਨੀ-ਕਿੰਨੀ ਮਾਇਆ ਭੇਟ ਕੀਤੀ ਹੈ। ਇਕ ਪੱਥਰ ਉਤੇ ਸਪਸ਼ਟ ਅੱਖਰਾਂ ਵਿਚ ਉਕਰਿਆ ਹੋਇਆ ਹੈ—"ਸੇਵਾ ਸ੍ਰੀ ਮਾਨ ਸੰਤ ਨਿਸਚਲ ਸਿੰਘ ਜੀ ਸੰਤਪੁਰਾ ਮੰਡੀ ਬਹਾਉਦੀਨ (ਗੁਜਰਾਤ) ਦੀ ਰਾਹੀਂ ਸੰਗਤਾਂ ਨੇ ਕਰਾਈ।" ਇਸ ਦੇ ਨਾਲ ਹੀ ਇਕ ਪੱਥਰ 'ਤੇ ਲਿਖਿਆ ਹੋਇਆ ਹੈ—"(ਸੰਮਤ) 1996 ਸਪੈਸ਼ਲ ਟ੍ਰੇਨ ਦੇ ਯਾਤਰੂ। ਸੇਵਾ ਸਚ ਖੰਡੀ ਸਪੈਸ਼ਲ ਯਾਤ੍ਰਾ ਟਰੇਨ ਦੇ ਯਾਤਰੂਆਂ ਨੇ ਕੀਤੀ ਜੋ ਟਰੇਨ 9 ਫਗਨ 1996 (1939 ਈ.) ਮੰਡੀ ਬਹਾਉਦੀਨ ਸੰਤਪੁਰਾ ਜ਼ਿਲ੍ਹਾ ਗੁਜਰਾਤ ਤੋਂ ਸੰਤ ਨਿਸਚਲ ਸਿੰਘ ਜੀ ਦੀ ਜਥੇਦਾਰੀ ਹੇਠ ਚਲੀ।...ਅਪਨਾ ਸੇਵਕ ਜਾਨ ਕੇ ਦਰਸਨੀ ਡਿਉਡੀ ਦੀ ਸੇਵਾ ਦਾਸ ਪਾਸੋਂ ਕਰਾਈ ਸਾਧ ਸੰਗਤ ਦੀ ਚਰਨ ਧੂੜ ਨਿਸਚਲ ਸਿੰਘ ਸੰਤਪੁਰਾ ਪਿੰਡੀ ਬਹਾਉਦੀਨ, ਗੁਜਰਾਤ।" ਇਸ ਤੋਂ ਇਲਾਵਾ ਹੋਰਨਾਂ ਸੰਤਾਂ ਦੇ ਨਾਂ ਵੀ ਲਿਖੇ ਹੋਏ ਹਨ ਜਿਹੜੇ ਸੰਗਤਾਂ ਨੂੰ ਪ੍ਰੇਰਕੇ ਤਖ਼ਤ ਸਾਹਿਬ ਦੀ ਸੇਵਾ ਲਈ ਲਿਆਏ ਸਨ। ਇਹਨਾਂ ਵਿਚ ਭਗਤ ਨਿਹਾਲ ਸਿੰਘ ਜੀ, ਬਾਬਾ ਹਰਨਾਮ ਸਿੰਘ ਜੀ ਚਾਵਲ ਮੰਡੀ, ਅੰਮ੍ਰਿਤਸਰ ਆਦਿ ਨਾਂ ਸ਼ਾਮਲ ਹਨ। ਤਨ-ਮਨ-ਧਨ ਨਾਲ ਸੇਵਾ ਕਰਨ ਵਾਲੀ ਸੰਗਤ ਵਿਚ ਜ਼ਿਲ੍ਹਾ ਗੁਜਰਾਤ, ਜੇਹਲਮ, ਲਾਹੌਰ, ਲਾਲ ਮੂਸਾ, ਸ਼ਾਹਜੀਵਨਾ (ਝੰਗ), ਰਾਵਲਪਿੰਡੀ, ਗੁਜਰਖਾਨ, ਖਾਨੇਵਾਲ, ਸ਼ਾਹਪੁਰ ਆਦਿ ਇਲਾਕਿਆਂ ਦੀ ਸੰਗਤ ਵਿਚੋਂ ਕੁੱਝ ਇਕ ਨਾਂ ਇਸ ਗੱਲ ਦੀ ਸ਼ਾਹਦੀ

ਭਰਦੇ ਹਨ ਕਿ ਮੌਜੂਦਾ ਪਾਕਿਸਤਾਨ ਵਿਚ ਅਜ਼ਾਦੀ ਤੋਂ ਪਹਿਲਾਂ ਵੱਸਦੇ ਸਿੱਖਾਂ ਦੇ ਮਨ ਵਿਚ ਤਖ਼ਤ ਸਾਹਿਬ ਦੀ ਇਮਾਰਤ ਨੂੰ ਹੋਏ ਨੁਕਸਾਨ ਦੀ ਕਿੰਨੀ ਪੀੜਾ ਸੀ ਅਤੇ ਉਹ ਇਥੇ ਆ ਕੇ ਸੇਵਾ ਕਰਨ ਲਈ ਪੁਰਜ਼ੋਰ ਯਤਨ ਕਰ ਰਹੇ ਸਨ। ਪਟਨਾ ਸਾਹਿਬ ਦੇ ਵਸਨੀਕ ਅਤੇ ਇਥੋਂ ਗੁਜਰਨ ਵਾਲੇ ਸਿੱਖ ਯਾਤਰੂ, ਫ਼ੌਜੀ, ਵਪਾਰੀ ਆਦਿ ਵੀ ਯਥਾਜੋਗ ਸੇਵਾ ਵਿਚ ਹਿੱਸਾ ਪਾ ਰਹੇ ਸਨ।

ਪੰਜਾਬ ਦੇ ਸਿੱਖ ਸਰਦਾਰ ਅਤੇ ਰਿਆਸਤਾਂ ਦੇ ਰਾਜੇ-ਮਹਾਰਾਜੇ ਵੀ ਇਸ ਕਾਰਜ ਵਿਚ ਰੁਚੀ ਦਿਖਾ ਰਹੇ ਸਨ। ਸਭ ਦੀ ਇੱਛਾ ਸੀ ਕਿ ਤਖ਼ਤ ਸਾਹਿਬ ਦੀ ਇਮਾਰਤ ਆਲੀਸ਼ਾਨ ਅਤੇ ਸਿੱਖ ਭਾਵਨਾਵਾਂ ਦੀ ਪੂਰਤੀ ਕਰਨ ਵਾਲੀ ਹੋਣੀ ਚਾਹੀਦੀ ਹੈ। ਇਕ-ਇਕੱਲੇ ਮਹਾਰਾਜੇ ਵੱਲੋਂ ਵੀ ਇਹ ਕਾਰਜ ਕੀਤਾ ਜਾ ਸਕਦਾ ਸੀ ਪਰ ਸਭ ਚਾਹੁੰਦੇ ਸਨ ਕਿ ਇਸ ਮਹਾਨ ਕਾਰਜ ਵਿਚ ਹਰ ਇਕ ਅਮੀਰ ਅਤੇ ਗਰੀਬ ਯਥਾਯੋਗ ਸਹਿਯੋਗ ਦੇਵੇ। ਪੰਜਾਬ ਦੀਆਂ ਰਿਆਸਤਾਂ ਵਿਚੋਂ ਮਹਾਰਾਜਾ ਭੁਪਿੰਦਰ ਸਿੰਘ ਦਾ ਚੈਲ ਤੋਂ ਅੰਮ੍ਰਿਤਸਰ ਵਿਖੇ ਪ੍ਰੋਫ਼ੈਸਰ ਜੋਧ ਸਿੰਘ ਨੂੰ ਲਿਖਿਆ ਪੱਤਰ ਮਹੱਤਵਪੂਰਨ ਹੈ[39]:

Rajgarh Villa Palace
Chail
12th August, 1934

Dear Sir

Since my last appeal for subscriptions to the Shri Patna Sahib building restoration and I have received a joint representation from several leading members of the community on behalf of the Panth as a whole to constitute a strong and representative committee for the purpose of collecting funds which are urgently needed.

In deference to the wishes of the Panth which I heartily endorse, I have great pleasure in appointing the following committee (list attached). While thus responding to the call of duty I seek the active co-operation of all my co-religionists, rich and poor alike and trust that the members of the committee, with their wide influence and unbounded panthic zeal, will lose no time in raising the necessary funds, to which I and the members of my family will be glad to contribute our quota, so that we are able to take in hand, without any avoidable delay, the repairs to the

great Takht at Shri Patna Sahib - a cause so dear and sacred to all of us alike.

I feel that as the work entrusted to this committee is of a nature which leaves no room for any controversy it may perhaps be unnecessary for the whole committee to meet in the early stages of its work, so that each individual member is able to devote all his time and energy to the collection of funds. But should it be necessary for the committee or a small working body thereof to meet, I have appointed Colonel S. Raghbir Singh of Patiala to be convener of such meetings.

Yours truly

Maharaja Dhiraj of Patiala

ਸਿੱਖ ਸੰਸਥਾਵਾਂ ਵਿਚੋਂ ਚੀਫ਼ ਖ਼ਾਲਸਾ ਦੀਵਾਨ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਸੇਵਾ ਲਈ ਵਿਸ਼ੇਸ਼ ਤੌਰ ’ਤੇ ਯਤਨਸ਼ੀਲ ਸੀ। ਇਹਨਾਂ ਦੀਆਂ ਸਮੂਹ ਮੀਟਿੰਗਾਂ ਵਿਚ ਤਖ਼ਤ ਸਾਹਿਬ ਦੀ ਕਾਰ ਸੇਵਾ ਦਾ ਮੁੱਦਾ ਭਾਰੂ ਰਿਹਾ। ਇਕ ਮੀਟਿੰਗ ਦੀ ਕਾਰਵਾਈ ਉਪਰੰਤ ਸਿੱਖ ਸੰਗਤਾਂ ਨੂੰ ਪਟਨਾ ਸਾਹਿਬ ਦੀ ਕਾਰ ਸੇਵਾ ਸੰਬੰਧੀ ਜਾਣਕਾਰੀ ਪ੍ਰਦਾਨ ਕਰਦੇ ਹੋਏ ਦੱਸਿਆ ਗਿਆ[40]:

> 1934 ਦੇ ਭੁਚਾਲ ਨਾਲ ਕਲਗੀਧਰ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਅਸਥਾਨ ਤਖ਼ਤ ਸ੍ਰੀ ਪਟਨਾ ਸਾਹਿਬ ਜੀ ਦੀ ਇਮਾਰਤ ਦਾ ਜੋ ਕੁੱਝ ਨੁਕਸਾਨ ਹੋਇਆ ਸੀ ਉਹ ਕਿਸੇ ਗੁਰਸਿੱਖ ਪਾਸੋਂ ਗੁਝਾ ਨਹੀਂ। ਆਰਜ਼ੀ ਮੁਰੰਮਤ ਤਾਂ ਤਦੋਂ ਹੀ ਆਪ ਦੇ ਸੇਵਕ ਜਥੇ ਚੀਫ਼ ਖ਼ਾਲਸਾ ਦੀਵਾਨ ਵੱਲੋਂ ਕਰਵਾ ਦਿੱਤੀ ਗਈ ਸੀ ਪਰ ਇਮਾਰਤ ਦੀ ਸੇਵਾ ਅਜੇ ਤੱਕ ਮੁਕੰਮਲ ਤੌਰ ’ਤੇ ਅਰੰਭ ਨਹੀਂ ਹੋਈ। ਹੁਣ ਕੁੱਝ ਚਿਰ ਤੋਂ ਬਾਵਾ ਕਰਤਾਰ ਸਿੰਘ ਜੀ ਸਾਹਿਬ ਐਮ.ਏ. ਪ੍ਰਧਾਨ ਅਤੇ ਸਰਦਾਰ ਠਾਕਰ ਸਿੰਘ ਜੀ ਇੰਸਪੈਕਟਰ ਆਫ਼ ਵਰਕਸ ਪਟਨਾ ਵੱਲੋਂ ਤਖ਼ਤ ਸਾਹਿਬ ਜੀ ਦੀ ਇਮਾਰਤ ਦਾ ਉਦਮ ਅਰੰਭ ਕੀਤਾ ਗਿਆ ਹੈ। ਇਸ ਵੇਲੇ ਨੀਹਾਂ ਭਰਾਈ ਬੜੇ ਜ਼ੋਰ ਸ਼ੋਰ ਨਾਲ ਹੋ ਰਹੀ ਹੈ।...
>
> ਦਾਸ
> ਔਨਰੇਰੀ ਸਕੱਤ੍ਰ
> ਚੀਫ਼ ਖ਼ਾਲਸਾ ਦੀਵਾਨ

ਜਨਮ ਅਸਥਾਨ ਦੀ ਨਵੀਂ ਇਮਾਰਤ ਬਣਾਉਣ ਦੀ ਇਸ ਲਈ ਲੋੜ ਪਈ ਕਿ 1934 ਦੇ ਭੁਚਾਲ ਸਮੇਂ ਇਸ ਦੀ ਉਪਰਲੀ ਮੰਜ਼ਿਲ ਢਹਿ-ਢੇਰੀ ਹੋ ਗਈ ਸੀ ਅਤੇ ਹੇਠਾਂ ਵਾਲੀ ਮੰਜ਼ਿਲ ਦੀ ਛੱਤ ਵਿਚ ਕੁੱਝ ਤ੍ਰੇੜਾਂ ਆ ਗਈਆਂ ਸਨ। ਦੂਜਾ, ਸੰਗਤਾਂ ਦੀ ਆਵਾਜਾਈ ਵਧ ਗਈ ਸੀ। ਤਖ਼ਤ ਸਾਹਿਬ ਦੀ ਇਮਾਰਤ ਦੀ ਕਾਰ-ਸੇਵਾ ਤਾਂ ਕੁੱਝ ਸਮੇਂ ਪਿਛੋਂ ਹੀ ਅਰੰਭ ਕਰਵਾ ਦਿੱਤੀ ਗਈ ਸੀ ਪਰ ਮਾਇਆ ਦੀ ਥੁੜ੍ਹ ਕਾਰਨ ਇਹ ਫੈਸਲਾ ਕੀਤਾ ਗਿਆ ਕਿ ਹਾਲੇ ਜਰੂਰੀ ਮੁਰੰਮਤ ਹੀ ਕਰਵਾ ਲਈ ਜਾਵੇ। ਇਮਾਰਤ ਨੂੰ ਜਿਥੇ ਤ੍ਰੇੜਾਂ ਆ ਗਈਆਂ ਹਨ ਉਹਨਾਂ ਨੂੰ ਭਰਵਾ ਲਿਆ ਜਾਵੇ ਅਤੇ ਜਿਹੜੀਆਂ ਕੰਧਾਂ ਡਿੱਗ ਗਈਆਂ ਹਨ ਉਹ ਉਸਾਰ ਲਈਆਂ ਜਾਣ। ਜਿਤਨੀ ਕੁ ਮਾਇਆ ਆ ਰਹੀ ਸੀ ਉਸੇ ਹਿਸਾਬ ਨਾਲ ਕਾਰਜ ਕੀਤਾ ਜਾਵੇ। ਇਸ ਸੰਬੰਧੀ ਇਕ ਰਿਪੋਰਟ ਤੋਂ ਇਹ ਪਤਾ ਲੱਗਦਾ ਹੈ:

> ਕਲਗੀਧਰ ਦਸਮੇਸ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਅਸਥਾਨ ਤਖਤ ਸ੍ਰੀ ਪਟਣਾ ਸਾਹਿਬ ਜੀ ਦੀ ਇਮਾਰਤ ਨੂੰ 1934 ਦੇ ਭੁਚਾਲ ਨਾਲ ਜੋ ਨੁਕਸਾਨ ਪਹੁੰਚਾ ਸੀ ਓਹ ਕਿਸੇ ਤੋਂ ਗੁੱਝਾ ਨਹੀਂ। ਆਰਜੀ ਮੁਰੰਮਤ ਦੀ ਸੇਵਾ ਚੀਫ ਖਾਲਸਾ ਦੀਵਾਨ ਵੱਲੋਂ ਤਦੋਂ ਹੀ ਕਰਵਾ ਦਿੱਤੀ ਗਈ ਸੀ ਪਰ ਤਖਤ ਸਾਹਿਬ ਜੀ ਦੀ ਸ਼ਾਨ ਦੇ ਮੁਤਾਬਕ ਸੋਹਣੀ ਤੇ ਪੱਕੀ ਇਮਾਰਤ ਬਨਾਉਣ ਦੀਆਂ ਤਜਵੀਜਾਂ ਹੁਣ ਤੱਕ ਕਿਸੇ ਨਾ ਕਿਸੇ ਕਾਰਨ ਕਰਕੇ ਵਿਚਾਰ ਗੋਚਰੀਆਂ ਹੀ ਰਖੀਆਂ ਸਨ।... ਸੰਗਤਾਂ ਇਹ ਸੁਣ ਕੇ ਪ੍ਰਸੰਨ ਹੋਣਗੀਆਂ ਕਿ ਚੀਫ ਖਾਲਸਾ ਦੀਵਾਨ ਦੇ ਪਰਧਾਨ ਸਾਹਿਬ ਰਾਇ ਬਹਾਦਰ ਸਰਦਾਰ ਵਸਾਖਾ ਸਿੰਘ ਜੀ ਠੇਕੇਦਾਰ ਦਿਲੀ ਨਵੰਬਰ ਦੇ ਪਹਿਲੇ ਹਫਤੇ ਵਿਚ ਸ੍ਰੀ ਪਟਣੇ ਸਾਹਿਬ ਜੀ ਗਏ ਸਨ ਤੇ ਦਰਸ਼ਨੀ ਡਿਊੜ੍ਹੀ ਦੇ ਸਾਮਣੇ ਵਾਲੀ ਥਾਉਂ ਦਾ ਕੁੱਝ ਥੋੜਾ ਜਿਹਾ ਹਿੱਸਾ 1000/- ਇਕ ਹਜਾਰ ਰੁਪੈ ਨੂੰ ਖਰੀਦ ਕੇ ਦੇ ਆਏ ਹਨ ਤੇ ਦਰਸ਼ਨੀ ਡਿਊੜ੍ਹੀ ਵੱਲੋਂ ਉਤਰੀ ਦਿਸ਼ਾ ਵਾਲੀ ਬਾਹੀ ਦੀ ਇਮਾਰਤ ਦੀ ਸੇਵਾ ਚੀਫ ਖਾਲਸਾ ਦੀਵਾਨ ਵੱਲੋਂ ਆਪਣੇ ਓਵਰ ਸੀਅਰ ਸਰਦਾਰ ਅਮਰ ਸਿੰਘ ਜੀ ਦੀ ਨਿਗਰਾਨੀ ਹੇਠ ਅਰੰਭ ਕਰਵਾ ਆਏ ਹਨ।[41]

ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਕਾਰ ਸੇਵਾ ਲਈ ਯਤਨ ਨਿਰੰਤਰ ਜਾਰੀ ਸਨ। ਸਮੂਹ ਸਿੱਖ ਸੰਸਥਾਵਾਂ ਇਸ ਕਾਰਜ ਵਿਚ ਆਪਣਾ ਯੋਗਦਾਨ ਪਾ ਰਹੀਆਂ ਸਨ। ਇਸ ਸੰਬੰਧੀ ਇਕ ਮਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਵਿਚ ਵੀ ਪਾਸ ਕੀਤਾ ਗਿਆ। 28 ਨਵੰਬਰ 1937 ਨੂੰ ਹੋਈ ਇਸ ਇਕੱਤਰਤਾ ਦੀ ਪ੍ਰਧਾਨਗੀ ਮਾਸਟਰ ਤਾਰਾ ਸਿੰਘ ਨੇ ਕੀਤੀ। ਇਸ ਜਨਰਲ ਇਜਲਾਸ ਵਿਚ ਤਖ਼ਤ ਸੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਨਵੀਂ ਇਮਾਰਤ ਦਾ ਇਕ ਤਜਵੀਜ਼ ਸ਼ੁਦਾ ਨਕਸ਼ਾ ਪੇਸ਼ ਹੋਣ ਤੇ ਪ੍ਰਵਾਨ ਹੋਇਆ ਅਤੇ ਨਾਲ ਹੀ ਇਕ ਸਬ ਕਮੇਟੀ ਦਾ ਗਠਨ

ਕੀਤਾ ਗਿਆ ਜਿਸ ਨੂੰ ਨਕਸ਼ੇ ਦੀ ਵਿਚਾਰ ਅਤੇ ਲੋੜੀਂਦੀਆਂ ਤਬਦੀਲੀਆਂ ਕਰਨ ਦਾ ਕਾਰਜ ਸੌਂਪਿਆ ਗਿਆ। ਇਸੇ ਸਾਲ ਆ ਰਹੀ ਪੋਹ ਸੁਦੀ ਸਤਵੀਂ ਵਾਲੇ ਗੁਰਪੁਰਬ ਮੌਕੇ ਤਖ਼ਤ ਸਾਹਿਬ ਦਾ ਨੀਂਹ ਪੱਥਰ ਰੱਖਣ ਲਈ ਪ੍ਰਬੰਧ ਕਰਨ ਦਾ ਕਾਰਜ ਵੀ ਇਸ ਕਮੇਟੀ ਨੂੰ ਸੌਂਪਿਆ ਗਿਆ। ਕਮੇਟੀ ਵਿਚ ਹੇਠ ਲਿਖੇ ਮੈਂਬਰ ਸ਼ਾਮਲ ਸਨ:

1. ਸ. ਨਾਨਕ ਸਿੰਘ ਜੀ ਰੀਟਾਇਰਡ ਇੰਜਨੀਅਰ, ਅੰਮ੍ਰਿਤਸਰ।
2. ਬਾਬਾ ਭੋਲਾ ਸਿੰਘ ਜੀ, ਰੀਟਾਇਰਡ ਐਸ.ਡੀ.ਓ. ਨਾਰੰਗਵਾਲ, ਲੁਧਿਆਣਾ।
3. ਸ.ਬ.ਸ. ਭਗਤ ਸਿੰਘ ਜੀ, ਰੀਟਾਇਰਡ ਇੰਜਨੀਅਰ, ਹੁਸ਼ਿਆਰਪੁਰ।
4. ਸੰਤ ਪ੍ਰੇਮ ਸਿੰਘ ਜੀ ਮੁਰਾਲਾ, ਜ਼ਿਲ੍ਹਾ ਗੁਜਰਾਤ।
5. ਭਾਈ ਸਾਹਿਬ ਭਾਈ ਰਣਧੀਰ ਸਿੰਘ ਨਾਰੰਗਵਾਲ, ਲੁਧਿਆਣਾ।[42]

ਤਖ਼ਤ ਸ੍ਰੀ ਪਟਨਾ ਸਾਹਿਬ ਦੀ ਨਵ-ਉਸਾਰੀ ਦੇ ਕਾਰਜਾਂ ਦੀ ਜਾਣਕਾਰੀ ਸੰਗਤ ਨੂੰ ਨਿਰੰਤਰ ਦਿੱਤੀ ਜਾ ਰਹੀ ਸੀ। ਇਸ ਜਾਣਕਾਰੀ ਦੇਣ ਦਾ ਇਕ ਮਨੋਰਥ ਇਹ ਵੀ ਸੀ ਕਿ ਇਸ ਮਹਾਨ ਅਸਥਾਨ ਦੀ ਕਾਰ-ਸੇਵਾ ਵਿਚ ਸਮੁੱਚੇ ਪੰਥ ਦਾ ਸਹਿਯੋਗ ਲਿਆ ਜਾਵੇ ਅਤੇ ਸੰਗਤੀ ਰੂਪ ਵਿਚ ਇਥੋਂ ਦੀ ਸਮੁੱਚੀ ਸੇਵਾ ਕਰਵਾਈ ਜਾਵੇ। *ਖਾਲਸਾ ਸਮਾਚਾਰ* ਵਿਚ ਤਖ਼ਤ ਸਾਹਿਬ ਦੀ ਇਹ ਭਾਵਪੂਰਤ ਰਿਪੋਰਟ ਪ੍ਰਕਾਸ਼ਿਤ ਹੋਈ:

> ਪਿਆਰੇ ਗੁਰੂ ਖਾਲਸਾ ਜੀਓ! ਇਹ ਤਾਂ ਆਪ ਨੂੰ ਪਤਾ ਲੱਗ ਹੀ ਚੁੱਕਾ ਹੈ ਕਿ ਸੂਬਾ ਬਿਹਾਰ ਵਿਚ 15 ਜਨਵਰੀ 1934 ਨੂੰ ਭੁਚਾਲ ਦੇ ਕਾਰਨ ਸ੍ਰੀ ਤਖਤ ਸਾਹਿਬ ਦੀਆਂ ਇਮਾਰਤਾਂ ਨੂੰ ਕਾਫ਼ੀ ਨੁਕਸਾਨ ਪੁੱਜਾ ਸੀ। ਗੌਰਮਿੰਟ ਵੱਲੋਂ ਅਤੇ ਇੰਜਨੀਅਰਾਂ ਨੇ ਇਹੋ ਰਾਇ ਦਿੱਤੀ ਸੀ ਕਿ ਸਭ ਇਮਾਰਤਾਂ ਢਾਹ ਕੇ ਫਿਰ ਤੋਂ ਬਣਾਈਆਂ ਜਾਣ। ਸੰਗਤਾਂ ਨੇ ਭੀ ਉਸ ਵੇਲੇ ਤੋਂ ਬੜਾ ਉਤਸ਼ਾਹ ਤੇ ਪਿਆਰ ਦਸਿਆ ਅਤੇ ਸੇਵਾ ਲਈ ਇਤਨੀਆਂ ਉਤਾਵਲੀਆਂ ਹੋਈਆਂ ਸਨ ਕਿ ਏਥੇ ਯਾਤਰਾ ਕਰਨ ਔਂਦੇ ਪੈਹਲਾ ਸਵਾਲ ਉਨਾਂ ਦਾ ਇਹ ਹੁੰਦਾ ਸੀ ਕਿ ਏਥੋਂ ਦੀਆਂ ਇਮਾਰਤਾਂ ਦੀ ਸੇਵਾ ਕਦ ਅਰੰਭ ਹੋਵੇਗੀ। ਗੁਆਂਢੀਆਂ ਨੇ ਤਾਂ ਭੁਚਾਲ ਨਾਲ ਢੱਠੀਆਂ ਝੌਂਪੜੀਆਂ ਦੀ ਥਾਂ ਆਲੀਸ਼ਾਨ ਇਮਾਰਤਾਂ ਖੜੀਆਂ ਕਰ ਦਿੱਤੀਆਂ, ਪਰ ਅਸੀਂ ਅੱਜ ਤੱਕ ਅਵੇਸਲੇ ਹੀ ਰਹਿ ਗਏ। ਇਸ ਮਹਾਨ ਸੇਵਾ ਲਈ ਕਮੇਟੀ ਨੇ ਪੰਥ ਦੇ ਮੁਖੀਆਂ ਦੀਆਂ ਰਾਵਾਂ, ਚੀ:ਖਾ: ਦੀਵਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਵਾਨਗੀ ਅਤੇ ਲਾਇਕ-ਲਾਇਕ ਇੰਜਨੀਅਰਾਂ ਤੋਂ ਸਲਾਹਾਂ ਲੈ ਕੇ, ਨਕਸ਼ੇ ਬਣਵਾ ਕੇ ਗੁਰਪੁਰਬ ਪੋਹ ਸੁਦੀ ਸਪਤਮੀ ਉਤੇ (8 ਜਨਵਰੀ 1938 ਨੂੰ) ਹਜ਼ਾਰਾਂ ਸੰਗਤਾਂ ਦੀ ਹਜ਼ੂਰੀ ਵਿਚ ਪੰਜਾਂ ਪਿਆਰਿਆਂ ਤੋਂ ਇਮਾਰਤਾਂ ਦੀ ਨੀਂਹ ਰਖਵਾ ਦਿੱਤੀ, ਜੋ ਕਿ ਬੜੇ ਜ਼ੋਰ ਸ਼ੋਰ ਨਾਲ ਹੁਣ ਸੇਵਾ ਹੋ ਰਹੀ ਹੈ। ਸੋ ਸਾਧ ਸੰਗਤ ਜੀ! ਕਲਗੀਆਂ ਵਾਲੇ ਦੀ ਕਿਰਪਾ ਦੁਆਰਾ ਹੁਣ ਸੁਭਾਗ

> ਸਮਾ ਆ ਗਿਆ ਹੈ ਤੇ ਸੇਵਾ ਹੋ ਰਹੀ ਹੈ। ਆਪ ਦੇ ਪਿਆਰ ਅਤੇ ਸਚੇ ਵਲਵਲਿਆਂ ਦਾ ਇਜ਼ਹਾਰ ਅਮਲੀ ਸੂਰਤ ਵਿਚ ਹੁਣ ਹੀ ਹੋ ਸਕੇਗਾ। ਗੁਰਸਿਖਾਂ ਲਈ ਅਪਨੇ ਤਨ, ਮਨ, ਧਨ ਤੇ ਜੀਵਨ ਸੁਫਲਾ ਕਰਨ ਅਤੇ ਅਪਨੇ ਖਾਨਦਾਨਾਂ ਦੇ ਬਜ਼ੁਰਗਾਂ ਦੇ ਨਾਮ ਨੂੰ ਅਟਲ ਕਰਨ ਲਈ ਗੁਰਦੁਅਰਿਆਂ ਦੀ ਸੇਵਾ ਤੋਂ ਵਧੇਰੇ ਚੰਗਾ ਮੌਕਾ ਹੋਰ ਕੋਈ ਨਹੀਂ ਹੋ ਸਕਦਾ। ਖਰਚ ਦਾ ਅੰਦਾਜਾ ਚਾਰ ਲਖ ਰੁਪਯਾ ਹੈ। ਇਹ ਰਕਮ ਕੋਈ ਜ਼ਿਆਦਾ ਨਹੀਂ। ਪੰਜ ਪੈਸੇ ਦੀ ਪਰਤੀ ਦੇਣ ਨਾਲ ਹੀ 50 ਲਖ ਖਾਲਸੇ ਲਈ ਇਹ ਰਕਮ ਪੂਰੀ ਹੋ ਜਾਂਦੀ ਹੈ।[43]

ਤਖ਼ਤ ਸ੍ਰੀ ਪਟਨਾ ਸਾਹਿਬ ਜੀ ਦੀ ਨਵੀਂ ਇਮਾਰਤ ਦੀ ਉਸਾਰੀ ਕਰਨ ਤੋਂ ਪਹਿਲਾਂ ਪੁਰਾਤਨ ਇਮਾਰਤ ਦੀ ਮੁਰੰਮਤ ਕਰਵਾ ਦਿੱਤੀ ਗਈ ਸੀ ਤਾਂ ਕਿ ਸ਼ਰਧਾਲੂਆਂ ਨੂੰ ਤਖਤ ਸਾਹਿਬ ਦੇ ਦਰਸ਼ਨ ਕਰਨ ਵਿਚ ਸੁਵਿਧਾ ਹੋ ਸਕੇ। ਇਸ ਦੇ ਨਾਲ ਹੀ ਆਲੇ ਦੁਆਲੇ ਦੀਆਂ ਕੁੱਝ ਇਮਾਰਤਾਂ ਦੀ ਉਸਾਰੀ ਵੀ ਅਰੰਭ ਕਰ ਦਿੱਤੀ ਗਈ ਤਾਂ ਕਿ ਸੰਗਤ ਲਈ ਰਿਹਾਇਸ਼ ਅਤੇ ਲੰਗਰ ਦੀ ਸੁਵਿਧਾ ਪ੍ਰਦਾਨ ਹੋ ਸਕੇ। ਭਾਵੇਂ ਕਿ ਕੁੱਝ ਇਮਾਰਤਾਂ ਦੀ ਉਸਾਰੀ ਅਤੇ ਜਰੂਰੀ ਮੁਰੰਮਤ ਕਰ ਲਈ ਗਈ ਸੀ ਪਰ ਤਖਤ ਸਾਹਿਬ ਦੀ ਮੁੱਖ ਇਮਾਰਤ ਲਈ ਵੱਡੇ ਪ੍ਰਬੰਧ ਕਰਨ ਦੀ ਲੋੜ ਸੀ। ਭੁਚਾਲ ਤੋਂ ਬਾਅਦ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਕੇਂਦਰੀ ਇਮਾਰਤ ਦੀ ਉਸਾਰੀ ਵਿਚ ਦੇਰੀ ਹੋਣ ਦਾ ਕਾਰਨ ਤਖ਼ਤ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੇ ਇਕ ਇਸ਼ਤਿਹਾਰ ਰਾਹੀਂ ਦੱਸਿਆ:

> Sri Harimanderji as it stands today was built at the birth place of the Lord by Maharaja Ranjit Singh in 1839. The great earthquake of 1934 which shook the eastern part of India caused considerable damage to this building. Ever since, preparations were afoot to reconstruct the holy Takht but the dilapidated condition of the surrounding buildings drew first attention of the Supervising Committee. Where once stood tottering katcha houses, there now stands a huge double storied building containing rooms for the pilgrims, a separate wing for the Langar and a self contained Sri Guru Govind Singh Market. The main task of reconstructing Sri Harimandirji itself, however, still remains unaccomplished and attention has now been focused upon this. A magnificent building worthy of our Lord's Hallowed memory has been planned and with the grace of God, it is hoped, that it will

> not be too long before this task is accomplished. But for this, the committee humbly calls upon every one of you to contribute generously to this fund and to strengthen the hands of the workers.[44]

ਤਖ਼ਤ ਸ੍ਰੀ ਪਟਨਾ ਸਾਹਿਬ ਦੀ ਉਸਾਰੀ ਦੇ ਨਾਲ-ਨਾਲ ਇਥੋਂ ਦੀ ਮਾਇਕ ਹਾਲਤ ਵਿਚ ਨਿਘਾਰ ਆ ਜਾਣ ਕਾਰਨ ਲੰਗਰ ਦੀ ਪਰੰਪਰਾ ਨੂੰ ਨਿਰੰਤਰ ਚਲਦੇ ਰੱਖਣਾ ਇਕ ਵੱਡੀ ਚੁਣੌਤੀ ਸਾਬਿਤ ਹੋ ਰਿਹਾ ਸੀ। ਸਿੱਖ ਸੰਸਥਾਵਾਂ ਵੱਲੋਂ ਦੋਵਾਂ ਕਾਰਜਾਂ ਲਈ ਯੋਗਦਾਨ ਪਾਉਣ ਅਤੇ ਇਥੋਂ ਦਾ ਪ੍ਰਬੰਧ ਸੁਚਾਰੂ ਰੂਪ ਵਿਚ ਚੱਲਦੇ ਰੱਖਣ ਲਈ ਨਿਰੰਤਰ ਯਤਨ ਹੋ ਰਹੇ ਸਨ। ਸਿੱਖਾਂ ਦੀ ਵਧੇਰੇ ਵੱਸੋਂ ਦਿੱਲੀ ਤੋਂ ਨਨਕਾਣਾ ਸਾਹਿਬ ਦੇ ਵਿਚਕਾਰ ਮੌਜੂਦ ਸੀ ਅਤੇ ਇਸ ਇਲਾਕੇ ਵਿਚੋਂ ਨਿਕਲਣ ਵਾਲੇ ਅਖ਼ਬਾਰਾਂ ਅਤੇ ਰਸਾਲਿਆਂ ਰਾਹੀਂ ਸਿੱਖਾਂ ਨੂੰ ਦੋਵਾਂ ਕਾਰਜਾਂ ਲਈ ਯੋਗਦਾਨ ਪਾਉਣ ਲਈ ਅਪੀਲ ਕੀਤੀ ਜਾ ਰਹੀ ਸੀ। ਸ਼੍ਰੋਮਣੀ ਕਮੇਟੀ ਦੇ ਮਾਸਿਕ *ਗੁਰਦੁਆਰਾ ਗ਼ਜ਼ਟ* ਰਾਹੀਂ ਅਜਿਹੀ ਇਕ ਅਪੀਲ ਇਸ ਤਰ੍ਹਾਂ ਛਾਪੀ ਗਈ:

> ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਐਲਾਨ ਨੰ: 3 ਮਿਤੀ 22.10.36 ਰਾਹੀਂ ਅਗੇ ਤਖ਼ਤ ਪਟਨਾ ਸਾਹਿਬ ਦੇ ਪ੍ਰਬੰਧ ਲਈ ਨੀਅਤ ਹੋਈ ਕਮੇਟੀ ਦੀ ਬਣਤ੍ਰ ਦਸਦਿਆਂ ਹੋਇਆਂ ਸੰਗਤਾਂ ਪਾਸ ਇਸ ਕਮੇਟੀ ਦੀ ਹਰ ਤਰ੍ਹਾਂ ਨਾਲ ਸਹਾਇਤਾ ਕਰਨ ਲਈ ਬੇਨਤੀ ਕੀਤੀ ਗਈ ਸੀ ਅਤੇ ਖਾਸ ਕਰਕੇ ਲੰਗਰ ਦੀ ਸੇਵਾ ਵੱਲ ਧਿਆਨ ਦਿਵਾਇਆ ਗਿਆ ਸੀ। ਬੜੀ ਖੁਸ਼ੀ ਦੀ ਗੱਲ ਹੈ ਕਿ ਗੁ: ਕਮੇਟੀ ਨਨਕਾਣਾ ਸਾਹਿਬ ਨੇ ਲੰਗਰ ਦੇ ਇਕ ਮਹੀਨੇ ਦਾ ਖਰਚ ਦੇਣਾ ਪ੍ਰਵਾਨ ਕਰ ਲਿਆ ਹੈ। ਗੁ: ਕਮੇਟੀ ਤਰਨਤਾਰਨ ਸਾਹਿਬ ਵੱਲੋਂ ਭੀ ਅਜੇਹੀ ਪ੍ਰਵਾਨਗੀ ਦਾ ਭਰੋਸਾ ਦਿੱਤਾ ਗਿਆ ਹੈ ਅਤੇ ਗੁ: ਕਮੇਟੀ ਪੰਜਾ ਸਾਹਿਬ ਨੇ ਲੰਗਰ ਲਈ ਬਹੁਤ ਸਾਰੇ ਲੋੜੀਂਦੇ ਬਰਤਨ ਦੇ ਦਿੱਤੇ ਹਨ। ਆਸ ਹੈ ਕਿ ਇਸੇ ਤਰ੍ਹਾਂ ਹੋਰ ਗੁ: ਕਮੇਟੀਆਂ ਅਤੇ ਦਾਨੀ ਸੱਜਣ ਲੰਗਰ ਦਾ ਪ੍ਰਬੰਧ ਪੱਕੇ ਪੈਰਾਂ ਤੇ ਕਰ ਦੇਣਗੇ। ਲੋੜ ਹੈ ਕਿ 12 ਅਜੇਹੇ ਦਾਨੀ ਨਿਤਰਨ ਜੋ ਹਰ ਸਾਲ ਲੰਗਰ ਦਾ ਇਕ-ਇਕ ਮਹੀਨੇ ਦਾ ਖਰਚ ਅਰਥਾਤ 250/- ਪ੍ਰਬੰਧਕ ਕਮੇਟੀ ਪਟਨਾ ਸਾਹਿਬ ਨੂੰ ਭੇਜ ਦਿੱਤਾ ਕਰਨ। ਲੰਗਰ ਤੋਂ ਇਲਾਵਾ ਕਮੇਟੀ ਦੇ ਸਾਹਮਣੇ ਵੱਡਾ ਖਰਚ ਇਮਾਰਤ ਦਾ ਹੈ। ਸੰਗਤਾਂ ਜਾਣਦੀਆਂ ਹੀ ਹਨ ਕਿ ਪਿਛਲੇ ਭੁਚਾਲ ਦੇ ਸਮੇਂ ਤੋਂ ਇਮਾਰਤ ਖਸਤਾ ਹਾਲਤ ਵਿਚ ਪਈ ਹੈ।... ਪੂਰਨ ਆਸ ਹੈ ਕਿ ਸੰਗਤਾਂ ਇਸ ਕੰਮ ਲਈ ਵੱਧ ਤੋਂ ਵੱਧ ਮਾਇਆ ਦੇ ਖੁੱਲ੍ਹੇ ਗੱਫੇ ਭੇਜ ਕੇ ਤਖ਼ਤ ਸਾਹਿਬ ਦੀ ਇਮਾਰਤ ਅਜੇਹੀ ਸ਼ਾਨਦਾਰ ਬਨਾਉਣ ਵਿਚ ਸਹਾਈ ਹੋਣਗੀਆਂ ਜਿਹੀ ਕਿ ਇਸ ਪਵਿਤ੍ਰ ਅਸਥਾਨ ਅਤੇ ਮਹਾਨ ਤਖ਼ਤ ਦੀ ਸ਼ਾਨ ਲਈ ਹੋਣੀ ਜ਼ਰੂਰੀ ਹੈ।[45]

ਜਿਹੜੇ ਸਿੱਖ ਯਾਤਰੂ ਇਸ ਅਸਥਾਨ ਦੀ ਯਾਤਰਾ ਕਰਨ ਲਈ ਜਾਂਦੇ ਸਨ, ਉਹਨਾਂ ਦੇ ਮਨ 'ਤੇ ਵੀ ਇਸ ਅਸਥਾਨ 'ਤੇ ਹੋਈ ਭਾਰੀ ਤਬਾਹੀ ਦਾ ਭਾਰੀ ਅਸਰ ਹੁੰਦਾ ਸੀ। ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਅਸਥਾਨ ਹੋਣ ਕਰਕੇ ਮਨ ਵਿਚ ਵਿਚ ਇਹ ਚੀਸ ਉੱਠਦੀ ਸੀ ਕਿ ਇਸ ਦਾ ਤੇਜੀ ਨਾਲ ਪੁਨਰ-ਉਥਾਨ ਕਿਉਂ ਨਹੀਂ ਹੋ ਜਾਂਦਾ। ਖ਼ਾਲਸਾ ਪੰਥ ਦੇ ਬਾਨੀ ਦੇ ਪ੍ਰਕਾਸ਼ ਅਸਥਾਨ ਦੀ ਜਿਹੜੀ ਰੌਣਕ ਭੁਚਾਲ ਤੋਂ ਪਹਿਲਾਂ ਦੇਖੀ ਜਾਂਦੀ ਸੀ, ਉਹ ਛੇਤੀ ਨਾਲ ਵਾਪਸ ਕਿਉਂ ਨਹੀਂ ਆ ਜਾਂਦੀ। ਇਸ ਅਸਥਾਨ ਨੂੰ ਪਹਿਲਾਂ ਦੀ ਤਰ੍ਹਾਂ ਧਾਰਮਿਕ ਅਤੇ ਵਿੱਦਿਅਕ ਕੇਂਦਰ ਦੇ ਰੂਪ ਵਿਚ ਦੇਖਣ ਵਾਲੇ ਇਕ ਯਾਤਰੂ ਦਾ ਹਿਰਦੇ-ਵੇਧਕ ਪੱਤਰ ਅਖ਼ਬਾਰਾਂ ਵਿਚ ਛਪਿਆ ਜਿਸ ਵਿਚ ਪੰਥ ਪਾਸ ਇਹ ਅਪੀਲ ਕੀਤੀ ਗਈ:

> ਪੰਜਾਬੋਂ ਦੂਰ ਹੋਣ ਦੇ ਕਾਰਨ ਪੰਜਾਬ ਦੀਆਂ ਸੰਗਤਾਂ ਦੀ ਧੀਮੀ ਤਵਜੋ ਸ੍ਰੀ ਪਟਨਾ ਸਾਹਿਬ ਤੀਕਰ ਦੇਰ ਨਾਲ ਅਪੜਦੀ ਹੈ। ਇਸੇ ਕਰਕੇ ਹਜ਼ੂਰ ਦੀ ਯਾਦਗਾਰ ਭੁਚਾਲ ਨਾਲ ਖਸਤਾ ਹੋ ਚੁੱਕੀ ਹਰਿਮੰਦਰ ਦੀ ਬਿਲਡਿੰਗ ਤੋਂ ਬਿਨਾਂ ਕੁੱਝ ਭੀ ਨਹੀਂ ਰਹਿ ਗਈ ਹੈ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਜਨਮ ਅਸਥਾਨ ਨਾਲ ਹਜ਼ੂਰ ਦੇ ਕਾਮਯਾਬ ਆਦਰਸ਼, ਜਿਨ੍ਹਾਂ ਦੁਆਰਾ ਪੰਥ ਜਗਤ ਪ੍ਰਸਿੱਧ ਹੈ, ਸੰਬੰਧਤ ਸਨ, ਆਪ ਨੇ ਖਾਲਸੇ ਨੂੰ ਜਿਹਨੀ ਤੌਰ 'ਤੇ ਉੱਚਾ ਕਰਨ ਲਈ ਬੜੇ ਯਤਨ ਕੀਤੇ ਸਨ।... ਮੈਨੂੰ ਇਥੇ (ਪਟਨਾ ਸਾਹਿਬ) ਆਇਆਂ ਚਾਰ ਮਹੀਨੇ ਦਾ ਅਰਸਾ ਹੋ ਗਿਆ ਹੈ। ਜਿਸ ਵੇਲੇ ਕੋਈ ਪੜ੍ਹਿਆ ਲਿਖਿਆ ਸੱਜਣ ਆ ਜਾਵੇ ਐਥੇ ਦੀ ਉਜੜੀ ਹੋਈ ਸੁਹੱਪਣ ਨੂੰ ਦੇਖ ਕੇ ਦਿਲ ਅਤੀ ਦੁਖੀ ਹੁੰਦਾ ਹੈ ਤੇ ਆਪ ਸਾਧਨ-ਹੀਣ ਹੋਣ ਕਰਕੇ ਸ਼ਰਮਿੰਦਾ ਹੋਣਾ ਪੈਂਦਾ ਹੈ। ਪੰਥ ਦੀ ਸੇਵਾ ਵਿਚ ਮੇਰੀ ਸਨਿਮਰ ਬੇਨਤੀ ਹੈ ਕਿ ਇਸ ਪਾਸੇ ਤੁਰਤ ਧਿਆਨ ਦੇਵੇ।[46]

ਦੇਸ਼-ਵਿਦੇਸ਼ ਵਿਚ ਵੱਸਦੀ ਸਮੁੱਚੀ ਸਿੱਖ ਸੰਗਤ 'ਤੇ ਵਿਭਿੰਨ ਸਿੱਖ ਸੰਸਥਾਵਾਂ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਕੀਤੀਆਂ ਗਈਆਂ ਅਪੀਲਾਂ ਦਾ ਭਾਰੀ ਅਸਰ ਹੋਇਆ। ਸਿੱਖ ਸੰਸਥਾਵਾਂ, ਸ਼ਖ਼ਸੀਅਤਾਂ ਅਤੇ ਵੱਡੀ ਪੱਧਰ 'ਤੇ ਆਮ ਸਿੱਖ ਸੰਗਤ ਵੱਲੋਂ ਇਸ ਕਾਰ-ਸੇਵਾ ਵਿਚ ਹਿੱਸਾ ਪਾਉਣਾ ਪੁੰਨ ਦਾ ਕੰਮ ਸਮਝਿਆ ਜਾਣ ਲੱਗਾ। ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਨਵੀਂ ਇਮਾਰਤ ਦੀ ਕਾਰ ਸੇਵਾ ਅਰੰਭ ਕਰਨ ਲਈ ਭਾਰਤ ਦੇ ਹਰ ਕੋਨੇ ਵਿਚ ਵੱਸਦੀ ਸਿੱਖ ਸੰਗਤ ਨੂੰ ਸੱਦਾ ਭੇਜਿਆ ਗਿਆ। ਪੰਜਾਬ ਤੋਂ ਬਹੁਤ ਸਾਰੀ ਸਿੱਖ ਸੰਗਤ ਇਸ ਕਾਰਜ ਵਿਚ ਹਿੱਸਾ ਪਾਉਣ ਲਈ ਗਈ ਸੀ ਜਿਸ ਵਿਚ ਪੰਜਾਬ ਦੇ ਬਹੁਤ ਸਾਰੇ ਸਰਦਾਰ ਅਤੇ ਅਮੀਰ ਘਰਾਣੇ ਸ਼ਾਮਲ ਸਨ। ਪਟਿਆਲੇ ਦੇ ਮਹਾਰਾਜਾ ਯਾਦਵਿੰਦਰ ਸਿੰਘ ਨੂੰ ਇਸ ਕਾਰਜ ਵਿਚ ਸ਼ਾਮਲ ਹੋਣ ਲਈ ਸੱਦਾ ਪੱਤਰ ਭੇਜਿਆ ਗਿਆ ਸੀ। 10 ਨਵੰਬਰ 1954 ਈ. ਨੂੰ ਕਤਕ ਦੀ ਪੂਰਨਮਾਸ਼ੀ ਨੂੰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਤਖ਼ਤ ਪਟਨਾ ਸਾਹਿਬ ਦੀ ਨਵੀਂ

ਇਮਾਰਤ ਦਾ ਨੀਂਹ ਪੱਥਰ ਰੱਖਿਆ ਗਿਆ। ਇਸ ਕਾਰਜ ਨੂੰ ਅਰੰਭ ਕਰਨ ਦੀ ਸੇਵਾ ਪੰਜ ਪਿਆਰਿਆਂ ਨੇ ਨਿਭਾਈ। ਇਸ ਮਹਾਨ ਕਾਰਜ ਦੇ ਅਰੰਭ ਹੋਣ ਸੰਬੰਧੀ ਇਹ ਜਾਣਕਾਰੀ ਮਿਲਦੀ ਹੈ:

> 10 ਨਵੰਬਰ ਨੂੰ ਆਸਾ ਦੀ ਵਾਰ ਦੇ ਕੀਰਤਨ ਪਿਛੋਂ ਗੁਰਪੁਰਬ ਦੀ ਖੁਸ਼ੀ ਵਿਚ ਤਿੰਨ ਅਖੰਡ ਪਾਠਾਂ ਦਾ ਭੋਗ ਪਾਇਆ ਗਿਆ। ਉਪਰੰਤ ਗਿਆਨੀ ਪ੍ਰਤਾਪ ਸਿੰਘ ਜੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਗੁਰੂ ਨਾਨਕ ਦੇਵ ਜੀ ਦੇ ਪਵਿਤ੍ਰ ਜੀਵਨ ਤੇ ਉਦੇਸ਼ ਸੰਬੰਧੀ ਪ੍ਰਭਾਵਸ਼ਾਲੀ ਤਕਰੀਰ ਕੀਤੀ। ਸੰਤ ਨਿਸਚਲ ਸਿੰਘ ਜੀ ਤੇ ਸੰਤ ਗਰੀਬ ਸਿੰਘ ਜੀ ਨੇ ਵੀ ਗੁਰੂ ਸਾਹਿਬ ਦੇ ਮਿਸ਼ਨ ਤੇ ਰੌਸ਼ਨੀ ਪਾਈ। ਉਪਰੰਤ 12 ਵਜੇ ਅਰਦਾਸਾ ਸੋਧ ਕੇ ਅਗੇ ਲਿਖੇ ਪੰਜ ਪਿਆਰਿਆਂ ਸੰਤ ਨਿਸਚਲ ਸਿੰਘ ਜੀ, ਗਿਆਨੀ ਪ੍ਰਤਾਪ ਸਿੰਘ ਜੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸੰਤ ਸਾਹਿਬ ਸਿੰਘ ਜੀ, ਸੰਤ ਨਿਹਾਲ ਸਿੰਘ ਜੀ ਅਤੇ ਸ. ਬੁਧ ਸਿੰਘ ਜੀ ਨੇ ਪੰਥ ਦੇ ਵਾਲੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਜਨਮ ਅਸਥਾਨ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਸੇਵਾ ਅਰੰਭ ਕੀਤੀ। ਉਸ ਤੋਂ ਉਪਰੰਤ ਤਖ਼ਤ ਸਾਹਿਬ ਕਮੇਟੀ ਸ. ਲਖਮੀਰ ਸਿੰਘ ਜੀ, ਸ. ਅਰਜਨ ਸਿੰਘ ਜੀ ਸਕੱਤਰ, ਸ. ਠਾਕਰ ਸਿੰਘ ਜੀ ਕਾਨਪੁਰ, ਮੈਂਬਰ ਗੁ. ਕਮੇਟੀ ਤੇ ਹੋਰ ਮੈਂਬਰ ਸਾਹਿਬਾਨ ਨੇ ਨੀਹਾਂ ਦੀ ਖੁਦਾਈ ਦੀ ਸੇਵਾ ਕੀਤੀ। ਫਿਰ ਹਜ਼ਾਰਾਂ ਸੰਗਤਾਂ ਨੇ ਸੇਵਾ ਵਿਚ ਹਿੱਸਾ ਪਾਇਆ।[47]

ਤਖ਼ਤ ਸ੍ਰੀ ਪਟਨਾ ਸਾਹਿਬ ਦੀ ਨਵੀਂ ਉਸਾਰੀ ਜਾ ਰਹੀ ਇਮਾਰਤ ਨੂੰ ਸੰਪੂਰਨ ਕਰਨ ਲਈ ਭਾਵੇਂ ਕਿ ਸੰਗਤਾਂ ਵਿਚ ਪਹਿਲਾਂ ਹੀ ਬਹੁਤ ਉਤਸ਼ਾਹ ਸੀ ਅਤੇ ਹਰ ਪਾਸਿਉਂ ਮਾਇਕ ਅਤੇ ਹੱਥੀਂ ਸੇਵਾ ਕਰਨ ਵਾਲਿਆਂ ਦੀ ਕੋਈ ਕਮੀ ਨਹੀਂ ਸੀ। ਇਹ ਕਾਰਜ ਸਮੁੱਚੇ ਪੰਥ ਦਾ ਸੀ ਅਤੇ ਹਰ ਇਕ ਸਿੱਖ ਤੱਕ ਨੂੰ ਇਸ ਕਾਰਜ ਵਿਚ ਹਿੱਸਾ ਪਾਉਣ ਅਤੇ ਹਿੱਸਾ ਲੈਣ ਦੀ ਪ੍ਰੇਰਨਾ ਕੀਤੀ ਜਾ ਰਹੀ ਸੀ। ਇਸ ਸੰਬੰਧੀ ਤਖ਼ਤ ਸ੍ਰੀ ਹਰਿਮੰਦਰ ਸਾਹਿਬ ਜੀ ਪਟਨਾ ਸਾਹਿਬ ਦੇ ਪ੍ਰਧਾਨ ਸ. ਲਖਮੀਰ ਸਿੰਘ ਅਤੇ ਆਨਰੇਰੀ ਸਕੱਤਰ ਦੁਆਰਾ ਸੰਗਤ ਨੂੰ ਕੀਤੀ ਗਈ ਇਹ ਅਪੀਲ ਵੀ ਦੇਖਣਯੋਗ ਹੈ[48]:

> ...ਸ੍ਰੀ ਹਰਿਮੰਦਰ ਸਾਹਿਬ 1839 ਵਿਚ ਮਹਾਰਾਜਾ ਰਣਜੀਤ ਸਿੰਘ ਨੇ ਗੁਰੂ ਸਾਹਿਬ ਜੀ ਦੇ ਅਵਤਾਰ ਧਾਰਨ ਦੀ ਜਗ੍ਹਾ ਤੇ ਬਣਾਇਆ ਸੀ। 1934 ਦੇ ਭੁਚਾਲ ਨੇ ਇਸ ਇਮਾਰਤ ਨੂੰ ਵੀ ਬਹੁਤ ਨੁਕਸਾਨ ਪੁਚਾਇਆ। ਉਸ ਵੇਲੇ ਤੋਂ ਲੈ ਕੇ ਅੱਜ ਤੱਕ ਪਵਿਤ੍ਰ ਤਖ਼ਤ ਨੂੰ ਬਨਾਣ ਵਾਸਤੇ ਕਈ ਤਿਆਰੀਆਂ ਕੀਤੀਆਂ ਗਈਆਂ। ਪਰ ਸਭ ਤੋਂ ਪਹਿਲੇ ਸੁਪਰਵਾਈਜ਼ਿੰਗ ਕਮੇਟੀ ਦੇ ਸਾਹਮਣੇ ਸਭ ਤੋਂ ਵੱਡਾ ਮਸਲਾ ਚਾਰ ਚੁਫੇਰੇ ਦੀਆਂ ਇਮਾਰਤਾਂ ਦਾ

> ਆਇਆ। ਜਿਥੇ ਪਹਿਲਾਂ ਟੁੱਟੇ-ਫੁੱਟੇ ਕਚੇ ਮਕਾਨ ਸਨ ਉਥੇ ਹੁਣ ਬਹੁਤ ਵਡੀ ਦੋ ਮੰਜ਼ਲੀ ਇਮਾਰਤ ਹੈ ਜਿਸ ਵਿਚ ਕਿ ਯਾਤਰੂਆਂ ਲਈ ਕਮਰੇ ਹਨ ਅਤੇ ਲੰਗਰ ਵਾਸਤੇ ਅਡ ਥਾਂ ਹੈ ਅਤੇ ਅਧੀ ਜਗਾਹ ਵਿਚ ਗੁਰੂ ਗੋਬਿੰਦ ਸਿੰਘ ਮਾਰਕੀਟ ਹੈ। ਸ੍ਰੀ ਹਰਿਮੰਦਰ ਸਾਹਿਬ ਜੀ ਦੀ ਉਸਾਰੀ ਵਿਚ ਸਭ ਤੋਂ ਵਡਾ ਕੰਮ ਅਜੇ ਤੱਕ ਬਿਲਕੁਲ ਨਾ-ਮੁਕੰਮਲ ਹੈ ਅਤੇ ਹੁਣ ਸਾਰੀ ਰੁਚੀ ਇਸ ਦੀ ਉਸਾਰੀ ਵੱਲ ਲੱਗ ਗਈ ਹੈ। ਇਕ ਬੜੀ ਸੁੰਦਰ ਇਮਾਰਤ, ਜਿਹੜੀ ਕਿ ਗੁਰੂ ਸਾਹਿਬ ਦੀ ਸ਼ਾਨ ਦੇ ਸ਼ਾਇਆਂ ਹੋਵੇਗੀ, ਦੀ ਉਸਾਰੀ ਸਕੀਮ ਬਣਾਈ ਗਈ ਹੈ ਤੇ ਵਾਹਿਗੁਰੂ ਦੀ ਕਿਰਪਾ ਨਾਲ ਇਹ ਨਿਸਚਾ ਕੀਤਾ ਜਾਂਦਾ ਹੈ ਕਿ ਇਹ ਕੰਮ ਸ਼ੀਘਰ ਹੀ ਸਮਾਪਤ ਹੋ ਜਾਵੇਗਾ। 10.11.1954 ਨੂੰ ਸ੍ਰੀ ਸੰਤ ਨਿਸਚਲ ਸਿੰਘ ਜੀ ਅਤੇ ਹੋਰ ਗੁਰਮੁਖ ਪੰਜਾਂ ਪਿਆਰਿਆਂ ਦੀ ਹਥੀਂ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਨਵੀਂ ਇਮਾਰਤ ਦੀ ਉਸਾਰੀ ਦਾ ਅਰੰਭ ਹੋ ਚੁਕਾ ਹੈ। ਇਸ ਇਮਾਰਤ ਦੀ ਸਕੀਮ ਸ. ਕਰਨੈਲ ਸਿੰਘ ਜਨਰਲ ਮੈਨੇਜਰ ਲੋਕੋਮੋਟਿਵ ਵਰਕਸ ਚਿਤਰੰਜਨ ਅਤੇ ਹੋਰ ਮਸ਼ਹੂਰ ਇੰਜਨੀਅਰਾਂ ਨੇ ਪਾਸ ਕੀਤੀ ਹੈ। ਇਸ ਦੇ ਖਰਚ ਦਾ ਅੰਦਾਜ਼ਾ ਦਸ ਲਖ ਰੁਪੈ ਰੁਪੈ ਲਾਇਆ ਗਿਆ ਹੈ। ਕਮੇਟੀ ਸਾਰੇ ਸਜਣਾਂ ਅਗੇ ਮਾਇਆ ਭੇਜਣ ਵਾਸਤੇ ਅਪੀਲ ਕਰਦੀ ਹੈ।

ਤਖ਼ਤ ਪਟਨਾ ਸਾਹਿਬ ਦੀ ਨਵੀਂ ਇਮਾਰਤ

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਨਵੀਂ ਬਣੀ ਇਮਾਰਤ ਦੀ ਕਾਰ ਸੇਵਾ 1957 ਵਿਚ ਸੰਪੂਰਨ ਹੋਈ। ਇਸ ਸ਼ਾਨਦਾਰ ਇਮਾਰਤ ਨੂੰ ਤਿਆਰ ਕਰਨ ਵਿਚ ਸਿੱਖ ਸੰਗਤ ਨੇ ਤਨ, ਮਨ ਅਤੇ ਧਨ ਕਰਕੇ ਯਥਾਯੋਗ ਹਿੱਸਾ ਪਾਇਆ। ਇਸ ਇਮਾਰਤ ਦਾ ਵੇਰਵਾ ਦਿੰਦੇ ਹੋਏ ਦੱਸਿਆ ਗਿਆ ਹੈ:

> ਦਸਮੇਸ਼ ਜੀ ਦੇ ਜਨਮ ਅਸਥਾਨ ਵਾਲਾ ਕਮਰਾ 25×28 ਫੁੱਟ ਦਾ, ਵੱਡਾ ਹਾਲ 48×90 ਫੁੱਟ ਦਾ ਅਤੇ ਅੰਦਰਲੀ ਪਰਿਕਰਮਾ 9 ਫੁੱਟ ਰੱਖੀ ਗਈ ਹੈ। ਮਾਤਾ ਗੁਜਰੀ ਜੀ ਦੀ ਖੂਹੀ ਨੂੰ ਪਰਿਕਰਮਾ ਵਿਚ ਲਿਆਂਦਾ ਗਿਆ ਹੈ। ਵੱਡੇ ਹਾਲ ਦੀਆਂ ਦੋ ਮੰਜ਼ਲਾਂ ਹਨ ਜਿਹੜੀਆਂ ਮੁਕੰਮਲ ਹੋ ਚੁੱਕੀਆਂ ਹਨ। ਜਨਮ ਅਸਥਾਨ ਦੇ ਉਤੇ ਪੰਜ ਮੰਜ਼ਲਾਂ, ਇਕ ਵੱਡਾ ਗੁੰਬਦ, ਕੁੱਝ ਛੋਟੇ ਗੁੰਬਦ, ਝਰੋਖੇ ਤੇ ਝਰਨੇ ਆਦਿਕ ਹੋਣਗੇ। ਇਨ੍ਹਾਂ ਵਿਚੋਂ ਤਿੰਨ ਮੰਜ਼ਲਾਂ ਮੁਕੰਮਲ ਹੋਣ ਵਾਲੀਆਂ ਹਨ। ਦੋ ਬਣਨੀਆਂ ਬਾਕੀ ਹਨ। ਪੱਚੀ ਫੁੱਟ ਡੂੰਘੀਆਂ ਤੇ ਦਸ ਫੁੱਟ ਚੌੜੀਆਂ ਨੀਹਾਂ ’ਤੇ ਇਸ ਇਮਾਰਤ ਦੀ ਉਸਾਰੀ ਕੀਤੀ ਗਈ ਹੈ। ਇਸ ’ਤੇ ਕੁੱਲ ਖਰਚ ਦਾ ਅੰਦਾਜ਼ਾ 13 ਲੱਖ ਰੁਪਏ ਹੈ ਜਿਸ ਵਿਚੋਂ 4 ਲੱਖ ਰੁਪਏ ਦੇ ਲਗਪਗ ਖਰਚ ਹੋ ਚੁੱਕੇ ਹਨ।[49]

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਅਵਤਾਰ ਪੁਰਬ ਦੇ ਅਵਸਰ ਪਰ 29 ਦਸੰਬਰ 1957 ਨੂੰ ਪਟਿਆਲਾ ਦੇ ਮਹਾਰਾਜਾ ਯਾਦਵਿੰਦਰ ਸਿੰਘ, ਪਟਿਆਲਾ ਨੇ ਇਸ ਦਾ ਉਦਘਾਟਨ ਕੀਤਾ। ਇਸ ਸੰਬੰਧੀ ਤਖ਼ਤ ਸਾਹਿਬ ਦੇ ਬਾਹਰ ਦੀਵਾਰ 'ਤੇ ਲੱਗੇ ਹੋਏ ਸੰਗਮਰਮਰ ਦੇ ਇਕ ਪੱਥਰ 'ਤੇ ਲਿਖਿਆ ਹੋਇਆ ਹੈ:

ਦੇਗ ਤੇਗ ਫਤੇ ਦੇਗ ਤੇਗ ਫਤੇ

ੴ ਸਤਿਗੁਰ ਪ੍ਰਸਾਦਿ
ਸ੍ਰੀ ਤਖਤ ਹਰਿਮੰਦਰ ਜੀ ਪਟਨਾ ਸਾਹਿਬ ਦੇ
ਪਵਿਤ੍ਰ ਹਾਲ ਦਾ ਉਦਘਾਟਨ ਗੁਰੂ ਘਰ ਦੇ
ਸਤਿਕਾਰੇ ਸ੍ਰੀ ਮਹਾਰਾਜਾ ਯਾਦੇਵਿੰਦਰ ਸਿੰਘ ਜੀ
ਸਾਹਿਬ, ਮਹਿੰਦਰ ਬਹਾਦੁਰ ਮਹਾਰਾਜਾ ਸਾਹਿਬ
ਪਟਿਆਲਾ ਨੇ, ਦਸਮੇਸ਼ ਸਤਿਗੁਰੂ
ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ
ਪਵਿਤ੍ਰ ਪ੍ਰਕਾਸ਼ ਉਤਸਵ ਦਿਵਸ
ਪੋਹ ਸੁਦੀ ਸਪਤਮੀ ਸੰਮਤ 2014 ਮੁਤਾਬਕ
28 ਦਸੰਬਰ 1957 ਨੂੰ ਕੀਤਾ

ਅਤੇ

ਮਹਾਰਾਜਾ ਸਾਹਿਬ ਬਹਾਦੁਰ ਵਲੋ
100000/- ਇਕ ਲਖ ਰੁਪਈਆ
ਸੇਵਾ ਲਈ ਭੇਟ ਕੀਤਾ ਗਿਆ।

ਇਸ ਮੌਕੇ ਆਯੋਜਿਤ ਕੀਤੇ ਗਏ ਸਮਾਗਮ ਦੀ ਪ੍ਰਧਾਨਗੀ ਡਾ. ਜ਼ਾਕਿਰ ਹੁਸੈਨ, ਗਵਰਨਰ ਬਿਹਾਰ, ਨੇ ਕੀਤੀ ਅਤੇ ਰੇਲ ਮੰਤਰੀ ਜਗਜੀਵਨ ਰਾਮ, ਗਯਾਨੀ ਕਰਤਾਰ ਸਿੰਘ ਮਾਲ ਮੰਤਰੀ ਪੰਜਾਬ, ਸ. ਹੁਕਮ ਸਿੰਘ ਡਿਪਟੀ ਸਪੀਕਰ ਤੇ ਸਰਦਾਰ ਸੁਰਜੀਤ ਸਿੰਘ ਮਜੀਠੀਆ ਨੇ ਤਕਰੀਰਾਂ ਕੀਤੀਆਂ।[50]

1957 ਵਿਚ ਤਿਆਰ ਹੋਈ ਇਸ ਇਮਾਰਤ ਦੀਆਂ ਪੰਜ ਮੰਜ਼ਿਲਾਂ ਹਨ। ਜ਼ਮੀਨੀ ਮੰਜ਼ਲ ਤੇ ਦਰਬਾਰ ਹਾਲ ਹੈ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸ੍ਰੀ ਦਸਮ ਗ੍ਰੰਥ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਹੈ। ਜਿਸ ਅਸਥਾਨ 'ਤੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਹੋਇਆ ਸੀ, ਉਥੇ ਇਕ ਸੰਗਮਰਮਰ ਦਾ ਪੱਥਰ ਲੱਗਿਆ ਹੈ। ਪਰਿਕਰਮਾ ਕਰਦੇ ਹੋਏ ਸੰਗਤ ਜਦੋਂ ਪ੍ਰਕਾਸ਼ ਅਸਥਾਨ ਦੇ ਪਿਛਲੇ ਪਾਸੇ ਜਾਂਦੀ ਹੈ ਤਾਂ ਸ਼ੀਸ਼ੇ ਵਿਚੋਂ ਇਸ ਪੱਥਰ 'ਤੇ ਨਜ਼ਰ ਪੈਂਦੀ ਹੈ, ਜਿਸ 'ਤੇ ਲਾਲ ਰੰਗ ਨਾਲ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਅਸਥਾਨ 'ਤੇ ਪ੍ਰਕਾਸ਼ ਹੋਣ ਅਤੇ ਮਹਾਰਾਜਾ ਰਣਜੀਤ ਸਿੰਘ ਦੁਆਰਾ ਇਸ ਦੀ ਸੇਵਾ ਕਰਾਉਣ ਸੰਬੰਧੀ ਇਹ ਜਾਣਕਾਰੀ ਦਿੱਤੀ ਗਈ ਹੈ:

> ਇਹ ਮਹਾਨ ਪਵਿੱਤਰ ਅਸਥਾਨ ਪਹਿਲਾਂ ਸਾਲਿਸ ਰਾਏ ਜੌਹਰੀ ਦੀ ਹਵੇਲੀ (ਘਰ) ਸੀ। ਗੁਰੂ ਨਾਨਕ ਦੇਵ ਜੀ ਨੇ ਪਹਿਲੀ ਉਦਾਸੀ ਸਮੇਂ ਇਥੇ ਹੀ ਸਿੱਖੀ ਪ੍ਰਚਾਰ ਦੀ ਪਹਿਲੀ ਮੰਜੀ ਬਖਸ਼ੀ। ਇਸ ਅਸਥਾਨ ਤੇ ਸਿੱਖੀ ਪ੍ਰਚਾਰ ਦਾ ਪਹਿਲਾ ਵੱਡਾ ਕੇਂਦਰ ਕਾਇਮ ਕੀਤਾ। ਗੁਰੂ ਤੇਗ ਬਹਾਦਰ ਜੀ ਸੰਮਤ ਬਿਕਰਮੀ 1722 ਜੇਠ ਸੁਦੀ ਏਕਮ ਨੂੰ ਇਥੇ ਆਏ। ਇਸ ਅਸਥਾਨ ਦਾ ਨਾਮ ਪੂਰਬ ਕੀ ਸੰਗਤ ਸੀ। ਇਸ ਅਸਥਾਨ ਤੇ ਪੋਹ ਸੁਦੀ ਸਤਵੀ ਸੰ: ਬਿ: 1723 ਨੂੰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਜਨਮ ਹੋਇਆ। ਤਖਤ ਸ੍ਰੀ ਹਰਿਮੰਦਰ ਜੀ ਦੀ ਦੂਜੀ ਵਾਰ ਟਹਿਲ ਮਹਾਰਾਜਾ ਰਣਜੀਤ ਸਿੰਘ ਨੇ ਇਕ ਹਾੜ ਸੰ: ਬਿ: 1896 ਵਿਚ ਕਰਵਾਈ। ਤੀਜੀ ਵਾਰ ਪੋਹ ਸੁਦੀ ਸਤਵੀਂ ਸੰ: ਬਿ: 2014 ਨੂੰ ਤਖਤ ਸਾਹਿਬ ਜੀ ਦੀ ਤਿਆਰ ਹੋਈ ਇਮਾਰਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਇਆ।

ਦਰਬਾਰ ਹਾਲ ਵਿਚ ਪ੍ਰਕਾਸ਼ ਅਸਥਾਨ ਦੇ ਸੱਜੇ ਪਾਸੇ ਮਾਤਾ ਗੁਜਰੀ ਜੀ ਦਾ ਇਕ ਖੂਹ ਹੈ ਜਿਸਦੇ ਜਲ ਨਾਲ ਪਹਿਲੇ ਪਹਿਰ ਤਖ਼ਤ ਸਾਹਿਬ ਨੂੰ ਇਸ਼ਨਾਨ ਕਰਾਇਆ ਜਾਂਦਾ ਹੈ। ਗੁਰੂ ਤੇਗ਼ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਨਿਸ਼ਾਨੀਆਂ, ਹੁਕਮਨਾਮੇ ਆਦਿ ਸੰਭਾਲ ਕੇ ਰੱਖੇ ਹੋਏ ਹਨ। ਕੇਂਦਰੀ ਪਵਿੱਤਰ ਅਸਥਾਨ ਦੇ ਚਾਰ-ਚੁਫ਼ੇਰੇ ਚਾਰ ਦਰਵਾਜ਼ੇ ਲੱਗੇ ਹੋਏ ਹਨ ਜਿੰਨ੍ਹਾਂ ਨੂੰ ਬਾਹਰੋਂ ਸੋਨੇ ਅਤੇ ਅੰਦਰੋਂ ਚਾਂਦੀ ਨਾਲ ਸਜਾਇਆ ਹੋਇਆ ਹੈ। ਸਿੰਘ ਸਾਹਿਬਾਨ ਅਤੇ ਡਿਊਟੀ ਵਾਲੇ ਸੇਵਾਦਾਰਾਂ ਤੋਂ ਇਲਾਵਾ ਹੋਰ ਕਿਸੇ ਆਮ ਵਿਅਕਤੀ ਦੇ ਇਸ ਅਸਥਾਨ ’ਤੇ ਜਾਣ ਦੀ ਮਨਾਹੀ ਹੈ। ਸਵੇਰੇ-ਸ਼ਾਮ ਗੁਰਬਾਣੀ ਕੀਰਤਨ ਦਾ ਸਿੱਧਾ ਪ੍ਰਸਾਰਨ ਹੁੰਦਾ ਹੈ। ਗਰਮੀ ਅਤੇ ਸਰਦੀ ਦੇ ਮੌਸਮ ਅਨੁਸਾਰ ਛੇ ਮਹੀਨੇ ਪਿਛੋਂ ਅੱਧੇ ਘੰਟੇ ਦਾ ਫਰਕ ਰੱਖਿਆ ਜਾਂਦਾ ਹੈ। ਦਰਬਾਰ ਹਾਲ ਵਿਚ ਵੱਡੀ ਗਿਣਤੀ ਸੰਗਤ ਦੇ ਬੈਠਣ ਲਈ ਸੁਖਾਵਾਂ ਪ੍ਰਬੰਧ ਹੈ। ਦਰਬਾਰ ਹਾਲ ਵਿਚ ਲਗਾਏ ਗਏ ਦੋ ਵੱਡੇ ਪੱਖੇ ਸੰਗਤ ਦੀ ਖਿੱਚ ਦਾ ਕਾਰਨ ਬਣਦੇ ਹਨ। ਛੱਤ ਉਤੇ ਬਹੁਤ ਹੀ ਮਹਿੰਗੀ ਅਤੇ ਦਿਲ-ਖਿਚਵੀਂ ਮੀਨਾਕਾਰੀ ਕੀਤੀ ਗਈ ਹੈ। ਇਸ ਮੀਨਾਕਾਰੀ ਵਿਚ ਕੁਦਰਤ ਨਾਲ ਸੰਬੰਧਿਤ ਫੁੱਲ-ਪੱਤੀਆਂ ਅਤੇ ਜਾਨਵਰਾਂ ਦੇ ਚਿੱਤਰ ਮੌਜੂਦ ਹਨ ਜਿਵੇਂ ਹਾਥੀ, ਘੋੜੇ, ਸ਼ੇਰ, ਮੋਰ, ਸੱਪ ਆਦਿ। ਦੀਵਾਰਾਂ ’ਤੇ ਲੱਗੇ ਹੋਏ ਕੀਮਤੀ ਸੰਗਮਰਮਰ ’ਤੇ ਵੀ ਕੁਦਰਤ ਦੇ ਰੰਗਾਂ ਦਾ ਪ੍ਰਗਟਾਵਾ ਕਰਦੀਆਂ ਵੇਲ-ਬੂਟੀਆਂ ਅਤੇ ਜਾਨਵਰਾਂ ਦੇ ਚਿੱਤਰ ਬਣੇ ਹੋਏ ਹਨ। ਅਧਿਆਤਮਿਕ ਰੰਗ ਵਿਚ ਰੰਗਿਆ ਹੋਇਆ ਏਅਰ ਕੰਡੀਸ਼ਨਡ ਦਰਬਾਰ ਹਾਲ ਅੰਮ੍ਰਿਤ ਵੇਲੇ ਤੋਂ ਲੈ ਕੇ ਸਮਾਪਤੀ ਤੱਕ ਸੰਗਤ ਦੀ ਖਿੱਚ ਦਾ ਕੇਂਦਰ ਬਣਿਆ ਰਹਿੰਦਾ ਹੈ। ਤਖ਼ਤ ਸਾਹਿਬ ਦੀ ਦੂਜੀ ਮੰਜ਼ਿਲ ’ਤੇ ਅਖੰਡ ਪਾਠ ਸਾਹਿਬ ਰੱਖੇ ਜਾਂਦੇ ਹਨ ਅਤੇ ਇਸ ਤੋਂ ਉਪਰਲੀਆਂ ਮੰਜ਼ਿਲਾਂ ’ਤੇ ਆਮ ਸੰਗਤ ਦੇ ਜਾਣ ਦੀ ਮਨਾਹੀ ਹੈ। ਇਸ ਤੋਂ ਉਪਰਲੀਆਂ ਮੰਜ਼ਿਲਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੁਰਤਾਨ ਸਰੂਪ ਸੰਭਾਲ ਕੇ ਰੱਖੇ ਹੋਏ ਹਨ। ਇਸ ਤੋਂ ਇਲਾਵਾ ਦਰਬਾਰ

ਹਾਲ ਦੇ ਹੇਠਾਂ ਬੇਸਮੈਂਟ ਹੈ ਜਿਹੜੀ ਕਿ ਅਕਸਰ ਬੰਦ ਰਹਿੰਦੀ ਹੈ।

ਤਖ਼ਤ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਪਰਿਕਰਮਾ ਨੂੰ ਖੁੱਲ੍ਹਾ ਕਰਨ, ਸੰਗਤ ਦੀ ਸੁਵਿਧਾ ਲਈ ਸਰਾਵਾਂ ਦੀ ਉਸਾਰੀ ਕਰਨ ਅਤੇ ਇਸ ਦੇ ਆਲੇ ਦੁਆਲੇ ਨੂੰ ਹੋਰ ਵਧੇਰੇ ਸੁੰਦਰ ਬਣਾਉਣ ਲਈ ਵਿਸਤ੍ਰਿਤ ਯਤਨ ਕੀਤੇ ਗਏ ਹਨ। ਮੁੱਖ ਦਰਵਾਜ਼ੇ ਵੱਲੋਂ ਪ੍ਰਵੇਸ਼ ਕਰਦਿਆਂ ਸਾਹਮਣੇ ਇਕ ਛੋਟੀ ਜਿਹੀ ਪੁਰਾਤਨ ਡਿਊੜ੍ਹੀ ਬਚੀ ਹੋਈ ਹੈ ਜਿਸ 'ਤੇ ਇਹ ਅੱਖਰ ਉਕਰੇ ਹੋਏ ਹਨ—"ਪ੍ਰਥਮ ਦਰਸਨੀ ਡਿਉਢੀ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਸੰਮਤ 1722 ਨੂੰ ਪ੍ਰਵਾਰ ਸਹਿਤ ਇਸ ਰਸਤੇ ਪ੍ਰਵੇਸ ਕੀਤਾ।"

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਇਮਾਰਤ ਭਾਵੇਂ ਕਿ 1957 ਵਿਚ ਤਿਆਰ ਹੋ ਗਈ ਸੀ ਪਰ ਇਸ ਦੇ ਬਾਹਰੀ ਦਰਵਾਜ਼ਿਆਂ ਤੇ ਸੰਗਮਰਮਰ ਲਗਾਉਣ ਦੀ ਸੇਵਾ ਬਾਅਦ ਵਿਚ ਕੀਤੀ ਗਈ ਹੈ। ਇਸ ਦਾ ਪ੍ਰਮਾਣ 1959 ਵਿਚ ਹੋਈ ਤਖ਼ਤ ਸ੍ਰੀ ਪਟਨਾ ਸਾਹਿਬ ਕਮੇਟੀ ਦੀ ਮੀਟਿੰਗ ਦੀ ਕਾਰਵਾਈ ਤੋਂ ਮਿਲਦਾ ਹੈ। ਇਸ ਵਿਚ ਸੰਗਤ ਨੂੰ ਅਪੀਲ ਕੀਤੀ ਗਈ ਹੈ:

> ਤਖ਼ਤ ਸ੍ਰੀ ਪਟਨਾ ਸਾਹਿਬ ਜਨਮ ਅਸਥਾਨ ਦੀ ਇਮਾਰਤ ਦਾ ਕੰਮ ਬਹੁਤ ਹਦ ਤੱਕ ਹੋ ਚੁੱਕਾ ਹੈ। ਸੰਗਮਰਮਰ ਦੀ ਜੜ੍ਹਤ ਦਾ ਕੰਮ ਹਥ ਵਿਚ ਹੈ। ਅੱਜ ਤੱਕ ਲਗਪਗ 11 ਲੱਖ ਰੁਪਿਆ ਖਰਚ ਹੋ ਚੁਕਾ ਹੈ ਅਤੇ ਅਜੇ 3 ਲਖ ਰੁਪੈ ਦੇ ਹੋਰ ਖਰਚ ਦੀ ਸੰਭਾਵਨਾ ਹੈ। ਇਸ ਵਕਤ ਸੰਗਮਰਮਰ ਲੱਗ ਰਿਹਾ ਹੈ। ਸੰਗਤਾਂ ਅਗੇ ਸਨਿਮਰ ਪ੍ਰਾਰਥਨਾ ਹੈ ਕਿ ਹੁਣ ਸੰਗਮਰਮਰ ਅਤੇ ਗੁੰਬਜ਼ਾਂ ਦੀਆਂ ਸੇਵਾ ਲੈ ਕੇ ਸਤਿਗੁਰੂ ਕਲਗੀਆਂ ਵਾਲੇ ਦੀਆਂ ਖੁਸ਼ੀਆਂ ਪ੍ਰਾਪਤ ਕਰਨ। ਸੰਗਮਰਮਰ ਇਮਾਰਤ ਦੇ ਚੌਤਰਫੀਂ 15 ਫੁਟ ਦੀ ਉਚਾਈ ਤੱਕ ਲਗੇਗਾ। ਬਾਹਰਲੀ ਪ੍ਰਕਰਮਾ ਦੇ ਫ਼ਰਸ਼ ਅਤੇ ਸੰਗਮਰਮਰ ਦੀ ਰੇਲਿੰਗ ਦੀ ਸੇਵਾ ਵੀ ਅਜੇ ਬਾਕੀ ਹੈ। ਅੰਦਰਲੇ ਸਾਹਮਣੇ ਮੱਥੇ ਦੀ ਸੰਗਮਰਮਰ ਦੀ ਸੇਵਾ ਭੀ ਅਜੇ ਬਾਕੀ ਹੈ। ਜਿਸਦੇ ਖਰਚ ਦਾ ਤਖਮੀਨਾ ਲਗਪਗ ਪੰਜਾਹ ਹਜ਼ਾਰ ਰੁਪੈ ਹੈ। ਗੁੰਬਜ਼ਾਂ ਦੇ ਕਲਸਾਂ ਤੇ ਸੋਨੇ ਦੀ ਸੇਵਾ ਭੀ ਬਾਕੀ ਹੈ। ਅਜਿਹੇ ਸੇਵਾ ਕੁੰਭ ਤੇ ਸ਼ੁਭ ਅਵਸਰ ਭਾਗਾਂ ਨਾਲ ਹੀ ਪ੍ਰਾਪਤ ਹੁੰਦੇ ਹਨ। ਖ਼ਾਲਸਾ ਜੀ, ਇਸ ਸਮੇਂ ਨੂੰ ਹਥੋਂ ਨਾ ਗਵਾਓ, ਹੰਭਲਾ ਮਾਰੋ ਤੇ ਖੁਲੇ ਅਰਦਾਸੇ ਕਰਾ ਕੇ ਇਹਨਾਂ ਸਾਰੇ ਕੰਮਾਂ ਨੂੰ ਸਿਰੇ ਚੜ੍ਹਾ ਕੇ ਲੋਕ ਪਰਲੋਕ ਸੁਹੇਲੇ ਕਰੋ।[51]

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਨਵੀਂ ਇਮਾਰਤ ਸੰਗਤ ਲਈ ਖਿੱਚ ਦਾ ਕੇਂਦਰ ਬਣੀ। ਦੂਰ-ਨੇੜਿਓਂ ਸੰਗਤ ਇਸ ਦੇ ਦਰਸ਼ਨ ਕਰਨ ਲਈ ਆਉਣ ਲੱਗੀ। ਇਸ ਇਮਾਰਤ ਨੂੰ ਦੇਖ ਕੇ ਕੁੱਝ ਇਕ ਯਾਤਰੂਆਂ ਦੇ ਵਿਚਾਰ ਇਸ ਤਰ੍ਹਾਂ ਸਨ[52]:

19.10.1958 I am most grateful to the office for kindly showing me round and explaining things to me. Miss V. Pai, Asstt. Dirctor, Govt. of India Tourist Office, Calcutta.

12.2.1959 Most impressed by this magnificient temple and the atmosphere of nicer worship. Mr. Foaliun Kemfman German Consulate General Calcutta.

13.2.1959 The temple is one of the famous and after Golden Temple Amritsar is its the wonderful temple. Mr. N. Vrnr Veid, The Alsi, Switzerland.

7.3.1959 I esteem very highly the Sikh religion which, I have studied with great thankfulness. It helps to realize the idea of brotherhood of whole mankind with the Sikh Khalsa. Prof. Friedrick Leiler, University of Marburg Lohn, Germany.

7.6.1959 I consider it a privilige to pay my respects to one of the greatest son of Mother India, Guru Gobind Singh Maharaj. The new hall of the great Gurdwara is an example of voluntary labour (Sharmdan) in a sacred cause. This example is worthy of being followed both by the Sikh community and other countrymen in the cause of the huge task of nation building. Ram Narain Chowdhary, Information Secretary B.S.S., New Delhi.

16.7..1959 I have been privileged to see this wonderful Gurdwara which is being newly built of this holy place which has become much famous because Guru Gobind Singh has born here. This temple is a fine example of the united efforts of the followers of Guru and every inch of it shows high standard of artistic skill. It is as good as any other seen in Punjab and is even better in some respects. May this temple help to spread the teachings of Guru. Mr. Radhakrishanan, *Editor, Indian Public Journal* Delhi.

1.9.1959 We come here and have taken the Daeshan of Gurdwara Sahib. It is a marvelous building and we had Atma Shanti.

24.9.1959 I was fortunate enough to have darshan of the holy Gurdwara for the first time. S. Gurbax Singh very ably explained everything to us. Major General P.S. Chowdhary, 1, Janpath, New Delhi.

5.10.1959 I with the party stayed at Sri Gurdwara for the night and were looked after by the management with all courtesy and care. In the morning all of us attended the gathering in the Asthan and were very please and imressive by the hymn of Gurbani. S.D. Khorana with Profs., B.S. Dil, S.R. Nayyer and Party of 24 students, Govt. College, Chandigarh.

14.10.1959 I came to Patna city Gurdwara more as a pilgrimage that a causal visitor for sight seeing for the sacred birth place of Guru Gobind Singh has got its own fashivation and importance for the Indians. I was highly impressed by the perfect way in which the place is being looked after by the self-less workers. M. Chowdhary Boring Road, Patna.

ਤਖ਼ਤ ਸ੍ਰੀ ਪਟਨਾ ਸਾਹਿਬ ਦੀ ਨਵੀਂ ਇਮਾਰਤ ਤਿਆਰ ਹੋਣ ਨਾਲ ਇਸ ਦਾ ਗੌਰਵ ਦੂਰ-ਦੂਰ ਤੱਕ ਫੈਲਣ ਲੱਗਿਆ। ਇਸੇ ਦੌਰਾਨ ਇਥੋਂ ਦੇ ਪ੍ਰਬੰਧਕਾਂ ਦੇ ਮਨ ਵਿਚ ਇਹ ਵਿਚਾਰ ਕੰਮ ਕਰ ਰਿਹਾ ਸੀ ਕਿ ਜਿਵੇਂ ਪਹਿਲਾਂ ਇਸ ਅਸਥਾਨ ਨੂੰ ਗੁਰਮਤਿ ਵਿੱਦਿਆ ਦੇ ਕੇਂਦਰ ਵੱਜੋਂ ਜਾਣਿਆ ਜਾਂਦਾ ਹੈ, ਉਸੇ ਦ੍ਰਿਸ਼ਟੀ ਤੋਂ ਇਥੇ ਕੁੱਝ ਅਜਿਹੇ ਕਾਰਜ ਅਰੰਭ ਕੀਤੇ ਜਾਣ ਜਿਹੜੇ ਸੰਗਤ ਲਈ ਰੁਚੀ ਅਤੇ ਵਿੱਦਿਆ ਪ੍ਰਦਾਨ ਕਰਨ ਵਾਲੇ ਹੋਣ। ਲਾਇਬ੍ਰੇਰੀ ਅਤੇ ਅਜਾਇਬ ਘਰ ਦੇ ਨਾਲ-ਨਾਲ ਸਕੂਲ ਅਤੇ ਕਾਲਜ ਖੋਲਣ ਦਾ ਰੁਝਾਨ ਪੈਦਾ ਹੋਇਆ। ਇਕ ਮਾਸਿਕ ਪੱਤ੍ਰਿਕਾ *ਗੋਬਿੰਦ ਪ੍ਰਕਾਸ਼* ਨਿਰੰਤਰ ਜਾਰੀ ਹੋਣ ਲੱਗੀ ਅਤੇ ਤਖ਼ਤ ਸਾਹਿਬ ਤੋਂ ਗ਼ਰੀਬ ਅਤੇ ਲਾਇਕ ਵਿਦਿਆਰਥੀਆਂ ਲਈ ਵਜ਼ੀਫ਼ੇ ਅਰੰਭ ਹੋਏ। ਇਹ ਸਭ ਗਤੀਵਿਧੀਆਂ ਤਤਕਾਲੀ ਪ੍ਰਬੰਧਕਾਂ ਦੀ ਦੂਰ-ਅੰਦੇਸ਼ੀ ਦਾ ਨਤੀਜਾ ਸਨ। ਨਵੰਬਰ 1984 ਦੀ ਘਟਨਾ ਨੇ ਸਮੂਹ ਆਸਾਂ ’ਤੇ ਪਾਣੀ ਫੇਰ ਦਿੱਤਾ। ਪਰ ਛੇਤੀ ਹੀ ਬਿਹਾਰ ਦੇ ਸਿੱਖ ਆਪਣੇ ਪੈਰਾਂ ’ਤੇ ਖੜੇ ਹੋ ਗਏ ਅਤੇ ਸਭ ਦਾ ਧਿਆਨ ਤਖ਼ਤ ਸ੍ਰੀ ਪਟਨਾ

ਸਾਹਿਬ ਦੀ ਪੁਰਾਤਨ ਸ਼ਾਨ ਨੂੰ ਬਹਾਲ ਕਰਨ ਵਿਚ ਲੱਗ ਗਿਆ।

ਤਖ਼ਤ ਸ੍ਰੀ ਪਟਨਾ ਸਾਹਿਬ ਨੂੰ ਮੌਜੂਦਾ ਸਥਿਤੀ ਤੱਕ ਪਹੁੰਚਣ ਵਿਚ ਬਹੁਤ ਸਮਾਂ ਲੱਗਿਆ ਹੈ। ਅਨੇਕਾਂ ਉਤਰਾਅ-ਚੜਾਅ ਇਸ ਅਸਥਾਨ ਨੇ ਦੇਖੇ ਹਨ। ਇਸ ਸੰਬੰਧੀ ਕੁੱਝ ਸ਼ਖ਼ਸੀਅਤਾਂ ਦੇ ਵਿਚਾਰ ਇਸ ਤਰ੍ਹਾਂ ਹਨ:

ਭਾਈ ਰਾਜਿੰਦਰ ਸਿੰਘ ਜੀ: ਇਹ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਮੌਜੂਦਾ ਮੁੱਖ ਗ੍ਰੰਥੀ ਹਨ। ਸਵੇਰ ਵੇਲੇ ਦਸਮ ਗ੍ਰੰਥ ਜੀ ਦੀ ਬੀੜ ਵਿਚੋਂ ਵਿਚੋਂ ਵਾਕ ਲੈਣ ਦੀ ਜ਼ਿੰਮੇਵਾਰੀ ਨਿਯਮ ਅਨੁਸਾਰ ਨਿਭਾਉਂਦੇ ਹਨ। ਭਾਈ ਮਾਨ ਸਿੰਘ ਜੀ ਦੇ ਸਮੇਂ ਇਹ ਤਖ਼ਤ ਸ੍ਰੀ ਪਟਨਾ ਸਾਹਿਬ ਜੀ ਦੀ ਸੇਵਾ ਵਿਚ ਆਏ ਸਨ ਅਤੇ ਲੰਮੇ ਸਮੇਂ ਤੋਂ ਇਸ ਅਸਥਾਨ ਦੀ ਸੇਵਾ ਨਿਭਾ ਰਹੇ ਹਨ। ਇਹਨਾਂ ਦੱਸਿਆ ਕਿ ਭਾਈ ਮਾਨ ਸਿੰਘ ਬਹੁਤ ਸ਼ਾਂਤ ਸੁਭਾਅ ਸ਼ਖ਼ਸੀਅਤ ਸਨ ਅਤੇ ਬੱਚਿਆਂ ਨਾਲ ਬਹੁਤ ਪਿਆਰ ਕਰਦੇ ਸਨ। 1984 ਤੋਂ ਪਹਿਲਾਂ ਵੱਡੀ ਗਿਣਤੀ ਸਿੱਖ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਹਾਜ਼ਰੀ ਭਰਦੇ ਸਨ ਪਰ ਫਿਰ ਸੰਗਤ ਬਹੁਤ ਘੱਟ ਗਈ। ਗਿਆਨੀ ਇਕਬਾਲ ਸਿੰਘ ਜਥੇਦਾਰ ਬਣੇ ਤਾਂ ਪ੍ਰਚਾਰ ਲਈ ਬਾਹਰ ਜਾਣ ਲੱਗੇ ਅਤੇ ਸੰਗਤ ਪਟਨਾ ਸਾਹਿਬ ਆਉਣ ਲੱਗੀ। ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਪੁਰਬ ਉਪਰੰਤ ਵੱਡੀ ਗਿਣਤੀ ਸੰਗਤ ਹਾਜ਼ਰੀ ਭਰਨ ਲੱਗੀ ਹੈ। ਤਖ਼ਤ ਸਾਹਿਬ 'ਤੇ ਪੁਰਾਤਨ ਪਰੰਪਰਾ ਅਨੁਸਾਰ ਆਰਤੀ ਕੀਤੀ ਜਾਂਦੀ ਹੈ ਜਿਸ ਨੂੰ ਬੰਦ ਕਰਵਾਉਣ ਦਾ ਯਤਨ ਕੀਤਾ ਗਿਆ ਸੀ ਪਰ ਅਦਾਲਤ ਦੇ ਹੁਕਮ ਨਾਲ ਉਸ ਨੂੰ ਰੋਕ ਦਿੱਤਾ ਗਿਆ ਹੈ। ਤਖ਼ਤ ਸਾਹਿਬ ਦੀ ਰੌਣਕ ਵਾਪਸ ਪਰਤੀ ਹੈ ਜਿਹੜੀ ਕਿ ਇਸ ਅਸਥਾਨ ਦੀ ਚੜ੍ਹਦੀਕਲਾ ਦਾ ਪ੍ਰਤੀਕ ਹੈ।

ਸ. ਮਹਿੰਦਰਪਾਲ ਸਿੰਘ ਢਿੱਲੋਂ: ਇਹ ਪਟਨਾ ਸਾਹਿਬ ਦੇ ਹੀ ਜੰਮਪਲ ਹਨ, ਟਰਾਂਸਪੋਰਟ ਦਾ ਕਾਰੋਬਾਰ ਕਰਦੇ ਹਨ। ਲਗਪਗ 68 ਸਾਲ ਤੋਂ ਇਥੇ ਹੀ ਨਿਵਾਸ ਕਰ ਰਹੇ ਹਨ। ਇਹਨਾਂ ਦੇ ਪਿਤਾ ਸ. ਬਖ਼ਸ਼ੀਸ਼ ਸਿੰਘ ਢਿੱਲੋਂ ਅਤੇ ਵੱਡਾ ਭਰਾ ਸ. ਤੇਜਿੰਦਰਪਾਲ ਸਿੰਘ ਢਿੱਲੋਂ ਵੀ ਇਥੋਂ ਦੀ ਪ੍ਰਬੰਧਕ ਕਮੇਟੀ ਦੇ ਵਿਚ ਸੇਵਾ ਕਰ ਚੁੱਕੇ ਹਨ। ਸੰਨ 2000 ਵਿਚ ਇਹਨਾਂ ਨੂੰ ਪਟਨਾ ਦੇ ਜ਼ਿਲ੍ਹਾ ਜੱਜ ਨੇ ਕਮੇਟੀ ਵਿਚ ਨਾਮਜ਼ਦ ਕਰ ਦਿੱਤਾ ਸੀ ਅਤੇ ਲਗਪਗ 12 ਸਾਲ ਕਮੇਟੀ ਦੀ ਸੇਵਾ ਕਰਦੇ ਰਹੇ। ਜੁਲਾਈ 2018 ਵਿਚ ਕਮੇਟੀ ਦਾ ਪੁਨਰ-ਗਠਨ ਹੋਇਆ ਤਾਂ ਪਟਨਾ ਦੇ ਜ਼ਿਲ੍ਹਾ ਜੱਜ ਨੇ ਇਹਨਾਂ ਨੂੰ ਫਿਰ ਪ੍ਰਬੰਧਕ ਕਮੇਟੀ ਦਾ ਮੈਂਬਰ ਨਾਮਜ਼ਦ ਕਰ ਦਿੱਤਾ। ਪਿਛਲੀ ਸੇਵਾ ਦੀਆਂ ਯਾਦਾਂ ਸਾਂਝੇ ਕਰਦੇ ਹੋਏ ਇਹਨਾਂ ਦੱਸਿਆ ਕਿ 2000 ਵਿਚ ਜਦੋਂ ਸੇਵਾ ਸੰਭਾਲੀ ਤਾਂ ਮਾਇਕ ਹਾਲਤ ਬਹੁਤ ਮਾੜੀ ਸੀ। ਸਟਾਫ਼ ਦੀਆਂ ਤਨਖਾਹਾਂ ਬਹੁਤ ਘੱਟ ਸਨ ਪਰ ਫਿਰ ਵੀ ਉਹਨਾਂ ਨੂੰ ਤਨਖਾਹਾਂ ਦੇਣ ਵਿਚ ਬਹੁਤ ਔਕੜਾਂ ਆਉਂਦੀਆਂ ਸਨ। ਸੰਗਤ ਘੱਟ ਹੋਣ ਨਾਲ ਚੜ੍ਹਾਵਾ ਬਹੁਤ ਘੱਟ ਸੀ ਪਰ ਜਦੋਂ ਜਥੇਦਾਰ ਇਕਬਾਲ ਸਿੰਘ ਜੀ ਪ੍ਰਚਾਰ ਕਰਨ ਲਈ ਬਾਹਰ ਜਾਣ ਲੱਗੇ ਤਾਂ ਸੰਗਤ ਦਾ ਤਖ਼ਤ ਸ੍ਰੀ ਪਟਨਾ ਸਾਹਿਬ ਵੱਲ ਰੁਝਾਨ ਵੱਧਣ ਲੱਗਿਆ। ਜਦੋਂ ਮਾਇਕ ਹਾਲਤ ਠੀਕ ਹੋਣ ਲੱਗੀ ਤਾਂ ਸਟਾਫ਼ ਦੀਆਂ ਤਨਖਾਹਾਂ ਵੱਧਣ ਲੱਗੀਆਂ

ਅਤੇ ਇਮਾਰਤਾਂ ਦੀ ਦੇਖ-ਰੇਖ ਠੀਕ ਢੰਗ ਨਾਲ ਹੋਣ ਲੱਗੀ।

ਤਖ਼ਤ ਸਾਹਿਬ ਦੀ ਕੇਂਦਰੀ ਇਮਾਰਤ ਦੀ ਕਾਰ ਸੇਵਾ 1955 ਵਿਚ ਹੋਈ ਸੀ, ਭਾਵੇਂ ਕਿ ਉਸ ਸਮੇਂ ਬਹੁਤੀ ਸੋਝੀ ਨਹੀਂ ਸੀ ਪਰ ਜਿਹੜੀ ਗੱਲ ਆਮ ਪ੍ਰਚੱਲਿਤ ਹੋ ਗਈ ਉਹ ਸੀ ਕਿ ਸੰਗਤ ਬਹੁਤ ਘੱਟ ਹੈ, ਤਖ਼ਤ ਸਾਹਿਬ ਦੀ ਇਮਾਰਤ ਦਾ ਲੈਂਟਰ ਪਾਉਣ ਦਾ ਕਾਰਜ ਕਿਵੇਂ ਸਿਰੇ ਚੜ੍ਹੇਗਾ। ਇਸੇ ਚਿੰਤਾ ਕਾਰਨ ਕਮੇਟੀ ਪ੍ਰਬੰਧਾਂ ਵਿਚ ਜੁਟੀ ਹੋਈ ਸੀ ਕਿ ਪੰਜਾਬ ਤੋਂ ਸਿੱਖ ਸੰਗਤ ਦੀ ਭਰੀ ਹੋਈ ਇਕ ਰੇਲ-ਗੱਡੀ ਪਹੁੰਚ ਗਈ ਜਿਸ ਵਿਚ ਲਗਪਗ ਇਕ ਹਜ਼ਾਰ ਸ਼ਰਧਾਲੂ ਮੌਜੂਦ ਸਨ। ਸਭ ਨੇ ਪੂਰੇ ਜੋਸ਼ ਅਤੇ ਉਤਸ਼ਾਹ ਨਾਲ ਲੈਂਟਰ ਦੀ ਸੇਵਾ ਵਿਚ ਹਿੱਸਾ ਪਾਇਆ ਅਤੇ ਕੁੱਝ ਘੰਟਿਆਂ ਵਿਚ ਹੀ ਇਹ ਕਾਰਜ ਸਿਰੇ ਚੜ੍ਹ ਗਿਆ।

ਉਦਾਸੀ ਸਾਧੂਆਂ ਰਾਹੀਂ ਸਥਾਪਿਤ ਹੋਈ ਨਾਨਕਸ਼ਾਹੀ ਸੰਗਤ ਵੱਡੀ ਗਿਣਤੀ ਵਿਚ ਬਿਹਾਰ ਵਿਖੇ ਮੌਜੂਦ ਹੈ। ਤਖ਼ਤ ਸਾਹਿਬ ਦੀ ਪ੍ਰਬੰਧਕ ਕਮੇਟੀ ਵਿਚ ਲੰਮਾ ਸਮਾਂ ਸੇਵਾ ਨਿਭਾਉਣ ਵਾਲੇ ਸ. ਜੋਗਿੰਦਰ ਸਿੰਘ ਜੋਗੀ ਨੇ ਇਹਨਾਂ ਨਾਲ ਰਾਬਤਾ ਕਾਇਮ ਕਰਨ ਦਾ ਮਹੱਤਵਪੂਰਨ ਕਾਰਜ ਕੀਤਾ ਹੈ। ਸ਼ਤਾਬਦੀ ਤੋਂ ਬਾਅਦ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਗੌਰਵ ਵਿਚ ਭਾਰੀ ਵਾਧਾ ਹੋਇਆ ਹੈ। ਭਾਵੇਂ ਕਿ ਇਸ ਮੌਕੇ ਦੇਸ਼-ਵਿਦੇਸ਼ ਤੋਂ ਭਾਰੀ ਗਿਣਤੀ ਵਿਚ ਸਿੱਖ ਸੰਗਤ ਪਟਨਾ ਸਾਹਿਬ ਆਈ ਹੈ ਪਰ ਇਥੋਂ ਦੇ ਆਮ ਲੋਕਾਂ ਵਿਚ ਵੀ ਇਸ ਸ਼ਤਾਬਦੀ ਪ੍ਰਤੀ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ ਹੈ। ਬਿਹਾਰ ਸਰਕਾਰ ਦੁਆਰਾ ਸ਼ਤਾਬਦੀ ਮਨਾਉਣ ਲਈ ਕੀਤੇ ਗਏ ਕਾਰਜਾਂ ਨੇ ਇਸ ਅਸਥਾਨ ਪ੍ਰਤੀ ਲੋਕਾਂ ਦੇ ਮਨ ਵਿਚ ਖਿੱਚ ਪੈਦਾ ਕੀਤੀ ਹੈ। ਜਿਹੜੇ ਕਾਰਜ ਬਿਹਾਰ ਸਰਕਾਰ ਦੇ ਮੁੱਖ ਮੰਤਰੀ ਸ੍ਰੀ ਨੀਤਿਸ਼ ਕੁਮਾਰ ਜੀ ਨੇ ਕੀਤੇ ਹਨ, ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਲਈ ਉਹ ਅਸੰਭਵ ਸਨ। ਇਸ ਸ਼ਤਾਬਦੀ ਨਾਲ ਗੁਰੂ ਸਾਹਿਬਾਨ ਦਾ ਸੰਦੇਸ਼ ਬਹੁਤ ਦੂਰ ਤੱਕ ਗਿਆ ਹੈ ਅਤੇ ਆਮ ਲੋਕਾਂ ਦੀ ਗੁਰੂ ਸਾਹਿਬ ਪ੍ਰਤੀ ਆਸਥਾ ਵਿਚ ਵਾਧਾ ਹੋਇਆ ਹੈ। ਕੋਈ ਵੀ ਕਾਰਜ ਅਰੰਭ ਕਰਨ ਤੋਂ ਪਹਿਲਾਂ ਤਖ਼ਤ ਸਾਹਿਬ ’ਤੇ ਆਮ ਲੋਕਾਂ ਦੁਆਰਾ ਗੁਰੂ ਸਾਹਿਬ ਦੀ ਬਖ਼ਸ਼ਿਸ਼ ਪ੍ਰਾਪਤ ਕਰਨਾ ਆਮ ਗੱਲ ਹੋ ਗਈ ਹੈ ਜਿਹੜੀ ਕਿ ਪਹਿਲਾਂ ਘੱਟ ਹੀ ਦੇਖਣ ਨੂੰ ਮਿਲਦੀ ਸੀ। ਮੌਜੂਦਾ ਸਮੇਂ ਵਿਚ ਵੀ 70 ਪ੍ਰਤੀਸ਼ਤ ਤੋਂ ਵਧੇਰੇ ਗ਼ੈਰ-ਸਿੱਖ ਇਸ ਅਸਥਾਨ ’ਤੇ ਦਰਸ਼ਨ ਕਰਨ ਲਈ ਆਉਣ ਲੱਗੇ ਹਨ ਇਸ ਨਾਲ ਸਾਨੂੰ ਵੀ ਇਹ ਉਤਸ਼ਾਹ ਮਿਲਿਆ ਹੈ ਕਿ ਬਿਹਾਰ ਦੇ ਦੂਰ-ਦੁਰਾਡੇ ਇਲਾਕਿਆਂ ਵਿਚ ਧਰਮ ਪ੍ਰਚਾਰ ਦੇ ਕਾਰਜ ਤੇਜ ਕੀਤੇ ਜਾਣ। ਵਿਆਹ-ਸ਼ਾਦੀਆਂ ਕਰਨ ਲਈ ਆਮ ਲੋਕ ਤਖ਼ਤ ਸਾਹਿਬ ’ਤੇ ਆਉਣ ਲੱਗੇ ਹਨ। ਨਵੰਬਰ 1984 ਤੋਂ ਬਾਅਦ ਪੈਦਾ ਹੋਇਆ ਮਾਹੌਲ ਹੁਣ ਪੂਰੀ ਤਰ੍ਹਾਂ ਨਾਲ ਬਦਲ ਚੁੱਕਿਆ ਹੈ।

ਕਬੀਰ ਪੰਥੀਆਂ ਦੇ ਡੇਰੇ ਵੀ ਬਿਹਾਰ ਵਿਚ ਮੌਜੂਦ ਹਨ ਜਿਨ੍ਹਾਂ ਵਿਚੋਂ ਬਹੁਤੇ ਗੁਰੂ ਨਾਨਕ ਦੇਵ ਜੀ ਪ੍ਰਤੀ ਵੀ ਆਸਥਾ ਰੱਖਦੇ ਹਨ। ਤਖ਼ਤ ਸਾਹਿਬ ਦੇ ਨੇੜੇ ਹੀ ਫਤੂਹਾ ਦੇ ਅਸਥਾਨ ’ਤੇ ਗੁਰੂ ਨਾਨਕ ਦੇਵ ਜੀ ਅਤੇ ਭਗਤ ਕਬੀਰ ਜੀ ਦੇ ਮਿਲਾਪ ਦੀ ਯਾਦ

ਦਿਵਾਉਂਦਾ ਇਕ ਖੂਹ ਮੌਜੂਦ ਹੈ। ਇਥੋਂ ਦੇ ਪਾਣੀ ਨੂੰ ਪਵਿੱਤਰ ਮੰਨਿਆ ਜਾਂਦਾ ਹੈ ਅਤੇ ਸੰਗਤ ਇਹਨਾਂ ਨੂੰ ਘਰਾਂ ਵਿਚ ਲੈ ਜਾਂਦੀ ਹੈ। ਆਸ ਕਰਦੇ ਹਾਂ ਕਿ 1984 ਤੋਂ ਪਹਿਲਾਂ ਮਿੰਨੀ ਪੰਜਾਬ ਕਹੇ ਜਾਣ ਵਾਲੇ ਪਟਨਾ ਸਾਹਿਬ ਦੀ ਰੌਣਕ ਛੇਤੀ ਹੀ ਵਾਪਸ ਪਰਤ ਆਵੇਗੀ।

ਭਵਿੱਖਮੁਖੀ ਯੋਜਨਾਵਾਂ ਸੰਬੰਧੀ ਇਹਨਾਂ ਦੱਸਿਆ ਕਿ ਸਰਾਵਾਂ ਦੇ ਵਾਧੇ ਦੇ ਨਾਲ-ਨਾਲ ਧਰਮ ਪ੍ਰਚਾਰ ਪ੍ਰਮੁੱਖ ਕਾਰਜ ਹੈ। ਸਭ ਤੋਂ ਪਹਿਲਾਂ ਉਹਨਾਂ ਇਲਾਕਿਆਂ ਵਿਚ ਇਹ ਕਾਰਜ ਅਰੰਭ ਕਰਨੇ ਹਨ ਜਿਥੇ ਗੁਰਧਾਮ ਤਾਂ ਮੌਜੂਦ ਹਨ ਪਰ ਸਿੱਖ ਸੰਗਤ ਦੀ ਅਣਹੋਂਦ ਕਾਰਨ ਵੀਰਾਨ ਹੋ ਗਏ ਸਨ। ਸ਼ਤਾਬਦੀ ਤੋਂ ਬਾਅਦ ਸਾਜਗਾਰ ਹੋਏ ਮਾਹੌਲ ਨੇ ਆਸ ਦੀ ਇਕ ਕਿਰਨ ਦਿਖਾਈ ਹੈ। ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਬਿਹਾਰ ਦੀ ਸਮੁੱਚੀ ਗੁਰੂ ਨਾਨਕ ਨਾਮਲੇਵਾ ਸੰਗਤ ਨੂੰ ਤਖ਼ਤ ਸਾਹਿਬ ਦੇ ਨੇੜੇ ਲਿਆਉਣ ਲਈ ਪ੍ਰਮੁੱਖਤਾ ਨਾਲ ਯਤਨ ਕਰਨ ਦੀ ਯੋਜਨਾ ਹੈ।

ਸ. ਤ੍ਰਿਲੋਕ ਸਿੰਘ ਨਿਸ਼ਾਦ: ਇਹ ਸ੍ਰੀ ਸਨਾਤਨੀ ਸਿੱਖ ਸਭਾ ਦੇ ਪ੍ਰਧਾਨ ਹਨ। ਇਹ ਦੱਸਦੇ ਹਨ ਕਿ ਇਹਨਾਂ ਦੇ ਬਜ਼ੁਰਗ ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਤੋਂ ਪ੍ਰਭਾਵਿਤ ਹੋ ਕੇ ਸਿੱਖ ਸਜੇ ਸਨ ਅਤੇ ਹੁਣ ਬਹੁਤ ਸਾਰੇ ਸਿੱਖ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਅਰੰਭ ਕੀਤੀ ਖੰਡੇ ਦੀ ਪਾਹੁਲ ਧਾਰਨ ਚੁੱਕੇ ਹਨ। ਬਿਹਾਰ ਵਿਚ ਗੁਰੂ ਨਾਨਕ ਦੇਵ ਜੀ ਅਤੇ ਬਾਬਾ ਸ੍ਰੀ ਚੰਦ ਜੀ ਦਾ ਜਨਮ ਦਿਨ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਵੀ ਇਹ ਲੋਕ ਮਨਾਉਂਦੇ ਹਨ। ਸ਼ਤਾਬਦੀ ਸਮਾਗਮਾਂ ਤੋਂ ਖੁਸ਼ ਸ. ਤ੍ਰਿਲੋਕ ਸਿੰਘ ਪ੍ਰਬੰਧਕ ਕਮੇਟੀ ਦੀ ਕਾਰਜ ਪ੍ਰਣਾਲੀ ਤੋਂ ਨਿਰਾਸ਼ ਸਨ। ਇਹ ਮੰਨਦੇ ਹਨ ਕਿ ਬਿਹਾਰ ਵਿਚ ਸਿੱਖੀ ਪ੍ਰਚਾਰ ਲਈ ਪ੍ਰਬੰਧਕ ਕਮੇਟੀ ਨੂੰ ਜਿਹੜੇ ਕਾਰਜ ਕਰਨੇ ਚਾਹੀਦੇ ਸਨ, ਉਹ ਨਹੀਂ ਕੀਤੇ ਗਏ। ਗੁਰੂ ਪ੍ਰਤੀ ਆਪਣੀ ਜ਼ਿੰਮੇਵਾਰੀ ਭੁੱਲ ਕੇ ਕਮੇਟੀ ਅਦਾਲਤ ਵਿਚ ਹੀ ਉਲਝ ਕੇ ਰਹਿ ਗਈ। ਇਸ ਸਮਾਗਮ ਦੌਰਾਨ ਪ੍ਰਬੰਧਕ ਕਮੇਟੀ ਨੂੰ ਜਿਹੜੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਸੀ, ਉਹ ਕਿਤੇ ਦਿਖਾਈ ਨਹੀਂ ਦਿੰਦੀ। ਗਿਆਨੀ ਗੁਰਬਚਨ ਸਿੰਘ ਆਦਿ ਗੁਰਸਿੱਖਾਂ ਨੇ ਸਿੱਖੀ ਪ੍ਰਚਾਰ ਲਈ ਪਹਿਲਾਂ ਬਹੁਤ ਯਤਨ ਕੀਤੇ ਸਨ ਪਰ ਹੁਣ ਉਹ ਕਿਤੇ ਦਿਖਾਈ ਨਹੀਂ ਦਿੰਦੇ। ਦੇਸ਼-ਵੰਡ ਉਪਰੰਤ ਪਾਕਿਸਤਾਨ ਤੋਂ ਇਥੇ ਆ ਕੇ ਵੱਸੇ ਸਿੱਖਾਂ ਦੇ ਮਨ ਵਿਚ ਸਿੱਖੀ ਪ੍ਰਤੀ ਬਹੁਤ ਪ੍ਰੇਮ ਸੀ। ਰਾਜਨੀਤੀ ਵਿਚ ਵੀ ਰਸੂਖ ਸੀ, ਸਿੱਖ ਵਿਧਾਇਕ ਵੀ ਰਹੇ ਹਨ। ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਪੁਰਬ ਸੰਬੰਧੀ ਆਯੋਜਿਤ ਕੀਤੇ ਗਏ ਸ਼ਤਾਬਦੀ ਸਮਾਗਮਾਂ ਸਮੇਂ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਵੱਲੋਂ ਕੀਤੇ ਗਏ ਕਾਰਜਾਂ ਦੀ ਇਹਨਾਂ ਨੇ ਭਰਪੂਰ ਪ੍ਰਸੰਸਾ ਕੀਤੀ। ਧਰਮ ਪ੍ਰਚਾਰ, ਗੁਰਮੁਖੀ ਪੜ੍ਹਾਉਣਾ, ਕੀਰਤਨ, ਕਥਾ ਆਦਿ ਦੀ ਸਿੱਖਿਆ ਪ੍ਰਬੰਧਕ ਕਮੇਟੀ ਦੇ ਪ੍ਰਮੁੱਖ ਕਾਰਜ ਹਨ, ਨਵੀਂ ਕਮੇਟੀ ਤੋਂ ਆਸ ਦੀ ਕਿਰਨ ਹੈ।

ਪ੍ਰੋ. ਲਾਲ ਮੋਹਰ ਉਪਾਧਿਯਾਯ: ਪਟਨਾ ਦੇ ਵਸਨੀਕ ਇਹ ਪੰਜਾਬ ਯੂਨੀਵਰਸਿਟੀ

ਦੇ ਵਿਦਿਆਰਥੀ ਰਹੇ ਹਨ। ਲਗਪਗ 35 ਸਾਲ ਗੁਰੂ ਗੋਬਿੰਦ ਸਿੰਘ ਕਾਲਜ ਪਟਨਾ ਸਾਹਿਬ ਵਿਖੇ ਅਧਿਆਪਨ ਕਾਰਜ ਕਰਨ ਉਪਰੰਤ 2001 ਵਿਚ ਰਿਟਾਇਰ ਹੋਏ ਪ੍ਰੋ. ਸਾਹਿਬ ਲੰਮੇ ਸਮੇਂ ਤੋਂ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਨਿਰੰਤਰ ਦਰਸ਼ਨ ਕਰਨ ਆਉਂਦੇ ਹਨ। ਗੁਰਬਾਣੀ ਦੇ ਵਿਭਿੰਨ ਵਿਸ਼ਿਆਂ 'ਤੇ ਟ੍ਰੈਕਟ ਲਿਖ ਕੇ ਵੰਡਦੇ ਹਨ। ਇਹਨਾਂ ਦੱਸਿਆ ਕਿ ਮਹੰਤ ਪਰੰਪਰਾ ਸਮੇਂ ਸਿੱਖੀ ਦਾ ਬਹੁਤ ਵਿਕਾਸ ਨਹੀਂ ਹੋਇਆ। ਸੰਤ ਨਿਸਚਲ ਸਿੰਘ ਜੀ ਨੇ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਸੇਵਾ ਵਿਚ ਬਹੁਤ ਵੱਡਾ ਯੋਗਦਾਨ ਪਾਇਆ ਹੈ ਅਤੇ ਉਹਨਾਂ ਦੀ ਪ੍ਰੇਰਨਾ ਸਦਕਾ ਹੀ ਭਾਈ ਮਾਨ ਸਿੰਘ ਜੀ ਸਿੰਘ ਸਜੇ ਅਤੇ ਫਿਰ ਤਖ਼ਤ ਸਾਹਿਬ ਦੀ ਸੇਵਾ ਵਿਚ ਲੱਗ ਗਏ ਸਨ। ਤਖ਼ਤ ਸ੍ਰੀ ਪਟਨਾ ਸਾਹਿਬ ਦੀ ਮੌਜੂਦਾ ਸ਼ਾਨ ਅਤੇ ਸ਼ਾਂਤੀ ਵਾਰ-ਵਾਰ ਇਥੇ ਖਿੱਚ ਲਿਆਉਂਦੀ ਹੈ, ਸੰਗਤ ਦੇ ਪ੍ਰਤਾਪ ਕਾਰਨ ਹੀ ਸਮੂਹ ਕਾਰਜ ਸੰਭਵ ਹੋਏ ਹਨ।

ਇਤਿਹਾਸਿਕ ਨਿਸ਼ਾਨੀਆਂ

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਸੰਗਤ ਨੂੰ ਸਵੇਰ ਦੇ ਦੀਵਾਨ ਦੀ ਸਮਾਪਤੀ ਉਪਰੰਤ ਗੁਰੂ ਸਾਹਿਬਾਨ ਦੀਆਂ ਜਿਹੜੀਆਂ ਨਿਸ਼ਾਨੀਆਂ ਦੇ ਦਰਸ਼ਨ ਕਰਵਾਏ ਜਾਂਦੇ ਹਨ ਉਹਨਾਂ ਦਾ ਵੇਰਵਾ ਇਸ ਤਰ੍ਹਾਂ ਹੈ:

1. ਛਬੀ ਸਾਹਿਬ: ਗੁਰੂ ਗੋਬਿੰਦ ਸਿੰਘ ਜੀ ਦਾ ਆਇਲ ਪੇਂਟ ਨਾਲ ਤਿਆਰ ਕੀਤਾ ਗਿਆ ਚਿੱਤਰ ਜਿਹੜਾ ਕਿ ਮੱਥਾ ਟੇਕਣ ਗਏ ਸ਼ਰਧਾਲੂ ਨੂੰ ਸਾਹਮਣੇ ਹੀ ਨਜ਼ਰ ਆ ਜਾਂਦਾ ਹੈ। ਸੁਨਹਿਰੀ ਰੰਗ ਦੇ ਫਰੇਮ ਵਾਲਾ ਇਹ ਚਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦੇ ਨਾਲ ਹੀ ਪੰਘੂੜੇ ਉਤੇ ਟਿਕਾਇਆ ਹੋਇਆ ਹੈ ਅਤੇ ਸਾਰਾ ਦਿਨ ਸੰਗਤ ਇਸ ਦੇ ਦਰਸ਼ਨ ਕਰਦੀ ਹੈ। ਕਿਹਾ ਜਾਂਦਾ ਹੈ ਕਿ ਇਹ ਤਸਵੀਰ ਅਸਾਮ ਦੇ ਰਾਜਾ ਹਜੂਰੀ ਸਿੰਘ ਨੇ ਗੁਰੂ ਜੀ ਨੂੰ ਬੇਨਤੀ ਕਰਕੇ ਮੰਡੀ ਤੋਂ ਇਕ ਮੁਸਵਰ ਮੰਗਵਾ ਕੇ ਤਿਆਰ ਕਰਵਾਈ ਸੀ। ਤਸਵੀਰ ਅਨੰਦਪੁਰ ਤੋਂ ਤਿਆਰ ਕਰਵਾ ਕੇ ਲਿਜਾਈ ਗਈ ਸੀ।[53]

2. ਪੰਘੂੜਾ ਸਾਹਿਬ: ਇਹ ਪੁਰਾਤਨ ਪੰਘੂੜਾ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦਾ ਦੱਸਿਆ ਜਾਂਦਾ ਹੈ। ਬਾਲ ਅਵਸਥਾ ਵਿਚ ਗੁਰੂ ਜੀ ਲਈ ਇਸ ਪੰਘੂੜੇ ਦੀ ਵਰਤੋਂ ਕੀਤੀ ਜਾਂਦੀ ਸੀ। ਸਥਾਨਕ ਪਰੰਪਰਾ ਅਨੁਸਾਰ ਜਦੋਂ ਗੁਰੂ ਜੀ ਵਾਪਸ ਪੰਜਾਬ ਲਈ ਵਿਦਾ ਹੋਣ ਲੱਗੇ ਤਾਂ ਉਹਨਾਂ ਨੇ ਇਹ ਪੰਘੂੜਾ ਆਪਣੀ ਨਿਸ਼ਾਨੀ ਵੱਜੋਂ ਸਥਾਨਕ ਸੰਗਤ ਨੂੰ ਸੌਂਪ ਦਿੱਤਾ ਸੀ। ਇਸ ਪੰਘੂੜੇ ਦੇ ਪਾਵਿਆਂ ਨਾਲ ਸੋਨੇ ਦੇ ਪੱਤਰੇ ਲੱਗੇ ਹੋਏ ਹਨ। ਇਸ ਪੰਘੂੜੇ ਦਾ ਜ਼ਿਕਰ ਕਰਦਾ ਹੋਇਆ ਕੁਇਰ ਸਿੰਘ ਦੱਸਦਾ ਹੈ ਕਿ ਗੁਰੂ ਜੀ ਨੇ ਜਿਹੜਾ ਪੰਘੂੜਾ ਪਟਨਾ ਦੀ ਸੰਗਤ ਨੂੰ ਬਖ਼ਸ਼ਿਸ਼ ਕੀਤਾ ਸੀ ਉਹ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਸੁਸ਼ੋਭਿਤ ਹੈ:

> ਹੇ ਕਰੁਨਾਨਿਧ ਬਾਲ ਮੁਕੰਦ! ਨਿਵਾਸੀ ਤੁਮੈ ਪਟਨਾ ਪੁਰਿ ਧਾਨੀ।
> ਯਾ ਪਰ ਲਾਜ ਤੁਮੈ ਹਮ ਵਾਂਛਤ, ਮਾਂਗਤ ਹੈ ਇਕ ਵਸਤੁ ਨੀਸਾਨੀ।

ਯੇ ਪਲਨਾ ਤੁਮਰੋ ਪ੍ਰਭੁ ਜੀ, ਅਤਿ ਹੋਇ ਨਿਵਾਸ ਇਹੈ ਪੁਰ ਮਾਹੀ।
ਤੰਹ ਸਰੂਪ ਲਖੈ ਹਮ ਜੀ, ਅਸ ਤੌ ਗੁਰ ਵਾਹਿਦ ਯੋਗ ਚਿਤਾਹੀ।
ਅਬ ਲੌ ਹਰਿਮੰਦਰ ਮੈ ਸੋਈ ਰਾਜਤ, ਪੂਜਤ ਤਾਹਿ ਸੁ ਧੂਪ ਧਰਾਹੀ।
ਊਚ ਰੁ ਨੀਚ ਕਰੈ ਤਹਿ ਬੰਦਨ, ਪੁਹਪਨ ਸੋ ਤਿਨ ਹਾਰ ਧਰਾਹੀ।[54]

3. **ਸੈਫ਼:** ਇਸ ਨੂੰ ਕ੍ਰਿਪਾਨ ਵੀ ਕਿਹਾ ਜਾਂਦਾ ਹੈ। ਪਟਨਾ ਨਿਵਾਸੀ ਭਾਈ ਸ਼ਿਵ ਪ੍ਰਸਾਦਿ ਨੇ ਗੁਰੂ ਜੀ ਨੂੰ ਭੇਟ ਕੀਤੀ ਸੀ।[55]

4. **ਤੀਰ:** ਇਹਨਾਂ ਦੀ ਗਿਣਤੀ ਚਾਰ ਹੈ। ਬਚਪਨ ਵਿਚ ਪਾਉਂਟਾ ਸਾਹਿਬ ਵਿਖੇ ਗੁਰੂ ਜੀ ਇਹ ਤੀਰ ਚਲਾਉਂਦੇ ਸਨ ਅਤੇ ਇਹਨਾਂ ਨਾਲ ਕਈ ਕੌਤਕ ਵੀ ਜੁੜੇ ਹੋਏ ਹਨ।

5. **ਗੁਲੇਲਾ:** ਮਿੱਟੀ ਦੀ ਬਣੀ ਹੋਈ ਇਕ ਛੋਟੀ ਗੋਲੀ ਜਿਸ ਨੂੰ ਗੁਲੇਲ ਨਾਲ ਚਲਾਇਆ ਜਾਂਦਾ ਹੈ। ਬਚਪਨ ਵਿਚ ਮਿੱਟੀ ਦੇ ਘੜੇ ਤੋੜਨ ਲਈ ਗੁਰੂ ਜੀ ਇਸ ਦੀ ਵਰਤੋਂ ਕਰਿਆ ਕਰਦੇ ਸਨ।

6. **ਛੋਟੀ ਚੱਕਰੀ:** ਗੁਰੂ ਜੀ ਬਚਪਨ ਵਿਚ ਲੋਹੇ ਦੀ ਬਣੀ ਹੋਈ ਇਸ ਚੱਕਰੀ ਨੂੰ ਕੇਸਾਂ ਵਿਚ ਸਜਾਇਆ ਕਰਦੇ ਸਨ।

7. **ਖੰਡਾ:** ਇਕ ਅਜਿਹਾ ਸ਼ਸਤਰ ਜਿਸ ਦੀ ਦੋਵਾਂ ਪਾਸਿਆਂ ਤੋਂ ਵਰਤੋਂ ਹੁੰਦੀ ਹੈ। ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਗੁਰੂ ਜੀ ਦਾ ਇਕ ਛੋਟਾ ਖੰਡਾ ਸੰਭਾਲ ਕੇ ਰੱਖਿਆ ਹੋਇਆ ਹੈ। ਕਿਹਾ ਜਾਂਦਾ ਹੈ ਕਿ ਗੁਰੂ ਜੀ ਇਸ ਨੂੰ ਦਸਤਾਰ ਦੇ ਅਗਲੇ ਪਾਸੇ ਸਜਾਉਂਦੇ ਸਨ।

8. **ਬਾਘਨਖ ਖੰਜਰ:** ਇਹ ਕਮਰਕੱਸੇ ਵਾਲੀ ਕ੍ਰਿਪਾਨ ਦੇ ਸਾਇਜ਼ ਦਾ ਹੈ। ਇਸ ਦਾ ਅਕਾਰ ਬਾਘ (ਸ਼ੇਰ) ਦੇ ਨਹੁੰ ਵਰਗਾ ਹੈ ਜਿਸ ਤੋਂ ਇਸ ਨੂੰ ਬਾਘਨਖਾ ਖੰਜਰ ਕਿਹਾ ਜਾਂਦਾ ਹੈ। ਗੁਰੂ ਜੀ ਇਸ ਨੂੰ ਕਮਰਕੱਸੇ ਵਿਚ ਸਜਾਇਆ ਕਰਦੇ ਸਨ।

9. **ਕੰਘਾ:** ਕੇਸਾਂ ਦੀ ਸਫ਼ਾਈ ਲਈ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਚੰਦਨ ਦੀ ਲੱਕੜੀ ਦੇ ਬਣੇ ਹੋਏ ਜਿਸ ਛੋਟੇ ਜਿਹੇ ਕੰਘੇ ਦੀ ਗੁਰੂ ਜੀ ਵਰਤੋਂ ਕਰਿਆ ਕਰਦੇ ਸਨ ਉਹ ਸੰਭਾਲ ਕੇ ਰੱਖਿਆ ਹੋਇਆ ਹੈ। ਇਸ ਦੇ ਬਹੁਤੇ ਦੰਦੇ ਭੁਰ ਗਏ ਹਨ।

10. **ਚੱਕਰ:** ਦਸਤਾਰ 'ਤੇ ਸਜਾਇਆ ਜਾਣ ਵਾਲਾ ਲੋਹੇ ਦਾ ਇਹ ਗੋਲ ਸ਼ਸਤਰ ਸਿਰ 'ਤੇ ਵਾਰ ਹੋ ਜਾਣ ਸਮੇਂ ਰੱਖਿਆ ਕਰਦਾ ਹੈ ਅਤੇ ਸਮਾਂ ਪੈਣ 'ਤੇ ਵੈਰੀ 'ਤੇ ਘੁਮਾ ਕੇ ਚਲਾਇਆ ਜਾਂਦਾ ਹੈ। ਗੁਰੂ ਜੀ ਦੇ ਦੋ ਚੱਕਰ ਸੰਭਾਲ ਕੇ ਰੱਖੇ ਹੋਏ ਹਨ।

11. **ਖੜਾਵਾਂ:** ਇਹਨਾਂ ਨੂੰ ਚਰਨ ਪਾਦੁਕਾ ਵੀ ਕਿਹਾ ਜਾਂਦਾ ਹੈ। ਹਾਥੀ ਦੰਦ ਦੀਆਂ ਬਣੀਆਂ ਹੋਈਆਂ ਗੁਰੂ ਗੋਬਿੰਦ ਸਿੰਘ ਜੀ ਦੇ ਬਚਪਨ ਦੀਆਂ ਛੋਟੀਆਂ ਖੜਾਵਾਂ ਦੇ ਦਰਸ਼ਨ ਕਰਾਏ ਜਾਂਦੇ ਹਨ। ਇਹਨਾਂ ਦੇ ਹੇਠਾਂ ਸੋਨਾ ਲੱਗਾ ਹੋਇਆ ਹੈ।

12. **ਖੜਾਵਾਂ:** ਸੰਦਲ ਦੀ ਲੱਕੜ ਦੀਆਂ ਬਣੀਆਂ ਹੋਈਆਂ ਖੜਾਵਾਂ ਦਾ ਇਕ ਵੱਡਾ ਜੋੜਾ ਗੁਰੂ ਤੇਗ਼ ਬਹਾਦਰ ਜੀ ਦਾ ਹੈ, ਇਹਨਾਂ ਦੇ ਹੇਠਾਂ ਵੀ ਸੋਨਾ ਲੱਗਿਆ ਹੋਇਆ ਹੈ।

13. ਖੱਡੀ: ਇਹ ਸ਼ਬਦ ਖੱਡ (ਟੋਏ) ਤੋਂ ਬਣਿਆ ਹੈ ਜਿਸ ਵਿਚ ਪੈਰ ਲਮਕਾ ਕੇ ਜੁਲਾਹਾ ਕੱਪੜਾ ਬੁਣਦਾ ਸੀ। ਲੱਕੜੀ ਦੇ ਜਿਸ ਫਰੇਮ ਨਾਲ ਬੰਨ ਕੇ ਧਾਗਾ ਬੁਣਿਆ ਜਾਂਦਾ ਸੀ ਉਸ ਨੂੰ ਖੱਡੀ ਕਿਹਾ ਜਾਂਦਾ ਹੈ। ਕਬੀਰ ਜੀ ਦੀ ਇਕ ਖੱਡੀ ਤਖ਼ਤ ਸਾਹਿਬ 'ਤੇ ਮੌਜੂਦ ਹੈ। ਕਿਹਾ ਜਾਂਦਾ ਹੈ ਕਿ ਬਨਾਰਸ ਦੀ ਇਕ ਮਾਤਾ ਨੇ ਕਬੀਰ ਜੀ ਦੀ ਇਹ ਖੱਡੀ ਤਖ਼ਤ ਸਾਹਿਬ 'ਤੇ ਭੇਟ ਕਰ ਦਿੱਤੀ ਸੀ।

14. ਹੁਕਮਨਾਮੇ: ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਤੇਗ਼ ਬਹਾਦਰ ਜੀ, ਗੁਰੂ ਗੋਬਿੰਦ ਸਿੰਘ ਜੀ ਅਤੇ ਗੁਰੂ ਮਹਿਲਾਂ (ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਦੇਵੀ ਜੀ) ਦੇ ਲਗਪਗ 30 ਹੁਕਮਨਾਮੇ ਸੰਭਾਲ ਕੇ ਰੱਖੇ ਹੋਏ ਹਨ। ਗੁਰੂ ਸਾਹਿਬਾਨ ਦੀਆਂ ਸਮੂਹ ਨਿਸ਼ਾਨੀਆਂ ਵਿਚੋਂ ਬੜੇ ਸਾਹਿਬ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਤੋਂ ਬਾਅਦ ਇਹ ਸਭ ਤੋਂ ਵਧੇਰੇ ਮਹੱਤਵਪੂਰਨ ਮੰਨੇ ਜਾਂਦੇ ਹਨ।

15. ਚੋਲਾ: ਤਖ਼ਤ ਸਾਹਿਬ ਦੇ ਖੱਬੇ ਹੱਥ ਸ਼ੀਸ਼ੇ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਚੋਲਾ ਸੰਭਾਲ ਕੇ ਰੱਖਿਆ ਹੋਇਆ ਹੈ। ਕਿਹਾ ਜਾਂਦਾ ਹੈ ਕਿ 15 ਸਾਲ ਦੀ ਉਮਰ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਚੋਲਾ ਧਾਰਨ ਕੀਤਾ ਸੀ।[56] ਅਨੰਦਪੁਰ ਸਾਹਿਬ ਤੋਂ ਇਥੇ ਪੁੱਜਾ ਹੈ।

16. ਖੂਹ: ਤਖ਼ਤ ਸਾਹਿਬ ਦੇ ਸੱਜੇ ਹੱਥ ਮਾਤਾ ਗੁਜਰੀ ਜੀ ਦਾ ਖੂਹ ਹੈ। ਇਸ ਦਾ ਜਲ ਮਿੱਠਾ ਹੈ। ਸੰਗਤਾਂ ਚੂਲਾ ਭਰਦੀਆਂ ਹਨ। ਇਸ ਦੇ ਜਲ ਨਾਲ ਅੰਮ੍ਰਿਤ ਵੇਲੇ ਤਖ਼ਤ ਸਾਹਿਬ ਨੂੰ ਇਸ਼ਨਾਨ ਕਰਾਇਆ ਜਾਂਦਾ ਹੈ।

17. ਕ੍ਰਿਪਾਨ: ਇਕ ਕ੍ਰਿਪਾਨ ਅਜਾਇਬ ਘਰ ਵਿਖੇ ਸੰਭਾਲ ਕੇ ਰੱਖੀ ਹੋਈ ਹੈ ਜਿਸ 'ਤੇ ਲੱਗੇ ਹੋਏ ਲੱਕੜੀ ਦੇ ਫਰੇਮ ਤੇ ਇਕ ਪਾਸੇ ਲਿਖਿਆ ਹੋਇਆ ਹੈ, 'ਗੁਰੂ ਨਾਨਕ ਕੇ ਵਸਤੁਏਂ ਨਾਨਕ ਡਿਹੀ' ਅਤੇ ਇਸ ਦੇ ਦੂਜੇ ਪਾਸੇ ਲਿਖਿਆ ਹੋਇਆ ਹੈ, 'ਸੰਗਤਿ ਨਗਰ ਭਦਰਕ ਉੜੀਸਾ ਸੇ ਮਿਲੀ'।

18. ਢੋਲਕ: ਕਿਹਾ ਜਾਂਦਾ ਹੈ ਕਿ ਬਚਪਨ ਵਿਚ ਗੁਰੂ ਜੀ ਨੂੰ ਇਹ ਢੋਲਕ ਇਕ ਮਾਈ ਨੇ ਭੇਟ ਕੀਤਾ ਸੀ।[57] ਹੁਣ ਇਹ ਢੋਲਕ ਉਥੇ ਮੌਜੂਦ ਨਹੀਂ ਹੈ।

ਇਹਨਾਂ ਦਰਸ਼ਨੀ ਨਿਸ਼ਾਨੀਆਂ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਦੇ ਪੁਰਾਤਨ ਸਰੂਪ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਸੰਭਾਲ ਕੇ ਰੱਖੇ ਹੋਏ ਹਨ। ਇਹਨਾਂ ਵਿਚੋਂ ਜਿਹੜੇ ਸਭ ਤੋਂ ਪੁਰਾਤਨ ਮੰਨੇ ਗਏ ਹਨ ਉਹਨਾਂ ਦਾ ਵੇਰਵਾ ਇਸ ਤਰ੍ਹਾਂ ਹੈ:

(ੳ) ਬੜੇ ਸਾਹਿਬ: ਬਿਹਾਰ ਦੇ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਬੜੇ ਸਾਹਿਬ' ਕਹਿ ਕੇ ਸਤਿਕਾਰ ਦਿੰਦੇ ਹਨ। ਤਖ਼ਤ ਸਾਹਿਬ 'ਤੇ ਬਹੁਤ ਸਾਰੇ ਹੱਥ ਲਿਖਤ ਸਰੂਪ ਸੰਭਾਲ ਕੇ ਰੱਖੇ ਹੋਏ ਹਨ ਪਰ ਸਭ ਤੋਂ ਪੁਰਤਾਨ ਸਰੂਪ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦਾ ਹੈ। ਪਿਆਰਾ ਸਿੰਘ ਪਦਮ ਦੱਸਦੇ ਹਨ ਕਿ "ਭਾਈ ਫਤਿਹ ਚੰਦ ਗੁਰੂ ਗੋਬਿੰਦ ਸਿੰਘ ਜੀ ਦਾ ਦਰਬਾਰੀ ਲਿਖਾਰੀ ਸੀ। ਇਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ

1748 ਬਿ. (1691 ਈ.) ਵਿਚ ਲਿਖੀ ਜੋ ਕਿ ਤਖ਼ਤ ਪਟਨੇ ਸਾਹਿਬ ਪਈ ਹੈ।"[58]

ਗੁਰੂ ਗੋਬਿੰਦ ਸਿੰਘ ਜੀ ਦੇ ਨਿਸ਼ਾਨ ਵਾਲੀ ਬੀੜ ਦੇ ਪਟਨਾ ਸਾਹਿਬ ਪੁੱਜਣ ਦਾ ਕਾਰਨ ਮਹੰਤ ਸੁਮੇਰ ਸਿੰਘ ਦੱਸਦੇ ਹਨ ਕਿ ਇਕ ਵਾਰੀ ਪਟਨਾ ਸਾਹਿਬ ਦੀ ਸੰਗਤ ਅਨੰਦਪੁਰ ਸਾਹਿਬ ਗੁਰੂ ਜੀ ਦੇ ਦਰਸ਼ਨ ਨੂੰ ਗਈ ਅਤੇ ਬਹੁਤ ਹੀ ਉਦਾਸ ਭਾਵਨਾ ਵਿਚ ਆ ਕੇ ਬੇਨਤੀ ਕੀਤੀ ਕਿ ਕਦੇ ਜਨਮ ਅਸਥਾਨ 'ਤੇ ਚਰਨ ਪਾਉ ਤਾਂ ਉਥੋਂ ਦੀ ਸੰਗਤ ਨਿਹਾਲ ਹੋ ਜਾਵੇ। ਗੁਰੂ ਜੀ ਨੇ ਕਿਹਾ ਕਿ ਹੁਣ ਉਥੇ ਜਾਣਾ ਸੰਭਵ ਨਹੀਂ ਤੁਸੀਂ (ਗੁਰੂ) ਗ੍ਰੰਥ ਸਾਹਿਬ ਜੀ ਦੀ ਇਹ ਬੀੜ ਲੈ ਜਾਵਹੁ ਅਤੇ ਇਸੇ ਦੀ ਸੇਵਾ ਵਿਚੋਂ ਮੇਰੇ ਦਰਸ਼ਨ ਕਰ ਲੈਣਾ। ਸੰਗਤ ਗੁਰੂ ਜੀ ਦੀ ਆਗਿਆ ਦਾ ਪਾਲਣ ਕਰਦੀ ਹੋਈ (ਗੁਰੂ) ਗ੍ਰੰਥ ਸਾਹਿਬ ਲੈ ਕੇ ਵਾਪਸ ਆ ਗਈ ਅਤੇ ਇਸ ਦੀ ਸਥਾਪਨਾ ਸ੍ਰੀ ਹਰਿਮੰਦਰ ਸਾਹਿਬ ਵਿਖੇ ਕਰ ਦਿੱਤੀ।[59]

(ਅ) ਦਸਮ ਗ੍ਰੰਥ: ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਨੂੰ ਦਸਮ ਗ੍ਰੰਥ ਕਹਿੰਦੇ ਹਨ। ਇਸ ਬੀੜ ਦੀ ਇਕ ਪੁਰਾਤਨ ਜਿਲਦ ਤਖ਼ਤ ਪਟਨਾ ਸਾਹਿਬ ਵਿਖੇ ਮੌਜੂਦ ਹੈ। ਭਾਈ ਕਾਨ੍ਹ ਸਿੰਘ ਨਾਭਾ, ਪ੍ਰੋ. ਪਿਆਰਾ ਸਿੰਘ ਪਦਮ ਆਦਿ ਹੋਰ ਕਈ ਵਿਦਵਾਨਾਂ ਨੇ ਇਸ ਦਾ ਜ਼ਿਕਰ ਕੀਤਾ ਹੈ।

ਆਰਥਿਕ ਪ੍ਰਬੰਧ

ਤਖ਼ਤ ਸ੍ਰੀ ਪਟਨਾ ਸਾਹਿਬ ਦੇ ਨਾਂ ਕੋਈ ਵਿਸ਼ੇਸ਼ ਜਾਗੀਰ ਨਹੀਂ ਹੈ। ਇਸ ਦਾ ਆਰਥਿਕ ਪ੍ਰਬੰਧ ਸੰਗਤ ਦੁਆਰਾ ਭੇਟਾ ਕੀਤੀ ਜਾਣ ਵਾਲੀ ਮਾਇਆ, ਪਦਾਰਥਾਂ ਅਤੇ ਵਸਤਾਂ ਨਾਲ ਚੱਲਦਾ ਹੈ। ਤਖ਼ਤ ਸਾਹਿਬ ਨਾਲ ਸੰਬੰਧਿਤ ਬਹੁਤ ਸਾਰੇ ਮੌਖਿਕ ਅਤੇ ਗੈਰ-ਮੌਖਿਕ ਸਰੋਤਾਂ ਤੋਂ ਇਹ ਜਾਣਕਾਰੀ ਪ੍ਰਾਪਤ ਹੁੰਦੀ ਹੈ ਕਿ ਭਾਰਤ ਦੀ ਅਜ਼ਾਦੀ ਅਤੇ ਪੰਜਾਬ ਦੀਆਂ ਰਿਆਸਤਾਂ ਟੁੱਟਣ ਤੋਂ ਪਹਿਲਾਂ ਪੰਜਾਬ ਦੇ ਰਾਜੇ-ਮਹਾਰਾਜੇ, ਸਿੱਖ ਸਰਦਾਰ, ਅਮੀਰ ਆਦਿ ਤਖ਼ਤ ਸਾਹਿਬ ਲਈ ਨਿਰੰਤਰ ਭੇਟਾਵਾਂ ਭੇਜਦੇ ਰਹੇ ਹਨ। ਜੀਂਦ ਰਿਆਸਤ ਵੱਲੋਂ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਨਾਂ 1876 ਤੋਂ 500 ਰੁਪਏ ਸਲਾਨਾ ਪੱਕੀ ਸਨਦ ਭੇਜੀ ਦੱਸੀ ਜਾਂਦੀ ਹੈ। 7.5.1933 ਦੀ ਇਕ ਚਿੱਠੀ ਤੋਂ ਪਤਾ ਲੱਗਦਾ ਹੈ ਕਿ ਸੰਨ 1891 ਵਿਚ ਮਹਾਰਾਜਾ ਨਾਭਾ ਕਲਕੱਤੇ ਜਾਂਦੇ ਹੋਏ ਰਾਹ ਵਿਚ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਦਰਸ਼ਨ ਕਰਨ ਗਏ ਸਨ। ਮਹਾਰਾਜਾ ਨਾਭਾ ਨੇ ਤਖ਼ਤ ਸਾਹਿਬ ਪ੍ਰਤੀ ਸ਼ਰਧਾ ਪ੍ਰਗਟ ਕਰਦੇ ਹੋਏ 500/- (ਪੰਜ ਸੌ ਰੁਪਏ) ਭੇਟ ਕੀਤੇ ਸਨ ਅਤੇ ਪ੍ਰਬੰਧਕਾਂ ਨੂੰ ਇਹ ਵਚਨ ਕੀਤਾ ਸੀ ਕਿ ਰਿਆਸਤ ਨਾਭਾ ਵੱਲੋਂ ਹਰ ਸਾਲ ਇੰਨੀ ਮਾਇਆ ਤਖ਼ਤ ਸਾਹਿਬ ਲਈ ਭੇਟ ਕੀਤੀ ਜਾਵੇਗੀ।[60] 22 ਮਾਰਚ 1950 ਨੂੰ ਤਖ਼ਤ ਸਾਹਿਬ ਦੇ ਮੈਨੇਜਰ ਸ. ਜੀਵਨ ਸਿੰਘ ਵੱਲੋਂ ਡਾ. ਗੰਡਾ ਸਿੰਘ ਨੂੰ ਲਿਖੀ ਇਕ ਚਿੱਠੀ ਤੋਂ ਪਤਾ ਲੱਗਦਾ ਹੈ ਕਿ ਨਾਭੇ ਦੇ ਸਰਦਾਰ ਨਿਹਾਲ ਸਿੰਘ ਗਿੱਲ ਦੇ ਸਪੁੱਤਰ ਸਰਦਾਰ ਬਿਸ਼ਨ ਸਿੰਘ ਨੇ 15 ਅਕਤੂਬਰ 1892 ਨੂੰ ਨਾਭਾ ਰਿਆਸਤ ਦੇ ਧਰਮ ਅਰਥ ਬੈਂਕ ਵਿਚ 904/12 ਰੁਪਏ ਜਮ੍ਹਾਂ ਕਰਵਾਏ ਸਨ। 47/8 ਰੁਪਏ ਇਸ ਦਾ ਸਲਾਨਾ

ਵਿਆਜ ਆਉਂਦਾ ਸੀ ਜਿਹੜਾ ਕਿ ਹਰ ਸਾਲ ਮਨੀ ਆਰਡਰ ਰਾਹੀਂ ਪਟਨਾ ਸਾਹਿਬ ਵਿਖੇ ਪੋਹ ਸੁਦੀ ਸੱਤਮੀ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਲਈ ਕੜਾਹ ਪ੍ਰਸ਼ਾਦ, ਰੌਸ਼ਨੀ ਆਦਿ ਖਰਚਿਆਂ ਲਈ ਭੇਜਿਆ ਜਾਂਦਾ ਸੀ। 16 ਫਰਵਰੀ 1946 ਤੱਕ ਇਹ ਵਿਆਜ ਨਿਰੰਤਰ ਪਟਨਾ ਸਾਹਿਬ ਵਿਖੇ ਪੁੱਜਦਾ ਰਿਹਾ ਹੈ।[61] ਪੰਜਾਬ ਦੀਆਂ ਸਿੱਖ ਰਿਆਸਤਾਂ ਵੱਲੋਂ ਭੇਜੀ ਜਾਂਦੀ ਸਾਲਾਨਾ ਭੇਟਾ ਦਾ ਵੇਰਵਾ ਇਸ ਪ੍ਰਕਾਰ ਹੈ[62]:

ਪਟਿਆਲਾ	750 ਰੁਪਏ ਸਲਾਨਾ
	(375 ਰੁਪਏ ਛਿਮਾਹੀ ਭੇਜੇ ਜਾਂਦੇ ਸਨ।)
ਨਾਭਾ	500 ਰੁਪਏ ਸਲਾਨਾ
ਜੀਂਦ	500 ਰੁਪਏ ਸਲਾਨਾ
ਫ਼ਰੀਦਕੋਟ	456 ਰੁਪਏ ਸਲਾਨਾ

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਨਾਂ ਲਗਾਈ ਗਈ ਪੱਕੀ ਆਮਦਨ ਦਾ ਵੇਰਵਾ ਭਾਈ ਕਾਨ੍ਹ ਸਿੰਘ ਨਾਭਾ ਇਸ ਪ੍ਰਕਾਰ ਦੱਸਦੇ ਹਨ[63]:

> ਬਿਹਾਰ ਦੇ ਅਮੀਰ ਗੋਪਾਲ ਸਿੰਘ ਦੀ ਗੁਰਦੁਆਰੇ ਦੇ ਨਾਮ ਲਾਈ 450 ਵਿੱਘੇ ਜ਼ਮੀਨ, ਜਿਸ ਦੀ ਆਮਦਨ 1000/- ਰੁਪਏ ਹੈ।
> ਗਵਰਨਮੈਂਟ 31/8 ਮਾਹਵਾਰ
> ਰਿਆਸਤ ਨਾਭਾ ਤੋਂ 500/- ਸਾਲਾਨਾ
> ਰਿਆਸਤ ਜੀਂਦ ਤੋਂ 470/- ਸਾਲਾਨਾ
> ਰਿਆਸਤ ਪਟਿਆਲਾ ਤੋਂ 2/- ਰੋਜ ਦੇ ਹਿਸਾਬ 720/- ਰੁਪਏ ਸਾਲਾਨਾ
> ਰਿਆਸਤ ਫਰੀਦਕੋਟ ਤੋਂ 456/- ਸਾਲਾਨਾ
> ਪਟਨਾ ਦੇ ਮਹੱਲਾ ਰਾਨੀਪੁਰ ਦੀ 22 ਵਿੱਘੇ ਜ਼ਮੀਨ ਤੋਂ 160/- ਸਾਲਾਨਾ
> ਮਹੱਲਾ ਰਕਾਬਗੰਜ ਦੀ ਜ਼ਮੀਨ ਤੋਂ 44/- ਸਾਲਾਨਾ
> ਨਾਭੇ ਦੇ ਸੁਰਗਵਾਸੀ ਅਹਿਲਕਾਰ ਦੀਵਾਨ ਬਿਸ਼ਨ ਸਿੰਘ ਜੀ ਵੱਲੋਂ 47/- ਸਾਲਾਨਾ
> ਗੁਰੂ ਕੇ ਬਾਗ਼ ਦੀ ਆਮਦਨ 50/- ਸਾਲਾਨਾ

1933 ਦੇ ਇਕ ਹੋਰ ਪੁਰਾਤਨ ਦਸਤਾਵੇਜ਼ ਤੋਂ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਆਰਥਿਕ ਪ੍ਰਬੰਧ ਬਾਰੇ ਜਾਣਕਾਰੀ ਮਿਲਦੀ ਹੈ। ਤਖ਼ਤ ਸਾਹਿਬ ਦੀ ਸਮੁੱਚੀ ਆਮਦਨ ਦਾ ਵੇਰਵਾ ਦਿੰਦੇ ਹੋਏ ਦੱਸਿਆ ਗਿਆ ਹੈ:

> ਤਖਤ ਸਾਹਿਬ ਦੇ ਨਾਮ ਕਈ ਇਕ ਪਿੰਡਾਂ ਵਿਚ ਕਾਫ਼ੀ ਜ਼ਮੀਨ ਹੈ ਅਤੇ ਉਹ ਪਿੰਡ ਦਰਯਾਪੁਰ, ਡੇਹਵਾਂ, ਰਾਂਨੀਪੁਰ, ਨਗਲਾ, ਰਕਾਬਗੰਜ, ਸਿਮਲੀ ਮੁਰਾਰਪੁਰ ਹਨ, ਜਿਥੋਂ ਚੰਗੀ ਆਮਦਨ ਆਉਂਦੀ ਹੈ। ਸਰਕਾਰ ਵੱਲੋਂ 1/- ਰੋਜ਼ ਮਿਲਦਾ ਹੈ। ਨਾਭਾ, ਜੀਂਦ ਫ਼ਰੀਦਕੋਟ, ਪਟਿਆਲਾ ਆਦਿਕ ਸਿੱਖ

> ਰਿਆਸਤਾਂ ਸਭ ਸਲਾਨਾ ਦੇਂਦੀਆਂ ਹਨ। ਬਾਕੀ ਹੋਰ ਸੰਗਤ ਦੇ ਅਰਦਾਸਿਆਂ ਦੀ ਆਮਦਨ ਹੈ। ਕੁਲ ਸਾਲਾਨਾ ਆਮਦਨ ਦਾ ਅੰਦਾਜਾ 15000/- ਤੋਂ 20000/- ਤੱਕ ਹੈ ਅਤੇ ਖਰਚ ਤੇ ਗੁਰਦੁਆਰੇ ਦੇ ਪ੍ਰਬੰਧ ਮੂਜਬ ਹੀ ਹੋ ਸਕਦਾ ਹੈ।[64]

ਤਖ਼ਤ ਸਾਹਿਬ ਦੀ ਮਾਇਕ ਹਾਲਤ ਨੂੰ ਸੁਚਾਰੂ ਰੂਪ ਵਿਚ ਚਲਾਉਣ ਲਈ ਪੰਜਾਬ ਦੇ ਰਾਜਿਆਂ-ਮਹਾਰਾਜਿਆਂ ਵੱਲੋਂ ਮਾਇਕ ਸਹਾਇਤਾ ਦਿੱਤੀ ਜਾ ਰਹੀ ਸੀ ਪਰ ਫਿਰ ਵੀ ਇਸ ਵਿਚ ਸੁਧਾਰ ਲਿਆਉਣ ਲਈ ਯਤਨ ਨਿਰੰਤਰ ਜਾਰੀ ਸਨ। ਉਸ ਸਮੇਂ ਚੀਫ਼ ਖ਼ਾਲਸਾ ਦੀਵਾਨ ਸਿੱਖ ਮਸਲਿਆਂ ਪ੍ਰਤੀ ਬਹੁਤ ਹੀ ਕਿਰਿਆਸ਼ੀਲ ਰੂਪ ਵਿਚ ਕਾਰਜ ਕਰ ਰਿਹਾ ਸੀ। ਇਹ ਵੀ ਤਖ਼ਤ ਸਾਹਿਬ ਦੇ ਪ੍ਰਬੰਧ ਵਿਚ ਆਪਣਾ ਯੋਗਦਾਨ ਪਾਉਣ ਲਈ ਯਤਨਸ਼ੀਲ ਸੀ। ਸਿੱਖਾਂ ਦੀ ਇਕ ਪ੍ਰਮੁੱਖ ਜਥੇਬੰਦੀ ਹੋਣ ਕਰਕੇ ਇਹ ਲੋੜ ਅਨੁਸਾਰ ਆਪਣਾ ਯੋਗਦਾਨ ਪਾਉਂਦੇ ਰਹਿੰਦੇ ਸਨ। ਇਸ ਸੰਬੰਧੀ ਇਹਨਾਂ ਦੀਆਂ ਮੀਟਿੰਗਾਂ ਵਿਚ ਹੋਈਆਂ ਵਿਚਾਰਾਂ ਅਤੇ ਲਏ ਗਏ ਫ਼ੈਸਲੇ ਮਹੱਤਵਪੂਰਨ ਹਨ। 1 ਜਨਵਰੀ 1929 ਦੀ ਮੀਟਿੰਗ ਵਿਚ ਇਕ ਮਤਾ ਇਹ ਪਾਸ ਕੀਤਾ ਗਿਆ:

> ਪਟਨਾ ਸਾਹਿਬ ਜੀ ਦੇ ਗੁਰਦੁਆਰੇ ਲਈ ਇਕ ਕੀਰਤਨੀ ਜਥਾ ਭੇਜਣ ਦਾ ਪ੍ਰਬੰਧ ਕਰਨ ਲਈ ਪ੍ਰੈਜ਼ੀਡੈਂਟ ਸਾਹਿਬ ਜੀ ਨੇ ਸਵਾਲ ਪੇਸ਼ ਕੀਤਾ। ਆਗਿਆ ਹੋਈ ਕਿ ਦੀਵਾਨ ਵੱਲੋਂ ਅਖਬਾਰ ਦੁਆਰਾ ਇਸ਼ਤਿਹਾਰ ਪ੍ਰਕਾਸ਼ਤ ਕਰਕੇ ਜਥਾ ਭੇਜਣ ਦਾ ਪ੍ਰਬੰਧ ਕੀਤਾ ਜਾਵੇ। ਪ੍ਰੈਜ਼ੀਡੈਂਟ ਸਾਹਿਬ ਜੀ ਨੇ ਦੱਸਿਆ ਕਿ ਉਹ ਆਪਣੇ ਪਾਸੋਂ ਇਸ ਜਥੇ ਦੀ ਤਨਖਾਹ 50/- ਮਾਹਵਾਰ ਹਾਲਾਂ ਇਕ ਸਾਲ ਵਾਸਤੇ ਆਪਣੇ ਕੋਲੋਂ ਦੇਣ ਨੂੰ ਤਿਆਰ ਹਨ।

ਦੇਸ਼-ਵੰਡ ਉਪਰੰਤ ਰਿਆਸਤਾਂ ਟੁੱਟ ਗਈਆਂ ਅਤੇ ਰਾਜਿਆਂ-ਮਹਾਰਾਜਿਆਂ ਵੱਲੋਂ ਦਿੱਤੀ ਜਾਂਦੀ ਮਾਇਕ ਸਹਾਇਤਾ ਬੰਦ ਹੋ ਗਈ। ਦੂਜੇ ਪਾਸੇ ਸੰਤ ਨਿਸਚਲ ਸਿੰਘ ਜੀ ਨੇ ਪਕਿਸਤਾਨ ਤੋਂ ਉਜੜ ਕੇ ਆਏ ਬਹੁਤ ਸਾਰੇ ਪੰਜਾਬੀ ਅਤੇ ਸਿੱਖ ਪਰਿਵਾਰਾਂ ਨੂੰ ਪਟਨਾ ਸਾਹਿਬ ਵਿਖੇ ਵਸ ਜਾਣ ਦੀ ਪ੍ਰੇਰਨਾ ਕੀਤੀ ਜਿਸ ਨਾਲ ਤਖ਼ਤ ਸਾਹਿਬ ’ਤੇ ਰੌਣਕ ਵੱਧ ਗਈ ਸੀ। ਤਖ਼ਤ ਸਾਹਿਬ ਦੀ ਮਾਇਕ ਹਾਲਤ ਬਹੁਤ ਮਜ਼ਬੂਤ ਨਹੀਂ ਰਹੀ ਪਰ ਫਿਰ ਵੀ ਗੁਰੂ-ਘਰ ਆਉਣ ਵਾਲੀ ਸੰਗਤ ਲਈ ਲੰਗਰ ਨਿਯਮ ਅਨੁਸਾਰ ਚੱਲਦਾ ਰਿਹਾ। ਹੌਲੀ-ਹੌਲੀ ਸਿੱਖਾਂ ਨੇ ਛੋਟੇ-ਛੋਟੇ ਕਾਰੋਬਾਰ ਅਰੰਭ ਕੀਤੇ ਅਤੇ ਸੰਗਤ ਦੀ ਨਿਰੰਤਰ ਆਮਦ ਨਾਲ ਤਖ਼ਤ ਸਾਹਿਬ ਦੀ ਸਾਂਭ-ਸੰਭਾਲ ਅਤੇ ਨਿਤਨੇਮ ਦੇ ਕਾਰਜਾਂ ਨੂੰ ਬਲ ਮਿਲਿਆ। ਸਮਾਂ ਪਾ ਕੇ ਬਿਹਾਰ ਦੇ ਰਾਜਨੀਤਿਕ ਹਾਲਾਤ ਮੰਦਹਾਲੀ ਦਾ ਸ਼ਿਕਾਰ ਹੋ ਗਏ, ਸੁਰੱਖਿਆ ਨੂੰ ਲੈ ਕੇ ਪੈਦਾ ਹੋਈ ਚਿੰਤਾ ਨੇ ਬਿਹਾਰ ਤੋਂ ਲੋਕਾਂ ਦਾ ਮੋਹ ਭੰਗ ਕਰ ਦਿੱਤਾ। ਅਜਿਹੇ ਹਾਲਾਤ ਵਿਚ ਵੀ ਤਖ਼ਤ ਸ੍ਰੀ ਪਟਨਾ ਸਾਹਿਬ ਦਾ ਪ੍ਰਬੰਧ ਨਿਰੰਤਰ ਚੱਲਦਾ ਰਿਹਾ। ਪੰਜਾਬ ਦੀ ਸੰਗਤ ਹਜ਼ੂਰ ਸਾਹਿਬ ਵਿਖੇ ਤਾਂ ਬਹੁਤ ਉਤਸ਼ਾਹ ਨਾਲ ਜਾਂਦੀ

ਸੀ ਪਰ ਬਿਹਾਰ ਜਾਣ ਲੱਗਿਆਂ ਦੋ ਵਾਰੀ ਸੋਚ ਵਿਚ ਜ਼ਰੂਰ ਪੈ ਜਾਂਦੀ ਸੀ। ਰਾਜਨੀਤਿਕ ਹਾਲਾਤ ਨੇ ਸਮੁੱਚੇ ਬਿਹਾਰ ਦੀ ਜਨਤਾ ਨੂੰ ਪ੍ਰਭਾਵਿਤ ਕੀਤਾ। ਗਰੀਬੀ ਅਤੇ ਭੁੱਖਮਰੀ ਦਾ ਸ਼ਿਕਾਰ ਹੋ ਰਹੀ ਬਿਹਾਰ ਦੀ ਜਨਤਾ ਨੇ ਦੂਜੇ ਰਾਜਾਂ ਵੱਲ ਮੂੰਹ ਕਰਨਾ ਸ਼ੁਰੂ ਕਰ ਦਿੱਤਾ। ਪੰਜਾਬ ਅਤੇ ਮਹਾਂਰਾਸ਼ਟਰ ਉਹਨਾਂ ਦੀ ਖਿੱਚ ਦਾ ਕੇਂਦਰ ਬਣੇ। ਅਜਿਹੇ ਸਮੇਂ ਵੀ ਤਖ਼ਤ ਸਾਹਿਬ ਦੀ ਮਰਯਾਦਾ ਅਤੇ ਸੰਗਤ ਦੀ ਸੇਵਾ ਦਾ ਕਾਰਜ ਨਿਰੰਤਰ ਚੱਲਦਾ ਰਿਹਾ।

ਬਿਹਾਰ ਵਿਚ ਸ੍ਰੀ ਨੀਤਿਸ਼ ਕੁਮਾਰ ਦੀ ਸਰਕਾਰ ਦੇ ਆਉਣ ਨਾਲ ਰਾਜਨੀਤਿਕ ਹਾਲਾਤ ਤੇਜੀ ਨਾਲ ਬਦਲਣੇ ਸ਼ੁਰੂ ਹੋਏ। ਉਸ ਨੇ ਰਾਜ ਵਿਚ ਅਮਨ ਦਾ ਮਾਹੌਲ ਕਾਇਮ ਕਰਨ ਲਈ ਸਖ਼ਤ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ। ਉਸ ਨੇ ਜਿਥੇ ਰਾਜ ਵਿਚੋਂ ਮਾੜੇ ਅਨਸਰਾਂ ਨੂੰ ਨਕੇਲ ਪਾਈ ਉਥੇ ਰਾਜ ਵਿਚ ਸ਼ਰਾਬ ’ਤੇ ਪੂਰਨ ਤੌਰ ’ਤੇ ਪਾਬੰਦੀ ਲਗਾ ਦਿੱਤੀ। ਇਸ ਆਰਥਿਕ ਘਾਟੇ ਨੂੰ ਪੂਰਾ ਕਰਨ ਲਈ ਉਸ ਨੇ ਰਾਜ ਵਿਚ ਧਾਰਮਿਕ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨਾ ਸ਼ੁਰੂ ਕਰ ਦਿੱਤਾ। ਹਰ ਧਰਮ ਨਾਲ ਸੰਬੰਧਿਤ ਵਿਸ਼ੇਸ਼ ਦਿਨ ਰਾਜ ਸਰਕਾਰ ਵੱਲੋਂ ਮਨਾਉਣੇ ਅਤੇ ਉਸ ਵਿਚ ਸਰਕਾਰੀ ਮਸ਼ੀਨਰੀ ਦੀ ਖੁੱਲ੍ਹ ਕੇ ਵਰਤੋਂ ਕਰਨ ਨਾਲ ਰਾਜ ਦੀ ਦਿਸ਼ਾ ਦਾ ਸੁਚਾਰੂ ਪੱਖ ਸਾਹਮਣੇ ਆਉਣ ਲੱਗਿਆ। ਜਿਸ ਰਾਜ ਵਿਚ ਆਮ ਲੋਕ ਜਾਣ ਤੋਂ ਡਰਦੇ ਸਨ, ਉਥੇ ਸ਼ਾਂਤੀ ਅਤੇ ਸੁਰੱਖਿਆ ਦਾ ਮਾਹੌਲ ਕਾਇਮ ਕਰਨ ਵਿਚ ਸਰਕਾਰ ਸਫ਼ਲ ਰਹੀ। ਜਨਵਰੀ 2017 ਵਿਚ ਇਸੇ ਸਰਕਾਰ ਦੇ ਸਮੇਂ ਗੁਰੂ ਗੋਬਿੰਦ ਸਿੰਘ ਜੀ ਦਾ 350 ਸਾਲਾ ਪ੍ਰਕਾਸ਼ ਪੁਰਬ ਆ ਗਿਆ। ਸਰਕਾਰੀ ਪੱਧਰ ’ਤੇ ਇਸ ਧਾਰਮਿਕ ਪੁਰਬ ਨੂੰ ਮਨਾਉਣ ਲਈ ਤਿਆਰੀਆਂ ਅਰੰਭ ਕਰ ਦਿੱਤੀਆਂ ਗਈਆਂ। ਸਿੱਖਾਂ ਦੀਆਂ ਧਾਰਮਿਕ, ਸਮਾਜਿਕ, ਅਤੇ ਵਿਦਿਅਕ ਅਦਾਰਿਆਂ ਨਾਲ ਜੁੜੀਆਂ ਹੋਈਆਂ ਮਹੱਤਵਪੂਰਨ ਸ਼ਖ਼ਸੀਅਤਾਂ ਨੂੰ ਬੁਲਾਇਆ ਅਤੇ ਰਾਜ ਦੀ ਦਸ਼ਾ ਅਤੇ ਦਿਸ਼ਾ ਸੰਬੰਧੀ ਪੈਦਾ ਕੀਤੇ ਗਏ ਮਾਹੌਲ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ। ਦੇਸ਼-ਵਿਦੇਸ਼ ਵਿਚੋਂ ਵੱਡੀ ਗਿਣਤੀ ਸਿੱਖ ਸੰਗਤ ਨੇ ਇਸ ਸਮਾਗਮ ਵਿਚ ਭਾਗ ਲਿਆ ਅਤੇ ਬਿਹਾਰ ਦੀ ਬਦਲੀ ਹੋਈ ਰੂਪ-ਰੇਖਾ ਨੇ ਸਿੱਖਾਂ ਨੂੰ ਬਹੁਤ ਪ੍ਰਭਾਵਿਤ ਕੀਤਾ। ਇਸ ਸ਼ਤਾਬਦੀ ਤੋਂ ਬਾਅਦ ਤਖ਼ਤ ਸਾਹਿਬ ਦੇ ਦਰਸ਼ਨਾਂ ਲਈ ਜਾਣ ਵਾਲੀ ਸਿੱਖ ਸੰਗਤ ਵਿਚ ਭਾਰੀ ਵਾਧਾ ਹੋਇਆ। ਸਿੱਖ ਸੰਗਤ ਦੀ ਆਮਦ ਵੱਧਣ ਨਾਲ ਜਿਥੇ ਤਖ਼ਤ ਸਾਹਿਬ ਦੀ ਰੌਣਕ ਮੁੜ ਪਰਤ ਆਈ ਹੈ ਉਥੇ ਇਹ ਅਸਥਾਨ ਹਰ ਤਰ੍ਹਾਂ ਦੀਆਂ ਮਾਇਕ ਔਕੜਾਂ ਤੋਂ ਮੁਕਤ ਹੋ ਗਿਆ ਹੈ। ਹਰ ਧਰਮ ਨਾਲ ਸੰਬੰਧਿਤ ਸ਼ਰਧਾਲੂ ਇਸ ਅਸਥਾਨ ’ਤੇ ਹਾਜ਼ਰੀ ਭਰ ਕੇ ਗੁਰੂ-ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਦੇ ਹਨ।

ਯਾਤਰੂਆਂ ਲਈ ਨਿਵਾਸ ਅਸਥਾਨ

ਤਖ਼ਤ ਸ੍ਰੀ ਹਰਿੰਮਦਰ ਜੀ ਪਟਨਾ ਸਾਹਿਬ ਦੇ ਦਰਸ਼ਨ ਕਰਨ ਲਈ ਆਉਣ ਵਾਲੇ ਸ਼ਰਧਾਲੂਆਂ ਲਈ ਨਿਵਾਸ ਦੇ ਵਿਸਤ੍ਰਿਤ ਪ੍ਰਬੰਧ ਕੀਤੇ ਗਏ ਹਨ। 2017 ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨਾਲ ਸੰਬੰਧਿਤ ਸ਼ਤਾਬਦੀ ਦੇ ਮੱਦੇਨਜ਼ਰ ਜਿਹੜੀਆਂ ਤਿਆਰੀਆਂ ਕੀਤੀਆਂ ਗਈਆਂ ਸਨ, ਪੁਰਾਣੀਆਂ ਸਰਾਵਾਂ ਨੂੰ ਨਵਿਆਉਣ ਅਤੇ

ਨਵੀਆਂ ਸਰਾਵਾਂ ਦੀ ਉਸਾਰੀ ਇਹਨਾਂ ਦਾ ਮਹੱਤਵਪੂਰਨ ਹਿੱਸਾ ਸਨ। ਸ਼ਰਧਾਲੂਆਂ ਦੀ ਸਹੂਲਤ ਨੂੰ ਮੁੱਖ ਰੱਖਦੇ ਹੋਏ ਬਹੁਤੀਆਂ ਸਰਾਵਾਂ ਵਿਚ ਏ.ਸੀ ਲਗਾ ਦਿੱਤੇ ਗਏ ਹਨ। ਇਹਨਾਂ ਸਰਾਵਾਂ ਦੀ ਉਸਾਰੀ ਵਿਚ ਕਾਰ ਸੇਵਾ ਵਾਲਿਆਂ ਦਾ ਵਿਸ਼ੇਸ਼ ਯੋਗਦਾਨ ਹੈ। ਬਾਬਾ ਹਰਬੰਸ ਸਿੰਘ ਜੀ ਦਿੱਲੀ ਵਾਲੇ ਅਤੇ ਗੁਰੂ ਨਾਨਕ ਨਿਸ਼ਕਾਮ ਸੇਵਕ ਜੱਥਾ, ਬਰਮਿੰਘਮ ਵੱਲੋਂ ਸਰਾਵਾਂ ਦੀ ਉਸਾਰੀ ਵਿਚ ਵਿਸ਼ੇਸ਼ ਯੋਗਦਾਨ ਪਾਇਆ ਗਿਆ ਹੈ। ਤਖ਼ਤ ਸਾਹਿਬ ਵੱਲੋਂ ਜਿਹੜੀਆਂ ਸਰਾਵਾਂ ਦਾ ਪ੍ਰਬੰਧ ਅਤੇ ਸਾਂਭ-ਸੰਭਾਲ ਕੀਤੀ ਜਾ ਰਹੀ ਹੈ, ਉਹਨਾਂ ਦਾ ਵੇਰਵਾ ਇਸ ਪ੍ਰਕਾਰ ਹੈ:

1. ਬਾਲਾ ਪ੍ਰੀਤਮ ਨਿਵਾਸ
2. ਸਾਲਿਸ ਰਾਇ ਜੌਹਰੀ ਨਿਵਾਸ
3. ਮਾਤਾ ਗੁਜਰੀ ਨਿਵਾਸ
4. ਗੁਰੂ ਤੇਗ਼ ਬਹਾਦਰ ਨਿਵਾਸ
5. ਮੀਰੀ-ਪੀਰੀ ਨਿਵਾਸ
6. ਲੰਗਰ ਹਾਲ ਦੇ ਉਪਰ ਸੰਗਤ ਲਈ 85 ਕਮਰੇ ਬਣੇ ਹੋਏ ਹਨ ਜਿਹੜੇ ਬਗ਼ੈਰ ਕਿਸੇ ਭੇਟਾ ਤੋਂ ਦਿੱਤੇ ਜਾਂਦੇ ਹਨ।
7. ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ, ਬਰਮਿੰਘਮ ਵੱਲੋਂ ਤਖ਼ਤ ਸਾਹਿਬ ਦੇ ਨਾਲ ਬੇਸਮੈਂਟ, ਸਾਲਿਸ ਰਾਇ ਜੌਹਰੀ ਦੀਵਾਨ ਹਾਲ ਅਤੇ ਉਸਦੇ ਉਪਰ 100 ਏ.ਸੀ ਕਮਰਿਆਂ ਦੀ ਉਸਾਰੀ ਦਾ ਕਾਰਜ ਅਰੰਭ ਕਰ ਦਿੱਤਾ ਗਿਆ ਹੈ।
8. ਤਖ਼ਤ ਸ੍ਰੀ ਹਜ਼ੂਰ ਸਾਹਿਬ ਨਿਵਾਸ - ਇਹ ਨਿਵਾਸ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਸਹਾਇਤਾ ਨਾਲ ਬਣਾਇਆ ਜਾਣਾ ਹੈ। ਨੇੜ-ਭਵਿੱਖ ਵਿਚ ਇਸ ਦੀ ਉਸਾਰੀ ਦਾ ਕਾਰਜ ਅਰੰਭ ਕਰਨ ਦੀ ਯੋਜਨਾ ਉਲੀਕੀ ਗਈ ਹੈ।
9. ਉਕਤ ਸਰਾਵਾਂ ਤੋਂ ਇਲਾਵਾ ਬਿਹਾਰ ਸਰਕਾਰ ਵੱਲੋਂ ਪੰਜਾਬ ਸਰਕਾਰ ਦੀ ਸਹਾਇਤਾ ਨਾਲ ਗੰਗਾ ਨਦੀ ਦੇ ਕਿਨਾਰੇ ਪੰਜਾਬ ਭਵਨ ਵੀ ਬਣਾਉਣ ਦੀ ਤਜਵੀਜ਼ ਹੈ।

ਪ੍ਰਮੁੱਖ ਗੁਰਪੁਰਬ

ਸਮੂਹ ਗੁਰੂ ਸਾਹਿਬਾਨ ਅਤੇ ਮਹੱਤਵਪੂਰਨ ਦਿਨਾਂ ਮੌਕੇ ਤਖ਼ਤ ਸਾਹਿਬ 'ਤੇ ਸੰਗਤ ਹਾਜ਼ਰੀ ਭਰਦੀ ਹੈ ਪਰ ਜਿਹੜੇ ਦਿਹਾੜੇ ਪ੍ਰਮੁੱਖਤਾ ਨਾਲ ਮਨਾਏ ਜਾਂਦੇ ਹਨ, ਉਹ ਇਸ ਤਰ੍ਹਾਂ ਹਨ:

1. ਪ੍ਰਕਾਸ਼ ਪੁਰਬ ਗੁਰੂ ਨਾਨਕ ਦੇਵ ਜੀ - ਕੱਤਕ ਦੀ ਪੂਰਨਮਾਸ਼ੀ, ਇਸ ਗੁਰਪੁਰਬ ਮੌਕੇ ਨਗਰ ਕੀਰਤਨ ਕੱਢਿਆ ਜਾਂਦਾ ਹੈ।
2. ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ, ਜੇਠ ਸੁਦੀ ਚੌਥ
3. ਗੁਰੂ ਤੇਗ਼ ਬਹਾਦਰ ਜੀ ਦਾ ਸ਼ਹੀਦੀ ਪੁਰਬ, ਮੱਘਰ ਸੁਦੀ ਪੰਚਮੀ

4. ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ - ਪੋਹ ਸੁਦੀ ਸੱਤਵੀਂ, ਇਸ ਗੁਰਪੁਰਬ ਮੌਕੇ ਨਗਰ ਕੀਰਤਨ ਕੱਢਿਆ ਜਾਂਦਾ ਹੈ।
5. ਬੈਸਾਖੀ - ਇਸ ਗੁਰਪੁਰਬ ਮੌਕੇ ਨਗਰ ਕੀਰਤਨ ਕੱਢਿਆ ਜਾਂਦਾ ਹੈ।

ਗੁਰਧਾਮਾਂ ਦੀ ਸੇਵਾ-ਸੰਭਾਲ ਅਤੇ ਪ੍ਰਬੰਧ

ਤਖ਼ਤ ਸਾਹਿਬ ਵੱਲੋਂ ਦੋ ਤਰ੍ਹਾਂ ਦੇ ਗੁਰਧਾਮਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ। ਇਕ ਸ਼੍ਰੇਣੀ ਵਿਚ ਉਹ ਗੁਰਧਾਮ ਹਨ ਜਿਨ੍ਹਾਂ ਨੂੰ ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਹੈ ਅਤੇ ਇਤਿਹਾਸ ਦੀਆਂ ਪਰਤਾਂ ਆਪਣੇ ਅੰਦਰ ਸਮੋਈ ਬੈਠੇ ਹਨ। ਦੂਜੀ ਸ਼੍ਰੇਣੀ ਵਿਚ ਅਜਿਹੇ ਗੁਰਧਾਮ ਹਨ ਜਿਹੜੇ ਸੰਗਤ ਨੇ ਆਪਣੀ ਸਹੂਲਤ ਲਈ ਬਣਾਏ ਸਨ ਅਤੇ ਜਦੋਂ ਕਿਸੇ ਕਾਰਨ ਸੰਗਤ ਉਥੋਂ ਪਲਾਇਨ ਕਰ ਗਈ ਤਾਂ ਉਹ ਤਖ਼ਤ ਸਾਹਿਬ ਦੇ ਪ੍ਰਬੰਧ ਅਧੀਨ ਆ ਗਏ। ਪਟਨਾ ਸਾਹਿਬ ਤੋਂ ਬਾਹਰ ਮੁੰਗੇਰ, ਭਾਗਲਪੁਰ, ਲੱਛਮੀਪੁਰ ਆਦਿ ਨਗਰਾਂ ਵਿਚ ਵੀ ਇਤਿਹਾਸਿਕ ਗੁਰਧਾਮ ਮੌਜੂਦ ਹਨ ਪਰ ਇਹਨਾਂ ਦਾ ਪ੍ਰਬੰਧ ਸਥਾਨਕ ਕਮੇਟੀਆਂ ਦੁਆਰਾ ਕੀਤਾ ਜਾਂਦਾ ਹੈ। ਜਿਹੜੇ ਗੁਰਧਾਮਾਂ ਦਾ ਪ੍ਰਬੰਧ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਕਮੇਟੀ ਦੁਆਰਾ ਕੀਤਾ ਜਾਂਦਾ ਹੈ, ਇਥੇ ਕੇਵਲ ਉਹਨਾਂ ਦਾ ਵੇਰਵਾ ਦਿੱਤਾ ਜਾ ਰਿਹਾ ਹੈ:

1. ਗੁਰਦੁਆਰਾ ਗਊ (ਗਾਇ) ਘਾਟ - ਗੁਰੂ ਨਾਨਕ ਦੇਵ ਜੀ ਅਤੇ ਗੁਰੂ ਤੇਗ਼ ਬਹਾਦਰ ਜੀ ਦੀ ਯਾਦ ਵਿਚ ਇਹ ਗੁਰਦੁਆਰਾ ਪਟਨਾ ਸਾਹਿਬ ਵਿਖੇ ਆਲਮਗੰਜ ਦੇ ਸਥਾਨ 'ਤੇ ਸਥਿਤ ਹੈ। ਗੰਗਾ ਨਦੀ ਦੇ ਕੰਢੇ 'ਤੇ ਵੱਸੇ ਹੋਏ ਇਸ ਅਸਥਾਨ ਦਾ ਪੁਰਾਤਨ ਨਾਂ ਬਿਸੰਭਰਪੁਰ ਸੀ। ਗੁਰੂ ਸਾਹਿਬਾਨ ਦੇ ਸਮੇਂ ਤੋਂ ਜਿਹੜੀ ਸੰਗਤ ਇਥੇ ਜੁੜਦੀ ਸੀ ਉਸ ਨੂੰ 'ਬੜੀ ਸੰਗਤ' ਜਾਂ 'ਗਾਇ ਘਾਟ ਸੰਗਤ' ਕਿਹਾ ਜਾਂਦਾ ਸੀ।[65] ਸਥਾਨਕ ਪਰੰਪਰਾ ਦੱਸਦੀ ਹੈ ਕਿ ਜਦੋਂ ਗੁਰੂ ਨਾਨਕ ਦੇਵ ਜੀ ਇਸ ਅਸਥਾਨ 'ਤੇ ਆਏ ਸਨ ਤਾਂ ਵਡੇਰੀ ਉਮਰ ਦਾ ਇਕ ਧਰਮਾਤਮਾ ਪੁਰਖ ਭਗਤ ਜੈਤ ਮੱਲ ਇਥੇ ਨਿਵਾਸ ਕਰਦਾ ਸੀ। ਅਧਿਆਤਮਿਕ ਵਿਚਾਰ ਰੱਖਣ ਵਾਲਾ ਇਹ ਧਰਮੀ ਪੁਰਖ ਕਿੱਤੇ ਵੱਜੋਂ ਵਪਾਰੀ ਸੀ ਅਤੇ ਇਸ ਕਰਕੇ ਇਸ ਨੂੰ ਸੇਠ ਜੈਤ ਮੱਲ ਵੀ ਕਿਹਾ ਜਾਂਦਾ ਸੀ। ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਕੇ ਇਸ ਨੂੰ ਅਨੰਦ ਪ੍ਰਾਪਤ ਹੋਇਆ ਅਤੇ ਇਹ ਉਹਨਾਂ ਦਾ ਸ਼ਰਧਾਲੂ ਹੋ ਗਿਆ। ਇਸ ਅਸਥਾਨ ਦਾ ਨਾਂ ਗਊ ਘਾਟ ਹੋਣ ਦਾ ਕਾਰਨ ਦੱਸਦੇ ਹੋਏ ਫੌਜਾ ਸਿੰਘ ਕਹਿੰਦੇ ਹਨ ਕਿ, "ਇਸ ਥਾਂ ਭਗਤ ਜੈਤਾ ਮਲ ਗੰਗਾ ਦੇ ਪਾਣੀ ਨਾਲ ਹਰ ਰੋਜ਼ ਸਵੇਰੇ ਇਸ਼ਨਾਨ ਕਰਿਆ ਕਰਦੇ ਸਨ। ਆਮ ਤੌਰ 'ਤੇ ਜਿਸ ਥਾਂ 'ਤੇ ਗੰਗਾ ਦੇ ਕਿਨਾਰੇ ਪਸ਼ੂਆਂ ਆਦਿ ਨੂੰ ਪਾਣੀ ਪਿਆਇਆ ਜਾਂਦਾ ਹੈ ਉਸ ਨੂੰ ਗਊ ਘਾਟ ਕਿਹਾ ਜਾਂਦਾ ਹੈ।"[66] ਪੂਰਬ ਦੀ ਯਾਤਰਾ ਸਮੇਂ ਗੁਰੂ ਤੇਗ਼ ਬਹਾਦਰ ਜੀ ਵੀ ਇਸ ਅਸਥਾਨ 'ਤੇ ਆਏ ਸਨ ਅਤੇ ਸਾਲਿਸ ਰਾਇ ਜੌਹਰੀ ਦਾ ਉਤਰਾਧਿਕਾਰੀ ਮਸੰਦ, ਸਥਾਨਕ ਸੰਗਤ ਸਮੇਤ, ਗੁਰੂ ਜੀ ਨੂੰ ਬੇਨਤੀ ਕਰਕੇ ਆਪਣੇ ਘਰ ਲੈ ਗਿਆ ਸੀ। ਇਸ ਅਸਥਾਨ ਦੀਆਂ ਇਹ ਵਸਤਾਂ ਦੇਖਣਯੋਗ ਹਨ:

(ੳ) ਥੜ੍ਹਾ ਸਾਹਿਬ: ਜਿਸਦੇ ਉਪਰ ਗੁਰੂ ਜੀ ਆ ਕੇ ਬੈਠੇ ਸਨ।

(ਅ) ਹਰਸ੍ਰਿੰਗਾਰ ਦਾ ਰੁੱਖ: ਇਸ ਨੂੰ ਕਿੱਲਾ ਸਾਹਿਬ ਵੀ ਕਿਹਾ ਜਾਂਦਾ ਹੈ। ਇਸ ਨਾਲ ਗੁਰੂ ਤੇਗ਼ ਬਹਾਦਰ ਜੀ ਨੇ ਆਪਣਾ ਘੋੜਾ ਬੰਨਿਆ ਸੀ। ਸਮਾਂ ਪਾ ਕੇ ਇਹ ਕਿੱਲਾ ਹਰਾ ਹੋ ਗਿਆ ਅਤੇ ਹੁਣ ਤੱਕ ਉਥੇ ਮੌਜੂਦ ਹੈ।

(ੲ) ਚੱਕੀ: ਮਾਤਾ ਗੁਜਰੀ ਜੀ ਨਾਲ ਸੰਬੰਧਿਤ ਹੋਣ ਕਰਕੇ ਇਸ ਨੂੰ 'ਮਾਤਾ ਜੀ ਦੀ ਚੱਕੀ' ਕਿਹਾ ਜਾਂਦਾ ਹੈ।

(ਸ) ਤਾਕੀ ਸਾਹਿਬ: ਇਸ ਗੁਰਦੁਆਰੇ ਦੇ ਇਕ ਪਾਸੇ ਇਕ ਛੋਟੀ ਜਿਹੀ ਤਾਕੀ ਹੈ ਜਿਸ ਕਰਕੇ ਇਸ ਅਸਥਾਨ ਨੂੰ 'ਤਾਕੀ ਸਾਹਿਬ' ਕਿਹਾ ਜਾਂਦਾ ਹੈ। ਜਦੋਂ ਗੁਰੂ ਤੇਗ਼ ਬਹਾਦਰ ਜੀ ਇਥੇ ਆਏ ਸਨ ਤਾਂ ਭਗਤ ਜੈਤ ਮੱਲ ਜੀ ਨੇ ਆਪਣੇ ਘਰ ਦੇ ਸਾਰੇ ਬੂਹੇ ਬੰਦ ਕੀਤੇ ਹੋਏ ਸਨ। ਬਹੁਤ ਜੋਰ ਦੇਣ 'ਤੇ ਵੀ ਜਦੋਂ ਭਗਤ ਜੀ ਨੇ ਬੂਹਾ ਨਾ ਖੋਲਿਆ ਤਾਂ ਗੁਰੂ ਜੀ ਉਸ ਤਾਕੀ ਰਾਹੀਂ ਅੰਦਰ ਪ੍ਰਵੇਸ਼ ਕੀਤੇ ਸਨ। ਇਸ ਤਾਕੀ ਦੀ ਸਾਂਭ-ਸੰਭਾਲ ਲਈ ਕੀਤੀ ਗਈ ਕਾਰ-ਸੇਵਾ ਸੰਬੰਧੀ ਇਕ ਪੱਥਰ ਲੱਗਿਆ ਹੋਇਆ ਹੈ—'ਟੇਹਲ ਕਰਵਾਈ ਦਾਸ ਰਾਮ ਸਿੰਘ ਪੁਨਛੀਆ ਗ੍ਰੀਡੀਹ ਜ਼ਿਲਾ ਹਜ਼ਾਰੀਬਾਗ ਰਾਹੀ ਬਾਬਾ ਮੰਗਲ ਸਿੰਘ 1935 ਈ.'। ਇਸ ਤਾਕੀ ਦੇ ਉਤੇ ਹੀ ਪੁਰਾਣੀ ਚੁਗਾਠ ਦਾ ਇਕ ਹਿੱਸਾ ਸੰਭਾਲ ਕੇ ਰੱਖਿਆ ਹੋਇਆ ਹੈ ਜਿਸ ਬਾਰੇ ਇਹ ਜਾਣਕਾਰੀ ਦਿੱਤੀ ਗਈ ਹੈ—'ਗੁ: ਸਾਹਿਬ ਦੀ ਪਹਿਲੀ ਇਮਾਰਤ ਦੀ ਪਹਿਲੀ ਚੁਗਾਠ'। ਇਸ ਚੁਗਾਠ 'ਤੇ ਇਹ ਇਬਾਰਤ ਲਿਖੀ ਹੋਈ ਹੈ—'ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤ ਅਜੂਨੀ ਸੈਭੰਗ ਗੁਰ ਪ੍ਰਸਾਦਿ॥ ਸਤਿਗੁਰੂ ਤੇਗ ਬਹਾਦਰ ਜੀ ਸੰਮਤ 1651॥ ਬੈਸਾਖ ਸੁਦੀ 5॥'

(ਹ) ਥੰਮ ਸਾਹਿਬ: ਲੱਕੜੀ ਦੇ ਦੋ ਥੰਮ ਇਸ ਗੁਰਧਾਮ ਦੇ ਪਿਛਲੇ ਪਾਸੇ ਇਕ ਕਮਰੇ ਵਿਚ ਕੇਸਰੀ ਰੰਗ ਦੇ ਕੱਪੜੇ ਵਿਚ ਲਪੇਟ ਕੇ ਰੱਖੇ ਹੋਏ ਹਨ। ਸੰਗਤ ਇਹਨਾਂ ਨੂੰ ਗਲ ਨਾਲ ਲਗਾ ਕੇ ਕਾਮਨਾ ਪੂਰਤੀ ਦੀ ਆਸ ਕਰਦੀ ਹੈ।

(ਕ) ਮਰਦਾਨੇ ਦੀ ਰਬਾਬ: ਭਾਈ ਮਰਦਾਨਾ ਜੀ ਉਦਾਸੀਆਂ ਸਮੇਂ ਗੁਰੂ ਨਾਨਕ ਦੇਵ ਜੀ ਦੇ ਨਾਲ ਰਹੇ ਸਨ। ਇਸ ਗੁਰਧਾਮ ਵਿਖੇ ਭਾਈ ਸਾਹਿਬ ਦੀ ਇਕ ਰਬਾਬ ਹੋਣ ਦੀ ਜਾਣਕਾਰੀ ਮਿਲਦੀ ਹੈ।[67] ਇਹ ਰਬਾਬ ਹੁਣ ਉਥੇ ਮੌਜੂਦ ਨਹੀਂ ਹੈ।

ਗੁਰੂ ਨਾਨਕ ਦੇਵ ਜੀ, ਗੁਰੂ ਤੇਗ਼ ਬਹਾਦਰ ਜੀ ਅਤੇ ਬਾਲਾ ਪ੍ਰੀਤਮ ਗੋਬਿੰਦ ਰਾਇ ਜੀ ਦੀ ਚਰਨ ਛੋਹ ਪ੍ਰਾਪਤ ਇਹ ਅਸਥਾਨ ਮਹੰਤਾਂ ਦੇ ਪ੍ਰਬੰਧ ਅਧੀਨ ਸੀ। ਮਹੰਤ ਭਾਈ ਰਣਜੀਤ ਸਿੰਘ ਅਤੇ ਭਾਈ ਦੀਦਾਰ ਸਿੰਘ ਨੇ ਲਗਪਗ 40 ਸਾਲ ਇਥੇ ਸੇਵਾ ਕੀਤੀ ਅਤੇ ਫਿਰ ਇਹ ਅਸਥਾਨ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਸਪੁਰਦ ਕਰ

ਦਿੱਤਾ।[68] ਇਹਨਾਂ ਤੋਂ ਪਹਿਲਾਂ ਇਕ ਅਦਾਲਤੀ ਕਾਰਵਾਈ ਤੋਂ ਬਾਵਾ ਮੰਗਲ ਸਿੰਘ ਦੇ ਇਥੇ ਮਹੰਤ ਹੋਣ ਦੀ ਜਾਣਕਾਰੀ ਮਿਲਦੀ ਹੈ। ਫਰਵਰੀ 1979 ਵਿਚ ਬਾਬਾ ਹਰਬੰਸ ਸਿੰਘ ਅਤੇ ਬਾਬਾ ਫੌਜਾ ਸਿੰਘ ਵੱਲੋਂ ਇਸ ਗੁਰਦੁਆਰਾ ਸਾਹਿਬ ਦੀ ਕਾਰ-ਸੇਵਾ ਕਰਵਾਈ ਗਈ ਸੀ।[69] ਇਥੇ ਹਰ ਸਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਜਾਂਦਾ ਹੈ।

2. ਗੁਰਦੁਆਰਾ ਗੁਰੂ ਗੋਬਿੰਦ ਸਿੰਘ ਜੀ ਘਾਟ – ਇਹ ਗੁਰਦੁਆਰਾ ਗੁਰੂ ਗੋਬਿੰਦ ਸਿੰਘ ਜੀ ਦੇ ਬਚਪਨ ਦੇ ਕੌਤਕਾਂ ਨਾਲ ਸੰਬੰਧਿਤ ਹੈ। ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਤੋਂ ਕੁੱਝ ਹੀ ਦੂਰੀ 'ਤੇ ਗੰਗਾ ਦਰਿਆ ਦੇ ਕੰਢੇ 'ਤੇ ਇਕ ਛੋਟੇ ਜਿਹੇ ਕਮਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਹੈ। ਸਥਾਨਕ ਪਰੰਪਰਾ ਦੱਸਦੀ ਹੈ ਕਿ ਇਥੇ ਖੇਡਦੇ ਸਮੇਂ ਇਕ ਦਿਨ ਗੁਰੂ ਜੀ ਦਾ ਸੋਨੇ ਦਾ ਕੜਾ ਗੰਗਾ ਨਦੀ ਵਿਚ ਡਿੱਗ ਪਿਆ ਸੀ। ਜਦੋਂ ਗੁਰੂ ਜੀ ਨੂੰ ਪੁੱਛਿਆ ਗਿਆ ਕਿ ਕੜਾ ਕਿਥੇ ਡਿੱਗਿਆ ਸੀ ਤਾਂ ਗੁਰੂ ਜੀ ਨੇ ਦੂਜਾ ਕੜਾ ਵੀ ਉਸੇ ਸਥਾਨ 'ਤੇ ਹੀ ਸੁੱਟ ਦਿੱਤਾ। ਇਹ ਘਟਨਾ ਗੁਰੂ ਜੀ ਦੁਆਰਾ ਮਾਇਆ ਦੇ ਤਿਆਗ਼ ਦਾ ਪ੍ਰਤੀਕ ਹੈ। ਇਸ ਘਟਨਾ ਦੀ ਯਾਦ ਵੱਜੋਂ ਇਸ ਗੁਰਦੁਆਰੇ ਨੂੰ ਕੰਗਨ ਘਾਟ ਕਿਹਾ ਜਾਂਦਾ ਹੈ। ਇਸ ਪੁਰਾਤਨ ਇਮਾਰਤ ਦੀ ਉਸਾਰੀ ਬਾਬਾ ਹਰਬੰਸ ਸਿੰਘ ਅਤੇ ਬਾਬਾ ਫੌਜਾ ਸਿੰਘ ਨੇ 1979 ਵਿਚ ਕਰਵਾਈ ਸੀ[70] ਅਤੇ ਹੁਣ ਇਸ ਦੇ ਨੇੜੇ ਹੀ ਬਾਬਾ ਹਰਬੰਸ ਸਿੰਘ ਦੇ ਸ਼ਰਧਾਲੂਆਂ ਵੱਲੋਂ ਕਾਰ-ਸੇਵਾ ਰਾਹੀਂ ਗੁਰਦੁਆਰਾ ਕੰਗਨ ਘਾਟ ਦੀ ਇਕ ਨਵੀਂ ਇਮਾਰਤ ਉਸਾਰੀ ਜਾ ਰਹੀ ਹੈ ਜਿਸ ਲਈ ਚਾਰ ਏਕੜ ਜ਼ਮੀਨ ਬਿਹਾਰ ਸਰਕਾਰ ਨੇ ਦਿੱਤੀ ਹੈ। ਗੁਰਦੁਆਰਾ ਕੰਗਨ ਘਾਟ ਦੇ ਨਾਲ ਹੀ ਪੰਡਿਤ ਸ਼ਿਵ ਦੱਤ ਦਾ ਤਪੱਸਿਆ ਅਸਥਾਨ ਮੌਜੂਦ ਹੈ। ਗੁਰੂ ਜੀ ਨੇ ਬਚਪਨ ਵਿਚ ਇਥੇ ਹੀ ਪੰਡਿਤ ਜੀ ਨੂੰ ਅਧਿਆਤਮਿਕ ਗਿਆਨ ਪ੍ਰਦਾਨ ਕੀਤਾ ਸੀ।

ਬਿਹਾਰ ਸਰਕਾਰ ਨੇ ਇਸ ਘਾਟ ਦਾ ਯੋਜਨਾਬੱਧ ਵਿਕਾਸ ਅਤੇ ਸੁੰਦਰੀਕਰਨ ਕਰ ਦਿੱਤਾ ਹੈ ਜਿਥੇ ਕਿ ਹਜ਼ਾਰਾਂ ਸ਼ਰਧਾਲੂਆਂ ਦੇ ਇਸ਼ਨਾਨ ਕਰਨ ਅਤੇ ਕਿਸ਼ਤੀਆਂ ਰਾਹੀਂ ਨਦੀ ਦੀ ਸੈਰ ਕਰਨ ਦਾ ਪ੍ਰਬੰਧ ਹੈ। ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਉਤਸਵ ਜਨਵਰੀ 2017 ਵਿਚ ਅਰੰਭ ਕੀਤੇ ਗਏ ਸਨ ਅਤੇ ਦਸੰਬਰ 2017 ਵਿਚ ਇਸ ਸਮਾਰੋਹ ਦੀ ਸੰਪੂਰਨਤਾ ਮੌਕੇ ਸ਼ੁਕਰਾਨਾ ਸਮਾਰੋਹ ਸਮੇਂ ਸਰਕਾਰ ਨੇ ਇਹ ਘਾਟ ਸੰਗਤ ਨੂੰ ਸੌਂਪ ਦਿੱਤਾ ਸੀ। ਗੁਰਦੁਆਰਾ ਸਾਹਿਬ ਦੀ ਨਵੀਂ ਉਸਾਰੀ ਜਾ ਰਹੀ ਇਮਾਰਤ ਦੇ ਨੇੜੇ ਹੀ ਬਿਹਾਰ ਸਰਕਾਰ ਦੇ ਸੈਰ-ਸਪਾਟਾ ਵਿਭਾਗ ਦੀ ਨਵੀਂ ਇਮਾਰਤ ਤਿਆਰ ਹੋ ਗਈ ਹੈ।

3. ਗੁਰਦੁਆਰਾ ਗੁਰੂ ਕਾ ਬਾਗ਼ – ਇਹ ਗੁਰਦੁਆਰਾ ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਲਗਪਗ ਚਾਰ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਅਸਾਮ ਦੀ ਯਾਤਰਾ ਉਪਰੰਤ ਗੁਰੂ ਤੇਗ਼ ਬਹਾਦਰ ਜੀ ਪਟਨਾ ਵਿਖੇ ਪੁੱਜੇ ਤਾਂ ਇਸ ਬਾਗ਼ ਵਿਚ ਚਰਨ ਪਾਏ ਸਨ। ਗੁਰੂ ਜੀ ਦੇ ਚਰਨ ਪੈਣ ਨਾਲ ਇਹ ਸੁੱਕਿਆ ਹੋਇਆ ਬਾਗ਼ ਛੇਤੀ ਹੀ ਹਰਾ-ਭਰਾ

ਹੋ ਗਿਆ ਸੀ। ਇਹ ਬਾਗ਼ ਦੋ ਮੁਸਲਮਾਨ ਭਰਾਵਾਂ ਨਵਾਬ ਰਹੀਮ ਬਖ਼ਸ਼ ਅਤੇ ਕਰੀਮ ਬਖ਼ਸ਼ ਦਾ ਸੀ। ਜਦੋਂ ਉਹਨਾਂ ਨੂੰ ਇਸ ਬਾਗ਼ ਦੀ ਖ਼ੁਸ਼ਹਾਲੀ ਦਾ ਪਤਾ ਲੱਗਿਆ ਤਾਂ ਉਹ ਗੁਰੂ ਜੀ ਦੇ ਦਰਸ਼ਨ ਕਰਨ ਆਏ ਅਤੇ ਇਹ ਬਾਗ਼ ਉਹਨਾਂ ਨੂੰ ਭੇਟ ਕਰ ਦਿੱਤਾ। ਭਾਈ ਕਾਨ੍ਹ ਸਿੰਘ ਨਾਭਾ ਦੱਸਦੇ ਹਨ ਕਿ "ਇਹ ਪਟਨੇ ਦੀ ਕਬਰਿਸਤਾਨ ਪਾਸ ਕਾਜੀਆਂ ਦਾ ਬਾਗ਼ ਸੀ, ਜਦ ਗੁਰੂ ਤੇਗ਼ ਬਹਾਦਰ ਸਾਹਿਬ ਪਟਨੇ ਆਏ ਤਾਂ ਕਾਜੀ ਨੇ ਇਹ ਭੇਟ ਕੀਤਾ।"[71] ਉਸ ਦਿਨ ਤੋਂ ਹੀ ਇਹ ਬਾਗ਼ 'ਗੁਰੂ ਕਾ ਬਾਗ਼' ਦੇ ਨਾਂ ਨਾਲ ਪ੍ਰਸਿੱਧ ਹੋ ਗਿਆ। ਇਸ ਬਾਗ਼ ਵਿਚ ਗੁਰੂ ਤੇਗ਼ ਬਹਾਦਰ ਜੀ ਪਹਿਲੀ ਵਾਰੀ ਆਪਣੇ ਸਪੁੱਤਰ ਗੋਬਿੰਦ ਰਾਇ ਜੀ ਨੂੰ ਮਿਲੇ ਸਨ। ਇਸ ਮਿਲਾਪ ਦੀ ਯਾਦ ਵਿਚ ਵੈਸਾਖ ਸੁਦੀ ਸੱਤਮੀ ਨੂੰ ਇਥੇ ਸਾਲਾਨਾ ਇਸ਼ਨਾਨ ਮੇਲਾ ਆਯੋਜਿਤ ਕੀਤਾ ਜਾਂਦਾ ਹੈ ਜਿਸ ਵਿਚ ਦੂਰ-ਨੇੜੇ ਦੀਆਂ ਸੰਗਤਾਂ ਹਾਜ਼ਰੀ ਭਰਦੀਆਂ ਹਨ। ਗੁਰੂ ਜੀ ਦੀ ਯਾਦ ਵਿਚ ਇਥੇ ਇਕ ਗੁਰਦੁਆਰਾ ਸੁਸ਼ੋਭਿਤ ਹੈ ਅਤੇ ਕਿਸੇ ਮਨੋਕਾਮਨਾ ਦੇ ਪੂਰਨ ਹੋਣ 'ਤੇ ਇਥੇ ਇਕ ਬੂਟਾ ਲਾਏ ਜਾਣ ਦੀ ਪਰੰਪਰਾ ਵੀ ਪ੍ਰਚੱਲਿਤ ਹੈ।

4. **ਗੁਰਦੁਆਰਾ ਹਾਂਡੀ ਸਾਹਿਬ, ਦਾਨਾਪੁਰ** - ਇਹ ਅਸਥਾਨ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਤੋਂ ਲਗਪਗ 28 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਗੁਰੂ ਤੇਗ਼ ਬਹਾਦਰ ਜੀ ਦੇ ਆਦੇਸ਼ ਅਨੁਸਾਰ ਜਦੋਂ ਮਾਤਾ ਗੁਜਰੀ ਜੀ ਪਰਿਵਾਰ ਸਮੇਤ ਪਟਨਾ ਸਾਹਿਬ ਤੋਂ ਚੱਲੇ ਤਾਂ ਇਹ ਉਹਨਾਂ ਦਾ ਪਹਿਲਾ ਪੜਾਅ ਸੀ। ਦਾਨਾਪੁਰ ਦੀ ਸੰਗਤ ਬਾਲ ਗੋਬਿੰਦ ਰਾਇ ਜੀ ਦੇ ਦਰਸ਼ਨ ਕਰਨ ਆਈ। ਇਕ ਬਜ਼ੁਰਗ ਮਾਈ ਪਰਧਾਨੀ ਨੇ ਗੁਰੂ-ਪਰਿਵਾਰ ਲਈ ਮਿੱਟੀ ਦੀ ਹਾਂਡੀ ਵਿਚ ਖਿਚੜੀ ਬਣਾਈ ਸੀ ਪਰ ਸੰਗਤ ਵੱਧ ਜਾਣ ਕਾਰਨ ਇਹ ਖਿਚੜੀ ਸਮੁੱਚੀ ਸੰਗਤ ਲਈ ਬਹੁਤ ਘੱਟ ਸੀ। ਮਾਈ ਨੇ ਗੁਰੂ ਜੀ ਅੱਗੇ ਅਰਦਾਸ ਕਰਕੇ ਖਿਚੜੀ ਵਰਤਾਉਣੀ ਅਰੰਭ ਕਰ ਦਿੱਤੀ ਜਿਸ ਨੂੰ ਸਾਰੀ ਸੰਗਤ ਨੇ ਛੱਕਿਆ। ਗੁਰੂ-ਪਰਿਵਾਰ ਦੇ ਚਲੇ ਜਾਣ ਉਪਰੰਤ ਇਸ ਅਸਥਾਨ 'ਤੇ ਸੰਗਤ ਜੁੜਨੀ ਸ਼ੁਰੂ ਹੋ ਗਈ ਸੀ ਜਿਹੜੀ ਕਿ ਹਾਂਡੀ ਵਾਲੀ ਸੰਗਤ ਵੱਜੋਂ ਪ੍ਰਸਿੱਧ ਹੋ ਗਈ। ਇਸ ਅਸਥਾਨ ਨੂੰ ਯਾਦ ਕਰਦੇ ਹੋਏ ਕਿਹਾ ਜਾਂਦਾ ਹੈ, 'ਧੰਨ ਮਾਈ ਪਰਧਾਨੀਏ ਜਿਨ ਰਿਧੀ ਹਾਂਡੀ।'

ਮੌਜੂਦਾ ਸਮੇਂ ਵਿਚ ਇਹ ਗੁਰਧਾਮ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪ੍ਰਬੰਧ ਅਧੀਨ ਹੈ। ਤਖ਼ਤ ਸਾਹਿਬ ਤੋਂ ਸੰਗਤ ਨੂੰ ਇਸ ਅਸਥਾਨ ਦੇ ਦਰਸ਼ਨ ਕਰਾਉਣ ਲਈ ਵਿਸ਼ੇਸ਼ ਪ੍ਰਬੰਧ ਕੀਤੇ ਹੋਏ ਹਨ। ਤਖ਼ਤ ਸਾਹਿਬ ਦੇ ਪ੍ਰਬੰਧ ਅਧੀਨ ਆਉਣ ਤੋਂ ਪਹਿਲਾਂ ਉਦਾਸੀ ਮਹੰਤ ਇਸ ਗੁਰਧਾਮ ਦੀ ਸੇਵਾ-ਸੰਭਾਲ ਕਰਦੇ ਸਨ।

5. **ਗੁਰਦੁਆਰਾ ਸੁਨਾਰ ਟੋਲੀ, ਪਟਨਾ ਸਾਹਿਬ** - ਇਹ ਅਸਥਾਨ ਸੁਨਿਆਰਿਆਂ ਦੇ ਮੁਹੱਲੇ ਵਿਚ ਸਥਿਤ ਹੈ। ਵਰਤਮਾਨ ਸਮੇਂ ਵਿਚ ਵੀ ਇਥੇ ਸੁਨਿਆਰਿਆਂ ਦੇ ਘਰ ਮੌਜੂਦ ਹਨ ਅਤੇ ਨਾਲ ਲੱਗਦੇ ਬਜ਼ਾਰ ਵਿਚ ਵੀ ਸੁਨਿਆਰਿਆਂ ਦੀਆਂ ਅਨੇਕਾਂ ਦੁਕਾਨਾਂ ਦੇਖਣ ਨੂੰ ਮਿਲਦੀਆਂ ਹਨ। ਇਸ ਨੂੰ ਗੁਰਦੁਆਰਾ ਸੰਗਤ ਟੋਲੀ ਵੀ ਕਿਹਾ

ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਇਹ ਅਸਥਾਨ ਮੁਰਲੀਧਰ ਦਾ ਘਰ ਸੀ ਅਤੇ ਗੁਰੂ ਨਾਨਕ ਦੇਵ ਜੀ ਨੇ ਸਾਲਿਸ ਰਾਇ ਦੇ ਨਿਵਾਸ ਵੱਲ ਜਾਂਦੇ ਹੋਏ ਇਥੇ ਚਰਨ ਪਾਏ ਸਨ ਪਰ ਪੁਰਾਤਨ ਇਤਿਹਾਸ ਵਿਚ ਇਸ ਗੁਰਦੁਆਰਾ ਸਾਹਿਬ ਦਾ ਕੋਈ ਜ਼ਿਕਰ ਨਹੀਂ ਮਿਲਦਾ। ਕੁੱਝ ਸੰਗਤਾਂ ਨੇ ਉਦਮ ਕਰਕੇ ਇਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਸੀ ਅਤੇ ਇਕ ਦਾਨੀ ਸੱਜਣ ਨੇ ਗੁਰਦੁਆਰਾ ਸਾਹਿਬ ਦੇ ਨਾਂ ਜ਼ਮੀਨ ਲਗਵਾਈ ਹੈ।[72] ਇਸ ਪਰਿਵਾਰ ਦੀ ਸੇਵਾ ਨੂੰ ਪ੍ਰਵਾਨ ਕਰਦਾ ਹੋਇਆ ਇਕ ਬੋਰਡ ਗੁਰਦੁਆਰਾ ਸਾਹਿਬ ਵਿਖੇ ਲੱਗਿਆ ਹੋਇਆ ਹੈ ਜਿਸ 'ਤੇ ਲਿਖਿਆ ਹੋਇਆ ਹੈ, "ਗੁ. ਸੁਨਾਰ ਟੋਲੀ ਕੀ ਨਈ ਇਮਾਰਤ ਬਨਾਨੇ ਕੇ ਲਿਏ ਸਵਰਗਵਾਸੀ ਮਾਤਾ ਸੁਰੇਸ਼ ਜੁਨੇਜਾ ਪਤਨੀ ਸਵਰਗਵਾਸੀ ਜਗਤ ਰਾਮ ਜੁਨੇਜਾ ਨੇ ਅਪਨੀ ਜਮੀਨ ਤੀਨ ਕੱਠੇ ਤੀਨ ਧੁਰ ਕੀ॥ 16 ਮਰਲੇ॥ ਸ੍ਰੀ ਹਰਿਮੰਦਿਰ ਜੀ ਪਟਨਾ ਸਾਹਿਬ ਕੋ 4.8.2004 ਕੋ ਦਾਨ ਮੇਂ ਦੀ ਥੀ। ਉਨ ਕੇ ਪਸ਼ਚਾਤ ਉਨ ਕੇ ਬੇਟੇ ਰਾਜੇਸ਼ ਜੁਨੇਜਾ, ਬੇਟੀ ਅਤੇ ਬਾਕੀ ਪਰਿਵਾਰ ਨੇ ਉਨ ਕੀ ਇੱਛਾ ਮੁਤਾਬਿਕ 20.9.2004 ਕੋ ਤਖਤ ਸਾਹਿਬ ਪਰ ਹਾਜਿਰ ਹੋ ਕੇ ਗੁਰਦੁਆਰਾ ਸਾਹਿਬ ਕੀ ਨਈ ਇਮਾਰਤ ਬਨਾਨੇ ਮੇਂ ਅਪਨੀ ਮੰਜੂਰੀ ਦੀ ਔਰ ਗੁਰਦੁਆਰਾ ਕੀ ਖੁਸ਼ੀਆਂ ਹਸਲ ਕੀ।"

ਪਟਨਾ ਸਾਹਿਬ ਦੇ ਦਰਸ਼ਨ ਕਰਨ ਵਾਲੀ ਸੰਗਤ ਇਸ ਗੁਰਦੁਆਰਾ ਸਾਹਿਬ ਵਿਖੇ ਵੀ ਹਾਜ਼ਰੀ ਭਰਦੀ ਹੈ। ਇਹ ਅਸਥਾਨ ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਲਗਪਗ ਇਕ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ ਅਤੇ ਮੁੱਖ ਬਜ਼ਾਰ ਵਿਚੋਂ ਹੁੰਦੇ ਹੋਏ ਇਸ ਅਸਥਾਨ 'ਤੇ ਪੁੱਜੀਦਾ ਹੈ।

6. ਗੁਰਦੁਆਰਾ ਗੁਰੂ ਨਾਨਕ ਸੀਤਲ ਕੰਡ – ਨਾਲੰਦਾ ਜ਼ਿਲ੍ਹੇ ਵਿਚ ਪੈਂਦੇ ਇਸ ਗੁਰਦੁਆਰੇ ਸੰਬੰਧੀ ਜ਼ਿਕਰ ਕਰਦੇ ਹੋਏ ਪੰਡਿਤ ਤਾਰਾ ਸਿੰਘ ਨਰੋਤਮ ਦੱਸਦੇ ਹਨ, "ਜ਼ਿਲਾ ਪਟਣਾ, ਗਯਾ ਸੇ 12 ਕੋਸ, ਸੀਤਲ ਕੁੰਡ ਮੇਲਾ ਮਲ ਮਾਸ ਕਾ, ਪੁਜਾਰੀ ਗੁਰੂ ਕੇ ਸੰਤ, ਅਵਰ ਸਭ ਕੁੰਡੋਂ ਮੇਂ ਗਰਮ ਜਲ ਨਿਕਸਤਾ ਹੈ ਪਰ ਗੁਰੂ ਜੀ ਕੇ ਕੁੰਡ ਮੇਂ ਸੀਤਲ ਜਲ ਨਿਕਸਤਾ ਹੈ, ਜਰਾਸਿੰਧ ਕੀ ਰਾਜਧਾਨੀ ਕੀ ਜਗ੍ਹਾ ਹੈ।"[73] ਇਸ ਅਸਥਾਨ ਸੰਬੰਧੀ ਜਾਣਕਾਰੀ ਦਿੰਦੇ ਹੋਏ ਗਿਆਨੀ ਹੀਰਾ ਸਿੰਘ ਦਰਦ ਲਿਖਦੇ ਹਨ, "ਸੂਬਾ ਬਿਹਾਰ (ਮਗਧ) ਵਿਚ ਗਯਾ ਤੋਂ ਬਾਰਾਂ ਕੋਹ ਤੇ ਇਕ ਨਗਰ ਰਾਜਗਿਰਿ ਨਾਮ ਦਾ ਹੈ। ਇਥੇ ਜਰਾਸੰਧ ਦੀ ਰਾਜਧਾਨੀ ਸੀ ਜੋ ਕਿ ਕ੍ਰਿਸ਼ਨ ਦੇਵ ਦਾ ਵੈਰੀ ਸੀ। ਸਤਿਗੁਰੂ ਨਾਨਕ ਦੇਵ ਜੀ ਜਦੋਂ ਗਯਾ ਤੀਰਥ ਤੇ ਉਪਦੇਸ਼ ਕਰਨ ਗਏ ਤਾਂ ਇਥੇ ਵੀ ਆਏ ਸਨ। ਇਥੇ ਆਪ ਦੀ ਯਾਦ ਵਿਚ ਇਕ ਕੁੰਡ ਹੈ, ਜਿਸ ਦਾ ਜਲ ਬੜਾ ਠੰਡਾ ਹੈ। 'ਸੀਤਲ ਕੁੰਡ' ਨਾਮ ਦਾ ਗੁਰਦੁਆਰਾ ਹੈ। ਪੁਜਾਰੀ ਗੁਰੂ ਕੇ ਸੰਤ ਹਨ।"[74] ਭਾਵੇਂ ਕਿ ਲੰਮਾ ਸਮਾਂ ਆਮ ਸਿੱਖ ਸ਼ਰਧਾਲੂਆਂ ਦੀ ਨਜ਼ਰ ਤੋਂ ਇਹ ਅਸਥਾਨ ਦੂਰ ਰਿਹਾ ਹੈ ਤੇ ਕੋਈ ਵਿਰਲਾ ਸਿੱਖ ਇਸ ਅਸਥਾਨ ਦੇ ਦਰਸ਼ਨ ਕਰਨ ਲਈ ਆ ਜਾਂਦਾ ਸੀ ਪਰ ਦੇਸ਼-ਵੰਡ ਉਪਰੰਤ ਇਥੇ ਵਸ ਜਾਣ ਵਾਲੇ ਸਿੱਖਾਂ ਨੇ ਇਸ ਦੀ ਸਾਂਭ-ਸੰਭਾਲ ਦਾ ਕਾਰਜ ਅਰੰਭ ਕਰ ਦਿੱਤਾ ਸੀ

ਜਿਸ ਦਾ ਵਰਨਨ ਕਰਦੇ ਹੋਏ ਅਮਰਜੀਤ ਸਿੰਘ ਦੱਸਦੇ ਹਨ ਕਿ "1947 ਤੋਂ ਬਾਦ ਖਾਲਸਾ ਕੌਮ ਦੇ ਕੁੱਝ ਸਜਣ ਉਧਰ ਜਾ ਕੇ ਵਸੇ ਤੇ ਇਸ ਪਵਿਤਰ ਅਸਥਾਨ ਦੀ ਸੇਵਾ ਆਪਣੇ ਪ੍ਰਬੰਧ ਹੇਠ ਲੈ ਲਈ। ਨਗਰ ਨਿਵਾਸੀ ਅੱਜ ਧੰਨ ਗੁਰੂ ਨਾਨਕ ਦੇਵ ਜੀ ਦੇ ਇਸ ਮਿੱਠੇ ਤੇ ਠੰਡੇ ਜਲ ਦਾ ਪ੍ਰਯੋਗ ਕਰਦੇ ਹਨ, ਕਿਉਂਕਿ ਬਾਕੀ ਦੇ ਸਭ ਚਸ਼ਮਿਆਂ ਦਾ ਪਾਣੀ ਹੁਣ ਵੀ ਗਰਮ ਹੈ।"[75]

ਰਾਜਗੀਰ ਵਿਖੇ ਮੌਜੂਦ ਗੁਰੂ ਨਾਨਕ ਸੀਤਲ ਕੁੰਡ ਸਮਰਾਟ ਅਸ਼ੋਕ ਵੱਲੋਂ ਸਥਾਪਿਤ ਕੀਤੀ ਗਈ ਭਾਰਤ ਦੀ ਪਹਿਲੀ ਨਾਲੰਦਾ ਯੂਨੀਵਰਸਿਟੀ ਤੋਂ ਕੁੱਝ ਕਿਲੋਮੀਟਰ ਦੀ ਦੂਰੀ 'ਤੇ ਹੀ ਸਥਿਤ ਹੈ। ਵਿੱਦਿਆ ਦੇ ਖੇਤਰ ਵਿਚ ਇਸ ਯੂਨੀਵਰਸਿਟੀ ਨੇ ਦੇਸ਼-ਵਿਦੇਸ਼ ਵਿਚ ਨਾਂ ਕਮਾਇਆ ਸੀ, ਹੁਣ ਇਹ ਯੂਨੀਵਰਸਿਟੀ ਮੌਜੂਦ ਨਹੀਂ ਹੈ ਪਰ ਇਸ ਅਸਥਾਨ 'ਤੇ ਜਿਹੜੇ ਵਿਸ਼ਾਲ ਖੰਡਰ ਮੌਜੂਦ ਹਨ ਉਹਨਾਂ ਨੂੰ ਦੇਖ ਕੇ ਇਹ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ ਕਿ ਇਥੇ ਵਿੱਦਿਆ ਦਾ ਕਿੰਨਾ ਵੱਡਾ ਕੇਂਦਰ ਸਥਿਤ ਰਿਹਾ ਹੋਵੇਗਾ। ਕੇਂਦਰ ਸਰਕਾਰ ਵੱਲੋਂ ਨੇੜੇ ਹੀ ਇਕ ਨਵੀਂ ਨਾਲੰਦਾ ਯੂਨੀਵਰਸਿਟੀ ਦੀ ਸਥਾਪਨਾ ਕੀਤੀ ਗਈ ਹੈ। ਇਸ ਨਗਰ ਦੀ ਪ੍ਰਸਿੱਧੀ ਹਿੰਦੂ ਤੀਰਥ ਹੋਣ ਕਰਕੇ ਹੈ ਅਤੇ ਇਥੇ ਲੱਗਣ ਵਾਲੇ ਮਲਮਾਸ ਦੇ ਮੇਲੇ, ਭਾਵ ਜਿਸ ਸਾਲ ਸਾਉਣ ਦੇ ਦੋ ਮਹੀਨੇ ਇਕੱਠੇ ਆ ਜਾਣ, ਵਿਚ ਦੂਰ-ਦੁਰਾਡੇ ਦੇ ਲੋਕ ਹਿੱਸਾ ਲੈਣ ਆਉਂਦੇ ਹਨ। ਕਿਹਾ ਜਾਂਦਾ ਹੈ ਕਿ ਜਦੋਂ ਗੁਰੂ ਨਾਨਕ ਦੇਵ ਜੀ ਇਥੇ ਆਏ ਸਨ ਤਾਂ ਉਸ ਸਮੇਂ ਇਥੇ ਮੇਲਾ ਲੱਗਿਆ ਹੋਇਆ ਸੀ। ਉਹਨਾਂ ਦੁਆਰਾ ਸਮੂਹ ਗਰਮ ਕੁੰਡਾਂ ਵਿਚੋਂ ਲੋਕਾਂ ਨੂੰ ਰਾਹਤ ਪਹੁੰਚਾਉਣ ਲਈ ਇਕ ਕੁੰਡ ਦਾ ਪਾਣੀ ਠੰਡਾ ਕਰ ਦਿੱਤਾ ਸੀ। ਇਥੇ ਲੱਗਣ ਵਾਲੇ ਹਰ ਮੇਲੇ ਵਿਚ ਤਖ਼ਤ ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਗੁਰਮਤਿ ਪ੍ਰਚਾਰ ਦਾ ਕਾਰਜ ਕੀਤਾ ਜਾਂਦਾ ਹੈ। ਇਸ ਕਮੇਟੀ ਦੀ ਨਿਗਰਾਨੀ ਅਧੀਨ ਇਸ ਕੁੰਡ ਦੀ ਸਾਂਭ-ਸੰਭਾਲ ਦੀ ਸਭ ਤੋਂ ਪਹਿਲਾਂ ਕਾਰ-ਸੇਵਾ ਗੁਜਰਖਾਨ ਦੇ ਸੰਤ ਬਾਬਾ ਲਾਲ ਸਿੰਘ ਨੇ ਅਰੰਭ ਕਰਵਾਈ ਸੀ। ਮੌਜੂਦਾ ਸਮੇਂ ਵਿਚ ਇਸ ਸੀਤਲ ਕੁੰਡ ਦੇ ਕਿਨਾਰੇ ਪੱਕੇ ਕਰਕੇ ਇਸ ਦੇ ਉਪਰ ਇਮਾਰਤ ਦੀ ਉਸਾਰੀ ਕੀਤੀ ਗਈ ਹੈ। ਇਸ ਅਸਥਾਨ ਦੇ ਦਰਸ਼ਨ ਕਰਨ ਆਉਣ ਵਾਲੀ ਸੰਗਤ ਇਸ ਕੁੰਡ ਦੇ ਜਲ ਨੂੰ ਅੰਮ੍ਰਿਤ ਸਮਝਦੀ ਹੈ। ਇਸ ਦਾ ਚੁੱਲ੍ਹਾ ਵੀ ਭਰਦੀ ਹੈ ਅਤੇ ਇਸ ਨੂੰ ਆਪਣੇ ਨਾਲ ਵੀ ਲੈ ਜਾਂਦੀ ਹੈ।

ਇਸ ਅਸਥਾਨ 'ਤੇ ਸਿੱਖਾਂ ਦੀ ਇਥੇ ਬਹੁਤੀ ਵੱਸੋਂ ਨਹੀਂ ਹੈ ਪਰ ਇਸ ਗੁਰਧਾਮ ਦੇ ਨਾਲ ਹੀ ਉਦਾਸੀਆਂ ਦਾ ਇਕ ਅਖਾੜਾ ਮੌਜੂਦ ਹੈ। ਇਹ ਉਦਾਸੀ ਮਹੰਤ ਅੰਮ੍ਰਿਤਸਰ ਸਾਹਿਬ ਦੇ ਸੰਗਲਾਵਲੇ ਅਖਾੜੇ ਨਾਲ ਸੰਬੰਧਿਤ ਹਨ ਅਤੇ ਬਿਹਾਰ ਦੇ ਨਾਨਕਸ਼ਾਹੀ ਡੇਰਿਆਂ ਵਿਚ ਚੰਗਾ ਰਸੂਖ ਰੱਖਦੇ ਹਨ। ਇਕ ਰਿਟਾਇਰਡ ਫ਼ੌਜੀ ਸ. ਅਜਾਇਬ ਸਿੰਘ ਨੇ ਲੰਮਾ ਸਮਾਂ ਗੁਰਦੁਆਰਾ ਗੁਰੂ ਨਾਨਕ ਸੀਤਲ ਕੁੰਡ ਦੀ ਸੇਵਾ-ਸੰਭਾਲ ਕੀਤੀ ਹੈ। ਲਗਪਗ ਤਿੰਨ ਸਾਲ ਪਹਿਲਾਂ ਉਹਨਾਂ ਨਾਲ ਮੁਲਾਕਾਤ ਹੋਈ ਤਾਂ ਉਹਨਾਂ ਨੇ ਇਸ ਅਸਥਾਨ ਦੀ ਸੇਵਾ-ਸੰਭਾਲ ਦੌਰਾਨ ਆਈਆਂ ਅਨੇਕਾਂ ਔਕੜਾਂ ਦਾ ਖੁਲਾਸਾ ਕੀਤਾ

ਸੀ। ਇਸ ਅਸਥਾਨ ਨੂੰ ਛੱਡ ਦੇਣ ਲਈ ਇਹਨਾਂ 'ਤੇ ਜਾਨ-ਲੇਵਾ ਹਮਲਾ ਵੀ ਹੋਇਆ ਪਰ ਇਹ ਦ੍ਰਿੜਤਾ ਪੂਰਵਕ ਇਸ ਅਸਥਾਨ 'ਤੇ ਡਟੇ ਰਹੇ ਜਿਸ ਕਾਰਨ ਸੰਗਤ ਇਸ ਅਸਥਾਨ ਦੇ ਦਰਸ਼ਨ ਕਰ ਰਹੀ ਹੈ। ਇਹਨਾਂ ਨੇ ਨਿਸੁਆਰਥ, ਨਿਰਭਉ ਅਤੇ ਗੁਰੂ ਦੀ ਭਉ-ਭਾਵਨੀ ਵਿਚ ਰਹਿੰਦਿਆਂ ਇਸ ਅਸਥਾਨ ਦੀ ਸੇਵਾ ਕੀਤੀ ਪਰ ਹੁਣ ਇਹ ਅਕਾਲ ਚਲਾਣਾ ਕਰ ਗਏ ਹਨ। ਇਸ ਗੁਰਧਾਮ ਦਾ ਪ੍ਰਬੰਧ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਕਮੇਟੀ ਅਧੀਨ ਹੈ। ਮੌਜੂਦਾ ਸਮੇਂ ਵਿਚ ਭਾਈ ਮਨਜੀਤ ਸਿੰਘ ਗ੍ਰੰਥੀ ਇਸ ਗੁਰਧਾਮ 'ਤੇ ਸੇਵਾ ਕਰ ਰਹੇ ਹਨ। ਇਕ ਹਾਲ-ਕਮਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਹੈ ਅਤੇ ਇਥੇ ਆਉਣ ਵਾਲੀ ਸੰਗਤ ਲਈ ਲੰਗਰ ਦਾ ਪ੍ਰਬੰਧ ਹੈ। ਤਖ਼ਤ ਸ੍ਰੀ ਪਟਨਾ ਸਾਹਿਬ ਦੀ ਕਮੇਟੀ ਨੇ ਇਸ ਅਸਥਾਨ ਦੇ ਦਰਸ਼ਨ ਕਰਨ ਲਈ ਵਿਸ਼ੇਸ਼ ਪ੍ਰਬੰਧ ਕੀਤੇ ਹੋਏ ਹਨ।

ਸੀਤਲ ਕੁੰਡ ਦਾ ਸੁੰਦਰੀਕਰਨ ਕੀਤਾ ਗਿਆ ਹੈ ਅਤੇ ਇਸ ਦੇ ਉਪਰਲੇ ਪਾਸੇ ਉਸਾਰੀ ਦਾ ਕਾਰਜ ਚੱਲ ਰਿਹਾ ਹੈ। ਇਸ ਅਸਥਾਨ ਦੇ ਨਾਲ ਲੱਗਦੀ ਜੰਗਲਾਤ ਵਿਭਾਗ ਦੀ ਲਗਪਗ ਇਕ ਏਕੜ ਜ਼ਮੀਨ ਵੀ ਗੁਰਦੁਆਰਾ ਸਾਹਿਬ ਦੇ ਨਾਂ ਲੱਗ ਗਈ ਹੈ ਅਤੇ ਇਹ ਕਾਰਜ ਬਿਹਾਰ ਦੇ ਮੌਜੂਦਾ ਮੁੱਖ ਮੰਤਰੀ ਸ੍ਰੀ ਨੀਤਿਸ਼ ਕੁਮਾਰ ਦੁਆਰਾ ਕੀਤਾ ਗਿਆ ਹੈ। ਹੁਣ ਇਸ ਅਸਥਾਨ 'ਤੇ ਗੁਰਦੁਆਰਾ ਸਾਹਿਬ ਦੀ ਬਹੁ-ਮੰਜ਼ਲੀ ਨਵੀਂ ਇਮਾਰਤ ਦੀ ਉਸਾਰੀ ਕੀਤੀ ਜਾ ਰਹੀ ਹੈ ਅਤੇ ਇਸ ਦੇ ਨਾਲ ਲੱਗਦੇ ਪੁਰਾਣੇ ਨਿਵਾਸ ਅਸਥਾਨ ਦੀ ਜਗ੍ਹਾ ਸ਼ਰਧਾਲੂਆਂ ਦੇ ਨਿਵਾਸ ਲਈ ਨਵੀਂ ਇਮਾਰਤ ਦੀ ਉਸਾਰੀ ਯੋਜਨਾ ਅਧੀਨ ਹੈ। 11 ਜਨਵਰੀ 2019 ਨੂੰ ਇਸ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ ਰੱਖਦੇ ਹੋਏ ਬਿਹਾਰ ਦੇ ਮੁੱਖ ਮੰਤਰੀ ਸ੍ਰੀ ਨੀਤਿਸ਼ ਕੁਮਾਰ ਨੇ ਕਿਹਾ ਕਿ 12 ਨਵੰਬਰ 2019 ਨੂੰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦਾ 550 ਸਾਲਾ ਗੁਰਪੁਰਬ ਇਸੇ ਅਸਥਾਨ 'ਤੇ ਮਨਾਇਆ ਜਾਵੇਗਾ। ਸਰਕਾਰੀ ਪੱਧਰ 'ਤੇ ਮਨਾਏ ਜਾਣ ਵਾਲੇ ਇਸ ਗੁਰਪੁਰਬ ਮੌਕੇ ਬਿਹਾਰ ਵਿਚ ਛੁੱਟੀ ਦਾ ਐਲਾਨ ਕੀਤਾ ਗਿਆ। ਨਵੀਂ ਇਮਾਰਤ ਦੀ ਉਸਾਰੀ ਦੇ ਉਦਘਾਟਨੀ ਸਮਾਗਮ ਵਿਚ ਵਿਚ ਦੱਸਿਆ ਗਿਆ ਕਿ ਇਸ ਗੁਰਦੁਆਰਾ ਸਾਹਿਬ ਦੀਆਂ ਤਿੰਨ ਮੰਜ਼ਿਲਾਂ ਤਿਆਰ ਕੀਤੀਆਂ ਜਾ ਰਹੀਆਂ ਹਨ ਜਿਸ ਦੀ ਜ਼ਮੀਨੀ ਮੰਜ਼ਿਲ 'ਤੇ ਪਾਰਕਿੰਗ, ਪਹਿਲੀ ਮੰਜ਼ਿਲ 'ਤੇ ਲੰਗਰ ਹਾਲ ਅਤੇ ਸਭ ਤੋਂ ਉਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਲਈ ਦਰਬਾਰ ਹਾਲ ਦੀ ਉਸਾਰੀ ਅਰੰਭ ਕੀਤੀ ਗਈ ਹੈ। ਇਸ ਤੋਂ ਇਲਾਵਾ ਯਾਤਰੂਆਂ ਦੇ ਨਿਵਾਸ ਲਈ ਪੁਰਾਣੀ ਸਰਾਂ ਦੀ ਜਗ੍ਹਾ ਨਵਾਂ ਨਿਵਾਸ ਅਸਥਾਨ ਬਣਾਏ ਜਾਣ ਦੀ ਯੋਜਨਾ ਉਲੀਕੀ ਗਈ ਹੈ। ਪ੍ਰਕਾਸ਼ ਪੁਰਬ ਤੋਂ ਪਹਿਲਾਂ ਇਸ ਅਸਥਾਨ ਦੀ ਤਿਆਰੀ ਕਰਨ ਲਈ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ, ਯੂ.ਕੇ ਵੱਲੋਂ ਪੁਰਜ਼ੋਰ ਯਤਨ ਅਰੰਭ ਕੀਤੇ ਜਾ ਰਹੇ ਹਨ। ਇਸ ਉਦਘਾਟਨੀ ਸਮਾਗਮ ਵਿਚ ਬਿਹਾਰ ਦੇ ਮੁੱਖ ਮੰਤਰੀ, ਸਰਕਾਰੀ ਅਧਿਕਾਰੀਆਂ ਅਤੇ ਸਿੱਖ ਸੰਗਤ ਤੋਂ ਇਲਾਵਾ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ,

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ, ਬਾਬਾ ਮਹਿੰਦਰ ਸਿੰਘ ਯੂ.ਕੇ., ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਗੋਬਿੰਦ ਸਿੰਘ ਲੌਂਗੋਵਾਲ, ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਅਵਤਾਰ ਸਿੰਘ ਹਿਤ, ਜਨਰਲ ਸਕੱਤਰ ਸ. ਮਹਿੰਦਰਪਾਲ ਸਿੰਘ ਢਿੱਲੋਂ ਆਦਿ ਹਾਜ਼ਰ ਸਨ।

ਉਕਤ ਇਤਿਹਾਸਕ ਗੁਰਧਾਮਾਂ ਤੋਂ ਇਲਾਵਾ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਅਧੀਨ ਕੁੱਝ ਅਜਿਹੇ ਗੁਰਧਾਮ ਵੀ ਮੌਜੂਦ ਹਨ ਜਿਹੜੇ ਸਥਾਨਕ ਸੰਗਤ ਨੇ ਉਸਾਰੇ ਸਨ ਪਰ 1984 ਅਤੇ ਹੋਰਨਾਂ ਕਾਰਨਾਂ ਕਰਕੇ ਉਹਨਾਂ ਨੂੰ ਆਪਣੇ ਇਲਾਕਿਆਂ ਤੋਂ ਦੂਰ ਜਾਣ ਲਈ ਮਜਬੂਰ ਹੋਣਾ ਪਿਆ ਅਤੇ ਇਹ ਗੁਰਧਾਮ ਵੀਰਾਨ ਹੋ ਗਏ। ਇਹਨਾਂ ਗੁਰਧਾਮਾਂ ਦੀ ਸਾਂਭ-ਸੰਭਾਲ ਲਈ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਕਮੇਟੀ ਯਤਨ ਕਰ ਰਹੀ ਹੈ। ਇਹਨਾਂ ਵਿਚੋਂ ਜਿਹੜੇ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਸਿੰਘ ਸਭਾ ਦੇ ਨਾਂ 'ਤੇ ਹਨ ਉਹਨਾਂ ਦੀ ਉਸਾਰੀ ਕਰਨ ਵਾਲਿਆਂ 'ਤੇ 19ਵੀਂ ਸਦੀ ਦੇ ਚੌਥੇ ਦਹਾਕੇ ਦੌਰਾਨ ਅਰੰਭ ਹੋਈ ਸਿੰਘ ਸਭਾ ਲਹਿਰ[76] ਦਾ ਪ੍ਰਭਾਵ ਸੀ।

7. ਗੁਰਦੁਆਰਾ ਸਹਿਰਾਮਪੁਰ - ਇਹ ਗੁਰਦੁਆਰਾ ਪਟਨਾ ਜ਼ਿਲ੍ਹੇ ਵਿਚ ਪੈਂਦੇ ਪਿੰਡ ਸਹਿਰਾਮਪੁਰ ਵਿਖੇ ਸਥਿਤ ਹੈ। ਸਹਿਰਾਮਪੁਰ ਤੋਂ ਲਗਪਗ 30 ਕਿਲੋਮੀਟਰ ਦੂਰੀ 'ਤੇ ਸਥਿਤ ਪਿੰਡ ਪਾਲੀਗੰਜ ਦੇ ਵਸਨੀਕ ਸ. ਮਹਿੰਦਰ ਪ੍ਰਤਾਪ ਸਿੰਘ ਇਥੇ ਗ੍ਰੰਥੀ ਵੱਜੋਂ ਸੇਵਾ ਨਿਭਾ ਰਹੇ ਹਨ। ਇਹਨਾਂ ਦੀ ਉਮਰ 60 ਸਾਲ ਹੈ ਅਤੇ ਇਹ ਪਿਛਲੇ ਲਗਪਗ 40 ਸਾਲ ਤੋਂ ਤਖ਼ਤ ਸ੍ਰੀ ਪਟਨਾ ਸਾਹਿਬ ਅਧੀਨ ਸੇਵਾ ਕਰ ਰਹੇ ਹਨ। ਇਹਨਾਂ ਨੇ ਦੱਸਿਆ ਕਿ ਰਾਜਾ ਰਾਘਵੇਂਦਰਧਾਰੀ ਸਿੰਘ ਨੇ ਇਸ ਗੁਰਧਾਮ ਦੀ ਉਸਾਰੀ ਕਰਵਾਈ ਸੀ। ਇਹ ਸਹਿਰਾਮਪੁਰ ਤੋਂ ਲਗਪਗ 17 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਪਿੰਡ ਐਨ ਖਾਂ ਦੇ ਵਸਨੀਕ ਸਨ। ਇਹ ਇਲਾਕੇ ਦੇ ਬਹੁਤ ਵੱਡੇ ਜ਼ਿੰਮੀਦਾਰ ਸਨ ਜਿਸ ਕਰਕੇ ਇਹਨਾਂ ਨੂੰ ਰਾਜਾ ਵੀ ਕਿਹਾ ਜਾਂਦਾ ਸੀ। ਇਲਾਕੇ ਦੇ ਇਕ ਗੁਰਸਿੱਖ ਸ. ਗੁਰਦਿਆਲ ਸਿੰਘ ਦੇ ਪ੍ਰਭਾਵ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਮੈਨੇਜਰ ਸ. ਗੁਰਬਚਨ ਸਿੰਘ ਦੀ ਪ੍ਰੇਰਨਾ ਸਦਕਾ ਇਹ ਸਿੱਖੀ ਵੱਲ ਪ੍ਰੇਰਿਤ ਹੋਏ ਸਨ। ਇਹਨਾਂ ਦਿਨਾਂ ਵਿਚ ਹੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਤੀਜੀ ਸ਼ਤਾਬਦੀ ਲਈ ਧਰਮ ਪ੍ਰਚਾਰ ਵੀ ਜੋਰਾਂ 'ਤੇ ਸੀ ਜਿਸ ਦਾ ਅਸਰ ਆਸਪਾਸ ਦੇ ਇਲਾਕਿਆਂ ਵਿਚ ਦੇਖਿਆ ਜਾ ਸਕਦਾ ਸੀ। 1965 ਦੇ ਲਗਪਗ ਇਹ ਆਪਣੇ 52 ਸਾਥੀਆਂ ਸਮੇਤ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਸਿੰਘ ਸਜੇ ਸਨ। ਇਸ ਇਲਾਕੇ ਦੇ 300 ਤੋਂ ਵਧੇਰੇ ਸਿੰਘਾਂ ਸਮੇਤ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦੀ ਤੀਜੀ ਸ਼ਤਾਬਦੀ ਮਨਾਉਣ ਲਈ ਇਹ ਪਟਨਾ ਸਾਹਿਬ ਗਏ ਸਨ ਜਿਥੇ ਇਹਨਾਂ ਦੇ ਜੱਥੇ ਨੂੰ ਐਨ ਖਾਂ ਜੱਥਾ ਕਹਿ ਕੇ ਸੰਬੋਧਨ ਕੀਤਾ ਜਾਂਦਾ ਸੀ। ਪਟਨਾ ਸਾਹਿਬ ਦੇ ਜੱਜ ਨੇ ਇਹਨਾਂ ਨੂੰ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦਾ ਮੈਂਬਰ ਵੀ ਨਾਮਜ਼ਦ ਕਰ ਦਿੱਤਾ ਜਿਸ ਦੇ ਸਿੱਟੇ ਵੱਜੋਂ ਇਹ ਕਮੇਟੀ ਦੇ ਮੀਤ ਪ੍ਰਧਾਨ ਦੀ ਸੇਵਾ ਵੀ ਨਿਭਾਉਂਦੇ ਰਹੇ। ਇਲਾਕੇ ਦੇ ਸਿੱਖਾਂ ਨੇ ਇਹਨਾਂ ਨੂੰ

ਬੇਨਤੀ ਕੀਤੀ ਕਿ ਇਥੇ ਵੀ ਇਕ ਗੁਰਦੁਆਰਾ ਹੋਣਾ ਚਾਹੀਦਾ ਹੈ ਤਾਂ ਕਿ ਰੋਜ਼ਾਨਾ ਜੀਵਨ ਦੀਆਂ ਰਸਮਾਂ ਨਿਭਾਉਣ ਵਿਚ ਸੌਖ ਰਹੇ। ਸਹਿਰਾਮਪੁਰ ਦੇ ਮੁਖੀਆ ਸ੍ਰੀ ਲਛਮਣ ਸ਼ਾਹ ਨੇ 1971 ਵਿਚ ਗੁਰਦੁਆਰਾ ਸਾਹਿਬ ਦੇ ਨਾਂ ਜ਼ਮੀਨ ਲਵਾਈ ਸੀ ਅਤੇ ਭੇਟ ਕੀਤੀ ਗਈ ਜ਼ਮੀਨ ’ਤੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਕਮੇਟੀ ਦੇ ਸਹਿਯੋਗ ਨਾਲ ਸ. ਰਾਘਵੇਂਦਰਧਾਰੀ ਸਿੰਘ ਨੇ ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਉਸਾਰੀ ਅਰੰਭ ਕਰਵਾਈ। 1973 ਵਿਚ ਸੰਪੂਰਨ ਹੋਣ ’ਤੇ ਮਰਯਾਦਾ ਪੂਰਵਕ ਇਸ ਅਸਥਾਨ ’ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। ਲਗਪਗ ਇਕ ਸਾਲ ਬਾਅਦ ਇਹ ਗੁਰਧਾਮ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੂੰ ਸੌਂਪ ਦਿੱਤਾ ਗਿਆ ਅਤੇ ਹੁਣ ਤੱਕ ਇਹ ਪ੍ਰਬੰਧ ਸੁਚਾਰੂ ਰੂਪ ਵਿਚ ਚੱਲ ਰਿਹਾ ਹੈ। 1984 ਤੋਂ ਬਾਅਦ ਇਥੇ ਵੀ ਸਿੱਖਾਂ ਦੀ ਆਬਾਦੀ ਘੱਟ ਗਈ ਪਰ ਫਿਰ ਵੀ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੁਆਰਾ ਹੀ ਇਸ ਦਾ ਪ੍ਰਬੰਧ ਨਿਰੰਤਰ ਜਾਰੀ ਰਿਹਾ। ਫੱਗਣ ਮਹੀਨੇ ਵਿਚ ਹੋਲੇ-ਮਹੱਲੇ ਦਾ ਪੁਰਬ ਮਨਾਇਆ ਜਾਂਦਾ ਹੈ। ਇਕ ਨੌਜਵਾਨ ਸਿੱਖ ਸ. ਚੰਦਰ ਸ਼ੇਖ਼ਰ ਸਿੰਘ ਵੀ ਇਥੇ ਸੇਵਾ ਨਿਭਾ ਰਹੇ ਹਨ।

8. **ਗੁਰਦੁਆਰਾ ਗੁਰੂ ਨਾਨਕ ਸੰਗਤ ਪੈਜਾਵਾ** – ਇਹ ਗੁਰਦੁਆਰਾ ਨਾਲੰਦਾ ਜ਼ਿਲ੍ਹੇ ਦੇ ਨਗਰ ਬਿਹਾਰ ਸ਼ਰੀਫ਼ ਵਿਖੇ ਮੁਗ਼ਲ ਕੂਆਂ ਗੁਰਦੁਆਰਾ ਸਾਹਿਬ ਤੋਂ ਲਗਪਗ ਢਾਈ ਕਿਲੋਮੀਟਰ ਦੀ ਦੂਰੀ ’ਤੇ ਪਟਨਾ-ਰਾਂਚੀ ਸੜਕ ’ਤੇ ਸਥਿਤ ਹੈ। ਇਹ ਗੁਰਦੁਆਰਾ ਸਾਹਿਬ ਬਹੁਤ ਖੁੱਲ੍ਹੀ-ਡੁੱਲ੍ਹੀ ਜ਼ਮੀਨ ’ਤੇ ਮੁੱਖ ਬਜ਼ਾਰ ਵਿਚ ਸਸ਼ੋਭਿਤ ਹੈ। ਇਸ ਦੇ ਨਾਲ ਲੱਗਦੀ ਜ਼ਮੀਨ ਦੀ ਸੁਯੋਗ ਵਰਤੋਂ ਕਰਕੇ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਗੁਰਦੁਆਰਾ ਕਮੇਟੀ ਕਾਫ਼ੀ ਆਮਦਨ ਜੁਟਾ ਸਕਦੀ ਹੈ। ਰੋਜ਼ਾਨਾ ਦੀ ਸੇਵਾ-ਸੰਭਾਲ ਲਈ ਸੇਵਾਦਾਰ ਮੌਜੂਦ ਹੈ।

9. **ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਖਗੋਲ** – ਇਹ ਗੁਰਦੁਆਰਾ ਖਗੋਲ ਰੇਲਵੇ ਸਟੇਸ਼ਨ ਤੋਂ ਲਗਪਗ ਅੱਧਾ ਕਿਲੋਮੀਟਰ ਦੀ ਦੂਰੀ ’ਤੇ ਸਥਿਤ ਹੈ। ਗੁਰਦੁਆਰਾ ਹਾਂਡੀ ਸਾਹਿਬ ਦਾਨਾਪੁਰ ਤੋਂ ਇਹ ਅਸਥਾਨ 8 ਕਿਲੋਮੀਟਰ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਲਗਪਗ 30 ਕਿਲੋਮੀਟਰ ਦੀ ਦੂਰੀ ’ਤੇ ਸਥਿਤ ਹੈ। ਇਸ ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਕਰਨ ਵਾਲੀ ਮਾਤਾ ਸ਼ਵਿੰਦਰ ਕੌਰ ਨੇ ਦੱਸਿਆ ਕਿ 60 ਸਾਲ ਪਹਿਲਾਂ ਉਹ ਪੰਜਾਬ ਦੇ ਬਟਾਲਾ ਨਗਰ ਤੋਂ ਇਥੇ ਵਿਆਹ ਕਰਵਾ ਕੇ ਆਈ ਸੀ। ਬਹੁਤ ਸਿੱਖ ਪਰਿਵਾਰ ਇਥੇ ਰੇਲਵੇ ਵਿਚ ਨੌਕਰੀ ਕਰਦੇ ਸਨ ਅਤੇ ਸ਼ਹਿਰ ਵਿਚ ਵੀ ਸਿੱਖਾਂ ਦੇ ਬਹੁਤ ਸਾਰੇ ਘਰ ਮੌਜੂਦ ਸਨ। ਇਹਨਾਂ ਦੇ ਸਹੁਰਾ ਸ. ਬਹਾਦਰ ਸਿੰਘ ਗੁਰਮਤਿ ਰੁਚੀ ਵਾਲੀ ਸ਼ਖ਼ਸੀਅਤ ਸਨ। ਨੌਕਰੀ ਦੇ ਨਾਲ-ਨਾਲ ਕਵੀਸ਼ਰੀ ਕਰਦੇ ਅਤੇ ਧਾਰਮਿਕ ਕਵਿਤਾ ਵੀ ਲਿਖਦੇ ਸਨ। ਉਹਨਾਂ ਨੇ ਸੰਗਤ ਦੇ ਸਹਿਯੋਗ ਨਾਲ ਗਵਾਲਿਆਂ ਤੋਂ ਜ਼ਮੀਨ ਖਰੀਦ ਕੇ ਇਥੇ ਗੁਰਦੁਆਰਾ ਸਾਹਿਬ ਦੀ ਉਸਾਰੀ ਕਰਵਾਈ ਅਤੇ ਨਾਲ ਹੀ ਪੰਜ-ਛੇ ਕਮਰੇ ਬਣਾ ਕੇ ਕਿਰਾਏ ’ਤੇ ਦੇ ਦਿੱਤੇ ਜਿਨ੍ਹਾਂ ’ਤੇ ਪੱਕਾ ਕਬਜ਼ਾ ਹੋ ਗਿਆ ਹੈ। 1984

ਤੋਂ ਪਹਿਲਾਂ ਇਥੇ ਬਹੁਤ ਰੌਣਕ ਹੁੰਦੀ ਸੀ, ਹਵਤਾਵਾਰੀ ਕੀਰਤਨ, ਦੀਵਾਨ ਆਦਿ ਆਯੋਜਿਤ ਕੀਤੇ ਜਾਂਦੇ ਸਨ, ਗੁਰਪੁਰਬ ਮਨਾਏ ਜਾਂਦੇ ਸਨ। ਇਕ ਗ੍ਰੰਥੀ ਵੀ ਰੱਖਿਆ ਹੋਇਆ ਸੀ। ਲਗਪਗ 150 ਦੇ ਕਰੀਬ ਸਿੱਖ ਸੰਗਤ ਹਰ ਗੁਰਪੁਰਬ ਮੌਕੇ ਜੁੜਦੀ ਸੀ ਪਰ ਹੁਣ ਤਿੰਨ-ਚਾਰ ਘਰ ਸਿੱਖਾਂ ਦੇ ਰਹਿ ਗਏ ਹਨ। ਭਾਵੇਂ ਕਿ 1984 ਦੌਰਾਨ ਇਥੇ ਦਾਨਾਪੁਰ ਤੋਂ ਮਿਲਟਰੀ ਦਾ ਪਹਿਰਾ ਲਗਾ ਦਿੱਤਾ ਸੀ ਅਤੇ ਕਿਸੇ ਦਾ ਕੋਈ ਨੁਕਸਾਨ ਨਹੀਂ ਹੋਇਆ ਪਰ ਫਿਰ ਵੀ ਬਹੁਤ ਸਾਰੇ ਸਿੱਖ ਇਥੋਂ ਬਦਲੀ ਕਰਵਾ ਕੇ ਦਿੱਲੀ ਅਤੇ ਪੰਜਾਬ ਵੱਲ ਚਲੇ ਗਏ ਸਨ। ਬਾਅਦ ਵਿਚ ਇਕੱਲੀ ਹੀ ਇਸ ਗੁਰਦੁਆਰਾ ਸਾਹਿਬ ਦੀ ਸੇਵਾ ਕਰਦੀ ਰਹੀ, ਰੇਲਵੇ ਵਿਚ ਨੌਕਰੀ ਕਰਨ ਵਾਲੇ ਪੁੱਤਰ ਕੋਲ ਹੀ ਰਹਿੰਦੀ ਹਾਂ ਅਤੇ ਜਦੋਂ ਸਮਾਂ ਮਿਲਦਾ ਹੈ ਉਹ ਵੀ ਸੇਵਾ ਕਰਦਾ ਹੈ। ਹੁਣ ਬਿਰਧ ਅਵਸਥਾ ਕਾਰਨ ਗੁਰਦੁਆਰਾ ਸਾਹਿਬ ਦੀ ਸੇਵਾ ਕਰਨ ਵਿਚ ਮੁਸ਼ਕਿਲ ਆਉਂਦੀ ਹੈ। ਇਹ ਇੱਛਾ ਬਣੀ ਰਹਿੰਦੀ ਕਿ ਮੇਰੇ ਪਿੱਛੋਂ ਵੀ ਗੁਰਦੁਆਰਾ ਸਾਹਿਬ ਵਿਖੇ ਧੂਪ-ਬੱਤੀ ਚੱਲਦੀ ਰਹੇ ਜਿਸ ਕਾਰਨ ਇਹ ਗੁਰਦੁਆਰਾ ਸਾਹਿਬ ਤਖ਼ਤ ਸ੍ਰੀ ਪਟਨਾ ਸਾਹਿਬ ਨੂੰ ਅਰਦਾਸ ਕਰਵਾ ਦਿੱਤਾ ਹੈ।

10. ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਬਰੌਨੀ - ਇਹ ਗੁਰਦੁਆਰਾ ਬਰੌਨੀ ਦੇ ਕੇਂਦਰੀ ਡਾਕਖਾਨੇ ਦੇ ਸਾਹਮਣੇ ਇਕ ਮੁਹੱਲੇ ਵਿਚ ਸਥਿਤ ਹੈ। ਇਸ ਗੁਰਦੁਆਰਾ ਸਾਹਿਬ ਦੇ ਬਾਹਰਲੇ ਗੇਟ 'ਤੇ 'ਗੁਰੂਦਵਾਰਾ ਸ੍ਰਿੀ ਗੁਰੂ ਸਿੰਘ ਸਭਾ, 1968' ਉਕਰਿਆ ਹੋਇਆ ਹੈ। ਸ. ਪਵਨ ਸਿੰਘ 1993 ਤੋਂ ਇਸ ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਕਰ ਰਹੇ ਹਨ। ਇਹਨਾਂ ਦੱਸਿਆ ਕਿ ਭਾਰਤ-ਪਾਕਿ ਵੰਡ ਦੌਰਾਨ ਇਥੇ ਸਿੱਖ ਪਰਿਵਾਰ ਆ ਕੇ ਵੱਸ ਗਏ ਸਨ ਅਤੇ ਉਹਨਾਂ ਨੇ ਹੀ ਇਸ ਗੁਰਦੁਆਰਾ ਸਾਹਿਬ ਦੀ ਉਸਾਰੀ ਕਰਵਾਈ ਸੀ। ਸ. ਕਲਿਆਣ ਸਿੰਘ ਸਲੂਜਾ, ਸ. ਅਮਰੀਕ ਸਿੰਘ, ਸ. ਪ੍ਰੇਮ ਸਿੰਘ, ਸ. ਗੁਰਬਚਨ ਸਿੰਘ ਆਦਿ ਸਿੱਖ ਪਰਿਵਾਰਾਂ ਨੇ ਲਗਪਗ ਤਿੰਨ ਕੱਠੇ ਜ਼ਮੀਨ 'ਤੇ ਗੁਰਦੁਆਰਾ ਸਿੰਘ ਸਭਾ ਦੇ ਨਾਂ ਹੇਠ ਇਸ ਗੁਰਦੁਆਰਾ ਸਾਹਿਬ ਦੀ ਉਸਾਰੀ ਕਰਵਾਈ ਸੀ। ਕੇਂਦਰ ਸਰਕਾਰ ਵਿਚ ਮੰਤਰੀ ਰਹੇ ਸ. ਆਹਲੂਵਾਲੀਆ ਸਾਹਿਬ ਵੀ ਇਸ ਗੁਰਦੁਆਰਾ ਸਾਹਿਬ ਦੀ ਦੇਖਭਾਲ ਕਰਦੇ ਰਹੇ ਹਨ। ਕੁੱਝ ਸਿੱਖ ਅਤੇ ਕੁੱਝ ਸਿੰਧੀ ਪਰਿਵਾਰ ਇਥੇ ਮੌਜੂਦ ਹਨ ਜਿਹੜੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਆਉਂਦੇ ਹਨ ਅਤੇ ਸੇਵਾ-ਸੰਭਾਲ ਵਿਚ ਸਹਾਇਤਾ ਕਰਦੇ ਹਨ। ਬਰੌਨੀ ਜੰਕਸ਼ਨ ਰੇਲਵੇ ਸਟੇਸ਼ਨ ਇਥੋਂ ਲਗਪਗ ਇਕ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ ਅਤੇ ਸਿੱਖ ਯਾਤਰੂ ਵੀ ਇਥੇ ਅਕਸਰ ਆ ਜਾਂਦੇ ਹਨ। ਸੰਨ 2000 ਤੋਂ ਇਹ ਗੁਰਦੁਆਰਾ ਸਾਹਿਬ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਧੀਨ ਹੈ।

11. ਗੁਰਦੁਆਰਾ ਗੁਰੂ ਨਾਨਕ ਦੇਵ ਸ਼ਾਹੀ ਸੰਗਤ, ਮੁਗ਼ਲ ਕੂਆਂ - ਇਹ ਗੁਰਧਾਮ ਬਖ਼ਤਿਆਰਪੁਰ ਤੋਂ ਲਗਪਗ 30 ਕਿਲੋਮੀਟਰ ਦੀ ਦੂਰੀ 'ਤੇ ਨਾਲੰਦਾ ਜ਼ਿਲ੍ਹੇ ਦੇ ਬਿਹਾਰ ਸ਼ਰੀਫ਼ ਨਗਰ ਵਿਖੇ ਸਥਿਤ ਹੈ ਅਤੇ ਇਸ ਨੂੰ ਗੁਰੂ ਨਾਨਕ ਉਦਾਸੀਨ ਸੰਗਤ,

ਮੁਗ਼ਲ ਕੂਆਂ ਕਿਹਾ ਜਾਂਦਾ ਹੈ। ਇਥੇ ਸਰਕਾਰੀ ਅਤੇ ਪ੍ਰਾਈਵੇਟ ਦੋ ਬੱਸ ਅੱਡੇ ਦੱਸੇ ਜਾਂਦੇ ਹਨ ਅਤੇ ਇਹ ਗੁਰਦੁਆਰਾ ਸਾਹਿਬ ਪਟਨਾ-ਰਾਂਚੀ ਸੜਕ 'ਤੇ ਮੁੱਖ ਬਜ਼ਾਰ ਵਿਚ ਸਰਕਾਰੀ ਬੱਸ ਅੱਡੇ ਤੋਂ ਲਗਪਗ ਦੋ ਕਿਲੋਮੀਟਰ ਅਤੇ ਪ੍ਰਾਈਵੇਟ ਬੱਸ ਅੱਡੇ ਤੋਂ 4 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਅੰਮ੍ਰਿਤ ਦਾਸ, ਸ਼ਾਲਿਗ੍ਰਾਮ ਦਾਸ, ਗੰਗਾ ਰਾਮ ਦਾਸ, ਗੁਲਾਬ ਦਾਸ, ਆਦਿ ਉਦਾਸੀ ਮਹੰਤ ਇਸ ਅਸਥਾਨ ਦੇ ਸੇਵਾਦਾਰ ਰਹੇ ਹਨ। ਮੁਗ਼ਲ ਕੂਆਂ ਦੇ ਨਿਵਾਸੀ, ਕੋਹਿਨੂਰ ਪਾਵਰ ਪਲਾਂਟ ਵਿਖੇ ਸੁਪਰਵਾਇਜ਼ਰ ਦੀ ਨੌਕਰੀ ਕਰ ਰਹੇ, ਸ੍ਰੀ ਵਿਨੋਦ ਕੁਮਾਰ ਸਿੰਘ ਨੇ ਇਸ ਅਸਥਾਨ ਸੰਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸੰਮਤ 2001 (ਸੰਨ 1944) ਤੋਂ ਪਹਿਲਾਂ ਦੀ ਇਕ ਪੁਰਾਤਨ ਇਮਾਰਤ ਇਥੇ ਮੌਜੂਦ ਸੀ। ਲਗਪਗ 1990 ਵਿਚ ਇਹ ਜ਼ਮੀਨ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੂੰ ਸੌਂਪ ਦਿੱਤੀ ਗਈ। 2009-10 ਵਿਚ ਗੁਰਦੁਆਰਾ ਕਮੇਟੀ ਵੱਲੋਂ ਇਥੇ ਇਕ ਨਵੀਂ ਇਮਾਰਤ ਦੀ ਉਸਾਰੀ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। ਇਸ ਗੁਰਦੁਆਰਾ ਸਾਹਿਬ ਵਿਖੇ ਮੁਹੱਲਾ ਨਿਵਾਸੀਆਂ ਵੱਲੋਂ ਇਕ ਸਕੂਲ ਵੀ ਚੱਲ ਰਿਹਾ ਸੀ ਜਿਹੜਾ ਕਿ ਹੁਣ ਬੰਦ ਹੈ।ਸੀ। ਗੁਰਦੁਆਰਾ ਸਾਹਿਬ ਦੀ ਲਗਪਗ 50 ਡਿਸਮਿਲ ਜ਼ਮੀਨ ਹੈ ਅਤੇ ਕੁੱਝ ਲੋਕਾਂ ਨੇ ਇਥੇ ਕਬਜ਼ਾ ਕੀਤਾ ਹੋਇਆ ਹੈ ਜਿਸ ਦਾ ਕੇਸ ਅਦਾਲਤ ਵਿਚ ਚੱਲ ਰਿਹਾ ਹੈ। ਗੁਰਦੁਆਰੇ ਦੇ ਅਹਾਤੇ ਵਿਚ ਇਕ ਪਿੱਪਲ ਅਤੇ ਪੁਰਾਤਨ ਖੂਹ ਮੌਜੂਦ ਹਨ, ਸਥਾਨਕ ਲੋਕ ਪਿੱਪਲ ਦੀ ਪੂਜਾ ਕਰਦੇ ਹਨ। ਇਸ ਗੁਰਦੁਆਰਾ ਸਾਹਿਬ ਵਿਖੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਜਾਂਦਾ ਹੈ। ਭਾਈ ਰਵੀ ਸਿੰਘ ਤਖ਼ਤ ਸ੍ਰੀ ਪਟਨਾ ਸਾਹਿਬ ਵੱਲੋਂ ਗ੍ਰੰਥੀ ਦੀ ਸੇਵਾ ਨਿਭਾ ਰਹੇ ਹਨ।

12. ਗੁਰਦੁਆਰਾ ਗੁਰੂ ਨਾਨਕ ਸ਼ਾਹੀ, ਲਾਲਗੰਜ - ਇਹ ਗੁਰਦੁਆਰਾ ਵੈਸ਼ਾਲੀ ਜ਼ਿਲ੍ਹੇ ਵਿਚ ਰੇਪੁਰਾ, ਲਾਲਗੰਜ ਵਿਖੇ ਸਥਿਤ ਹੈ। ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਤੋਂ ਲਗਪਗ 45 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਹ ਗੁਰਧਾਮ ਉਦਾਸੀ ਸੰਪ੍ਰਦਾਇ ਨਾਲ ਸੰਬੰਧਿਤ ਹੈ। ਡਾ. ਨਗੇਂਦਰ ਪ੍ਰਸਾਦ ਪੰਜਿਆਰ ਫ਼ਿਲਾਸਫ਼ੀ ਦੇ ਪ੍ਰੋਫ਼ੈਸਰ ਹਨ ਅਤੇ ਇਥੋਂ ਦੇ ਅਵਧ ਬਿਹਾਰੀ ਸਿੰਘ ਮਹਾਂਵਿਦਿਆਲਯ ਵਿਖੇ ਵਾਈਸ ਪ੍ਰਿੰਸੀਪਲ ਵੱਜੋਂ ਨੌਕਰੀ ਕਰ ਰਹੇ ਹਨ। ਇਹ ਇਸ ਅਸਥਾਨ ਨਾਲ ਵਿਸ਼ੇਸ਼ ਲਗਾਉ ਰੱਖਦੇ ਹਨ। ਇਹਨਾਂ ਨੇ ਦੱਸਿਆ ਕਿ ਇਹਨਾਂ ਦੇ ਪੂਰਵਜ ਇਸ ਅਸਥਾਨ ਸੰਬੰਧੀ ਅਕਸਰ ਗੱਲ ਕਰਦੇ ਸਨ। ਇਥੇ ਆਉਣ ਵਾਲੇ ਸ਼ਰਧਾਲੂਆਂ ਵਿਚ ਭੇਦਭਾਵ ਨਹੀਂ ਕੀਤਾ ਜਾਂਦਾ ਅਤੇ ਹਰ ਸਮਾਜ ਦੇ ਲੋਕ ਇਥੇ ਦਰਸ਼ਨ ਕਰਨ ਆਉਂਦੇ ਹਨ। ਇਸ ਅਸਥਾਨ ਬਾਰੇ ਇਹ ਧਾਰਨਾ ਪ੍ਰਚੱਲਿਤ ਹੈ ਕਿ ਇਥੇ ਆਪਣੀ ਇਕ ਬੁਰਾਈ ਦਾਨ ਕਰੋ ਅਤੇ ਦਸ ਅੱਛਾਈ ਪ੍ਰਾਪਤ ਕਰੋ। ਇਥੋਂ 15 ਕਿਲੋਮੀਟਰ ਦੀ ਦੂਰੀ 'ਤੇ ਸ਼ਿਵਨਗਰ ਪਿੰਡ ਸਿੱਖਾਂ ਦਾ ਹੈ ਜਿਹੜੇ ਕਿ ਗੁਰੂ ਨਾਨਕ ਦੇਵ ਜੀ ਦਾ ਜੋਤੀ ਜੋਤ ਪੁਰਬ ਮਨਾਉਣ ਲਈ ਇਥੇ ਆਉਂਦੇ ਹਨ। ਇਸ ਗੁਰਦੁਆਰਾ ਸਾਹਿਬ ਦੀ ਸਾਂਭ-ਸੰਭਾਲ ਕਰ ਰਹੇ ਸ੍ਰੀ ਪ੍ਰਦੀਪ ਕੁਮਾਰ ਨੇ

ਦੱਸਿਆ ਕਿ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਇਹ ਇਕ ਇਤਿਹਾਸਿਕ ਗੁਰਦੁਆਰਾ ਹੈ। ਨਰਾਇਣ ਦਾਸ ਇਥੋਂ ਦੇ ਪ੍ਰਸਿੱਧ ਮਹੰਤ ਹੋਏ ਹਨ ਜਿਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਇਥੇ ਸਿੱਖੀ ਦਾ ਪ੍ਰਚਾਰ ਕੀਤਾ। ਇਹਨਾਂ ਤੋਂ ਬਾਅਦ ਹਰਨਾਮ ਦਾਸ ਇਕ ਹੋਰ ਕਾਰਜਸ਼ੀਲ ਮਹੰਤ ਇਸ ਅਸਥਾਨ 'ਤੇ ਹੋਏ ਹਨ ਜਿਨ੍ਹਾਂ ਦੇ ਪ੍ਰਭਾਵ ਸਦਕਾ ਆਮ ਲੋਕਾਂ ਨੂੰ ਸਿੱਖ ਧਰਮ ਸੰਬੰਧੀ ਪ੍ਰੇਰਨਾ ਪੈਦਾ ਹੋਈ। ਗੁਰੂ ਜੀ ਦੇ ਸਮੇਂ ਤੋਂ ਇਥੇ ਸੰਗਤ ਜੁੜਦੀ ਰਹੀ ਹੈ ਇਸ ਕਰਕੇ ਇਸ ਨੂੰ ਸੰਗਤ ਗੁਰਦੁਆਰਾ ਵੀ ਕਿਹਾ ਜਾਂਦਾ ਹੈ। ਬਿਹਾਰ ਸਰਕਾਰ ਦੁਆਰਾ ਇਸ ਦੀ ਚਾਰ ਦੀਵਾਰੀ ਕਰਵਾਈ ਗਈ ਹੈ ਜਿਸ ਸੰਬੰਧੀ ਲੱਗੇ ਪੱਥਰ 'ਤੇ ਵੀ ਇਸ ਅਸਥਾਨ ਨੂੰ ਰੇਪੁਰਾ ਸੰਗਤ ਲਿਖਿਆ ਹੋਇਆ ਹੈ। 1934 ਦੇ ਭੁਚਾਲ ਦੌਰਾਨ ਇਸ ਅਸਥਾਨ ਦਾ ਭਾਰੀ ਨੁਕਸਾਨ ਹੋਇਆ ਜਿਸ ਵਿਚ ਪੁਰਾਣਾ ਗੁਰਦੁਆਰਾ ਅਤੇ ਉਸਾਰੇ ਗਏ ਕਮਰੇ ਪੂਰੀ ਤਰ੍ਹਾਂ ਨਾਲ ਢਹਿ-ਢੇਰੀ ਹੋ ਗਏ ਸਨ। ਮੌਜੂਦਾ ਸਮੇਂ ਵਿਚ ਇਕ ਛੋਟੇ ਜਿਹੇ ਕਮਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਹੈ ਅਤੇ ਨੇੜੇ ਹੀ ਬਾਬਾ ਸ੍ਰੀ ਚੰਦ ਦੀ ਮੂਰਤੀ ਵੀ ਰੱਖੀ ਹੋਈ ਹੈ। ਇਕ ਵੱਡਾ ਪੁਰਾਤਨ ਸੰਖ ਸੰਗਤ ਦੀ ਖਿੱਚ ਦਾ ਕੇਂਦਰ ਬਣਿਆ ਰਹਿੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਕ ਪੁਰਾਤਨ ਸਰੂਪ ਪਹਿਲਾਂ ਇਸ ਅਸਥਾਨ 'ਤੇ ਮੌਜੂਦ ਸੀ ਜਿਸ ਦੀ ਮਰਯਾਦਾ ਅਨੁਸਾਰ ਸੇਵਾ-ਸੰਭਾਲ ਨਾ ਹੋਣ ਕਰਕੇ ਇਸ ਨੂੰ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਭੇਜ ਦਿੱਤਾ ਗਿਆ ਹੈ। ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਦੀ ਉਸਾਰੀ ਕੀਤੀ ਜਾ ਰਹੀ ਹੈ। ਇਸ ਅਸਥਾਨ ਦੇ ਮਹੰਤ ਨੇ ਆਪਣੀ ਕੁੱਝ ਜ਼ਮੀਨ ਸਕੂਲ ਨੂੰ ਦਾਨ ਵਿਚ ਦੇ ਦਿੱਤੀ ਸੀ ਜਿਥੇ ਹੁਣ 'ਸੰਤ ਗੁਰੂ ਨਾਨਕ ਕੰਨਿਆ ਉੱਚ ਵਿਦਿਆਲਯ' ਚੱਲ ਰਿਹਾ ਹੈ। ਇਸ ਤੋਂ ਇਲਾਵਾ ਇਸ ਅਸਥਾਨ ਦੇ ਨਾਂ 'ਤੇ ਇਕ ਹੋਰ ਜ਼ਮੀਨ ਵੀ ਮੌਜੂਦ ਹੈ ਜਿਸ ਨੂੰ 'ਕਮੰਡਲ' ਕਰ ਕੇ ਜਾਣਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਬਾਬਾ ਹਰਨਾਮ ਦਾਸ ਕੋਲ ਇਕ ਸ਼ਰਧਾਲੂ ਆਇਆ ਅਤੇ ਘਰ ਵਿਚ ਚਿਰਾਗ ਪੈਦਾ ਹੋਣ ਦਾ ਅਸ਼ੀਰਵਾਦ ਮੰਗਿਆ ਜਿਹੜਾ ਕਿ ਸਮੇਂ ਅਨੁਸਾਰ ਪੂਰਾ ਹੋਇਆ। ਸ਼ਰਧਾਲੂ ਬਾਬਾ ਜੀ ਨੂੰ ਕੁੱਝ ਦੇਣਾ ਚਾਹੁੰਦਾ ਸੀ ਪਰ ਉਹਨਾਂ ਨੇ ਕੁੱਝ ਵੀ ਲੈਣ ਤੋਂ ਇਨਕਾਰ ਕਰ ਦਿੱਤਾ। ਸ਼ਰਧਾਲੂ ਦੇ ਵਾਰ-ਵਾਰ ਜ਼ੋਰ ਦੇਣ 'ਤੇ ਬਾਬਾ ਜੀ ਨੇ ਕਿਹਾ ਕਿ ਜੋ ਦੇਣਾ ਚਾਹੁੰਦਾ ਹੋ ਕਮੰਡਲ ਵਿਚ ਪਾ ਦਿਉ। ਸ਼ਰਧਾਲੂ ਨੇ ਇਕ ਕਾਗ਼ਜ਼ 'ਤੇ ਪੰਜ ਬਿਘਾ ਜ਼ਮੀਨ ਲਿਖ ਕੇ ਕਮੰਡਲ ਵਿਚ ਪਾ ਦਿੱਤਾ। ਇਹ ਜ਼ਮੀਨ ਵੀ ਹੁਣ ਇਸ ਅਸਥਾਨ ਦੇ ਨਾਂ ਹੈ ਜਿਸ ਨੂੰ 'ਕਮੰਡਲ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਜ਼ਮੀਨ 'ਤੇ ਖੇਤੀ ਕੀਤੀ ਜਾਂਦੀ ਹੈ। ਇਸ ਗੁਰਦੁਆਰੇ ਸੰਬੰਧੀ ਜਾਣਕਾਰੀ ਦਿੰਦੇ ਹੋਏ ਜਗਮੋਹਨ ਸਿੰਘ ਗਿੱਲ ਦੱਸਦੇ ਹਨ:

> ਲਾਲਗੰਜ ਰੇਪੁਰਾ ਵਿਚ ਇਕ ਪੁਰਾਣਾ ਉਦਾਸੀ ਡੇਰਾ ਹੈ ਜਿਸ ਨੂੰ 'ਗੁਰੂ ਨਾਨਕ ਮੱਠ' ਕਿਹਾ ਜਾਂਦਾ ਹੈ। ਇਹ ਉਦਾਸੀ ਡੇਰਾ ਉਸ ਵਕਤ ਆਮ ਤੌਰ 'ਤੇ ਪੰਜਾਬੀ ਵਪਾਰੀਆਂ ਦੀ ਆਰਜ਼ੀ ਠਹਿਰ ਵਜੋਂ ਜਾਣਿਆ ਜਾਂਦਾ ਸੀ।... ਸਿੱਖ ਵਪਾਰੀਆਂ ਦੀ ਮਦਦ ਤੇ ਪ੍ਰੇਰਨਾ ਨਾਲ ਸਥਾਨਕ ਸਿੱਖਾਂ ਦੀ

> ਅਣਥਕ ਹਿੰਮਤ ਨਾਲ 1870 ਈ. ਜਾਂ ਇਸ ਤੋਂ ਪਹਿਲਾਂ ਕਿਸੇ ਕੱਚੇ ਢਾਂਚੇ ਦਾ ਗੁਰਦੁਆਰਾ ਸਾਹਿਬ ਬਣਾਇਆ ਗਿਆ। ਕੁੱਝ ਸਾਲਾਂ ਬਾਅਦ ਸ. ਗੁਰੂਸਹਾਏ ਸਿੰਘ ਨੇ ਤਿੰਨ ਕੱਠੇ (ਜ਼ਮੀਨ ਦੀ ਇਕ ਮਿਣਤੀ) ਜ਼ਮੀਨ ਗੁਰਦੁਆਰਾ ਸਾਹਿਬ ਨੂੰ ਦਾਨ ਦਿੱਤੀ ਸੀ। ਮਹੂਆ ਸੜਕ ’ਤੇ ਸ਼ਿਵਨਗਰ ਦੇ ਪੂਰਬੀ ਪਾਸੇ 25 ਕਿਲੋਮੀਟਰ ਦੀ ਦੂਰੀ ’ਤੇ ਬਾਘੀ ਚੌਂਕ ਦੇ ਸ. ਸਰਦਾਰ ਸਿੰਘ ਅਤੇ ਸਥਾਨਕ ਸਿੱਖਾਂ ਦੀ ਮਦਦ ਨਾਲ ਇਕ ਛੋਟਾ ਪੱਕਾ ਗੁਰਦੁਆਰਾ ਸਾਹਿਬ 1920 ਈ. ਵਿਚ ਬਣਾਇਆ ਗਿਆ। 1934 ਈ. ਵਿਚ ਭੁਚਾਲ ਦੇ ਭਿਆਨਕ ਰੂਪ ਨੇ ਗੁਰਦੁਆਰਾ ਸਾਹਿਬ ਦੇ ਢਾਂਚੇ ਦੇ ਕੁੱਝ ਹਿੱਸਿਆਂ ਨੂੰ ਨੁਕਸਾਨ ਪਹੁੰਚਾਇਆ ਸੀ।[77]

ਇਸ ਦ੍ਰਿਸ਼ਟੀ ਤੋਂ ਲਾਲਗੰਜ ਸਿੱਖ ਇਤਿਹਾਸ ਵਿਚ ਵਿਸ਼ੇਸ਼ ਮਹੱਤਵ ਰੱਖਦਾ ਹੈ। ਇਥੇ ਮੌਜੂਦ ਉਦਾਸੀਆਂ ਦੇ ਡੇਰਿਆਂ ਰਾਹੀਂ ਗੁਰਮਤਿ ਪ੍ਰਚਾਰ ਕੀਤਾ ਜਾਂਦਾ ਸੀ ਪਰ ਸਮੇਂ ਦੇ ਪ੍ਰਭਾਵ ਨਾਲ ਗੁਰਮਤਿ ਰੰਗ ਵਿਚ ਰੰਗੇ ਹੋਏ ਉਦਾਸੀ ਡੇਰਿਆਂ ’ਤੇ ਕਰਮਕਾਂਡੀ ਪ੍ਰਭਾਵ ਵੱਧ ਗਿਆ। ਸਵਾਰਥੀ ਮਹੰਤਾਂ ਨੇ ਬਹੁਤ ਸਾਰੇ ਡੇਰੇ ਵੇਚ ਦਿੱਤੇ ਅਤੇ ਜਿਹੜੇ ਬੱਚ ਗਏ ਉਹ ਵੇਦਾਂਤਿਕ ਪ੍ਰਭਾਵ ਅਧੀਨ ਆ ਗਏ। ਇਸ ਸੰਬੰਧੀ ‘ਉੱਤਰ ਬਿਹਾਰ ਗੁਰਦੁਆਰਾ ਸਮਨਵਯ ਸਮਿਤੀ, ਮੁਜ਼ੱਫ਼ਰਪੁਰ’ ਦੁਆਰਾ 15 ਜਨਵਰੀ 2008 ਵਿਚ ਤਿਆਰ ਕੀਤੀ ਇਹ ਰਿਪੋਰਟ ਦੇਖਣ ਵਾਲੀ ਹੈ ਜਿਸ ਵਿਚ ਉਹ ਲਿਖਦੇ ਹਨ, “ਉਨੀਵੀਂ ਸ਼ਤਾਬਦੀ ਵਿਚ ਲਾਲਗੰਜ ਵਿਖੇ ਪੰਦਰਾਂ ਗੁਰਦੁਆਰੇ ਸਨ। ਅੱਜ ਕੇਵਲ ਦੋ ਜਾਂ ਤਿੰਨ ਗੁਰਦੁਆਰੇ ਬਚੇ ਹਨ ਬਾਕੀ ਗੁਰਦੁਆਰੇ ਮੱਠਾਂ-ਮੰਦਿਰਾਂ, ਘਰਾਂ, ਦੁਕਾਨਾਂ ਅਤੇ ਖੇਤਾਂ ਵਿਚ ਤਬਦੀਲ ਹੋ ਚੁੱਕੇ ਹਨ। ਮੁਜ਼ੱਫ਼ਰਪੁਰ ਨਿਵਾਸੀ ਸਰਦਾਰ ਹਰੀ ਸਿੰਘ ਦੀ ਅਗਵਾਈ ਵਿਚ ਮੁਜ਼ੱਫ਼ਰਪੁਰ ਦੀ ਸੰਗਤ ਦੇ ਸਹਿਯੋਗ ਨਾਲ ਇਸ ਗੁਰਦੁਆਰੇ ਦੀ ਮੁਰੰਮਤ ਅਤੇ ਗੁਰੂ ਗ੍ਰੰਥ ਸਾਹਿਬ ਦੀ ਸਥਾਪਨਾ ਲਈ ਕਮਰੇ ਦੀ ਉਸਾਰੀ ਕਰਵਾਈ।”

13. ਗੁਰਦੁਆਰਾ ਤਾਜਪੁਰ - ਇਹ ਇਕ ਪੁਰਾਤਨ ਗੁਰਦੁਆਰਾ ਹੈ ਜਿਹੜਾ ਕਿ ਤਾਜਪੁਰ ਦੇ ਥਾਣਾ ਰੋਡ ਹੁੰਦੇ ਹੋਏ ਗੋਲਾ ਰੋਡ ਦੇ ਨਜ਼ਦੀਕ ਸਸ਼ੋਭਿਤ ਹੈ। ਸਥਾਨਕ ਸੰਗਤ ਵੱਲੋਂ ਇਸ ਦੀ ਉਸਾਰੀ ਕਰਵਾਈ ਗਈ ਸੀ। ਪੁਰਾਤਨ ਇਮਾਰਤ ਮੌਜੂਦਾ ਗੁਰਦੁਆਰਾ ਸਾਹਿਬ ਦੇ ਪਿਛਲੇ ਪਾਸੇ ਮੌਜੂਦ ਹੈ ਜਿਸ ’ਤੇ 1958 ਉਕਰਿਆ ਹੋਇਆ ਹੈ। ਜਾਪਦਾ ਹੈ ਕਿ ਇਸ ਤੋਂ ਬਹੁਤ ਸਮਾਂ ਪਹਿਲਾਂ ਇਸ ਅਸਥਾਨ ’ਤੇ ਗੁਰਦੁਆਰਾ ਸਾਹਿਬ ਮੌਜੂਦ ਸੀ ਜਿਸ ਦੀ ਜਗ੍ਹਾ ’ਤੇ ਬਣੀ ਹੋਈ ਇਮਾਰਤ ਵੀ ਪੁਰਾਣੀ ਹੋ ਗਈ ਅਤੇ ਉਸ ਤੋਂ ਪਿਛੋਂ ਬਣੀ ਹੋਈ ਨਵੀਂ ਇਮਾਰਤ ਵੀ ਸਾਂਭ-ਸੰਭਾਲ ਦੀ ਮੰਗ ਕਰਦੀ ਹੈ। ਇਸ ਅਸਥਾਨ ਦੇ ਨਾਲ ਹੀ ਇਕ ਮਕਾਨ ਵਿਚ ਰਹਿਣ ਵਾਲੇ 42 ਸਾਲਾ ਸ੍ਰੀ ਗੰਗਾਧਰ ਉਪਾਧਿਆਇ ਨੇ ਦੱਸਿਆ ਕਿ ਉਹ ਇਥੋਂ ਦੇ ਹੀ ਜੰਮਪਲ ਹਨ ਅਤੇ ਇਥੇ ਹੀ ਉਹਨਾਂ ਦਾ ਸਾਰਾ ਜੀਵਨ ਬਸਰ ਹੋਇਆ ਹੈ। ਇਹਨਾਂ ਦੱਸਿਆ ਕਿ ਇਹਨਾਂ ਦੇ ਪਿਤਾ ਜੀ ਦਾ ਜਨਮ 1934 ਵਿਚ ਭੁਚਾਲ ਵਾਲੇ ਸਾਲ ਹੋਇਆ ਸੀ ਅਤੇ ਉਹ ਦੱਸਿਆ ਕਰਦੇ ਸਨ

ਕਿ ਉਹਨਾਂ ਦੇ ਬਜ਼ੁਰਗਾਂ ਨੇ ਵੀ ਇਸ ਗੁਰਦੁਆਰਾ ਸਾਹਿਬ ਦੇ ਦਰਸ਼ਨ ਕੀਤੇ ਹਨ। ਇਸ ਦ੍ਰਿਸ਼ਟੀ ਤੋਂ ਭਾਵੇਂ ਕਿ ਇਹ ਗੁਰਦੁਆਰਾ ਸਾਹਿਬ ਇਤਿਹਾਸਿਕ ਨਹੀਂ ਹੈ ਪਰ ਪੁਰਾਤਨ ਜ਼ਰੂਰ ਹੈ। 1984 ਦੇ ਸਿੱਖ ਕਤਲੇਆਮ ਦੌਰਾਨ ਇਸ ਗੁਰਦੁਆਰਾ ਸਾਹਿਬ ਦਾ ਭਾਰੀ ਨੁਕਸਾਨ ਹੋਇਆ। ਉਸ ਸਮੇਂ ਲੱਛਮੀਪੁਰ ਕਟਿਹਾਰ ਦੇ ਸ. ਦੇਵੀ ਸਿੰਘ ਗ੍ਰੰਥੀ ਵੱਜੋਂ ਇਥੇ ਸੇਵਾ ਨਿਭਾ ਰਹੇ ਸਨ, ਉਸ ਨੂੰ ਸਾਡੇ ਪਿਤਾ ਜੀ ਨੇ ਆਪਣੇ ਘਰ ਵਿਚ ਲੁਕੋ ਕੇ ਬਚਾਇਆ ਸੀ। ਇਹ ਦੱਸਦੇ ਹਨ ਕਿ ਜਿਨ੍ਹਾਂ ਨੇ ਗੁਰਦੁਆਰਾ ਸਾਹਿਬ ਦਾ ਨੁਕਸਾਨ ਕੀਤਾ ਸੀ ਗੁਰੂ ਜੀ ਨੇ ਉਹਨਾਂ ਨੂੰ ਭਾਰੀ ਸਜ਼ਾਵਾਂ ਵੀ ਦਿੱਤੀਆਂ, ਕੁੱਝ ਲੋਕ ਭੀਖ ਮੰਗ ਰਹੇ ਹਨ, ਕੁੱਝ ਲੋਕ ਸਰੀਰਕ ਅਤੇ ਦਿਮਾਗੀ ਤੌਰ ’ਤੇ ਅਪੰਗ ਅਤੇ ਆਰਥਿਕ ਤੌਰ ’ਤੇ ਕੰਗਾਲ ਹੋ ਗਏ ਹਨ। ਕੁੱਝ ਇਕ ਲੋਕਾਂ ਨੇ ਇਸ ਅਸਥਾਨ ’ਤੇ ਆ ਕੇ ਗੁਰੂ ਸਾਹਿਬ ਤੋਂ ਮਾਫ਼ੀ ਮੰਗੀ ਅਤੇ ਲੁੱਟਿਆ ਹੋਇਆ ਥੋੜ੍ਹਾ ਬਹੁਤ ਸਮਾਨ ਵਾਪਸ ਵੀ ਭੇਟ ਕਰ ਦਿੱਤਾ। ਸ. ਦੇਵੀ ਸਿੰਘ ਤੋਂ ਬਾਅਦ ਸ. ਕਮਲ ਸਿੰਘ ਸ. ਜੋਰਾਵਰ ਸਿੰਘ, ਸ. ਰੌਸ਼ਨ ਸਿੰਘ, ਸ. ਅਜਾਇਬ ਸਿੰਘ, ਸ. ਮਨਜੀਤ ਸਿੰਘ ਆਦਿ ਇਸ ਅਸਥਾਨ ’ਤੇ ਸੇਵਾ ਕਰਦੇ ਰਹੇ ਹਨ। ਮੌਜੂਦਾ ਸਮੇਂ ਵਿਚ ਸ. ਚਰਨਜੀਤ ਸਿੰਘ ਇਥੇ ਸੇਵਾ ਕਰ ਰਹੇ ਹਨ ਜਿਹੜੇ ਕਿ ਬਿਹਾਰ ਦੇ ਕਟਿਹਾਰ ਜ਼ਿਲ੍ਹੇ ਵਿਚ ਲੱਛਮੀਪੁਰ ਦੇ ਨਜ਼ਦੀਕ ਕਾੜ੍ਹਾ ਗੋਲਾ ਦੇ ਜੰਮਪਲ ਹਨ। ਸਥਾਨਕ ਸਿੱਖ ਇਥੋਂ ਚਲੇ ਗਏ ਹਨ। ਦੋ ਏਕੜ ਦੇ ਆਸਪਾਸ ਜ਼ਮੀਨ ਗੁਰਦੁਆਰਾ ਸਾਹਿਬ ਦੇ ਨਾਂ ਹੈ ਜਿਸ ਵਿਚ ਗੁਰਦੁਆਰਾ ਸਾਹਿਬ ਦੀ ਇਮਾਰਤ, ਖੂਹ ਅਤੇ ਬਾਗ਼ ਮੌਜੂਦ ਹਨ। ਲਗਪਗ 8-10 ਘਰ ਪੰਜਾਬੀਆਂ ਦੇ ਹਨ ਜਿਹੜੇ ਗੁਰਦੁਆਰਾ ਸਾਹਿਬ ਦਰਸ਼ਨ ਕਰਨ ਆਉਂਦੇ ਹਨ। ਬੈਸਾਖ਼ੀ ਅਤੇ ਲੋਹੜੀ ਦਾ ਤਿਉਹਾਰ ਪ੍ਰਮੁੱਖ ਤੌਰ ’ਤੇ ਮਨਾਇਆ ਜਾਂਦਾ ਹੈ। ਹੋਰਨਾਂ ਗੁਰਪੁਰਬਾਂ ਮੌਕੇ ਵੀ ਰੌਣਕ ਹੁੰਦੀ ਹੈ।

14. ਗੁਰਦੁਆਰਾ ਬਖ਼ਤਿਆਰਪੁਰ - ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਤੋਂ ਲਗਪਗ 45 ਕਿਲੋਮੀਟਰ ਦੀ ਦੂਰੀ ’ਤੇ ਬਖ਼ਤਿਆਰਪੁਰ ਰੇਲਵੇ ਸਟੇਸ਼ਨ ਦੇ ਸਾਹਮਣੇ ਇਹ ਗੁਰਦੁਆਰਾ ਬਣਿਆ ਹੋਇਆ ਹੈ। ਕਿਹਾ ਜਾਂਦਾ ਹੈ ਕਿ 1984 ਤੋਂ ਪਹਿਲਾਂ ਇਥੇ 8-10 ਸਿੱਖ ਪਰਿਵਾਰ ਰਹਿੰਦੇ ਸਨ, ਉਹਨਾਂ ਵਿਚੋਂ ਇਕ ਸ. ਖੇਰੂ ਸਿੰਘ ਦੇ ਪਿਤਾ ਜੀ ਨੇ ਇਹ ਇਮਾਰਤ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਲਈ ਭੇਟ ਕਰ ਦਿੱਤੀ ਸੀ। 1984 ਤੋਂ ਬਾਅਦ ਇਥੇ ਕੇਵਲ ਇਕ-ਦੋ ਪਰਿਵਾਰ ਹੀ ਬਚੇ ਹਨ। ਸਾਂਭ-ਸੰਭਾਲ ਨਾ ਹੋਣ ਕਰਕੇ ਇਸ ਦੀ ਖਸਤਾ ਹਾਲ ਇਮਾਰਤ ਕਿਸੇ ਵੇਲੇ ਵੀ ਢਹਿ ਸਕਦੀ ਹੈ। ਇਥੇ ਇਕ ਨਿਸ਼ਾਨ ਸਾਹਿਬ ਲੱਗਿਆ ਹੋਇਆ ਹੈ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਹੀਂ ਹੈ। ਗੁਰਦੁਆਰਾ ਸਾਹਿਬ ਦੀ ਖੰਡਰ ਬਣ ਚੁੱਕੀ ਇਸ ਇਮਾਰਤ ਨੂੰ ਆਲੇ ਦੁਆਲੇ ਦੇ ਲੋਕ ਵਰਤ ਰਹੇ ਹਨ। ਮੌਜੂਦਾ ਸਮੇਂ ਵਿਚ ਇਹ ਅਸਥਾਨ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਧੀਨ ਹੈ। ਮੌਜੂਦਾ ਕਮੇਟੀ ਇਸ ਅਸਥਾਨ ਦੀ ਸੁਯੋਗ ਵਰਤੋਂ ਲਈ ਭਰਪੂਰ ਯਤਨ ਕਰ ਰਹੀ ਹੈ।

15. ਗੁਰਦੁਆਰਾ ਬਾੜ੍ਹ - ਇਹ ਗੁਰਦੁਆਰਾ ਪਟਨਾ ਸਾਹਿਬ ਤੋਂ ਲਗਪਗ 70

ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਸ ਅਸਥਾਨ ਦੇ ਸਹਮਣੇ ਪ੍ਰਸਿੱਧ ਵੈਸ਼ਣੋਧਾਮ ਮੰਦਿਰ ਅਤੇ ਖੱਬੇ ਪਾਸੇ ਜੈਨ ਮੰਦਿਰ ਸਥਿਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਭਾਈ ਬਾਲੇ ਵਾਲੀ ਜਨਮਸਾਖੀ ਇਥੇ ਸੰਭਾਲ ਕੇ ਰੱਖੀਆਂ ਹੋਈਆਂ ਹਨ। ਮੌਜੂਦਾ ਗੁਰਦੁਆਰੇ ਦਾ ਪ੍ਰਬੰਧ ਤਖ਼ਤ ਹਰਿਮੰਦਰ ਜੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਕੀਤਾ ਜਾ ਰਿਹਾ ਹੈ। 1984 ਦਾ ਇਸ ਇਲਾਕੇ 'ਤੇ ਭਾਰੀ ਅਸਰ ਹੋਇਆ ਹੈ ਅਤੇ ਹੁਣ ਕੋਈ ਵੀ ਸਿੱਖ ਪਰਿਵਾਰ ਇਥੇ ਮੌਜੂਦ ਨਹੀਂ ਹੈ। 65-66 ਸਾਲਾ ਬੀਬੀ ਕੁਲਵੰਤ ਕੌਰ ਇਕੱਲੀ ਹੀ ਇਸ ਗੁਰਧਾਮ ਦੀ ਸੇਵਾ-ਸੰਭਾਲ ਕਰਦੀ ਹੈ। ਇਹ ਬੀਬੀ ਇਥੋਂ ਦੇ ਪਹਿਲੇ ਗ੍ਰੰਥੀ ਭਾਈ ਕਨ੍ਹਈਆ ਸਿੰਘ ਦੀ ਪਤਨੀ ਹੈ ਅਤੇ ਉਸਦੇ ਅਕਾਲ ਚਲਾਣਾ ਕਰ ਜਾਣ ਉਪਰੰਤ ਇਸ ਗੁਰਧਾਮ ਦੀ ਸੇਵਾ ਬੀਬੀ ਜੀ ਦੇ ਸਪੁਰਦ ਕਰ ਦਿੱਤੀ ਗਈ ਸੀ। ਇਸ ਗੁਰਦੁਆਰੇ ਦੇ ਨਾਲ ਪੰਜ ਦੁਕਾਨਾਂ ਬਣੀਆਂ ਹੋਈਆਂ ਹਨ ਜਿਨ੍ਹਾਂ ਦੀ ਆਮਦਨ ਨਾਲ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਕੀਤਾ ਜਾਂਦਾ ਹੈ।

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੇ ਗੁਰਧਾਮਾਂ ਤੋਂ ਇਲਾਵਾ ਪਟਨਾ ਸਾਹਿਬ ਵਿਖੇ ਇਕ ਹੋਰ ਮਹੱਤਵਪੂਰਨ ਗੁਰਧਾਮ ਹੈ - ਗੁਰਦੁਆਰਾ ਬਾਲ ਲੀਲਾ ਮੈਣੀ ਸੰਗਤ। ਇਹ ਇਤਿਹਾਸਿਕ ਗੁਰਦਆਰਾ ਹੈ ਅਤੇ ਇਸ ਦਾ ਸੰਬੰਧ ਗੁਰੂ ਗੋਬਿੰਦ ਸਿੰਘ ਜੀ ਦੇ ਬਚਪਨ ਦੀਆਂ ਘਟਨਾਵਾਂ ਨਾਲ ਜੋੜਿਆ ਜਾਂਦਾ ਹੈ।

ਗੁਰਦੁਆਰਾ ਬਾਲ ਲੀਲਾ, ਮੈਣੀ ਸੰਗਤ - ਇਹ ਗੁਰਦੁਆਰਾ ਤਖ਼ਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ ਤੋਂ ਕੁੱਝ ਹੀ ਦੂਰੀ 'ਤੇ ਸਥਿਤ ਹੈ। ਇਥੇ ਰਾਜਾ ਫ਼ਤਹਿ ਚੰਦ ਮੈਣੀ ਦਾ ਨਿਵਾਸ ਸੀ। ਉਸਦੇ ਘਰ ਕੋਈ ਔਲਾਦ ਨਾ ਹੋਣ ਕਰਕੇ ਉਸ ਦੀ ਸੁਪਤਨੀ ਵਿਸੰਭਰਾ ਦੇਵੀ ਉਦਾਸ ਰਹਿੰਦੀ ਸੀ। ਇਕ ਦਿਨ ਖੇਡਦੇ ਹੋਏ (ਗੁਰੂ) ਗੋਬਿੰਦ (ਸਿੰਘ) ਜੀ ਉਸਦੇ ਘਰ ਚਲੇ ਗਏ ਅਤੇ ਉਸ ਦੀ ਗੋਦੀ ਵਿਚ ਬੈਠ ਗਏ ਸਨ। ਰਾਣੀ ਬਹੁਤ ਖ਼ੁਸ਼ ਹੋਈ ਅਤੇ ਉਸ ਦਾ ਮਨ ਅਧਿਆਤਮਿਕ ਅਨੰਦ ਨਾਲ ਤ੍ਰਿਪਤ ਹੋ ਗਿਆ। ਉਸ ਨੇ ਗੁਰੂ ਜੀ ਅਤੇ ਉਹਨਾਂ ਦੇ ਸਾਥੀਆਂ ਨੂੰ ਘੁੰਗਣੀਆਂ ਛਕਾਈਆਂ। ਇਸ ਤੋਂ ਬਾਅਦ ਗੁਰੂ ਜੀ ਅਕਸਰ ਰਾਣੀ ਕੋਲ ਖੇਡਣ ਲਈ ਆ ਜਾਂਦੇ ਸਨ ਅਤੇ ਰਾਣੀ ਉਹਨਾਂ ਦੀ ਸੇਵਾ ਕਰਕੇ ਖ਼ੁਸ਼ ਹੁੰਦੀ ਸੀ, ਰਾਣੀ ਦੀ ਹੋਰ ਕੋਈ ਇੱਛਾ ਬਾਕੀ ਨਾ ਰਹੀ। ਇਸ ਅਸਥਾਨ 'ਤੇ ਗੁਰਦੁਆਰਾ ਮੈਣੀ ਸੰਗਤ ਸੁਸ਼ੋਭਿਤ ਹੈ। ਇਸ ਅਸਥਾਨ 'ਤੇ ਇਹਨਾਂ ਨਿਸ਼ਾਨੀਆਂ ਦੇ ਦਰਸ਼ਨ ਕਰਵਾਏ ਜਾਂਦੇ ਹਨ:

(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੁਰਾਤਨ ਬੀੜ: ਇਹ ਬੀੜ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੀ ਦੱਸੀ ਜਾਂਦੀ ਹੈ। ਇਸ ਬਿਰਧ ਸਰੂਪ ਦੇ ਲਗਪਗ 845 ਪੱਤਰੇ ਹਨ ਅਤੇ ਇਸ ਦੇ ਪਹਿਲੇ ਪੱਤਰੇ 'ਤੇ ਮੂਲ ਮੰਤਰ ਗੁਰੂ ਜੀ ਦੇ ਹੱਥੀਂ ਲਿਖਿਆ ਮੰਨਿਆ ਜਾਂਦਾ ਹੈ। ਸਿੱਖ ਵਿਦਵਾਨ ਪਿਆਰਾ ਸਿੰਘ ਪਦਮ ਨੇ ਆਪਣੀ ਖੋਜ ਵਿਚ ਇਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਈ ਹੋਰ ਪੁਰਾਤਨ ਸਰੂਪਾਂ ਦਾ ਜ਼ਿਕਰ ਕੀਤਾ ਹੈ ਪਰ ਵਰਤਮਾਨ ਸਮੇਂ ਵਿਚ ਇਹ ਇਕ ਗ੍ਰੰਥ ਹੀ ਉਥੇ ਮੌਜੂਦ ਹੈ।

(ਅ) ਕਰੌਂਦੇ ਦਾ ਰੁੱਖ: ਗੁਰੂ ਗੋਬਿੰਦ ਸਿੰਘ ਜੀ ਨੇ ਬਚਪਨ ਵਿਚ ਦਾਤਨ ਕਰਨ ਉਪਰੰਤ ਇਥੇ ਦੱਬ ਦਿੱਤੀ ਸੀ ਜਿਹੜੀ ਕਿ ਸਮਾਂ ਪਾ ਕੇ ਹਰੀ ਹੋ ਗਈ।

(ੲ) ਗੁਰੂ ਜੀ ਦੇ ਚਰਨਾਂ ਦਾ ਜੋੜਾ: ਗੁਰੂ ਜੀ ਦੇ ਚਰਨਾਂ ਦਾ ਜੋੜਾ ਸੰਭਾਲ ਕੇ ਰੱਖਿਆ ਹੋਇਆ ਹੈ। ਦਰਬਾਰ ਹਾਲ ਵਿਚ ਇਹ ਸ਼ੀਸ਼ੇ ਵਿਚ ਜੜਾ ਕੇ ਸੰਗਤਾਂ ਦੇ ਦਰਸ਼ਨ ਕਰਨ ਲਈ ਰੱਖਿਆ ਹੋਇਆ ਹੈ। ਇਸ ਜੋੜੇ ਵਿਚੋਂ ਇਕ ਪੈਰ ਦੀ ਨਿਸ਼ਾਨੀ ਹੀ ਬਾਕੀ ਬਚੀ ਹੈ। ਇਸ ਤੋਂ ਇਲਾਵਾ ਇਕ ਪੁਰਾਤਨ ਕਟਾਰ ਵੀ ਇਥੇ ਮੌਜੂਦ ਹੈ।

ਇਸ ਅਸਥਾਨ ਦੀ ਸੇਵਾ-ਸੰਭਾਲ ਨਿਰਮਲੇ ਸੰਤ ਕਰਦੇ ਹਨ। ਭਾਵੇਂ ਕਿ ਹੁਣ ਇਥੇ ਆਲੀਸ਼ਾਨ ਸਰਾਂ ਉਸਾਰੀ ਜਾ ਚੁੱਕੀ ਹੈ ਪਰ ਪੁਰਾਤਨ ਸਮੇਂ ਵਿਚ ਇਸ ਅਸਥਾਨ ਦੀ ਹਾਲਤ ਦਾ ਜ਼ਿਕਰ ਕਰਦੇ ਹੋਏ ਗਿਆਨੀ ਗਿਆਨ ਸਿੰਘ ਲਿਖਦੇ ਹਨ, "ਏਥੇ ਸੰਮਤ 1926 ਬਿਕ੍ਰਮੀ ਨੂੰ ਪ੍ਰਾਗਰਾਜ ਕੁੰਭ ਸਮੇਂ ਤ੍ਰਿਬੈਣੀਪੁਰ ਕਲਪ ਵਾਸ ਕਰਕੇ ਜਦ ਭਾਈ ਈਸ਼ਰ ਸਿੰਘ ਜੀ ਤੇ ਏਹ ਖ਼ਾਲਸੇ ਦਾ ਦਾਸ (ਗ੍ਰੰਥ ਕਰਤਾ ਗਿਆਨੀ ਗਿਆਨ ਸਿੰਘ) ਪਟਨੇ ਸਾਹਿਬ ਗਏ, ਤਾਂ ਹਰਮੰਦਰ ਵਿਚ ਕੋਈ ਜਗ੍ਹਾ ਉੱਤਰਨ ਵਾਸਤੇ ਨਾ ਮਿਲੀ। ਤਾਂ ਮੈਣੀ ਸੰਗਤ ਵਿਚ ਜੋ ਢੱਠੀ ਜੇਹੀ ਪਈ ਸੀ ਜਾ ਉੱਤਰੇ। ਅਜੇਹਾ ਪ੍ਰਤਾਪ ਹੋਯਾ ਕਿ ਛੀ ਮਹੀਨੇ ਵਿਚ ਰੌਣਕ ਹੋ ਗਈ। ਫੇਰ ਈਸ਼ਰ ਸਿੰਘ ਦਾ ਡਾਢਾ ਪਰਚਾ ਪੈਣੇ ਕਰ ਸੇਠ ਉਸਦੇ ਸੇਵਕ ਬਨ ਗਏ। ਓਸ ਦੇਸ ਵਿਚੋਂ ਹਜ਼ਾਰਾਂ ਰੁਪਏ ਕਠੇ ਕਰਕੇ ਕਈ ਮਕਾਨ ਪੱਥਰ ਦੇ ਚੰਗੇ ਬਣਾ ਦਿੱਤੇ। ਨਾਲੇ ਇਕ ਮਸ਼ਹੂਰ ਪੰਡਤ ਦੀ ਕਥਾ ਬਠਾ ਦਿੱਤੀ ਜਿਸ ਕਰਕੇ ਸਾਰੇ ਸ਼ਹਿਰ ਦੇ ਇਸਤ੍ਰੀ ਪੁਰਸ਼ ਓਥੇ ਆਉਣ ਲੱਗ ਪਏ। ਸੰਗਤ ਦੇ ਚੁਫੇਰੇ ਦੇ ਮਕਾਨ ਜ਼ਮੀਨ ਖਰੀਦ ਖਰੀਦ ਬੜਾ ਸਾਰਾ ਬਾਗ਼ ਲਾ ਦਿੱਤਾ। ਹੁਣ ਤਾਂ ਓਹ ਗੁਰੂ ਅਸਥਾਨ ਮਹਾਨ ਰਾਜੇ ਦੇ ਮਕਾਨ ਵਰਗਾ ਝਾੜ ਫ਼ਨੂਸ ਸ਼ੀਸ਼ੇ ਆਦਿਕ ਕੱਚ ਦੇ ਸਮਾਨ ਤੇ ਹੋਰ ਸਭ ਤਰ੍ਹਾਂ ਦੀ ਬਿਭੋ ਨਾਲ ਸਜ ਰਿਹਾ ਹੈ ਉਸਦੇ ਸਮਾਨ ਸਜਿਆ ਹੋਯਾ ਗੁਰਦੁਆਰਾ ਕਿਤੇ ਵਿਰਲਾ ਹੀ ਹੋਵੇਗਾ।"[78] ਪ੍ਰਸਿੱਧ ਨਿਰਮਲੇ ਵਿਦਵਾਨ ਮਹੰਤ ਬਲਬੀਰ ਸਿੰਘ ਸ਼ਾਸਤ੍ਰੀ ਇਸ ਅਸਥਾਨ 'ਤੇ ਲੰਮਾ ਸਮਾਂ ਸੇਵਾਦਾਰ ਰਹੇ ਹਨ। ਇਹਨਾਂ ਨੇ ਬਨਾਰਸ ਯੂਨੀਵਰਸਿਟੀ ਤੋਂ ਸੰਸਕ੍ਰਿਤ ਵਿਚ ਵੇਦਾਂਤ ਆਚਾਰਯ ਦੀ ਫਸਟ ਡਿਵੀਜ਼ਨ ਵਿਚ ਡਿਗਰੀ ਪਾਸ ਕੀਤੀ ਹੋਈ ਸੀ।[79] ਇਥੇ ਨਿਵਾਸ ਦੌਰਾਨ ਜਿਥੇ ਇਹਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਖੋਜ, ਅਨੁਵਾਦ ਅਤੇ ਪ੍ਰਚਾਰ ਵਿਚ ਵੱਡਾ ਯੋਗਦਾਨ ਪਾਇਆ ਉਥੇ ਯਾਤਰੂਆਂ ਦੀ ਸਹੂਲਤ ਲਈ ਵਿਸ਼ੇਸ਼ ਯਤਨ ਕੀਤੇ। ਗਿਆਨੀ ਬਲਵੰਤ ਸਿੰਘ ਕੋਠਾਗੁਰੂ ਦੱਸਦੇ ਹਨ, "ਗੁਰੂ ਮਹਾਰਾਜ ਜੀ ਦਾ ਹਰਿਮੰਦਰ, ਤਖਤ ਹਾਲ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਤ ਦੇ ਵਿਸ਼ਰਾਮ ਲਈ ਬਣਾਏ ਸ਼ੀਸ਼ ਮਹਿਲ ਕੇਵਲ ਦੇਖਣ ਨਾਲ ਹੀ ਸੰਬੰਧ ਰੱਖਦੇ ਹਨ। ਇਸ ਹਰਿਮੰਦਰ ਦੀ ਸ਼ੋਭਾ ਕਲਮ ਵਰਨਨ ਕਰਨ ਤੋਂ ਅਸਮਰਥ ਹੈ। ਵਿਸ਼ੇਸ਼ ਗੱਲ ਇਹ ਹੈ ਕਿ ਰਾਜਾ ਫਤਹਚੰਦ ਦੇ ਆਪਣੇ ਲਾਏ ਪੁਰਾਤਨ ਲਾਲ ਪੱਥਰ ਦੇ ਛੇ ਥਮਲੇ ਅਤੇ ਸ਼ੀਸ਼ ਮਹਿਲ ਤੇ ਪਾਲਸ਼ ਕਰਕੇ ਲਾਈ ਹੋਈ ਪੁਰਾਤਨ ਚੁਗਾਠ ਉਚ ਪਵਿਤਰ ਸਰਮਾਇਆ ਹੈ, ਜਿਸ ਨੂੰ ਦਸਮ ਪਾਤਸ਼ਾਹ ਸਤਿਗੁਰੂ ਜੀ ਬਚਪਨ ਵਿਚ

ਵਾਰ-ਵਾਰ ਸਪਰਸ਼ ਕਰਦੇ ਰਹੇ ਹਨ। ਪੁਰਾਤਨ ਥਮਲਿਆਂ ਅਤੇ ਚੁਗਾਠਾਂ ਨੂੰ ਮੁੜ ਪਾਲਸ਼ ਕਰਕੇ ਉਸੇ ਰੂਪ ਵਿਚ ਉਥੇ ਹੀ ਲਾ ਦੇਣਾ ਸ਼ਾਸਤ੍ਰੀ ਜੀ ਦੇ ਰੌਸ਼ਨ ਦਿਮਾਗ, ਵਿਵੇਕ ਬੁਧੀ ਦਾ ਪਰਿਚਯ ਹੈ। ''[80] ਨਿਰਮਲ ਪੰਚਾਇਤੀ ਅਖਾੜੇ ਦੇ ਸ੍ਰੀ ਮਹੰਤ ਬਣਨ ਉਪਰੰਤ ਇਹ ਇਥੋਂ ਚਲੇ ਗਏ ਸਨ ਅਤੇ ਇਹਨਾਂ ਤੋਂ ਬਾਅਦ ਮਹੰਤ ਗਿਆਨ ਸਿੰਘ ਦੁਆਰਾ ਇਸ ਅਸਥਾਨ ਦੀ ਸੇਵਾ-ਸੰਭਾਲ ਕਰਨ ਦਾ ਜ਼ਿਕਰ ਮਿਲਦਾ ਹੈ।

ਮੌਜੂਦਾ ਸਮੇਂ ਵਿਚ ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ ਇਸ ਅਸਥਾਨ ਦੀ ਸੇਵਾ-ਸੰਭਾਲ ਕਰ ਰਹੇ ਹਨ। ਇਹਨਾਂ ਨੇ 500 ਕਮਰਿਆਂ ਦੀ ਸਰਾਂ ਬਣਾਉਣ ਦਾ ਟੀਚਾ ਮਿਥਿਆ ਸੀ ਜਿਸਦੇ ਪਹਿਲੇ ਪੜਾਅ ਵਿਚ 9.12.2010 ਨੂੰ ਕਾਰ-ਸੇਵਾ ਅਰੰਭ ਕੀਤੀ ਗਈ। ਪੰਜ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਨੇ ਇਹ ਸ਼ੁਭ ਕਾਰਜ ਅਰੰਭ ਕੀਤਾ ਸੀ ਅਤੇ 29.12.2011 ਨੂੰ 110 ਏ.ਸੀ.ਕਮਰਿਆਂ ਵਾਲਾ ਰਾਜ ਮਾਤਾ ਵਿਸੰਭਰਾ ਦੇਵੀ ਜੀ ਯਾਤਰੀ ਨਿਵਾਸ ਤਿਆਰ ਹੋ ਗਿਆ ਸੀ ਜਿਸ ਦਾ ਉਦਘਾਟਨ ਕਰਨ ਦੀ ਰਸਮ ਇਹਨਾਂ ਸ਼ਖ਼ਸੀਅਤਾਂ ਦੁਆਰਾ ਨਿਭਾਈ ਗਈ—ਸ੍ਰੀ ਮਹੰਤ ਗਿਆਨ ਦੇਵ ਸਿੰਘ ਜੀ; ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ; ਜਥੇਦਾਰ ਗਿਆਨੀ ਇਕਬਾਲ ਸਿੰਘ ਜੀ; ਸ. ਐਸ.ਐਸ. ਆਹਲੂਵਾਲੀਆ, ਮੈਂਬਰ ਰਾਜ ਸਭਾ; ਸ੍ਰੀ ਸੁਸ਼ੀਲ ਮੋਦੀ, ਉਪ ਮੁੱਖ ਮੰਤਰੀ ਬਿਹਾਰ; ਸ੍ਰੀ ਨੰਦ ਕਿਸ਼ੋਰ ਯਾਦਵ, ਸੜਕ ਨਿਰਮਾਨ ਮੰਤਰੀ ਬਿਹਾਰ। ਇਹ ਯਾਤਰੀ ਨਿਵਾਸ ਲਗਪਗ ਇਕ ਸਾਲ ਵਿਚ ਸੰਪੂਰਨ ਕਰ ਲਿਆ ਗਿਆ ਸੀ। ਇਸ ਤੋਂ ਬਾਅਦ ਰਾਜਾ ਫਤਿਹ ਚੰਦ ਜੀ ਮੈਣੀ ਯਾਤਰੀ ਨਿਵਾਸ ਦੀ ਇਮਾਰਤ ਸੰਪੂਰਨ ਕਰਵਾਈ ਗਈ। ਹੋਰ ਕਾਰਜ ਜਾਰੀ ਹਨ।

ਮਹੰਤ ਅਤੇ ਮੁੱਖ ਸੇਵਾਦਾਰ

ਗੁਰੂ ਨਾਨਕ ਦੇਵ ਜੀ ਦੁਆਰਾ ਸਾਲਿਸ ਰਾਇ ਜੌਹਰੀ ਨੂੰ ਇਥੋਂ ਦਾ ਪ੍ਰਚਾਰਕ ਨਿਯੁਕਤ ਕਰਨ ਉਪਰੰਤ ਇਥੋਂ ਦੇ ਸੇਵਾਦਾਰਾਂ ਨੂੰ ਵਿਭਿੰਨ ਪਦਵੀਆਂ ਨਾਲ ਜਾਣਿਆ ਜਾਂਦਾ ਹੈ ਜਿਵੇਂ ਮੰਜੀਦਾਰ, ਮਹੰਤ, ਜਥੇਦਾਰ ਆਦਿ। ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਇਹ ਪਵਿੱਤਰ ਅਸਥਾਨ ਮੌਜੂਦਾ ਸਮੇਂ ਵਿਚ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੈ ਅਤੇ ਇਸੇ ਸਿਰਲੇਖ ਅਧੀਨ ਹੀ ਇਥੋਂ ਦੇ ਸੇਵਾਦਾਰਾਂ ਬਾਰੇ ਜਾਣਨ ਦਾ ਯਤਨ ਕੀਤਾ ਜਾ ਰਿਹਾ ਹੈ। ਇਸ ਤਖ਼ਤ ਸਾਹਿਬ 'ਤੇ ਮਹੰਤ ਪਰੰਪਰਾ ਲੰਮੇ ਸਮੇਂ ਤੱਕ ਜਾਰੀ ਰਹੀ ਹੈ ਇਸ ਕਰਕੇ ਸਭ ਤੋਂ ਪਹਿਲਾਂ ਇਹ ਪ੍ਰਸ਼ਨ ਮਨ ਵਿਚ ਆਉਂਦਾ ਹੈ ਕਿ ਮਹੰਤ ਕੌਣ ਹੁੰਦਾ ਹੈ? ਮਹੰਤ ਕਿਸੇ ਡੇਰੇ ਦੇ ਮੁਖੀ ਨੂੰ ਕਿਹਾ ਜਾਂਦਾ ਹੈ। ਸਿੱਖ ਧਰਮ ਵਿਚ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਕੀਤੇ ਸਿਧਾਂਤਾਂ ਨੂੰ ਅੱਗੇ ਲਿਜਾਣ ਅਤੇ ਗੁਰੂ-ਘਰ ਆਉਣ ਵਾਲੇ ਸ਼ਰਧਾਲੂਆਂ ਦੀ ਸੇਵਾ ਕਰਨ ਵਾਲੇ ਨੂੰ ਮਹੰਤ ਕਿਹਾ ਜਾਂਦਾ ਹੈ। ਇਹਨਾਂ ਦਾ ਧਾਰਮਿਕ ਪ੍ਰਭਾਵ ਸ਼ਰਧਾਲੂਆਂ ਦੇ ਮਨ ਵਿਚ ਧਰਮ ਅਸਥਾਨ ਪ੍ਰਤੀ ਖਿੱਚ ਪੈਦਾ ਕਰਦਾ ਹੈ। ਉਦਾਸੀਆਂ, ਨਿਰਮਲਿਆਂ ਅਤੇ ਸੇਵਾਪੰਥੀ ਸੰਪ੍ਰਦਾਵਾਂ ਵਿਚ ਕਾਇਮ ਹੋਈ ਮਹੰਤ ਪਰੰਪਰਾ ਅਧੀਨ ਜਿਹੜੇ ਡੇਰੇ ਸਥਾਪਿਤ ਹੋਏ ਉਹਨਾਂ ਨੇ

ਗੁਰਮਤਿ ਪ੍ਰਚਾਰ ਅਤੇ ਗੁਰਮਤਿ ਗਿਆਨ ਨੂੰ ਪ੍ਰਮੁੱਖਤਾ ਪ੍ਰਦਾਨ ਕੀਤੀ। ਧਾਰਮਿਕ ਸਿਧਾਂਤ ਅਤੇ ਮਰਯਾਦਾ ਬਾਰੇ ਸ਼ਰਧਾਲੂਆਂ ਨੂੰ ਗਿਆਨ ਪ੍ਰਦਾਨ ਕਰਨਾ ਹੀ ਮਹੰਤ ਦਾ ਮੁੱਖ ਕਾਰਜ ਹੁੰਦਾ ਸੀ। ਭਾਵੇਂ ਕਿ ਮੌਜੂਦਾ ਸਮੇਂ ਵਿਚ ਮਹੰਤ ਦਾ ਉਹ ਸਤਿਕਾਰ ਅਤੇ ਸਨਾਮਨ ਨਹੀਂ ਰਿਹਾ ਜਿਹੜਾ ਕਿ ਪੁਰਾਤਨ ਸਮੇਂ ਵਿਚ ਦੇਖਣ ਨੂੰ ਮਿਲਦਾ ਸੀ ਪਰ ਫਿਰ ਵੀ ਸਿੱਖ ਧਰਮ ਵਿਚ 'ਮਹੰਤ' ਦੇ ਕਾਰਜ ਦਾ ਖੁਲਾਸਾ ਕਰਦੇ ਹੋਏ ਮਹੰਤ ਸੁਮੇਰ ਸਿੰਘ ਦੱਸਦੇ ਹਨ:

ਗੁਰ ਬਾਣੀ ਕੀ ਏਕ ਤੁਕ ਤਾਕੇ ਅਰਥ ਅਨੰਤ।
ਤਾਹਿ ਬਿਚਾਰਤ ਹੀ ਰਹੈ ਸੋ ਖਾਲਸਾ ਮਹੰਤ॥[81]

ਸਿੱਖ ਧਰਮ ਵਿਚ ਮਹੰਤਾਂ ਦੀ ਲੜੀ ਬਹੁਤ ਲੰਮੀ ਹੈ। ਇਹਨਾਂ ਦਾ ਮੁੱਖ ਕਾਰਜ ਸੰਗਤ ਨੂੰ ਗੁਰੂ ਨਾਲ ਜੋੜਨਾ ਅਤੇ ਗੁਰੂ-ਘਰ ਆਉਣ ਵਾਲੀਆਂ ਭੇਟਾਵਾਂ ਦੀ ਸੁਯੋਗ ਵਰਤੋਂ ਕਰਨਾ ਸੀ। ਰਾਜੇ-ਮਹਾਰਾਜਿਆਂ ਨੇ ਬਹੁਤ ਸਾਰੀਆਂ ਜ਼ਮੀਨਾਂ ਉਦਾਸੀ ਅਤੇ ਨਿਰਮਲ ਅਖਾੜਿਆਂ ਦੇ ਨਾਂ ਲਵਾਈਆਂ ਸਨ ਪਰ ਸਮਾਂ ਪਾ ਕੇ ਇਹਨਾਂ ਵਿਚੋਂ ਕੁੱਝ ਮਹੰਤ ਭ੍ਰਿਸ਼ਟ ਹੋ ਗਏ ਸਨ ਜਿਸ ਨਾਲ ਸਮੁੱਚੀ ਮਹੰਤ ਸ਼੍ਰੇਣੀ ਬਦਨਾਮ ਹੋ ਗਈ ਸੀ। ਮੌਜੂਦਾ ਸਮੇਂ ਵਿਚ ਅਜਿਹੇ ਬਹੁਤ ਸਾਰੇ ਅਕਾਦਮਿਕ ਕਾਰਜ ਦੇਖਣ ਨੂੰ ਮਿਲਦੇ ਹਨ ਜਿਹੜੇ ਮਹੰਤਾਂ ਵੱਲੋਂ ਅਰੰਭ ਹੋਏ ਸਨ। ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਵੀ ਮਹੰਤਾਂ ਦੀ ਲੰਮੀ ਲੜੀ ਚੱਲਦੀ ਰਹੀ ਹੈ ਅਤੇ ਸਮਾਂ ਪਾ ਕੇ ਇਹਨਾਂ ਵਿਚ ਵੀ ਧਾਰਮਿਕ ਮਰਯਾਦਾ ਅਤੇ ਪ੍ਰਬੰਧ ਨਾਲ ਸੰਬੰਧਿਤ ਊਣਤਾਈਆਂ ਦੇਖਣ ਨੂੰ ਮਿਲੀਆਂ ਤਾਂ ਇਹ ਪ੍ਰਬੰਧ ਬਦਲ ਕੇ ਸੰਗਤ ਦੇ ਚੁਣੇ ਹੋਏ ਨੁਮਾਇੰਦਿਆਂ ਦੇ ਹੱਥ ਦੇ ਦਿੱਤਾ ਗਿਆ ਸੀ। ਤਖ਼ਤ ਸ੍ਰੀ ਪਟਨਾ ਸਾਹਿਬ ਦੀ ਸਾਂਭ-ਸੰਭਾਲ ਵਿਚ ਮਹੰਤਾਂ ਦਾ ਵੱਡਾ ਯੋਗਦਾਨ ਰਿਹਾ ਹੈ। ਇਥੇ ਉਹਨਾਂ ਮਹੰਤਾਂ ਅਤੇ ਮੁੱਖ ਸੇਵਾਦਾਰਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ ਜਿਹੜੇ ਤਖ਼ਤ ਸ੍ਰੀ ਪਟਨਾ ਸਾਹਿਬ ਨਾਲ ਜੁੜੇ ਰਹੇ ਹਨ।

1. **ਸਾਲਿਸ ਰਾਇ ਜੌਹਰੀ:** ਗੁਰੂ ਨਾਨਕ ਦੇਵ ਜੀ ਪਹਿਲੀ ਉਦਾਸੀ ਦੌਰਾਨ ਪਟਨਾ ਸਾਹਿਬ ਪੁੱਜੇ ਤਾਂ ਸਾਲਿਸ ਰਾਇ ਜੌਹਰੀ ਉਹਨਾਂ ਦਾ ਸਿੱਖ ਹੋ ਗਿਆ ਸੀ। ਧਨ ਕਰਕੇ ਇਹ ਬਹੁਤ ਅਮੀਰ ਸੀ ਪਰ ਜਦੋਂ ਗੁਰੂ ਨਾਨਕ ਦੇਵ ਜੀ ਦੀ ਦ੍ਰਿਸ਼ਟੀ ਪਈ ਤਾਂ ਮਨ ਨੇ ਪਦਾਰਥਾਂ ਦਾ ਤਿਆਗ਼ ਕਰ ਦਿੱਤਾ। ਗੁਰੂ ਜੀ ਨੇ ਲਗਪਗ ਚਾਰ ਮਹੀਨੇ ਇਸ ਦੇ ਘਰ ਵਿਚ ਨਿਵਾਸ ਕੀਤਾ। ਇਸ ਦੀ ਸੇਵਾ ਅਤੇ ਬੰਦਗੀ ਤੋਂ ਖ਼ੁਸ਼ ਹੋ ਕੇ ਗੁਰੂ ਜੀ ਨੇ ਇਸ ਨੂੰ ਇਲਾਕੇ ਦਾ ਪ੍ਰਚਾਰਕ ਨਿਯੁਕਤ ਕਰ ਦਿੱਤਾ। ਇਸ ਨੇ ਆਪਣਾ ਘਰ ਹੀ ਧਰਮਸਾਲ ਬਣਾ ਲਿਆ ਸੀ।

2. **ਅਧਰਕਾ:** ਇਹ ਸਾਲਿਸ ਰਾਇ ਜੌਹਰੀ ਦਾ ਸੇਵਕ ਸੀ ਅਤੇ ਇਹ ਵੀ ਆਪਣੇ ਮਾਲਕ ਦੇ ਨਾਲ ਹੀ ਗੁਰੂ ਨਾਨਕ ਦੇਵ ਜੀ ਦਾ ਸਿੱਖ ਬਣ ਗਿਆ ਸੀ। ਇਸ ਨੂੰ ਵੀ ਧਰਮ ਪ੍ਰਚਾਰ ਦਾ ਮੁਖੀ ਗੁਰੂ ਨਾਨਕ ਦੇਵ ਜੀ ਨੇ ਹੀ ਥਾਪ ਦਿੱਤਾ ਸੀ। ਇਸ ਸੰਬੰਧੀ ਜਨਮਸਾਖੀ ਵਿਚੋਂ ਜਿਹੜਾ ਪ੍ਰਮਾਣ ਮਿਲਦਾ ਹੈ ਉਸ ਅਨੁਸਾਰ ਗੁਰੂ ਜੀ ਨੇ ਸਾਲਿਸ

ਰਾਇ ਨੂੰ ਕਿਹਾ ਸੀ, "ਸੁਣਿ ਸਾਲਸਿ ਰਾਇ ਜਿਚਰੁ ਤੂੰ ਜੀਵੈ ਤਿਚਰ ਤੇਰੀ ਮੰਜੀ ਅਤੇ ਜਾਂ ਤੇਰੀ ਦੇਹ ਛੁਟੇ ਤਾਂ ਅਧਰਕਾ ਬਹੈ।"[82]

3. **ਭਾਈ ਜਾਪੁ:** ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪਟਨਾ ਸਾਹਿਬ ਦੀ ਸੰਗਤ ਨੂੰ ਇਕ ਹੁਕਮਨਾਮਾ ਲਿਖਿਆ ਸੀ ਜਿਹੜਾ ਕਿ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਸੰਭਾਲ ਕੇ ਰੱਖਿਆ ਹੋਇਆ ਹੈ। ਬਹੁਤ ਸਾਰੇ ਵਿਦਵਾਨਾਂ ਦੀਆਂ ਖੋਜਾਂ ਵਿਚ ਵੀ ਇਸ ਦੇ ਦਰਸ਼ਨ ਹੋ ਜਾਂਦੇ ਹਨ। ਇਸ ਹੁਕਮਨਾਮੇ ਵਿਚ ਗੁਰੂ ਜੀ ਲਿਖਦੇ ਹਨ - "ਭਾਈ ਜਾਪੁ ਭਾਈ ਗੁਰਦਾਸ, ਭਾਈ ਲਾਲ... ਜਾਪੇ ਗੁਰਦਾਸ ਨਾਲ ਲਾਗ ਰਹਣਾ ਕਾਰਵਾਰ ਇਨਾ ਨੋ ਦੇਂਦਿਆ ਰਹਣਾ ਸੰਗਤਿ ਉਪਰਿ ਗੁਰੂ ਕੀ ਖਰੀ ਖੁਸੀ ਹੋਇ।"

4. **ਦਿਆਲ ਦਾਸ:** ਇਸ ਦਾ ਨਾਂ ਗੁਰੂ ਤੇਗ਼ ਬਹਾਦਰ ਜੀ ਦੇ ਹੁਕਮਨਾਮਿਆਂ ਵਿਚ ਆਉਂਦਾ ਹੈ। ਇਹਨਾਂ ਹੁਕਮਨਾਮਿਆਂ ਵਿਚ ਗੁਰੂ ਜੀ ਭਾਈ ਦਿਆਲ ਦਾਸ ਦੀ ਗੁਰੂ-ਘਰ ਪ੍ਰਤੀ ਨੇੜਤਾ ਅਤੇ ਦ੍ਰਿੜਤਾ ਸਪਸ਼ਟ ਕਰਦੇ ਹਨ—"ਭਾਈ ਦਿਆਲ ਦਾਸ ਗੁਰੂ ਕਾ ਪੁਤ ਹੈ", "ਭਾਈ ਦਿਆਲਦਾਸੁ ਕਹੈ ਸੰਗਤਿ ਗੁਰੂ ਕਾ ਹੁਕਮ ਕਰਿ ਮੰਨਣਾ।" ਇਸ ਤੋਂ ਇਲਾਵਾ ਗੁਰੂ ਜੀ ਆਪਣੇ ਹੁਕਮਨਾਮਿਆਂ ਵਿਚ ਦਿਆਲ ਦਾਸ ਕੋਲ ਵਸਤਾਂ ਪਹੁੰਚਾਉਣ ਦਾ ਆਦੇਸ਼ ਕਰਦੇ ਹਨ—"ਸੰਗਤਿ ਨੇ ਭਾਈ ਦਿਆਲ ਦਾਸ ਪਾਸ ਪਹੁਚਾਵਣੀ।" ਭਾਈ ਦਿਆਲ ਦਾਸ ਕੋਲ ਪਹੁੰਚੀ ਹੋਈ ਵਸਤੂ ਗੁਰੂ ਜੀ ਕੋਲ ਪਹੁੰਚਣ ਦਾ ਜ਼ਿਕਰ ਮਿਲਦਾ ਹੈ। ਗੁਰੂ ਜੀ ਕਹਿੰਦੇ ਹਨ ਕਿ ਕਾਰਬਾਰ ਭਾਵ ਵਪਾਰ ਆਦਿ ਕਰਕੇ ਦਸਵੰਧ ਵਿਚੋਂ ਗੁਰੂ ਨਮਿਤ ਭੇਟਾਵਾਂ ਭੇਜਣੀਆਂ। ਬਨਾਰਸ ਦੀ ਸੰਗਤ ਦੇ ਨਾਂ ਲਿਖੇ ਹੋਏ ਹੁਕਮਨਾਮਿਆਂ ਵਿਚ ਸਪਸ਼ਟ ਕੀਤਾ ਗਿਆ ਹੈ ਕਿ "ਆਗੇ ਕਾਰਬਾਰ ਹੋਇ ਸੰਗਤਿ ਭਾਈ ਦਿਆਲ ਦਾਸ ਕੋ ਲੋਚ ਕੇ ਦੇਣੀ ਹਜੂਰਿ ਪਹੁਚੇਗੀ", "ਕਾਰ ਸੰਗਤ ਕੀ ਏਕ ਸਉ ਛਿਆਸਠ ਰੁਪਏ ਸੰਗਤ ਨੇ ਭਾਈ ਦਿਆਲ ਦਾਸ ਪਾਸਿ ਭੇਜੇ ਥੇ ਸੋ ਹਜੂਰਿ ਆਏ ਸੰਗਤ ਕੀ ਬਹੁੜੀ ਹੋਈ ਆਗੇ ਕਾਰਭੇਟ ਮਨਤ ਸਭ ਭਾਈ ਦਿਆਲ ਦਾਸ ਕੋ ਸੰਗਤ ਨੇ ਲੋਚ ਕੇ ਦੇਣਾ ਸੰਗਤ ਕਾ ਰਿਜਕ ਵਧੇਗਾ ਮਨੋਰਥ ਪੂਰੇ ਗੁਰੂ ਕਰੇਗਾ", "ਕਾਰਬਾਰ ਕਰਿ ਕੇ ਸੰਗਤਿ ਭਾਈ ਦਿਆਲ ਦਾਸ ਪਾਸਿ ਭੇਜਣੀ ਹਜੂਰਿ ਪਹੁਚੈਗੀ ਸੰਗਤਿ ਕਾ ਰੁਜਗਾਰ ਹੋਗ ਪਿਛੇ ਕਾਰ ਦੀਈ ਥੀ ਸੁ ਪਹੁਚੀ।"

ਦਿਆਲ ਦਾਸ ਬਾਰੇ ਕਿਹਾ ਜਾਂਦਾ ਹੈ ਕਿ ਇਹ ਗੁਰੂ ਤੇਗ਼ ਬਹਦਾਰ ਜੀ ਦੇ ਨਾਲ ਪੂਰਬ ਦੀ ਯਾਤਰਾ 'ਤੇ ਗਿਆ ਸੀ ਅਤੇ ਗੁਰੂ ਜੀ ਦੇ ਅਸਾਮ ਅਤੇ ਬੰਗਾਲ ਦੀ ਯਾਤਰਾ ਦੌਰਾਨ ਇਸ ਨੇ ਪਟਨਾ ਸਾਹਿਬ ਵਿਖੇ ਗੁਰੂ ਜੀ ਦੇ ਆਦੇਸ਼ ਅਨੁਸਾਰ ਕਾਰਜ ਕੀਤੇ ਸਨ।

5. **ਭਾਈ ਘਨਸਿਆਮ ਦਾਸ:** ਇਹ ਭਾਈ ਅਧਰਕਾ ਦੇ ਪਰਿਵਾਰ ਵਿਚੋਂ ਸੀ। ਇਹਨਾਂ ਦਾ ਜ਼ਿਕਰ ਕਈ ਹੁਕਮਨਾਮਿਆਂ ਵਿਚ ਆਉਂਦਾ ਹੈ। ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਇਤਿਹਾਸ ਵਿਚ ਇਹਨਾਂ ਨੂੰ 1672 ਤੋਂ ਦਸੰਬਰ 1707 ਤੱਕ ਤਖ਼ਤ ਸ੍ਰੀ ਪਟਨਾ ਸਾਹਿਬ ਦਾ ਸੇਵਾਦਾਰ ਦੱਸਿਆ ਗਿਆ ਹੈ।

6. **ਭਾਈ ਨੰਦ ਰੂਪ ਸਿੰਘ:** ਮਾਤਾ ਸੁੰਦਰੀ ਜੀ ਦੇ ਹੁਕਮਨਾਮਿਆਂ ਵਿਚ ਇਹਨਾਂ ਦਾ ਨਾਂ ਪ੍ਰਮੁੱਖਤਾ ਨਾਲ ਆਉਂਦਾ ਹੈ। ਮਾਤਾ ਜੀ ਇਸ ਨੂੰ ਦਸਵੰਧ ਦੀ ਭੇਜਣ

ਦੀ ਤਾਕੀਦ ਕਰਦੇ ਹਨ। ਇਕ ਹੁਕਮਨਾਮੇ ਵਿਚ ਮਾਤਾ ਜੀ ਇਸ ਨੂੰ ਹੋਰਨਾਂ ਸਿੱਖਾਂ ਨਾਲ ਆਦੇਸ਼ ਕਰਦੇ ਹਨ—"ਸਿਰੀ ਮਾਤਾ ਜੀ ਕੀ ਆਗਿਆ ਹੈ ਭਾਈ ਨੰਦ ਰੂਪ ਸਿੰਘ ਭਾਈ ਭਾਰਾ ਸਿੰਘ... ਵਾਸੀ ਪਟਣੇ ਰਕਾਬਗੰਜ ਕਾ ਗੁਰੂ ਰਖੈਗਾ... 25) ਪਚੀਸ ਰੁਪਯੈ ਬੇਬੇ ਨੂਪੀ ਕੀ ਲੜਕੀ ਨੋ ਬਿਆਹ ਨੋ ਬਖਸੇ ਹੈਨ ਤੁਸਾ ਹੁਕਮ ਦੇਖਦੇ ਪਚੀਸ ਰੁਪਯੈ ਨੂਪੀ ਨੋ ਦੇਵਣੇ ਨਿਹਾਲ ਹੋਵਹੁਗੇ।" ਪਟਨਾ ਸਾਹਿਬ ਦੇ ਮੁਖੀ ਸਿੱਖ ਹੋਣ ਦੇ ਨਾਤੇ ਮਾਤਾ ਜੀ ਭਾਈ ਨੰਦ ਰੂਪ ਸਿੰਘ ਨੂੰ ਜ਼ਿੰਮੇਵਾਰੀ ਬਖਸ਼ਦੇ ਸਨ।

7. ਭਾਈ ਚੈਨ ਸਿੰਘ: 1723 ਵਿਚ ਮਾਤਾ ਸੁੰਦਰੀ ਜੀ ਦਾ ਇਕ ਹੁਕਮਨਾਮਾ ਭਾਈ ਚੈਨ ਸਿੰਘ ਦੇ ਨਾਂ ਲਿਖਿਆ ਮਿਲਦਾ ਹੈ। ਇਸ ਹੁਕਮਨਾਮੇ ਤੋਂ ਸਪਸ਼ਟ ਹੁੰਦਾ ਹੈ ਕਿ ਇਸ ਸਮੇਂ ਇਹ ਪਟਨਾ ਸਾਹਿਬ ਦੇ ਮੁੱਖ ਸੇਵਾਦਾਰ ਸਨ। ਮਾਤਾ ਜੀ ਭਾਈ ਚੈਨ ਸਿੰਘ ਨੂੰ ਧਰਮ ਨਿਆਉ ਅਨੁਸਾਰ ਫੈਸਲਾ ਕਰਨ ਦੀ ਤਾਕੀਦ ਕਰਦੇ ਹਨ, "ਸਿਰੀ ਮਾਤਾ ਜੀ ਕੀ ਆਗਿਆ ਹੈ ਭਾਈ ਚੈਨ ਸਿੰਘ ਭਾਈ ਭੋਪਤ ਸਿੰਘ... ਭਾਈ ਲਾਲ ਪਾਲਾ ਤੁਮਾਰੇ ਪਾਸ ਆਏ ਹੈਨ ਭਾਈ ਸੰਗੋ ਨਾਲ ਉਨਕਾ ਲੇਖਾ ਹੈ ਸੋ ਸੰਗੋ ਭੀ ਤੁਮਾਰੇ ਪਾਸ ਆਵਤਾ ਹੈ ਸਰਬਤਿ ਖਾਲਸਾ ਵਾਹਗੁਰੂ ਜੀ ਕਾ ਹੈ ਜੋ ਕਛੁ ਵਾਜਬੀ ਗਲ ਹੋਵੈ ਸੋ ਕਰ ਦੇਵਣੀ ਰਿਆਇਤ ਕਿਸੀ ਕੀ ਨਾਹੀ ਕਰਣੀ ਤੁਮਾਰੇ ਸਭ ਮਨੋਰਥ ਪੂਰੇ ਹੋਨਗੇ ਧਰਮ ਨਿਆਓ ਕਰਕੇ ਫੈਸਲਾ ਕਰ ਦੇਵਣਾ।"

8. ਮਹੰਤ ਮੇਹਰ ਸਿੰਘ (1730–1758): ਇਹਨਾਂ ਸੰਬੰਧੀ ਇਹੀ ਜਾਣਕਾਰੀ ਪ੍ਰਾਪਤ ਹੁੰਦੀ ਹੈ ਕਿ ਇਹਨਾਂ ਨੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਮੁੱਖ ਸੇਵਾਦਾਰ ਵਜੋਂ ਸੇਵਾ ਨਿਭਾਈ।

9. ਮਹੰਤ ਨਵਲ ਸਿੰਘ (1758–1797): 1797 ਵਿਚ ਇਹ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਸਾਂਭ-ਸੰਭਾਲ ਕਰ ਰਹੇ ਸਨ। ਇਸ ਸਮੇਂ ਤਖ਼ਤ ਸ੍ਰੀ ਪਟਨਾ ਸਾਹਿਬ ਗੁਰਮਤਿ ਵਿੱਦਿਆ ਦੀ ਇਕ ਟਕਸਾਲ ਵੱਜੋਂ ਸਾਹਮਣੇ ਆਉਂਦਾ ਹੈ। ਪ੍ਰੋ. ਪਿਆਰਾ ਸਿੰਘ ਪਦਮ ਨੇ ਦਸਮ ਗ੍ਰੰਥ ਸਾਹਿਬ ਦੀ ਇਕ ਬੀੜ ਸ੍ਰੀ ਅਕਾਲ ਤਖ਼ਤ 'ਤੇ ਮੌਜੂਦ ਹੋਣ ਬਾਰੇ ਜਾਣਕਾਰੀ ਦਿੱਤੀ ਹੈ। ਉਹਨਾਂ ਨਾਲ ਹੀ ਇਹ ਵੀ ਦੱਸਿਆ ਹੈ ਕਿ ਜਦੋਂ ਭਾਈ ਮਨੀ ਸਿੰਘ ਦਸਮ ਗ੍ਰੰਥ ਦੀ ਬੀੜ ਦਾ ਸੰਪਾਦਨ ਕਰ ਰਹੇ ਸਨ, ਉਸ ਸਮੇਂ ਯਾ ਉਸ ਤੋਂ ਕੁੱਝ ਸਮਾਂ ਪਿਛੋਂ ਪਟਨਾ ਸਾਹਿਬ ਵੀ ਕੁੱਝ ਵਿਦਵਾਨ ਸਿੱਖਾਂ ਨੇ ਬੀੜ ਤਿਆਰ ਕੀਤੀ ਸੀ ਜੋ ਮਿਸਲ ਪਟਨਾ ਸਾਹਿਬ ਜੀ ਕਰਕੇ ਪ੍ਰਸਿੱਧ ਹੈ। ਇਹ ਬੀੜ ਤਾਂ ਪ੍ਰਾਪਤ ਨਹੀਂ ਪਰ ਇਸ ਦਾ ਇਕ ਉਤਾਰਾ 1822 ਬਿ: (1765 ਈ.) ਦਾ ਅਕਾਲ ਤਖ਼ਤ ਅੰਮ੍ਰਿਤਸਰ ਦੇ ਤੋਸ਼ੇਖ਼ਾਨੇ ਵਿਚ ਸੁਰੱਖਿਅਤ ਹੈ ਜਿਸਦੇ ਕੁੱਲ 626 ਪੱਤਰੇ ਹਨ।[83] ਪ੍ਰੋ. ਪਿਆਰਾ ਸਿੰਘ ਪਦਮ ਦੁਆਰਾ ਦਿੱਤੀ ਗਈ ਜਾਣਕਾਰੀ ਇਹ ਪ੍ਰਮਾਣਿਤ ਕਰਦੀ ਹੈ ਕਿ ਤਖ਼ਤ ਪਟਨਾ ਸਾਹਿਬ ਵਿਖੇ ਗੁਰਮਤਿ ਵਿੱਦਿਆ ਦਾ ਕਾਰਜ ਪਿਛਲੇ ਲੰਮੇ ਸਮੇਂ ਤੋਂ ਪ੍ਰਮੁੱਖਤਾ ਨਾਲ ਕੀਤਾ ਜਾਂਦਾ ਸੀ ਜਿਹੜਾ ਕਿ ਇਕ ਟਕਸਾਲ ਦਾ ਰੂਪ ਧਾਰਨ ਕਰ ਗਿਆ। ਪੰਜਾਬ ਤੋਂ ਵੀ ਸਿੱਖ ਇਥੇ ਗੁਰਮਤਿ ਵਿੱਦਿਆ ਪ੍ਰਾਪਤ ਕਰਨ ਆਉਂਦੇ ਸਨ। ਇਸ ਅਸਥਾਨ ਦੇ ਟਕਸਾਲ ਹੋਣ ਦਾ ਇਕ ਹੋਰ ਪ੍ਰਮਾਣ *ਗੁਰ ਬਿਲਾਸ ਪਾਤਸ਼ਾਹੀ 10ਵੀਂ*

ਦੇ ਕਰਤਾ ਭਾਈ ਸੁੱਖਾ ਸਿੰਘ ਦੀ ਇਕ ਜੀਵਨ-ਘਟਨਾ ਤੋਂ ਵੀ ਮਿਲਦਾ ਹੈ। ਭਾਈ ਕਾਨ੍ਹ ਸਿੰਘ ਨਾਭਾ 1825 ਬਿ: (1768 ਈ.) ਵਿਚ ਇਹਨਾਂ ਦਾ ਜਨਮ ਅਤੇ 1895 ਬਿ: (1838 ਈ.) ਵਿਚ ਅਕਾਲ ਚਲਾਣਾ ਹੋਇਆ ਦੱਸਦੇ ਹਨ।[84] ਕਿਹਾ ਜਾਂਦਾ ਹੈ ਕਿ ਛੋਟੀ ਉਮਰ ਵਿਚ ਹੀ ਇਹਨਾਂ ਨੇ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਗੁਰਬਾਣੀ ਸੰਥਿਆ ਅਤੇ ਗੁਰ-ਇਤਿਹਾਸ ਦੀ ਵਿੱਦਿਆ ਪ੍ਰਾਪਤ ਕੀਤੀ ਸੀ। 1797 ਈ. ਵਿਚ, ਲਗਪਗ 29-30 ਸਾਲ ਦੀ ਉਮਰ ਵਿਚ, ਇਹਨਾਂ ਨੇ ਆਪਣੀ ਪ੍ਰਸਿੱਧ ਰਚਨਾ *ਗੁਰਬਿਲਾਸ ਪਾਤਸਾਹੀ 10* ਸੰਪੂਰਨ ਕਰ ਲਈ ਸੀ। ਤਖ਼ਤ ਸ੍ਰੀ ਪਟਨਾ ਸਾਹਿਬ ਦੇ ਮਹੰਤ ਨਵਲ ਸਿੰਘ ਦੇ ਅਕਾਲ ਚਲਾਣੇ ਪਿਛੋਂ ਮਹੰਤ ਦਿਆਲ ਸਿੰਘ ਇਸ ਅਸਥਾਨ ਦੇ ਮੁੱਖ ਸੇਵਾਦਾਰ ਬਣੇ।

10. ਮਹੰਤ ਦਿਆਲ ਸਿੰਘ (1797-1832): ਤਖ਼ਤ ਸਾਹਿਬ ਦੀ ਮਰਯਾਦਾ ਨੂੰ ਧਿਆਨ ਵਿਚ ਰੱਖ ਕੇ ਇਥੋਂ ਦੇ ਸਮੂਹ ਕਾਰਜ ਕਰਨੇ ਮਹੰਤ ਦਿਆਲ ਸਿੰਘ ਦੀ ਮੁੱਖ ਜ਼ਿੰਮੇਵਾਰੀ ਸੀ ਜਿਹੜੀ ਕਿ ਇਹਨਾਂ ਦੇ ਸਮੇਂ ਪੂਰਨ ਦ੍ਰਿੜਤਾ ਪੂਰਵਕ ਨਿਭਾਈ ਜਾ ਰਹੀ ਸੀ। ਮਹੰਤ ਦਿਆਲ ਸਿੰਘ ਦੇ ਸਮੇਂ ਅੰਗਰੇਜ਼ ਲਿਖਾਰੀ ਬੁਕਾਨਨ ਪਟਨਾ ਸਾਹਿਬ ਆਇਆ ਤਾਂ ਇਹਨਾਂ ਦੇ ਠਾਠ-ਬਾਠ ਦੇਖ ਕੇ ਜ਼ਿਕਰ ਕਰਨੋਂ ਨਾ ਰਹਿ ਸਕਿਆ। ਮਹੰਤ ਦੀ ਸ਼ਾਨ ਦਾ ਵਰਨਨ ਕਰਦੇ ਹੋਏ ਉਹ ਦੱਸਦਾ ਹੈ:

> In the Kholasah sect the Fakirs or spiritual guides who are entitled to sit on the throne (gudi) are called Mahanta, and ride on horseback, preceded by a flag and drum (Nakarah).[85]

ਮਹੰਤ ਦਿਆਲ ਸਿੰਘ ਅਤੇ ਉਸ ਦੇ ਸੇਵਕਾਂ ਦੁਆਰਾ ਕੀਤੀ ਜਾ ਰਹੀ ਧਨ ਦੀ ਵਰਤੋਂ ਦਾ ਜ਼ਿਕਰ ਕਰਦਾ ਹੋਇਆ ਉਹ ਦਸੱਦਾ ਹੈ:

> A Dayal Singha with three assistants reside at it, and have the profits arising from offerings; but the place has of late been seldom frequented, the conduct of Dayal Singha, and his assistants having given scandal to the sect.[86]

11. ਮਹੰਤ ਸੁੱਖਾ ਸਿੰਘ (1832-1861): ਮਹੰਤ ਦਿਆਲ ਸਿੰਘ ਦੇ ਅਕਾਲ ਚਲਾਣੇ ਉਪਰੰਤ 20 ਫਰਵਰੀ 1832 ਨੂੰ ਇਹਨਾਂ ਨੂੰ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਸਾਂਭ-ਸੰਭਾਲ ਕਰਨ ਲਈ ਮਹੰਤ ਦੀ ਪਦਵੀ ਸੌਂਪੀ ਗਈ। 6 ਜੁਲਾਈ 1861 ਤੱਕ ਇਹ ਇਸ ਸੇਵਾ ਨੂੰ ਪੂਰਨ ਜ਼ਿੰਮੇਵਾਰੀ ਨਾਲ ਨਿਭਾਉਂਦੇ ਰਹੇ।[87] ਮਹੰਤ ਸੁੱਖਾ ਸਿੰਘ ਧਰਮ ਗ੍ਰੰਥਾਂ ਨੂੰ ਪੜ੍ਹਨ ਦੀ ਵਿਸ਼ੇਸ਼ ਰੁਚੀ ਰੱਖਦੇ ਸਨ। ਤਖ਼ਤ ਸਾਹਿਬ ਦੀ ਮਰਯਾਦਾ ਨਿਭਾਉਣ ਦੇ ਨਾਲ-ਨਾਲ ਇਹ ਵਿਦਿਆਰਥੀਆਂ ਨੂੰ ਗੁਰਬਾਣੀ ਸੰਥਿਆ, ਕਥਾ ਅਤੇ ਗ੍ਰੰਥਾਂ ਦੇ ਅਧਿਐਨ ਦੀ ਸਿੱਖਿਆ ਦਿੰਦੇ ਸਨ। ਸਿੱਖ ਨੌਜਵਾਨ ਵਿਚ ਗੁਰਸਿੱਖੀ ਪ੍ਰਤੀ ਪ੍ਰੇਮ ਅਤੇ ਉਤਸ਼ਾਹ ਪੈਦਾ ਕਰਨ ਵਿਚ ਇਹਨਾਂ ਦਾ ਵਿਸ਼ੇਸ਼ ਯੋਗਦਾਨ ਸੀ। ਮਹੰਤ ਸੁੱਖਾ ਸਿੰਘ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਗ੍ਰੰਥੀ ਸਨ ਅਤੇ ਇਸੇ ਦੌਰਾਨ ਇਹਨਾਂ ਨੇ ਦਸਮ

ਗ੍ਰੰਥ ਦੀ ਇਕ ਬੀੜ ਤਿਆਰ ਕੀਤੀ ਸੀ ਜਿਸ ਨੂੰ '*ਪਟਨੇ ਦੇ ਗ੍ਰੰਥੀ ਭਾਈ ਸੁੱਖਾ ਸਿੰਘ ਵਾਲੀ ਖਾਸ ਬੀੜ*'[88] ਕਿਹਾ ਜਾਂਦਾ ਹੈ।

12. ਮਹੰਤ ਦੀਦਾਰ ਸਿੰਘ (1861–1865): ਇਹ ਮਹੰਤ ਸੁੱਖਾ ਸਿੰਘ ਦੀ ਜਗ੍ਹਾ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਮੁੱਖ ਪ੍ਰਬੰਧਕ ਬਣੇ। 1861 ਵਿਚ ਜਦੋਂ ਇਹਨਾਂ ਨੂੰ ਸੇਵਾ ਸੌਂਪੀ ਗਈ ਤਾਂ ਉਸ ਸਮੇਂ ਇਹ ਨਾਬਾਲਿਗ ਸਨ।[89] 4 ਫਰਵਰੀ 1862 ਨੂੰ ਇਹਨਾਂ ਵੱਲੋਂ ਕੰਤਨਗਰ, ਮਹੇਸੂਏ, ਸਾਦਲਪੁਰਿ, ਸੰਦਲਪੁਰਿ, ਭਵਾਨੀਪੁਰ, ਚਿਤੌਰੀਏ, ਬਹਰਖਾਲ, ਪੂਰੈਨੀਏ ਦੀ ਸੰਗਤ ਦੇ ਨਾਂ ਜਾਰੀ ਕੀਤਾ ਗਿਆ ਇਕ ਹੁਕਮਨਾਮਾ ਮਿਲਦਾ ਹੈ ਜਿਸ ਵਿਚ ਲਿਖਿਆ ਗਿਆ ਹੈ:

> ਲਿਖਤਿ ਤਖਤ ਦਰਬਾਰ ਹਜੂਰ ਸ੍ਰੀ ਹਰਿਮੰਦਰ ਜੀ ਸਾਹਿਬ ਤੇ॥ ਦੋਹਰਾ॥ ਪ੍ਰਮਾਤਮ ਪੂਰਣ ਪੁਰਖੁ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਔਤਾਰ॥ ਪ੍ਰਗਟ ਭਏ ਪਟਣੇ ਸਹਰ ਸ੍ਰੀ ਪੰਘੂੜਾ ਜੀ ਦ੍ਰਬਾਰ॥੧॥ ਲਿ: ਸ੍ਰੀ ਦ੍ਰਬਾਰ ਜੀ ਸੇ ਪੁਜਾਰੀ ਮਹੰਤ ਭਾਈ ਦਿਦਾਰ ਸਿੰਘ ਜੀ। ਪੁਜਾਰੀ ਭਾਈ ਸਿਯਾਮ ਸਿੰਘ ਜੀ॥ ਗ੍ਰੰਥੀ ਭਾਈ ਚੜ੍ਹਤ ਸਿੰਘ ਜੀ ਸੇਵਾ ਸਿੰਘ ਜੀ। ਅਰਦਾਸੀਆ ਭਾਈ ਗੋਪਾਲ ਸਿੰਘ ਜੀ ਗੁਲਾਬੁ ਸਿੰਘ ਜੀ॥ ਦਰੋਗਾ ਭਾਈ ਰਾਮੁ ਸਿੰਘ ਜੀ॥ ਕਾਰੁਬਾਰੀ ਭਾਈ ਖਦਰੇਨ ਸਿੰਘ ਜੀ॥ ਹੋਰ ਸ੍ਰਬਤ੍ਰ ਖਾਲਸਾ ਜੀ॥ ਅਗੇ ਸ੍ਰੀ ਵਾਹਗੁਰੂ ਜੀ ਕੇ ਪਿਆਰੇ॥ ਸ੍ਰੀ ਸਤਿਗੁਰੂ ਜੀ ਕੇ ਸਵਾਰੇ॥ ਸ੍ਰੀ ਵਾਹਗੁਰੂ ਜੀ ਕੇ ਮੰਨੇ॥ ਸੁਭ ਜਨਮੁ ਧੰਨ ਧੰਨੇ॥ ਪ੍ਰਉਪਕਾਰੀ॥ ਸਨਮੁਖ ਦ੍ਰਬਾਰੀ॥ ਉਜਲੇ ਮਸਤਕ॥ ਪ੍ਰਮਸੁਜਾਨਿ॥ ਮੁਖ ਉਜਾਗਰ ਜਗਤ ਮੈ ਗੁਰੂ ਦ੍ਰਗਹਿ ਪ੍ਰਵਾਨਿ॥ ਸ੍ਰਬ ਉਪਮਾ ਜੋਗ ਸ੍ਰੀ ਸ੍ਰਬਤ੍ਰ ਖਾਲਸਾ ਜੀ॥ ਬਾਸੀ ਕੰਤਨਗਰ ਕੇ॥ ਔਰ ਮਹੇਸੂਏ ਕੇ॥ ਸਾਦਲਪੁਰਿ ਕੇ॥ ਸੰਦਲਪੁਰਿ ਕੇ॥ ਭਵਾਨੀਪੁਰਿ ਕੇ॥ ਚਿਤੋਰੀਏ ਕੇ॥ ਬਹਰਖਾਲ ਕੇ॥ ਪੂਰੈਨੀਏ ਕੇ॥ ਸੰਬੂਹ ਖਾਲਸੇ ਜੀ ਜੋਗ॥ ਵਾਹਗੁਰੂ ਜੀ ਕਾ ਖਾਲਸਾ ਜੀ ਸ੍ਰੀ ਵਾਹਗੁਰੂ ਜੀ ਕੀ ਫਤੇ ਬੁਲਾਈ ਹੈ॥ ਬੁਲਾਵਣੀ ਜੀ॥ ਈਹਾ ਸੁਖ ਹੈ॥ ਆਪ ਸ੍ਰਬਤ੍ਰ ਪਿਆਰੋ ਕੋ॥ ਗੁਰੂ ਬਾਬਾ ਰਾਜੀ ਪ੍ਰਸੰਨ ਅਨੰਦ ਰਖੈ॥ ਅਗੇ ਸ੍ਰੀ ਦ੍ਰਬਾਰ ਜੀ ਸਾਹਿਬੁ ਕਾ ਹੁਕਮੁ ਹੈ ਸ੍ਰਬਤ੍ਰ ਪਿਆਰੋ ਕੋ॥ ਜੋ ਹਮੇਸਾ ਸੇ ਆਪ ਸਭ ਪਿਆਰੇ ਆਪੁਨੀ ਕ੍ਰਿਤ ਭਾਵਨੀ ਤਨਖਾਹ ਮੰਨਤ ਗੁਰੂ ਕੇ ਨਮਿਤ ਕਾ ਏਕਠਾ ਕ੍ਰ ਕੈ॥ ਗੁਰੂਦਵਾਰੇ ਭੇਜਤੇ ਰਹੇ ਹੋ॥ ਔਰ ਸਤਰੰਜੀ ਵੋ ਸੁਖੇ ਵਗੈਰਹ ਕੀ ਟਹਲ ਤੁਮਾਰੀ ਪ੍ਰਥਾਇ ਹੈ। ਸੋ ਬਹੁਤ ਰੋਜ ਸੇ ਆਪ ਸਭਿ ਪਿਆਰੋ ਕੀ ਟਹਿਲ ਭਾਵਨੀ ਹਜੂਰ ਮੈ ਦਾਖਿਲ ਨਹੀ ਹੁਈ ਹੈ॥ ਔਰ ਈਹਾ ਝੰਡੇ ਜੀ ਸਾਹਿਬ ਕੀ॥ ਔਰ ਪ੍ਰਕਰਮੇ ਕੇ ਫ੍ਰਸ ਕੀ ਟਹਲ ਹੋਨੀ ਬਹੁਤ ਜਰੂਰ ਹੈ॥ ਸੋ ਆਪ ਸ੍ਰਬਤ ਕੀ ਕ੍ਰਿਤ ਭਾਵਨੀ ਸੇ ਹੋਗਾ॥ ਇਸ ਵਾਸਤੇ ਹੁਕਮਨਾਮਾ ਜੀ ਸ੍ਰਬਤ ਕੇ ਨਾਮ ਸੇ ਭੇਜਾ ਹੈ॥ ਸੋ ਪ੍ਰੇਮ ਭਾਵਨੀ ਸੇ ਲੋਚ ਕੈ ਸ੍ਰਬਤ ਨੇ ਟਹਲ ਕ੍ਰਨਾ॥

ਹੁਕਮਨਾਮੇ ਸਾਹਿਬ ਕੀ ਤਾਬਿਆ ਹੀਰਾ ਸਿੰਘ ਜੀ ਕੋ ਭੇਜਾ ਹੈ॥ ਸੋ ਜੋ ਕੁਛ ਮਾਇਆ ਗੁਰੂ ਕੇ ਨਿਮਿਤ ਕਾ ਹੋਵੈ॥ ਸੋ ਇਨ ਕੋ ਦੇਨਾ॥ ਔਰ ਹੁਕਮਨਾਮੀਏ ਕੀ ਟਹਲ ਸੇਵਾ ਲੋਚਕੈ ਕਰਨਾ॥ ਸੋ ਗੁਰੂ ਕੇ ਲੇਖੇ ਲਗੇਗੀ॥ ਹੁਕਮੁ ਮੰਨੇਗਾ ਸੋ ਨਿਹਾਲ ਹੋਵੈਗਾ॥ ਔਰ ਜਿਸ ਦਿਨ ਪ੍ਰਕਰਮੇ ਕੇ ਫ੍ਰਸ ਕੀ ਟਹਿਲ॥ ਔਰ ਝੰਡੇ ਕੀ ਟਹਿਲ ਕਰਾਇਕੈ ਤੈਯਾਰ ਹੋਵੈਗੀ ਉਸ ਦਿਨ ਕੜਾਹ ਪ੍ਰਸਾਦਿ ਕਰਾਇਕੈ ਦ੍ਰਬਾਰ ਜੀ ਮੈ॥ ਆਪ ਸ੍ਰਬਤ੍ਰ ਪਿਆਰੋ ਕੀ ਅ੍ਰਦਾਸ ਹੋਵੈਗੀ। ਔਰ ਸਦਾ ਸ੍ਰਬਦਾ ਆਪ ਲੋਕੋ ਕੇ ਕੀਰਤ ਕਾ ਜਸ ਚਾਰ ਕੁੰਟ ਬਿਖੇ ਪ੍ਰਤਛ ਫੈਲ ਰਹੈਗਾ॥ ਹੋਰ ਸੁਖ ਨਾਮੁ ਚਿਤ ਆਵੈ ਸਿਖੀ ਦਾਨ॥ ਸ੍ਰਬ ਸੁਖ ਹੋਵੈ॥ ਸ਼ੁਭ ਸੰ: ੧੯੧੮॥ ਮਾਘ ਸੁਕਲ ਪਖ॥ ੫ ਪੰਚਮੀ॥ ਮੰਗਲਵਾਰ॥

ਉਕਤ ਹੁਕਮਨਾਮਾ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਮਹੰਤ ਸਾਹਿਬ ਅਤੇ ਹੋਰਨਾਂ ਸੇਵਾਦਾਰਾਂ ਦਾ ਜ਼ਿਕਰ ਕਰਨ ਦੇ ਨਾਲ-ਨਾਲ ਸ੍ਰੀ ਦਰਬਾਰ ਸਾਹਿਬ ਦੀ ਮਾਇਕ ਹਾਲਤ ਸੰਬੰਧੀ ਵਰਨਨ ਕਰਦਾ ਹੈ।

13. ਮਹੰਤ ਗੰਡਾ ਸਿੰਘ (1865–1875): 1863 ਵਿਚ ਅੰਗਰੇਜ਼ ਸਰਕਾਰ ਨੇ ਇਕ ਅਜਿਹਾ ਐਕਟ ਤਿਆਰ ਕੀਤਾ ਸੀ ਜਿਸਦੇ ਅਧੀਨ ਧਰਮ ਅਸਥਾਨਾਂ ਦੇ ਪ੍ਰਬੰਧ ਵਿਚ ਆ ਰਹੀਆਂ ਬੇਨਿਯਮੀਆਂ ਨੂੰ ਦੂਰ ਕੀਤਾ ਜਾ ਸਕੇ। ਇਸ ਐਕਟ ਦਾ ਨਾਂ ਰੱਖਿਆ ਗਿਆ Religious Endownment Act, 1863. ਪਹਿਲਾਂ ਇਹ ਕੰਮ Board of Revenue, Regulation XIX, 1810 ਦੇ ਅਧੀਨ ਸੀ। 1863 ਦੇ ਐਕਟ ਅਧੀਨ ਇਹ ਇਹ ਸੁਝਾਅ ਦਿੱਤਾ ਗਿਆ ਕਿ ਮੰਦਿਰ, ਮਸਜਿਦ ਆਦਿ ਹਰ ਇਕ ਧਾਰਮਿਕ ਅਦਾਰੇ ਦਾ ਪ੍ਰਬੰਧ ਇਸ ਐਕਟ ਅਨੁਸਾਰ ਕੀਤਾ ਜਾਵੇਗਾ। ਚੜ੍ਹਾਵੇ ਵਿਚ ਆਈਆਂ ਵਸਤਾਂ, ਮਾਇਆ ਅਤੇ ਜਾਗੀਰਾਂ ਦੀ ਸੁਯੋਗ ਵਰਤੋਂ ਹਿਤ ਇਹ ਐਕਟ ਹੋਂਦ ਵਿਚ ਆਇਆ ਸੀ। ਐਕਟ ਬਦਲੀ ਹੋਣ ਨਾਲ ਜਦੋਂ ਇਹ ਸ਼ਕਤੀਆਂ ਪਟਨਾ ਸਾਹਿਬ ਦੇ ਜ਼ਿਲ੍ਹਾ ਜੱਜ ਕੋਲ ਆਈਆਂ ਤਾਂ ਉਸ ਨੇ ਮਹੰਤ ਬਦਲ ਦਿੱਤਾ। 11 ਮਾਰਚ 1865 ਨੂੰ ਮਹੰਤ ਗੰਡਾ ਸਿੰਘ ਨੂੰ ਇਸੇ ਐਕਟ ਅਧੀਨ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਸਾਂਭ-ਸੰਭਾਲ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ।[90] ਇਹਨਾਂ ਤੋਂ ਬਾਅਦ ਨਿਯੁਕਤ ਹੋਏ ਸਮੂਹ ਮਹੰਤ ਸਾਹਿਬਾਨ ਇਸੇ ਐਕਟ ਦੇ ਅਧੀਨ ਆ ਗਏ ਸਨ।

14. ਮਹੰਤ ਧਰਮ ਸਿੰਘ (1875–1882): ਮਹੰਤ ਗੰਡਾ ਸਿੰਘ ਦੇ ਅਕਾਲ ਚਲਾਣੇ ਉਪਰੰਤ ਜ਼ਿਲ੍ਹਾ ਜੱਜ ਨੇ ਭਾਈ ਧਰਮ ਸਿੰਘ ਨੂੰ ਇਥੋਂ ਦਾ ਮਹੰਤ ਨਿਯੁਕਤ ਕਰ ਦਿੱਤਾ। ਭਾਵੇਂ ਕਿ ਇਸ ਦੀ ਨਿਯੁਕਤੀ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਸਾਂਭ-ਸੰਭਾਲ ਲਈ ਲਗਾਈ ਗਈ ਸੀ ਪਰ ਸੰਗਤ ਨਾਲ ਇਸ ਦਾ ਵਰਤੋ-ਵਿਹਾਰ ਬਹੁਤਾ ਚੰਗਾ ਨਹੀਂ ਸੀ। ਥੋੜ੍ਹੇ ਸਮੇਂ ਵਿਚ ਹੀ ਇਸ ਦੁਆਰਾ ਕੀਤੀਆਂ ਜਾਣ ਵਾਲੀਆਂ ਬੇਨਿਯਮੀਆਂ ਸਾਹਮਣੇ ਆਉਣ ਲੱਗੀਆਂ। ਸਭ ਤੋਂ ਨਿੰਦਣਯੋਗ ਘਟਨਾ ਇਹ ਸੀ ਕਿ ਇਕ ਵਾਰੀ

ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਲੈ ਕੇ ਜੀਂਦ ਦੇ ਰਾਜੇ ਕੋਲ ਜਾਣ ਲੱਗਿਆ ਤਾਂ ਸੰਗਤ ਨੇ ਇਸ ਨੂੰ ਰੋਕ ਲਿਆ ਸੀ। ਪਰ ਇਹ ਰੋਕ ਕੋਈ ਸੌਖਾ ਕਾਰਜ ਨਹੀਂ ਸੀ, ਸੰਗਤ ਨੂੰ ਪਟਨਾ ਹਾਈ ਕੋਰਟ ਤੱਕ ਪਹੁੰਚ ਕਰਨੀ ਪਈ ਸੀ। ਮਹੰਤ ਸੁਮੇਰ ਸਿੰਘ ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਦੱਸਦੇ ਹਨ:

ਧਰਮ ਸਿੰਘ ਇਕ ਬਾਰ ਗੁਰ ਰੂਪ ਗ੍ਰੰਥ ਗੁਰਦੇਵ॥
ਸੰਗ ਲੈ ਚਲਯੋ ਜੀਂਦ ਪਤਿ ਦਰਸਨ ਹਿਤ ਚਿਤ ਸੇਵ॥
ਤਬ ਸਿੰਘਨ ਮਿਲ ਰੋਕ ਮਹੰਤਾ॥
ਕਰਯੋ ਜੱਜਹੁ ਸਿੰਘ ਮਤੰਤਾ॥
ਹਾਈ ਕੋਰਟ ਪੁਨ ਸੋ ਲਰਾ॥
ਤਹਹੂੰ ਹੁਕਮ ਹਾਕਿਮ ਤਸਕਰਾ॥
ਸੰਮਤ ਉਨਿਸਤਤ ਅਧਿਕ ਸੈਤਿਸ ਭਾਦ੍ਵ ਮਾਸ॥
ਯਾ ਕੁਰੀਤ ਉਰਮੈਹਿ ਬਸ ਫਸੀ ਲੋਭ ਕੀ ਬਾਸ॥[91]

ਗਿਆਨੀ ਗਿਆਨ ਸਿੰਘ ਨੇ ਜਦੋਂ ਪਟਨਾ ਸਾਹਿਬ ਦੇ ਦਰਸ਼ਨ ਕਰਨ ਗਏ ਤਾਂ ਉਸ ਸਮੇਂ ਮਹੰਤ ਧਰਮ ਸਿੰਘ ਉਥੋਂ ਦਾ ਮੁੱਖ ਸੇਵਾਦਾਰ ਸੀ। ਤਖ਼ਤ ਸਾਹਿਬ ਦੀ ਮਰਯਾਦਾ ਨੂੰ ਜਾਰੀ ਰੱਖਣ ਅਤੇ ਸੰਗਤ ਦੀ ਸੇਵਾ ਵਿਚ ਇਹਨਾਂ ਦਾ ਮਹੱਤਵਪੂਰਨ ਯੋਗਦਾਨ ਹੈ। ਭਾਵੇਂ ਕਿ ਇਹ ਤਖ਼ਤ ਸਾਹਿਬ ਦੀ ਸੇਵਾ ਨਿਯਮ ਅਨੁਸਾਰ ਨਿਭਾਉਂਦੇ ਰਹੇ ਹਨ ਪਰ ਫਿਰ ਵੀ ਇਹਨਾਂ 'ਤੇ ਕਈ ਤਰ੍ਹਾਂ ਦੇ ਆਰੋਪ ਵੀ ਲੱਗਦੇ ਰਹੇ ਜਿਹੜੇ ਕਿ ਅਦਾਲਤ ਵਿਚ ਸਿਰੇ ਨਾ ਚੜ੍ਹ ਸਕੇ।[92] ਭਾਵੇਂ ਕਿ ਅਦਾਲਤ ਵਿਚ ਇਹਨਾਂ ਵਿਰੁੱਧ ਪਾਈਆਂ ਗਈਆਂ ਸਮੂਹ ਅਰਜ਼ੀਆਂ ਰੱਦ ਹੋ ਗਈਆਂ ਸਨ ਪਰ ਫਿਰ ਵੀ ਬੀੜ੍ਹ ਵਾਲੀ ਘਟਨਾ ਦਾ ਰੋਸ ਸੰਗਤ ਵਿਚ ਦਿਨੋ-ਦਿਨ ਵੱਧਦਾ ਜਾ ਰਿਹਾ ਸੀ। ਇਹ ਰੋਸ ਇੰਨਾ ਵੱਧ ਗਿਆ ਸੀ ਕਿ ਇਹ ਕੇਸ ਪਟਨਾ ਹਾਈ ਕੋਰਟ ਤੱਕ ਚਲਾ ਗਿਆ ਸੀ। ਜੱਜ ਸਾਹਿਬ ਦੇ ਫੈਸਲੇ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਪਟਨਾ ਸਾਹਿਬ ਤੋਂ ਬਾਹਰ ਲਿਜਾਣ 'ਤੇ ਪਾਬੰਦੀ ਲੱਗ ਗਈ ਸੀ।[93] ਲੋਕਾਂ ਦੇ ਵਿਰੋਧ ਅਤੇ ਗੁੱਸੇ ਨੂੰ ਦੇਖਦੇ ਹੋਏ ਜ਼ਿਲ੍ਹਾ ਜੱਜ ਨੇ ਇਹਨਾਂ ਨੂੰ ਮਹੰਤ ਦੀ ਪਦਵੀ ਤੋਂ ਹਟਾ ਕੇ ਬਾਬਾ ਸੁਮੇਰ ਸਿੰਘ ਨੂੰ ਇਹਨਾਂ ਦੀ ਜਗ੍ਹਾ ਮਹੰਤ ਦੀ ਪਦਵੀ ਸੌਂਪ ਦਿੱਤੀ ਸੀ।[94] ਮਹੰਤ ਸੁਮੇਰ ਸਿੰਘ ਦੁਆਰਾ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਸੇਵਾ ਸੰਭਾਲਣ ਨਾਲ ਸਮੁੱਚੀ ਸਿੱਖ ਸੰਗਤ ਵਿਚ ਖ਼ੁਸ਼ੀ ਦਾ ਆਲਮ ਛਾ ਗਿਆ ਸੀ। ਇਸੇ ਸਮੇਂ ਮਹੰਤ ਗੰਡਾ ਸਿੰਘ ਦੇ ਇਕ ਚੇਲੇ ਤੇਗਾ ਸਿੰਘ ਨੇ ਅਦਾਲਤ ਵਿਚ ਇਹ ਕੇਸ ਕਰ ਦਿੱਤਾ ਕਿ ਉਹ ਮਹੰਤ ਗੰਡਾ ਸਿੰਘ ਦਾ ਪ੍ਰਮੁੱਖ ਸ਼ਿਸ਼ ਹੈ ਜਿਸ ਕਰ ਕੇ ਇਹ ਗੱਦੀ ਉਸ ਨੂੰ ਮਿਲਣੀ ਚਾਹੀਦੀ ਹੈ। ਭਾਵੇਂ ਕਿ ਭਾਰਤ ਵਿਚ ਸਥਾਪਿਤ ਹੋਰਨਾਂ ਡੇਰਿਆਂ ਵਿਚ ਇਸੇ ਪਰੰਪਰਾ ਅਨੁਸਾਰ ਚੇਲੇ ਨੂੰ ਗੱਦੀ ਸੌਂਪਣ ਦੀ ਪਰੰਪਰਾ ਸੀ ਪਰ ਜੁਲਾਈ 1891 ਵਿਚ ਪਟਨਾ ਹਾਈ ਕੋਰਟ ਨੇ ਉਸ ਦੀ ਅਪੀਲ ਨੂੰ ਰੱਦ ਕਰਦੇ ਹੋਏ ਬਾਬਾ ਸੁਮੇਰ ਸਿੰਘ ਨੂੰ ਇਸ ਪਦਵੀ 'ਤੇ ਟਿਕੇ ਰਹਿਣ ਦਾ ਫੈਸਲਾ ਸੁਣਾ ਦਿੱਤਾ।

ਬਾਬਾ ਸੁਮੇਰ ਸਿੰਘ ਨੂੰ ਪਟਨਾ ਦੇ ਜ਼ਿਲ੍ਹਾ ਜੱਜ ਨੇ ਜਦੋਂ ਮਹੰਤ ਦੀ ਪਦਵੀ 'ਤੇ ਨਿਯੁਕਤ ਕੀਤਾ ਤਾਂ ਇਸ ਦੇ ਨਾਲ ਹੀ ਉਸ ਨੇ ਨਗਰ ਦੀਆਂ ਚਾਰ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਤਖ਼ਤ ਸੀ ਪਟਨਾ ਸਾਹਿਬ ਦੇ ਪ੍ਰਬੰਧ ਦੇ ਆਰਜ਼ੀ ਮੈਨੇਜਰ ਅਤੇ ਰਿਸੀਵਰ ਨਿਯੁਕਤ ਕਰ ਦਿੱਤਾ—ਕੁਇਰ ਸੁਖਰਾਜ ਬਹਾਦਰ, ਰਾਇ ਈਸ਼ਵਰੀ ਪ੍ਰਸਾਦ, ਬਾਬੂ ਜੈ ਨਰਾਇਣ ਬਾਜਪਈ, ਅਤੇ ਬਾਬੂ ਬੁਲਾਕੀ ਲਾਲ।[95] ਇਹਨਾਂ ਵਿਚੋਂ ਰਾਇ ਈਸ਼ਵਰੀ ਪ੍ਰਸਾਦ ਨੇ 1887 ਵਿਚ ਅਸਤੀਫ਼ਾ ਦੇ ਦਿੱਤਾ ਜਿਹੜਾ ਕਿ ਜੱਜ ਸਾਹਿਬ ਨੇ ਨਾ-ਮਨਜ਼ੂਰ ਕਰ ਦਿੱਤਾ।[96] ਫਰਵਰੀ 1888 ਵਿਚ ਇਹਨਾਂ ਨੇ ਪਟਨਾ ਦੇ ਜ਼ਿਲ੍ਹਾ ਜੱਜ ਨੂੰ ਆਪਣਾ ਅਸਤੀਫ਼ਾ ਦੁਬਾਰਾ ਸੌਂਪ ਦਿੱਤਾ ਜਿਹੜਾ ਕਿ ਪ੍ਰਵਾਨ ਕਰ ਲਿਆ ਗਿਆ।[97] ਰਾਇ ਈਸ਼ਵਰੀ ਪ੍ਰਸਾਦ ਦਾ ਕਾਰਜ ਵੀ ਮਹੰਤ ਸੁਮੇਰ ਸਿੰਘ ਕੋਲ ਹੀ ਆ ਗਿਆ ਸੀ।

15. ਮਹੰਤ ਬਾਬਾ ਸੁਮੇਰ ਸਿੰਘ (1882–1903): ਗੁਰੂ ਅਮਰਦਾਸ ਜੀ ਦੇ ਵੰਸ਼ ਵਿਚੋਂ ਇਹ ਪ੍ਰਸਿੱਧ ਗੁਰਮਤਿ ਪ੍ਰਚਾਰਕ ਹੋਏ ਹਨ। ਇਹਨਾਂ ਦੇ ਦਾਦਾ ਬਾਬਾ ਕਿਰਪਾ ਦਿਆਲ ਯੂ.ਪੀ. ਦੇ ਆਜ਼ਮਗੜ੍ਹ[98] ਜ਼ਿਲ੍ਹੇ ਵਿਚ ਪੈਂਦੇ ਨਿਜਾਮਾਬਾਦ ਵਿਖੇ ਜਾ ਵਸੇ ਸਨ। ਉਥੇ ਹੀ ਬਾਬਾ ਸਾਧੂ ਸਿੰਘ ਦੇ ਘਰ ਸੁਮੇਰ ਸਿੰਘ ਦਾ ਜਨਮ ਹੋਇਆ ਸੀ। ਪਿਉ-ਦਾਦੇ ਤੋਂ ਗੁਰਮਤਿ ਦੀ ਜਿਹੜੀ ਗੁੜ੍ਹਤੀ ਮਿਲੀ ਸੀ, ਉਸ ਨੇ ਸੁਮੇਰ ਸਿੰਘ ਦੇ ਜੀਵਨ ਨੂੰ ਗੁਰਮਤਿ ਦਾ ਖੋਜੀ ਅਤੇ ਰਸੀਆ ਬਣਾ ਦਿੱਤਾ ਸੀ। ਨਾਮ-ਬਾਣੀ ਦੇ ਅਭਿਆਸ ਨੇ ਇਹਨਾਂ ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਮੁੱਖ ਸੇਵਾਦਾਰ ਦੀ ਪਦਵੀ ਤੱਕ ਪਹੁੰਚਾ ਦਿੱਤਾ ਸੀ। ਤਖ਼ਤ ਸਾਹਿਬ ਦੀ ਸੇਵਾ ਦੇ ਨਾਲ-ਨਾਲ ਇਹਨਾਂ ਨੇ ਗੁਰਬਾਣੀ ਅਤੇ ਗੁਰ-ਇਤਿਹਾਸ ਦੀ ਖੋਜ ਜਾਰੀ ਰੱਖੀ ਹੋਈ ਸੀ ਜਿਸ ਦੇ ਸਿੱਟੇ ਵੱਜੋਂ ਬਹੁਤ ਸਾਰੀਆਂ ਪੁਸਤਕਾਂ ਲਿਖਣ ਦਾ ਸੁਭਾਗ ਪ੍ਰਾਪਤ ਹੋਇਆ। ਸ਼ਮਸ਼ੇਰ ਸਿੰਘ ਅਸ਼ੋਕ ਨੇ ਮਹੰਤ ਸੁਮੇਰ ਸਿੰਘ ਦੁਆਰਾ ਲਿਖੇ ਇਹਨਾਂ ਗ੍ਰੰਥਾਂ ਦਾ ਜ਼ਿਕਰ ਕੀਤਾ ਹੈ - ਗੁਰੂ ਨਾਨਕ ਦਿਗ ਵਿਜਯ ਅਰਥਾਤ ਮੱਕੇ ਮਦੀਨੇ ਦੀ ਗੋਸ਼ਟ, ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼, ਬ੍ਰਹਮਾਂਡ ਪੁਰਾਣ, ਗੁਰੁ ਕਵਿਤਾਵਲੀ, ਦਾਰਿਦ੍ਰ ਦੁਖ ਦੰਡਨ ਦੋਹਾਵਲੀ, ਖਾਲਸਾ ਪਚਾਸਾ, ਗੁਰੁ ਕੀਰਤਿ ਕਵਿਤਾਵਲੀ, ਬਿਮਲ ਬਿਬੇਕ ਬਿਲਾਸ, ਪ੍ਰੇਮ ਪ੍ਰਭਾਕਰ, ਖਾਲਸਾ ਪੰਚਾਸਿਕਾ, ਬਿਬੇਕਾਸ਼੍ਰਕ, ਖਾਲਸਾ ਸ਼ਤਕ, ਸੁਮੇਰ ਭੂਸ਼ਣ, ਵਿਹਾਰੀ ਸੁਮੇਰ।[99] *ਬਿਬੇਕ ਬਾਰਧੀ* ਸਿਰਲੇਖ ਅਧੀਨ ਇਹਨਾਂ ਨੇ ਸਿੱਖਾਂ ਦੀ ਰਹਿਤ ਨੂੰ ਦਰਸਾਉਂਦੇ ਰਹਿਤਨਾਮੇ ਦੀ ਰਚਨਾ ਕੀਤੀ ਜਿਹੜੀ ਕਿ ਇਹਨਾਂ ਦੇ ਪ੍ਰਭਾਵ ਅਧੀਨ ਬ੍ਰਾਹਮਣ ਤੋਂ ਸਿੱਖ ਬਣੇ ਪੰਡਿਤ ਭਗਵਾਨ ਸਿੰਘ ਨੇ 1877 ਵਿਚ ਸੰਕਲਿਤ ਕੀਤੀ।[100] ਇਹਨਾਂ ਦੁਆਰਾ ਲਿਖੇ ਹੋਏ ਇਕ ਰਹਿਤਨਾਮੇ ਦੇ ਦਰਸ਼ਨ ਹੁੰਦੇ ਹਨ ਜਿਸ ਨੂੰ *ਖਾਲਸਾ ਪੰਚਾਸਿਕਾ* (1863) ਵੀ ਕਿਹਾ ਜਾਂਦਾ ਹੈ:

ਦੋਹਰਾ

ਸ੍ਰੀ ਗੁਰੂ ਨਾਨਕ ਰੂਪ ਦਸ ਪੰਥ ਖਾਲਸਾ ਖਾਸ।
ਕਰ ਪ੍ਰਣਾਮ ਸੁਮੇਰ ਹਰਿ ਕਰਤ ਪਚਾਸਾ ਰਾਸ।1।
ਗੁਰੂ ਗ੍ਰੰਥ ਬਾਣੀ ਵਿਖੇ ਵਿਖਮ ਬੁੱਧਿ ਨਹ ਜਾਸ।
ਆਦਿ ਅੰਤ ਮੇਂ ਏਕ ਸਮ ਸੋਈ ਖਾਲਸਾ ਖਾਸ।2।

ਵਿਪ੍ਰ ਗਾਇ ਮੇਂ ਦਵੈਸ਼ ਕੀ ਰੁਚਿ ਨ ਰੁਕੈ ਚਿਤ ਜਾਸ।
ਸਿੰਘ ਸੁਮੇਰ ਅਕਾਲ ਪ੍ਰਿਯ ਸੋਈ ਖਾਲਸਾ ਖਾਸ।3।
ਚਾਰ ਬਰਣ ਕੇ ਸਿਖ ਮੇਂ ਸਮਤਾ ਸੁਮਤਿ ਪ੍ਰਕਾਸ।
ਸਿੰਘ ਸੁਮੇਰ ਅਕਾਲ ਪ੍ਰਿਯ ਸੋਈ ਖਾਲਸਾ ਖਾਸ।4।
ਕੱਛ ਕੇਸ ਕ੍ਰਿਪਾਨ ਪ੍ਰਿਯ ਕੰਘਾ ਕੜਾ ਸਦੀਵ।
ਜੋ ਧਾਰਤ ਟਾਰਤ ਨਹੀਂ ਸੋਈ ਖਾਲਸਾ ਦਈਵ।5।
ਗੁਰਬਾਣੀ ਬਿਨ ਪ੍ਰੀਤਿ ਕੀ ਰੀਤ ਨ ਰੁਚਿ ਯਹ ਔਰ।
ਸਿੰਘ ਸੁਮੇਰ ਅਕਾਲ ਪ੍ਰਿਯ ਸੋਈ ਖਾਲਸਾ ਮੌਰ।6।
ਸ਼ਾਸਤ੍ਰਨ ਸਿੰਮ੍ਰਤਨ ਕੇ ਬਚਨ ਸੁਨਤ ਰਹਿਤ ਕਰ ਹੇਤੁ।
ਸਿੰਘ ਸੁਮੇਰ ਅਕਾਲ ਪ੍ਰਿਯ ਸੋਈ ਖਾਲਸਾ ਕੇਤੁ।7।
ਦਸਨ ਗੁਰਨ ਮੈ ਏਕ ਸੀ ਬੁਧਿ ਸੁਧਿ ਜਿਹ ਆਹਿ।
ਸਿੰਘ ਸੁਮੇਰ ਅਕਾਲ ਪ੍ਰਿਯ ਜਾਨ ਖਾਲਸਾ ਤਾਹਿਂ।8।
ਅੰਤਰ ਬਾਹਰ ਯਥਾ ਕਰਮ ਸਾਧੂ ਸਿੰਘ ਸਰੂਪ।
ਸਿੰਘ ਸੁਮੇਰ ਅਕਾਲ ਪ੍ਰਿਯ ਸੋਈ ਖਾਲਸਾ ਭੂਪ।9।
ਸਾਧੂ ਸਮ ਸਭ ਜਗਤ ਮੇਂ ਸਿੰਘ ਸਰੂਪ ਅਨੂਪ।
ਸਿੰਘ ਸੁਮੇਰ ਅਕਾਲ ਪ੍ਰਿਯ ਸੋਈ ਖਾਲਸਾ ਭੂਪ।10।
ਦੇਖਤ ਹੀ ਜਾ ਕੇ ਸਦਾ ਦੁਰਜਨ ਚਿਤ ਭਯ ਹੋਇ।
ਸਿੰਘ ਸੁਮੇਰ ਅਕਾਲ ਪ੍ਰਿਯ ਕਹੀਏ ਖਾਲਸਾ ਸੋਇ।11।
ਸਤਿਨਾਮ ਸ੍ਰੀ ਵਾਹਿਗੁਰੂ ਜਾਂ ਕੇ ਸਦ ਰਿਦ ਮਾਹਿ।
ਸਿੰਘ ਸੁਮੇਰ ਅਕਾਲ ਪ੍ਰਿਯ ਕਹੀਏ ਖਾਲਸਾ ਤਾਂਹਿ।12।
ਦੇਖਨ ਮੇਂ ਬਾਂਕੋ ਲਗੈ ਕਾਂਕੋ ਚਿਤ ਨ ਦੁਖਾਇ।
ਸਿੰਘ ਸੁਮੇਰ ਅਕਾਲ ਪ੍ਰਿਯ ਸੋ ਖਾਲਸਾ ਕਹਾਇ।13।
ਪਾਂਚ ਮੇਲ ਕੇ ਮੇਲ ਮੇਂ ਅੰਤਰ ਬਾਹਰਿ ਦੋਇ।
ਇਨ ਸੋ ਜੋ ਵਰਤੇ ਨਹੀਂ ਅਹੇ ਖਾਲਸਾ ਸੋਇ।14।
ਜਨਮ ਮਰਨ ਕੋ ਭੈ ਨ ਜਿਹ ਸਵਪਨਿਹੁ ਰਿਦੇ ਉਠਾਇ।
ਹਰਿ ਸੁਮੇਰ ਹਰਿ ਭਗਤਿ ਪ੍ਰਿਯ ਸੋ ਖਾਲਸਾ ਕਹਾਇ।15।
ਕੰਨਯਾ ਵਯਾਹੇ ਸਿੰਘ ਕੋ ਮੋਨਨ ਕੋ ਨਹਿ ਦੇਇ।
ਸਿੰਘ ਸੁਮੇਰ ਅਕਾਲ ਪ੍ਰਿਯ ਸੋ ਖਾਲਸਾ ਅਭੇਉ।16।
ਜੌ ਲੌ ਯਾ ਜਗ ਮੇਂ ਰਹੇ ਹਰਿ ਗੁਰ ਭਗਤਿ ਨ ਤਯਾਗ।
ਸਿੰਘ ਸੁਮੇਰ ਅਕਾਲ ਪ੍ਰਿਯ ਸੋ ਖਾਲਸਾ ਸੁਭਾਗ।17।
ਤਨ ਤੇ ਨਵ ਨਵ ਨਿਤ ਉਠੈ ਭਗਤੀ ਭਾਉ ਤਰੰਗ।
ਸਿੰਘ ਸੁਮੇਰ ਅਕਾਲ ਪ੍ਰਿਯ ਸੋ ਖਾਲਸਾ ਅਭੰਗ।18।

ਜਗ ਕੋ ਆਪਨ ਮੇਂ ਲਖੇ ਅਪਨੇ ਕਉ ਜਗ ਮਾਹਿ।
ਸਿੰਘ ਸੁਮੇਰ ਸੁ ਖਾਲਸਾ ਤਿਹ ਸਮ ਦੂਸਰ ਨਾਹਿ।19।
ਦਸ ਗ੍ਰਾਹੀ ਤਯਾਗੀ ਸੁ ਦਸ ਬ੍ਰਹਮ ਗਯਾਨ ਲੈ ਲੀਨ।
ਸਿੰਘ ਸੁਮੇਰ ਸੁ ਖਾਲਸਾ ਸਰਬ ਲਾਲਸਾ ਹੀਨ।20।
ਨਵਧਾ ਭਗਤੀ ਕੈ ਸਦਾ ਜਾਂਕੇ ਚਿਤ ਮੇਂ ਭਾਵ।
ਪ੍ਰੇਮ ਪੂਰ ਸਦ ਨਯਨ ਜਿਹ ਸੋਈ ਖਾਲਸਾ ਰਾਵ।21।
ਸਤਿਨਾਮ ਕੇ ਨਾਮ ਜਿਹ ਰਾਮ ਅੱਲ੍ਹਾ ਪ੍ਰਯੰਤ।
ਦਵੈਸ਼ ਬੁਧਿ ਨਹਿ ਜਾਸ ਜੀਯ ਸੋ ਖਾਲਸਾ ਦਿਖੰਤ।22।
ਨਾਮ ਪ੍ਰੀਤ ਹੈ ਜਾਸ ਜੀਯ ਕੋਊ ਮਤ ਕੋ ਹੋਇ।
ਕੋਊ ਨਾਮ ਜਪੈ ਜਪ ਜਾਨ ਖਾਲਸਾ ਸੋਇ।23।
ਰਸੀਆ ਨਵ ਹੂੰ ਰਸਨ ਕੋ ਬਸੀਯਾ ਰਸ ਹੀ ਬੀਚ।
ਸਿੰਘ ਸੁਮੇਰ ਸੁ ਖਾਲਸਾ ਪ੍ਰੇਮ ਹੀਯ ਰਤਿ ਸੀਚ।24।
ਕਾਰਣ ਯਾ ਜਗ ਕੋ ਜੁ ਹਰਿ ਤਾਰਨ ਤਰਨ ਦਿਆਲ।
ਤਾਸ ਪ੍ਰੇਮ ਮੇਂ ਮਗਨ ਮਨ ਸੋਈ ਖਾਲਸਾ ਖਿਆਲ।25।
ਸ਼ਸਤ੍ਰ ਨ ਤਯਾਗੈ ਕਬੂੰ ਜੋ ਯਾਸ ਸਿੰਘ ਸਰੂਪ।
ਸਿੰਘ ਸੁਮੇਰ ਅਕਾਲ ਪ੍ਰਿਯ ਅਹੈ ਖਾਲਸਾ ਭੂਪ।26।
ਕਾਲ ਬਿਤੀਤੇ ਕਰੈ ਜੁ ਨਿਤ ਬਿ'ਦਿਆ ਬਿਨੋਦ।
ਸਿੰਘ ਸੁਮੇਰ ਅਕਾਲ ਪ੍ਰਿਯ ਬਿਦਤ ਬਿਸਦ ਚਹੁੰ ਓਰ॥27॥
ਸਜਨ ਨੈਨ ਵੈਰਾਗ ਯੁਤ ਅਤਿ ਅਨੁਰਾਗ ਸਮੇਤ।
ਬਾਗ ਬਾਗ ਗੁਰ ਗੁਣ ਸੁਨਤ ਤਾਸ ਨ ਮਨ ਕਰ ਹੇਤ।28।
ਨੀਚਾ ਜਾਨੇ ਆਪ ਕੌ ਊਚ ਲਖੈ ਸੰਸਾਰ।
ਸਰਬ ਰੇਣੁ ਮਨ ਜਾਸ ਕੋ ਸੋ ਖਾਲਸਾ ਅਪਾਰ।29।
ਜਮ ਬਪੁਰਾ ਕੋ ਭੈ ਨ ਜਿਹ ਸਦਾ ਮਸਤ ਹਰਿ ਰੰਗ।
ਸਿੰਘ ਸੁਮੇਰ ਅਕਾਲ ਪ੍ਰਿਯ ਸੋ ਖਾਲਸਾ ਅਭੰਗ।30।
ਮਨ ਨੀਚਾ ਮਤਿ ਊਚ ਜਿਹ ਮਤ ਰਾਖਾ ਗੁਰ ਵਾਹ।
ਕੇਸਾਂ ਸਵਾਸਾਂ ਸਾਥ ਹੈਂ ਸਦ ਨਿਬਾਹ ਯਹ ਚਾਹ।31।
ਗੁਰੂ ਖਾਲਸੇ ਕੀ ਟਹਲ ਨਵ ਨਰ ਦੀ ਕਰ ਜੋਇ।
ਤਾਸ ਸਰਣ ਸੁਮੇਰ ਹਰਿ ਅਹਿ ਖਾਲਸਾ ਸੋਇ।32।
ਸਾਹਿਬਜ਼ਾਦੇ ਚਾਰ ਕੁਲ ਤਿਹ ਸਨ ਕਰੇ ਨਾ ਦ੍ਰੋਹ।
ਸੋ ਖਾਲਸਾ ਸੁਮੇਰ ਹਰਿ ਮਨ ਤੇ ਸਦਾ ਅਕੋਹ।33।
ਨਗਨ ਸੀਸ ਭੋਗੈ ਨਹੀਂ ਭੋਜਨ ਕਰੈ ਨ ਪਿਆਰ।
ਬੇਦ ਸ਼ਾਸਤ੍ਰ ਬਿਸਵਾਸ ਬਰ ਸੋ ਖਾਲਸਾ ਅਪਾਰ।34।

ਸਦਾ ਬਿਚਾਰ ਬਿਚਾਰਈ ਮੋ ਕਿਵ ਜਗ ਕੋ ਪਿਆਰ।
ਸਿੰਘ ਸੁਮੇਰ ਅਕਾਲ ਪ੍ਰਿਯ ਸੋ ਖਾਲਸਾ ਅਪਾਰ।35।
ਗੁਰਬਾਣੀ ਕੀ ਏਕ ਤੁਕ ਤਾਂ ਕੇ ਅਰਥ ਅਨੰਤ।
ਤਾਹਿ ਬਿਚਾਰਤ ਹੀ ਰਹੈ ਸੋ ਖਾਲਸਾ ਮਹੰਤ।36।
ਰਾਮ ਰਮੰਤਾ ਸਰਬ ਮੈਂ ਯਹ ਸਤਿਗੁਰੂ ਕੋ ਵਾਕ।
ਯਾ ਤੇ ਦੋਸ਼ ਨ ਕਰੇ ਜੋ ਸੋਈ ਖਾਲਸਾ ਪਾਕ।37।
ਤੁਰਕ ਕੀ ਸੰਗਤ ਨਾ ਕਰੇ ਲਰੈ ਯਥਾ ਬਲ ਧਾਰ।
ਸਿੰਘ ਸੁਮੇਰ ਅਕਾਲ ਪ੍ਰਿਯ ਸੋ ਖਾਲਸਾ ਅਪਾਰ।38।
ਸਨਮੁਖ ਜੌ ਸ਼ਸਤ੍ਰ ਜੋ ਲਗਤ ਰੁਧਰ ਲਿਪਤ ਤਨ ਹੋਇ।
ਹੋਰੀ (ਲਹੂ ਦੀ ਹੋਲੀ) ਕੋ ਜੋ ਖੇਲ ਲਖ ਲਖੇ ਖਾਲਸਾ ਸੋਇ।39।
ਰਾਮਾਦਿਕ ਅਵਤਾਰ ਕੀ ਨਿੰਦਾ ਕਰੈ ਨ ਆਪ।
ਸ੍ਰਵਣਹੁ ਤੇ ਨਹਿ ਸੁਣੇ ਜੋ ਸੋ ਖਾਲਸਾ ਅਪਾਪ।40।
ਹਰਿ ਜਸ ਗੁਰ ਜਸ ਭਗਤ ਜਸ ਕਰੈ ਸ੍ਰਵਣ ਪੁੰਨ ਦਾਨ।
ਸੋ ਸੁਮੇਰ ਹਰਿ ਖਾਲਸਾ ਰੇ ਮਨ ਕਰ ਤਿਹ ਧਿਆਨ॥41॥
ਨਿੰਦਾ ਨ ਕੀਜੈ ਕਾਹੂੰ ਮਤ ਸਭ ਕਉ ਸਮਤਾ ਭਾਉ।
ਭੇਖੀ ਪ੍ਰਭੂ ਨ ਭੀਜਈ ਯਾ ਤੁਕ ਕੋ ਨਿਤ ਚਾਉ।42।
ਜਿਤੇ ਭੇਖ ਸੰਸਾਰ ਮੇਂ ਸਭ ਸਤਿਗੁਰ ਕੇ ਕੀਨ।
ਦਵੈਸ਼ ਬੁੱਧਿ ਨਹਿ ਕਾਹੂੰ ਸਨ ਸੋਈ ਖਾਲਸਾ ਚੀਨ।43।
ਸਿੰਘ ਹੋਇ ਕਰ ਜੋ ਕਰੇ ਪੁਨਾ ਪਾਥ ਕੋਈ ਔਰ।
ਤਿਹ ਕੁਲਟਾ ਕੋ ਤਿਆਗਈ ਸੋਈ ਖਾਲਸਾ ਮੌਰ।44।
ਉਚਿਸਟੇ ਨਹਿ ਖਾਇ ਕਿਹ ਨਹ ਉਚਿਸਟ ਕਿਹ ਦੇਇ।
ਬਿਨ ਪਰੇਹੀ ਸੋ ਖਾਲਸਾ ਸਦਾ ਸੀਚਰਤ ਭੇਇ।45।
ਸੁਤੈ ਸਿਖਾਵੈ ਪ੍ਰਥਮ ਹੀ ਅੱਛਰ ਗੁਰਮੁਖੀ ਜੋਇ।
ਸੋ ਸੁਮੇਰ ਹਰਿ ਖਾਲਸਾ ਸੱਚ ਬਿਚਾਰ ਯੁਤ ਹੋਇ।46।
ਦਾਤਾ ਗਿਆਤਾ ਸੂਰਮਾ ਗਿਆਨੀ ਸਾਧੂ ਸਿੰਘ।
ਭਗਤਿ ਯੋਗ ਯੁਤ ਖਾਲਸਾ ਤ'ਤ ਸੁਮੇਰ ਸੁ ਸਿੰਘ।47।
ਉਪਮਾ ਸ੍ਰੀ ਖਾਲਸੇਹਿ ਕੀ ਨਹਿ ਕਬਿ ਬਰਨ ਸਕੰਤ।
ਸ਼ੇਸ਼ ਮਹੇਸ਼ ਗਨੇਸ਼ਹੂੰ, ਬਰਨਤ ਮੈਂ ਕੋ ਜੰਤੁ।48।
ਸਫਲ ਕਰਨ ਹਿਤ ਨਿਜ ਗਿਰਾ ਦੋਹਾ ਕਹੇ ਪਚਾਸ।
ਸੰਮਤ ਨਭ ਭੁਜ ਨਵ ਸਸੀ ਵਦੀ ਵਿਸਾਖ ਸੁ ਰਾਸ।49।
ਸੰਮਤ ਸ੍ਰੀ ਗੁਰੂ ਨਾਨਕੀਜ, ਰਾਮ ਨਾਮ ਨਭ ਭੇਦ।
ਵਦੀ ਵਿਸਾਖ ਸੁ ਦੂਜ ਬਰ, ਗੁਰ ਦਿਨ ਬਨਿਯੋ ਅਖੇਦ।50।[101]

ਮਹੰਤ ਸੁਮੇਰ ਸਿੰਘ ਜੀ ਸਾਹਿਤਕ ਸ਼ਖ਼ਸੀਅਤ ਦੇ ਨਾਲ-ਨਾਲ ਧਾਰਮਿਕ ਹਸਤੀ ਵੱਜੋਂ ਵੀ ਮਾਨਤਾ ਰੱਖਦੇ ਸਨ। ਸਮੂਹ ਸਿੱਖ ਸ਼ਰਧਾਲੂ ਇਹਨਾਂ ਦੀ ਪ੍ਰੇਰਨਾ ਅਤੇ ਧਾਰਮਿਕ ਅਗਵਾਈ ਵਿਚ ਮਾਣ ਮਹਿਸੂਸ ਕਰਦੇ ਸਨ। ਸਿੱਖ ਪੰਥ ਵਿਚ ਇਹ ਇਕ ਅਜਿਹੇ ਧਾਰਮਿਕ ਆਗੂ ਵੱਜੋਂ ਜਾਣੇ ਜਾਂਦੇ ਹਨ ਜਿਹੜੇ ਨਿਰਪੱਖ ਹੋ ਕੇ ਸਮੂਹ ਫੈਸਲੇ ਕਰਨ ਦੇ ਸਮਰੱਥ ਸਨ। ਇਕ ਵਾਰੀ 'ਸ੍ਰਿੀ ਗੁਰਮਤ ਪ੍ਰਕਾਸਕਾ' ਰਸਾਲੇ ਦੇ ਸੰਪਾਦਕ ਨਾਲ 'ਖਾਲਸਾ ਅਖਬਾਰ' ਦਾ ਵਿਵਾਦ ਪੈ ਗਿਆ। ਖਾਲਸਾ ਅਖਬਾਰ ਦੇ ਸੰਪਾਦਕ ਗਿਆਨੀ ਦਿੱਤ ਸਿੰਘ ਸਨ। ਉਹਨਾਂ ਨੇ ਮਸਲੇ ਨੂੰ ਨਿਪਟਾਉਣ ਲਈ ਆਪਣੇ ਵਿਰੋਧੀਆਂ ਨੂੰ ਸਲਾਹ ਦਿੱਤੀ ਕਿ ਮੌਜੂਦਾ ਸਮੇਂ ਦੀਆਂ ਧਾਰਮਿਕ ਸ਼ਖ਼ਸੀਅਤਾਂ ਵਿਚੋਂ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਮਹੰਤ ਬਾਬਾ ਸੁਮੇਰ ਸਿੰਘ ਹੀ ਅਜਿਹੀ ਸਿਰਮੌਰ ਸ਼ਖ਼ਸੀਅਤ ਹਨ ਜਿਹੜੇ ਨਿਡਰ ਅਤੇ ਨਿਰਭਉ ਹੋ ਕੇ ਗੁਰੂ ਦੀ ਭਾਉ-ਭਾਵਨੀ ਵਿਚ ਰਹਿ ਕੇ ਨਿਰਪੱਖ ਫੈਸਲਾ ਕਰਨ ਦੇ ਸਮਰੱਥ ਹਨ। ਉਹਨਾਂ ਨੇ ਬਾਬਾ ਜੀ ਨੂੰ ਵਿਚ ਪਾ ਕੇ ਇਹ ਝਗੜਾ ਨਿਪਟਾਉਣ ਦੀ ਸਲਾਹ ਦਿੰਦੇ ਹੋਏ ਕਿਹਾ:

ਅਰ ਹਮ ਇਕ ਪੂਛਤ ਹੈ ਬਾਤਾ॥
ਸਤ ਕਹੋ ਹਮਸੋ ਤੁਮ ਭ੍ਰਾਤਾ॥
ਹੈ ਤਨਖਾਹੀਆ ਕਰਨੇ ਹੇਤਾ॥
ਸੁਮੇਰ ਸਿੰਘ ਮੈ ਉਦਮ ਜੇਤਾ॥
ਐਸਾ ਔਰ ਦ੍ਰਿਸਟ ਨਹੀ ਆਵੈ॥
ਜੋ ਇਸ ਕਾਰਜ ਕੋ ਕਰ ਪਾਵੈ॥[102]

ਤਖ਼ਤ ਸ੍ਰੀ ਪਟਨਾ ਸਾਹਿਬ ਦੇ ਪ੍ਰਬੰਧ ਨੂੰ ਸੁਚਾਰੂ ਰੂਪ ਵਿਚ ਚਲਾਉਣ ਅਤੇ ਇਥੇ ਚੱਲ ਰਹੇ ਧਾਰਮਿਕ ਅਤੇ ਵਿੱਦਿਅਕ ਕਾਰਜਾਂ ਨੂੰ ਸਹੀ ਦਿਸ਼ਾ ਵਿਚ ਲਿਜਾਣ ਲਈ ਇਹਨਾਂ ਨੇ ਮਹੱਤਵਪੂਰਨ ਕਾਰਜ ਕੀਤਾ ਹੈ। ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਵਿੱਦਿਆ ਦੀ ਜਿਹੜੀ ਟਕਸਾਲ ਇਥੇ ਚੱਲ ਰਹੀ ਸੀ, ਪਿਛਲੇ ਸਮੇਂ ਵਿਚ ਉਸ ਦਾ ਕਾਰਜ ਕੁੱਝ ਮੱਧਮ ਪੈਣ ਲੱਗਿਆ ਸੀ ਪਰ ਮਹੰਤ ਸੁਮੇਰ ਸਿੰਘ ਦੁਆਰਾ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਸੇਵਾ ਸੰਭਾਲਣ ਉਪਰੰਤ ਇਸ ਕਾਰਜ ਵਿਚ ਵਿਲੱਖਣ ਤਬਦੀਲੀ ਅਤੇ ਤੇਜੀ ਦੇਖਣ ਨੂੰ ਮਿਲਦੀ ਹੈ। ਬਹੁਤ ਸਾਰੇ ਕਵੀ ਦਰਬਾਰ ਅਤੇ ਧਾਰਮਿਕ ਵਿਚਾਰ ਗੋਸ਼ਟੀਆਂ ਇਹਨਾਂ ਦੀ ਦੇਖ-ਰੇਖ ਅਧੀਨ ਹੋਣ ਲੱਗੀਆਂ ਸਨ। ਬਨਾਰਸ ਦੇ ਵਿਦਵਾਨ ਵੀ ਇਹਨਾਂ ਦੀ ਵਿੱਦਿਆ ਦਾ ਬਹੁਤ ਸਤਿਕਾਰ ਕਰਦੇ ਸਨ। ਮਹੰਤ ਜੀ ਨੇ ਜਿਥੇ ਤਖ਼ਤ ਸਾਹਿਬ 'ਤੇ ਵਿੱਦਿਅਕ ਕਾਰਜਾਂ ਵਿਚ ਤੇਜੀ ਲਿਆਂਦੀ ਸੀ ਉਥੇ ਇਹਨਾਂ ਨੇ ਸੰਗਤ ਨੂੰ ਇਥੋਂ ਦੇ ਦਰਸ਼ਨ-ਦੀਦਾਰ ਹਿਤ ਉਤਸ਼ਾਹਿਤ ਕਰਨ ਦਾ ਵਿਸ਼ੇਸ਼ ਉਪਰਾਲਾ ਕੀਤਾ। ਤਖ਼ਤ ਸ੍ਰੀ ਪਟਨਾ ਸਾਹਿਬ ਦੇ ਮਹੱਤਵ ਨੂੰ ਉਜਾਗਰ ਕਰਦੇ ਹੋਏ ਇਹ ਕਹਿੰਦੇ ਹਨ:

ਆਦਿ ਤਖਤ ਪਟਨਾ ਪਰਮ ਅਭਿ ਮਤ ਦਾਇਕ ਦ੍ਵਾਰ॥
ਸਿੰਘ ਸੁਮੇਰ ਗੁਰੂ ਚਰਨ ਬਾਰ ਬਾਰ ਬਲਿਹਾਰ॥[103]

ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਵਿੱਦਿਆ ਦੀ ਟਕਸਾਲ ਲੰਮਾ ਸਮਾਂ ਚੱਲਦੀ ਰਹੀ ਹੈ। ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਚੱਲ ਰਹੀ ਵਿੱਦਿਅਕ ਟਕਸਾਲ ਦੇ ਪਿਛੋਕੜ ਸੰਬੰਧੀ ਜਾਣਕਾਰੀ ਦਿੰਦੇ ਹੋਏ ਜਥੇਦਾਰ ਇਕਬਾਲ ਸਿੰਘ ਨੇ ਦੱਸਿਆ ਕਿ ਗੁਰੂ ਮਹਿਲਾਂ ਦੇ ਸਮੇਂ ਤੋਂ ਪਟਨਾ ਸਾਹਿਬ ਵਿਖੇ ਚੱਲ ਰਹੀ ਗੁਰਮਤਿ ਵਿੱਦਿਆ ਦੀ ਟਕਸਾਲ ਦਾ ਕੰਮ ਇਥੇ ਬੰਦ ਹੋ ਗਿਆ ਸੀ ਪਰ ਮਹੰਤ ਸੁਮੇਰ ਸਿੰਘ ਨੇ ਇਹ ਕਾਰਜ ਦੁਬਾਰਾ ਅਰੰਭ ਕੀਤਾ। ਉਸ ਸਮੇਂ ਦਰਬਾਰ ਹਾਲ ਭਾਵੇਂ ਛੋਟਾ ਹੀ ਸੀ ਪਰ ਵਿੱਦਿਆ ਗ੍ਰਹਿਣ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਬਹੁਤ ਜ਼ਿਆਦਾ ਹੁੰਦੀ ਸੀ। ਕਮਰਿਆਂ ਦੇ ਨਾਲ-ਨਾਲ ਬਰਾਂਡਿਆਂ ਵਿਚ ਵੀ ਵਿਦਿਆਰਥੀ ਬੈਠੇ ਰਹਿੰਦੇ ਸਨ। ਬਾਬਾ ਸੁਮੇਰ ਸਿੰਘ ਨਿਹੰਗ ਬਾਣੇ ਵਿਚ ਰਹਿੰਦੇ ਸਨ ਅਤੇ ਦਸਤਾਰ 'ਤੇ ਖੰਡਾ ਲਾਉਣ ਦੀ ਪਰੰਪਰਾ ਉਹਨਾਂ ਤੋਂ ਹੀ ਅਰੰਭ ਹੋਈ ਹੈ। ਉਹਨਾਂ ਤੋਂ ਬਾਅਦ ਜਿੰਨੇ ਵੀ ਮਹੰਤ ਇਸ ਤਖ਼ਤ ਸਾਹਿਬ 'ਤੇ ਸੇਵਾ ਕਰਦੇ ਰਹੇ ਹਨ, ਸਭ ਦਸਤਾਰ 'ਤੇ ਖੰਡਾ ਸਜਾਉਂਦੇ ਸਨ। ਇਹ ਪਰੰਪਰਾ ਮੌਜੂਦਾ ਸਮੇਂ ਤੱਕ ਕਾਇਮ ਹੈ।

5 ਮਾਰਚ 1903 ਨੂੰ ਮਹੰਤ ਸੁਮੇਰ ਸਿੰਘ ਜੀ ਅਕਾਲ ਚਲਾਣਾ ਕਰ ਗਏ। ਸਮੁੱਚੇ ਪੰਥ ਦੀਆਂ ਵਿਭਿੰਨ ਸੰਸਥਾਵਾਂ ਨੇ ਆਪੋ-ਆਪਣੇ ਢੰਗ ਨਾਲ ਇਹਨਾਂ ਦੇ ਵਿਛੋੜੇ ਦਾ ਅਫਸੋਸ ਪ੍ਰਗਟ ਕੀਤਾ।

16. ਮਹੰਤ ਦਲੀਪ ਸਿੰਘ: 5 ਮਾਰਚ 1903 ਨੂੰ ਮਹੰਤ ਸੁਮੇਰ ਸਿੰਘ ਦੇ ਅਕਾਲ ਚਲਾਣਾ ਕਰ ਜਾਣ 'ਤੇ ਭਾਈ ਦਲੀਪ ਸਿੰਘ ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦਾ ਆਰਜ਼ੀ ਮਹੰਤ ਨਿਯੁਕਤ ਕੀਤਾ ਗਿਆ। 2 ਨਵੰਬਰ 1903 ਨੂੰ ਪਟਨਾ ਦੇ ਜ਼ਿਲ੍ਹਾ ਜੱਜ ਨੇ ਇਹਨਾਂ ਦੀ ਜਗ੍ਹਾ 'ਤੇ ਮਹੰਤ ਬਚਿਤ੍ਰ ਸਿੰਘ ਨੂੰ ਪੱਕੇ ਤੌਰ 'ਤੇ ਮਹੰਤ ਦੀ ਪਦਵੀ ਸੌਂਪ ਦਿੱਤੀ ਸੀ। ਇਸ ਤਰ੍ਹਾਂ ਲਗਪਗ ਅੱਠ ਮਹੀਨੇ ਇਹ ਤਖ਼ਤ ਸਾਹਿਬ ਦੀ ਸੇਵਾ-ਸੰਭਾਲ ਕਰਦੇ ਰਹੇ।

17. ਮਹੰਤ ਬਚਿਤ੍ਰ ਸਿੰਘ (1903-1913): ਇਹ ਮਹੰਤ ਸੁਮੇਰ ਸਿੰਘ ਦੇ ਭਤੀਜੇ ਸਨ।[104] ਇਹ ਉੱਚੇ-ਸੁੱਚੇ ਜੀਵਨ ਦੇ ਮਾਲਕ ਸਨ ਅਤੇ ਇਹਨਾਂ ਉਤੇ ਮਹੰਤ ਸੁਮੇਰ ਸਿੰਘ ਦਾ ਬਹੁਤ ਪ੍ਰਭਾਵ ਸੀ। ਇਹਨਾਂ ਦੀ ਸ਼ਰਧਾ ਅਤੇ ਸੇਵਾ ਕਾਰਨ ਇਹਨਾਂ ਦਾ ਸੰਗਤ ਵਿਚ ਬਹੁਤ ਸਤਿਕਾਰ ਸੀ। ਲਗਪਗ 10 ਸਾਲ ਇਹਨਾਂ ਨੇ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਸੇਵਾ ਕੀਤੀ। ਇਹਨਾਂ ਨੇ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ 100 ਫੁੱਟ ਉੱਚਾ ਅਤੇ 15-20 ਫੁੱਟ ਡੂੰਘਾ ਸਾਲ ਦੀ ਲੱਕੜ ਦਾ ਇਕ ਨਿਸ਼ਾਨ ਸਾਹਿਬ ਲਗਵਾਇਆ ਸੀ ਜਿਹੜਾ ਕਿ ਨੇਪਾਲ ਦੇ ਰਾਜੇ ਦੁਆਰਾ ਭੇਟ ਕੀਤਾ ਗਿਆ ਸੀ। ਇਸ ਨਿਸ਼ਾਨ ਸਾਹਿਬ ਦੀ ਪਕਿਆਈ ਲਈ ਇਸ 'ਤੇ ਲੋਹੇ ਦੇ ਗੋਲਾਕਾਰ ਕੜੇ ਲੱਗੇ ਹੋਏ ਸਨ।[105] 5 ਸਤੰਬਰ 1913 ਨੂੰ ਇਹ ਅਕਾਲ ਚਲਾਣਾ ਕਰ ਗਏ।

18. ਮਹੰਤ ਮੁਕੰਦ ਸਿੰਘ (1914-1930): ਮਹੰਤ ਬਚਿਤ੍ਰ ਸਿੰਘ ਦੇ ਅਕਾਲ ਚਲਾਣੇ ਉਪਰੰਤ ਪਟਨਾ ਸਾਹਿਬ ਦੀਆਂ ਕਈ ਉੱਘੀਆਂ ਸ਼ਖ਼ਸੀਅਤਾਂ ਨੇ ਤਖ਼ਤ ਸਾਹਿਬ

ਦਾ ਮਹੰਤ ਬਣਨ ਲਈ ਯਤਨ ਕੀਤਾ ਪਰ ਅਖ਼ੀਰ 10 ਫਰਵਰੀ 1914 ਨੂੰ ਪਟਨਾ ਦੇ ਜ਼ਿਲ੍ਹਾ ਜੱਜ ਨੇ ਭਾਈ ਮੁਕੰਦ ਸਿੰਘ ਨੂੰ ਇਥੋਂ ਦਾ ਮਹੰਤ ਨਿਯੁਕਤ ਕਰ ਦਿੱਤਾ। ਇਹਨਾਂ ਨੇ ਲਗਪਗ 27 ਸਾਲ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਸੇਵਾ ਕੀਤੀ ਹੈ। ਇਹਨਾਂ ਦੇ ਪਰਿਵਾਰਕ ਵੰਸ਼ਜ਼ ਹਾਲੇ ਵੀ ਪਟਨਾ ਸਾਹਿਬ ਵਿਖੇ ਹੀ ਨਿਵਾਸ ਕਰ ਰਹੇ ਹਨ। ਇਹਨਾਂ ਨੇ ਤਖ਼ਤ ਸਾਹਿਬ ਦੀ ਸੇਵਾ-ਸੰਭਾਲ ਦਾ ਕਾਰਜ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੂੰ ਸੌਂਪ ਦਿੱਤੀ ਸੀ। ਸਿੱਖ ਰਹਿਤ ਮਰਯਾਦਾ ਦੇ ਸੰਬੰਧ ਵਿਚ ਇਹਨਾਂ ਦਾ ਇਕ ਹੁਕਮਨਾਮਾ ਨਜ਼ਰੀਂ ਪੈਂਦਾ ਹੈ ਜਿਸ ਵਿਚ ਪੰਚ ਖਾਲਸਾ ਦੀਵਾਨ ਵੱਲੋਂ ਗੁਰਮੁਖੀ ਕੋਰਸ ਛਾਪ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਬਦਲਾਉ ਕਰਨ ਦਾ ਵਿਰੋਧ ਕੀਤਾ ਗਿਆ ਸੀ। ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਦੇ ਇਹ ਵਿਸ਼ੇਸ਼ ਉਪਰਾਲੇ ਕਰਦੇ ਸਨ ਅਤੇ ਗੁਰਪੁਰਬ ਤੋਂ ਪਹਿਲਾਂ ਅਖ਼ਬਾਰਾਂ ਅਤੇ ਹੋਰਨਾਂ ਸਾਧਨਾਂ ਰਾਹੀਂ ਪੰਜਾਬ ਦੀ ਸੰਗਤ ਨੂੰ ਪਟਨਾ ਸਾਹਿਬ ਵਿਖੇ ਦਰਸ਼ਨ ਦੀਦਾਰੇ ਕਰਨ ਦੀ ਬੇਨਤੀ ਕਰਦੇ ਸਨ। ਇਹਨਾਂ ਦੇ ਹਵਾਲੇ ਨਾਲ ਛਪੀ ਹੋਈ ਇਕ ਇਹ ਖ਼ਬਰ ਪ੍ਰਕਾਸ਼ਿਤ ਹੋਈ:

> ਸ੍ਰੀ ਪਟਨਾ ਸਾਹਿਬ ਤੋਂ ਮਹੰਤ ਮੁਕੰਦ ਸਿੰਘ ਜੀ ਇਤਲਾਹ ਦਿੰਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਦਾ ਗੁਰਪੁਰਬ ਪਿਛਲੇ ਸਾਲਾਂ ਦੀ ਤਰ੍ਹਾਂ ਤਖ਼ਤ ਪਟਨਾ ਸਾਹਿਬ ਵਿਚ ਰੌਣਕ ਨਾਲ ਮਨਾਇਆ ਜਾਵੇਗਾ। ਨਗਰ ਕੀਰਤਨ ਬੜੀ ਸਜ ਧਜ ਨਾਲ ਹੋਵੇਗਾ। ਫੂਲਾਂ ਵਾਲੇ ਬੰਗਲੇ ਵਿਚ ਸ੍ਰੀ ਦਸਮੇਸ਼ ਪਿਤਾ ਜੀ ਦੇ ਸਭ ਸ਼ਸਤ੍ਰਾਂ ਦੇ ਦਰਸ਼ਨ ਕਰਾਏ ਜਾਣਗੇ। ਗੁਰੂ ਸਾਹਿਬ ਜੀ ਦੇ ਦਸਖਤੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਦੋ ਦਿਨ ਤੇ ਰਾਤਾਂ ਖੁਲੇ ਹੋਣਗੇ। ਆਤਸ਼ਬਾਜ਼ੀ ਚਲੇਗੀ, ਭੰਡਾਰ ਲੰਗਰ ਦੇਗ ਚਾਹ ਡਾਲੀ ਪ੍ਰਸ਼ਾਦ ਮੇਵਾ ਆਦਿ ਵਰਤੇਗਾ। ਸੰਗਤਾਂ ਹੁਮ ਹੁਮਾ ਕੇ ਪੁੱਜਣ।[106]

ਭਾਵੇਂ ਕਿ ਇਹਨਾਂ ਨੇ ਤਖ਼ਤ ਸਾਹਿਬ ਦੀ ਸੇਵਾ ਅਤੇ ਮਰਯਾਦਾ ਕਾਇਮ ਰੱਖਣ ਲਈ ਨਿਰੰਤਰ ਯਤਨ ਕੀਤੇ ਸਨ ਪਰ ਇਹਨਾਂ ਨਾਲ ਕੁੱਝ ਵਿਵਾਦ ਵੀ ਜੁੜੇ ਹੋਏ ਹਨ। ਪੰਜਾਬ ਤੋਂ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਦਰਸ਼ਨਾਂ ਨੂੰ ਗਏ ਮਾਸਟਰ ਝੰਡਾ ਸਿੰਘ ਲਿਖਦੇ ਹਨ, "4 ਮਾਰਚ 1930 ਨੂੰ ਸ੍ਰੀ ਪਟਨੇ ਸਾਹਿਬ ਦਰਸ਼ਨ ਕੀਤੇ ਏਥੋਂ ਦੇ ਗੁਰਦੁਆਰਿਆਂ ਵਿਚ ਵਸੋਂ ਚੰਗੀ ਹੈ ਪਰ ਇਲਾਕੇ ਦੇ ਸਜਣਾਂ ਤੇ ਮਹੰਤ ਸਾਹਿਬ ਵਿਚ ਅਣਬਣ ਹੈ ਜਿਸ ਦਾ ਸੰਗਤਾਂ ਉਤੇ ਬੁਰਾ ਅਸਰ ਪਿਆ।"[107] ਇਹਨਾਂ ਦਿਨਾਂ ਵਿਚ ਪੰਜਾਬ ਵਿਚ ਸਿੰਘ ਸਭਾ ਲਹਿਰ ਜੋਰਾਂ 'ਤੇ ਸੀ। ਇਸ ਲਹਿਰ ਦਾ ਮੁੱਖ ਮੰਤਵ ਗੁਰਦੁਅਰਿਆਂ ਨੂੰ ਮਹੰਤਾਂ ਤੋਂ ਅਜ਼ਾਦ ਕਰਵਾ ਕੇ ਪੰਥ ਦੇ ਪ੍ਰਬੰਧ ਅਧੀਨ ਲਿਆਉਣਾ ਸੀ। ਪੰਜਾਬ ਦੇ ਬਹੁਤ ਸਾਰੇ ਗੁਰਦੁਆਰੇ ਮਹੰਤਾਂ ਤੋਂ ਅਜ਼ਾਦ ਕਰਵਾ ਲਏ ਗਏ ਸਨ ਅਤੇ ਪੰਜਾਬ ਤੋਂ ਬਾਹਰ ਵੀ ਸਿੱਖਾਂ ਨੇ ਇਸ ਦਿਸ਼ਾ ਵਿਚ ਯਤਨ ਕਰਨੇ ਅਰੰਭ ਕਰ ਦਿੱਤੇ ਸਨ। ਸਿੰਘ ਸਭਾ ਦੇ ਪ੍ਰਭਾਵ ਅਧੀਨ ਬਹੁਤ ਸਾਰੇ ਸਿੱਖਾਂ ਨੇ ਇਹ ਯਤਨ ਕੀਤਾ ਕਿ ਤਖ਼ਤ ਸ੍ਰੀ ਪਟਨਾ ਸਾਹਿਬ ਨੂੰ ਵੀ ਮਹੰਤ ਪ੍ਰਥਾ ਤੋਂ ਅਜ਼ਾਦ ਕਰਵਾ ਲਿਆ ਜਾਵੇ। ਮਹੰਤ ਮੁਕੰਦ ਸਿੰਘ ਨੇ ਇਹਨਾਂ

ਦਾ ਭਾਰੀ ਵਿਰੋਧ ਕੀਤਾ ਅਤੇ ਉਸ ਨੇ ਸਿੰਘ ਸਭਾ ਦੇ ਹਮਾਇਤੀਆਂ ਨੂੰ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਦਰਸ਼ਨ ਕਰਨ 'ਤੇ ਵੀ ਪਾਬੰਦੀ ਲਗਾ ਦਿੱਤੀ। 1922 ਦਾ ਇਕ ਸਮਕਾਲੀ ਦਸਤਾਵੇਜ਼ ਮਹੰਤ ਮੁਕੰਦ ਸਿੰਘ ਅਤੇ ਸਿੰਘ ਸਭਾ ਦੇ ਹਮਾਇਤੀਆਂ ਵਿਚ ਪੈਦਾ ਹੋਏ ਵਿਰੋਧ ਦਾ ਇਹ ਪ੍ਰਮਾਣ ਦਿੰਦਾ ਹੈ:

> Information was received about the same time that Bhai Mukand Singh, Mahant of Takht Patna Sahib, where Guru Gobind Singh was born, was putting a ban on progressive Sikhism and would not allow any Singh Sabha man to enter the Takht.[108]

ਮਹੰਤ ਮੁਕੰਦ ਸਿੰਘ ਦੁਆਰਾ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਅਤੇ ਸੰਗਤ ਦੀ ਸੇਵਾ ਵਿਚ ਬਹੁਤ ਸਾਰੀਆਂ ਖਰਾਬੀਆਂ ਆ ਗਈਆਂ ਤਾਂ ਸੰਗਤ ਨੇ ਮਹੰਤ ਸਾਹਿਬ ਨੂੰ ਪ੍ਰਬੰਧ ਸੁਧਾਰਨ ਦੀ ਬੇਨਤੀ ਕੀਤੀ ਪਰ ਕੋਈ ਅਸਰ ਹੁੰਦਾ ਨਾ ਦੇਖ ਕੇ ਪਟਨਾ ਦੇ ਜ਼ਿਲ੍ਹਾ ਜੱਜ ਕੋਲ ਇਕ ਦਰਖ਼ਾਸਤ ਪਾ ਦਿੱਤੀ ਗਈ। ਅਦਾਲਤ ਦੇ ਫ਼ੈਸਲੇ ਤੋਂ ਪਹਿਲਾਂ ਹੀ ਅਪ੍ਰੈਲ 1930 ਵਿਚ ਮਹੰਤ ਜੀ ਅਕਾਲ ਚਲਾਣਾ ਕਰ ਗਏ। ਇਹਨਾਂ ਦੇ ਅਕਾਲ ਚਲਾਣੇ ਉਪਰੰਤ ਜਿਹੜੀਆਂ ਖ਼ਬਰਾਂ ਛਪੀਆਂ ਉਹਨਾਂ ਵਿਚ ਵੀ ਮਹੰਤ ਅਤੇ ਸਿੱਖ ਪੰਥ ਵਿਚ ਪੈਦਾ ਹੋਏ ਵਿਰੋਧ ਦਾ ਵਰਨਨ ਮਿਲਦਾ ਹੈ, "ਸ਼ੋਕ ਹੈ ਕਿ ਸ੍ਰੀ ਤਖਤ ਪਟਨਾ ਸਾਹਿਬ ਦੇ ਮਹੰਤ ਮੁਕੰਦ ਸਿੰਘ ਜੀ ਚਲਾਣਾ ਕਰ ਗਏ ਹਨ। ਇਹਨਾਂ ਦੀ ਥਾਂ ਤੇ ਕੌਣ ਮਹੰਤ ਨੀਯਤ ਕੀਤਾ ਜਾਵੇ? ਇਹ ਪ੍ਰਸ਼ਨ ਸਿੱਖਾਂ ਦੇ ਸਾਹਮਣੇ ਪੇਸ਼ ਹੈ। ਮਹੰਤ ਸਾਹਿਬ ਜੀ ਪੁਰਾਣੇ ਨਮੂਨੇ ਦੇ ਸਿੱਖ ਸਨ ਪਰ ਉਹਨਾਂ ਦੇ ਸਮੇਂ ਤੋਂ ਹੀ ਪਟਨੇ ਦੇ ਸਿੱਖਾਂ ਵਿਚ ਦੋ ਧੜੇ ਬਣੇ ਹਨ, ਸ਼ੋਕ ਹੈ ਕਿ ਝਗੜੇ ਨਾ ਕੇਵਲ ਉਥੇ ਗਏ ਯਾਤਰੂਆਂ ਲਈ ਹੀ ਦੁਖਦਾਈ ਸਨ ਬਲਕੇ ਉਸ ਇਲਾਕੇ ਦੀ ਗਿਣਤੀ ਦੀ ਸਿੱਖ ਵਸੋਂ ਤੇ ਸਿੱਖੀ ਪਰਚਾਰ ਲਈ ਵੀ ਰੁਕਾਵਟ ਸਨ। ਕਾਸ਼ ਹੁਣ ਕੋਈ ਉਥੇ ਅਜਿਹਾ ਮਹੰਤ ਨੀਯਤ ਕੀਤਾ ਜਾਵੇ ਜੋ ਹਰ ਤਰ੍ਹਾਂ ਇਸ ਸੇਵਾ ਦੇ ਯੋਗ, ਸਿੱਖੀ ਵਿਚ ਪੂਰਨ ਤੇ ਪਰਚਾਰ ਲਈ ਲਗਨ ਰਖਣ ਵਾਲਾ ਹੋਵੇ। ਜ਼ਰੂਰਤ ਹੈ ਕਿ ਪਾਰਟੀਬਾਜੀ ਦੇ ਖਿਆਲ ਨੂੰ ਅਡ ਰਖਕੇ ਮਹੰਤ ਚੁਣਿਆ ਜਾਵੇ ਤੇ ਸਾਰੇ ਪੰਥ ਦੀ ਸਲਾਹ ਨਾਲ ਚੁਣਿਆ ਜਾਵੇ।"[109] ਪਟਨਾ ਸਾਹਿਬ ਵਿਖੇ ਰਹਿ ਰਹੇ ਇਹਨਾਂ ਦੇ ਪਰਿਵਾਰਕ ਮੈਂਬਰਾਂ ਨੂੰ ਮਿਲੇ ਤਾਂ ਪਤਾ ਲੱਗਿਆ ਕਿ ਇਹਨਾਂ ਕੋਲ ਤਖ਼ਤ ਸ੍ਰੀ ਪਟਨਾ ਸਾਹਿਬ ਨਾਲ ਸੰਬੰਧਿਤ ਕੁੱਝ ਮਹੱਤਵਪੂਰਨ ਦਸਤਾਵੇਜ਼ ਮੌਜੂਦ ਹਨ ਪਰ ਵਾਰ-ਵਾਰ ਬੇਨਤੀ ਕਰਨ 'ਤੇ ਵੀ ਉਹ ਇਹਨਾਂ ਦੇ ਦਰਸ਼ਨ ਕਰਾਉਣ ਤੋਂ ਇਨਕਾਰੀ ਰਹੇ।

ਭਾਵੇਂ ਕਿ ਮਹੰਤ ਮੁਕੰਦ ਸਿੰਘ ਦੁਆਰਾ ਤਖ਼ਤ ਸ੍ਰੀ ਪਟਨਾ ਸਾਹਿਬ ਦਾ ਪ੍ਰਬੰਧ ਸਿੱਖਾਂ ਕੋਲ ਆ ਗਿਆ ਸੀ ਪਰ ਅਸਲ ਕੰਟਰੋਲ ਪਟਨਾ ਸਾਹਿਬ ਦੇ ਜ਼ਿਲ੍ਹਾ ਜੱਜ ਅਧੀਨ ਸੀ। ਉਸ ਦੀ ਪ੍ਰਵਾਨਗੀ ਤੋਂ ਬਿਨਾਂ ਤਖ਼ਤ ਸਾਹਿਬ ਦਾ ਕੋਈ ਵੀ ਪ੍ਰਬੰਧਕ ਨਿਯੁਕਤ ਨਹੀਂ ਕੀਤਾ ਜਾ ਸਕਦਾ ਸੀ। 28 ਅਪ੍ਰੈਲ 1930 ਨੂੰ ਪਟਨਾ ਦੇ ਜ਼ਿਲ੍ਹਾ ਜੱਜ ਨੂੰ ਇਕ

ਪਟੀਸ਼ਨ ਪਾ ਕੇ ਮਹੰਤ ਮੁਕੰਦ ਸਿੰਘ ਦੇ ਅਕਾਲ ਚਲਾਣੇ ਦੀ ਸੂਚਨਾ ਦਿੱਤੀ ਗਈ। ਸੂਚਨਾ ਦੇਣ ਵਾਲਿਆਂ ਵਿਚ ਸ. ਗੁਰਚਰਨ ਸਿੰਘ ਵਕੀਲ ਅਤੇ ਸ. ਸਨਮੁਖ ਸਿੰਘ ਵੀ ਸ਼ਾਮਲ ਸਨ। ਜੱਜ ਸਾਹਿਬ ਨੇ ਇਹਨਾਂ ਦੋਵਾਂ ਪਟੀਸ਼ਨ ਕਰਨ ਵਾਲਿਆਂ ਨੂੰ ਤਖ਼ਤ ਸਾਹਿਬ ਦਾ ਆਰਜੀ ਮੈਨੇਜਰ ਲਗਾ ਦਿੱਤਾ। 26 ਜੁਲਾਈ 1930 ਨੂੰ ਜੱਜ ਸਾਹਿਬ ਨੇ ਆਪਣਾ ਫੈਸਲਾ ਸੁਣਾਉਂਦੇ ਹੋਏ ਬਾਬਾ ਕਰਤਾਰ ਸਿੰਘ ਬੇਦੀ ਨੂੰ ਤਖ਼ਤ ਸ੍ਰੀ ਪਟਨਾ ਸਾਹਿਬ ਦਾ ਸਰਬਰਾਹਕਾਰ ਲਗਾ ਕੇ 15 ਮੈਂਬਰੀ ਕਮੇਟੀ ਬਣਾਈ ਗਈ।[110] ਇਹ ਕਮੇਟੀ ਦੀ ਕਾਰਜਸ਼ੈਲੀ ਨਿਰਧਾਰਿਤ ਕਰਦੇ ਹੋਏ ਪਟਨਾ ਦੇ ਜ਼ਿਲ੍ਹਾ ਜੱਜ ਨੇ ਇਹ ਪ੍ਰਮੁੱਖ ਨਿਯਮ ਨਿਰਧਾਰਿਤ ਕੀਤੇ[111]:

(ੳ) The committe must meet once in a quarter.

(ਅ) In the meetings of the committee seven members will form a quorum.

(ੲ) There must be a regular annual audit of the funds by a certified accountant.

(ਸ) It will be the function of the committee, subject to the approval of the Sarbarahkar, to appoint the different office bearers, namely, *granthi, pujari, ragi, ardasia, langri, chiragi, dhupia, sukhai and farashia* etc.

(ਹ) It must be distinctly understood that the prevailing religious customs and mode of worship in the shrine which is in accordance with Sanatan doctrines must be followed by the management.

(ਕ) The committee must frame its bye-laws.

(ਖ) They must meet on Sunday, the 3rd of August and frame bye-laws and submit the same for approval to Sarbarahkar and these bye-laws must be submitted to this court for final approval.

(ਗ) In the event of the death or resignation of any member of the committee the other member of the committee will appoint a successor.

19. ਬਾਬਾ ਕਰਤਾਰ ਸਿੰਘ ਬੇਦੀ (1930-1954): ਇਹ ਗੁਰੂ ਨਾਨਕ ਦੇਵ ਜੀ ਦੇ ਵੰਸ਼ਜ਼ ਸਨ। Religious Endowment Act XX, 1863 ਅਧੀਨ 26 ਜੁਲਾਈ 1930 ਨੂੰ ਪਟਨਾ ਦੇ ਜ਼ਿਲ੍ਹਾ ਜੱਜ ਨੇ ਇਹਨਾਂ ਨੂੰ ਤਖ਼ਤ ਸ੍ਰੀ ਪਟਨਾ ਸਾਹਿਬ ਦਾ ਮਹੰਤ

(ਸਰਬਰਾਹਕਾਰ) ਨਿਯੁਕਤ ਕਰ ਦਿੱਤਾ। 16 ਜੁਲਾਈ 1931 ਨੂੰ ਪਟਨਾ ਹਾਈ ਕੋਰਟ ਨੇ ਵੀ ਇਹਨਾਂ ਦੀ ਨਿਯੁਕਤੀ 'ਤੇ ਮੋਹਰ ਲਗਾ ਦਿੱਤੀ ਸੀ। ਮਹੰਤ ਮੁਕੰਦ ਸਿੰਘ ਤੋਂ ਬਾਅਦ ਜਦੋਂ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਮਹੰਤ ਕਰਤਾਰ ਸਿੰਘ ਬੇਦੀ ਦਾ ਕੇਸ ਅਦਾਲਤ ਵਿਚ ਚੱਲ ਰਿਹਾ ਸੀ ਤਾਂ ਉਸ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਚਾਰਕ ਗਿਆਨੀ ਗੁਰਬਚਨ ਸਿੰਘ ਉਥੇ ਮੌਜੂਦ ਸਨ। ਅੰਮ੍ਰਿਤਸਰ ਦੇ ਵਸਨੀਕ ਇਸ ਗੁਰਸਿੱਖ ਨੇ ਵੀ ਲੰਮਾ ਸਮਾਂ ਤਖ਼ਤ ਸ੍ਰੀ ਪਟਨਾ ਸਾਹਿਬ 'ਤੇ ਸੇਵਾ ਕੀਤੀ ਸੀ। ਆਪਣੀ ਸਵੈ-ਜੀਵਨੀ ਵਿਚ ਇਹ ਉਸ ਸਮੇਂ ਦੀਆਂ ਘਟਨਾਵਾਂ ਦਾ ਜ਼ਿਕਰ ਕਰਦੇ ਹਨ। ਮਹੰਤ ਕਰਤਾਰ ਸਿੰਘ ਬੇਦੀ ਦੀ ਨਿਯੁਕਤੀ ਅਤੇ ਕੋਰਟ ਕੇਸ ਸੰਬੰਧੀ ਇਹ ਲਿਖਦੇ ਹਨ:

> ਹਾਈ ਕੋਰਟ ਪਟਨਾ ਵਿਚ ਕੇਸ ਚਲ ਰਿਹਾ ਸੀ ਕਿ ਮਹੰਤ ਕਿਸ ਨੂੰ ਬਣਾਇਆ ਜਾਵੇ। ਕਈ ਇਕ ਉਮੀਦਵਾਰ ਸਨ ਉਹਨਾਂ ਵਿਚ ਬਾਵਾ ਮੰਗਲ ਸਿੰਘ ਦਾ ਵੱਡਾ ਭਾਈ ਅਤੇ ਸਰਮੁਖ ਸਿੰਘ ਭੀ ਸਨ। ਓਦੋਂ ਸਰਦਾਰ ਬਹਾਦਰ ਮਹਿਤਾਬ ਸਿੰਘ ਬਰਿਸਟਰ ਆਪਣੀ ਸ੍ਰੀਮਤੀ ਨੂੰ ਇਲਾਜ ਲਈ ਲਿਆਏ ਹੋਏ ਸਨ। ਉਹਨਾਂ ਨੇ ਭੀ ਪੰਥਕ ਪ੍ਰਬੰਧ ਹੇਠ ਤਖ਼ਤ ਸਾਹਿਬ ਨੂੰ ਲਿਆਉਣ ਲਈ ਬਹਿਸ ਕੀਤੀ। ਇਹ ਅਸਥਾਨ ਅਕਾਲੀਆਂ ਦਾ ਹੈ ਇਥੇ ਸ਼੍ਰੋਮਣੀ ਕਮੇਟੀ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਕਿਉਂਕਿ ਭਾਈ ਭਗਵਾਨ ਸਿੰਘ ਗ੍ਰੰਥੀ ਅਕਾਲੀ ਕਹਾਉਂਦਾ ਹੈ ਅਤੇ ਇਥੋਂ ਦੇ ਰਜਿਸਟਰਡ ਐਂਡੋਮੈਂਟ ਐਕਟ ਦੀ ਧਾਰਾ 19 ਅਨੁਸਾਰ ਅਕਾਲੀ ਹੀ ਪ੍ਰਬੰਧਕ ਹੋ ਸਕਦੇ ਹਨ। ਬਾਬੂ ਗੁਰਚਰਨ ਸਿੰਘ ਵਕੀਲ ਨੇ ਕਿਹਾ ਕਿ ਭਾਵੇਂ ਗ੍ਰੰਥੀ ਅਕਾਲੀ ਹਨ ਪਰ ਇਹ ਸਭ ਸਨਾਤਨੀ ਅਕਾਲੀ ਹਨ।... ਅਖੀਰ ਬਾਬਾ ਕਰਤਾਰ ਸਿੰਘ ਬੇਦੀ, ਬਾਬਾ ਖੇਮ ਸਿੰਘ ਬੇਦੀ ਦੇ ਪੁਤਰ ਨੂੰ 1931 ਵਿਚ ਸਰਬਰਾਹ ਮੁਕਰਰ ਕਰ ਦਿੱਤਾ ਗਿਆ।[112]

ਮਹੰਤ ਕਰਤਾਰ ਸਿੰਘ ਬੇਦੀ ਦੇ ਸਮੇਂ ਜਿਹੜੀ ਕਮੇਟੀ ਬਣੀ ਸੀ ਉਸ ਵਿਚ ਆਪਸੀ ਸਹਿਯੋਗ ਨਾ ਹੋਣ ਕਰਕੇ ਪ੍ਰਬੰਧ ਵਿਚ ਭਾਰੀ ਰੁਕਾਵਟ ਆਉਣ ਲੱਗੀ ਜਿਸ ਨਾਲ ਦਰਸ਼ਨ ਕਰਨ ਲਈ ਆਉਣ ਵਾਲੀ ਸੰਗਤ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਇਸ ਸਮੇਂ ਦੌਰਾਨ ਕੁੱਝ ਅਜਿਹੀਆਂ ਘਟਨਾਵਾਂ ਵਾਪਰ ਗਈਆਂ ਜਿਨ੍ਹਾਂ ਨੇ ਸਿੱਖਾਂ ਨੂੰ ਤਖ਼ਤ ਸਾਹਿਬ ਦੇ ਪ੍ਰਬੰਧ ਬਾਰੇ ਸੋਚਣ ਲਈ ਮਜਬੂਰ ਕਰ ਦਿੱਤਾ। ਬਹੁਤ ਸਾਰੇ ਸੂਝਵਾਨ ਸੱਜਣਾਂ ਨੇ ਕਮੇਟੀ ਨੂੰ ਸੰਗਤ ਦੀ ਸਹੂਲਤ ਲਈ ਸਹਿਯੋਗ ਦੇਣ ਅਤੇ ਪ੍ਰਬੰਧ ਨੂੰ ਸੁਚਾਰੂ ਰੂਪ ਵਿਚ ਚਲਾਉਣ ਦੀ ਬੇਨਤੀ ਕੀਤੀ ਪਰ ਕੋਈ ਗੱਲ ਨਾ ਬਣੀ। ਜਦੋਂ ਸਾਰੇ ਪਾਸਿਉਂ ਕੀਤੇ ਜਾਣ ਵਾਲੇ ਯਤਨ ਸਫ਼ਲ ਨਾ ਹੋ ਸਕੇ ਤਾਂ ਹਕੀਮ ਬਾਬਾ ਮੋਹਨ ਸਿੰਘ ਬੇਦੀ ਅਤੇ ਸ. ਲਖਮੀਰ ਸਿੰਘ ਨੇ ਪਟਨਾ ਦੇ ਜ਼ਿਲ੍ਹਾ ਜੱਜ ਕੋਲ ਪ੍ਰਬੰਧ ਦੇ ਸੁਧਾਰ ਲਈ ਅਰਜੀ ਦਾਖ਼ਲ ਕਰ ਦਿੱਤੀ। 13 ਜੁਲਾਈ 1936 ਨੂੰ ਜੱਜ ਸਾਹਿਬ ਨੇ ਫ਼ੈਸਲਾ ਸੁਣਾਉਂਦੇ ਹੋਏ 15 ਮੈਂਬਰੀ ਕਮੇਟੀ ਨੂੰ 5 ਮੈਂਬਰਾਂ ਦੀ ਇਕ ਨਿਗਰਾਨ ਕਮੇਟੀ

ਵਿਚ ਤਬਦੀਲ ਕਰ ਦਿੱਤਾ ਜਿਸ ਵਿਚ ਇਹ ਮੈਂਬਰ ਸ਼ਾਮਲ ਕੀਤੇ ਗਏ[113]:

1. ਬਾਬਾ ਜੱਸਾ ਸਿੰਘ ਜੀ ਬੇਦੀ ਕਲਕੱਤਾ, ਬੰਗਾਲ (ਸੰਗਤ) ਕਮੇਟੀ ਵੱਲੋਂ।
2. ਸ. ਸਰਮੁਖ ਸਿੰਘ, ਸਨਾਤਨੀ ਸਿੱਖ ਸਭਾ
3. ਸ. ਲਖਮੀਰ ਸਿੰਘ ਠੇਕੇਦਾਰ, ਜ਼ਿਲ੍ਹਾ ਜੱਜ ਦਾ ਨੁਮਾਇੰਦਾ।
4. ਸ. ਠਾਕਰ ਸਿੰਘ ਰੇਲਵੇ ਇੰਜਨੀਅਰ, ਦਾਨਾਪੁਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨੁਮਾਇੰਦੇ।
5. ਬਾਬਾ ਲੱਧਾ ਸਿੰਘ ਬੇਦੀ, ਕਲਕੱਤਾ।

ਇਸ ਕਮੇਟੀ ਨੇ ਬਾਵਾ ਕਰਤਾਰ ਸਿੰਘ, ਗੋਇੰਦਵਾਲ ਨੂੰ ਪ੍ਰਧਾਨ ਅਤੇ ਸ. ਅਜੀਤ ਸਿੰਘ ਨੂੰ ਮੈਨੇਜਰ ਨਿਯੁਕਤ ਕਰ ਦਿੱਤਾ। ਬਾਬਾ ਕਰਤਾਰ ਸਿੰਘ ਬੇਦੀ ਭਾਵੇਂ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਮਹੰਤ ਵੱਜੋਂ ਕਾਰਜ ਕਰ ਰਹੇ ਸਨ ਪਰ ਇਹਨਾਂ ਦਾ ਸਿੰਘ ਸਭਾਈ ਪ੍ਰਭਾਵ ਵਾਲੇ ਸਿੱਖਾਂ ਨਾਲ ਮਤਭੇਦ ਬਣਿਆ ਰਹਿੰਦਾ ਸੀ ਅਤੇ ਕਈ ਵਾਰੀ ਤਖ਼ਤ ਸਾਹਿਬ ਤੋਂ ਲੰਮਾ ਸਮਾਂ ਗੈਰ-ਹਾਜ਼ਰ ਰਹਿਣ ਕਾਰਨ ਪ੍ਰਬੰਧ ਵਿਚ ਵੀ ਢਿੱਲ ਪੈਦਾ ਹੋ ਜਾਂਦੀ ਸੀ। ਨਾਕਸ ਪ੍ਰਬੰਧਾਂ ਕਾਰਨ 14 ਦਸੰਬਰ 1954 ਨੂੰ ਬਾਬਾ ਕਰਤਾਰ ਸਿੰਘ ਬੇਦੀ ਨੂੰ ਹਟਾ ਕੇ ਪੰਜ ਮੈਂਬਰੀ ਕਮੇਟੀ ਭੰਗ ਕਰ ਦਿੱਤੀ ਗਈ। 17 ਦਸੰਬਰ 1955 ਨੂੰ 15 ਮੈਂਬਰੀ ਪ੍ਰਬੰਧਕ ਕਮੇਟੀ ਦਾ ਫਿਰ ਪੁਨਰ-ਗਠਨ ਕਰ ਦਿੱਤਾ।[114] ਤਖ਼ਤ ਸ੍ਰੀ ਪਟਨਾ ਸਾਹਿਬ ਦੇ ਦਰਸ਼ਨ ਕਰਨ ਲਈ ਆਉਣ ਵਾਲੀ ਸੰਗਤ ਦੀ ਸੁਵਿਧਾ ਦੇ ਪ੍ਰਬੰਧ ਕਰਨ ਦੀ ਜ਼ਿੰਮੇਵਾਰੀ ਪ੍ਰਬੰਧਕ ਕਮੇਟੀ ਦੀ ਸੀ ਅਤੇ ਧਾਰਮਿਕ ਮਰਯਾਦਾ ਨਿਭਾਉਣ ਦਾ ਕਾਰਜ ਮੁੱਖ ਗ੍ਰੰਥੀ ਸਾਹਿਬ ਕਰਦੇ ਸਨ।

20. ਭਾਈ ਮਾਨ ਸਿੰਘ (1958-2000): 14 ਮਾਰਚ 1906 ਨੂੰ ਜਨਮੇ ਭਾਈ ਮਾਨ ਸਿੰਘ ਨੇ ਚਾਲੀ ਸਾਲ ਤੋਂ ਵਧੇਰੇ ਸਮਾਂ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਸੇਵਾ-ਸੰਭਾਲ ਕੀਤੀ। ਬਾਬਾ ਕਰਤਾਰ ਸਿੰਘ ਬੇਦੀ ਦੇ ਜਾਣ ਤੋਂ ਬਾਅਦ ਇਹ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਮੁੱਖ ਗ੍ਰੰਥੀ ਦੀ ਸੇਵਾ ਨਿਭਾਉਂਦੇ ਰਹੇ। 4 ਮਈ 1958 ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੀ ਮੀਟਿੰਗ ਹੋਈ ਜਿਸ ਵਿਚ ਤਖ਼ਤ ਸਾਹਿਬ ਦੇ ਜਥੇਦਾਰ ਦੀ ਪੋਸਟ ਰੱਖੀ ਗਈ ਜੋ ਭਰੀ ਨਹੀਂ ਗਈ ਅਤੇ ਇਹ ਸੇਵਾ ਭਾਈ ਮਾਨ ਸਿੰਘ ਜੀ ਹੈਡ ਗ੍ਰੰਥੀ ਸਾਹਿਬ ਹੀ ਨਿਭਾਉਂਦੇ ਰਹੇ।[115] 17.01.1997 ਨੂੰ ਇਹਨਾਂ ਵੱਲੋਂ ਇਕ ਹੁਕਮਨਾਮਾ ਵੀ ਜਾਰੀ ਕੀਤਾ ਹੋਇਆ ਮਿਲਦਾ ਹੈ ਜਿਸ ਵਿਚ ਪੰਜ ਪਿਆਰਿਆਂ ਦੀ ਅਗਿਆ ਤੋਂ ਬਿਨਾਂ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਅੰਦਰ ਕੋਈ ਵੀ ਤਬਦੀਲੀ ਨਾ ਕਰਨ ਦਾ ਆਦੇਸ਼ ਜਾਰੀ ਕੀਤਾ ਹੋਇਆ ਹੈ। ਇਸ ਹੱਥ-ਲਿਖਤ ਹੁਕਮਨਾਮੇ 'ਤੇ ਭਾਈ ਮਾਨ ਸਿੰਘ, ਭਾਈ ਇਕਬਾਲ ਸਿੰਘ, ਭਾਈ ਰਾਜਿੰਦਰ ਸਿੰਘ, ਭਾਈ ਬਲਦੇਵ ਸਿੰਘ ਅਤੇ ਭਾਈ ਜਸਵੰਤ ਸਿੰਘ ਦੇ ਦਸਖਤ ਹਨ।

ਭਾਈ ਮਾਨ ਸਿੰਘ ਬਾਰੇ ਮਹੱਤਵਪੂਰਨ ਜਾਣਕਾਰੀ ਸ. ਰਾਮ ਰਤਨ ਸਿੰਘ ਅਕੇਲਾ[116] ਨੇ ਦਿੱਤੀ। ਇਹਨਾਂ ਦੱਸਿਆ ਕਿ ਜਦੋਂ ਭਾਈ ਮਾਨ ਸਿੰਘ ਜੀ ਇਥੇ ਆਏ ਤਾਂ ਉਸ ਸਮੇਂ

ਕੇਵਲ 15 ਸਿੱਖ ਹੀ ਗੁਰਦੁਆਰਾ ਸਾਹਿਬ ਵਿਖੇ ਰਹਿੰਦੇ ਸਨ। ਬਾਹਰ ਵੀ ਸਿੱਖ ਵੱਸੋਂ ਬਹੁਤ ਘੱਟ ਸੀ। ਸੰਤ ਨਿਸਚਲ ਸਿੰਘ ਜੀ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕੇ ਭਾਈ ਸਾਹਿਬ 1941 ਵਿਚ ਸਿੱਖੀ ਵਿਚ ਪ੍ਰਵੇਸ਼ ਕੀਤੇ ਸਨ ਅਤੇ ਉਹਨਾਂ ਦੀ ਆਦੇਸ਼ ਅਨੁਸਾਰ ਹੀ ਗੁਰਦੁਆਰਾ ਸਾਹਿਬ ਦੀ ਸੇਵਾ ਕਰਨ ਲੱਗੇ ਸਨ। ਪਹਿਲਾਂ ਉਹਨਾਂ ਨੂੰ 15 ਰੁਪਏ ਮਹੀਨਾ ਮਿਲਦਾ ਸੀ ਜਿਹੜਾ ਕਿ ਬਾਅਦ ਵਿਚ 50 ਰੁਪਏ ਮਹੀਨਾ ਕਰ ਦਿੱਤਾ ਗਿਆ। ਭਾਈ ਮਾਨ ਸਿੰਘ ਜੀ ਮੁੱਖ ਗ੍ਰੰਥੀ ਵੱਜੋਂ ਜਥੇਦਾਰ ਸਾਹਿਬ ਦੀਆਂ ਸੇਵਾਵਾਂ ਨਿਭਾਉਂਦੇ ਰਹੇ। ਇਹਨਾਂ ਦੀ ਇਕ ਹੀ ਲੜਕੀ ਸੀ। ਇਹਨਾਂ ਦਾ ਦੋਹਤਰਾ ਸ. ਚਰਨਜੀਤ ਸਿੰਘ ਅਕਾਸ਼ਵਾਣੀ ਪਟਨਾ ਵਿਖੇ ਨੌਕਰੀ ਕਰਦਾ ਹੈ।

14 ਅਗਸਤ 2000 ਨੂੰ ਭਾਈ ਮਾਨ ਸਿੰਘ ਜੀ ਦੇ ਅਕਾਲ ਚਲਾਣਾ ਕਰ ਜਾਣ ਕਾਰਨ ਸੰਗਤ ਵਿਚ ਉਦਾਸੀ ਛਾ ਗਈ ਸੀ। ਲੰਮੇ ਸਮੇਂ ਤੱਕ ਤਖ਼ਤ ਸਾਹਿਬ ਦੀ ਸੇਵਾ-ਸੰਭਾਲ ਅਤੇ ਸੰਗਤ ਨਾਲ ਪਿਆਰ ਨੇ ਇਹਨਾਂ ਦੀ ਇਲਾਕੇ ਵਿਚ ਵਿਸ਼ੇਸ਼ ਪਛਾਣ ਕਾਇਮ ਕਰ ਦਿੱਤੀ ਸੀ। ਇਹਨਾਂ ਦੀ ਸ਼ਖ਼ਸੀਅਤ ਦਾ ਇਕ ਨਿਜੀ ਪ੍ਰਗਟਾਵਾ ਕਰਦੇ ਹੋਏ ਮੇਜਰ ਮਨਜੀਤ ਸਿੰਘ ਸਰਲਾ ਲਿਖਦੇ ਹਨ:

> It just sounds like yesterday, when my family and I would go and see him, and how warmly he would welcome and bless us. I remember that wonderful unselfish attitude of distributing his share of fruits and eatables amongst children. I remember how beautifully he would carry his breath during the ‘Ardas’, even after stammering so much. I remember those wonderful anecdotes that he would come out with, on those lovely Sunday afternoons. I remember how even during the biting winter cold in December he would perform his daily chores and Gurdwara duties with an innocent look. I remember the time he would spend sitting on the stairs noticing children play around him just before dusk... That was Bhai Man Singh Ji, who expressed his love for humanity in his own silent way.”[117]

21. ਜਥੇਦਾਰ ਗਿਆਨੀ ਇਕਬਾਲ ਸਿੰਘ: ਗਿਆਨੀ ਇਕਬਾਲ ਸਿੰਘ ਜੀ ਨੇ 1985 ਵਿਚ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਸੇਵਾ ਅਰੰਭ ਕੀਤੀ ਅਤੇ ਭਾਈ ਮਾਨ ਸਿੰਘ ਜੀ ਦੇ ਅਕਾਲ ਚਲਾਣੇ ਉਪਰੰਤ 24.08.2000 ਨੂੰ ਇਹਨਾਂ ਨੂੰ ਉਥੋਂ ਦੀ ਕਮੇਟੀ ਨੇ ਜਥੇਦਾਰ ਦੀ ਸੇਵਾ ਸੌਂਪ ਦਿੱਤੀ ਗਈ। ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਇਹ ਪਹਿਲੀ ਸ਼ਖ਼ਸੀਅਤ ਸਨ ਜਿਨ੍ਹਾਂ ਦੀ ਜਥੇਦਾਰ ਵੱਜੋਂ ਨਿਯੁਕਤੀ ਕੀਤੀ ਗਈ ਸੀ।

ਤਖ਼ਤ ਸਾਹਿਬ ਅਤੇ ਇਥੇ ਚੱਲਦੀਆਂ ਹੋਰਨਾਂ ਗਤੀਵਿਧੀਆਂ ਸੰਬੰਧੀ ਇਹਨਾਂ ਨੇ ਜਿਹੜੀ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕੀਤੀ, ਇਥੇ ਉਹ ਦਿੱਤੀ ਜਾ ਰਹੀ ਹੈ।

ਤਖ਼ਤ ਸਾਹਿਬ ਸੰਬੰਧੀ: 1984-85 ਵਿਚ ਦਰਸ਼ਨ ਕਰਨ ਇਥੇ ਆਏ ਤਾਂ ਦੇਖਿਆ ਕਿ ਨਵੰਬਰ 1984 ਦੀ ਘਟਨਾ ਉਪਰੰਤ ਪੰਜਾਬ ਦੇ ਸਮੂਹ ਗ੍ਰੰਥੀ ਇਥੋਂ ਛੱਡ ਕੇ ਵਾਪਸ ਪੰਜਾਬ ਚਲੇ ਗਏ ਸਨ। ਭਾਈ ਮਾਨ ਸਿੰਘ ਜੀ ਅਤੇ ਬਿਹਾਰ ਨਾਲ ਸੰਬੰਧਿਤ ਕੁੱਝ ਹੋਰ ਸੱਜਣ ਇਥੇ ਰਹਿ ਰਹੇ ਸਨ। ਪ੍ਰਬੰਧ ਦੀ ਹਾਲਤ ਵਿਚ ਬਹੁਤ ਨਿਘਾਰ ਆ ਗਿਆ ਸੀ। ਇਥੋਂ ਤੱਕ ਕਿ ਸਟਾਫ਼ ਦੀਆਂ ਤਨਖਾਹਾਂ ਵੀ ਕਈ-ਕਈ ਮਹੀਨੇ ਬਾਅਦ ਮਿਲਦੀਆਂ ਸਨ। ਕਮੇਟੀ ਬੈਂਕ ਤੋਂ ਓਵਰ ਡਰਾਫਟ ਨਾਲ ਇਥੋਂ ਦਾ ਪ੍ਰਬੰਧ ਚਲਾ ਰਹੀ ਸੀ। ਜਦੋਂ ਸਾਲ ਭਰ ਇਸ ਤਰ੍ਹਾਂ ਚੱਲਦਾ ਰਿਹਾ ਤਾਂ ਇਕ ਦਿਨ ਕਮੇਟੀ ਨਾਲ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਮਾਇਕ ਹਾਲਤ ਸੰਬੰਧੀ ਵਿਚਾਰ ਹੋਇਆ। ਪ੍ਰਬੰਧਕ ਕਮੇਟੀ ਨੇ ਬੇਨਤੀ ਕੀਤੀ ਕਿ ਜੇਕਰ ਪੰਜਾਬ ਅਤੇ ਭਾਰਤ ਦੇ ਹੋਰਨਾਂ ਹਿੱਸਿਆਂ ਤੋਂ ਸੰਗਤ ਇਥੇ ਆਉਣ ਲੱਗ ਪਵੇ ਤਾਂ ਮਾਇਕ ਪ੍ਰਬੰਧ ਵਿਚ ਸੁਧਾਰ ਹੋ ਸਕਦਾ ਹੈ। ਕਮੇਟੀ ਨੇ ਇਸ ਕਾਰਜ ਲਈ ਯਤਨ ਕਰਨ ਦੀ ਬੇਨਤੀ ਕੀਤੀ ਤਾਂ ਪੰਜਾਬ ਵਿਚ ਜਿਹੜੇ ਸੰਤਾਂ-ਮਹਾਂਪੁਰਸ਼ਾਂ ਨਾਲ ਮੇਲ-ਮਿਲਾਪ ਅਤੇ ਪ੍ਰੇਮ-ਭਾਵ ਸੀ ਉਹਨਾਂ ਨਾਲ ਅਤੇ ਸੰਗਤ ਨਾਲ ਵਿਚਾਰ ਕਰਨੀ ਅਰੰਭ ਕਰ ਦਿੱਤੀ। ਹਰ ਥਾਂ ਹੋਣ ਵਾਲੇ ਸਮਾਗਮਾਂ ਵਿਚ ਸੰਗਤ ਨੂੰ ਪਟਨਾ ਸਾਹਿਬ ਦੇ ਦਰਸ਼ਨ ਦੀਦਾਰੇ ਕਰਨ ਦੀ ਪ੍ਰੇਰਨਾ ਅਰੰਭ ਕਰ ਦਿੱਤੀ। ਹੌਲੀ-ਹੌਲੀ ਇਹਨਾਂ ਬੇਨਤੀਆਂ ਦਾ ਅਸਰ ਸਾਹਮਣੇ ਆਉਣ ਲੱਗਿਆ ਅਤੇ ਸੰਗਤ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਦਰਸ਼ਨ ਕਰਨ ਲਈ ਆਉਣ ਲੱਗੀ। ਇਹ ਦਸਮ ਪਿਤਾ ਦਾ ਅਸਥਾਨ ਹੈ, ਸ਼ੁਭ ਕਾਰਜ ਵਿਚ ਗੁਰੂ ਜੀ ਆਪ ਸਹਾਈ ਹੁੰਦੇ ਹਨ।

ਇਸੇ ਦਿਸ਼ਾ ਵੱਲ ਯਤਨ ਕਰਦੇ ਹੋਏ ਇਕ ਵਾਰੀ ਅਮਰੀਕਾ ਦੇ ਧਨਾਢ ਸਿੱਖ ਸ. ਦੀਦਾਰ ਸਿੰਘ ਬੈਂਸ ਨਾਲ ਮੁਲਾਕਾਤ ਹੋਈ ਅਤੇ ਉਹਨਾਂ ਨੂੰ ਤਖ਼ਤ ਸ੍ਰੀ ਪਟਨਾ ਸਾਹਿਬ ’ਤੇ ਪੇਸ਼ ਆਉਂਦੀਆਂ ਔਕੜਾਂ ਬਾਰੇ ਜਾਣਕਾਰੀ ਦਿੱਤੀ। ਉਹਨਾਂ ਪੰਜਾਬ ਵਿਚ ਪਈ ਆਪਣੀ ਥੋੜ੍ਹੀ ਜਿਹੀ ਜ਼ਮੀਨ ਵੇਚ ਕੇ ਤਖ਼ਤ ਸਾਹਿਬ ਦਾ ਪ੍ਰਬੰਧ ਚਲਾਉਣ ਦੀ ਸਲਾਹ ਦਿੱਤੀ। ਜ਼ਮੀਨ ਬਹੁਤ ਮਹਿੰਗੇ ਮੁੱਲ ਵਿਕੀ ਅਤੇ ਇਸ ਤੋਂ ਪ੍ਰਾਪਤ ਹੋਈ ਲਗਪਗ ਇਕ ਕਰੋੜ ਰੁਪਏ ਦੀ ਰਕਮ ਦੀ ਐਫ.ਡੀ. ਕਰਵਾ ਦਿੱਤੀ। ਇਸ ਦੇ ਵਿਆਜ ਤੋਂ ਜਿਹੜਾ ਪੈਸਾ ਮਿਲਦਾ ਸੀ ਉਹ ਤਖ਼ਤ ਸ੍ਰੀ ਪਟਨਾ ਸਾਹਿਬ ਦਾ ਪ੍ਰਬੰਧ ਚਲਾਉਣ ਲਈ ਵਰਤਿਆ ਜਾਣ ਲੱਗਿਆ। ਇਸ ਤੋਂ ਬਾਅਦ ਤਖ਼ਤ ਸਾਹਿਬ ਦੀ ਮਾਇਕ ਹਾਲਤ ਵਿਚ ਸੁਧਾਰ ਹੋਣ ਲੱਗਿਆ।

ਤਖ਼ਤ ਸ੍ਰੀ ਪਟਨਾ ਸਾਹਿਬ ਦੇ ਦਰਬਾਰ ਹਾਲ ਦੀ ਅੰਦਰਲੀ ਦਿੱਖ ਸੁੰਦਰ ਬਣਾਉਣ ਸੰਬੰਧੀ ਵਿਚਾਰ ਬਹੁਤ ਸਮੇਂ ਤੋਂ ਮਨ ਵਿਚ ਚੱਲ ਰਿਹਾ ਸੀ। ਛੱਤ ’ਤੇ ਲੱਗੇ ਹੋਏ ਸ਼ੀਸ਼ੇ ਦੇ ਟੁੱਕੜੇ ਹੇਠਾਂ ਡਿੱਗ ਪੈਂਦੇ ਸਨ ਅਤੇ ਕਈ ਵਾਰੀ ਪੈਰ ਵੀ ਜ਼ਖ਼ਮੀ ਹੋ ਜਾਂਦੇ ਸਨ। 2008 ਵਿਚ ਸ੍ਰੀ ਹਜ਼ੂਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਦੀ

ਤੀਜੀ ਸ਼ਤਾਬਦੀ ਸੰਬੰਧੀ ਸਮਾਗਮਾਂ ਵਿਚ ਹਿੱਸਾ ਲੈਣ ਦਾ ਸੁਭਾਗ ਪ੍ਰਾਪਤ ਹੋਇਆ ਤਾਂ ਬੈਠੇ-ਬੈਠੇ ਮਨ ਵਿਚ ਫੁਰਨਾ ਆਇਆ ਕਿ ਦਸਮੇਸ਼ ਪਿਤਾ ਦੇ ਜਨਮ ਅਸਥਾਨ ਦੀਆਂ ਇਮਾਰਤਾਂ ਦੀ ਕਾਰ-ਸੇਵਾ ਵੀ ਹੋਣੀ ਚਾਹੀਦੀ ਹੈ। ਜਦੋਂ ਮੰਚ ਤੋਂ ਸੰਗਤ ਨਾਲ ਵਿਚਾਰ ਸਾਂਝੇ ਕਰਨ ਦਾ ਸਮਾਂ ਮਿਲਿਆ ਤਾਂ ਇਹ ਐਲਾਨ ਕਰ ਦਿੱਤਾ ਕਿ ਗੁਰੂ ਗੋਬਿੰਦ ਸਿੰਘ ਜੀ ਦਾ 350 ਸਾਲਾ ਪ੍ਰਕਾਸ਼ ਪੁਰਬ 2017 ਵਿਚ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਮਨਾਇਆ ਜਾਵੇਗਾ ਅਤੇ ਸਮੁੱਚੀ ਸਿੱਖ ਸੰਗਤ ਨੂੰ ਉਸ ਸਮਾਗਮ ਵਿਚ ਹਿੱਸਾ ਲੈਣ ਦੀ ਬੇਨਤੀ ਕਰ ਦਿੱਤੀ। ਇਸ ਐਲਾਨ ਨਾਲ ਮਨ ਵਿਚ ਭਾਰੀ ਜ਼ਿੰਮੇਵਾਰੀ ਦਾ ਅਹਿਸਾਸ ਵੀ ਪੈਦਾ ਹੋਇਆ ਕਿ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਕਮੇਟੀ ਅਤੇ ਸਰਕਾਰ ਵੱਲੋਂ ਸਾਂਝੇ ਤੌਰ ’ਤੇ ਕਾਰਜ ਕਰਦੇ ਹੋਏ ਸੰਗਤ ਦੀ ਸੁਵਿਧਾ ਲਈ ਵੱਡੇ ਪੱਧਰ ’ਤੇ ਪ੍ਰਬੰਧ ਕੀਤੇ ਗਏ ਹਨ ਪਰ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਅਜਿਹੇ ਪ੍ਰਬੰਧ ਕਿਵੇਂ ਸੰਭਵ ਹੋਣਗੇ? ਗੁਰੂ ਅੱਗੇ ਅਰਦਾਸ ਕਰਕੇ ਇਹ ਕਾਰਜ ਅਰੰਭ ਕਰ ਦਿੱਤਾ ਅਤੇ ਉਸ ਦਿਨ ਤੋਂ ਬਾਅਦ ਜਿਥੇ ਵੀ ਵਿਚਾਰ ਸਾਂਝੇ ਕਰਨ ਦਾ ਮੌਕਾ ਮਿਲਦਾ, ਪਟਨਾ ਸਾਹਿਬ ਵਿਖੇ ਮਨਾਈ ਜਾਣ ਵਾਲੀ ਸ਼ਤਾਬਦੀ ਸੰਬੰਧੀ ਸੰਗਤ ਨੂੰ ਸੁਚੇਤ ਕੀਤਾ ਜਾਂਦਾ। ਇਸ ਸੰਬੰਧ ਵਿਚ ਬਿਹਾਰ ਸਰਕਾਰ ਦੇ ਮੁੱਖ ਮੰਤਰੀ ਸ੍ਰੀ ਨੀਤਿਸ਼ ਕੁਮਾਰ ਨਾਲ ਮੁਲਾਕਾਤ ਕੀਤੀ ਗਈ, ਚੰਗੇ ਭਾਗੀਂ ਉਹ ਪਹਿਲਾਂ ਹੀ ਇਸ ਕਾਰਜ ਕਰਨ ਦਾ ਮਨ ਬਣਾਈ ਬੈਠੇ ਸਨ। ਸਰਕਾਰ ਦੇ ਸਕਾਰਾਤਮਿਕ ਰੁਖ ਕਾਰਨ ਸਮੂਹ ਕਾਰਜ ਸੁਖਾਲੇ ਹੁੰਦੇ ਜਾਪਣ ਲੱਗੇ। ਸਰਕਾਰ ਨੇ ਪੂਰੇ ਤਨ, ਮਨ, ਧਨ ਨਾਲ ਇਸ ਸ਼ਤਾਬਦੀ ਨੂੰ ਸਿਰੇ ਚੜ੍ਹਾਉਣ ਵਿਚ ਯੋਗਦਾਨ ਪਾਇਆ। ਤਖ਼ਤ ਸ੍ਰੀ ਪਟਨਾ ਸਾਹਿਬ ਦੀ ਇਮਾਰਤ ਨੂੰ ਛੱਡ ਕੇ ਬਾਕੀ ਸਮੂਹ ਇਮਾਰਤਾਂ ਦੀ ਕਾਰ ਸੇਵਾ ਅਰੰਭ ਹੋ ਗਈ। ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ, ਯੂ.ਕੇ ਅਤੇ ਬਾਬਾ ਹਰਬੰਸ ਸਿੰਘ ਕਾਰ-ਸੇਵਾ ਦਿੱਲੀ ਵਾਲਿਆਂ ਦੇ ਸਹਿਯੋਗ ਨਾਲ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਆਉਣ ਵਾਲੀ ਸੰਗਤ ਲਈ ਆਲੀਸ਼ਾਨ ਏ.ਸੀ. ਅਤੇ ਨਾਨ-ਏ.ਸੀ. ਕਮਰਿਆਂ ਦੀ ਉਸਾਰੀ ਕਰ ਦਿੱਤੀ ਗਈ। ਦਰਬਾਰ ਹਾਲ ਦੇ ਕੇਂਦਰੀ ਅਸਥਾਨ ਵਿਖੇ ਸਾਗਵਾਨ ਦੇ ਦਰਵਾਜਿਆਂ ਨੂੰ ਸੋਨਾ ਲਗਾਉਣ ਦੀ ਸੇਵਾ ਕੀਤੀ ਗਈ ਅਤੇ ਦਰਬਾਰ ਹਾਲ ਦੇ ਅੰਦਰ ਦੀ ਦਿੱਖ ਨੂੰ ਸੁੰਦਰ ਬਣਾਉਣ ਦਾ ਕਾਰਜ ਕੀਤਾ ਗਿਆ ਹੈ। ਬਾਕੀ ਇਮਾਰਤ ਪੁਰਾਣੀ ਹੈ, ਉਸ ਵਿਚ ਕੋਈ ਬਦਲਾਉ ਨਹੀਂ ਕੀਤਾ ਗਿਆ।

ਤਖ਼ਤ ਸ੍ਰੀ ਪਟਨਾ ਸਾਹਿਬ ਦੇ ਆਲੇ-ਦੁਆਲੇ ਦੀ ਦਿੱਖ ਸੁਧਾਰਨ ਲਈ ਸਰਕਾਰ ਵੱਲੋਂ ਵੀ ਪੂਰਨ ਦ੍ਰਿੜਤਾ ਨਾਲ ਕਾਰਜ ਕੀਤੇ ਗਏ। ਮੁੱਖ ਮੰਤਰੀ ਸ੍ਰੀ ਨੀਤਿਸ਼ ਕੁਮਾਰ ਆਪ ਸਮੂਹ ਕਾਰਜਾਂ ਦੀ ਨਿਗਰਾਨੀ ਕਰਨ ਲੱਗੇ ਅਤੇ ਹਫ਼ਤੇ ਵਿਚ ਦੋ-ਤਿੰਨ ਵਾਰੀ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਦਰਸ਼ਨ ਕਰਨ ਲਈ ਆਉਣ ਲੱਗੇ ਅਤੇ ਨਾਲ ਹੀ ਚੱਲ ਰਹੇ ਕਾਰਜਾਂ ਦੀ ਨਿਗਰਾਨੀ ਕਰ ਜਾਂਦੇ। ਮੁੱਖ ਮੰਤਰੀ ਸਾਹਿਬ ਵੱਲੋਂ ਇਕ ਇਹ ਸੰਦੇਸ਼ ਦਿੱਤਾ ਜਾ ਰਿਹਾ ਸੀ ਕਿ ਦਸਮੇਸ਼ ਪਿਤਾ ਜੀ ਦਾ ਪ੍ਰਕਾਸ਼ ਸਾਡੇ ਗ੍ਰਹਿ ਪਟਨਾ ਸਾਹਿਬ ਵਿਖੇ ਹੋਇਆ ਹੈ ਅਤੇ ਇਸ ਮੌਕੇ ਆਉਣ ਵਾਲੀ ਸੰਗਤ ਸਾਡੀ ਮਹਿਮਾਨ ਹੈ।

'ਅਤਿਥੀ ਦੇਵੋ ਭਵਹ' ਦੀ ਭਾਵਨਾ ਅਨੁਸਾਰ ਸੰਗਤ ਦੀ ਸੇਵਾ ਵਿਚ ਕਿਸੇ ਪ੍ਰਕਾਰ ਦੀ ਕੋਈ ਵੀ ਕਮੀ ਨਹੀਂ ਰਹਿਣੀ ਚਾਹੀਦੀ। ਅਖ਼ੀਰ ਸ਼ਤਾਬਦੀ ਸਮਾਗਮ ਸਫ਼ਲਤਾ ਪੂਰਵਕ ਸਿਰੇ ਚੜ੍ਹੇ। ਦੇਸ਼-ਵਿਦੇਸ਼ ਦੀਆਂ ਸੰਗਤਾਂ ਅਤੇ ਗੁਰਦੁਆਰਾ ਕਮੇਟੀਆਂ ਦੇ ਮਨ ਵਿਚ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਦਰਸ਼ਨ ਕਰਨ ਦਾ ਜੋਸ਼ ਅਤੇ ਉਤਸ਼ਾਹ ਪੈਦਾ ਹੋ ਗਿਆ। ਸ਼ਤਾਬਦੀ ਉਪਰੰਤ ਬਿਹਾਰ ਸੰਬੰਧੀ ਜਿਹੜੇ ਭਰਮ-ਭੁਲੇਖੇ ਸੰਗਤ ਦੇ ਮਨ ਵਿਚ ਪਾਏ ਜਾਂਦੇ ਸਨ, ਉਹ ਸਭ ਦੂਰ ਹੋ ਗਏ ਹਨ। ਮੌਜੂਦਾ ਸਮੇਂ ਵਿਚ ਪਹਿਲਾਂ ਨਾਲੋਂ ਕਈ ਗੁਣਾਂ ਵਧੇਰੇ ਦਰਸ਼ਨ ਕਰਨ ਲਈ ਆਉਣ ਵਾਲੀ ਸੰਗਤ ਵਿਚ ਵਾਧਾ ਹੋਇਆ ਹੈ।

ਮਰਯਾਦਾ ਸੰਬੰਧੀ: ਤਖ਼ਤ ਸ੍ਰੀ ਪਟਨਾ ਸਾਹਿਬ ਦੀ ਮਰਯਾਦਾ ਨਿਯਮ ਅਨੁਸਾਰ ਨਿਭਾਈ ਜਾ ਰਹੀ ਹੈ। ਮੌਜੂਦਾ ਸਮੇਂ ਵਿਚ ਜਿਹੜੀ ਮਰਯਾਦਾ ਚੱਲ ਰਹੀ ਹੈ ਇਹ ਪੁਰਾਤਨ ਮਰਯਾਦਾ ਦਾ ਹੀ ਰੂਪ ਹੈ, ਕੇਵਲ ਸੰਖ ਵਜਾਉਣ ਦੀ ਪ੍ਰਥਾ ਬੰਦ ਹੋਈ ਹੈ। ਰੋਜ਼ਾਨਾ ਦੀ ਮਰਯਾਦਾ ਵਿਚ ਤਖ਼ਤ ਸਾਹਿਬ ਦਾ ਨਿਤਨੇਮ ਸਵੇਰੇ 1:00 ਵਜੇ ਹੀ ਅਰੰਭ ਹੋ ਜਾਂਦਾ ਹੈ ਜਿਸ ਵਿਚ ਪਹਿਲਾਂ ਸੁਖਮਨੀ ਸਾਹਿਬ, ਫਿਰ ਜਪੁਜੀ ਸਾਹਿਬ, ਜਾਪ ਸਾਹਿਬ, ਸਵੱਈਏ, ਚੌਪਈ ਸਾਹਿਬ, ਅਨੰਦ ਸਾਹਿਬ ਆਦਿ ਬਾਣੀਆਂ ਦਾ ਪਾਠ ਹੁੰਦਾ ਹੈ। ਅੰਮ੍ਰਿਤ ਵੇਲੇ ਨਿਤਨੇਮ ਕਰਨ ਉਪਰੰਤ ਲਗਪਗ 2:15 ਵਜੇ ਸਵੇਰੇ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਸੇਵਾ ਵਿਚ ਜਾਣ ਦਾ ਨਿਯਮ ਨਿਰੰਤਰ ਚੱਲ ਰਿਹਾ ਹੈ। 2:50 ਵਜੇ ਸਵੇਰੇ ਇਹ ਕਾਰਜ ਸੰਪੂਰਨ ਕਰਕੇ ਤਖ਼ਤ ਸਾਹਿਬ ਦੇ ਕੇਂਦਰੀ ਅਸਥਾਨ ਦੇ ਦਰਵਾਜੇ ਖੁੱਲ੍ਹਦੇ ਹਨ। ਇਸ ਤੋਂ ਬਾਅਦ ਸਪੀਕਰ ਰਾਹੀਂ ਜਪੁਜੀ ਸਾਹਿਬ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹੋਰਨਾਂ ਬਾਣੀਆਂ ਦਾ ਪਾਠ ਕੀਤਾ ਜਾਂਦਾ ਹੈ। ਇਸ ਸਮੇਂ ਦੌਰਾਨ ਤਖ਼ਤ ਸਾਹਿਬ ਨੂੰ ਇਸ਼ਨਾਨ ਕਰਵਾਇਆ ਅਤੇ ਸੁਕਾਇਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਵਾਰ ਸਰੂਪ ਦਾ ਪ੍ਰਕਾਸ਼ ਅਤੇ ਹੁਕਮਨਾਮਾ ਲੈਣ ਦੀ ਮਰਯਾਦਾ ਹੈ। ਸ੍ਰੀ ਦਸਮ ਗ੍ਰੰਥ ਦਾ ਪ੍ਰਕਾਸ਼ ਵੀ ਕੀਤਾ ਜਾਂਦਾ ਹੈ। 3:45 ਵਜੇ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਅਰੰਭ ਹੋ ਜਾਂਦਾ ਹੈ। 7:30 ਤੋਂ 8:30 ਵਜੇ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲੜੀਵਾਰ ਕਥਾ ਹੁੰਦੀ ਹੈ। ਅਰਦਾਸ ਉਪਰੰਤ ਸੰਗਤ ਨੂੰ ਗੁਰੂ ਸਾਹਿਬਾਨ ਦੀਆਂ ਨਿਸ਼ਾਨੀਆਂ ਦੇ ਦਰਸ਼ਨ ਕਰਵਾਏ ਜਾਂਦੇ ਹਨ। 9:00 ਤੋਂ ਲੈ ਕੇ 12:30 ਵਜੇ ਤੱਕ ਕੀਰਤਨ ਚੱਲਦਾ ਹੈ। ਸ਼ਾਮ ਨੂੰ 3:30 ਵਜੇ ਫਿਰ ਕੀਰਤਨ ਅਰੰਭ ਹੋ ਜਾਂਦਾ ਹੈ। ਸ਼ਾਮ ਨੂੰ ਰਹਿਰਾਸ, ਆਰਤੀ ਦੇ ਨਾਲ-ਨਾਲ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਇਕ ਘੰਟਾ ਕਥਾ ਹੁੰਦੀ ਹੈ। 8:30 ਵਜੇ ਸਮਾਪਤੀ ਉਪਰੰਤ ਸੰਗਤ ਵੱਲੋਂ ਸ਼ਬਦ-ਚੌਂਕੀ ਕੀਤੀ ਜਾਂਦੀ ਹੈ। ਲਗਪਗ 9:30-10:00 ਵਜੇ ਸ਼ਬਦ ਕੀਰਤਨ ਦੀ ਚੌਕੀ ਉਪਰੰਤ ਤਖ਼ਤ ਸ੍ਰੀ ਹਰਿੰਮਦਰ ਸਾਹਿਬ ਦੇ ਮੁੱਖ ਅਸਥਾਨ ਦੇ ਦਰਵਾਜ਼ੇ ਬੰਦ ਕਰ ਦਿੱਤੇ ਜਾਂਦੇ ਹਨ, ਦਰਬਾਰ ਹਾਲ ਖੁੱਲ੍ਹਾ ਰਹਿੰਦਾ ਹੈ। ਇਹੀ ਮਰਯਾਦਾ ਸਾਰਾ ਸਾਲ ਚੱਲਦੀ ਰਹਿੰਦੀ ਹੈ ਪਰ 1 ਅਕਤੂਬਰ ਤੋਂ 31 ਮਾਰਚ ਅਤੇ 1 ਅਪ੍ਰੈਲ ਤੋਂ 30 ਸਤੰਬਰ ਦੌਰਾਨ ਮੌਸਮ ਅਨੁਸਾਰ ਤਖ਼ਤ ਸਾਹਿਬ ਦੀ ਸੇਵਾ ਵਿਚ ਅੱਧੇ ਘੰਟੇ ਦੀ ਤਬਦੀਲੀ ਕੀਤੀ ਜਾਂਦੀ ਹੈ। ਇਥੇ ਸੇਵਾ

ਕਰਨ ਵਾਲੇ ਬਹੁਤੇ ਗ੍ਰੰਥੀ ਪੰਜਾਬ ਦੀਆਂ ਗੁਰਮਤਿ ਟਕਸਾਲਾਂ ਤੋਂ ਵਿੱਦਿਆ ਪ੍ਰਾਪਤ ਕਰਕੇ ਆਏ ਹਨ।

ਗ੍ਰੰਥਾਂ ਸੰਬੰਧੀ: ਪੰਜਾਬ ਤੋਂ ਪਟਨਾ ਸਾਹਿਬ ਆਉਣ ਤੋਂ ਪਹਿਲਾਂ ਵਿਦਿਆਰਥੀ ਜੀਵਨ ਦੌਰਾਨ ਭਾਈ ਕਾਨ੍ਹ ਸਿੰਘ ਨਾਭਾ ਦੀ ਰਚਨਾ *ਮਹਾਨ ਕੋਸ਼* ਅਤੇ ਸਿੱਖ ਧਰਮ ਨਾਲ ਸੰਬੰਧਿਤ ਹੋਰਨਾਂ ਗ੍ਰੰਥਾਂ ਦੇ ਅਧਿਐਨ ਦਾ ਮੌਕਾ ਮਿਲਿਆ। ਇਹਨਾਂ ਰਚਨਾਵਾਂ ਵਿਚੋਂ ਪਤਾ ਲੱਗਦਾ ਹੈ ਕਿ ਬੜੇ ਬਾਬਾ ਜੀ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ), ਭਾਈ ਸੁੱਖਾ ਸਿੰਘ ਦਾ ਦਸਮ ਗ੍ਰੰਥ, ਬਾਬਾ ਦੀਪ ਸਿੰਘ ਜੀ ਵਾਲੀ ਦਸਮ ਗ੍ਰੰਥ ਸਾਹਿਬ ਦੀ ਬੀੜ (ਜਿਸ ਵਿਚ ਗੋਬਿੰਦ ਗੀਤਾ ਦਰਜ ਹੈ), ਅਤੇ ਗੁਰੂ ਸਾਹਿਬਾਨ ਦੁਆਰਾ ਸਮੇਂ-ਸਮੇਂ 'ਤੇ ਜਾਰੀ ਕੀਤੇ ਹੁਕਮਨਾਮੇ ਇਥੇ ਮੌਜੂਦ ਹਨ ਪਰ ਇਥੇ ਨਿਵਾਸ ਦੌਰਾਨ ਉਹ ਕਿਤੇ ਦਿਖਾਈ ਨਹੀਂ ਦੇ ਰਹੇ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੇ ਦਰਸ਼ਨ ਹਰ ਸੰਗਰਾਂਦ ਨੂੰ ਕਰਵਾਏ ਜਾਂਦੇ ਸਨ, ਉਹਨਾਂ ਦੇ ਦਰਸ਼ਨ ਤਾਂ ਛੇਤੀ ਹੀ ਹੋ ਗਏ ਪਰ ਗ੍ਰੰਥਾਂ ਨੂੰ ਲੱਭਣਾ ਇਕ ਵੱਡਾ ਅਤੇ ਔਖਾ ਕਾਰਜ ਸੀ। ਪਤਾ ਲੱਗਿਆ ਕਿ ਬਹੁਤ ਸਾਰੇ ਪੁਰਾਤਨ ਗ੍ਰੰਥ ਅਲਮਾਰੀਆਂ ਅਤੇ ਪੇਟੀਆਂ ਵਿਚ ਰੱਖੇ ਹੋਏ ਹਨ ਅਤੇ ਉਹਨਾਂ ਬਾਰੇ ਕਿਸੇ ਨੂੰ ਕੋਈ ਜਾਣਕਾਰੀ ਨਹੀਂ ਹੈ। ਸਥਾਨਕ ਨੌਜਵਾਨਾਂ ਨੂੰ ਨਾਲ ਲੈ ਕੇ ਜਦੋਂ ਪੁਰਾਤਨ ਗ੍ਰੰਥਾਂ ਦੀ ਸੇਵਾ ਕੀਤੀ ਤਾਂ ਕਈ ਮਹੀਨਿਆਂ ਦੀ ਮੁਸ਼ੱਕਤ ਉਪਰੰਤ ਲਗਪਗ ਸਾਰੇ ਗ੍ਰੰਥ ਹੌਲੀ-ਹੌਲੀ ਲੱਭਣੇ ਸ਼ੁਰੂ ਹੋ ਗਏ। ਸਭ ਤੋਂ ਵੱਡਾ ਕਾਰਜ ਗੁਰੂ ਸਾਹਿਬਾਨ ਅਤੇ ਗੁਰੂ ਮਹਿਲਾਂ ਵੱਲੋਂ ਪਟਨਾ ਸਾਹਿਬ ਦੀ ਸੰਗਤ ਦੇ ਨਾਂ ਜਾਰੀ ਕੀਤੇ ਹੁਕਮਨਾਮਿਆਂ ਦੀ ਸਾਂਭ-ਸੰਭਾਲ ਕਰਨਾ ਸੀ। ਭਾਵੇਂ ਕਿ ਇਹ ਕਾਰਜ ਔਖਾ ਸੀ ਪਰ ਗੁਰੂ ਜੀ ਦੀ ਕਿਰਪਾ ਸਦਕਾ ਸੰਪੂਰਨ ਹੋ ਗਿਆ। ਹੁਣ ਹਰ ਇਕ ਪੁਰਾਤਨ ਗ੍ਰੰਥ ਸੰਭਾਲ ਕੇ ਰੱਖਿਆ ਹੋਇਆ ਹੈ ਅਤੇ ਹੋਰਨਾਂ ਨਿਸ਼ਾਨੀਆਂ ਦੇ ਨਾਲ-ਨਾਲ ਹੁਕਮਨਾਮਿਆਂ ਦੇ ਸੰਗਤ ਨੂੰ ਰੋਜ਼ਾਨਾਂ ਦਰਸ਼ਨ ਕਰਵਾਏ ਜਾਂਦੇ ਹਨ।

ਭਗਤ ਕਬੀਰ ਜੀ ਦੀ ਖੱਡੀ ਸੰਬੰਧੀ: 1987 ਵਿਚ ਇਕ ਸਮਾਗਮ ਵਿਚ ਸ਼ਾਮਲ ਹੋਣ ਲਈ ਬਨਾਰਸ ਜਾਣ ਦਾ ਮੌਕਾ ਮਿਲਿਆ ਤਾਂ ਉਸ ਸਮੇਂ ਦਿਮਾਗ ਵਿਚ ਇਹ ਵਿਚਾਰ ਸੀ ਕਿ ਭਗਤ ਕਬੀਰ ਜੀ ਦੀ ਜਿਹੜੀ ਖੱਡੀ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਮੌਜੂਦ ਹੈ, ਉਸ ਸੰਬੰਧੀ ਜਾਣਕਾਰੀ ਪ੍ਰਾਪਤ ਕਰਨੀ ਹੈ। ਇਹ ਜਾਣਕਾਰੀ ਪ੍ਰਾਪਤ ਕਰਨ ਲਈ ਭਗਤ ਜੀ ਦੇ ਸਥਾਨ ਕਬੀਰ ਚੌਰੇ ਵਿਖੇ ਦਰਸ਼ਨ ਕਰਨ ਚਲੇ ਗਏ। ਉਥੇ ਮਹੰਤ ਗੰਗਾ ਰਾਮ ਜੀ ਨਾਲ ਮੁਲਾਕਾਤ ਹੋਈ ਤਾਂ ਉਹਨਾਂ ਨੂੰ ਭਗਤ ਜੀ ਦੀ ਖੱਡੀ ਸੰਬੰਧੀ ਪੁੱਛਿਆ। ਉਹਨਾਂ ਨੇ ਦੱਸਿਆ ਕਿ ਮੇਰੇ ਦਾਦਾ-ਗੁਰੂ ਜੀ ਚਾਹੁੰਦੇ ਸਨ ਕਿ ਇਹ ਅਸਥਾਨ ਵਧੀਆ ਬਣਨਾ ਚਾਹੀਦਾ ਹੈ। ਕੁੱਝ ਨਵੇਂ ਕਮਰੇ ਬਣ ਜਾਣ ਅਤੇ ਕੁੱਝ ਕਮਰੇ ਅਜਿਹੇ ਤਿਆਰ ਹੋ ਜਾਣ ਜਿਨ੍ਹਾਂ ਤੋਂ ਨਿਰੰਤਰ ਮਾਇਕ ਸਹਾਇਤਾ ਮਿਲ ਸਕੇ ਅਤੇ ਇਸ ਅਸਥਾਨ ਦਾ ਪ੍ਰਬੰਧ ਸੁਚਾਰੂ ਰੂਪ ਵਿਚ ਚਲਾਇਆ ਜਾ ਸਕੇ। ਇਕ ਮਾਤਾ ਜੀ ਆਪਣੇ ਪਰਿਵਾਰ ਸਮੇਤ ਦਰਸ਼ਨ ਕਰਨ ਆਈ ਤਾਂ ਉਸ ਨੇ ਮਹੰਤ ਜੀ ਦੀ ਇੱਛਾ ਅਨੁਸਾਰ

ਉਕਤ ਅਸਥਾਨ ਦੀ ਸੇਵਾ ਕਰਵਾ ਦਿੱਤੀ। ਜਦੋਂ ਸੇਵਾ ਸੰਪੂਰਨ ਹੋਈ ਤਾਂ ਮਹੰਤ ਜੀ ਨੇ ਕਬੀਰ ਜੀ ਦੀ ਖੱਡੀ ਮਾਤਾ ਜੀ ਨੂੰ ਸਨਮਾਨ ਵੱਜੋਂ ਦੇ ਦਿੱਤੀ। ਮਾਤਾ ਜੀ ਪਟਨਾ ਸਾਹਿਬ ਵਿਖੇ ਦਰਸ਼ਨ ਕਰਨ ਆਏ ਤਾਂ ਉਹ ਇਹ ਖੱਡੀ ਇਥੇ ਭੇਟ ਕਰ ਗਏ ਸਨ ਅਤੇ ਉਸ ਸਮੇਂ ਤੋਂ ਹੀ ਸੰਗਤ ਨੂੰ ਇਸ ਖੱਡੀ ਦੇ ਇਥੇ ਦਰਸ਼ਨ ਕਰਵਾਏ ਜਾਂਦੇ ਹਨ।

ਬੰਗਲਾਦੇਸ਼ ਦੇ ਗੁਰਧਾਮਾਂ ਦੀ ਸੇਵਾ-ਸੰਭਾਲ ਸੰਬੰਧੀ: ਬੰਗਲਾਦੇਸ਼ ਦੇ ਅਜ਼ਾਦ ਹੋਣ ਉਪਰੰਤ ਉਥੋਂ ਦੇ ਇਤਿਹਾਸਿਕ ਗੁਰਧਾਮਾਂ ਦੀ ਸਾਂਭ-ਸੰਭਾਲ ਦੀ ਜ਼ਿੰਮੇਵਾਰੀ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਹੀ ਰਹੀ ਹੈ। ਮੌਜੂਦਾ ਸਮੇਂ ਵਿਚ ਵੀ ਇਹ ਸਰਪ੍ਰਸਤੀ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਅਧੀਨ ਹੈ। ਪ੍ਰਬੰਧ ਨੂੰ ਸੁਚਾਰੂ ਰੂਪ ਵਿਚ ਚਲਾਉਣ ਲਈ ਜਥੇਦਾਰ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਸਰਪ੍ਰਸਤੀ ਹੇਠ ਇਕ ਕਮੇਟੀ ਬਣਾਈ ਗਈ। ਮੁੱਢਲੇ ਦੌਰ ਵਿਚ ਜਨਰਲ ਜਗਜੀਤ ਸਿੰਘ ਅਰੋੜਾ ਅਤੇ ਬਿਹਾਰ ਦੇ ਸ. ਜੋਗਿੰਦਰ ਸਿੰਘ ਜੋਗੀ ਦੀ ਸਾਂਝ ਨੇ ਇਹਨਾਂ ਗੁਰਧਾਮਾਂ ਨੂੰ ਬਚਾਉਣ ਦਾ ਮਹੱਤਵਪੂਰਨ ਕਾਰਜ ਕੀਤਾ ਅਤੇ ਫਿਰ ਉਥੇ ਕਈ ਸੇਵਾਦਾਰ ਤਖ਼ਤ ਸਾਹਿਬ ਤੋਂ ਭੇਜੇ ਜਾਂਦੇ ਰਹੇ ਹਨ। ਮੌਜੂਦਾ ਸਮੇਂ ਵਿਚ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਸਰਪ੍ਰਸਤੀ ਅਧੀਨ ਬਾਬਾ ਹਾਕਮ ਸਿੰਘ ਜੀ ਸਰਹਾਲੀ ਵਾਲੇ ਉਥੇ ਕਾਰ-ਸੇਵਾ ਕਰ ਰਹੇ ਹਨ। ਲੰਗਰ, ਕਥਾ, ਕੀਰਤਨ, ਸਰਾਵਾਂ ਅਤੇ ਮਰਯਾਦਾ ਆਦਿ ਨਿਭਾਉਣ ਦੀ ਸਮੁੱਚੀ ਸੇਵਾ ਇਹਨਾਂ ਦੁਆਰਾ ਹੀ ਕੀਤੀ ਜਾ ਰਹੀ ਹੈ।

ਗੁਰਦੁਆਰਾ ਐਕਟ

ਤਖ਼ਤ ਸ੍ਰੀ ਪਟਨਾ ਸਾਹਿਬ ਅਤੇ ਇਸ ਦੇ ਅਧੀਨ ਆਉਂਦੇ ਗੁਰਧਾਮਾਂ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਭਾਵੇਂ ਕਿ ਤਖ਼ਤ ਸਾਹਿਬ ਦੀ ਪ੍ਰਬੰਧਕ ਕਮੇਟੀ ਦੀ ਹੈ ਪਰ ਇਸ ਕਮੇਟੀ ਦਾ ਸਰਪ੍ਰਸਤ ਪਟਨਾ ਜ਼ਿਲ੍ਹੇ ਦਾ ਜੱਜ ਹੈ ਜਿਸ ਸੰਬੰਧੀ ਵਰਨਨ ਕਰਦੇ ਹੋਏ ਮਾਲੇ ਦੱਸਦਾ ਹੈ:

> The provisions of Act XX of 1863 are applicable to this temple, and under that Act the District Judge has authority to appoint a manager, either temporarily or permanently, subject to liability to dismissal for misconduct. Such managers have been appointed on several occasions to look after the endowment, and incidentally, in the discharge of their duties, to supervise religious worship.[118]

ਤਖ਼ਤ ਸ੍ਰੀ ਪਟਨਾ ਸਾਹਿਬ ਦੇ ਪ੍ਰਬੰਧ ਨੂੰ ਚਲਾਉਣ ਲਈ ਪਟਨਾ ਦੇ ਜ਼ਿਲ੍ਹਾ ਜੱਜ ਨੇ ਬਾਕਾਇਦਾ ਇਕ ਐਕਟ ਤਿਆਰ ਕੀਤਾ ਹੈ ਜਿਸ ਨੂੰ *The Constitution and Bylaws of Sri Takht Harimandir Ji, Patna Saheb* ਦਾ ਨਾਂ ਦਿੱਤਾ ਗਿਆ ਹੈ। ਇਸ ਐਕਟ ਦੇ ਵਿਰੋਧ ਦੀਆਂ ਸੁਰਾਂ ਵੀ ਸਮੇਂ-ਸਮੇਂ 'ਤੇ ਉਠਦੀਆਂ ਰਹੀਆਂ ਹਨ[119] ਪਰ ਕਿਸੇ ਵੀ ਹੋਰ ਬਦਲਾਉ ਤੱਕ ਇਹ ਐਕਟ ਲਾਗੂ ਹੈ ਅਤੇ ਇਸੇ ਅਨੁਸਾਰ ਹੀ

ਤਖ਼ਤ ਸ੍ਰੀ ਪਟਨਾ ਸਾਹਿਬ ਅਤੇ ਇਸ ਦੇ ਪ੍ਰਬੰਧ ਅਧੀਨ ਸਮੂਹ ਗੁਰਧਾਮਾਂ ਦਾ ਕਾਰਜ ਚਲਾਇਆ ਜਾ ਰਿਹਾ ਹੈ। ਤਖ਼ਤ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਕੀਤੇ ਗਏ ਐਕਟ ਵਿਚ ਇਸ ਦੀ ਬਣਤਰ ਅਤੇ ਪ੍ਰਬੰਧਕ ਕਮੇਟੀ ਦੀ ਕਾਰਜ ਪ੍ਰਣਾਲੀ ਬਾਰੇ ਵਿਸਤਾਰ ਪੂਰਵਕ ਜਾਣਕਰੀ ਦਿੰਦੇ ਹੋਏ ਦੱਸਿਆ ਗਿਆ ਹੈ ਕਿ 16 ਮਈ 1955 ਨੂੰ ਜ਼ਿਲ੍ਹਾ ਜੱਜ ਪਟਨਾ ਸਾਹਿਬ ਨੇ ਅੰਮ੍ਰਿਤਸਰ, ਕਲਕੱਤਾ ਅਤੇ ਪਟਨਾ ਦੇ ਸਿੱਖਾਂ ਦੇ ਨਾਂ ਆਦੇਸ਼ ਜਾਰੀ ਕਰਕੇ ਉਹਨਾਂ ਤੋਂ ਸਰਬਰਾਹਕਾਰ ਦੀ ਨਿਯੁਕਤੀ ਅਤੇ ਨਵੀਂ ਪ੍ਰਬੰਧਕ ਕਮੇਟੀ ਸੰਬੰਧੀ ਸੁਝਾਅ ਮੰਗੇ ਸਨ। ਇਸ ਦੇ ਨਾਲ ਹੀ ਪੰਜਾਬ ਅਤੇ ਪਟਨਾ ਸਾਹਿਬ ਦੇ ਸੂਝਵਾਨ ਸਿੱਖਾਂ ਨੂੰ ਪੰਜਾਬੀ ਵਿਚ ਆਮ ਆਦੇਸ਼ ਜਾਰੀ ਕਰਦੇ ਹੋਏ ਕਿਹਾ ਗਿਆ ਕਿ ਉਕਤ ਮਸਲੇ ਸੰਬੰਧੀ ਜੇਕਰ ਕੋਈ ਆਪਣਾ ਸੁਝਾਅ ਦੇਣਾ ਚਾਹੁੰਦਾ ਹੈ ਤਾਂ ਜ਼ਿਲ੍ਹਾ ਜੱਜ ਕੋਲ ਪਟੀਸ਼ਨ ਫਾਈਲ ਕਰ ਸਕਦਾ ਹੈ। ਜਦੋਂ ਵੱਡੀ ਗਿਣਤੀ ਸਿੱਖਾਂ ਅਤੇ ਸਿੱਖ ਸੰਸਥਾਵਾਂ ਵੱਲੋਂ ਸੁਝਾਅ ਆਉਣ ਲੱਗੇ ਤਾਂ ਇਸ ਸੰਬੰਧੀ ਹੋਰ ਵਧੇਰੇ ਨਰਮ ਰੁਖ ਅਖਤਿਆਰ ਕਰਦੇ ਹੋਏ ਸੁਝਾਅ ਲੈਣ ਦੀ ਆਖ਼ਰੀ ਤਰੀਕ 1 ਅਗਸਤ 1955 ਤੱਕ ਵਧਾ ਦਿੱਤੀ ਗਈ। 16 ਅਗਸਤ 1955 ਨੂੰ ਜੱਜ ਸਾਹਿਬ ਨੇ ਸਿੱਖ ਸੰਸਥਾਵਾਂ ਦੇ ਪ੍ਰਤੀਨਿਧੀਆਂ ਦੀ ਇਕ ਮੀਟਿੰਗ ਆਪਣੇ ਚੈਂਬਰ ਵਿਚ ਬੁਲਾ ਲਈ। ਵਿਚਾਰ ਕਰਨ ਲਈ ਆਏ ਲਗਪਗ 35 ਸਿੱਖਾਂ ਵਿਚ ਪ੍ਰਬੰਧ ਨੂੰ ਲੈ ਕੇ ਭਾਵੇਂ ਮਤਭੇਦ ਸੀ ਪਰ ਇਸ ਵਿਚਾਰ ਨਾਲ ਸਾਰੇ ਸਹਿਮਤ ਸਨ ਕਿ ਅੱਗੇ ਤੋਂ ਤਖ਼ਤ ਸ੍ਰੀ ਪਟਨਾ ਸਾਹਿਬ ਦਾ ਕੋਈ ਹੋਰ ਸਰਬਰਾਹਕਾਰ ਨਿਯੁਕਤ ਨਾ ਕੀਤਾ ਜਾਵੇ। ਸਾਰਿਆਂ ਨੇ 15 ਮੈਂਬਰੀ ਕਮੇਟੀ ਬਣਾਉਣ ਦਾ ਸੁਝਾਅ ਦਿੱਤਾ। 28 ਅਗਸਤ 1955 ਨੂੰ ਜੱਜ ਸਾਹਿਬ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਆਏ ਅਤੇ ਉਹਨਾਂ ਨੇ ਸਿੱਖਾਂ ਦੇ ਵੱਡੇ ਇਕੱਠ ਵਿਚ ਕਮੇਟੀ ਗਠਿਤ ਕਰਨ ਸੰਬੰਧੀ ਵਿਚਾਰ ਸਾਂਝੀ ਕੀਤੀ ਅਤੇ ਸੁਝਾਅ ਪ੍ਰਾਪਤ ਕੀਤੇ। ਇਹਨਾਂ ਵਿਚਾਰਾਂ ਅਤੇ ਸੁਝਾਵਾਂ ਦੇ ਮੱਦੇਨਜ਼ਰ 17 ਦਸੰਬਰ 1955 ਨੂੰ ਫ਼ੈਸਲਾ ਸੁਣਾਉਂਦੇ ਹੋਏ ਜੱਜ ਸਾਹਿਬ ਨੇ 15 ਮੈਂਬਰੀ ਕਮੇਟੀ 'ਤੇ ਮੋਹਰ ਲਗਾ ਦਿੱਤੀ ਜਿਸ ਵਿਚ ਚੁਣੇ ਜਾਣ ਵਾਲੇ ਮੈਂਬਰ ਅਤੇ ਨਾਮਜ਼ਦਗੀਆਂ ਇਸ ਤਰ੍ਹਾਂ ਹੋਣਗੀਆਂ:

ਜ਼ਿਲ੍ਹਾ ਜੱਜ	3
ਪਟਨਾ ਸਿਟੀ	3
ਉੱਤਰੀ ਬਿਹਾਰ	1
ਦੱਖਣੀ ਬਿਹਾਰ	1
ਸਨਾਤਨੀ ਸਿੱਖ ਸਭਾ, ਪਟਨਾ ਸਿਟੀ	1
ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ	1
ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ	1
ਚੀਫ਼ ਖ਼ਾਲਸਾ ਦੀਵਾਨ ਅੰਮ੍ਰਿਤਸਰ	1
ਸ੍ਰੀ ਗੁਰੂ ਸਿੰਘ ਸਭਾ ਕਲਕੱਤਾ	1
ਯੂ.ਪੀ. ਸਿੱਖ ਪ੍ਰਤੀਨਿਧੀ ਬੋਰਡ, ਲਖਨਊ	1

ਇਹ 14 ਮੈਂਬਰ ਮੀਟਿੰਗ ਕਰਕੇ ਇਕ ਨੁਮਾਇੰਦੇ ਦੀ ਚੋਣ ਕਰਦੇ ਹਨ ਅਤੇ ਇਹ ਸਮੂਹ 15 ਮੈਂਬਰ ਮਿਲ ਕੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਅਤੇ ਇਸ ਦੇ ਅਧੀਨ ਆਉਂਦੇ ਸਮੂਹ ਗੁਰਧਾਮਾਂ ਦਾ ਪ੍ਰਬੰਧ ਚਲਾਉਣ ਦੇ ਪਾਬੰਦ ਹਨ। 03.08.2018 ਨੂੰ ਪਟਨਾ ਦੇ ਜ਼ਿਲ੍ਹਾ ਜੱਜ ਨੇ ਸ੍ਰੀ ਤਖ਼ਤ ਹਰਿਮੰਦਰ ਜੀ ਪਟਨਾ ਸਾਹਿਬ, ਪਟਨਾ ਸਿਟੀ ਦੇ ਸੰਵਿਧਾਨ ਦੇ ਆਰਟੀਕਲ 9(5) ਅਧੀਨ ਆਪਣੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਨਵੀਂ ਕਮੇਟੀ ਲਈ ਜਿਹੜੇ ਮੈਂਬਰਾਂ ਦੇ ਨਾਵਾਂ 'ਤੇ ਮੋਹਰ ਲਾਈ ਹੈ ਉਹਨਾਂ ਦਾ ਵੇਰਵਾ ਇਸ ਤਰ੍ਹਾਂ ਹੈ:

1. ਸ. ਜਗਜੋਤ ਸਿੰਘ ਸੋਹੀ — ਪਟਨਾ ਦੇ ਜ਼ਿਲ੍ਹਾ ਜੱਜ ਦੁਆਰਾ ਨਾਮਜ਼ਦ
2. ਸ. ਮਹਿੰਦਰ ਸਿੰਘ ਢਿੱਲੋਂ — ਪਟਨਾ ਦੇ ਜ਼ਿਲ੍ਹਾ ਜੱਜ ਦੁਆਰਾ ਨਾਮਜ਼ਦ
3. ਸ. ਤ੍ਰਿਲੋਚਨ ਸਿੰਘ — ਪਟਨਾ ਦੇ ਜ਼ਿਲ੍ਹਾ ਜੱਜ ਦੁਆਰਾ ਨਾਮਜ਼ਦ
4. ਸ. ਗੋਬਿੰਦ ਸਿੰਘ ਲੌਂਗੋਵਾਲ — ਸ਼੍ਰੋਮਣੀ ਗੁ.ਪ੍ਰ.ਕ. ਸ੍ਰੀ ਅੰਮ੍ਰਿਤਸਰ ਦੁਆਰਾ ਨਾਮਜ਼ਦ
5. ਸ. ਸੁਰਿੰਦਰ ਸਿੰਘ 'ਰੁਮਾਲਿਆਂ ਵਾਲੇ' — ਚੀਫ਼ ਖ਼ਾਲਸਾ ਦੀਵਾਨ ਸ੍ਰੀ ਅੰਮ੍ਰਿਤਸਰ ਨਾਮਜ਼ਦ ਦੁਆਰਾ
6. ਸ. ਲਖਵਿੰਦਰ ਸਿੰਘ — ਉੱਤਰੀ ਬਿਹਾਰ ਤੋਂ ਚੁਣੇ ਗਏ
7. ਸ. ਇੰਦਰਜੀਤ ਸਿੰਘ — ਦੱਖਣੀ ਬਿਹਾਰ ਤੋਂ ਚੁਣੇ ਗਏ
8. ਸ. ਕਮਿਕਰ ਸਿੰਘ — ਸ੍ਰੀ ਗੁਰੂ ਸਿੰਘ ਸਭਾ ਕਲਕੱਤਾ ਦੁਆਰਾ ਨਾਮਜ਼ਦ
9. ਡਾ. ਗੁਰਮੀਤ ਸਿੰਘ — ਯੂ.ਪੀ. ਸਿੱਖ ਪ੍ਰਤੀਨਿਧ ਬੋਰਡ ਲਖਨਊ ਦੁਆਰਾ ਨਾਮਜ਼ਦ
10. ਸ. ਅਵਤਾਰ ਸਿੰਘ ਹਿੱਤ — ਦਿੱਲੀ ਸਿੱਖ ਗੁ.ਪ੍ਰ.ਕ. ਦੁਆਰਾ ਨਾਮਜ਼ਦ
11. ਸ. ਰਾਜਾ ਸਿੰਘ — ਪਟਨਾ ਜ਼ਿਲ੍ਹੇ ਦੇ ਸਿੱਖਾਂ ਦੁਆਰਾ ਚੁਣੇ ਹੋਏ
12. ਸ. ਹਰਬੰਸ ਸਿੰਘ — ਪਟਨਾ ਜ਼ਿਲ੍ਹੇ ਦੇ ਸਿੱਖਾਂ ਦੁਆਰਾ ਚੁਣੇ ਹੋਏ
13. ਸ. ਮਹਿੰਦਰ ਸਿੰਘ ਛਾਬੜਾ — ਪਟਨਾ ਜ਼ਿਲ੍ਹੇ ਦੇ ਸਿੱਖਾਂ ਦੁਆਰਾ ਚੁਣੇ ਹੋਏ
14. ਉਕਤ 13 ਮੈਂਬਰਾਂ ਨੇ ਆਸਨਸੋਲ ਦੇ ਸ. ਹਰਪਾਲ ਸਿੰਘ ਜੌਹਲ ਨੂੰ ਕਮੇਟੀ ਦਾ ਮੈਂਬਰ ਚੁਣਿਆ ਹੈ ਜਿਸ ਨਾਲ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੀ ਗਿਣਤੀ 14 ਹੋ ਗਈ ਹੈ। ਸਨਾਤਨ ਸਿੱਖ ਸਭਾ ਪਟਨਾ ਨੇ ਆਪਣਾ ਮੈਂਬਰ ਚੁਣ ਕੇ ਨਹੀਂ ਭੇਜਿਆ।

ਐਕਟ ਦੀਆਂ ਮੁੱਖ ਵਿਸ਼ੇਸ਼ਤਾਵਾਂ: ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦਾ ਐਕਟ ਪਟਨਾ ਸਾਹਿਬ ਦੇ ਜ਼ਿਲ੍ਹਾ ਜੱਜ ਦੇ ਯਤਨਾਂ ਨਾਲ ਹੋਂਦ ਵਿਚ ਆਇਆ ਸੀ। ਇਸ ਦਾ ਖਰੜਾ ਪਟਨਾ ਸਾਹਿਬ ਦੇ ਇਕ ਸਨਾਤਨੀ ਸਿੱਖ ਸ. ਰਾਮ ਸਿੰਘ[120] ਨੇ ਤਿਆਰ ਕੀਤਾ ਸੀ। ਇਹ ਖਰੜਾ ਤਿਆਰ ਕਰਕੇ ਪਹਿਲਾਂ 15 ਮੈਂਬਰੀ

ਕਮੇਟੀ ਅੱਗੇ ਰੱਖਿਆ ਗਿਆ ਅਤੇ ਫਿਰ ਇਸ ਨੂੰ ਜੱਜ ਸਾਹਿਬ ਕੋਲ ਪੇਸ਼ ਕੀਤਾ ਗਿਆ ਸੀ। ਪਟਨਾ ਸਾਹਿਬ ਦੇ ਜ਼ਿਲ੍ਹਾ ਜੱਜ ਦੀ ਪ੍ਰਵਾਨਗੀ ਨਾਲ ਇਹ ਐਕਟ ਹੋਂਦ ਵਿਚ ਆ ਗਿਆ ਸੀ। ਇਸ ਐਕਟ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਇਹ ਹਨ:

1. ਤਖ਼ਤ ਸਾਹਿਬ ਦੀ ਚੋਣ ਲਈ ਨਿਯਮ ਅਤੇ ਮੈਂਬਰਾਂ ਦੀ ਕਾਰਜ-ਪ੍ਰਣਾਲੀ ਦਾ ਵਿਸਤਾਰ ਵਰਨਨ ਕਰਦਾ ਹੈ।
2. ਕਮੇਟੀ ਦੇ ਅਧਿਕਾਰ ਖੇਤਰ ਵਿਚ ਭਾਰਤ ਦੇ ਇਹ ਪੂਰਬੀ ਰਾਜ ਸ਼ਾਮਲ ਹਨ - ਬਿਹਾਰ, ਪੱਛਮੀ ਬੰਗਾਲ, ਅਸਾਮ, ਉੜੀਸਾ ਅਤੇ ਯੂ.ਪੀ.। ਇਹਨਾਂ ਰਾਜਾਂ ਦੇ ਕਿਸੇ ਵੀ ਸਿੱਖ ਇਤਿਹਾਸਿਕ ਅਸਥਾਨ ਨੂੰ ਕਮੇਟੀ ਆਪਣੇ ਨਾਲ ਸੰਬੰਧਿਤ ਕਰ ਸਕਦੀ ਹੈ।
3. ਕਮੇਟੀ ਨੂੰ ਪ੍ਰਮੁੱਖਤਾ ਨਾਲ ਇਹ ਕੰਮ ਕਰਨ ਲਈ ਕਿਹਾ ਗਿਆ ਹੈ - ਧਰਮ ਪ੍ਰਚਾਰ, ਸਕੂਲ ਖੋਲਣ—ਜਿਥੇ ਗੁਰਮੁਖੀ ਵਿੱਦਿਆ ਵੀ ਦਿੱਤੀ ਜਾ ਸਕੇ ਜਾਂ ਉਹਨਾਂ ਸਕੂਲਾਂ ਦੀ ਸਹਾਇਤਾ ਕਰੇ ਜਿਥੇ ਗੁਰਮੁਖੀ ਪੜ੍ਹਾਈ ਜਾ ਰਹੀ ਹੈ, ਗੁਰੂ ਸਾਹਿਬਾਨ ਦੇ ਮਿਸ਼ਨ ਦਾ ਪ੍ਰਚਾਰ ਕਰਨ ਲਈ ਟਰੈਕਟ, ਪੁਸਤਕਾਂ, ਅਖ਼ਬਾਰਾਂ, ਮੈਗ਼ਜ਼ੀਨ ਪ੍ਰਕਾਸ਼ਿਤ ਕਰਨ, ਚੈਰੀਟਬਲ ਹਸਪਤਾਲ ਖੋਲਣ।
4. ਤਖ਼ਤ ਸਾਹਿਬ ਦੀਆਂ ਜਾਇਦਾਦਾਂ ਅਤੇ ਵਿਰਾਸਤ ਵਿਚ ਮਿਲੀਆਂ ਨਿਸ਼ਾਨੀਆਂ ਦੀ ਸਾਂਭ-ਸੰਭਾਲ ਕਰਨਾ ਕਮੇਟੀ ਦੇ ਪ੍ਰਬੰਧਕਾਂ ਦੀ ਮੁੱਖ ਜ਼ਿੰਮੇਵਾਰੀ ਹੈ।
5. ਭਾਰਤ ਜਾਂ ਭਾਰਤ ਤੋਂ ਬਾਹਰ ਜਿਥੇ ਵੀ ਸਿੱਖ ਵੱਸੋਂ ਮੌਜੂਦ ਹੈ, ਧਰਮ ਪ੍ਰਚਾਰ ਜਾਂ ਤਖ਼ਤ ਸ੍ਰੀ ਪਟਨਾ ਸਾਹਿਬ ਲਈ ਫੰਡ ਇਕੱਤਰ ਕਰਨ ਹਿਤ ਕਮੇਟੀ ਆਪਣੇ ਪ੍ਰਚਾਰਕ ਭੇਜ ਸਕਦੀ ਹੈ।
6. ਜੇਕਰ ਗੁਰਦੁਆਰਾ ਪ੍ਰਬੰਧ ਵਿਚ ਮੌਜੂਦਾ ਮਰਯਾਦਾ, ਰਸਮਾਂ ਅਤੇ ਸਿਧਾਂਤ ਤੋਂ ਇਲਾਵਾ ਹੋਰ ਕੋਈ ਧਾਰਮਿਕ ਮਸਲਾ ਖੜਾ ਹੁੰਦਾ ਹੈ ਤਾਂ ਕਮੇਟੀ ਉਹ ਕੇਸ ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ ਦੇ ਹਵਾਲੇ ਕਰ ਸਕਦੀ ਹੈ, ਇਸ ਸੰਬੰਧੀ ਉਹਨਾਂ ਦਾ ਫ਼ੈਸਲਾ ਅੰਤਿਮ ਹੋਵੇਗਾ। Religious Endowments Act XX of 1863 ਅਧੀਨ ਅਜਿਹੇ ਮਸਲੇ ਸੰਬੰਧੀ ਪਟੀਸ਼ਨ ਪਟਨਾ ਦੇ ਜ਼ਿਲ੍ਹਾ ਜੱਜ ਕੋਲ ਵੀ ਪਾਈ ਜਾ ਸਕਦੀ ਹੈ।
7. ਕਰਮਚਾਰੀਆਂ ਦੀਆਂ ਸੇਵਾ-ਸ਼ਰਤਾਂ, ਤਨਖਾਹਾਂ ਅਤੇ ਨਿਯਮ ਅਨੁਸਾਰ ਭੱਤੇ ਦੇਣ ਦਾ ਵੇਰਵਾ ਦਿੱਤਾ ਗਿਆ ਹੈ।
8. ਫੰਡਾਂ ਦੀ ਦੁਰਵਰਤੋਂ ਰੋਕਣ ਲਈ ਇਸ ਨੂੰ ਲੰਗਰ, ਪ੍ਰਚਾਰ, ਵਿੱਦਿਆ, ਸੇਵਾਦਾਰਾਂ ਦੀਆਂ ਤਨਖਾਹਾਂ ਅਤੇ ਭੱਤਿਆਂ, ਦਫ਼ਤਰੀ ਖਰਚਿਆਂ ਅਤੇ ਨਿਵੇਸ਼ ਤੱਕ ਸੀਮਿਤ ਕੀਤਾ ਗਿਆ ਹੈ।

ਐਕਟ ਬਣਨ ਨਾਲ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਵਿਸ਼ੇਸ਼ ਦਿਸ਼ਾ ਵੱਲ ਕਾਰਜਸ਼ੀਲ ਹੋਈ। ਇਸ ਦਾ ਸਭ ਤੋਂ ਪ੍ਰਮੁੱਖ ਕਾਰਜ ਤਖ਼ਤ ਸਾਹਿਬ ਜੀ ਦੇ ਦਰਸ਼ਨਾਂ ਨੂੰ ਆਉਣ ਵਾਲੀ ਸੰਗਤ ਦੀ ਰਿਹਾਇਸ਼ ਅਤੇ ਲੰਗਰ ਲਈ ਸੁਯੋਗ ਪ੍ਰਬੰਧ ਕਰਨਾ ਸੀ। ਆਪਣੇ ਇਸ ਉਦੇਸ਼ ਦੀ ਪੂਰਤੀ ਲਈ ਨਿਰੰਤਰ ਯਤਨਸ਼ੀਲ ਰਹਿਣ ਵਾਲੀ ਕਮੇਟੀ ਨੇ ਗੁਰਮਤਿ ਦੀ ਸਿੱਖਿਆ ਪ੍ਰਦਾਨ ਕਰਨ ਲਈ ਵੀ ਯਤਨ ਕਰਨਾ ਅਰੰਭ ਕਰ ਦਿੱਤਾ। ਬੱਚਿਆਂ ਨੂੰ ਗੁਰਮੁਖੀ, ਪਾਠ-ਸੰਥਿਆ ਦੇ ਨਾਲ-ਨਾਲ ਕੀਰਤਨ ਦੀ ਸਿੱਖਿਆ ਲਈ ਵੀ ਕਮੇਟੀ ਕਾਰਜਸ਼ੀਲ ਹੋਈ। ਕਮੇਟੀ ਦੁਆਰਾ ਅਰੰਭ ਕੀਤੇ ਗਏ ਵਿੱਦਿਅਕ ਕਾਰਜ ਇਲਾਕੇ ਵਿਚ ਵਿਸ਼ੇਸ਼ ਸਥਾਨ ਰੱਖਦੇ ਹਨ। ਭਾਵੇਂ ਕਿ 1984 ਤੋਂ ਬਾਅਦ ਧਰਮ ਪ੍ਰਚਾਰ ਅਤੇ ਵਿੱਦਿਅਕ ਕਾਰਜਾਂ ਨੂੰ ਭਾਰੀ ਸੱਟ ਵੱਜੀ ਸੀ ਪਰ ਮੌਜੂਦਾ ਕਮੇਟੀ ਇਸ ਦਿਸ਼ਾ ਵੱਲ ਫਿਰ ਯਤਨਸ਼ੀਲ ਹੋਈ ਹੈ।

ਧਾਰਮਿਕ ਅਤੇ ਵਿੱਦਿਅਕ ਯੋਗਦਾਨ

ਤਖ਼ਤ ਪਟਨਾ ਸਾਹਿਬ ਵਿੱਦਿਆ ਦੇ ਖੇਤਰ ਵਿਚ ਵਿਸ਼ੇਸ਼ ਭੂਮਿਕਾ ਨਿਭਾਉਂਦਾ ਰਿਹਾ ਹੈ। ਮੁੱਢਲੇ ਦੌਰ ਵਿਚ ਇਥੇ ਧਾਰਮਿਕ ਵਿੱਦਿਆ ਪ੍ਰਤੀ ਵਿਸ਼ੇਸ਼ ਰੁਚੀ ਦੇਖਣ ਨੂੰ ਮਿਲਦੀ ਹੈ। ਗੁਰਮਤਿ ਸਿੱਖਿਆ ਅਤੇ ਮਰਯਾਦਾ ਨੂੰ ਜੀਵਨ ਵਿਚ ਧਾਰਨ ਕਰਨਾ ਹੀ ਵਿੱਦਿਆ ਦਾ ਮੁੱਖ ਮਨੋਰਥ ਮੰਨਿਆ ਜਾਂਦਾ ਸੀ। ਇਸ ਦੀ ਪ੍ਰਤੱਖ ਮਿਸਾਲ ਚਾਰਲਸ ਵਿਲਕਿਨਜ਼ ਦੇ ਇਕ ਲੇਖ ਵਿਚੋਂ ਮਿਲਦੀ ਹੈ ਜਿਸ ਵਿਚ ਉਹ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਨੂੰ ਸਿੱਖਾਂ ਦਾ ਕਾਲਜ ਕਹਿੰਦਾ ਹੈ। ਕਲਕੱਤੇ ਤੋਂ ਬਨਾਰਸ ਆਉਣ ਲੱਗਿਆਂ ਉਸ ਨੂੰ ਰਸਤੇ ਵਿਚ ਇਕ ਸਿੱਖ ਮਿਲਿਆ ਜਿਹੜਾ ਕਿ ਉਸ ਨੂੰ ਸਿੱਖ ਧਰਮ ਸੰਬੰਧੀ ਜਾਣਕਾਰੀ ਪ੍ਰਦਾਨ ਕਰਕੇ ਉਸ ਦੀ ਸਿੱਖਾਂ ਬਾਰੇ ਜਾਣਨ ਦੀ ਰੁਚੀ ਵਿਚ ਵਾਧਾ ਕਰ ਦਿੰਦਾ ਹੈ ਅਤੇ ਉਹ ਪਟਨਾ ਸਾਹਿਬ ਵਿਖੇ ਗੁਰਦੁਆਰੇ ਦੇ ਦਰਸ਼ਨ ਕੀਤੇ ਬਗ਼ੈਰ ਅੱਗੇ ਨਹੀਂ ਜਾ ਸਕਿਆ। ਆਪਣੀ ਚਿੱਠੀ ਵਿਚ ਉਹ ਦੱਸਦਾ ਹੈ:

> Before I left Calcutta, a gentleman, with whom I chanced to be discoursing of that sect of people were distinguished from the worshippers of Brahm and the followers of Mahommed by the appellation Seek (Sikh), informed me that there was a considerable number of them setteled in the city of Patna, where they had a college for teaching the tenets of their philosophy.[121]

ਵਿਲਕਿਨਜ਼ ਲਗਪਗ ਦੋ ਘੰਟੇ ਪਟਨਾ ਸਾਹਿਬ ਸੰਗਤ ਵਿਚ ਮੌਜੂਦ ਰਿਹਾ। ਉਸ ਨੇ ਗੁਰਦੁਆਰੇ ਦੀ ਮਰਯਾਦਾ ਦੇਖਣ ਅਤੇ ਸਮਝਣ ਵਿਚ ਰੁਚੀ ਦਿਖਾਈ ਅਤੇ ਲੰਗਰ ਵਿਚ ਪ੍ਰਸ਼ਾਦਾ ਛਕਿਆ। ਉਸ ਨੇ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ

ਜਾਣਕਾਰੀ ਇਕੱਤਰ ਕੀਤੀ। ਗੁਰਦੁਆਰਾ ਸਾਹਿਬ ਵਿਖੇ ਜੋ ਕੁੱਝ ਉਸ ਨੇ ਦੇਖਿਆ ਉਸ ਨੂੰ ਸਮਝਣ ਉਪਰੰਤ ਉਸ ਨੇ ਜਿਹੜੀਆਂ ਮਹੱਤਵਪੂਰਨ ਟਿੱਪਣੀਆਂ ਕੀਤੀਆਂ ਉਹਨਾਂ ਵਿਚੋਂ ਦੋ ਇਹ ਹਨ[122]:

1. There is but one God, omnipotent and omnipresent; filling all space, and pervading all matter; and that He is to be worshipped and invoked.
2. They (Sikhs) prayed against temptation; for grace to do good; for the general good of mankind; and a particular blessing to the Seeks; and for the safety of those who at that time were on their travels.

ਤਖ਼ਤ ਪਟਨਾ ਸਾਹਿਬ ਗੁਰਮਤਿ ਵਿੱਦਿਆ ਦਾ ਕੇਂਦਰ ਸੀ ਅਤੇ ਪੰਜਾਬ ਤੋਂ ਆ ਕੇ ਵੀ ਬਹੁਤ ਸਾਰੇ ਸਿੱਖ ਇਥੇ ਵਿੱਦਿਆ ਪ੍ਰਾਪਤ ਕਰਦੇ ਰਹੇ ਹਨ। ਇਸ ਸੰਦਰਭ ਵਿਚ ਸੁੱਖਾ ਸਿੰਘ ਦੀ ਮਿਸਾਲ ਦੇਖੀ ਜਾ ਸਕਦੀ ਹੈ। ਇਹ ਸੁੱਖਾ ਸਿੰਘ *ਗੁਰ ਬਿਲਾਸ ਪਾਤਸਾਹੀ 10* ਦਾ ਕਰਤਾ ਸੀ। ਇਕ ਵਾਰੀ ਇਹ ਆਪਣੇ ਵੱਡੇ ਭਰਾ ਨਾਲ ਪੂਰਬ ਦੇ ਗੁਰਧਾਮਾਂ ਦੀ ਯਾਤਰਾ 'ਤੇ ਗਿਆ ਤਾਂ ਰਾਹ ਵਿਚ ਨਾਨਕਮਤੇ ਇਸ ਦਾ ਭਰਾ ਅਕਾਲ ਚਲਾਣਾ ਕਰ ਗਿਆ। ਇਥੋਂ ਇਹ ਪਟਨਾ ਸਾਹਿਬ ਆ ਗਿਆ। ਲਗਪਗ 21 ਮਹੀਨੇ ਇਸ ਅਸਥਾਨ 'ਤੇ ਨਿਵਾਸ ਦੌਰਾਨ ਇਸ ਨੇ ਗੁਰਮਤਿ ਗਿਆਨ ਦੀ ਪ੍ਰਾਪਤੀ ਕੀਤੀ ਅਤੇ 'ਸ਼ਸਤ੍ਰ ਨਾਮ ਮਾਲਾ' ਨਾਂ ਦੀ ਰਚਨਾ ਦਾ ਗਿਆਨ ਪ੍ਰਾਪਤ ਕਰਨ ਦਾ ਵਰ ਮੰਗਿਆ। ਇਥੋਂ ਇਸ ਨੇ ਅਨੰਦਪੁਰ ਸਾਹਿਬ ਆ ਕੇ *ਗੁਰਬਿਲਾਸ ਪਾਤਸ਼ਾਹੀ 10* (1797 ਈ.) ਦੀ ਰਚਨਾ ਕੀਤੀ।[123] ਇਸ ਤੋਂ ਇਲਾਵਾ ਮਹੰਤ ਸੁੱਖਾ ਸਿੰਘ ਤਖ਼ਤ ਪਟਨਾ ਸਾਹਿਬ ਦੇ ਗ੍ਰੰਥੀ ਸਨ ਅਤੇ ਇਹ ਵੀ ਆਪਣੀਆਂ ਧਾਰਮਿਕ ਜ਼ਿੰਮੇਵਾਰੀਆਂ ਦੇ ਨਾਲ-ਨਾਲ ਸਿੱਖ ਗ੍ਰੰਥਾਂ ਦੇ ਅਧਿਐਨ ਵਿਚ ਵਿਸ਼ੇਸ਼ ਰੁਚੀ ਲੈਂਦੇ ਸਨ। ਮਹੰਤ ਸੁਮੇਰ ਸਿੰਘ ਪਟਨਾ ਸਾਹਿਬ ਦੇ ਵਿਦਵਾਨ ਪੁਰਖ ਹੋਏ ਹਨ। ਇਹਨਾਂ ਨੇ ਕਈ ਗ੍ਰੰਥਾਂ ਦੀ ਰਚਨਾ ਕੀਤੀ ਹੈ ਅਤੇ ਇਹਨਾਂ ਨੂੰ ਪੰਥ ਪ੍ਰਸਿੱਧ ਫ਼ਰੀਦਕੋਟੀ ਟੀਕੇ ਦੀ ਸੁਧਾਈ ਕਰਨ ਵਾਲੀ ਕਮੇਟੀ ਦਾ ਪ੍ਰਧਾਨ ਲਾਇਆ ਗਿਆ। ਸਿੱਖ ਧਾਰਮਿਕ ਪਰੰਪਰਾ ਵਿਚ ਇਹ ਪਹਿਲਾ ਟੀਕਾ ਹੈ ਜਿਸ ਨੂੰ ਪੰਚਾਇਤੀ ਟੀਕਾ ਕਿਹਾ ਜਾਂਦਾ ਹੈ। ਇਸ ਟੀਕੇ ਨੇ ਸਮੂਹ ਸਿੱਖ ਵਿਦਵਾਨਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਇਸ ਟੀਕੇ ਦੀ ਸੁਧਾਈ ਵਿਚ ਮਹੰਤ ਸੁਮੇਰ ਸਿੰਘ ਦੁਆਰਾ ਪਾਏ ਯੋਗਦਾਨ ਨੂੰ ਮੁੱਖ ਰੱਖਦੇ ਹੋਏ ਇਸ ਦੀ ਭੂਮਿਕਾ ਵਿਚ ਲਿਖਿਆ ਹੋਇਆ ਹੈ:

> ਏਹ ਸ਼ੁਭ ਕਾਰਜ ਸੰਮਤ 1934 ਵਿਚ ਆਰੰਭ ਕਰਾਇਆ ਗਿਆ ਜੋ 1940 ਵਿਚ ਸੰਪੂਰਣ ਹੋਇਆ, ਅਤੇ ਸ੍ਰੀ ਮਾਨ ਬਾਬਾ ਸੁਮੇਰ ਸਿੰਘ ਜੀ

ਮਹੰਤ ਤਖ਼ਤ ਸ੍ਰੀ ਪਟਨਾ ਸਾਹਿਬ ਜੀ ਦੀ ਪ੍ਰਧਾਨਗੀ ਵਿਚ ਅਗੇ ਲਿਖੇ ਗਯਾਨੀ ਸਿੰਘਾਂ ਦੀ ਕਮੇਟੀ ਮੁਕੱਰਰ ਕਰਕੇ ਸੁਧਾਈ ਦਾ (ਕਾਰਜ) ਆਰੰਭ ਕੀਤਾ ਗਿਆ।[124]

ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਕੀਤੇ ਜਾ ਰਹੇ ਧਾਰਮਿਕ ਕਾਰਜ ਸਿੱਖਾਂ ਵਿਚ ਧਰਮ ਪ੍ਰਤੀ ਚੇਤਨਾ ਪੈਦਾ ਕਰਨ ਵਿਚ ਸਹਾਈ ਹੋ ਰਹੇ ਸਨ। ਇਸ ਪ੍ਰਭਾਵ ਕਾਰਨ ਹੀ ਜਦੋਂ ਤਖ਼ਤ ਸਾਹਿਬ 'ਤੇ ਧਾਰਮਿਕ ਮਰਯਾਦਾ ਵਿਚ ਜਦੋਂ ਕੋਈ ਵਿਘਨ ਪਾਉਣ ਦਾ ਯਤਨ ਕਰਦਾ ਤਾਂ ਉਸ ਖ਼ਿਲਾਫ਼ ਸਮੂਹਿਕ ਅਵਾਜ਼ ਬੁਲੰਦ ਹੋ ਜਾਂਦੀ ਸੀ। ਇਸੇ ਕਰਕੇ ਮਹੰਤ ਕਰਤਾਰ ਸਿੰਘ ਬੇਦੀ ਦੇ ਸਮੇਂ ਜਦੋਂ ਧਾਰਮਿਕ ਮਰਯਾਦਾ ਅਤੇ ਗੁਰਮਤਿ ਸਿਧਾਂਤ ਦੀ ਉਲੰਘਣਾ ਦੀਆਂ ਘਟਨਾਵਾਂ ਸਾਹਮਣੇ ਆਈਆਂ ਤਾਂ ਉਸ ਨੂੰ ਭਾਰੀ ਵਿਰੋਧ ਦਾ ਸਹਾਮਣਾ ਕਰਨਾ ਪਿਆ ਸੀ। ਇਸੇ ਤਰ੍ਹਾਂ ਦੀ ਇਕ ਘਟਨਾ ਪੰਜਾਬ ਵਿਚ ਵਾਪਰੀ ਜਦੋਂ 1941 ਵਿਚ ਨਾਮਧਾਰੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਦੇ ਪੱਤਰੇ ਵੱਖ-ਵੱਖ ਕਰਕੇ ਪੱਤਰਾ-ਪਾਠ ਕਰਨ ਦੀ ਪਰੰਪਰਾ ਅਰੰਭ ਕਰ ਦਿੱਤੀ ਜਿਸ ਦਾ ਸਮੁੱਚੇ ਸਿੱਖ ਪੰਥ ਵਿਚ ਭਾਰੀ ਵਿਰੋਧ ਹੋਇਆ। ਰਾਵਲਪਿੰਡੀ ਦੇ ਇਕ ਗੁਰਦੁਆਰੇ ਤੋਂ ਅਰੰਭ ਹੋਈ ਇਹ ਘਟਨਾ ਛੇਤੀ ਹੀ ਦੇਸ਼-ਵਿਦੇਸ਼ ਦੀਆਂ ਸੰਗਤਾਂ ਤੱਕ ਪਹੁੰਚ ਗਈ। ਕੁੱਝ ਸੰਤ-ਪੁਰਖਾਂ ਨੇ ਨਾਮਧਾਰੀ ਆਗੂ ਬਾਬਾ ਪ੍ਰਤਾਪ ਸਿੰਘ ਨੂੰ ਅਜਿਹਾ ਕਰਨ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਪਰ ਸਫ਼ਲਤਾ ਨਾ ਮਿਲੀ। ਇਸ ਨਵੀਂ ਰਸਮ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮੰਨਦੇ ਹੋਏ 'ਕੂਕਾ ਕੁਫ਼ਰ ਤੋੜ ਲਹਿਰ' ਅਰੰਭ ਕੀਤੀ ਗਈ। ਇਸ ਸੰਬੰਧੀ 21-22 ਫਰਵਰੀ 1942 ਨੂੰ ਲੁਧਿਆਣਾ ਦੇ ਮੁੱਲਾਂਪੁਰ ਵਿਖੇ 'ਪਹਿਲੀ ਸਰਬ ਹਿੰਦ ਕੂਕਾ ਕੁਫਰ ਤੋੜ ਕਾਨਫਰੰਸ' ਆਯੋਜਿਤ ਕਰਨ ਦਾ ਫ਼ੈਸਲਾ ਕੀਤਾ ਗਿਆ ਜਿਸ ਨੂੰ ਦੇਸ਼-ਵਿਦੇਸ਼ ਦੀਆਂ ਸਿੱਖ ਸੰਸਥਾਵਾਂ ਅਤੇ ਸੰਗਤਾਂ ਦਾ ਭਾਰੀ ਸਮਰਥਨ ਪ੍ਰਾਪਤ ਹੋਇਆ। ਤਖ਼ਤ ਸ੍ਰੀ ਪਟਨਾ ਸਾਹਿਬ ਵੱਲੋਂ ਇਸ ਕਾਨਫਰੰਸ ਦੇ ਸਮਰਥਨ ਵਿਚ ਇਹ ਚਿੱਠੀ ਭੇਜੀ ਗਈ[125]:

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ
ਸ੍ਰੀ 108 ਤਖਤ ਸ੍ਰੀ ਹਰਿਮੰਦਰ ਸਾਹਿਬ ਜੀ ਪਟਨਾ ਸਿਟੀ, ਬਿਹਾਰ,
(ਪ੍ਰਬੰਧਕ ਕਮੇਟੀ)

ਚਿਠੀ ਨੰ: 711 ਤਰੀਕ 14-2-1942

ਸੇਵਾ ਵਿਖੇ

ਗਿ: ਦਿਆਲ ਸਿੰਘ ਜੀ
ਪ੍ਰਾਪੇਗੰਡਾ ਸਕੱਤ੍ਰ ਕੂਕਾ ਕੁਫਰ ਤੋੜ ਅਕਾਲੀ ਕਾਨਫ੍ਰੰਸ,
ਅੱਡਾ ਮੁਲਾਂਪੁਰ।

ਸ੍ਰੀਮਾਨ ਜੀ

> ਵਾਹਿਗੁਰੂ ਜੀ ਕੀ ਫਤਹਿ। ਆਪ ਦੀ ਪੁੱਛ ਦੇ ਉਤਰ ਵਿਚ ਬੇਨਤੀ ਹੈ ਕਿ ਆਪ ਦੇ ਕਾਗਜ਼ ਧਾਰਮਕ ਸਲਾਹਕਾਰਾਂ ਕੋਲ ਭੇਜ ਦਿੱਤੇ ਹਨ, ਜੋ ਉਤਰ ਉਹ ਦੇਣਗੇ ਆਪ ਪਾਸ ਭੇਜ ਦਿੱਤਾ ਜਾਵੇਗਾ। ਤਸਲੀ ਰਖੋ। ਕੋਈ ਸੇਵਾ?
>
> ਦਾਸ: ਅਜੀਤ ਸਿੰਘ ਸੁਪ੍ਰੰਟੰਡੰਟ॥

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਸਰਪ੍ਰਸਤੀ ਅਧੀਨ ਗੁਰਮਤਿ ਪ੍ਰਚਾਰ ਦੇ ਵਿਸ਼ੇਸ਼ ਕਾਰਜ ਕੀਤੇ ਜਾਂਦੇ ਸਨ। 1960 ਤੋਂ ਬਾਅਦ ਬਿਹਾਰ ਅਤੇ ਬੰਗਾਲ ਵਿਚ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦਾ ਪ੍ਰਭਾਵ ਵੱਧਣ ਲੱਗਿਆ ਜਿਨ੍ਹਾਂ ਵੱਲੋਂ ਸਿੱਖ ਨੌਜਵਾਨਾਂ ਵਿਚ ਗੁਰਮਤਿ ਸਿੱਖਿਆ ਪ੍ਰਦਾਨ ਕਰਨ ਦੇ ਸਮਾਗਮ ਆਯੋਜਿਤ ਕੀਤੇ ਜਾਣ ਲੱਗੇ। ਇਹਨਾਂ ਕੈਂਪਾਂ ਦੇ ਆਯੋਜਨ ਵਿਚ ਤਖ਼ਤ ਸਾਹਿਬ ਸਮੂਹ ਵਿਦਿਆਰਥੀਆਂ ਦੀ ਖਿੱਚ ਦਾ ਕੇਂਦਰ ਬਣਿਆ ਰਹਿੰਦਾ ਸੀ। 1968 ਵਿਚ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਵੱਲੋਂ 28 ਸਤੰਬਰ ਤੋਂ 7 ਅਕਤੂਬਰ ਤੱਕ 10 ਰੋਜ਼ਾ 12ਵਾਂ ਗੁਰਮਤਿ ਟਰੇਨਿੰਗ ਕੈਂਪ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਆਯੋਜਿਤ ਕੀਤਾ ਗਿਆ ਜਿਸ ਵਿਚ ਹਜ਼ਾਰੀ ਬਾਗ, ਰਾਂਚੀ, ਧੰਨਬਾਦ, ਰਾਮਗੜ੍ਹ, ਗਰੀਡੀ, ਡਾਲਟਨਗੰਜ, ਟਾਟਾ ਨਗਰ ਤੇ ਪਟਨਾ ਆਦਿ ਨਗਰਾਂ ਤੋਂ 200 ਦੇ ਕਰੀਬ ਵਿਦਿਆਰਥੀਆਂ ਨੇ ਹਿੱਸਾ ਲਿਆ ਸੀ। ਇਹਨਾਂ ਕੈਂਪਾਂ ਦਾ ਮਨੋਰਥ ਵਿਦਿਆਰਥੀਆਂ ਵਿਚ ਗੁਰਬਾਣੀ, ਗੁਰ-ਇਤਿਹਾਸ, ਗੁਰ-ਮਰਯਾਦਾ ਅਤੇ ਸਿੱਖੀ ਵਿਚ ਪਰਪੱਕ ਰਹਿਣ ਸੰਬੰਧੀ ਚੇਤਨਾ ਪੈਦਾ ਕਰਨਾ ਹੁੰਦਾ ਸੀ। ਇਹਨਾਂ ਕੈਂਪਾਂ ਦੇ ਪ੍ਰਭਾਵ ਅਧੀਨ ਬਹੁਤ ਸਾਰੇ ਵਿਦਿਆਰਥੀ ਅੰਮ੍ਰਿਤ ਛੱਕ ਕੇ ਸਿੱਖੀ ਸਰੂਪ ਵਿਚ ਰਹਿਣ ਦਾ ਪ੍ਰਣ ਕਰਦੇ ਸਨ ਅਤੇ ਉਹਨਾਂ ਦੇ ਮਨ ਵਿਚ ਸਿੱਖ ਮਸਲਿਆਂ ਸੰਬੰਧੀ ਚਰਚਾ ਵਿਚ ਹਿੱਸਾ ਲੈਣ ਲਈ ਰੁਚੀ ਪੈਦਾ ਹੁੰਦੀ ਸੀ। ਗੁਰਬਾਣੀ ਨਾਲ ਜੁੜ ਕੇ ਵਿਦਿਆਰਥੀ ਗੁਰਮਤਿ ਭਾਵਨਾਵਾਂ ਦੇ ਅਨੁਕੂਲ ਜੀਵਨ ਬਸਰ ਕਰਨ ਲਈ ਤਿਆਰ ਹੁੰਦੇ ਸਨ ਅਤੇ ਸਰਬੱਤ ਦੇ ਭਲੇ ਵਾਲਾ ਗੁਰਮਤਿ ਸੰਦੇਸ਼ ਮਨ ਵਿਚ ਧਾਰਨ ਕਰ ਲੈਂਦੇ ਸਨ। ਸੰਗਤ ਦੀ ਸੇਵਾ ਕਰਨ ਨਾਲ ਸਿੱਖ ਨੌਜਵਾਨਾਂ ਦਾ ਸਮਾਜ ਵਿਚ ਸਤਿਕਾਰ ਵੱਧਦਾ ਸੀ ਅਤੇ ਉਹ ਵੱਖਰੀ ਪਛਾਣ ਕਾਇਮ ਕਰ ਲੈਂਦੇ ਸਨ।

ਸੰਗਤ ਵਿਚ ਧਾਰਮਿਕ ਚੇਤਨਾ ਪੈਦਾ ਕਰਨ ਦੇ ਨਾਲ-ਨਾਲ ਤਖ਼ਤ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੇ ਅਕਾਦਮਿਕ ਖੇਤਰ ਵਿਚ ਬੱਚਿਆਂ ਦੀ ਪੜ੍ਹਾਈ ਲਈ ਵਿਸ਼ੇਸ਼ ਉੱਦਮ ਕੀਤੇ। ਇਹਨਾਂ ਨੇ ਉਹਨਾਂ ਯੋਗ ਵਿਦਿਆਰਥੀਆਂ ਨੂੰ ਵਜ਼ੀਫ਼ੇ ਦੇਣ ਦਾ ਕਾਰਜ ਅਰੰਭਿਆ ਗਿਆ ਜਿਹੜੇ ਪੜ੍ਹਨ ਵਿਚ ਤਾਂ ਲਾਇਕ ਸਨ ਪਰ ਫੀਸਾਂ ਦੇਣ ਤੋਂ ਅਸਮਰੱਥ ਸਨ। ਹਰ ਪੱਧਰ ਦੇ ਕੋਰਸ ਲਈ ਵਜ਼ੀਫ਼ੇ ਦੇਣ ਦੀ ਯੋਜਨਾ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਿਸ਼ੇਸ਼ ਉਪਰਾਲਾ ਸੀ। ਇਸ ਸੰਬੰਧੀ ਇਹ ਇਕ ਇਸ਼ਤਿਹਾਰ ਦੇਖਣ ਨੂੰ ਮਿਲਦਾ ਹੈ[126]:

> ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੇ ਫ਼ੈਸਲਾ ਕੀਤਾ ਹੈ ਕਿ ਆਰਥਿਕ ਤੰਗੀ ਕਾਰਨ ਜਿਹੜੇ ਗ਼ਰੀਬ ਵਿਦਿਆਰਥੀ ਪੜ੍ਹ

ਨਹੀਂ ਸਕਦੇ, ਉਹਨਾਂ ਦੀ ਆਰਥਿਕ ਸਹਾਇਤਾ ਕਰਨ ਲਈ ਨਿਮਨਲਿਖਤ ਯੋਗ ਵਜ਼ੀਫ਼ੇ ਪ੍ਰਦਾਨ ਕੀਤੇ ਜਾਣ:

(ੳ) ਓਵਰਸੀਅਰ ਦੀ ਪੜ੍ਹਾਈ ਕਰਨ ਦੇ ਚਾਰ ਇਛੁੱਕ ਵਿਦਿਆਰਥੀਆਂ ਨੂੰ ਦੋ ਸਾਲ ਲਈ 50 ਰੁਪਏ ਮਹੀਨਾ ਵਜ਼ੀਫ਼ਾ ਦਿੱਤਾ ਜਾਵੇਗਾ। ਵਿਦਿਆਰਥੀ ਐਫ਼.ਐਸ.ਸੀ. ਜਾਂ ਪਹਿਲੇ ਦਰਜੇ ਵਿਚ ਦਸਵੀਂ ਪਾਸ ਹੋਵੇ।

(ਅ) ਉਹਨਾਂ ਦੋ ਵਿਦਿਆਰਥੀਆਂ ਨੂੰ ਦੋ ਸਾਲ ਲਈ 50 ਰੁਪਏ ਮਹੀਨਾ ਵਜ਼ੀਫ਼ਾ ਦਿੱਤਾ ਜਾਵੇਗਾ ਜਿਹੜੇ ਵੈਟਰਨਰੀ ਕਾਲਜ ਪਟਨਾ ਤੋਂ ਡੀ.ਵੀ.ਐਫ਼. ਪਾਸ ਕਰਨ ਦੇ ਇਛੁੱਕ ਹਨ। ਵਿਦਿਆਰਥੀ ਐਫ਼.ਐਸ.ਸੀ. ਜਾਂ ਪਹਿਲੇ ਦਰਜੇ ਵਿਚ ਦਸਵੀਂ ਪਾਸ ਹੋਵੇ।

(ੲ) ਇੰਜਨੀਅਰਿੰਗ ਕਾਲਜ ਵਿਚ ਪੜ੍ਹਨ ਦੇ ਦੋ ਇਛੁੱਕ ਵਿਦਿਆਰਥੀਆਂ ਨੂੰ ਚਾਰ ਸਾਲ ਲਈ 75 ਰੁਪਏ ਮਹੀਨਾ ਵਜ਼ੀਫ਼ਾ ਦਿੱਤਾ ਜਾਵੇਗਾ। ਵਿਦਿਆਰਥੀ ਪਹਿਲੇ ਦਰਜੇ ਵਿਚ ਐਫ਼.ਐਸ.ਸੀ. ਪਾਸ ਹੋਣਾ ਚਾਹੀਦਾ ਹੈ।

(ਸ) ਡਿਗਰੀ ਕਾਲਜ ਵਿਚ ਪੜ੍ਹਨ ਦੇ ਦੋ ਇਛੁੱਕ ਵਿਦਿਆਰਥੀਆਂ ਨੂੰ ਦੋ ਸਾਲ ਲਈ 25 ਰੁਪਏ ਮਹੀਨਾ ਵਜ਼ੀਫ਼ਾ ਦਿੱਤਾ ਜਾਵੇਗਾ। ਵਿਦਿਆਰਥੀ ਪਹਿਲੇ ਦਰਜੇ ਵਿਚ ਦਸਵੀਂ ਪਾਸ ਹੋਵੇ।

ਇੱਛੁਕ ਵਿਦਿਆਰਥੀ ਆਪਣੇ ਸਰਪ੍ਰਸਤ ਦੀ ਜਾਣਕਾਰੀ ਦੇ ਨਾਲ-ਨਾਲ ਯੋਗਤਾ ਸਰਟੀਫ਼ਿਕੇਟ ਸਮੇਤ ਆਪਣੀਆਂ ਅਰਜ਼ੀਆਂ ਹੇਠ ਲਿਖੇ ਪਤੇ 'ਤੇ ਜਮ੍ਹਾਂ ਕਰਾਉਣ:

1. ਅਰਜਨ ਸਿੰਘ, ਸਕੱਤਰ
ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਤਖ਼ਤ ਸਾਹਿਬ
ਪੋਸਟ ਆਫ਼ਿਸ, ਖਗੋਲ, ਜ਼ਿਲ੍ਹਾ ਪਟਨਾ

ਜਾਂ

2. ਮੇਜਰ ਲੋਚਨ ਸਿੰਘ, ਪੋਸਟ ਮਾਸਟਰ ਜਨਰਲ, ਬਿਹਾਰ
ਪ੍ਰਧਾਨ, ਮੈਨੇਜਿੰਗ ਕਮੇਟੀ
ਤਖ਼ਤ ਸ੍ਰੀ ਪਟਨਾ ਸਾਹਿਬ, ਪਟਨਾ, ਬਿਹਾਰ

ਤਖ਼ਤ ਪਟਨਾ ਸਾਹਿਬ ਤੋਂ ਵਜ਼ੀਫ਼ੇ ਦੇਣ ਦੀ ਪਰੰਪਰਾ ਕਦੋਂ ਤੱਕ ਚੱਲਦੀ ਰਹੀ ਇਸ ਬਾਰੇ ਤਾਂ ਕੁੱਝ ਨਹੀਂ ਕਿਹਾ ਜਾ ਸਕਦਾ ਪਰ ਸਮੇਂ ਦੇ ਨਾਲ-ਨਾਲ ਤਖ਼ਤ ਪਟਨਾ ਸਾਹਿਬ ਦੀ ਕਮੇਟੀ ਨੇ ਸਕੂਲ ਅਤੇ ਕਾਲਜ ਖੋਲਣ ਲਈ ਸਫ਼ਲ ਯਤਨ ਅਰੰਭ ਕਰ ਦਿੱਤੇ। ਤਖ਼ਤ ਸਾਹਿਬ ਵੱਲੋਂ ਇਹ ਸਕੂਲ, ਕਾਲਜ ਆਦਿ ਵਿੱਦਿਅਕ ਅਦਾਰੇ ਚਲਾਏ ਜਾ ਰਹੇ ਹਨ:

ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ: 1960 ਵਿਚ ਇਹ ਡਿਗਰੀ ਕਾਲਜ ਖੋਲਿਆ ਗਿਆ ਸੀ। ਆਰਟਸ, ਸਾਇੰਸ ਅਤੇ ਕਾਮਰਸ ਵਿਸ਼ਿਆਂ ਦੀ ਪੜ੍ਹਾਈ ਇਥੇ ਕਰਵਾਈ ਜਾਂਦੀ ਹੈ।[127] ਸ਼ੁਰੂ ਵਿਚ ਇਹ ਕਾਲਜ ਤਖ਼ਤ ਪਟਨਾ ਸਾਹਿਬ ਦੀ ਇਮਾਰਤ ਦੇ ਕੁੱਝ ਕਮਰਿਆਂ ਵਿਚ ਅਰੰਭ ਕੀਤਾ ਗਿਆ ਸੀ ਫਿਰ ਇਸ ਨੂੰ ਤਖ਼ਤ ਸਾਹਿਬ ਤੋਂ ਕੁੱਝ ਦੂਰੀ ’ਤੇ ਕਿਲਾ ਰੋਡ ਸਥਿਤ ਨੇਪਾਲ ਮਹਾਰਾਜੇ ਦੀ ਕੋਠੀ ਵਿਚ ਤਬਦੀਲ ਕਰ ਦਿੱਤਾ ਗਿਆ। ਹੁਣ ਤੱਕ ਇਹ ਕਾਲਜ ਉਸੇ ਕੋਠੀ ਵਿਚ ਹੀ ਚੱਲ ਰਿਹਾ ਹੈ। ਕਾਲਜ ਵਿਖੇ ਇਕ ਪੱਥਰ ’ਤੇ ਲਿਖਿਆ ਹੋਇਆ ਹੈ—ੴ ਸਿਤਿਗੁਰ ਪ੍ਰਸਾਦਿ। ਅਬਿਚਲ ਨੀਵ ਧਰਾਈ ਸਤਿਗੁਰਿ ਕਬਹੂ ਡੋਲਤ ਨਾਹੀ॥ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਪਟਨਾ ਸਿਟੀ ਦੇ ਬਲਾਕ ਦਾ ਬੁਨਿਆਦੀ ਪਥਰ ਸ੍ਰ. ਸੋਹਣ ਸਿੰਘ ਜੀ ਰਈਸ ਗੁਜਰਾਂ ਵਾਲੀਐ ਸਾਬਕਾ ਪ੍ਰਧਾਨ ਤਖਤ ਸ੍ਰੀ ਹਰਿਮੰਦਰ ਜੀ ਨੇ ਆਪਨੇ ਹਸਤ ਕਵਲਾ ਨਾਲ ਰਖਿਆ ਮਿਤੀ 28.5.1969 ਸਵੇਰੇ 7 ਬਜੇ ਬੁਧਵਾਰ। ਇਸੇ ਦਿਨ ਦਾ ਹੀ ਇਕ ਹੋਰ ਪੱਥਰ ਸਾਇੰਸ ਬਲਾਕ ਦੇ ਨੀਂਹ ਪਥਰ ਦਾ ਲੱਗਿਆ ਹੋਇਆ ਹੈ—EK-ONKAR. FOUNDATION STONE OF THE SCIENCE BLOCK OF SRI GURU GOVIND SINGH COLLEGE PATNA CITY WAS LAID BY SARDAR SOHAN SINGH JI ‘RAIS’ OF GUJRANWALA (PAKISTAN) EX-PRESIDENT TAKHT SRI HARIMANDIR JI PATNA SAHEB DATED 28-05-1969 WEDNESDAY 7 A.M.

1976 ਵਿਚ ਪਟਨਾ ਹਾਈ ਕੋਰਟ ਨੇ ਇਸ ਕਾਲਜ ਨੂੰ ਘੱਟ-ਗਿਣਤੀ ਦਰਜਾ ਪ੍ਰਦਾਨ ਕੀਤਾ ਸੀ।[128] 12 ਜੂਨ 1986 ਵਿਚ ਇਹ ਕਾਲਜ ਮਗਧ ਯੂਨੀਵਰਸਿਟੀ ਦੇ ਅਧੀਨ ਕਾਂਸਟੀਚਿਊਂਟ ਕਾਲਜ ਦਾ ਦਰਜਾ ਪ੍ਰਾਪਤ ਕਰ ਗਿਆ ਜਿਸ ਤਹਿਤ ਹੁਣ ਇਹ ਸਰਕਾਰ ਦੀ ਨਿਗਰਾਨੀ ਅਧੀਨ ਆ ਗਿਆ। ਸਰਕਾਰੀ ਪ੍ਰਬੰਧ ਅਧੀਨ ਆ ਜਾਣ ਉਪਰੰਤ ਵੀ ਇਸ ਕਾਲਜ ਦਾ ਘੱਟ-ਗਿਣਤੀ ਦਰਜਾ ਹਾਲੇ ਤੱਕ ਕਾਇਮ ਹੈ ਜਿਸ ਦੇ ਅਧੀਨ ਇਸ ਕਾਲਜ ਦਾ ਪ੍ਰਿੰਸੀਪਲ ਸਿੱਖ ਹੋਣਾ ਚਾਹੀਦਾ ਹੈ ਤਾਂ ਹੀ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਤੋਂ ਉਸ ਦੀ ਪ੍ਰਵਾਨਗੀ ਸੰਭਵ ਹੋ ਸਕਦੀ ਹੈ। ਸ. ਸ਼ਮਸ਼ੇਰ ਸਿੰਘ ਇਸ ਕਾਲਜ ਵਿਚੋਂ ਪ੍ਰਿੰਸੀਪਲ ਦੇ ਅਹੁਦੇ ਤੋਂ ਰਿਟਾਇਰ ਹੋਏ ਹਨ ਉਹਨਾਂ ਨੇ ਇਸ ਕਾਲਜ ਸੰਬੰਧੀ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕੀਤੀ। ਇਸ ਕਾਲਜ ਤੋਂ ਇਲਾਵਾ ਤਖ਼ਤ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਇਹ ਸਕੂਲ ਚਲਾਏ ਜਾ ਰਹੇ ਹਨ:

1. ਸ੍ਰੀ ਗੁਰੂ ਗੋਬਿੰਦ ਸਿੰਘ ਗਰਲਜ਼ ਹਾਈ ਸਕੂਲ
2. ਸ੍ਰੀ ਗੁਰੂ ਗੋਬਿੰਦ ਸਿੰਘ ਮਿਡਲ ਸਕੂਲ
3. ਸ੍ਰੀ ਗੁਰੂ ਗੋਬਿੰਦ ਸਿੰਘ ਬੁਆਇਜ਼ ਹਾਈ ਸਕੂਲ
4. ਸ੍ਰੀ ਗੁਰੂ ਗੋਬਿੰਦ ਸਿੰਘ ਬੁਆਇਜ਼ ਮਿਡਲ ਸਕੂਲ

ਹੋਮਿਓਪੈਥਿਕ ਡਿਸਪੈਂਸਰੀ: ਇਹ ਡਿਸਪੈਂਸਰੀ ਲੰਮੇ ਸਮੇਂ ਤੋਂ ਗੁਰਦੁਆਰਾ

ਸਾਹਿਬ ਵਿਖੇ ਆਉਣ ਵਾਲੀ ਸੰਗਤ ਦੀ ਸੇਵਾ ਕਰ ਰਹੀ ਹੈ। ਡਾ. ਸ਼ਿਵਨੰਦਨ ਪ੍ਰਸ਼ਾਦ ਪਿਛਲੇ 25 ਸਾਲਾਂ ਤੋਂ ਇਥੇ ਸੇਵਾ ਕਰ ਰਹੇ ਹਨ। ਦਵਾਈ ਮੁਫ਼ਤ ਦਿੱਤੀ ਜਾਂਦੀ ਹੈ।

ਸ਼ਤਾਬਦੀ ਸਮਾਰੋਹ

ਗੁਰੂ ਸਾਹਿਬਾਨ, ਪ੍ਰਮੁੱਖ ਸਿੱਖ ਸ਼ਖ਼ਸੀਅਤਾਂ ਅਤੇ ਸਿੱਖ ਇਤਿਹਾਸ ਦੀਆਂ ਪ੍ਰਮੁੱਖ ਘਟਨਾਵਾਂ ਦੀਆਂ ਸ਼ਤਾਬਦੀਆਂ ਬਹੁਤ ਹੀ ਪ੍ਰੇਮ, ਸ਼ਰਧਾ ਅਤੇ ਉਤਸ਼ਾਹ ਨਾਲ ਮਨਾਈਆਂ ਜਾਂਦੀਆਂ ਹਨ। ਇਸ ਸੰਬੰਧੀ 1969 ਵਿਚ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ 5ਵੀਂ ਸ਼ਤਾਬਦੀ ਸਮੁੱਚੀ ਦੁਨੀਆਂ ਵਿਚ ਪੂਰਨ ਸ਼ਰਧਾ, ਜੋਸ਼ ਅਤੇ ਉਤਸ਼ਾਹ ਨਾਲ ਮਨਾਈ ਗਈ ਸੀ। ਬਹੁਤ ਸਾਰੇ ਧਾਰਮਿਕ ਸਮਾਗਮ ਆਯੋਜਿਤ ਕਰਨ ਦੇ ਨਾਲ-ਨਾਲ ਅਕਾਦਮਿਕ ਕਾਰਜਾਂ ਪ੍ਰਤੀ ਰੁਚੀ ਵੀ ਵਿਦਵਾਨਾਂ ਵਿਚ ਦੇਖਣ ਨੂੰ ਮਿਲਦੀ ਹੈ। ਪੰਜਾਬ ਤੋਂ ਬਾਹਰ ਗੁਰੂ ਨਾਨਕ ਦੇਵ ਜੀ ਦੀ ਬਾਣੀ ਅਤੇ ਸੰਦੇਸ਼ ਦਾ ਅਕਾਦਮਿਕ ਪੱਧਰ 'ਤੇ ਅਧਿਐਨ ਕਰਨ ਲਈ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਵੱਲੋਂ ਚੇਅਰਾਂ ਦੀ ਸਥਾਪਨਾ ਕੀਤੀ ਗਈ ਸੀ। ਪੂਰਬੀ ਭਾਰਤ ਵਿਚ ਕਲਕੱਤਾ ਦੀ ਜਾਦਵਪੁਰ ਯੂਨੀਵਰਸਿਟੀ ਵਿਖੇ ਸਥਾਪਿਤ ਕੀਤੀ ਗਈ ਇਕ ਚੇਅਰ 'ਤੇ ਸ੍ਰੀ ਅਨਿਲ ਚੰਦਰ ਬੈਨਰਜੀ ਨੂੰ ਨਿਯੁਕਤ ਕੀਤਾ ਗਿਆ। ਸਿੱਖ ਅਧਿਐਨ ਨਾਲ ਸੰਬੰਧਿਤ Guru Nanak and his Times ਅਤੇ Guru Nanak to Guru Gobind Singh ਆਦਿ ਵਿਸ਼ਿਆਂ 'ਤੇ ਇਹਨਾਂ ਦੀਆਂ ਖੋਜ ਭਰਪੂਰ ਪੁਸਤਕਾਂ ਪੜ੍ਹਨ ਯੋਗ ਹਨ। ਇਹਨਾਂ ਦੀ ਸੇਵਾ-ਮੁਕਤੀ ਉਪਰੰਤ ਪ੍ਰੋ. ਅਮਲੇਂਦੂ ਡੇ ਨੂੰ ਇਸ ਚੇਅਰ 'ਤੇ ਨਿਯੁਕਤ ਕੀਤਾ ਗਿਆ ਜਿਸ ਨੇ 1995 ਵਿਚ ਆਪਣੀ ਸੇਵਾ-ਮੁਕਤੀ ਤੱਕ ਸਿੱਖ ਇਤਿਹਾਸ ਦੇ ਅਧਿਐਨ ਅਤੇ ਅਧਿਆਪਨ ਦਾ ਕਾਰਜ ਕੀਤਾ। ਇਹਨਾਂ ਤੋਂ ਬਾਅਦ 2002 ਵਿਚ ਪ੍ਰੋ. ਹਿਮਾਦਰੀ ਬੈਨਰਜੀ ਨੇ ਇਸ ਚੇਅਰ 'ਤੇ ਖੋਜ-ਭਰਪੂਰ ਕਾਰਜ ਕੀਤਾ। ਕਈ ਖੋਜ-ਭਰਪੂਰ ਆਰਟੀਕਲਾਂ ਤੋਂ ਇਲਾਵਾ The Other Sikhs: A view from Eastern India ਅਤੇ The Khalsa and the Punjab ਵਿਸ਼ਿਆਂ 'ਤੇ ਇਹਨਾਂ ਦੀਆਂ ਪੁਸਤਕਾਂ ਪੂਰਬੀ ਭਾਰਤ ਵਿਚ ਸਿੱਖਾਂ ਬਾਰੇ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਦੀਆਂ ਹਨ।

ਪਟਨਾ ਸਾਹਿਬ ਦੇ ਇਤਿਹਾਸ ਵਿਚ ਤਿੰਨ ਸ਼ਤਾਬਦੀਆਂ ਵੱਡੇ ਪੱਧਰ 'ਤੇ ਮਨਉਣ ਦੇ ਵੇਰਵੇ ਮਿਲਦੇ ਹਨ ਜਿਨਾਂ ਨੇ ਪੂਰਬੀ ਭਾਰਤ ਸਮੇਤ ਸਮੁੱਚੀ ਦੁਨੀਆਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਇਹ ਅਸਥਾਨ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਨਾਲ ਸੰਬੰਧਿਤ ਹੈ ਇਸ ਕਰਕੇ ਦਸਮੇਸ਼ ਪਿਤਾ ਜੀ ਨਾਲ ਸੰਬੰਧਿਤ ਜਿਹੜੀਆਂ ਵੀ ਸ਼ਤਾਬਦੀਆਂ ਇਥੇ ਮਨਾਈਆਂ ਗਈਆਂ ਹਨ, ਸਿੱਖ ਇਤਿਹਾਸ ਵਿਚ ਉਹਨਾਂ ਦਾ ਜ਼ਿਕਰ ਵਿਸ਼ੇਸ਼ ਤੌਰ 'ਤੇ ਦੇਖਣ ਨੂੰ ਮਿਲਦਾ ਹੈ।

ਗੁਰੂ ਤੇਗ਼ ਬਾਹਦਰ ਸਾਹਿਬ ਦੀ ਸ਼ਹਾਦਤ ਦੀ ਤੀਜੀ ਸ਼ਤਾਬਦੀ: ਗੁਰੂ ਤੇਗ਼ ਬਹਾਦਰ ਜੀ ਦਾ ਪੂਰਬ ਦੀ ਸੰਗਤ ਵਿਚ ਵਿਸ਼ੇਸ਼ ਪ੍ਰਭਾਵ ਹੈ। ਪੂਰਬ ਦੇ ਬਹੁਤੇ ਇਲਾਕਿਆਂ ਵਿਚ ਗੁਰੂ ਤੇਗ਼ ਬਹਾਦਰ ਜੀ ਨੂੰ ਪਿਤਾ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ

ਨੂੰ ਬਾਲਾ ਪ੍ਰੀਤਮ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਪੂਰਬ ਦੀ ਸੰਗਤ ਨਾਲ ਸਾਂਝ ਅਤੇ ਪ੍ਰੇਮ ਉਹਨਾਂ ਦੇ ਹੁਕਮਨਾਮਿਆਂ ਵਿਚੋਂ ਸਪਸ਼ਟ ਦੇਖੀ ਜਾ ਸਕਦੀ ਹੈ। ਭਾਰਤ ਦੇ ਲੋਕਾਂ ’ਤੇ ਹੋ ਰਹੇ ਜਬਰ ਅਤੇ ਜ਼ੁਲਮ ਨੂੰ ਰੋਕਣ ਲਈ ਗੁਰੂ ਜੀ ਨੇ ਦਿੱਲੀ ਵਿਖੇ ਆਪਣੀ ਸ਼ਹਾਦਤ ਦੇ ਦਿੱਤੀ ਸੀ। ਸਿੱਖ ਧਰਮ ਗ੍ਰੰਥਾਂ ਅਤੇ ਭਾਵਨਾਵਾਂ ਵਿਚ ਗੁਰੂ ਜੀ ਨੂੰ ‘ਜਗਤ ਦੀ ਚਾਦਰ’, ‘ਸ੍ਰਿਸ਼ਟੀ ਦੀ ਚਾਦਰ’ ‘ਧਰਮ ਦੀ ਚਾਦਰ’ ਅਤੇ ‘ਹਿੰਦ ਦੀ ਚਾਦਰ’ ਆਦਿ ਸਤਿਕਾਰ ਸੂਚਕ ਸ਼ਬਦਾਂ ਨਾਲ ਯਾਦ ਕੀਤਾ ਜਾਂਦਾ ਹੈ। ਧਰਮ ਦੇ ਮਾਰਗ ’ਤੇ ਚੱਲਣ ਵਾਲੇ ਵਿਭਿੰਨ ਧਰਮਾਂ ਦੇ ਲੋਕਾਂ ਦੇ ਮਨ ’ਤੇ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦਾ ਪ੍ਰਭਾਵ ਪੈਦਾ ਹੋਇਆ ਹੈ। ਨਵੰਬਰ 1675 ਵਿਚ ਗੁਰੂ ਜੀ ਦੀ ਸ਼ਹਾਦਤ ਹੋਈ ਸੀ ਅਤੇ ਨਵੰਬਰ 1975 ਵਿਚ ਸਿੱਖ ਪੰਥ ਨੇ ਇਹ ਸ਼ਤਾਬਦੀ ਬਹੁਤ ਹੀ ਸ਼ਰਧਾ ਅਤੇ ਸਤਿਕਾਰ ਸਹਿਤ ਮਨਾਈ ਸੀ। ਇਸ ਸੰਬੰਧੀ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਸਮਾਗਮ ਆਯੋਜਿਤ ਕੀਤੇ ਗਏ ਸਨ। ਸਮੁੱਚੇ ਪੂਰਬੀ ਭਾਰਤ ਵਿਚ ਗੁਰੂ ਤੇਗ਼ ਬਹਾਦਰ ਜੀ ਦੀ ਸਿੱਖਿਆ ਅਤੇ ਸ਼ਹਾਦਤ ਪ੍ਰਤੀ ਚੇਤਨਾ ਪੈਦਾ ਕਰਨ ਹਿਤ ਹਰ ਪੱਧਰ ’ਤੇ ਯਤਨ ਕੀਤੇ ਗਏ। ਤਖ਼ਤ ਸ੍ਰੀ ਪਟਨਾ ਸਾਹਿਬ ਦੁਆਰਾ ਉਲੀਕੇ ਗਏ ਸਮਾਗਮਾਂ ਤੋਂ ਇਲਾਵਾ ਸਥਾਨਕ ਕਮੇਟੀਆਂ ਅਤੇ ਸੰਸਥਾਵਾਂ ਵੀ ਆਪਣੇ ਪੱਧਰ ’ਤੇ ਗੁਰੂ ਜੀ ਦੀ ਸ਼ਹਾਦਤ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਸਮਾਗਮ ਕਰ ਰਹੀਆਂ ਸਨ ਅਤੇ ਤਖ਼ਤ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਸਭ ਨੂੰ ਸਹਿਯੋਗ ਕਰ ਰਹੀ ਸੀ।

ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦੀ ਤੀਜੀ ਸ਼ਤਾਬਦੀ ਨੂੰ ਸਮਰਪਿਤ ਪ੍ਰੋਗਰਾਮ ਆਯੋਜਿਤ ਕਰਨ ਲਈ ਪੂਰਬ ਦੀਆਂ ਪ੍ਰਮੁੱਖ ਸਿੱਖ ਜਥੇਬੰਦੀਆਂ ਦੀਆਂ ਕਈ ਮੀਟਿੰਗਾਂ ਵਿਭਿੰਨ ਸਥਾਨਾਂ ’ਤੇ ਹੋਈਆਂ। ਇਹਨਾਂ ਵਿਚੋਂ ਤੀਜੀ ਮੀਟਿੰਗ 10 ਅਗਸਤ 1975 ਨੂੰ ਖ਼ਾਲਸਾ ਹਾਈ ਸਕੂਲ, ਰਾਂਚੀ ਵਿਖੇ ਐਤਵਾਰ ਦੇ ਦਿਨ ਹੋਈ ਜਿਸ ਦੀ ਪ੍ਰਧਾਨਗੀ ਈਸਟ ਇੰਡੀਆ ਸਿੱਖ ਕੌਂਸਲ ਦੇ ਜਨਰਲ ਸਕੱਤਰ ਸ. ਅਵਤਾਰ ਸਿੰਘ ਨੇ ਕੀਤੀ। ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਅਤੇ ਬਿਹਾਰ ਸਿੱਖ ਪ੍ਰਤੀਨਿਧੀ ਬੋਰਡ ਦੇ ਮੈਂਬਰਾਂ ਸਮੇਤ ਰਾਂਚੀ, ਧਨਬਾਦ, ਜਮਸ਼ੇਦਪੁਰ, ਡਾਲਟਨਗੰਜ, ਹਜ਼ਾਰੀਬਾਗ, ਗਿਰਡੀਹ ਅਤੇ ਲੱਛਮੀਪੁਰ ਦੀਆਂ ਸਿੰਘ ਸਭਾਵਾਂ ਦੇ ਨੁਮਾਇੰਦੇ ਸ਼ਾਮਲ ਹੋਏ। ਤਖ਼ਤ ਸਾਹਿਬ ਦੇ ਜਨਰਲ ਸਕੱਤਰ ਸ. ਮੌਲੇਸ਼ਵਰ ਪ੍ਰਸਾਦ ਸਿੰਘ ਨੇ ਇਸ ਮੌਕੇ ਉਲੀਕੇ ਗਏ ਪ੍ਰੋਗਰਾਮਾਂ ਦਾ ਵੇਰਵਾ ਦਿੱਤਾ ਅਤੇ ਨਾਲ ਹੀ ਇਹ ਵਿਸ਼ਵਾਸ ਦਿਵਾਇਆ ਕਿ ਬਿਹਾਰ ਦੀਆਂ ਸਿੰਘ ਸਭਾਵਾਂ ਵੱਲੋਂ ਆਯੋਜਿਤ ਕੀਤੇ ਜਾਣ ਵਾਲੇ ਸਮਾਗਮਾਂ ਲਈ ਰਾਗੀ ਜਥੇ ਅਤੇ ਪ੍ਰਚਾਰਕ ਭੇਜੇਗੀ ਅਤੇ ਭੇਟਾ-ਮੁਕਤ ਸਿੱਖ-ਸਾਹਿਤ ਮੁਹੱਈਆ ਕਰਵਾਏਗੀ। ਇਸ ਮੌਕੇ ਇਕ ਵਿਸ਼ੇਸ਼ ਸੋਵੀਨਰ ਪ੍ਰਕਾਸ਼ਿਤ ਕੀਤਾ ਜਾਵੇਗਾ। ਤਖ਼ਤ ਸ੍ਰੀ ਪਟਨਾ ਸਾਹਿਬ ਦੇ ਸਹਿਯੋਗ ਨਾਲ ਮੁਜ਼ੱਫ਼ਰਪੁਰ, ਲੱਛਮੀਪੁਰ, ਜਮਸ਼ੇਦਪੁਰ, ਧਨਬਾਦ, ਰਾਂਚੀ, ਹਜ਼ਾਰੀਬਾਗ਼, ਗਿਰਡੀਹ, ਡਾਲਟਨਗੰਜ ਵਿਖੇ ਸਮਾਗਮ ਆਯੋਜਿਤ ਕੀਤੇ ਗਏ। ਤਖ਼ਤ

ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦਾ ਸਮਾਗਮ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਤੋਂ ਇਕ ਦਿਨ ਪਹਿਲਾਂ ਆਯੋਜਿਤ ਕੀਤਾ ਗਿਆ।[129] ਤਖ਼ਤ ਸ੍ਰੀ ਪਟਨਾ ਸਾਹਿਬ ਦੀ ਕਮੇਟੀ ਨੇ ਫੈਸਲਾ ਕੀਤਾ ਕਿ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦੀ ਤੀਜੀ ਸ਼ਤਾਬਦੀ ਸਾਰਾ ਸਾਲ ਮਨਾਈ ਜਾਵੇਗੀ। ਇਸ ਸੰਬੰਧੀ ਤਖ਼ਤ ਸਾਹਿਬ ਵੱਲੋਂ ਜਿਹੜੇ ਸਮਾਗਮ ਉਲੀਕੇ ਗਏ ਸਨ ਉਹਨਾਂ ਦਾ ਵੇਰਵਾ ਇਸ ਤਰ੍ਹਾਂ ਸੀ[130]:

5.1.76 The finale of the Tercentenary Celebrations of Martyrdom of Guru Tegh Bahadur which started on 29th November 1975 to 30th December 1975 in different cities of Bihar under the guidance and control of Takht Sri Harmandirji Patna Saheb, will be held with *kirtan katha*, and with poetic symposium, and speeches by the leaders on behalf of Khalsa Federation in the night.

6.1.76 There will be congregation upto afternoon and *Kavi Darbar* in the night on behalf of Khalsa Federation.

7.1.76 There will be congregation in the morning; Gurbani competition of the children and grand procession at 2.30 pm from Gurdwara Gai Ghat which will terminate at Takht Sri Harmandirji at 7.70 pm followed by *Kirtan Darbar*.

8.1.76 There will be congregation in the morning, Relay from All India Radio Station from 8.20 am to 8.50 am which will be further transmitted by all the Radio Stations of India.

H.E. Governor of Bihar, Shri R.D. Bhandari and the Chief Minister, Dr. Jagannath Mishra will pay their homage to the Guru in the main congregation.

Amrit Prachar at 3 pm - Amrit Prachar by Kartar Singh Khalsa of Bhindra and 4 Jathedars of the 4 Takhts. For this function top-most Ragi Jathas, Pracharaks, Dhadi, Katha Vachak and Poets are arriving...

There will be prizes for Gurbani competition of different ages, which will be held as above stated on 7th January 1976.

ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੇ ਸ਼ਤਾਬਦੀ ਸਮਾਰੋਹ: ਭਾਰਤ ਦੀ ਅਜ਼ਾਦੀ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨਾਲ ਸੰਬੰਧਿਤ ਦੋ ਸ਼ਤਾਬਦੀਆਂ ਸਮੁੱਚੇ ਸਿੱਖ ਜਗਤ ਵਿਚ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਈਆਂ ਗਈਆਂ ਹਨ। ਇਹਨਾਂ ਵਿਚੋਂ ਗੁਰੂ ਜੀ ਦੇ ਪ੍ਰਕਾਸ਼ ਪੁਰਬ ਦੀ ਤੀਜੀ ਸ਼ਤਾਬਦੀ 1967 ਵਿਚ ਅਤੇ 350 ਸਾਲਾ 2017 ਵਿਚ ਮਨਾਇਆ ਗਿਆ। ਦੋਵੇਂ ਸ਼ਤਾਬਦੀਆਂ ਦਾ ਕੇਂਦਰ ਪਟਨਾ ਸਾਹਿਬ ਸੀ।

ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਤੀਜੀ ਸ਼ਤਾਬਦੀ: ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਤੀਜੀ ਸ਼ਤਾਬਦੀ ਮਨਾਉਣ ਲਈ ਇਕ ਐਡਹਾਕ ਕਮੇਟੀ ਦਾ ਗਠਨ ਕੀਤਾ ਗਿਆ ਜਿਸ ਵਿਚ ਸ. ਗਿਆਨ ਸਿੰਘ ਪ੍ਰਧਾਨ, ਸ. ਅਰਜਨ ਸਿੰਘ ਜਨਰਲ ਸਕੱਤਰ ਅਤੇ ਸ. ਮਹਿੰਦਰ ਸਿੰਘ ਸਕੱਤਰ ਚੁਣੇ ਗਏ। ਇਸ ਕਮੇਟੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ 300 ਸਾਲਾ ਸ਼ਤਾਬਦੀ ਪੁਰਬ ਮਨਾਉਣ ਲਈ ਕਈ ਮੀਟਿੰਗਾਂ ਆਯੋਜਿਤ ਕੀਤੀਆਂ ਜਿਨ੍ਹਾਂ ਵਿਚ ਵਿਭਿੰਨ ਸਿੱਖ ਸ਼ਖ਼ਸੀਅਤਾਂ ਅਤੇ ਸੰਸਥਾਵਾਂ ਦੇ ਮੈਂਬਰਾਂ ਅਤੇ ਦਸਮੇਸ਼ ਪਿਤਾ ਪ੍ਰਤੀ ਸ਼ਰਧਾ ਰੱਖਣ ਵਾਲਿਆਂ ਨੇ ਭਾਗ ਲਿਆ। ਇਨ੍ਹਾਂ ਮੀਟਿੰਗਾਂ ਵਿਚ ਸਰਬਸਾਂਝਾ ਵਿਚਾਰ ਇਹ ਸੀ ਕਿ ਸਤਿਗੁਰੂ ਜੀ ਦੇ ਮਿਸ਼ਨ ਦਾ ਵੱਧ ਤੋਂ ਵੱਧ ਪ੍ਰਚਾਰ ਕੀਤਾ ਜਾਵੇ, ਗੁਰੂ ਸਾਹਿਬ ਨੇ ਆਪਣੇ ਜੀਵਨ ਵਿਚ ਜਿਹੜੇ ਬੇਮਿਸਾਲ ਕਾਰਜ ਕੀਤੇ ਹਨ ਉਹਨਾਂ ਦੀ ਸਦੀਵੀ ਯਾਦ ਲਈ ਕੋਈ ਸੰਸਥਾ ਜਾਂ ਯਾਦਗਾਰ ਸਥਾਪਿਤ ਕੀਤੀ ਜਾਵੇ। ਐਡਹਾਕ ਕਮੇਟੀ ਨੇ ਇਸ ਸਮਾਗਮ ਲਈ ਜਿਹੜੇ ਯਾਦਗਾਰੀ ਸਮਾਗਮ ਉਲੀਕੇ ਸਨ ਉਹਨਾਂ ਵਿਚੋਂ ਤਿੰਨ ਇਹ ਹਨ[131]:

1. ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ, ਨਾਂਦੇੜ ਦੀ ਤਸਵੀਰ ਵਾਲੀਆਂ ਡਾਕ ਟਿਕਟਾਂ ਛਪਵਾਉਣੀਆਂ।
2. ਗੁਰੂ ਗੋਬਿੰਦ ਸਿੰਘ ਜੀ ਸੰਬੰਧੀ ਇਕ ਡਾਕੂਮੈਂਟਰੀ ਤਿਆਰ ਕਰਉਣੀ। ਇਹ ਕਾਰਜ ਐਡਹਾਕ ਕਮੇਟੀ ਦੇ ਪ੍ਰਧਾਨ ਅਤੇ ਡਾ. ਜੀਵਨ ਸਿੰਘ ਧਨਬਾਦ ਨੂੰ ਸੌਂਪਿਆ ਗਿਆ।
3. ਸ੍ਰੀ ਦਸਮੇਸ਼ ਪਿਤਾ ਜੀ ਦੀ ਸਾਰੀ ਮੁਖਬਾਕ ਬਾਣੀ ਦਾ ਅੰਗਰੇਜ਼ੀ ਵਿਚ ਅਨੁਵਾਦ ਕਰਾਉਣਾ। ਇਸ ਦੀ ਜ਼ਿੰਮੇਵਾਰੀ ਡਾ. ਜੀਵਨ ਸਿੰਘ ਧਨਬਾਦ ਦੇ ਸਪੁਰਦ ਕੀਤੀ ਗਈ।

ਇਹਨਾਂ ਸਮਾਗਮਾਂ ਨੂੰ ਸੁਚਾਰੂ ਰੂਪ ਵਿਚ ਸਿਰੇ ਚਾੜ੍ਹਨ ਲਈ ਸਮੁੱਚੀ ਸਿੱਖ ਸੰਗਤ ਨੂੰ ਮਾਇਆ ਭੇਜਣ ਦੀ ਬੇਨਤੀ ਦੀ ਬੇਨਤੀ ਕਰਦੇ ਹੋਏ ਕਿਹਾ ਗਿਆ ਕਿ ਹਰ ਗੁਰਸਿੱਖ 1/- (ਇਕ ਰੁਪਈਆ) ਪ੍ਰਤੀ ਜੀਅ ਅਤੇ ਘੱਟੋ ਘੱਟ 5/- (ਪੰਜ ਰੁਪਏ) ਪ੍ਰਤੀ ਪਰਿਵਾਰ ਅਰਦਾਸ ਜਰੂਰ ਕਰਵਾਏ।

ਸ਼ਤਾਬਦੀ ਸਮਾਗਮ ਆਯੋਜਿਤ ਕਰਨ ਲਈ ਪਟਨੇ ਦਾ ਗਾਂਧੀ ਮੈਦਾਨ ਚੁਣਿਆ

ਗਿਆ। ਇਸ ਨਗਰ ਵਿਚ ਇਹ ਇਕ ਵੱਡਾ ਮੈਦਾਨ ਹੈ ਜਿਥੇ ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਦੇ ਬੈਠਣ ਦੀ ਜਗ੍ਹਾ ਮੌਜੂਦ ਹੈ। ਸ਼ਤਾਬਦੀ ਸਮਾਰੋਹ ਵਿਚ ਵੱਡੀ ਗਿਣਤੀ ਸੰਗਤਾਂ ਦੀ ਆਮਦ ਨੂੰ ਮੁੱਖ ਰੱਖਦੇ ਹੋਏ ਇਸੇ ਮੈਦਾਨ ਵਿਚ ਵੱਡੇ ਪੰਡਾਲ ਸਜਾਏ ਗਏ। ਇਹ ਮੈਦਾਨ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਤੋਂ ਲਗਪਗ ਬਾਰਾਂ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। 1967 ਵਿਚ 15 ਤੋਂ 18 ਜਨਵਰੀ ਦੌਰਾਨ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਇਸ ਅਸਥਾਨ 'ਤੇ ਮਨਾਇਆ ਗਿਆ। ਸੰਗਤ ਦੇ ਨਿਵਾਸ ਲਈ ਦਸਮੇਸ਼ ਸਿਟੀ ਦੇ ਨਾਂ 'ਤੇ ਇਕ ਆਰਜ਼ੀ ਨਗਰ ਤਿਆਰ ਕੀਤਾ ਗਿਆ ਜਿਸ ਵਿਚ ਵੱਡੀ ਗਿਣਤੀ ਸੰਗਤਾਂ ਦੇ ਰਹਿਣ ਦੀ ਸੁਵਿਧਾ ਪ੍ਰਦਾਨ ਕੀਤੀ ਗਈ ਸੀ। ਇਸ ਦਰਸ਼ਨੀ ਸਮਾਗਮ ਵਿਚ ਜਿਹੜੀਆਂ ਵਿਸ਼ੇਸ਼ ਸ਼ਖ਼ਸੀਅਤਾਂ ਨੇ ਹਿੱਸਾ ਲਿਆ ਉਹਨਾਂ ਵਿਚ ਇਹ ਨਾਂ ਪ੍ਰਮੁੱਖ ਤੌਰ 'ਤੇ ਸਾਹਮਣੇ ਆਉਂਦੇ ਹਨ—ਭਾਰਤ ਦੇ ਉਪ-ਰਾਸ਼ਟਰਪਤੀ ਡਾ. ਜ਼ਾਕਿਰ ਹੁਸੈਨ, ਰੱਖਿਆ ਮੰਤਰੀ ਸ. ਸਵਰਨ ਸਿੰਘ, ਪਾਰਲੀਮੈਂਟ ਦੇ ਸਪੀਕਰ ਸ. ਹੁਕਮ ਸਿੰਘ, ਮਦਰਾਸ ਦੇ ਗਵਰਨਰ ਸ. ਉੱਜਲ ਸਿੰਘ, ਮਹਾਰਾਜਾ ਪਟਿਆਲਾ, ਨਵਾਬ ਮਲੇਰਕੋਟਲਾ, ਮੁੱਖ ਮੰਤਰੀ ਬਿਹਾਰ ਸਰਕਾਰ, ਪਟਨਾ ਹਾਈ ਕੋਰਟ ਦਾ ਚੀਫ਼ ਜਸਟਿਸ, ਬਿਹਾਰ ਅਸੈਂਬਲੀ ਦਾ ਸਪੀਕਰ, ਬਿਹਾਰ ਦਾ ਮੈਟਰੋਪੋਲੀਟਨ ਬਿਸ਼ਪ ਆਦਿ। ਕਥਾ, ਕੀਰਤਨ, ਨਗਰ-ਕੀਰਤਨ, ਢਾਡੀ ਦਰਬਾਰ ਅਤੇ ਕਵੀ ਦਰਬਾਰ ਆਦਿ ਇਸ ਸਮਾਗਮ ਦੇ ਮਹੱਤਵਪੂਰਨ ਅੰਗ ਸਨ। ਲੰਗਰ ਸਮੂਹ ਸ਼ਰਧਾਲੂਆਂ ਦੀ ਖਿੱਚ ਦਾ ਕੇਂਦਰ ਸੀ।[132] ਇਸ ਮੌਕੇ ਬਿਹਾਰ ਦੀ ਯੰਗਮੈਨ ਸਿੱਖ ਐਸੋਸੀਏਸ਼ਨ ਨੇ ਇਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਸ. ਹੁਕਮ ਸਿੰਘ, ਪ੍ਰਿੰਸੀਪਲ ਜੋਧ ਸਿੰਘ, ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ, ਡਾ. ਤਾਰਨ ਸਿੰਘ, ਡਾ. ਮਹੀਪ ਸਿੰਘ, ਪ੍ਰੋ. ਸਤਿਬੀਰ ਸਿੰਘ ਆਦਿ ਵਿਦਵਾਨ ਸ਼ਾਮਲ ਹੋਏ। ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਸ਼ਸਤਰਾਂ, ਹੁਕਮਨਾਮਿਆਂ, ਤਸਵੀਰਾਂ ਅਤੇ ਹੋਰਨਾਂ ਨਿਸ਼ਾਨੀਆਂ ਦੀ ਲਗਾਈ ਗਈ ਪ੍ਰਦਰਸ਼ਨੀ ਸੰਗਤ ਦੀ ਖਿੱਚ ਦਾ ਕੇਂਦਰ ਸੀ। ਇਸ ਸਮਾਗਮ ਨੂੰ ਯਾਦਗਾਰੀ= ਬਣਾਉਣ ਲਈ ਭਾਰਤ ਸਰਕਾਰ ਦੇ ਕਈ ਅਦਾਰੇ ਕਾਰਜਸ਼ੀਲ ਸਨ। ਭਾਰਤ ਦੇ ਡਾਕ ਅਤੇ ਤਾਰ-ਘਰ ਵਿਭਾਗ ਨੇ 15 ਪੈਸੇ ਵਾਲੀ ਜਾਮਣੀ ਰੰਗ ਦੀ ਇਕ ਟਿਕਟ ਜਾਰੀ ਕੀਤੀ। ਇਸ ਟਿਕਟ ਦੀ ਤਸਵੀਰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਅਜਾਇਬ ਘਰ ਵਿਚ ਲੱਗੀ ਹੋਈ ਹੈ। ਤਖ਼ਤ ਸ੍ਰੀ ਪਟਨਾ ਸਾਹਿਬ ਦੇ ਤਤਕਾਲੀ ਮੈਨੇਜਰ ਗਿਆਨੀ ਗੁਰਬਚਨ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਤੀਜੀ ਸ਼ਤਾਬਦੀ ਦੇ ਸਮਾਰੋਹ ਦਾ ਵਰਨਨ ਕਰਦੇ ਹੋਏ ਕਹਿੰਦੇ ਹਨ:

> ਸੁਨਹਿਰੀ ਅੱਖਰਾਂ ਵਿਚ ਇਹ ਲਿਖਿਆ ਜਾਣਾ ਜ਼ਰੂਰੀ ਹੈ—ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ॥ ਇਸ ਦੀ ਵਿਸ਼ੇਸ਼ਤਾ ਇਸ ਕਰਕੇ ਭੀ ਵੱਡੀ ਹੈ ਕਿ ਬਿਹਾਰ ਵਿਚ ਸਿੱਖਾਂ ਦੀ ਏਨੀ ਗਿਣਤੀ ਨਹੀਂ ਜਿੰਨੀ ਹਿੰਮਤ ਤਰੱਦਦ ਸਿਆਣਪ ਅਤੇ ਖੁਲ੍ਹ-ਦਿਲੀ ਨਾਲ ਇਹ ਦਿਨ ਮਨਾਏ ਗਏ।

> ਲੱਖਾਂ ਰੁਪਏ ਦੇ ਲਿਟਰੇਚਰ, ਗੁਰੂ ਕੇ ਲੰਗਰ ਵਰਤਾਏ ਗਏ। ਦੇਸ ਪ੍ਰਦੇਸਾਂ ਤੋਂ ਲੱਖਾਂ ਹੀ ਸ਼ਰਧਾਲੂ ਆਏ ਅਤੇ ਪੰਥ ਦੇ ਹਰ ਅੰਗ ਨੇ ਇਸ ਵਿਚ ਹਿੱਸਾ ਪਾਇਆ। ਬਾਂਕੀਪੁਰ ਦੀ ਵੱਡੀ ਗਰਾਊਂਡ ਤੇ ਇਨ੍ਹਾਂ ਸਮਾਗਮਾਂ ਦਾ ਵਿਸ਼ੇਸ਼ ਪ੍ਰੋਗਰਾਮ ਸੀ, ਨਮਾਇਸ਼ਾਂ ਤੇ ਅਸਮਾਨਾਂ ਤੱਕ ਉਚੇ ਝੰਡੇ ਝੁਲਾਏ ਗਏ। ਅੱਠ ਮੀਲ ਲੰਬਾ ਜਲੂਸ (ਨਗਰ ਕੀਰਤਨ) ਸੈਂਕੜੇ ਪਾਰਟੀਆਂ, ਸੈਂਕੜੇ ਹੀ ਟਰੱਕ, ਨਿਹੰਗ ਸਿੰਘਾਂ ਦੇ ਸੈਂਕੜੇ ਘੋੜ ਸਵਾਰ ਇਕ ਅਨੂਪਮ ਦ੍ਰਿਸ਼ ਬਣਾ ਰਹੇ ਸਨ। ਪੰਥ ਦੇ ਪ੍ਰਸਿੱਧ ਵਿਦਵਾਨ, ਲੀਡਰ, ਕੀਰਤਨੀ ਜਥੇ, ਢਾਡੀ ਜਥੇ, ਕਵੀ ਇਹਨਾਂ ਸਮਾਗਮਾਂ ਦਾ ਸ਼ਿੰਗਾਰ ਸਨ।[133]

ਡਾ. ਜੋਧ ਸਿੰਘ ਇਹਨਾਂ ਸਤਰਾਂ ਦੇ ਲੇਖਕ ਦੇ ਅਧਿਆਪਕ ਹਨ। ਜਦੋਂ ਇਹ ਸ਼ਤਾਬਦੀ ਮਨਾਈ ਗਈ ਤਾਂ ਉਸ ਸਮੇਂ ਇਹ ਬਨਾਰਸ ਵਿਖੇ ਰਹਿੰਦੇ ਸਨ। ਇਹ ਅਕਸਰ ਦੱਸਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਤੀਜੀ ਸ਼ਤਾਬਦੀ ਮੌਕੇ ਬਨਾਰਸ ਦੇ ਨੌਜਵਾਨਾਂ ਵਿਚ ਸ਼ਤਾਬਦੀ ਪ੍ਰਤੀ ਬਹੁਤ ਉਤਸ਼ਾਹ ਸੀ। ਇਹ ਆਪਣੇ ਸਾਥੀਆਂ ਸਮੇਤ ਬਨਾਰਸ ਤੋਂ ਪਟਨਾ ਸਾਹਿਬ ਵਿਖੇ ਸਾਇਕਲਾਂ ’ਤੇ ਗਏ ਸਨ।

ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦਾ 350 ਸਾਲਾ ਗੁਰਪੁਰਬ: ਇਸ ਸ਼ਤਾਬਦੀ ਨੂੰ ਬਹੁਤ ਨੇੜਿਓਂ ਦੇਖਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਇਸ ਸ਼ਤਾਬਦੀ ਨੂੰ ਮਨਾਉਣ ਲਈ ਜਿੰਨਾ ਉਤਸ਼ਾਹਤ ਸਿੱਖਾਂ ਵਿਚ ਸੀ ਉਸ ਤੋਂ ਕਿਤੇ ਵਧੇਰੇ ਉਤਸ਼ਾਹ ਬਿਹਾਰ ਸਰਕਾਰ ਨੇ ਪ੍ਰਗਟ ਕੀਤਾ। ਸਰਕਾਰ ਦੀ ਮਸ਼ੀਨਰੀ ਅਤੇ ਅਫ਼ਸਰ ਜਿਸ ਉਤਸ਼ਾਹ ਨਾਲ ਇਸ ਸ਼ਤਾਬਦੀ ਨੂੰ ਮਨਾਉਣ ਲਈ ਪੱਬਾਂ ਭਾਰ ਹੋਏ ਫਿਰਦੇ ਸਨ, ਉਸ ਦੀ ਮਿਸਾਲ ਸ਼ਾਇਦ ਹੀ ਕਿਤੇ ਹੋਰ ਦੇਖਣ ਨੂੰ ਮਿਲਦੀ ਹੋਵੇ। ਸਮੁੱਚੇ ਸਿੱਖ ਜਗਤ ਵਿਚ ਇਹ ਸੰਦੇਸ਼ ਗਿਆ ਕਿ ਜਿਸ ਤਰ੍ਹਾਂ ਨਾਲ ਬਿਹਾਰ ਸਰਕਾਰ ਨੇ ਇਸ ਸ਼ਤਾਬਦੀ ਨੂੰ ਮਨਾਉਣ ਲਈ ਯਤਨ ਕੀਤੇ ਹਨ, ਸ਼ਾਇਦ ਹੀ ਕੋਈ ਹੋਰ ਸਰਕਾਰ ਅਜਿਹੇ ਯਤਨ ਕਰ ਸਕਦੀ ਹੈ। ਬਿਹਾਰ ਸਰਕਾਰ ਦੇ ਮੁੱਖ ਮੰਤਰੀ ਸ੍ਰੀ ਨੀਤਿਸ਼ ਕੁਮਾਰ ਨੇ ਗੁਰੂ ਸਾਹਿਬ ਪ੍ਰਤੀ ਆਪਣੀਆਂ ਭਾਵਨਾਵਾਂ ਦਾ ਜਾਹਰਾ ਰੂਪ ਪ੍ਰਗਟ ਕਰਕੇ ਚਿਰ ਕਾਲ ਲਈ ਸਿੱਖਾਂ ਦੇ ਦਿਲ ਵਿਚ ਆਪਣੀ ਥਾਂ ਬਣਾ ਲਈ ਹੈ। ਸਰਕਾਰ ਵੱਲੋਂ ਆਯੋਜਿਤ ਕੀਤੀਆਂ ਗਈਆਂ ਕਾਨਫ਼ਰੰਸਾਂ ਅਤੇ ਵਿਚਾਰ ਗੋਸ਼ਟੀਆਂ ਵਿਚ ਵੱਡੀ ਗਿਣਤੀ ਸਿੱਖਾਂ ਨੇ ਹਿੱਸਾ ਲਿਆ। ਸ਼ਤਾਬਦੀ ਸਮਾਰੋਹ ਦੌਰਾਨ ਸਰਕਾਰੀ ਮਹਿਮਾਨ ਕਿਤੇ ਵੀ ਦੂਰ-ਦੁਰਾਡੇ ਇਲਾਕੇ ਵਿਚ ਜਾਂਦੇ ਸਨ, ਉਹਨਾਂ ਦਾ ਪੂਰਨ ਸਤਿਕਾਰ ਹੁੰਦਾ ਸੀ। ਇਸ ਸ਼ਤਾਬਦੀ ਦਾ ਸਿੱਖਾਂ ਦੇ ਮਨ ’ਤੇ ਅਜਿਹਾ ਅਸਰ ਹੋਇਆ ਕਿ ਪਟਨਾ ਸਾਹਿਬ ਜਾਣ ਵਾਲੀ ਸਿੱਖ ਸੰਗਤ ਕਈ ਗੁਣਾਂ ਵੱਧ ਗਈ। ਪਟਨਾ ਸਾਹਿਬ ਦੇ ਜਿਹੜੇ ਦੂਰ-ਦੁਰਾਡੇ ਧਾਰਮਿਕ ਅਸਥਾਨਾਂ ਵੱਲ ਜਾਣ ਤੋਂ ਸੰਗਤ ਦੂਰ ਰਹਿੰਦੀ ਸੀ, ਉਥੇ ਵੀ ਰੌਣਕ ਵੱਧ ਗਈ।

ਸਮੁੱਚੇ ਸਿੱਖ ਜਗਤ ਵੱਲੋਂ ਇਹ ਸ਼ਤਾਬਦੀ ਮਨਾਉਣ ਲਈ ਜਿਹੜੇ ਯਤਨ ਕੀਤੇ ਗਏ ਉਹਨਾਂ ਵਿਚ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਦੀ ਵਿਸ਼ੇਸ਼ ਭੂਮਿਕਾ ਰਹੀ ਹੈ। ਲੰਮਾ ਸਮਾਂ ਪਹਿਲਾਂ ਇਹਨਾਂ ਨੇ ਇਹ ਸ਼ਤਾਬਦੀ ਮਨਾਉਣ

ਦਾ ਸੰਕਲਪ ਲਿਆ ਸੀ ਜਿਸ ਨੂੰ ਪੂਰਾ ਕਰਨ ਲਈ ਇਹਨਾਂ ਨੇ ਪ੍ਰਭਾਵਸ਼ਾਲੀ ਯਤਨ ਕੀਤੇ ਸਨ। ਬਿਹਾਰ ਤੋਂ ਲੈ ਕੇ ਪੰਜਾਬ ਤੱਕ ਜਿਹੜੇ ਵੀ ਧਾਰਮਿਕ ਦੀਵਾਨ ਆਯੋਜਿਤ ਕੀਤੇ ਜਾਂਦੇ ਸਨ, ਉਹਨਾਂ ਵਿਚ ਇਹਨਾਂ ਦਾ ਮੁੱਖ ਵਿਸ਼ਾ ਸ਼ਤਾਬਦੀ ਮਨਾਉਣ ਲਈ ਪ੍ਰੇਰਨਾ ਪੈਦਾ ਕਰਨਾ ਹੁੰਦਾ ਸੀ। ਵਿਦੇਸ਼ਾਂ ਵਿਚ ਜਾ ਕੇ ਵੀ ਇਹ ਸਮੁੱਚੀ ਸਿੱਖ ਸੰਗਤ ਨੂੰ ਦਸਮੇਸ਼ ਪਿਤਾ ਜੀ ਦੇ ਸ਼ਤਾਬਦੀ ਸਮਾਰੋਹ ਲਈ ਤਖ਼ਤ ਸਾਹਿਬ ਵਿਖੇ ਹਾਜ਼ਰੀ ਭਰਨ ਦੀ ਬੇਨਤੀ ਕਰਦੇ ਰਹੇ ਹਨ। ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਇਹਨਾਂ ਦੀ ਨਿਗਰਾਨੀ ਅਧੀਨ ਦਿਨ-ਰਾਤ ਰਾਗੀ, ਢਾਡੀ, ਕਥਾ-ਵਾਚਕ, ਵਿਚਾਰ-ਗੋਸ਼ਟੀਆਂ ਆਦਿ ਦਾ ਸਿਲਸਿਲਾ ਨਿਰੰਤਰ ਚੱਲਦਾ ਰਿਹਾ। ਮਰਯਾਦਾ ਪੂਰਵਕ ਇਸ ਸ਼ਤਾਬਦੀ ਸਮਾਰੋਹ ਦੇ ਸੰਪੂਰਨ ਹੋਣ ਦਾ ਮਾਣ ਇਹਨਾਂ ਨੂੰ ਮਿਲਿਆ ਹੈ।

ਇਸ ਸ਼ਤਾਬਦੀ ਮੌਕੇ ਪੰਜਾਬ ਦੀ ਬਿਹਾਰ ਦੇ ਆਮ ਲੋਕਾਂ ਨਾਲ ਸਾਂਝ ਵਧੀ ਹੈ। ਗੁਰੂ ਗੋਬਿੰਦ ਸਿੰਘ ਜੀ ਪ੍ਰਤੀ ਸਤਿਕਾਰ ਪ੍ਰਗਟ ਕਰਨ ਦੇ ਨਾਲ-ਨਾਲ ਸਾਂਝ ਪੈਦਾ ਕਰਨ ਵਾਲੀਆਂ ਇਹ ਪੰਕਤੀਆਂ ਸੰਗਤ ਦੇ ਮਨ ਵਿਚ ਖਿੱਚ ਪੈਦਾ ਕਰ ਰਹੀਆਂ ਸਨ - ਪਟਨਾ ਜਨਮੇ ਅਨੰਦਪੁਰ ਵਾਸੀ। ਗੋਬਿੰਦ ਸਿੰਘ ਨਾਮ ਅਵਿਨਾਸੀ॥ ਇਸ ਸ਼ਤਾਬਦੀ ਮੌਕੇ ਇਹ ਨਜ਼ਾਰੇ ਲੋਕਾਂ ਦੀ ਖਿੱਚ ਦਾ ਕੇਂਦਰ ਸਨ - ਸ਼ਬਦ ਕੀਰਤਨ, ਨਗਰ ਕੀਰਤਨ, ਪੰਜ ਪਿਆਰੇ, ਨਗਰ ਕੀਰਤਨ ਦੀ ਪਾਲਕੀ, ਗੁਰੂ-ਘਰਾਂ ਦੀ ਸਜਾਵਟ, ਆਮ ਲੋਕਾਂ ਵੱਲੋਂ ਘਰਾਂ ਦੀ ਸਜਾਵਟ ਅਤੇ ਸੰਗਤ ਦੀ ਮਹਿਮਾਨ ਨਿਵਾਜ਼ੀ, ਗਤਕਾ, ਨੇਜਾਬਾਜੀ, ਘੋੜੇ, ਹਾਥੀ, ਲੰਗਰ-ਘਰਾਂ ਵਿਚ ਬਣ ਰਹੇ ਵਿਭਿੰਨ ਪ੍ਰਕਾਰ ਦੇ ਪਕਵਾਨ, ਚਾਹ-ਪਕੌੜੇ, ਸਰਕਾਰ ਦਾ ਲੋਕਾਂ ਪ੍ਰਤੀ ਪਿਆਰ, ਗੋਬਿੰਦ ਘਾਟ ਤੋਂ ਗਾਇ ਘਾਟ ਹੁੰਦੇ ਹੋਏ ਦਾਨਾਪੁਰ ਤੱਕ ਚੱਲਣ ਵਾਲੇ ਪਾਣੀ ਦੇ ਬੇੜੇ, ਟੈਂਟ ਸਿਟੀ, ਕਲਾ ਪ੍ਰਦਰਸ਼ਨੀ, ਕਵੀ ਦਰਬਾਰ, ਚਿਤਰ ਪ੍ਰਦਰਸ਼ਨੀ, ਗਾਂਧੀ ਮੈਦਾਨ, ਪਟਨਾ ਸਾਹਿਬ ਰੇਲਵੇ ਸਟੇਸ਼ਨ ਦੀ ਗੁਰਦੁਆਰਾਨੁਮਾ ਦਿੱਖ ਅਤੇ ਸਜਾਵਟ, ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨਾਲ ਸੰਬੰਧਿਤ ਝਾਕੀਆਂ, ਗੁਰੂ ਸਾਹਿਬਾਨ ਦੇ ਜੀਵਨ 'ਤੇ ਅਧਾਰਿਤ ਫਿਲਮਾਂ (ਨਾਨਕ ਨਾਮ ਜਹਾਜ਼, ਚਾਰ ਸਾਹਿਬਜ਼ਾਦੇ ਆਦਿ), ਬੱਚਿਆਂ ਦਾ ਮਾਰਸ਼ਲ ਆਰਟ, ਫ਼ੌਜੀ ਬੈਂਡ ਆਦਿ। ਇਹਨਾਂ ਤੋਂ ਇਲਾਵਾ ਸਰਕਾਰ ਵੱਲੋਂ ਤਿਆਰ ਕੀਤਾ ਗਿਆ ਲੇਜ਼ਰ ਸ਼ੋਅ ਸੰਗਤਾਂ ਦੀ ਖਿੱਚ ਦਾ ਵਿਸ਼ੇਸ਼ ਕੇਂਦਰ ਰਿਹਾ। ਪਟਨਾ ਸਾਹਿਬ ਦੇ ਮੰਗਲ ਤਲਾਬ 'ਤੇ ਇਸ ਦਾ ਆਯੋਜਨ ਕੀਤਾ ਗਿਆ ਅਤੇ ਇਹ ਸ਼ੋਅ ਮੌਜੂਦਾ ਸਮੇਂ ਤੱਕ ਨਿਰੰਤਰ ਜਾਰੀ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਜਨਮ, ਬਚਪਨ, ਜਵਾਨੀ, ਪ੍ਰਤਾਪ, ਬਹਾਦਰੀ, ਸੰਦੇਸ਼, ਪ੍ਰੇਮ, ਦ੍ਰਿੜਤਾ, ਸ਼ਸਤਰ ਅਤੇ ਸ਼ਾਸਤਰ ਵਿੱਦਿਆ 'ਤੇ ਅਧਾਰਿਤ ਇਹ ਸ਼ੋਅ ਇੰਨਾ ਪ੍ਰਭਾਵਸ਼ਾਲੀ ਹੈ ਕਿ ਦੇਖਣ ਵਾਲਿਆਂ ਦੇ ਮਨ ਵਿਚ ਜੋਸ਼ ਅਤੇ ਉਤਸ਼ਾਹ ਭਰ ਜਾਂਦਾ ਹੈ। ਵੱਡੀ ਗਿਣਤੀ ਲੋਕ ਇਸ ਨੂੰ ਦੇਖਣ ਲਈ ਰੋਜ਼ਾਨਾ ਹਾਜ਼ਰੀ ਭਰਦੇ ਹਨ।

ਗਾਂਧੀ ਮੈਦਾਨ ਵਿਖੇ ਆਰਜ਼ੀ ਤੌਰ 'ਤੇ ਉਸਾਰਿਆ ਗਿਆ ਦਰਸ਼ਨੀ ਗੁਰਦੁਆਰਾ, ਸਜਾਏ ਹੋਏ ਇਤਿਹਾਸਿਕ ਸ਼ਸਤਰ ਅਤੇ ਲੰਗਰ ਸੇਵਾ ਸੰਗਤ ਦੀ ਖਿੱਚ ਦਾ ਕਾਰਨ ਬਣੀ

ਹੋਈ ਸੀ। ਸਪੀਕਰ 'ਤੇ ਵਾਰ-ਵਾਰ ਸਥਾਨਕ ਸੰਗਤ ਨੂੰ ਗੁਜ਼ਾਰਿਸ਼ ਕੀਤੀ ਜਾ ਰਹੀ ਸੀ ਕਿ ਉਹ ਬਾਹਰੋਂ ਆਏ ਸਿੱਖ ਸ਼ਰਧਾਲੂਆਂ ਲਈ ਜਗ੍ਹਾ ਛੱਡ ਕੇ ਮੈਦਾਨ ਵਿਚੋਂ ਬਾਹਰ ਆ ਜਾਣ। ਲਗਪਗ ਦੋ ਲੱਖ ਤੋਂ ਵਧੇਰੇ ਸੰਗਤ ਦੇ ਇਕੱਲੇ ਗਾਂਧੀ ਮੈਦਾਨ ਵਿਚ ਇਕੱਤਰ ਹੋਣ ਨਾਲ ਸੁਰੱਖਿਆ ਏਜੰਸੀਆਂ ਵੀ ਚਿੰਤਾ ਵਿਚ ਪੈ ਗਈਆਂ ਸਨ। ਇਸ ਤੋਂ ਇਲਾਵਾ ਪਟਨਾ ਸਾਹਿਬ ਦੇ ਬਜ਼ਾਰਾਂ, ਗਲੀ-ਮੁਹੱਲਿਆਂ, ਸਰਾਵਾਂ ਆਦਿ 'ਤੇ ਸੰਗਤਾਂ ਦਾ ਅਜਿਹਾ ਭਾਰੀ ਇਕੱਠ ਸੀ ਕਿ ਸੜਕ ਤੋਂ ਲੰਘਣਾ ਮੁਸ਼ਕਿਲ ਹੋ ਰਿਹਾ ਸੀ। ਪਟਨਾ ਸਾਹਿਬ ਨੂੰ ਆਉਣ ਵਾਲੀ ਹਰ ਸੜਕ ਜਾਮ ਹੋ ਗਈ ਸੀ। ਲੱਖਾਂ ਦੀ ਗਿਣਤੀ ਵਿਚ ਇਕੱਤਰ ਹੋਈ ਸੰਗਤ ਦੀ ਸਹੂਲਤ ਲਈ ਹਰ ਤਰ੍ਹਾਂ ਦੇ ਪ੍ਰਬੰਧ ਕੀਤੇ ਹੋਏ ਸਨ। ਸਕੂਲਾਂ, ਕਾਲਜਾਂ ਅਤੇ ਹੋਰ ਸਮਾਜ ਸੇਵੀ ਸੰਸਥਾਵਾਂ ਨਾਲ ਜੁੜੇ ਹੋਏ ਵਲੰਟੀਅਰ ਸੰਗਤ ਦੀ ਸੇਵਾ ਲਈ ਹਮੇਸ਼ਾਂ ਤਿਆਰ ਸਨ ਅਤੇ ਉਤਸ਼ਾਹ ਪੂਰਵਕ ਕੰਮ ਕਰ ਰਹੇ ਸਨ। ਬਿਹਾਰ ਤੋਂ ਬਾਹਰੋਂ ਗਈ ਸਮੁੱਚੀ ਸੰਗਤ ਉਥੋਂ ਦੇ ਵਸਨੀਕਾਂ ਲਈ ਮਹਿਮਾਨ ਸੀ। ਗੁਰਦੁਆਰਾ ਸਾਹਿਬਾਨ ਵਿਖੇ ਮੱਥਾ ਟੇਕਣ ਲਈ ਬਾਹਰਲੀ ਸੰਗਤ ਨੂੰ ਪਹਿਲ ਦਿੱਤੀ ਜਾ ਰਹੀ ਸੀ।

ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਅਤੇ ਵਿਚਾਰਧਾਰਾ ਨੂੰ ਉਜਾਗਰ ਕਰਨ ਲਈ ਦੋ ਪ੍ਰਮੁੱਖ ਅਕਾਦਮਿਕ ਪ੍ਰੋਗਰਾਮ ਉਲੀਕੇ ਗਏ ਸਨ। ਇਕ ਪ੍ਰੋਗਰਾਮ ਬਿਹਾਰ ਸਰਕਾਰ ਵੱਲੋਂ 22-24 ਸਤੰਬਰ 2016 ਤੱਕ ਆਯੋਜਿਤ ਕੀਤਾ ਗਿਆ ਸੀ। *ਇੰਟਰਨੈਸ਼ਨਲ ਸਿੱਖ ਕਾਨਕਲੇਵ 2016* ਵਿਸ਼ੇ ਅਧੀਨ ਇਸ ਸਮਾਗਮ ਵਿਚ ਦੇਸ਼-ਵਿਦੇਸ਼ ਤੋਂ ਸਿੱਖ ਵਿਦਵਾਨਾਂ ਨੇ ਹਾਜ਼ਰੀ ਭਰੀ। ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ 'ਤੇ ਤਿਆਰ ਕੀਤੀ ਗਈ ਡਾਕੂਮੈਂਟਰੀ ਦਿਖਾਉਣ ਤੋਂ ਇਲਾਵਾ ਇਸ ਕਾਨਕਲੇਵ ਵਿਚ Sri Guru Gobind Singh - The Saint and Soldier, Sikh Heritage of Bihar, Sikhism - A Refromist Religion, Contribution of Sikhs to the Nation ਆਦਿ ਵਿਸ਼ਿਆਂ 'ਤੇ ਕਰਵਾਈ ਗਈ ਵਿਚਾਰ ਗੋਸ਼ਟੀ ਵਿਚ ਵਿਦਵਾਨਾਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ। ਬਿਹਾਰ ਦੇ ਮੁੱਖ ਮੰਤਰੀ ਸ੍ਰੀ ਨੀਤਿਸ਼ ਕੁਮਾਰ, ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ, ਸਿੰਘ ਸਾਹਿਬ ਜਥੇਦਾਰ ਇਕਬਾਲ ਸਿੰਘ, ਕੈਨੇਡਾ ਦੀ ਮੈਂਬਰ ਪਾਰਲੀਮੈਂਟ ਰੂਬੀ ਢਾਲਾ, ਐਸ.ਐਸ. ਆਹਲੂਵਾਲੀਆ ਆਦਿ ਬਹੁਤ ਸਾਰੀਆਂ ਪ੍ਰਮੁੱਖ ਸ਼ਖ਼ਸੀਅਤਾਂ ਇਸ ਸਮਾਗਮ ਦੇ ਉਦਘਾਟਨੀ ਸਮਾਗਮ ਵਿਚ ਸ਼ਾਮਲ ਸਨ। ਬਾਅਦ ਵਿਚ ਆਯੋਜਿਤ ਕੀਤੇ ਗਏ ਅਕਾਦਮਿਕ ਸੈਸ਼ਨਾਂ ਵਿਚ ਦੇਸ਼-ਵਿਦੇਸ਼ ਦੀਆਂ ਯੂਨੀਵਰਸਿਟੀਆਂ ਅਤੇ ਹੋਰਨਾਂ ਅਕਾਦਮਿਕ ਅਦਾਰਿਆਂ ਨਾਲ ਸੰਬੰਧਿਤ ਵੱਡੀ ਗਿਣਤੀ ਵਿਦਵਾਨਾਂ ਨੇ ਇਸ ਵਿਚ ਹਿੱਸਾ ਲਿਆ। ਇਸ ਕਾਨਕਲੇਵ ਵਿਚ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਬਿਹਾਰ ਸਰਕਾਰ ਵੱਲੋਂ *ਸਰਬੰਸਦਾਨੀ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ* ਵਿਸ਼ੇ 'ਤੇ ਤਿਆਰ ਕਰਵਾਈ ਗਈ ਇਕ ਕਾਫ਼ੀ ਟੇਬਲ ਪੁਸਤਕ ਵੀ ਰਿਲੀਜ਼ ਕੀਤੀ ਗਈ।

ਦੂਜਾ ਅਕਾਦਮਿਕ ਸਮਾਗਮ 3 ਜਨਵਰੀ 2017 ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਆਯੋਜਿਤ ਕੀਤਾ ਗਿਆ। ਜਥੇਦਾਰ ਗਿਆਨੀ ਇਕਬਾਲ ਸਿੰਘ

ਦੀ ਪ੍ਰੇਰਨਾ ਸਦਕਾ ਗਿਆਨੀ ਗੁਰਮੀਤ ਸਿੰਘ ਖੋਸਾ ਕੋਟਲਾ ਵਾਲਿਆਂ ਨੇ ਇਕ ਅੰਤਰ-ਧਰਮ ਸੰਮੇਲਨ ਆਯੋਜਿਤ ਕਰਨ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਆਯੋਜਿਤ ਕੀਤੇ ਗਏ ਇਸ ਸੰਮੇਲਨ ਵਿਚ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਪ੍ਰਧਾਨ, ਸ਼੍ਰੋ.ਗੁ.ਪ੍ਰ.ਕ., ਬਾਬਾ ਸਰਬਜੋਤ ਸਿੰਘ ਬੇਦੀ, ਡਾ. ਜਸਪਾਲ ਸਿੰਘ ਵਾਈਸ ਚਾਂਸਲਰ, ਡਾ. ਗੁਰਮੋਹਨ ਸਿੰਘ ਵਾਲੀਆ ਵਾਈਸ ਚਾਂਸਲਰ, ਸਵਾਮੀ ਚਿਦਾਨੰਦ ਸਰਸਵਤੀ, ਡਾ. ਇਮਾਮ ਉਮੇਰ ਅਹਿਮਦ ਇਲਿਆਸੀ, ਡਾ. ਬਲਵੰਤ ਸਿੰਘ ਢਿੱਲੋਂ, ਡਾ. ਰੂਪ ਸਿੰਘ, ਡਾ. ਹਰਭਜਨ ਸਿੰਘ, ਡਾ. ਪਰਮਵੀਰ ਸਿੰਘ, ਡਾ. ਪ੍ਰਿਤਪਾਲ ਸਿੰਘ ਆਦਿ ਵਿਦਵਾਨਾਂ ਸਮੇਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਤਖ਼ਤ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਬਹੁਤ ਸਾਰੇ ਆਗੂਆਂ ਅਤੇ ਮੈਂਬਰਾਂ ਨੇ ਇਸ ਸੰਮੇਲਨ ਵਿਚ ਹਾਜ਼ਰੀ ਭਰੀ। ਸਾਰੇ ਸਮਾਗਮ ਦਾ ਸਿੱਧਾ ਪ੍ਰਸਾਰਨ ਟੀ.ਵੀ. 'ਤੇ ਚੱਲ ਰਿਹਾ ਸੀ। ਇਸ ਮੌਕੇ *ਗੁਰੂ ਗੋਬਿੰਦ ਸਿੰਘ ਜੀ ਅਤੇ ਬਿਹਾਰ ਦੀ ਸਿੱਖ ਵਿਰਾਸਤ* ਵਿਸ਼ੇ 'ਤੇ ਇਹਨਾਂ ਸਤਰਾਂ ਦੇ ਲੇਖਕ ਦੀ ਇਕ ਪੁਸਤਕ ਰਿਲੀਜ਼ ਕੀਤੀ ਗਈ।

ਸਮਾਗਮ ਦੇ ਆਖਰੀ ਦਿਨ ਗਾਂਧੀ ਮੈਦਾਨ ਵਿਖੇ ਮੁੱਖ ਸਮਾਗਮ ਆਯੋਜਿਤ ਕੀਤਾ ਗਿਆ ਜਿਸ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਸਮੇਤ ਦੇਸ਼-ਵਿਦੇਸ਼ ਦੀਆਂ ਉੱਘੀਆਂ ਹਸਤੀਆਂ ਨੇ ਹਾਜ਼ਰੀ ਲਵਾਈ। ਸਮਾਗਮ ਦੇ ਇਹਨਾਂ ਦਿਨਾਂ ਵਿਚ ਇੰਝ ਮਹਿਸੂਸ ਹੋ ਰਿਹਾ ਸੀ ਕਿ ਜਿਵੇਂ ਹਰ ਇਕ ਵਿਅਕਤੀ ਪਟਨਾ ਸਾਹਿਬ ਆਉਣ ਦਾ ਇੱਛੁਕ ਹੋਵੇ ਅਤੇ ਹਰ ਇਕ ਆਮ-ਖਾਸ ਗੁਰੂ-ਚਰਨਾਂ ਵਿਚ ਹਾਜ਼ਰੀ ਲਵਾਉਣ ਲਈ ਉਤਸ਼ਾਹਿਤ ਹੋਵੇ। ਲੱਖਾਂ ਦੇ ਇਕੱਠ ਵਿਚ ਵੀ ਹਰ ਇਕ ਚੇਹਰੇ 'ਤੇ ਖੁਸ਼ੀ ਝਲਕ ਰਹੀ ਸੀ।

ਪਟਨਾ ਸਾਹਿਬ ਵਿਖੇ ਹੋਈ ਤਬਦੀਲੀ ਨੂੰ ਦੇਖ ਕੇ ਲੋਕ ਹੈਰਾਨ ਹੋ ਰਹੇ ਸਨ। ਸ਼ਤਾਬਦੀ ਤੋਂ ਕੁੱਝ ਸਾਲ ਪਹਿਲਾਂ ਜਦੋਂ ਇਸ ਅਸਥਾਨ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਤਾਂ ਉਸ ਸਮੇਂ ਤੋਂ ਲੈ ਕੇ ਹੁਣ ਤੱਕ ਬਹੁਤ ਕੁੱਝ ਬਦਲ ਚੁੱਕਾ ਸੀ। ਕਾਰ-ਸੇਵਾ ਵਾਲਿਆਂ ਨੇ ਜਿਸ ਤੇਜੀ ਨਾਲ ਨਵੀਆਂ ਇਮਾਰਤਾਂ ਦੀ ਉਸਾਰੀ ਕਰਵਾਈ ਸੀ, ਉਹ ਹੈਰਾਨ ਕਰ ਦੇਣ ਵਾਲੀ ਸੀ। ਇਹ ਕਾਰ-ਸੇਵਾ ਹਾਲੇ ਵੀ ਨਿਰੰਤਰ ਚੱਲ ਰਹੀ ਹੈ। ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ, ਯੂ.ਕੇ. ਨਾਲ ਸੰਬੰਧਿਤ ਸ. ਇੰਦਰਜੀਤ ਸਿੰਘ ਇਥੇ ਚੱਲ ਰਹੀ ਕਾਰ ਸੇਵਾ ਦੀ ਨਿਗਰਾਨੀ ਕਰ ਰਹੇ ਹਨ। ਉਹਨਾਂ ਦੱਸਿਆ ਕਿ ਤਖ਼ਤ ਸਾਹਿਬ ਦੇ ਅੰਦਰੂਨੀ ਹਿੱਸੇ ਦੀ ਰੈਨੋਵੇਸ਼ਨ ਬਹੁਤ ਹੀ ਔਖਾ ਅਤੇ ਖਰਚੀਲਾ ਕਾਰਜ ਸੀ। ਛੱਤ ਅਤੇ ਦੀਵਾਰਾਂ ਦੀ ਮੀਨਾਕਾਰੀ ਨੂੰ ਹੀ ਇਕ ਸਾਲ ਤੋਂ ਵਧੇਰੇ ਸਮਾਂ ਲੱਗ ਗਿਆ। ਇਸ ਕੰਮ ਲਈ ਮੁਸਲਮਾਨ ਮਾਹਿਰ ਕਾਰੀਗਰ ਵਿਸ਼ੇਸ਼ ਤੌਰ 'ਤੇ ਬੁਲਾਏ ਗਏ ਸਨ। ਇਹਨਾਂ ਨੇ ਬਾਲਾ ਪ੍ਰੀਤਮ ਯਾਤਰੀ ਨਿਵਾਸ ਦੀ ਆਲੀਸ਼ਾਨ ਸਰਾਂ ਦੀ ਉਸਾਰੀ ਕਰ ਦਿੱਤੀ ਹੈ ਅਤੇ ਸਾਲਿਸ ਰਾਏ ਜੌਹਰੀ ਦੀਵਾਨ ਹਾਲ, ਕਾਰ ਪਾਰਕਿੰਗ, ਰਹਾਇਸ਼ੀ ਕਮਰਿਆਂ ਦੀ ਉਸਾਰੀ ਦਾ ਕੰਮ ਚੱਲ ਰਿਹਾ ਹੈ।

ਚੁਣੌਤੀਆਂ

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਪੂਰਬੀ ਭਾਰਤ ਵਿਚ ਸਿੱਖਾਂ ਦਾ ਕੇਂਦਰੀ ਧਾਰਮਿਕ ਅਸਥਾਨ ਹੈ। ਤਖ਼ਤ ਸਾਹਿਬ ਦਾ ਦਰਜਾ ਰੱਖਣ ਕਰਕੇ ਭਾਵੇਂ ਕਿ ਸਮੁੱਚੇ ਜਗਤ ਵਿਚ ਇਸ ਦਾ ਪ੍ਰਭਾਵ ਮੌਜੂਦ ਹੈ ਪਰ ਪੂਰਬੀ ਭਾਰਤ ਦੇ ਸਿੱਖ ਅਤੇ ਗ਼ੈਰ-ਸਿੱਖ ਵੱਡੀ ਗਿਣਤੀ ਵਿਚ ਇਸ ਅਸਥਾਨ 'ਤੇ ਨਤਮਸਤਕ ਹੁੰਦੇ ਹਨ। ਇਸ ਦੀ ਸ਼ਾਨ ਅਤੇ ਸਾਂਝੀਵਾਲਤਾ ਦੀ ਮਰਯਾਦਾ ਸਮੁੱਚੀ ਲੋਕਾਈ ਨੂੰ ਪ੍ਰਭਾਵਿਤ ਕਰਦੀ ਹੈ। ਸਿੱਖਾਂ ਦੇ ਇਸ ਪ੍ਰਮੁੱਖ ਧਾਰਮਿਕ ਅਸਥਾਨ ਨੂੰ ਉਸ ਸਮੇਂ ਵੱਡੀ ਚੁਣੌਤੀ ਦਾ ਸਾਹਮਣਾ ਕਰਨਾ ਪਿਆ ਜਦੋਂ ਇਸ ਦਾ ਪ੍ਰਬੰਧ ਮਹੰਤਾਂ ਦੇ ਕੋਲੋਂ ਛੁਡਾ ਲਿਆ ਗਿਆ ਸੀ ਅਤੇ ਇਸ ਨੂੰ ਹੋਰ ਵਧੇਰੇ ਸੁਚਾਰੂ ਰੂਪ ਵਿਚ ਚਲਾਉਣ ਲਈ ਇਕ ਕਮੇਟੀ ਦਾ ਗਠਨ ਕੀਤਾ ਜਾਣਾ ਸੀ। ਪੂਰਬ ਵਿਚ ਇਹ ਅਸਥਾਨ ਸਿੱਖ ਧਰਮ ਦੀ ਨਿਆਰੀ ਹੋਂਦ ਦਾ ਪ੍ਰਗਟਾਵਾ ਕਰ ਰਿਹਾ ਸੀ ਜਿਸ ਨੂੰ ਖ਼ਤਮ ਕਰਨ ਦਾ ਮੌਕਾ ਕੁੱਝ ਕੱਟੜਪੰਥੀ ਜਥੇਬੰਦੀਆਂ ਨੂੰ ਮਿਲ ਗਿਆ। ਉਹਨਾਂ ਨੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜ਼ਿਲ੍ਹਾ ਜੱਜ ਨੂੰ ਅਪੀਲ ਕੀਤੀ ਕਿ ਇਸ ਤਖ਼ਤ ਨੂੰ ਬਿਹਾਰ ਰਿਲਿਜੀਅਸ ਬਿੱਲ ਅਧੀਨ ਲਿਆਂਦਾ ਜਾਵੇ। ਇਸ ਅਪੀਲ ਦੀ ਗੂੰਜ ਸਿੱਖ ਜਗਤ ਵਿਚ ਪਈ ਤਾਂ ਸਿੱਖ ਜਥੇਬੰਦੀਆਂ ਸੁਚੇਤ ਹੋ ਗਈਆਂ। ਸਾਰਿਆਂ ਵੱਲੋਂ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਵੱਖਰੀ ਹੋਂਦ ਨੂੰ ਸਥਾਪਿਤ ਕਰਨ ਦੀ ਅਪੀਲ ਕੀਤੀ ਜਾਣ ਲੱਗੀ ਜਿਸ ਨੂੰ ਪ੍ਰਵਾਨ ਕਰ ਲਿਆ ਗਿਆ। ਇਸ ਸੰਬੰਧੀ ਇਕ ਮਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ 6.3.1949 ਨੂੰ ਹੋਈ ਇਕ ਜਨਰਲ ਇਕੱਤਰਤਾ ਵਿਚ ਵੀ ਦੇਖਿਆ ਜਾ ਸਕਦਾ ਹੈ:

> ਬਿਹਾਰ ਅਸੈਂਬਲੀ ਵਿਚ ਜੋ ਬਿਹਾਰ ਹਿੰਦੂ ਰਿਲਿਜਸ ਬਿੱਲ ਪੇਸ਼ ਹੋ ਰਿਹਾ ਹੈ, ਉਸ ਦੀ ਜੱਦ ਵਿਚ ਤਖ਼ਤ ਸ੍ਰੀ ਹਰਿਮੰਦਰ ਸਾਹਿਬ ਪਟਨਾ ਅਤੇ ਬਿਹਾਰ ਦੇ ਹੋਰ ਸਿੱਖ ਗੁਰਦੁਆਰੇ ਵੀ ਆਉਂਦੇ ਸਨ। ਇਸ ਸੰਬੰਧ ਵਿਚ ਸ਼੍ਰੋਮਣੀ ਗੁ:ਪ੍ਰ: ਕਮੇਟੀ ਵੱਲੋਂ ਲਿਖਾ-ਪੜ੍ਹੀ ਵੀ ਹੁੰਦੀ ਰਹੀ ਅਤੇ ਉਚੇਚਾ ਡੈਲੀਗੇਸ਼ਨ ਬਿਹਾਰ ਦੇ ਪ੍ਰੀਮੀਅਰ ਨੂੰ ਵੀ ਜਾ ਕੇ ਮਿਲਿਆ ਜਿਸ ਦੇ ਨਤੀਜੇ ਦੇ ਤੌਰ 'ਤੇ ਬਿਹਾਰ ਦੇ ਸਿੱਖ ਗੁਰਦੁਆਰਿਆਂ ਨੂੰ ਇਸ ਬਿੱਲ ਵਿਚੋਂ ਬਾਹਰ ਕੱਢ ਦਿੱਤਾ ਗਿਆ ਹੈ।[134]

ਭਾਵੇਂ ਕਿ ਸਰਕਾਰ ਨੇ ਸਿੱਖਾਂ ਦੀ ਅਪੀਲ ਪ੍ਰਵਾਨ ਕਰ ਲਈ ਸੀ ਅਤੇ ਬਿਹਾਰ ਰਿਲਿਜੀਅਸ ਬਿੱਲ ਇਕ ਨਵੇਂ ਐਕਟ ਦਾ ਰੂਪ ਧਾਰਨ ਕਰ ਗਿਆ ਸੀ ਪਰ ਇਸ ਗੁਰਧਾਮ ਨੂੰ ਹਿੰਦੂ ਧਾਰਮਿਕ ਐਕਟ ਅਧੀਨ ਲਿਆ ਕੇ ਇਸ ਦੀ ਕਾਰਜ-ਪ੍ਰਣਾਲੀ ਵਿਚ ਵਿਘਨ ਪਾਉਣ ਦੇ ਨਾਲ-ਨਾਲ ਇਸ ਨੂੰ ਹਿੰਦੂ ਧਰਮ ਦਾ ਅੰਗ ਬਣਾਉਣ ਲਈ ਯਤਨ ਨਿਰੰਤਰ ਜਾਰੀ ਸਨ। 1960 ਦੇ ਦੌਰਾਨ ਸ੍ਰੀ ਬੁਧਨ ਰਾਇ ਵਰਮਾ, ਐਮ.ਐਲ.ਸੀ., ਨੇ ਮੰਗ ਕੀਤੀ ਕਿ ਬਿਹਾਰ ਹਿੰਦੂ ਧਾਰਮਿਕ ਟਰਸਟ ਐਕਟ ਵਿਚ ਗ਼ੈਰ-ਸਰਕਾਰੀ ਬਿੱਲ

ਰਾਹੀਂ ਸੋਧ ਕਰਕੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਅਤੇ ਬਿਹਾਰ ਦੇ ਦੂਜੇ ਗੁਰਧਾਮਾਂ ਨੂੰ ਹਿੰਦੂ ਧਾਰਮਿਕ ਟਰਸਟ ਐਕਟ 1950 ਅਧੀਨ ਲਿਆਂਦਾ ਜਾਵੇ। ਉਸ ਦਾ ਇਹ ਸ਼ਰਾਰਤ ਭਰਿਆ ਬਿਆਨ ਸੀ ਜਿਸ ਦਾ ਸਿੱਖਾਂ ਨੇ ਜਬਰਦਸਤ ਵਿਰੋਧ ਕੀਤਾ। ਸੂਝਵਾਨ ਸਿੱਖਾਂ ਨੇ ਇਹ ਦਲੀਲ ਦਿੱਤੀ ਕਿ ਇਸ ਗੁਰਧਾਮ ਦਾ ਪ੍ਰਬੰਧ ਪਹਿਲਾਂ ਹੀ ਸੰਵਿਧਾਨ ਦੁਆਰਾ ਚੁਣੀ ਹੋਈ ਕਮੇਟੀ ਦੁਆਰਾ ਕੀਤਾ ਜਾਂਦਾ ਹੈ ਜਿਸ ਦਾ ਸਰਪ੍ਰਸਤ ਪਟਨਾ ਦਾ ਜ਼ਿਲ੍ਹਾ ਜੱਜ ਹੈ। ਸੰਵਿਧਾਨਿਕ ਵਿਧੀ-ਵਿਧਾਨ ਅਨੁਸਾਰ ਇਥੇ ਦਿੱਤੀ ਜਾਂਦੀ ਸਮੁੱਚੀ ਭੇਟਾ ਦਾ ਲੇਖਾ ਜੋਖਾ ਰੱਖਿਆ ਜਾਂਦਾ ਹੈ ਅਤੇ ਸੰਗਤ ਦੀ ਸਹੂਲਤ ਲਈ ਇਹ ਮਾਇਆ ਵਰਤੀ ਜਾਂਦੀ ਹੈ। ਸਿੱਖ ਧਰਮ ਇਕ ਸੁਤੰਤਰ ਧਰਮ ਹੈ ਅਤੇ ਇਹ ਹਿੰਦੂ ਧਰਮ ਦੀ ਕਿਸੇ ਵੀ ਰਸਮ ਜਾਂ ਮਰਯਾਦਾ ਨੂੰ ਨਹੀਂ ਮੰਨਦਾ। ਬੁਧਨ ਰਾਇ ਵਰਮਾ ਦੁਆਰਾ ਪੇਸ਼ ਕੀਤੀ ਗਈ ਦਲੀਲ ਦੇ ਵਿਰੁੱਧ ਸਿੱਖਾਂ ਵਿਚ ਭਾਰੀ ਰੋਸ ਸੀ ਅਤੇ ਉਹ ਇਸ ਨੂੰ ਭਾਰਤੀ ਸੰਵਿਧਾਨ ਅਤੇ ਧਰਮ-ਨਿਰਪੱਖ ਰਾਜ ਦੀ ਉਲੰਘਣਾ ਮੰਨਦੇ ਸਨ। ਬਹੁਤ ਸਾਰੀਆਂ ਸਿੱਖ ਜਥੇਬੰਦੀਆਂ ਨੇ ਬਿਹਾਰ ਦੇ ਮੁੱਖ ਮੰਤਰੀ ਨੂੰ ਬੁਧਨ ਰਾਇ ਦੀ ਮੰਗ ਪ੍ਰਤੀ ਧਿਆਨ ਨਾ ਦੇਣ ਦਾ ਦਬਾਅ ਪਾਇਆ।[135]

13 ਦਸੰਬਰ 1963 ਨੂੰ ਬਿਹਾਰ ਦੇ ਧਨਬਾਦ ਨਗਰ ਵਿਖੇ 45ਵੀਂ ਸਰਬ ਹਿੰਦ ਸਿੱਖ ਐਜੂਕੇਸ਼ਨ ਕਾਨਫ਼ਰੰਸ ਆਯੋਜਿਤ ਕੀਤੀ ਗਈ ਜਿਸ ਵਿਚ ਦੇਸ਼ ਦੇ ਵਿਭਿੰਨ ਹਿੱਸਿਆਂ ਵਿਚੋਂ ਵਿਦਵਾਨਾਂ, ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ, ਸਿੱਖ ਆਗੂਆਂ, ਸਮਾਜ ਸੇਵੀ ਜਥੇਬੰਦੀਆਂ ਨੇ ਹਿੱਸਾ ਲਿਆ। ਇਸ ਕਾਨਫ਼ਰੰਸ ਵਿਚ ਵੀ ਹਿੰਦੂ ਧਾਰਮਿਕ ਬਿੱਲ ਦੀ ਗੂੰਜ ਸਪਸ਼ਟ ਸੁਣਾਈ ਦੇ ਰਹੀ ਸੀ ਜਿਸ ਤੋਂ ਇਹ ਪਤਾ ਲੱਗਦਾ ਹੈ ਕਿ ਸਿੱਖ ਸਮੂਹਿਕ ਤੌਰ 'ਤੇ ਬਿਹਾਰ ਦੇ ਇਕ ਐਮ.ਐਲ.ਸੀ. ਦੁਆਰਾ ਕੀਤੀ ਜਾ ਰਹੀ ਸ਼ਰਾਰਤ ਦਾ ਵਿਰੋਧ ਕਰ ਰਹੇ ਸਨ। ਇਸ ਕਾਨਫ਼ਰੰਸ ਦੇ ਦੂਜੇ ਦਿਨ ਜਿਹੜੇ ਮਤੇ ਪਾਸ ਕੀਤੇ ਗਏ ਉਹਨਾਂ ਵਿਚੋਂ ਮਤਾ ਨੰ. 6 ਬਿਹਾਰ ਰਾਜ ਵਿਚ ਪੇਸ਼ ਕੀਤੇ ਗਏ ਹਿੰਦੂ ਧਾਰਮਿਕ ਬਿੱਲ ਦੀ ਸੋਧ ਦੇ ਵਿਰੋਧ ਵਿਚ ਸੀ। ਇਸ ਮਤੇ ਵਿਚ ਉਕਤ ਬਿੱਲ ਦਾ ਵਿਰੋਧ ਕਰਦੇ ਹੋਏ ਕਿਹਾ ਗਿਆ:

ਸ੍ਰੀ ਭੂਦਾਨ (ਬੁਧਨ) ਰਾਏ ਵਰਮਾ ਐਮ.ਐਲ.ਸੀ. ਬਿਹਾਰ ਵੱਲੋਂ ਬਿਹਾਰ ਰਿਲੀਜੀਅਸ ਟਰਸਟਸ ਐਕਟ ਵਿਚ ਐਸੇ ਭਾਵ ਦੀ ਤਰਮੀਮ ਕਰਨ ਦਾ ਬਿੱਲ ਪੇਸ਼ ਹੋ ਰਿਹਾ ਹੈ ਜਿਸ ਨਾਲ ਬਿਹਾਰ ਦੇ ਸਭ ਸਿੱਖ ਗੁਰਦੁਆਰੇ, ਸਮੇਤ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ, ਇਸ ਐਕਟ ਦੇ ਅਧਾਰ 'ਤੇ ਸਿੱਖਾਂ ਦੇ ਆਪਣੇ ਪ੍ਰਬੰਧ ਹੇਠੋਂ ਨਿਕਲ ਕੇ ਗੈਰ ਸਿੱਖਾਂ ਅਥਵਾ ਸਰਕਾਰੀ ਦਖਲ ਹੇਠ ਆ ਜਾਣ। ਇਹ ਮਤਾ ਇਸ ਬਿੱਲ ਦੀ ਨਿਖੇਧੀ ਬਾਰੇ ਸੀ। ਸ. ਸੱਜਣ ਸਿੰਘ ਕਾਨਪੁਰ ਜੀ ਨੇ ਇਹ ਮਤਾ ਪੇਸ਼ ਕਰਦਿਆਂ ਕਿਹਾ ਕਿ ਤਖ਼ਤ ਸ੍ਰੀ ਪਟਨਾ ਸਾਹਿਬ ਉਹ ਪਵਿਤ੍ਰ ਗੁਰਧਾਮ ਹੈ ਜਿਥੇ ਸਿੱਖ ਜਥੇਬੰਦੀ, ਸਿੱਖਾਂ ਦੇ ਧਾਰਮਿਕ ਮਸਲਿਆਂ ਅਤੇ ਹੋਰ ਅਹਿਮ ਪੰਥਕ ਮਾਮਲਿਆਂ ਪਰ ਸੋਚ ਵਿਚਾਰ ਕੇ ਫੈਸਲੇ ਹੁੰਦੇ ਹਨ। ਪਵਿਤ੍ਰ ਤਖ਼ਤ ਪਰ ਕੇਵਲ ਅੰਮ੍ਰਿਤਧਾਰੀ ਸਿੱਖ ਹੀ ਚੜ੍ਹ ਸਕਦੇ

ਹਨ। ਅਫਸੋਸ ਹੈ ਕਿ ਇਸ ਬਿੱਲ ਦੇ ਪੇਸ਼ ਕਰਨ ਸਮੇਂ ਕਿਸੇ ਅਧਿਕਾਰੀ ਜਾਂ ਮੈਂਬਰ ਵੱਲੋਂ ਚੀਫ਼ ਖ਼ਾਲਸਾ ਦੀਵਾਨ ਜਾਂ ਸ਼੍ਰੋ.ਗੁ.ਪ੍ਰ. ਕਮੇਟੀ ਦੀ ਸਲਾਹ ਤੱਕ ਨਹੀਂ ਲਈ ਗਈ। ਇਸ ਮਤੇ ਦੀ ਪ੍ਰੋੜ੍ਹਤਾ ਕਰਦਿਆਂ ਡਾ. ਜੀਵਨ ਸਿੰਘ ਧੰਨਬਾਦ ਨੇ ਕਿਹਾ ਕਿ ਇਸ ਬਿੱਲ ਦੇ ਮੰਤਵਾਂ ਵਿਚ ਤਖ਼ਤ ਸਾਹਿਬ ਦੇ ਪ੍ਰਬੰਧਕਾਂ ਵਿਰੁੱਧ ਗਲਤ ਇਲਜ਼ਾਮ ਲਗਾਏ ਗਏ ਹਨ। ਤਖ਼ਤ ਸਾਹਿਬ ਦੇ ਪ੍ਰਬੰਧਕਾਂ ਵਿਚ ਸਰਕਾਰੀ ਜਾਂ ਕੋਈ ਹੋਰ ਬਾਹਰ ਦੀ ਦਖਲ ਅੰਦਾਜ਼ੀ ਸਿੱਖ ਕੌਮ ਬਰਦਾਸ਼ਤ ਨਹੀਂ ਕਰ ਸਕਦੀ। ਇਸ ਬਿੱਲ ਦੇ ਮਗਰ ਜਾਤੀ ਰੰਜਸ਼ ਜਾਪਦੀ ਹੈ। ਇਸ ਅਮੈਂਡਮੈਂਟ (ਸੋਧ) ਬਿੱਲ ਵਿਚ ਸਿੱਖ ਗੁਰਦੁਆਰੇ ਨਹੀਂ ਲਿਆਂਦੇ ਜਾਣੇ ਚਾਹੀਦੇ। ਮਤਾ ਸਰਬ ਸੰਮਤੀ ਨਾਲ ਪਾਸ ਹੋਇਆ।[136]

ਸਿੱਖਾਂ ਦੇ ਵੱਧ ਰਹੇ ਵਿਰੋਧ ਕਾਰਨ ਬਿਹਾਰ ਸਰਕਾਰ ਨੂੰ ਵੀ ਇਸ ਬਿੱਲ ਦੀ ਸੰਵੇਦਨਾ ਦਾ ਪੂਰਨ ਅਨੁਭਵ ਹੋ ਰਿਹਾ ਸੀ। ਕਾਨਫ਼ਰੰਸ ਦੇ ਤੀਜੇ ਦਿਨ ਬਿਹਾਰ ਦੇ ਮੁੱਖ ਮੰਤਰੀ ਸ੍ਰੀ ਕੇ. ਬੀ. ਸਹਾਇ ਨੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਇਸ ਬਿੱਲ ਦਾ ਜ਼ਿਕਰ ਕੀਤਾ ਕਿ, "ਬਿਹਾਰ ਹਿੰਦੂ ਰਿਲੀਜੀਅਸ ਟਰਸਟਸ ਐਕਟ ਵਿਚ ਤਰਮੀਮ ਕਰਨ ਲਈ ਜੋ ਇਕ ਮੈਂਬਰ ਵੱਲੋਂ ਗੈਰ ਸਰਕਾਰੀ ਬਿੱਲ ਪੇਸ਼ ਕਰਨ ਦੀ ਤਜਵੀਜ਼ ਹੋਈ ਹੈ, ਕਾਨੂੰਨ ਮੁਤਾਬਕ, ਉਸ ਨੂੰ ਸਰਕੁਲੇਟ ਕਰ ਦਿੱਤਾ ਗਿਆ ਹੈ, ਇਹ ਸਰਕਾਰ ਦਾ ਕਾਨੂੰਨੀ ਫ਼ਰਜ਼ ਸੀ। ਇਹ ਅਜੇ ਤੀਕ ਕਾਉਂਸਲ ਵਿਚ ਪੇਸ਼ ਨਹੀਂ ਹੋਇਆ। ਅਗੋਂ ਕੀ ਹੋਵੇਗਾ? ਅਜੇ ਮੈਂ ਨਹੀਂ ਜਾਣਦਾ। ਜਿਥੋਂ ਤੱਕ ਆਮ ਬਿਹਾਰੀ ਜਾਂ ਕਾਂਗਰਸ ਸਰਕਾਰ ਦਾ ਇਸ ਨਾਲ ਸੰਬੰਧ ਹੈ ਉਹ ਇਸ ਬਿੱਲ ਦੀ ਵਿਰੋਧਤਾ ਕਰਨਗੇ। ਇਸ ਬਿਲ ਦੇ ਪਾਸ ਹੋਣ ਦੀ ਕੋਈ ਸੰਭਾਵਨਾ ਨਹੀਂ। ਸਿੱਖਾਂ ਨੂੰ ਆਪਣੇ ਗੁਰਦੁਆਰਿਆਂ ਬਾਰੇ ਕੋਈ ਤੌਖਲਾ ਨਹੀਂ ਕਰਨਾ ਚਾਹੀਦਾ।"[137]

ਜਨਵਰੀ 1964 ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਮੌਕੇ ਬਿਹਾਰ ਦੇ ਗਵਰਨਰ ਸਾਹਿਬ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਦਰਸ਼ਨ ਕਰਨ ਲਈ ਆਏ ਤਾਂ ਉਹਨਾਂ ਨੇ ਗੁਰੂ ਜੀ ਦੇ ਚਰਨ ਕੰਵਲਾਂ ਵਿਚ ਸ਼ਰਧਾਂਜਲੀ ਭੇਟ ਕਰਨ ਸਮੇਂ ਐਲਾਨ ਕੀਤਾ ਕਿ ਹਿੰਦੂ ਰਿਲੀਜੀਅਸ ਟਰਸਟਸ ਐਕਟ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਅਤੇ ਸਿੱਖ ਗੁਰਧਾਮਾਂ 'ਤੇ ਲਾਗੂ ਨਹੀਂ ਹੋਵੇਗਾ।[138]

ਤਖ਼ਤ ਸ੍ਰੀ ਪਟਨਾ ਸਾਹਿਬ ਨੇ ਇਤਿਹਾਸ ਵਿਚ ਅਨੇਕਾਂ ਉਤਰਾਅ-ਚੜ੍ਹਾਅ ਦੇਖੇ ਹਨ। ਭਾਵੇਂ ਕਿ ਇਥੋਂ ਦੇ ਪ੍ਰਬੰਧਕਾਂ ਦੀਆਂ ਬੁਰਾਈਆਂ ਦਾ ਵਿਰੋਧ ਵੀ ਹੁੰਦਾ ਰਿਹਾ ਹੈ ਪਰ ਤਖ਼ਤ ਸਾਹਿਬ ਦੀ ਮਰਯਾਦਾ ਨਿਯਮ ਅਨੁਸਾਰ ਨਿਰੰਤਰ ਚੱਲਦੀ ਰਹੀ ਹੈ। ਸੰਗਤ ਦੇ ਮਨ ਵਿਚ ਇਸ ਅਸਥਾਨ ਪ੍ਰਤੀ ਬੇਅੰਤ ਸ਼ਰਧਾ ਅਤੇ ਵਿਸ਼ਵਾਸ ਕਾਇਮ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼-ਅਸਥਾਨ ਅਤੇ ਗੁਰੂ ਸਾਹਿਬਾਨ ਦੀਆਂ ਨਿਸ਼ਾਨੀਆਂ ਦੇ ਦਰਸ਼ਨ ਕਰ ਕੇ ਸੰਗਤਾਂ ਜੀਵਨ ਵਿਚ ਨਵੇਂ ਅਨੁਭਵ ਅਤੇ ਅਨੰਦ ਦਾ ਸੰਚਾਰ ਕਰਦੀਆਂ ਹਨ। ਆਲੇ-ਦੁਆਲੇ ਦੇ ਇਲਾਕਿਆਂ ਵਿਚ ਅਤੇ ਬਿਹਾਰ ਦੀ ਗ਼ੈਰ-ਸਿੱਖ ਸੰਗਤ ਦਾ ਵੱਡੀ ਗਿਣਤੀ ਵਿਚ ਇਸ ਅਸਥਾਨ 'ਤੇ ਨਤਮਸਤਕ ਹੋਣਾ ਇਸ ਗੱਲ ਦਾ ਪ੍ਰਮਾਣ ਹੈ ਕਿ ਸੰਗਤ ਦੇ ਮਨ ਵਿਚ ਗੁਰੂ ਸਾਹਿਬਾਨ ਪ੍ਰਤੀ ਸ਼ਰਧਾ ਪੂਰਨ ਤੌਰ 'ਤੇ ਕਾਇਮ ਹੈ।

ਹਵਾਲੇ ਅਤੇ ਟਿੱਪਣੀਆਂ

1. ਬਿਹਾਰ ਭਾਰਤ ਦਾ ਇਕ ਪੁਰਾਤਨ ਪ੍ਰਦੇਸ਼ ਹੈ। ਗੰਗਾ ਨਦੀ ਇਸ ਨੂੰ ਦੋ ਭਾਗਾਂ ਵਿਚ ਵੰਡਦੀ ਹੈ ਜਿਸ ਕਰਕੇ ਇਸ ਨੂੰ ਉੱਤਰੀ ਬਿਹਾਰ ਅਤੇ ਦੱਖਣੀ ਬਿਹਾਰ ਦੇ ਰੂਪ ਵਿਚ ਦੇਖਿਆ ਜਾਂਦਾ ਹੈ। ਇਸ ਦੇ ਦੱਖਣੀ ਭਾਗ ਵਿਚ ਬਹੁਤ ਸਾਰਾ ਜੰਗਲ ਅਤੇ ਕਈ ਥਾਂਵਾਂ 'ਤੇ ਧਰਤੀ ਹੇਠਾਂ ਕੋਲੇ ਦੇ ਵਿਸ਼ਾਲ ਭੰਡਾਰ ਮੌਜੂਦ ਹਨ। ਸੰਨ 2000 ਵਿਚ ਇਸ ਦੇ ਦੱਖਣੀ ਭਾਗ ਦੇ ਵੱਡੇ ਇਲਾਕੇ ਨੂੰ ਇਸ ਤੋਂ ਅਲੱਗ ਕਰਕੇ ਇਕ ਨਵਾਂ ਪ੍ਰਦੇਸ਼ 'ਝਾਰਖੰਡ' ਬਣਾਇਆ ਗਿਆ ਹੈ। ਬੁੱਧ ਧਰਮ ਦੇ ਵਿਹਾਰਾਂ ਤੋਂ ਪ੍ਰਭਾਵਿਤ ਹੋ ਕੇ ਮੁਸਲਿਮ ਸ਼ਾਸਕਾਂ ਨੇ ਇਸ ਨੂੰ ਬਿਹਾਰ ਨਾਂ ਦਿੱਤਾ ਦੱਸਿਆ ਜਾਂਦਾ ਹੈ। ਕਿਸੇ ਸਮੇਂ ਬਿਹਾਰ ਭਾਰਤ ਦੇ ਪੁਰਾਤਨ ਧਰਮਾਂ, ਕਲਾ, ਦਰਸ਼ਨ, ਵਿੱਦਿਆ ਅਤੇ ਵਿਗਿਆਨਾਂ ਦਾ ਮਹਾਨ ਕੇਂਦਰ ਰਿਹਾ ਹੈ। ਨਾਲੰਦਾ ਵਿਖੇ ਮੌਜੂਦ ਖੰਡਰਾਂ ਨੂੰ ਦੇਖ ਨੇ ਇਥੋਂ ਦੀ ਮਹਾਨ ਵਿੱਦਿਅਕ ਪ੍ਰਣਾਲੀ ਸੰਬੰਧੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਹ ਖੰਡਰ ਉਸ ਸਮੇਂ ਦੀ ਭਵਨ ਕਲਾ ਅਤੇ ਯੋਜਨਾਬੱਧ ਢੰਗ ਨਾਲ ਕੀਤੇ ਜਾਣ ਵਾਲੇ ਕਾਰਜਾਂ ਦੇ ਪ੍ਰਤੀਕ ਹਨ। ਇਸ ਦੀ ਪੁਰਾਤਨਤਾ ਵੇਦਾਂ, ਉਪਨਿਸ਼ਦਾਂ ਅਤੇ ਮਹਾਂਭਾਰਤ ਨਾਲ ਜਾ ਮਿਲਦੀ ਹੈ। ਰਾਜਾ ਜਨਕ, ਯਗਯਵਾਲਕਯ, ਗੌਤਮ, ਗਾਰਗੀ ਅਤੇ ਮੈਤਰਈ ਜਿਹੇ ਮਹਾਨ ਵਿਦਵਾਨ ਇਸ ਧਰਤੀ ਨਾਲ ਸੰਬੰਧਿਤ ਰਹੇ ਹਨ। ਹਿੰਦੂ ਧਰਮ ਦੀ ਗਿਆਨ ਪਰੰਪਰਾ ਵਿਚ ਪ੍ਰਸਿੱਧ ਨਯਾਯ ਅਤੇ ਮੀਮਾਂਸਾ ਦਾ ਜਨਮ ਇਸੇ ਧਰਤੀ 'ਤੇ ਹੋਇਆ। ਵੈਸ਼ਾਲੀ ਵਿਖੇ ਭਗਵਾਨ ਮਹਾਂਵੀਰ ਦੇ ਜਨਮ ਅਤੇ ਗਯਾ ਵਿਖੇ ਮਹਾਤਮਾ ਬੁੱਧ ਦੁਆਰਾ ਪ੍ਰਾਪਤ ਕੀਤੇ ਗਿਆਨ ਨੇ ਇਸ ਧਰਤੀ ਨੂੰ ਜਗਤ ਵਿਚ ਪ੍ਰਸਿੱਧ ਕਰ ਦਿੱਤਾ ਹੈ। ਭਾਵੇਂ ਕਿ ਬਿਹਾਰ ਦਾ ਪੁਰਾਤਨ ਗੌਰਵ ਮੌਜੂਦਾ ਸਮੇਂ ਵਿਚ ਦਿਖਾਈ ਨਹੀਂ ਦਿੰਦਾ ਪਰ ਭਾਰਤ ਦੇ ਬਹੁਤ ਸਾਰੇ ਉੱਚ-ਅਧਿਕਾਰੀ ਇਸੇ ਪ੍ਰਾਂਤ ਨਾਲ ਸੰਬੰਧਿਤ ਹਨ। R.R. Diwakar, *Bihar Through the Ages*, pp. 23-65; K.L. Sheshagiri Rao, Chief Editor, *Encyclopedia of Hinduism*, Vol.ii, p. 356-58.
2. ਇਹ ਮਗਧ ਰਾਜ ਦੀ ਰਾਜਧਾਨੀ ਸੀ। ਅਜਾਤਸ਼ਤਰੂ ਨੇ ਰਾਜਗ੍ਰਿਹ ਦੀ ਜਗ੍ਹਾ ਇਸ ਨੂੰ ਆਪਣੇ ਰਾਜ ਦੀ ਰਾਜਧਾਨੀ ਬਣਾਇਆ ਸੀ। ਕਿਹਾ ਜਾਂਦਾ ਹੈ ਕਿ ਅਜਾਤਸ਼ਤਰੂ ਨੇ ਲਿਛਵੀ ਰਾਜ ਦੇ ਹਮਲੇ ਨੂੰ ਰੋਕਣ ਲਈ ਗੰਗਾ ਨਦੀ ਦੇ ਕੰਢੇ ਪਾਟਲੀ ਨਗਰ ਵਿਖੇ ਇਕ ਕਿਲਾ ਤਿਆਰ ਕਰਵਾਇਆ ਸੀ ਜਿਸ ਕਰਕੇ ਇਸ ਨੂੰ ਪਾਟਲੀਪੁੱਤਰ ਕਿਹਾ ਜਾਣ ਲੱਗਿਆ। ਇਹ ਵੀ ਕਿਹਾ ਜਾਂਦਾ ਹੈ ਕਿ ਜਿਸ ਅਸਥਾਨ 'ਤੇ ਅਜਾਤਸ਼ਤਰੂ ਨੇ ਆਪਣੇ ਰਾਜ ਦੀ ਰਾਖੀ ਲਈ ਕਿਲ੍ਹਾ ਬਣਵਾਇਆ ਉਥੇ ਪਾਟਲੀ ਰੁੱਖਾਂ ਦੀ ਭਰਮਾਰ ਸੀ। ਇਥੋਂ ਹੀ ਇਸ ਨਗਰ ਦਾ ਨਾਂ ਪਾਟਲੀਪੁੱਤਰ ਪੈ ਗਿਆ। ਇਸ ਨਗਰ ਨੂੰ ਮਹਾਤਮਾ ਬੁੱਧ ਦੀ ਚਰਨ ਛੋਹ ਪ੍ਰਾਪਤ ਹੈ। ਇਸ

ਨਗਰ ਨੇ ਬਹੁਤ ਹੀ ਸੂਝਵਾਨ, ਰਾਜਨੀਤੀਵਾਨ ਅਤੇ ਸੰਘਰਸ਼ੀ ਯੋਧਿਆਂ ਨੂੰ ਜਨਮ ਦਿੱਤਾ ਹੈ। ਇਥੇ ਨਿਵਾਸ ਦੌਰਾਨ ਅਜਾਤਸ਼ਤਰੂ ਨੇ ਆਪਣੇ ਨਾਲ ਲੱਗਦੇ ਇਕ ਰਾਜ ਵੈਸ਼ਾਲੀ 'ਤੇ ਹਮਲਾ ਕਰਕੇ ਇਸ ਨੂੰ ਤਬਾਹ ਕਰ ਦਿੱਤਾ ਸੀ। ਇਸ ਰਾਜ ਦੀ ਇਕ ਰਾਜਕੁਮਾਰੀ ਲੁਕ ਕੇ ਪਾਟਲੀਪੁੱਤਰ ਰਹਿਣ ਲੱਗੀ ਸੀ ਅਤੇ ਇਥੇ ਹੀ ਉਸ ਨੇ ਇਕ ਪੁੱਤਰ ਨੂੰ ਜਨਮ ਦਿੱਤਾ ਸੀ ਜਿਸ ਦਾ ਨਾਂ ਚੰਦਰਗੁਪਤ ਰੱਖਿਆ ਗਿਆ। ਇਸੇ ਨਗਰ ਵਿਖੇ ਹੀ ਚੰਦਰਗੁਪਤ ਦਾ ਮੇਲ ਚਾਣਕਿਆ ਨਾਲ ਹੋਇਆ ਜਿਸ ਨੇ ਉਸ ਨੂੰ ਮਗਧ ਰਾਜ ਦੇ ਤਖ਼ਤ 'ਤੇ ਬਿਠਾਉਣ ਦਾ ਸਫ਼ਲ ਯਤਨ ਕੀਤਾ ਸੀ। ਚੰਦਰਗੁਪਤ ਮੌਰਿਆ ਦੇ ਸਮੇਂ ਸਥੂਲਭਦਰ ਦੀ ਅਗਵਾਈ ਵਿਚ ਜੈਨ ਸਾਧੂਆਂ ਦੀ ਇਕ ਸਭਾ ਅਤੇ ਰਾਜਾ ਅਸ਼ੋਕ ਦੇ ਸਮੇਂ ਬੁੱਧ ਧਰਮ ਦੀ ਤੀਜੀ ਮਹਾਂਸਭਾ ਇਸੇ ਨਗਰ ਵਿਚ ਹੋਈ ਸੀ। ਇਹ ਨਗਰ ਬੁੱਧ ਧਰਮ ਅਤੇ ਕਲਾ ਦਾ ਮਹਾਨ ਕੇਂਦਰ ਰਿਹਾ ਹੈ। ਸ਼ੇਰ ਸ਼ਾਹ ਸੂਰੀ ਨੇ ਵੀ ਇਸ ਨਗਰ 'ਤੇ ਰਾਜ ਕੀਤਾ ਸੀ। ਪਤੰਜਲੀ, ਚਾਣਕਿਆ ਅਤੇ ਆਰਯ ਭੱਟ ਇਸ ਨਗਰ ਦੇ ਮਹਾਨ ਵਿਦਵਾਨ ਹੋਏ ਹਨ। ਪੰਜਾਬ ਵਿਖੇ ਵਿੱਦਿਆ ਦੇ ਕੇਂਦਰ ਤਕਸ਼ਿਲਾ ਦਾ ਵਿਦਵਾਨ ਕੌਟਲਿਆ ਅਤੇ ਅਟਕ ਦਾ ਜੰਮਪਲ ਪਾਣਿਨੀ ਵੀ ਪਾਟਲੀਪੁੱਤਰ ਨਾਲ ਜੁੜੇ ਰਹੇ ਹਨ। ਦੇਖੋ R.R. Diwakar, *Bihar Through the Ages*, pp. 91-111; K.L. Sheshagiri Rao, Chief Editor, *Encyclopedia of Hinduism*, Vol. viii, p. 100; ਚੀਨੀ ਯਾਤਰੂ ਫਾਹਿਯਾਨ ਪਾਟਲੀਪੁੱਤਰ ਵਿਖੇ ਸਮਰਾਟ ਅਸ਼ੋਕ ਦੇ ਕਿਲ੍ਹੇ ਦੀ ਵਿਸ਼ਾਲਤਾ, ਸੁੰਦਰਤਾ, ਕਾਰੀਗਿਰੀ ਅਤੇ ਆਮ ਲੋਕਾਂ ਦੀ ਸਾਦਗੀ ਦਾ ਵਰਨਨ ਕਰਦਾ ਹੋਇਆ ਦੱਸਦਾ ਹੈ, "The king's palace in the city, with its various halls, all built by spirits who piled up stones, constructed walls and gates, caked designs, engraved and inlaid, after no human fashion, is still in existence." H.A. Giles (tr.), *The Travels of Fa-hsien (399 - 414 AD) or Records of the Buddhistic Kingdoms*, p. 45.

3. Patna, during the short period of a little more than three years that the Prince resided here, had assumed a new shape and a new name. Inayatullah in a letter to the Prince writes 'the Emperor sanctions your proposal to name Patna City Azimabad'. S.H. Askari, Bihar in the time of Aurangzeb, in *Journal of the Bihar Research Society*, June 1946, p. 180.
4. ਪਟਨਾ ਸਿਟੀ ਰੇਲਵੇ ਸਟੇਸ਼ਨ ਦਾ ਨਾਂ ਪਟਨਾ ਸਾਹਿਬ ਰੱਖਣ ਦਾ ਮਤਾ ਚੀਫ਼ ਖ਼ਾਲਸਾ ਦੀਵਾਨ ਨੇ 5 ਅਪ੍ਰੈਲ 1936 ਨੂੰ ਹੋਈ ਮੀਟਿੰਗ ਵਿਚ ਪਾਸ ਕਰਦੇ ਹੋਏ

ਕਿਹਾ ਕਿ ਤਖ਼ਤ ਸ੍ਰੀ ਪਟਨਾ ਸਾਹਿਬ ਜੀ ਰੇਲਵੇ ਸਟੇਸ਼ਨ ਹੋਣ ਸੰਬੰਧੀ ਬਾਬਾ ਮੋਹਨ ਸਿੰਘ ਜੀ ਬੇਦੀ ਸਕੱਤ੍ਰ ਵਰਕਿੰਗ ਕਮੇਟੀ ਗੁਰਦੁਆਰਾ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੀ ਚਿੱਠੀ ਸਣੇ ਗੁਰਮਤਿਆਂ ਦੀ ਨਕਲ ਦੇ ਪੜ੍ਹੀ ਗਈ ਤੇ ਆਗਿਆ ਹੋਈ ਕਿ ਦੀਵਾਨ ਵੱਲੋਂ ਇਸ ਤਜਵੀਜ਼ ਦੀ ਪ੍ਰੋੜਤਾ ਕੀਤੀ ਜਾਵੇ ਤੇ ਸਿੰਘ ਸਭਾਵਾਂ ਨੂੰ ਵੀ ਚਿੱਠੀ ਦੁਆਰਾ ਪ੍ਰੇਰਨਾ ਕੀਤੀ ਜਾਵੇ ਕਿ ਉਹ ਥਾਂ-ਥਾਂ 'ਤੇ ਇਸ ਤਜਵੀਜ਼ ਦੀ ਪੁਸ਼ਟੀ ਕਰਨ।; ਇਸ ਮਸਲੇ ਸੰਬੰਧੀ ਆਮ ਲੋਕਾਂ ਵੱਲੋਂ ਵੀ ਆਵਾਜ਼ ਉੱਠਣੀ ਅਰੰਭ ਹੋਣ ਲੱਗੀ। 18-20 ਜੁਲਾਈ 1936 ਨੂੰ ਪਟਨਾ ਸਾਹਿਬ ਵਿਖੇ ਅਛੂਤ ਉਧਾਰ ਕਾਨਫ਼ਰੰਸ ਹੋਈ ਜਿਸ ਵਿਚ ਇਕ ਇਹ ਮਤਾ ਵੀ ਪਾਸ ਕੀਤਾ ਗਿਆ ਕਿ "ਤਖ਼ਤ ਸਾਹਿਬ ਦੇ ਦਰਸ਼ਨ ਕਰਨ ਵਾਲੇ ਹਜ਼ਾਰਾਂ ਸਿੱਖਾਂ ਨੂੰ ਗਲਤੀ ਲੱਗ ਜਾਂਦੀ ਹੈ ਕਿ ਉਹ ਪਟਨੇ ਜੰਕਸ਼ਨ ਉਤਰਨ ਯਾ ਪਟਨੇ ਸਿਟੀ, ਇਸ ਨੂੰ ਸਪਸ਼ਟ ਕਰਨ ਲਈ ਅਰ ਯਾਤਰੂਆਂ ਨੂੰ ਤਕਲੀਫ ਤੋਂ ਬਚੌਣ ਲਈ ਏਹ ਕਾਨਫ਼ਰੰਸ ਈ. ਆਈ. ਆਰ. ਦੇ ਅਫਸਰਾਂ ਪਾਸ ਬੇਨਤੀ ਕਰਦੀ ਹੈ ਕਿ ਪਟਨਾ ਸਿਟੀ ਦੀ ਥਾਂ ਪਟਨਾ ਸਾਹਿਬ ਸਟੇਸ਼ਨ ਦਾ ਨਾਮ ਰੱਖ ਦੇਵੇ।" *ਗੁਰ ਸੇਵਕ*, 12 ਅਗਸਤ 1936, ਪੰਨਾ 11; ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਇਕ ਭਾਰੀ ਦੀਵਾਨ ਵਿਚ ਇਕ ਮਤਾ ਪਾਸ ਕਰਕੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਗਈ ਕਿ "ਮਨਿਸਟਰ ਆਫ ਰੇਲਵੇ, ਰੇਲਵੇ ਬੋਰਡ, ਗਵਰਨਰ ਬਿਹਾਰ ਅਤੇ ਚੀਫ ਮਨਿਸਟਰ ਬਿਹਾਰ ਪਾਸ ਅਪੀਲ ਕੀਤੀ ਜਾਂਦੀ ਹੈ ਕਿ ਪਟਨਾ ਸਿਟੀ ਰੇਲਵੇ ਸਟੇਸ਼ਨ ਦਾ ਨਾਮ ਪਟਨਾ ਸਾਹਿਬ ਰੱਖਿਆ ਜਾਵੇ।" *ਖਾਲਸਾ ਐਡਵੋਕੇਟ*, 4 ਫਰਵਰੀ 1963; 1967 ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦੀ ਤੀਜੀ ਸ਼ਤਾਬਦੀ ਸਮੇਂ ਸਿੱਖਾਂ ਦੀ ਇਸ ਮੰਗ ਨੇ ਭਾਰੀ ਜੋਰ ਫੜ ਲਿਆ ਸੀ। ਸ੍ਰੀ ਰਾਮਜੀ ਮਿਸ਼ਰ ਲਿਖਦੇ ਹਨ, "ਬਿਹਾਰ ਕੇ ਪ੍ਰਥਮ ਸੰਯੁਕਤ ਮੰਤ੍ਰੀ ਪਰਿਸ਼ਦ ਨੇ ਸੰਨ 1967 ਮੇਂ ਗੁਰੂ ਗੋਬਿੰਦ ਸਿੰਘ ਜੀ ਕੇ ਜਨਮ ਦਿਹਾੜੇ ਕੇ ਅਵਸਰ ਪਰ ਪਟਨਾ ਸਿਟੀ ਸਟੇਸ਼ਨ ਕਾ ਨਾਮ 'ਪਟਨਾ ਸਾਹਿਬ' ਕਰ ਦੇਨੇ ਕਾ ਫੈਸਲਾ ਕੀਆ। ਭਾਰਤ ਸਰਕਾਰ ਕੇ ਰੇਲ ਮੰਤ੍ਰੀ ਡਾਕਟਰ ਰਾਮ ਸੁਭਗ ਸਿੰਘ ਨੇ ਭੀ ਇਸ ਏਤਿਹਾਸਿਕ ਤਥਯ ਕੋ ਸਮਝਤੇ ਹੁਏ ਸਿੱਖੋਂ ਕੀ ਭਾਵਨਾ ਕਾ ਸਵਾਗਤ ਕਰਤੇ ਹੁਏ ਪਟਨਾ ਸਿਟੀ ਸਟੇਸ਼ਨ ਕਾ ਨਾਮ 'ਪਟਨਾ ਸਾਹਿਬ' ਕਰ ਦੇਨੇ ਕਾ ਆਸ਼ਵਾਸਨ ਸੰਨ 1967 ਮੇਂ ਤਖ਼ਤ ਸ੍ਰੀ ਹਰਿਮੰਦਰ ਜੀ ਮੇਂ ਆਯੋਜਿਤ ਵਿਸ਼ੇਸ਼ ਦੀਵਾਨ ਮੇਂ ਦੀਆ ਥਾ। ਸੰਨ 1967 ਮੇਂ ਗੁਰੂ ਗੋਬਿੰਦ ਸਿੰਘ ਜੀ ਕੀ 300ਵੀਂ ਜਯੰਤੀ ਕੇ ਅਵਸਰ ਪਰ ਹੀ ਯਹ ਆਸ਼ਾ ਕੀ ਗਈ ਥੀ ਕਿ ਇਸ ਸਟੇਸ਼ਨ ਕਾ ਨਯਾ ਨਾਮ ਪਰਿਵਰਤਨ ਕਰ ਦੀਆ ਜਾਏਗਾ ਪਰੰਤੂ ਅਭੀ ਤਕ ਨਹੀਂ ਹੋ ਸਕਾ।" ਸ੍ਰੀ ਰਾਮਜੀ ਮਿਸ਼ਰ ਮਨੋਹਰ, ਸੰਤ ਸ਼ਾਸਤ੍ਰ ਸੰਮਤ ਨਾਮ - ਪਟਨਾ ਸਾਹਿਬ, *ਗੋਬਿੰਦ ਪ੍ਰਕਾਸ਼*, ਅਗਸਤ 1970, ਪੰਨਾ 11; ਸ਼ਮਸ਼ੇਰ ਸਿੰਘ ਅਸ਼ੋਕ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ*, ਪੰਨਾ 255.

5. "Swami Vivekanand exclaimed and wrote the Sikh mystic formula, the esoteric word 'Waheguru', his prop in his spiritual life. He was initiated into it by his Guru Ramkrishan Paramhansa of Bengal, who in his turn was initiated into this *gurumantra* by an Udasi Sikh ascetic Totapuri by name. Totapuri helped Ramakrishna to overcome impediments in his spiritual effort at the most critical theophanic development in the quest." Captain Bhag Singh, Growth of Nationalism in Sikhism and its influences on Indian History, in *The Sikh Review*, August 1968, p. 15.
6. ਰਣਧੀਰ ਸਿੰਘ, *ਉਦਾਸੀ ਸਿੱਖਾਂ ਦੀ ਵਿਥਿਆ*, ਪੰਨੇ 473-74.
7. Jaswant Singh, Report of the Sikh Historical Gurdwaras in Eastern Pakistan, in *The Sikh Review*, May 1966, p. 54.
8. ਰਣਧੀਰ ਸਿੰਘ, *ਉਦਾਸੀ ਸਿੱਖਾਂ ਦੀ ਵਿਥਿਆ*, ਪੰਨੇ 417-18.
9. ਉਹੀ, ਪੰਨਾ 119.
10. ਉਹੀ, ਪੰਨੇ 174-75.
11. ਗਿਆਨੀ ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ*, ਭਾਗ ਪਹਿਲਾ, ਪੰਨਾ 623.
12. ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 901.
13. ਰਣਧੀਰ ਸਿੰਘ, *ਉਦਾਸੀ ਸਿੱਖਾਂ ਦੀ ਵਿਥਿਆ*, ਪੰਨਾ 16.
14. V.H. Jackson, ed., *Journal of Francis Buchanan*, *Patna and Gaya in 1811-1812*, p 170; "In all there may be 100 Sannyasis, all unmarried, who reside, and act as Gurus. Four shares of the Hindus are followers of Nanak, to which there belong fifteen Sangats, all dependent on that at Domra, and Udayan das, the Mahanta, claims to be chief of 300 Gadis, that is, of an indefinite considerable number." Francis Buchanan, *An Account of the Districts of Bihar and Patna in 1811-12*, Vol.I, p. 234.
15. Jaswant Singh, Report of the Sikh Historical Gurdwaras in Eastern Pakistan, in *The Sikh Review*, May 1966, p. 54.
16. J.H. Hutton, *Census of India*, 1931, vol. I - India, Part I, p. 388
17. V. H. Jackson, ed., Introduction, *Journal of Francis Buchanan, Patna and Gaya in 1811-1812*, p. xxiii.
18. L.S.S. O'Malley, Agarharis of Sasaram, in *Journal of the Asiatic Society of Bengal*, Vol. lxxiii, 1904, p. 35.

19. ਗੁਰਬਖ਼ਸ਼ ਸਿੰਘ, ਸਿਖ ਵਸੋਂ ਤੇ ਮਰਦੁਮ ਸ਼ੁਮਾਰੀ ਸੰਨ 1931, *ਫੁਲਵਾੜੀ*, ਮਈ 1934, ਪੰਨਾ 512.
20. Ranchor Prasad, ed., *Census of India*, 1951, Bihar, vol. V, Part I-Report, pp. 53-54; ਅਖਬਾਰ ਦੱਸਦੇ ਹਨ ਕਿ ਪੂਰਬੀ ਪਾਕਿਸਤਾਨ ਵਿਚ ਹਿੰਦੂਆਂ ਪਰ ਹੋ ਰਹੇ ਜ਼ੁਲਮਾਂ ਦੀਆਂ ਖ਼ਬਰਾਂ ਲੂੰ ਕੰਡੇ ਖੜੇ ਕਰਨ ਵਾਲੀਆਂ ਹਨ। ਸਰਕਾਰੀ ਅੰਦਾਜ਼ਾ ਹੈ ਕਿ ਪੂਰਬੀ ਪਾਕਿਸਤਾਨ ਵਿਚੋਂ 31 ਜਨਵਰੀ 1950 ਤੱਕ 24 ਲੱਖ ਹਿੰਦੂ ਨਿਕਲ ਆਏ ਹਨ। ਹੁਣ ਪੂਰਬੀ ਪਾਕਿਸਤਾਨ ਦੇ ਜ਼ਿਲਿਆਂ ਢਾਕਾ, ਚਿਟਾਗਾਂਗ, ਨੌਆਖਲੀ, ਕੋਮਿਲਾ, ਮੈਮਨ ਸਿੰਘ ਤੇ ਬਾਰੀ ਸਾਲ ਦੇ ਫਸਾਦਾਂ, ਕਤਲਾਂ ਲੁੱਟਾਂ, ਅੱਗਾਂ, ਜਬਰੀ ਮਜ਼ਹਬ ਤਬਦੀਲੀਆਂ, ਬੇਪਤੀ ਤੇ ਅਗਵਾ ਦੀ ਘਟਨਾਵਾਂ ਨੇ ਹਿੰਦੂਆਂ ਦਾ ਉਥੇ ਵੱਸਣਾ ਔਖਾ ਕਰ ਦਿੱਤਾ ਹੈ। ਲੋਕਾਂ ਵਿਚ ਮੁਸਲਮਾਨੀ ਜਨੂੰਨ ਏਡਾ ਕੁਦਿਆ ਹੋਇਆ ਹੈ ਕਿ ਗੱਡੀਆਂ ਆਦਿ ਵਿਚ ਹਿੰਦੂਆਂ ਦਾ ਸਫ਼ਰ ਕਰਨਾ ਅਸੰਭਵ ਹੋ ਗਿਆ ਹੈ।... 50 ਹਜ਼ਾਰ ਹਿੰਦੂ ਸਿਰਫ ਢਾਕੇ ਦੇ ਰਿਫ਼ਿਊਜ਼ੀ ਕੈਂਪਾਂ ਵਿਚ ਰਹਿ ਰਹੇ ਹਨ।... ਪੂਰਬੀ ਪਾਕਿਸਤਾਨ ਵਿਚ ਰਹਿੰਦੇ ਹਿੰਦੂਆਂ ਨੂੰ ਖ਼ਤਮ ਕਰਨ ਲਈ ਉਥੇ ਮੁਸਲਮਾਨਾਂ ਦਾ ਜਨੂਨ ਲਾਵੇ ਦੀ ਤਰ੍ਹਾਂ ਫਟ ਨਿਕਲਿਆ ਹੈ। ਉਸ ਅੱਗੇ ਹਿੰਦੂਆਂ ਦਾ ਬੱਚਣਾ ਤਾਂ ਇਕ ਪਾਸੇ ਰਿਹਾ ਮੁਸਲਿਮ ਜਮਹੂਰੀਅਤ ਦੀ ਜਮੀ ਹੋਈ ਸਰਕਾਰ ਨੂੰ ਵੀ ਆਪਣੀ ਅੰਮਾਂ ਦੇ ਕੋਪ ਤੋਂ ਬੱਚਣਾ ਔਖਾ ਭਾਸ ਰਿਹਾ ਹੈ। *ਖਾਲਸਾ ਐਡਵੋਕੇਟ*, 27 ਫਰਵਰੀ 1950, ਪੰਨਾ 1.
21. Dr. Gopal Krishan, Distribution of the Sikhs Outside the Punjab (India), in *The Sikh Review*, March 1971, p. 26.
22. *ਗੋਬਿੰਦ ਪ੍ਰਕਾਸ਼*, ਫਰਵਰੀ 1970.
23. The Second worst-affected area of mob violence after Delhi, is Bihar, in *The Sikh Review*, January 1985.
24. https://en.wikipedia.org/wiki/Demographics_of_Bihar.
25. ਚਾਰਲਸ ਵਿਲਕਿਨਜ਼ ਪੂਰਬੀ ਭਾਸ਼ਾਵਾਂ ਦਾ ਇਕ ਪ੍ਰਸਿੱਧ ਵਿਦਵਾਨ ਸੀ। 1749 ਵਿਚ ਵਾਲਟਰ ਵਿਲਕਿਨਜ਼ ਦੇ ਘਰ ਇਸਦਾ ਜਨਮ ਹੋਇਆ। 21 ਸਾਲ ਦੀ ਉਮਰ ਵਿਚ ਇਹ ਈਸਟ ਇੰਡੀਆ ਕੰਪਨੀ ਦੀ ਸੇਵਾ ਵਿਚ ਬੰਗਾਲ ਵਿਖੇ ਹਾਜਰ ਹੋ ਗਿਆ। ਉਸ ਸਮੇਂ ਦੇ ਹੋਰਨਾਂ ਕਈ ਅੰਗਰੇਜ਼ਾਂ ਵਾਂਗ ਇਹ ਵੀ ਪੂਰਬੀ ਭਾਸ਼ਾਵਾਂ ਨੂੰ ਸਿੱਖਣ ਦੀ ਰੁਚੀ ਰੱਖਦਾ ਸੀ। 1779 ਵਿਚ ਇਸ ਨੇ ਸੰਸਕ੍ਰਿਤ ਵਿਆਕਰਣ ਦੀ ਇਕ ਡਿਕਸ਼ਨਰੀ ਤਿਆਰ ਕੀਤੀ। ਤਤਕਾਲੀ ਗਵਰਨਰ-ਜਨਰਲ ਵਾਰਨ ਹੇਸਟਿੰਗਜ਼ ਦੀ ਸਰਪ੍ਰਸਤੀ ਅਧੀਨ ਇਸ ਨੇ ਹਿੰਦੂ ਧਰਮ ਦੀ ਇਕ ਪ੍ਰਸਿੱਧ ਦਾਰਸ਼ਨਿਕ ਰਚਨਾ ਭਗਵਦਗੀਤਾ ਦਾ ਅਨੁਵਾਦ ਕੀਤਾ। ਪੂਰਬੀ

ਭਾਸ਼ਾਵਾਂ ਦੀ ਛਪਾਈ ਲਈ ਇਸ ਨੇ ਬੰਗਾਲੀ ਅਤੇ ਫ਼ਾਰਸੀ ਭਾਸ਼ਾਵਾਂ ਦਾ ਇਕ ਛਾਪਾਖਾਨਾ ਕਲਕੱਤੇ ਲਗਾਇਆ। ਸਰ ਵਿਲੀਅਮ ਜੋਨਸ ਦਾ ਇਹ ਸੱਜਾ ਹੱਥ ਸੀ ਅਤੇ ਇਹਨਾਂ ਨੇ ਰਲ ਕੇ ਏਸਿਐਟਿਕ ਰਿਸਰਚਜ਼ ਅਤੇ ਏਸਿਐਟਿਕ ਸੁਸਾਇਟੀ ਆਫ ਬੰਗਾਲ, ਮੌਜੂਦਾ ਰਾਇਲ ਏਸਿਐਟਿਕ ਸੁਸਾਇਟੀ ਆਫ ਬੰਗਾਲ, ਦੀ ਸਥਾਪਨਾ ਕੀਤੀ। 16 ਸਾਲ ਭਾਰਤ ਵਿਖੇ ਰਹਿਣ ਉਪਰੰਤ 1786 ਵਿਚ ਇਹ ਇੰਗਲੈਂਡ ਚਲਾ ਗਿਆ ਅਤੇ ਉਥੇ ਜਾ ਕੇ ਇਸ ਨੇ ਸੰਸਕ੍ਰਿਤ ਦੀ ਰਚਨਾ ਹਿਤੋਪਦੇਸ਼ ਅਤੇ ਕਾਲੀਦਾਸ ਦੇ ਨਾਟਕ ਸ਼ਕੁੰਤਲਾ ਦਾ ਅਨੁਵਾਦ ਕੀਤਾ। 1800 ਵਿਚ ਸਿਰੰਗਾਪਟਮ ਤੋਂ ਟੀਪੂ ਸੁਲਤਾਨ ਦੀ ਲਾਇਬ੍ਰੇਰੀ ਵਿਚੋਂ ਲਿਜਾਈਆਂ ਗਈਆਂ ਪੁਰਾਤਨ ਹੱਥਲਿਖਤਾਂ ਦੀ ਸੰਭਾਲ ਕਰਨ ਦਾ ਕਾਰਜ ਇਸ ਨੂੰ ਸੌਂਪਿਆ ਗਿਆ ਅਤੇ ਇੰਡੀਆ ਹਾਊਸ ਲਾਇਬ੍ਰੇਰੀ ਲੰਦਨ ਦਾ ਇਹ ਪਹਿਲਾ ਲਾਇਬ੍ਰੇਰੀਅਨ ਨਿਯੁਕਤ ਹੋਇਆ। ਇਹ ਇਸਲਾਮਿਕ ਸਾਹਿਤ ਦਾ ਵੀ ਗਿਆਤਾ ਸੀ ਅਤੇ 1806 ਵਿਚ ਇਸ ਨੇ ਰਿਚਰਡਸਨ ਦੁਆਰਾ ਲਿਖੀ ਪਰਸ਼ੀਅਨ ਅਤੇ ਅਰਬੀ ਡਿਕਸ਼ਨਰੀ ਸੰਪਾਦਿਤ ਕੀਤੀ। 1808 ਵਿਚ ਇਸ ਨੇ ਸੰਸਕ੍ਰਿਤ ਭਾਸ਼ਾ ਦੀ ਇਕ ਹੋਰ ਵਿਆਕਰਣ ਤਿਆਰ ਕੀਤੀ ਜਿਹੜੀ ਕਿ ਇਸ ਦੁਆਰਾ ਰਚਿਤ ਪਹਿਲੀ ਸੰਸਕ੍ਰਿਤ ਵਿਆਕਰਣ ਦਾ ਹੀ ਸੋਧਿਆ ਹੋਇਆ ਰੂਪ ਸੀ। 1 ਮਾਰਚ 1781 ਨੂੰ ਇਸ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਅਸਥਾਨ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਸੰਬੰਧੀ *The Sikhs and their College at Patna* ਵਿਸ਼ੇ 'ਤੇ ਆਪਣੀ ਇਕ ਭਾਵਪੂਰਤ ਟਿੱਪਣੀ ਬਨਾਰਸ ਤੋਂ ਲਿਖ ਭੇਜੀ। ਕਿਸੇ ਅੰਗਰੇਜ਼ ਦੁਆਰਾ ਸਿੱਖਾਂ ਬਾਰੇ ਲਿਖੀ ਗਈ ਇਹ ਮਹੱਤਵਪੂਰਨ ਲਿਖਤ ਸੀ। ਇੰਜ ਜਾਪਦਾ ਹੈ ਕਿ ਹੋਰਨਾਂ ਗੁਰਧਾਮਾਂ ਵਾਂਗ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਮਹੰਤਾਂ ਦੁਆਰਾ ਵਿਸ਼ੇਸ਼ ਵਿੱਦਿਅਕ ਕਾਰਜ ਕੀਤੇ ਜਾ ਰਹੇ ਸਨ ਜਿਸ ਕਰਕੇ ਗੁਰਦੁਆਰੇ ਨੂੰ ਇਹ ਕਾਲਜ ਦੱਸਦਾ ਹੈ। Ganda Singh (ed.), Introduction, in *The Sikhs and their College at Patna*, pp. 1-3.

26. Charles Wilkins, Secretary to the Asiatick Society, in *Asiatick Researches*, vol. I. 1789, p. 289.
27. ਗੰਡਾ ਸਿੰਘ, ਸੰਪਾ., *ਹੁਕਮਨਾਮੇ*, ਪੰਨਾ 87.
28. ਗਿਆਨੀ ਗੁਰਦਿੱਤ ਸਿੰਘ, ਤਖ਼ਤ ਪਟਨੇ ਸਾਹਿਬ ਦਾ ਇਤਿਹਾਸ, *ਸਿੰਘ ਸਭਾ ਪਤ੍ਰਿਕਾ*, ਗਿਆਨੀ ਗੁਰਦਿੱਤ ਸਿੰਘ, ਦਸੰਬਰ 1983-ਜਨਵਰੀ 1984, ਪੰਨਾ ਹ.
29. *ਗੁਰਦੁਆਰਾ ਗਜ਼ਟ*, ਨਵੰਬਰ 1965, ਪੰਨਾ 54.
30. Monier Williams, *Religious Thought and Life in India*, part I, p. 174.
31. *ਸਿੱਖ ਸੇਵਕ*, ਅੰਮ੍ਰਿਤਸਰ, 28 ਜਨਵਰੀ 1934, ਪੰਨਾ 2.
32. *ਖਾਲਸਾ ਸਮਾਚਾਰ*, 15 ਮਾਰਚ 1934, ਪੰਨਾ 10

33. *ਫੁਲਵਾੜੀ*, ਮਾਰਚ 1934, ਪੰਨੇ 370-71.
34. ਸ਼ਮਸ਼ੇਰ ਸਿੰਘ ਅਸ਼ੋਕ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ*, ਪੰਨਾ 135.
35. *ਖਾਲਸਾ ਸਮਾਚਾਰ*, 3 ਮਈ 1934, ਪੰਨਾ 10.
36. ਭਗਵਾਨ ਸਿੰਘ, ਤਖਤ ਪਟਣਾ ਸਾਹਿਬ, *ਗੁਰ ਸੇਵਕ, ਅੰਮ੍ਰਿਤਸਰ,* 15 ਜਨਵਰੀ 1936, ਪੰਨਾ 10.
37. *ਖਾਲਸਾ ਸਮਾਚਾਰ*, 19 ਜੁਲਾਈ 1934, ਪੰਨਾ 7.
38. ਮੌਜੂਦਾ ਪਾਕਿਸਤਾਨ ਵਿਚ ਪੈਂਦੇ ਮਿੱਠਾ ਟਿਵਾਣਾ ਦੇ ਜੰਮਪਲ ਸੰਤ ਨਿਸਚਲ ਸਿੰਘ ਜੀ ਦੇਸ਼-ਵੰਡ ਪਿੱਛੋਂ ਯਮੁਨਾਨਗਰ, ਹਰਿਆਣਾ, ਵਿਖੇ ਆ ਵਸੇ ਸਨ। ਗੁਰੂ ਸਾਹਿਬਾਨ ਪ੍ਰਤੀ ਸ਼ਰਧਾ ਅਤੇ ਗੁਰਬਾਣੀ ਦੇ ਅਧਿਐਨ ਨੇ ਇਹਨਾਂ ਦੇ ਮਨ ਵਿਚ ਵਿੱਦਿਅਕ ਸੰਸਥਾਵਾਂ ਖੋਲ੍ਹਣ ਅਤੇ ਧਰਮ ਅਸਥਾਨਾਂ ਦੀ ਸੇਵਾ-ਸੰਭਾਲ ਕਰਨ ਦੀ ਚਿਣਗ ਪੈਦਾ ਕਰ ਦਿੱਤੀ। ਪਟਨਾ ਸਾਹਿਬ ਵਿਖੇ ਇਹਨਾਂ ਨੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਇਮਾਰਤ ਦੀ ਪੁਨਰ-ਉਸਾਰੀ ਕਰਨ ਅਤੇ ਸਕੂਲ ਅਤੇ ਕਾਲਜ ਖੋਲਣ ਵਿਚ ਵਿਸ਼ੇਸ਼ ਯੋਗਦਾਨ ਪਾਇਆ।
39. ਨਿਜੀ ਚਿੱਠੀਆਂ ਡਾ. ਗੰਡਾ ਸਿੰਘ ਕੁਲੈਕਸ਼ਨ।
40. *ਖ਼ਾਲਸਾ ਸੇਵਕ*, 5 ਜੂਨ 1938.
41. ਤਖਤ ਸ੍ਰੀ ਪਟਨਾ ਸਾਹਿਬ ਜੀ ਦੀ ਇਮਾਰਤ ਸਬੰਧੀ ਸੇਵਾ ਦਾ ਅਮੋਲਕ ਸਮਾਂ, *ਖਾਲਸਾ ਸੇਵਕ*, 28 ਦਸੰਬਰ 1938, ਪੰਨਾ 11.
42. ਸ਼ਮਸ਼ੇਰ ਸਿੰਘ ਅਸ਼ੋਕ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ*, ਪੰਨਾ 162
43. *ਖਾਲਸਾ ਸਮਾਚਾਰ*, 28 ਜੁਲਾਈ 1938, ਪੰਨੇ 8-9.
44. *The Spokesman Weekly*, Baisakhi Number 1955, p. 33.
45. *ਗੁਰਦੁਆਰਾ ਗਜ਼ਟ*, ਅੰਮ੍ਰਿਤਸਰ, ਦਸੰਬਰ 1936, ਪੰਨੇ 6-7.
46. *ਅਕਾਲੀ*, 25 ਜੁਲਾਈ 1945.
47. *ਗੁਰਦੁਆਰਾ ਗਜ਼ਟ*, ਅੰਮ੍ਰਿਤਸਰ, ਦਸੰਬਰ 1954, ਪੰਨਾ 53.
48. ਉਹੀ, ਫਰਵਰੀ 1955, ਪੰਨੇ 66-67.
49. *ਗਿਆਨ ਅੰਮ੍ਰਿਤ*, ਮਈ 1957, ਪੰਨਾ 8.
50. *ਖ਼ਾਲਸਾ ਸਮਾਚਾਰ*, ਅੰਮ੍ਰਿਤਸਰ, 9 ਜਨਵਰੀ 1958, ਪੰਨਾ 4.
51. ਸ੍ਰੀ ਤਖਤ ਹਰਿਮੰਦਰ ਜੀ ਪਟਨਾ ਸਾਹਿਬ ਬਾਰੇ ਸਾਲਾਨਾ ਰੀਪੋਰਟ ਬਾਬਤ ਸਾਲ 1959, *ਦਸਮੇਸ਼ ਗਜ਼ਟ*, ਜਨਵਰੀ 1960, ਪੰਨਾ 40.
52. ਉਹੀ, ਪੰਨੇ 47-48.
53. ਭਾਨ ਸਿੰਘ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀਆਂ ਇਤਿਹਾਸਿਕ ਵਸਤਾਂ, *ਗੁਰਮਤਿ ਪ੍ਰਕਾਸ਼*, ਮਾਰਚ 1967, ਪੰਨਾ 11.

54. ਕੁਇਰ ਸਿੰਘ, *ਗੁਰਬਿਲਾਸ ਪਾਤਸਾਹੀ 10*, ਅਧਿਆਇ 2.31-32.
55. ਭਾਨ ਸਿੰਘ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀਆਂ ਇਤਿਹਾਸਿਕ ਵਸਤਾਂ, *ਗੁਰਮਤਿ ਪ੍ਰਕਾਸ਼*, ਮਾਰਚ 1967, ਪੰਨਾ 11.
56. ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਸ਼ੀਸ਼ੇ ਦੇ ਫਰੇਮ ਵਿਚ ਸੰਭਾਲ ਕੇ ਰੱਖੇ ਹੋਏ ਗੁਰੂ ਗੋਬਿੰਦ ਸਿੰਘ ਜੀ ਦੇ ਚੋਲੇ ਦੇ ਹੇਠਾਂ ਇਕ ਪਲੇਟ 'ਤੇ ਇਸ ਦੇ ਪਟਨਾ ਸਾਹਿਬ ਪਹੁੰਚਣ ਬਾਰੇ ਇਹ ਜਾਣਕਾਰੀ ਦਿੱਤੀ ਗਈ ਹੈ - "ਪਹਿਲੇ ਇਹ ਪਵਿਤਰ ਚੋਲਾ ਪਾਕਿਸਤਾਨ ਵਿਚ ਭਾਗਾਂ ਵਾਲੀ ਖਾਨਦਾਨ ਤੋਂ ਪ੍ਰਾਪਤ ਹੋਇਆ, ਦੇਸ ਦੇ ਬਟਵਾਰੇ ਸਮੇਂ ਪਾਕਿਸਤਾਨ ਤੋਂ ਇਹ ਖਾਨਦਾਨ ਖੰਡਵਾ ਆ ਗਿਆ, ਜੋ ਮਾਤਾ ਜੀ ਇਸ ਪਵਿਤਰ ਚੋਲਾ ਸਾਹਿਬ ਦੀ ਸੇਵਾ ਕਰਦੇ ਸੀ, ਉਹ ਜਦੋਂ ਸਰੀਰ ਛਡ ਗਏ ਤਾਂ ਉਹਨਾਂ ਦੀ ਬੇਟੀ ਨੇ ਆਪਨੇ ਆਪ ਨੂੰ ਸੇਵਾ ਕਰਨ ਤੋਂ ਅਸਮਰੱਥ ਸਮਝ ਕੇ ਸਿੰਘ ਸਭਾ ਖੰਡਵਾ (ਐਮ.ਪੀ.) ਦੇ ਸਪੁਰਦ ਕਰ ਦਿੱਤਾ, ਸਿੰਘ ਸਭਾ ਖੰਡਵਾ ਨੇ 'ਜਿਸ ਦੀ ਵਸਤੁ ਤਿਸ ਆਗੇ ਰਾਖੇ' ਦੇ ਮਹਾਵਾਕ ਅਨੁਸਾਰ ਚੋਲਾ ਸਾਹਿਬ ਨੂੰ ਸੰਗਤਾਂ ਦੇ ਦਰਸ਼ਨਾਂ ਲਈ ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਸਪੁਰਦ ਕਰਨ ਦਾ ਮਾਨ ਪ੍ਰਾਪਤ ਕੀਤਾ।"
57. ਭਾਨ ਸਿੰਘ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀਆਂ ਇਤਿਹਾਸਿਕ ਵਸਤਾਂ, *ਗੁਰਮਤਿ ਪ੍ਰਕਾਸ਼*, ਮਾਰਚ 1967, ਪੰਨਾ 11.
58. ਪਿਆਰਾ ਸਿੰਘ ਪਦਮ, *ਸ੍ਰੀ ਗੁਰੂ ਗ੍ਰੰਥ ਪ੍ਰਕਾਸ਼*, ਪੰਨਾ 102.
59. ਤਬਲੋ ਪਟਨੇ ਨਗਰ ਕੇ ਸਿਖ ਸਖਾ ਸੁਖ ਖਾਨ॥
ਆਏ ਦਰਸਨ ਕਰਨ ਹਿਤ ਆਨੰਦਪੁਰ ਮੁਦਮਾਨ॥
ਜਗਤ ਸੇਠ ਕੇ ਬੇਟੇ ਚਾਰ॥ ਆਏ ਹਿਤ ਦਰਸਨ ਦਰਬਾਰ॥
ਭਾਂਤ ਭਾਂਤ ਕੀ ਭੇਟ ਚਢਾਈ॥ ਪੂਛੀ ਕੁਸਲ ਸਭਨ ਗੁਰ ਰਾਈ॥
ਹਾਥ ਜੋਰ ਕਰ ਕੁਸਲ ਪ੍ਰਕਾਸੀ॥ ਬਿਨ ਦਰਸਨ ਪੁਰ ਰਹਿਤ ਉਦਾਸੀ॥
ਪੁਨ ਪ੍ਰਭ ਪਦਮ ਪਦਨ ਕਹਿ ਪਾਵਹੁ॥ ਪਟਨਾ ਪੁਰ ਆਪਨ ਅਪਨਾਵਹੁ॥
ਬਾਲ ਸਖਾਈ ਮੀਤ ਬਿਚਾਰੇ॥ ਨਿਸ ਦਿਨ ਰੁਦਤ ਚਿਤਤ ਦੀਦਾਰੇ॥
ਅਸ ਕਹਿ ਨਯਨਨ ਜਲ ਬਰਖਾਨਾ॥ ਸ੍ਰੀ ਸਤਗੁਰ ਸਭ ਬਿਧਿ ਸਨਮਾਨਾ॥
ਸੋਇ ਗੁਰੂ ਗ੍ਰੰਥ ਕਹਯੋ ਲੈ ਜਾਹੂ॥ ਮਮ ਸਮ ਪੂਜਹੁ ਮੰਦਰ ਮਾਹੂ॥
ਹੁਕਮ ਅਕਾਲ ਪੁਰਖ ਕਰ ਨਾਹੀ॥ ਨਤਹੌ ਹੂੰ ਚਲਤੋ ਪੁਰਮਾਹੀ॥
ਪ੍ਰਤਿ ਇਕਾਦਸੀ ਦਰਸਨ ਲੀਜੈ॥ ਜਨਮ ਸੁਪਤਮੀ ਪੁੰਜਨ ਕੀਜੈ॥
ਅਪਰ ਦਿਵਸ ਬਿਨ ਪਰਬ ਪਛਾਨੈ॥ ਕਰਹ ਪ੍ਰਕਾਸ ਕਬਹੁ ਸਯਾਨੇ॥
ਕਰ ਪ੍ਰਕਾਸ ਪਠ ਪੰਚ ਗਰੰਥੀ॥ ਪ੍ਰਾਪਤ ਹੋਇ ਭਾਉ ਮੰਤ੍ਰ ਪੰਥੀ॥
ਮੰਦਿਰ ਤੇ ਪ੍ਰਤਿ ਮੰਦਿਰ ਮਾਹੀ॥ ਕਬਹੁ ਲਿਜਾਵਨ ਆਗਯਾ ਨਾਹੀ॥
ਸੁਨ ਇਹਿ ਬਿਧਿ ਬਚ ਕ੍ਰਿਪਾ ਨਿਧਿ ਸੰਗਤ ਪਰਮ ਉਛਾਹ॥

ਕੁਛ ਅਹਿ ਰਹਿ ਪੁਨ ਬਿਦਾ ਹਵੈ ਆਈ ਪਟਨੇ ਮਾਹਿ॥
ਬਾਬਾ ਸੁਮੇਰ ਸਿੰਘ, *ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼*, ਸੰਪਾਦਕ ਅੱਛਰ ਸਿੰਘ ਕਾਹਲੋਂ, ਪੰਨਾ 281.

60. ਸ. ਸਨਮੁਖ ਸਿੰਘ ਆਨਰੇਰੀ ਮੁਖ਼ਤਾਰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵੱਲੋਂ ਇਹ ਚਿੱਠੀ ਤਖ਼ਤ ਸਾਹਿਬ ਦੇ ਮੈਨੇਜਰ ਸ. ਜੀਵਨ ਸਿੰਘ ਨੇ ਮਹਾਰਾਜਾ ਨਾਭਾ ਨੂੰ 7.5.1933 ਨੂੰ ਲਿਖੀ ਸੀ ਜਿਸ ਤੋਂ ਇਹ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਸ ਚਿੱਠੀ ਦੀ ਇਕ ਨਕਲ ਡਾ. ਗੰਡਾ ਸਿੰਘ ਦੀਆਂ ਨਿਜੀ ਫਾਇਲਾਂ ਵਿਚ ਸੁਰੱਖਿਅਤ ਪਈ ਹੈ।
61. ਨਿਜੀ ਚਿੱਠੀਆਂ ਡਾ. ਗੰਡਾ ਸਿੰਘ ਕੁਲੈਕਸ਼ਨ।
62. ਉਹੀ।
63. ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 550.
64. *ਤਖ਼ਤ ਪਟਨਾ ਸਾਹਿਬ ਦਾ ਸੰਖੇਪ ਹਾਲ*, ਪੰਨਾ 6.
65. Major Gurmukh Singh, Patna, in *The Encyclopaedia of Sikhism*, ed. by Harbans Singh, vol. III, p. 325.
66. ਫੌਜਾ ਸਿੰਘ, *ਗੁਰੂ ਤੇਗ਼ ਬਹਾਦਰ: ਯਾਤਰਾ ਅਸਥਾਨ, ਪਰੰਪਰਾਵਾਂ ਤੇ ਯਾਦ ਚਿੰਨ*, ਪੰਨਾ 248.
67. ਭਾਨ ਸਿੰਘ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀਆਂ ਇਤਿਹਾਸਿਕ ਵਸਤਾਂ, *ਗੁਰਮਤਿ ਪ੍ਰਕਾਸ਼*, ਮਾਰਚ 1967, ਪੰਨਾ 12.
68. *The Sikh Review*, September 1972, pp. 50-51; Mahant Bhai Ranjit Singh Passes Away—We had, in September issue, published news about the handing over of the Gaughat historic Gurdwara at Patna by Mahant Bhai Ranjit Singh Ji to Takht Sri Harimandar Sahib, Patna. It was a noble gesture on the part of Mahant Bhai Ranjit Singh Ji, who had all along done a commendable *seva* of the Gurdwara. The Sikh Review regrets to hear that Bhai Sahib breathed his last on 7th September at Ayodya. He and his family had, after handing over the Gurdwara, moved to Ayodya on 30th August 1972 to pass his days in *simran*. It appears his last act of handing over the Gurdwara to Takht Harimandar was a fulfilment of his mission. The Sikh Review sympathises with the bereaved family, prays to Wahiguru for eternal peace to the departed. *The Sikh Review*, October 1972, p. 143; The place was obviously

used to be managed by Mahants, Baba Mangal Singh being the last Mahant, appointed as such by Baba Mukand Singh Mahant of Sri Harimandir Ji, Patna (1913-1930)... After the death of Baba Mangal Singh, his sons Didar Singh and Ranjit Singh transferred this shrine in favour of Parbandhak Committee in the year 1972. Joginder Singh Jogi, Guru Nanak in Bihar, in *Souvenir on Guru Nanak in Bihar*, 2008, p. 2; *ਖਾਲਸਾ ਐਡਵੋਕੇਟ*, 11 ਸਤੰਬਰ 1972, ਪੰਨਾ 4.

69. *ਪੰਜਾਬੀ ਟ੍ਰਿਬਿਊਨ*, 11 ਫਰਵਰੀ 1979, ਪੰਨਾ 8.
70. ਉਹੀ
71. ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 550.
72. ਸ੍ਰੀ ਤਖਤ ਹਰਿਮੰਦਰ ਜੀ ਪਟਨਾ ਸਾਹਿਬ ਬਾਰੇ ਸਾਲਾਨਾ ਰੀਪੋਰਟ ਬਾਬਤ ਸਾਲ 1959, *ਦਸਮੇਸ਼ ਗਜ਼ਟ*, ਜਨਵਰੀ 1960, ਪੰਨਾ 46.
73. ਤਾਰਾ ਹਰਿ ਨੇਰਤਮ, *ਸ੍ਰੀ ਗੁਰ ਤੀਰਥ ਸੰਗ੍ਰਹਿ*, ਪੰਨਾ 19,
74. ਗਿਆਨੀ ਹੀਰਾ ਸਿੰਘ ਦਰਦ, ਗੁਰ-ਤੀਰਥ, *ਫੁਲਵਾੜੀ*, ਨਵੰਬਰ 1931, ਪੰਨੇ 54-55.
75. ਅਮਰਜੀਤ ਸਿੰਘ, ਗੁ: ਸ੍ਰੀ ਗੁਰੂ ਨਾਨਕ ਸ਼ੀਤਲ ਕੁੰਡ ਰਾਜਗੀਰ, *ਗੁਰਮਤਿ ਪ੍ਰਕਾਸ਼*, ਨਵੰਬਰ 1969, ਪੰਨਾ 400.
76. 1873 ਵਿਚ ਅੰਮ੍ਰਿਤਸਰ ਮਿਸ਼ਨ ਸਕੂਲ ਦੇ ਚਾਰ ਸਿੱਖ ਵਿਦਿਆਰਥੀਆਂ—ਆਇਆ ਸਿੰਘ, ਅਤਰ ਸਿੰਘ, ਸਾਧੂ ਸਿੰਘ ਅਤੇ ਸੰਤੋਖ ਸਿੰਘ—ਨੇ ਈਸਾਈ ਧਰਮ ਧਾਰਨ ਕਰਨ ਦਾ ਐਲਾਨ ਕੀਤਾ ਜਿਸ ਨੇ ਸਮੁੱਚੀ ਸਿੱਖ ਕੌਮ ਨੂੰ ਝੰਜੋੜ ਕੇ ਰੱਖ ਦਿੱਤਾ। ਇਸ ਦੇ ਨਾਲ ਹੀ ਅੰਗਰੇਜ਼ਾਂ ਲਈ ਸਿੱਖ ਇਤਿਹਾਸ ਲਿਖਣ ਵਾਲੇ ਪੰਡਿਤ ਸ਼ਰਧਾ ਰਾਮ ਫਿਲੌਰੀ ਨੇ ਗੁਰੂ ਸਾਹਿਬਾਨ ਪ੍ਰਤੀ ਤੱਥਾਂ ਦੀ ਗਲਤ ਬਿਆਨੀ ਕੀਤੀ ਜਿਸ ਨੇ ਸਿੱਖਾਂ ਨੂੰ ਆਪਣੇ ਧਰਮ ਦੀਆਂ ਕਦਰਾਂ-ਕੀਮਤਾਂ ਵਿਚ ਆ ਰਹੇ ਨਿਘਾਰ ਬਾਰੇ ਸੋਚਣ ਲਈ ਮਜਬੂਰ ਕਰ ਦਿੱਤਾ। ਸਮੇਂ ਦੀਆਂ ਪ੍ਰਸਥਿਤੀਆਂ ਦਾ ਮੁਕਾਬਲਾ ਕਰਨ ਲਈ ਇਕ ਸੰਸਥਾ ਕਾਇਮ ਹੋਈ ਜਿਹੜੀ ਕਿ ਸਿੰਘ ਸਭਾ ਲਹਿਰ ਵੱਜੋਂ ਪ੍ਰਸਿੱਧ ਹੋਈ।
77. ਜਗਮੋਹਨ ਸਿੰਘ, ਸ਼ਿਵਨਗਰ (ਵੈਸ਼ਾਲੀ ਬਿਹਾਰ) ਦੇ ਸਿੱਖ, *ਗੋਬਿੰਦ ਪ੍ਰਕਾਸ਼*, ਜਨਵਰੀ 2016, ਪੰਨਾ 24.
78. ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖ਼ਾਲਸਾ*, ਭਾਗ ਪਹਿਲਾ, ਪੰਜਾਬ ਦੀ ਤਿਆਰੀ ਦੇਖ ਕੇ ਸੰਗਤ ਦੀ ਬਿਹਬਲਤਾ ਵਾਲੇ ਪ੍ਰਸੰਗ ਦਾ ਫੁੱਟ-ਨੋਟ, ਪੰਨਾ 771.
79. ਰਾਜਿੰਦਰ ਸਿੰਘ ਸ਼ਾਸਤ੍ਰੀ, ਨਿਰਮਲ ਡੇਰੇ: ਇਤਿਹਾਸ ਤੇ ਪ੍ਰਬੰਧ, *ਨਿਰਮਲ ਸੰਪ੍ਰਦਾਇ*, ਸੰਪਾਦਕ ਪ੍ਰੀਤਮ ਸਿੰਘ, ਪੰਨਾ 86.

80. ਗਿਆਨੀ ਬਲਵੰਤ ਸਿੰਘ ਕੋਠਾਗੁਰੂ, *ਨਿਰਮਲ ਪੰਥ ਦੀ ਗੌਰਵ ਗਾਥਾ*, ਪੰਨਾ 255; ਸੰਤ ਦਰਸ਼ਨ ਸਿੰਘ, ਨਿਰਮਲ ਭੇਖ ਤਥਾ ਨਿਰਮਲੇ ਸੰਤਾਂ ਦਾ ਸਮਾਜ ਨੂੰ ਸਰਵਪੱਖੀ ਯੋਗਦਾਨ, *ਨਿਰਮਲ ਸੰਪ੍ਰਦਾਇ ਦੀ ਗੁਰਬਾਣੀ ਵਿਆਖਿਆਕਾਰੀ*, ਮੁਖ ਸੰਪਾਦਕ ਹਰਭਜਨ ਸਿੰਘ, ਪੰਨਾ 45
81. ਰਹਿਤਨਾਮਾ ਬਾਬਾ ਸੁਮੇਰ ਸਿੰਘ ਜੀ, *ਅਕਾਲੀ ਰੈਹਤਨਾਮਾ*, ਬੰਦ 36.
82. *ਜਨਮਸਾਖੀ ਭਾਈ ਬਾਲਾ*, ਸੰਪਾਦਕ ਸੁਰਿੰਦਰ ਸਿੰਘ ਕੋਹਲੀ, ਪੰਨਾ 164.
83. ਪਿਆਰਾ ਸਿੰਘ ਪਦਮ, *ਦਸਮ ਗ੍ਰੰਥ ਦਰਸ਼ਨ*, ਪੰਨਾ 19.
84. ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 157.
85. Francis Buchanan, *An Account of the Districts of Bihar and Patna in 1811-12*, p.389.
86. ibid., pp. 388-89.
87. Ved Parkash, *The Sikhs in Bihar,* p. 126.
88. ਪਿਆਰਾ ਸਿੰਘ ਪਦਮ, *ਦਸਮ ਗ੍ਰੰਥ ਦਰਸ਼ਨ*, ਪੰਨਾ 16.
89. Ved Parkash, *The Sikhs in Bihar*, p. 111.
90. M. Subramaniam and M.V. Krishnaswami, *The Law Reports of British India*, Calcutta vol. 3, (The Indian Law Reports, Calcutta Series, vol. VII-1881,) p. 1123; Ved Parkash, *The Sikhs in Bihar,* p. 104, 112.
91. ਬਾਬਾ ਸੁਮੇਰ ਸਿੰਘ, *ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼*, ਸੰਪਾਦਕ ਅੱਛਰ ਸਿੰਘ ਕਾਹਲੋਂ, ਪੰਨੇ 281-82.
92. ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖ਼ਾਲਸਾ*, ਭਾਗ ਪਹਿਲਾ, ਫੁੱਟ-ਨੋਟ।
93. ਦੇਖੋ 14 ਜੁਲਾਈ 1881 ਨੂੰ ਪਟਨਾ ਹਾਈ ਕੋਰਟ ਦੇ ਜੱਜ ਮਿੱਤਰ ਅਤੇ ਜੱਜ ਮੈਕਲੀਨ ਦੁਆਰਾ ਕੀਤਾ ਗਿਆ ਫੈਸਲਾ, M. Subramaniam and M.V. Krishnaswami, *The Law Reports of British India*, Calcutta vol. 3, (The Indian Law Reports, Calcutta Series, vol. VII-1881,), ਪੰਨੇ 1122-25.
94. ਅਸੀ ਬੜੀ ਖੁਸ਼ੀ ਦੇ ਨਾਲ ਅਪਨੇ ਪ੍ਰੇਮੀਆਂ ਪਾਠਕਾਂ ਨੂੰ ਖੁਸ਼ਖਬਰੀ ਸੁਣਾਉਦੇ ਹਾਂ ਕਿ ਦਰਬਾਰ ਸ੍ਰੀ ਤਖਤ ਪਟਨਾ ਸਾਹਿਬ ਜੀ ਦੀ ਮਹੰਤੀ ਅਰੁ ਮੈਨੇਜਰੀ ਦੀਆਂ ਦੋਨੋਂ ਸੰਨਦਾਂ ਸ੍ਰਕਾਰ ਵਿਚੋਂ ਸ੍ਰੀ ਗੁਰੁ ਅਮਰ ਬੰਸ ਭੂਖਣ ਬਾਬਾ ਸੁਮੇਰ ਸਿੰਘ ਜੀ ਸਾਹਿਬ ਜੋਗ ਮਿਲ ਕਰ ਮਜ਼ਬੀ ਅਰ ਇੰਤਜਾਮੀ ਦੋਨੋ ਕੰਮ ਇਨਾਂ ਦੇ ਸਪੁਰਦ ਹੋ ਗਏ ਹਨ। *ਸ੍ਰੀ ਗੁਰਮਤ ਪ੍ਰਕਾਸਕਾ*, ਮਹੀਨਾ ਪੋਹ, ਭਾਗ ਦੂਜਾ, 1888, ਪੰਨਾ 432; *ਖਾਲਸਾ ਅਖਬਾਰ*, 25 ਫਰਵਰੀ 1888, ਪੰਨਾ 1.

95. ਪਟਨਾ ਦੇ ਜ਼ਿਲ੍ਹਾ ਜੱਜ ਐਸ. ਐਨ ਮੁਕਰਜੀ ਦਾ ਫੈਸਲਾ, 26 ਜੁਲਾਈ 1930, ਕੇਸ ਨੰ. 58.
96. ਖਾਲਸਾ ਅਖਬਾਰ ਵਿਚ ਇਹ ਖਬਰ ਪ੍ਰਕਾਸ਼ਿਤ ਹੋਈ ਕਿ ਆਮ ਅਤੇ ਖਾਸ ਭਾਈਆਂ ਨੂੰ ਮੁਬਾਰਕਬਾਦ ਦਿੱਤੀ ਜਾਂਦੀ ਹੈ ਜੋ ਰਾਇ ਈਸਵਰੀ ਪ੍ਰਸਾਦਿ ਸਾਹਿਬ ਮੈਨੇਜਰ ਦਰਬਾਰ ਸ੍ਰੀ ਪਟਣਾ ਨੇ ਜੋ ਦਰਬਾਰ ਸਾਹਿਬ ਦੀ ਮੈਨੇਜਰੀ ਤੋਂ ਅਸਤੀਫਾ ਦਿੱਤਾ ਸੀ ਸੋ ਨਾ ਮਨਜੂਰ ਹੋਇਆ। ਖਾਲਸਾ ਅਖਬਾਰ ਜੱਜ ਸਾਹਿਬ ਦੇ ਇਨਸਾਫ ਪਰ ਧੰਨਵਾਦ ਕਰਦਾ ਹੈ ਜਿਸ ਨੇ ਗੁਰਦਵਾਰੇ ਦੀ ਸ਼ੋਭਾ ਲਈ ਰਾਇ ਸਾਹਿਬ ਦਾ ਉਸ ਸਥਾਨ ਪਰ ਅਧਿਕਾਰ ਰਖਨਾ ਜਰੂਰੀ ਸਮਝਿਆ ਹੈ। *ਖਾਲਸਾ ਅਖਬਾਰ*, 17 ਸਤੰਬਰ 1887, ਪੰਨਾ 1.
97. *ਖਾਲਸਾ ਅਖਬਾਰ*, 25 ਫਰਵਰੀ 1888, ਪੰਨਾ 1.
98. ਯੂ.ਪੀ. ਵਿਚ ਜ਼ਿਲ੍ਹਾ ਆਜ਼ਮਗੜ੍ਹ ਵਿਚ ਇਕ ਨਗਰ ਹੈ, ਇਸ ਦੇ ਲਾਗੇ ਤਮਸਾ ਨਦੀ ਵਗਦੀ ਹੈ। ਇਹ ਨਗਰ ਕਾਂਸ਼ੀ ਤੋਂ 30 ਕੋਹ ਅਤੇ ਜੌਨਪੁਰ ਤੋਂ 20 ਕੋਹ ਹੈ। ਗੁਰੂ ਨਾਨਕ ਦੇਵ ਜੀ ਇਥੇ ਆਏ ਸਨ, ਉਹਨਾਂ ਦੀ ਯਾਦ ਵਿਚ ਇਥੇ ਗੁਰਦੁਆਰਾ ਹੈ। ਬਾਬਾ ਕ੍ਰਿਪਾ ਦਿਆਲ ਜੀ ਭਲੇ ਸਾਹਿਬਜ਼ਾਦੇ ਇਥੇ ਆ ਕੇ ਰਹੇ ਸਨ। ਆਪ ਬੜੇ ਗੁਰਮੁਖ ਤੇ ਪ੍ਰੇਮੀ ਸਨ, ਆਪ ਨੇ ਇਥੇ ਗੁਰਮਤਿ ਦਾ ਬਹੁਤ ਪਰਚਾਰ ਕੀਤਾ ਤੇ ਕਈਆਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ। ਇਹਨਾਂ ਦੇ ਸਪੁੱਤਰ ਬਾਬਾ ਸਾਧੂ ਸਿੰਘ ਜੀ ਬੜੀ ਕਰਨੀ ਵਾਲੇ ਤੇ ਨਾਮ ਦੇ ਰਸੀਏ ਸਿੱਖ ਹੋਏ ਹਨ, ਇਹਨਾਂ ਨੇ ਵੀ ਬੜਾ ਪਰਚਾਰ ਕੀਤਾ। ਗਿਆਨੀ ਹੀਰਾ ਸਿੰਘ ਦਰਦ, ਗੁਰ-ਤੀਰਥ, *ਫੁਲਵਾੜੀ*, ਨਵੰਬਰ 1931, ਪੰਨਾ 54.
99. ਭਾਈ ਸ਼ਮਸ਼ੇਰ ਸਿੰਘ ਅਸ਼ੋਕ, ਸਾਹਿਤਯ ਰਤਨ ਬਾਬਾ ਸੁਮੇਰ ਸਿੰਘ ਜੀ, *ਖਾਲਸਾ ਸਮਾਚਾਰ*, ਅੰਮ੍ਰਿਤਸਰ, 4 ਅਗਸਤ 1938.
100. K.S. Thapar, Bibek Bardhi, in *The Encyclopaedia of Sikhism*, vol. I, p. 365.
101. ਪਿਆਰਾ ਸਿੰਘ ਪਦਮ (ਸੰਪਾ.), *ਰਹਿਤਨਾਮੇ*, ਪੰਨੇ 157-60; ਰਹਿਤਨਾਮਾ ਬਾਬਾ ਸੁਮੇਰ ਸਿੰਘ ਜੀ, *ਅਕਾਲੀ ਰੈਹਤਨਾਮਾ*, ਪੰਨੇ 38-46.
102. *ਖਾਲਸਾ ਅਖਬਾਰ*, 26 ਨਵੰਬਰ 1887, ਪੰਨੇ 5-6.
103. ਬਾਬਾ ਸੁਮੇਰ ਸਿੰਘ, *ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼*, ਸੰਪਾਦਕ ਅੱਛਰ ਸਿੰਘ ਕਾਹਲੋਂ, ਪੰਨਾ 282.
104. ਅਮਰ ਸਿੰਘ ਖਾਲਸਾ, *ਕਲਗੀਧਰ ਜੀ ਦਾ ਪ੍ਰਕਾਸ਼ ਅਸਥਾਨ*, ਪੰਨਾ 68.
105. Baba Bachitra Singh Sahib fixed a Nishan Sahib in the ground of court-yard of Takht Patna Sahib which is 100 feet high with about 15-20 feet deep. This is one piece of the Sal wood presented

by the Nepal Government for the purpose and maintains banner and emblems of the sacred shrine. This piece was enclosed in iron cylindrical pieces throughout, for the purpose of long preservation, during the Mahantship of His Holiness Baba Bichitra Singh Sahib about 25 years ago. A short note about Siri Takht Harimandir Jie Sahib, Patna Sahib, in *The Panjab Past and Present*, ed. by Ganda Singh, April 1975, p. 136.

106. *ਖ਼ਾਲਸਾ ਸਮਾਚਾਰ*, 18 ਦਸੰਬਰ 1924, ਪੰਨਾ 1.
107. ਝੰਡਾ ਸਿੰਘ ਸਕੂਲ ਮਾਸਟਰ, ਹਜ਼ੂਰੀ ਸਪੈਸ਼ਲ ਟ੍ਰੇਨ, *ਖ਼ਾਲਸਾ ਸਮਾਚਾਰ*, 10 ਅਪ੍ਰੈਲ 1930, ਪੰਨਾ 3; ਮਹੰਤ ਮੁਕੰਦ ਸਿੰਘ ਦੀ ਇਕ ਹੋਰ ਸਮਕਾਲੀ ਲਿਖਤ ਤੋਂ ਇਹਨਾਂ ਦੇ ਸਮੇਂ ਤਖ਼ਤ ਸਾਹਿਬ ਦੀ ਨਿਘਰਦੀ ਹਾਲਤ ਦੀ ਜਾਣਕਾਰੀ ਮਿਲਦੀ ਹੈ ਜਿਸ ਵਿਚ ਲੰਗਰ ਦਾ ਸਮੇਂ ਸਿਰ ਨਾ ਮਿਲਣਾ, ਮਾਲ ਅਸਬਾਬ ਦੀ ਚੋਰੀ, ਤਖ਼ਤ ਸਾਹਿਬ ਦੀ ਜਾਇਦਾਦ ਖੁਰਦ ਬੁਰਦ ਹੋ ਜਾਣਾ ਅਤੇ ਪੁਜਾਰੀਆਂ ਨੇ ਆਪਣੀ ਮਲਕੀਅਤ ਕਰ ਲੈਣੀ, ਹਿਸਾਬ ਕਿਤਾਬ ਸੰਗਤ ਨੂੰ ਨਾ ਦੱਸਣਾ, ਨਵੀਂ ਇਮਾਰਤ ਬਣਾਉਣ ਦੀ ਥਾਂ ਪੁਰਾਣੀਆਂ ਦੀ ਵੀ ਸੰਭਾਲ ਨਾ ਕਰਨਾ ਆਦਿ ਸ਼ਾਮਲ ਸੀ। ਖਰਾਬੀਆਂ ਦਿਨੋਂ ਦਿਨ ਵੱਧ ਰਹੀਆਂ ਸਨ, ਸਿੱਖ ਧਰਮ ਦੀ ਮਰਯਾਦਾ ਅਲੋਪ ਹੋਣ ਲੱਗ ਪਈ ਸੀ, ਕਈ ਮਨਮਤ ਦੇ ਰਿਵਾਜ ਤੇ ਕੁਰੀਤੀਆਂ ਪ੍ਰਚੱਲਿਤ ਹੋ ਗਈਆਂ, ਪੁਜਾਰੀਆਂ ਦੇ ਆਚਰਨ ਵਿਗੜ ਗਏ ਅਤੇ ਉਹ ਸ਼ਰਾਬਾਂ ਤੇ ਦੁਰਾਚਾਰ ਵਿਚ ਖਚਿਤ ਹੋ ਗਏ ਸਨ। *ਤਖ਼ਤ ਪਟਨਾ ਸਾਹਿਬ ਦਾ ਸੰਖੇਪ ਇਤਿਹਾਸ*, ਪੰਨੇ 9-10
108. Teja Singh, *The Gurdwara Reform Movement and the Sikh Awakening*, p 99.
109. *ਖ਼ਾਲਸਾ ਸਮਾਚਾਰ*, 3 ਜੁਲਾਈ 1930, ਪੰਨਾ 5.
110. ਪਟਨਾ ਦੇ ਜ਼ਿਲ੍ਹਾ ਜੱਜ ਸ੍ਰੀ ਐਸ. ਐਨ. ਮੁਕਰਜੀ ਦੁਆਰਾ 26 ਜੁਲਾਈ 1930 ਨੂੰ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਪ੍ਰਬੰਧ ਲਈ ਫ਼ੈਸਲਾ ਸੁਣਾਇਆ ਗਿਆ। ਉਹਨਾਂ ਦੁਆਰਾ ਸੁਣਾਏ ਫੈਸਲੇ ਦਾ ਜਿਹੜਾ ਲਿਖਤੀ ਰੂਪ ਸਾਹਮਣੇ ਆਇਆ ਉਸ ਤੋਂ ਪਤਾ ਲੱਗਦਾ ਹੈ ਕਿ 28 ਅਪ੍ਰੈਲ 1930 ਨੂੰ ਦਾਇਰ ਕੀਤੀ ਗਈ ਪਟੀਸ਼ਨ ਤੋਂ ਜਦੋਂ ਜੱਜ ਸਾਹਿਬ ਨੂੰ ਮਹੰਤ ਮੁਕੰਦ ਸਿੰਘ ਦੇ ਅਕਾਲ ਚਲਾਣੇ ਦਾ ਪਤਾ ਲੱਗਿਆ ਤਾਂ ਉਹਨਾਂ ਨੇ ਤੁਰੰਤ ਦੋ ਸਥਾਨਕ ਸਿੱਖਾਂ ਨੂੰ ਤਖ਼ਤ ਸਾਹਿਬ ਦਾ ਆਰਜੀ ਮੈਨੇਜਰ ਨਿਯੁਕਤ ਕਰ ਦਿੱਤਾ। ਇਸੇ ਦੌਰਾਨ ਕਈ ਹੋਰਨਾਂ ਗੁਰਸਿੱਖਾਂ ਨੇ ਤਖ਼ਤ ਸਾਹਿਬ ਦਾ ਮਹੰਤ ਬਣਨ ਲਈ ਅਰਜ਼ੀ ਦਾਖ਼ਲ ਕਰ ਦਿੱਤੀ ਸੀ ਜਿਸ ਨੂੰ ਧਿਆਨ ਨਾਲ ਸੁਣਿਆ ਗਿਆ। ਇਸ ਸੰਬੰਧੀ ਜਦੋਂ ਅੰਤਿਮ ਫ਼ੈਸਲਾ ਸਾਹਮਣੇ

ਆਇਆ ਤਾਂ ਬਾਬਾ ਕਰਤਾਰ ਸਿੰਘ ਬੇਦੀ ਨੂੰ ਤਖ਼ਤ ਸਾਹਿਬ ਦਾ ਸਰਬਰਾਹਕਾਰ ਨਿਯੁਕਤ ਕੀਤਾ ਗਿਆ ਅਤੇ ਉਹਨਾਂ ਦੀ ਸਹਾਇਤਾ ਲਈ ਇਕ ਪੰਦਰਾਂ ਮੈਂਬਰੀ ਕਮੇਟੀ ਨਿਯੁਕਤ ਕਰ ਦਿੱਤੀ ਗਈ। ਜੱਜ ਸਾਹਿਬ ਦੁਆਰਾ ਜਿਹੜੇ 15 ਮੈਂਬਰਾਂ ਦੀ ਕਮੇਟੀ ਬਣਾਈ ਗਈ ਉਹਨਾਂ ਦੇ ਨਾਂ ਇਸ ਤਰ੍ਹਾਂ ਹਨ:

1. Sardar Sanmukh Singh present temporary manager.
2. Babu Lal Singh, Flour and Oil Mill Owner, Patna.
3. Babu Gurdeo Singh Sasaram, Bihar and Orissa
4. Babu Gur Prasad Singh of Uchla, Bihar and Orissa.
5. Babu Gurmukh Singh, Overseer in the railway.
6. Babu Gurcharan Singh, Vakil, Patna.
7. Babu Sham Singh, Patna.
8. Babu Mohan Singh Bedi, Hakim, Patna.
9. Baba Indar Singh, Patna.
10. Lt. Ishwar Singh, M.B.E., Banares.
11. One representative from Gurdwara Parbandhak Committee, Calcutta.
12. One representative from the Banares Bari Sikh Sangat.
13. One representative from the Shiromani Gurdwara Parbandhak Committee, Amritsar.
14. One representative of Sri Bedi Kartar Singh Saheb who might be an agent paid out of the funds of the shrine.
15. Babu Ajodheya Prasad B.L. advocate as a representative Hindu of Patna City.

ਦੇਖੋ 26 ਜੁਲਾਈ 1930 ਨੂੰ ਜ਼ਿਲ੍ਹਾ ਜੱਜ ਸ੍ਰੀ ਐਸ.ਐਨ ਮੁਕਰਜੀ ਦਾ ਫ਼ੈਸਲਾ; *ਤਖ਼ਤ ਪਟਨਾ ਸਾਹਿਬ ਦਾ ਸੰਖੇਪ ਹਾਲ*, ਪੰਨੇ 15-16.

111. ਦੇਖੋ 26 ਜੁਲਾਈ 1930 ਨੂੰ ਜ਼ਿਲ੍ਹਾ ਜੱਜ ਸ੍ਰੀ ਐਸ.ਐਨ ਮੁਕਰਜੀ ਦਾ ਫ਼ੈਸਲਾ; *ਤਖ਼ਤ ਪਟਨਾ ਸਾਹਿਬ ਦਾ ਸੰਖੇਪ ਹਾਲ*, ਪੰਨਾ 16.
112. ਗਿਆਨੀ ਗੁਰਬਚਨ ਸਿੰਘ, *ਮੇਰੀ ਜੀਵਨ ਕਹਾਣੀ*, ਪੰਨਾ 47.
113. ਅਮਰ ਸਿੰਘ ਖਾਲਸਾ, *ਕਲਗੀਧਰ ਜੀ ਦਾ ਪ੍ਰਕਾਸ਼ ਅਸਥਾਨ*, ਪੰਨੇ 70-71.
114. Ved Parkash, *The Sikhs in Bihar*, p. 113.
115. ਗਿਆਨੀ ਗੁਰਦਿੱਤ ਸਿੰਘ, ਤਖ਼ਤ ਪਟਨੇ ਸਾਹਿਬ ਦਾ ਇਤਿਹਾਸ, *ਸਿੰਘ ਸਭਾ ਪਤ੍ਰਿਕਾ*, ਗਿਆਨੀ ਗੁਰਦਿੱਤ ਸਿੰਘ, ਦਸੰਬਰ 1983-ਜਨਵਰੀ 1984, ਪੰਨਾ ਝ.

116. ਇਹ ਬਿਹਾਰ ਦੇ ਨਾਲੰਦਾ ਜ਼ਿਲ੍ਹੇ ਦੇ ਵਸਨੀਕ ਹਨ ਅਤੇ 1965 ਵਿਚ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਆਏ ਸਨ। ਜਦੋਂ ਇਹ ਇਥੇ ਆਏ ਤਾਂ ਗੁਰਦੁਆਰਾ ਸਾਹਿਬ ਵਿਖੇ ਸੰਗਮਰਮਰ ਲੱਗ ਰਿਹਾ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਤੀਜੀ ਸ਼ਤਾਬਦੀ ਮੌਕੇ ਇਹ ਸਿੰਘ ਸਜੇ ਅਤੇ ਫਿਰ ਇਥੇ ਹੀ ਵੱਸ ਗਏ। ਇਹਨਾਂ ਦੱਸਿਆ ਕਿ ਭਾਈ ਮਾਨ ਸਿੰਘ ਦੀ ਸੇਵਾ ਵਿਚ ਰਹਿ ਕੇ ਵਿੱਦਿਆ ਪ੍ਰਾਪਤ ਕੀਤੀ ਅਤੇ ਇਥੇ ਹੀ ਲਾਇਬਰੇਰੀ ਵਿਚ ਕੰਮ ਕਰਨ ਲੱਗੇ। ਹੁਣ ਤੱਕ ਇਹ ਤਖ਼ਤ ਸਾਹਿਬ ਦੀ ਨਿਯਮ ਅਨੁਸਾਰ ਸੇਵਾ ਕਰਦੇ ਹਨ।
117. *Gobind Prakash*, Editorial, December 2003.
118. L.S.S. O'Malley, *Bengal District Gazetteers, Patna*, p. 74.
119. Baba Jaswant Singh, An Open Letter to Rashtrapati, in *The Sikh Review*, June 1984, pp. 60-64.
120. ਇਹ ਜੱਜ ਸਾਹਿਬ ਦੁਆਰਾ ਬਣਾਈ ਗਈ 15 ਮੈਂਬਰੀ ਪ੍ਰਬੰਧਕ ਕਮੇਟੀ ਵਿਚ ਸ਼ਾਮਲ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਤੀਜੀ ਸ਼ਤਾਬਦੀ 1967 ਵਿਚ ਮਨਾਈ ਗਈ ਸੀ, ਉਸ ਸਮੇਂ ਇਹ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਸਨ। ਇਹਨਾਂ ਦਾ ਪਿਛੋਕੜ ਗੁਰੂ ਤੇਗ਼ ਬਹਾਦਰ ਜੀ ਦੇ ਇਕ ਸ਼ਰਧਾਲੂ ਸਿੱਖ ਸੇਠ ਛਬੀਲ ਦਾਸ ਨਾਲ ਜੁੜਦਾ ਹੈ ਜਿਸ ਦਾ ਨਾਂ ਗੁਰੂ ਜੀ ਦੁਆਰਾ ਲਿਖੇ ਹੁਕਮਨਾਮਿਆਂ ਵਿਚ ਵੀ ਆਉਂਦਾ ਹੈ। ਮੌਜੂਦਾ ਸਮੇਂ ਵਿਚ ਇਹਨਾਂ ਦੇ ਖ਼ਾਨਦਾਨ ਵਿਚੋਂ ਸ. ਸ਼ਮਸ਼ੇਰ ਸਿੰਘ ਨਾਲ ਮੁਲਾਕਾਤ ਹੋਈ ਜਿਹੜੇ ਕਿ ਪਟਨਾ ਦੇ ਗੁਰੂ ਗੋਬਿੰਦ ਸਿੰਘ ਕਾਲਜ ਵਿਖੇ ਪ੍ਰਿੰਸੀਪਲ ਦੇ ਅਹੁਦੇ ਤੋਂ ਰਿਟਾਇਰ ਹੋਏ ਹਨ। ਇਹਨਾਂ ਨੇ ਦੱਸਿਆ ਕਿ ਸੇਠ ਛਬੀਲ ਦਾਸ ਜੀ ਤੋਂ ਬਾਅਦ ਉਹਨਾਂ ਦੇ ਪੁੱਤਰ ਸ. ਸੰਗਤ (ਸਿੰਘ) ਨੇ ਖੰਡੇ ਦੀ ਪਾਹੁਲ ਲੈ ਲਈ ਸੀ ਉਹਨਾਂ ਤੋਂ ਬਾਅਦ ਪਰਿਵਾਰ ਵਿਚ ਜਿੰਨੇ ਵੀ ਬੱਚੇ ਹੋਏ ਸਿੰਘ ਸੱਜਦੇ ਗਏ। ਗੁਰੂ ਤੇਗ਼ ਬਹਾਦਰ ਜੀ ਤੋਂ ਲੈ ਕੇ ਹੁਣ ਤੱਕ ਇਹਨਾਂ ਦੀ ਪੀੜ੍ਹੀ ਇਸ ਤਰ੍ਹਾਂ ਹੈ - ਸੇਠ ਛਬੀਲ ਦਾਸ, ਸ. ਸੰਗਤ ਸਿੰਘ, ਸ. ਗੁਰਸਤਯ ਸਿੰਘ, ਸ. ਦਰਿਆਓ ਸਿੰਘ, ਸ. ਨਨਕੂ ਸਿੰਘ, ਸ. ਬਿਸ਼ਨ ਸਿੰਘ (ਤਿੰਨ ਭਰਾ), ਸ. ਬਨਵਾਰੀ ਸਿੰਘ (ਚਾਰ ਭਰਾ), ਸ. ਜੋਗਿੰਦਰ ਸਿੰਘ (ਦੋ ਭਰਾ), ਸ. ਬੀਰ ਸਿੰਘ (ਪੰਜ ਭਰਾ) ਅਤੇ ਸ. ਪੰਕਜ ਸਿੰਘ (ਇਹਨਾਂ ਦੀ ਕੋਈ ਔਲਾਦ ਨਹੀਂ ਸੀ)। ਸ. ਸ਼ਮਸ਼ੇਰ ਸਿੰਘ ਦਾ ਪਰਿਵਾਰਕ ਪਿਛੋਕੜ ਸ. ਬਿਸ਼ਨ ਸਿੰਘ ਨਾਲ ਜੁੜਦਾ ਹੈ ਜਿਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ - ਸ. ਬਿਸ਼ਨ ਸਿੰਘ, ਸ. ਗੁਰਚਰਨ ਸਿੰਘ, ਸ. ਰਾਮ ਸਿੰਘ। ਸ. ਰਾਮ ਸਿੰਘ ਨੇ ਆਪਣੇ ਛੋਟੇ ਭਰਾ ਸ. ਜਮੁਨਾ ਸਿੰਘ ਦਾ ਬੇਟਾ ਸ਼ਮਸ਼ੇਰ ਸਿੰਘ ਗੋਦ ਲੈ ਕੇ ਪਾਲਿਆ ਸੀ ਜਿਸਦੇ ਅੱਗੇ ਚਾਰ ਬੱਚੇ ਹੋਏ—ਇੰਜ. ਤਨਵੀਰ ਸਿੰਘ, ਡਾ. ਰਣਬੀਰ ਸਿੰਘ, ਡਾ. ਰਤਨੇਸ਼ ਸਿੰਘ ਅਤੇ ਇਕ ਪੁੱਤਰੀ ਬੀਬੀ ਮਨਜੀਤ ਕੌਰ।

121. Charles Wilkins, Secretary to the Asiatick Society, in *Asiatick Researches*, vol. I. 1789, p. 288.
122. ibid., pp. 291-292.
123. ਸੁੱਖਾ ਸਿੰਘ, *ਗੁਰਬਿਲਾਸ ਪਾਤਿਸਾਹੀ 10*, ਸੰਪਾਦਕ ਡਾ. ਗੁਰਸ਼ਰਨ ਕੌਰ ਜੱਗੀ, ਭੂਮਿਕਾ, ਪੰਨਾ iii.
124. *ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ* (ਫ਼ਰੀਦਕੋਟ ਵਾਲਾ ਟੀਕਾ), ਜਿਲਦ 1, ਭੂਮਿਕਾ, ਪੰਨਾ ੳ.
125. ਵਿਸਾਖਾ ਸਿੰਘ ਸੰਤ ਸਿਪਾਹੀ, *ਮਾਲਵਾ ਇਤਿਹਾਸ*, ਦੂਜੀ ਜਿਲਦ, ਪੰਨਾ 203.
126. *The Spokesman Weekly,* Baisakhi Number, 1953, p. 34.
127. *The Sikh Review*, October 1960, p. 47.
128. *Patna High Court Judgement*, 26 May 1976.
129. Newletter from Takht Sri Harimandir Ji Patna Sahib, in *The Sikh Review*, October 1975, pp 55-56.
130. ibid, Dec. 1975, p.111.
131. *ਖਾਲਸਾ ਐਡਵੋਕੇਟ*, 3 ਅਗਸਤ 1964, ਪੰਨਾ 6; 17 ਅਗਸਤ 1964, ਪੰਨਾ 4.
132. *The Sikh Review*, April 1967, p. 94-96.
133. ਗਿਆਨੀ ਗੁਰਬਚਨ ਸਿੰਘ, *ਮੇਰੀ ਜੀਵਨ ਕਹਾਣੀ*, ਪੰਨਾ 147.
134. ਸ਼ਮਸ਼ੇਰ ਸਿੰਘ ਅਸ਼ੋਕ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ*, ਪੰਨਾ 255; 18 ਦਸੰਬਰ 1938 ਨੂੰ ਚੀਫ਼ ਖ਼ਾਲਸਾ ਦੀਵਾਨ ਦੀ ਮੀਟਿੰਗ ਵਿਚ ਵੀ ਇਸ ਬਿਲ ਸੰਬੰਧੀ ਵਿਚਾਰ-ਚਰਚਾ ਕਰਕੇ ਫ਼ੈਸਲਾ ਕੀਤਾ ਗਿਆ ਸੀ ਕਿ ਬਿਹਾਰ ਹਿੰਦੂ ਰਿਲੀਜੀਅਸ ਐਂਡਾਊਮੈਂਟ ਬਿਲ 1938 ਜੋ ਸਰਦਾਰ ਠਾਕਰ ਸਿੰਘ ਜੀ ਸਕੱਤ੍ਰ ਪ੍ਰਬੰਧਕ ਕਮੇਟੀ ਤਖ਼ਤ ਸ੍ਰੀ ਹਰਿਮੰਦਰ ਸਾਹਿਬ ਸੀ ਪਟਨਾ ਸਾਹਿਬ ਜੀ ਵੱਲੋਂ 8 ਦਸੰਬਰ ਨੂੰ ਦੀਵਾਨ ਦੇ ਦਫ਼ਤਰ ਵਿਚ ਪਹੁੰਚਾ ਸੀ। ਸਣੇ ਸ਼੍ਰੋਮਣੀ ਗੁ:ਪ੍ਰ: ਕਮੇਟੀ ਵੱਲੋਂ ਘਲੀ ਗਈ ਰਾਏ ਦੇ ਪੇਸ਼ ਹੋਇਆ। ਪ੍ਰਵਾਨ ਹੋਇਆ ਕਿ ਸਕੱਤ੍ਰ ਸਾਹਿਬ ਜੀ ਇਸ ਬਿਲ ਨੂੰ ਪੜ੍ਹ ਕੇ ਦੀਵਾਨ ਵੱਲੋਂ ਆਪਣੀ ਰਾਏ ਲਿਖ ਘੱਲਣ ਤੇ ਇਸਦੀ ਨਕਲ ਗਵਰਨਰ ਸਾਹਿਬ ਬਹਾਦੁਰ, ਪ੍ਰਾਈਮ ਮਨਿਸਟਰ ਤੇ ਮੁਹੰਮਦ ਯੂਨਿਸ ਲੀਡਰ ਔਪੋਜ਼ਿਟ ਪਾਰਟੀ ਬਿਹਾਰ ਨੂੰ ਵੀ ਘੱਲ ਦੇਣ।
135. *The Sikh Review*, January 1964, p. 61.
136. *ਖਾਲਸਾ ਐਡਵੋਕੇਟ*, 30 ਦਸੰਬਰ 1963, ਪੰਨਾ 8.
137. ਉਹੀ, 30 ਦਸੰਬਰ 1963, ਪੰਨਾ 10.
138. ਉਹੀ, 13 ਜਨਵਰੀ 1964, ਪੰਨਾ 1.

ਬੰਗਲਾਦੇਸ਼ ਦੇ ਗੁਰਧਾਮ

ਇਤਿਹਾਸਕ ਪਿਛੋਕੜ

ਬੰਗਲਾਦੇਸ਼ ਭਾਰਤ ਦੇ ਪੂਰਬ ਵਿਚ ਸਥਿਤ ਇਕ ਸੁਤੰਤਰ ਦੇਸ਼ ਹੈ। ਗੁਰੂ ਨਾਨਕ ਦੇਵ ਜੀ ਤੋਂ ਹੀ ਇਸ ਦਾ ਸੰਬੰਧ ਸਿੱਖ ਧਰਮ ਨਾਲ ਜੁੜਦਾ ਹੈ। ਗੁਰੂ-ਘਰ ਨਾਲ ਜੁੜੀ ਹੋਈ ਇਥੋਂ ਦੀ ਸੰਗਤ ਦਾ ਜ਼ਿਕਰ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮੇ ਵਿਚ ਆਉਂਦਾ ਹੈ ਜਿਸ ਤੋਂ ਇਹ ਪਤਾ ਲੱਗਦਾ ਹੈ ਕਿ ਮੌਜੂਦਾ ਬੰਗਾਲ ਦੀ ਰਾਜਧਾਨੀ ਢਾਕਾ[1] ਦੇ ਨਾਲ-ਨਾਲ ਲਸਕਰ, ਚਟਗਾਂਵ, ਸੋਨਦੀਪ, ਸਿਲਹਟ ਆਦਿ ਇਲਾਕਿਆਂ ਵਿਚ ਵੀ ਸਿੱਖ ਸੰਗਤ ਮੌਜੂਦ ਸੀ। ਹੁਕਮਨਾਮੇ ਵਿਚ ਗੁਰੂ ਜੀ ਇਹਨਾਂ ਇਲਾਕਿਆਂ ਦੀ ਸੰਗਤ ਨੂੰ ਕੱਪੜਾ, ਸ਼ਸਤਰ ਅਤੇ ਕਾਰ ਭੇਟ ਆਦਿ ਗੁਰੂ-ਘਰ ਭੇਜਣ ਦੀ ਤਾਕੀਦ ਕਰਦੇ ਹਨ ਜਿਹੜੀ ਕਿ ਇਹਨਾਂ ਇਲਾਕਿਆਂ ਵਿਚ ਵੱਸਦੇ ਸਿੱਖਾਂ ਦੀ ਗੁਰੂ ਸਾਹਿਬ ਪ੍ਰਤੀ ਸ਼ਰਧਾ ਅਤੇ ਆਰਥਿਕ ਸਥਿਤੀ ਦਾ ਪ੍ਰਮਾਣ ਪੇਸ਼ ਕਰਦੀ ਹੈ। ਗੁਰੂ ਨਾਨਕ ਦੇਵ ਜੀ ਨੇ ਇਹਨਾਂ ਇਲਾਕਿਆਂ ਵਿਚ ਸਿੱਖੀ ਦਾ ਬੂਟਾ ਲਾਇਆ ਸੀ ਅਤੇ ਗੁਰੂ ਤੇਗ਼ ਬਹਾਦਰ ਜੀ ਦੀ ਪੂਰਬ ਦੀ ਪ੍ਰਚਾਰ ਫੇਰੀ ਸਮੇਂ ਇਹ ਹੋਰ ਵਧੇਰੇ ਮਜ਼ਬੂਤ ਅਤੇ ਪ੍ਰਫੁਲਿਤ ਹੋਇਆ। ਗੁਰੂ ਅਰਜਨ ਦੇਵ ਜੀ ਦੇ ਸਮੇਂ ਭਾਈ ਮੋਹਣ ਢਾਕੇ ਦਾ ਇਕ ਸ਼ਰਧਾਲੂ ਸਿੱਖ ਸੀ ਅਤੇ ਇਲਾਕੇ ਦੀ ਸਿੱਖ ਸੰਗਤ ਵਿਚ ਇਸ ਦਾ ਬਹੁਤ ਸਤਿਕਾਰ ਸੀ। ਗੁਰੂ ਹਰਿਗੋਬਿੰਦ ਜੀ ਦੇ ਦਰਸ਼ਨ ਕਰਨ ਲਈ ਇਹ ਅੰਮ੍ਰਿਤਸਰ ਆਇਆ ਅਤੇ ਇਸ ਦਾ ਨਾਂ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਦਰਜ ਹੈ। ਇਸ ਨੇ ਜਿਗਿਆਸਾ ਪ੍ਰਗਟ ਕਰਦੇ ਹੋਏ ਗੁਰੂ ਜੀ ਨੂੰ ਪੁੱਛਿਆ ਕਿ ਸਮੂਹ ਜੀਵਾਂ ਵਿਚ ਪਰਮਾਤਮਾ ਸਤਿ, ਚਿਤ ਅਤੇ ਅਨੰਦ ਰੂਪ ਵਿਚ ਵਿਦਮਾਨ ਹੈ ਪਰ ਸਭਨਾਂ ਵਿਚ ਉਸ ਦਾ ਗਿਆਨ ਭਿੰਨ-ਭਿੰਨ ਰੂਪਾਂ ਵਿਚ ਪ੍ਰਗਟ ਹੁੰਦਾ ਹੈ। ਗੁਰੂ ਜੀ ਨੇ ਸਮਝਾਇਆ ਕਿ ਪਰਮਾਤਮਾ ਸਰਬ-ਗਿਆਤਾ ਹੈ ਪਰ ਮਨੁੱਖ ਦੀ ਸੋਝੀ ਬਹੁਤ ਹੀ ਸੀਮਿਤ ਹੈ। ਪਰਮਾਤਮਾ ਸੂਰਜ ਵਾਂਗ ਸਭ ਜੀਵਾਂ ਅਤੇ ਥਾਵਾਂ 'ਤੇ ਆਪਣਾ ਇਕੋ ਜਿਹਾ ਪ੍ਰਕਾਸ਼ ਪਾਉਂਦਾ ਹੈ। ਜਿਵੇਂ ਸਾਫ਼ ਪਾਣੀ ਵਿਚ ਸੂਰਜ ਦਾ ਬਿੰਬ ਸਾਫ਼ ਨਜ਼ਰ ਆਉਂਦਾ ਹੈ ਅਤੇ ਗੰਧਲੇ ਪਾਣੀ ਵਿਚ ਉਹ ਧੁੰਦਲਾ ਹੋ ਜਾਂਦਾ ਹੈ ਉਸੇ ਤਰ੍ਹਾਂ ਜੀਵ ਦੇ ਮਨ ਦੀ ਅਵਸਥਾ ਅਨੁਸਾਰ ਪਰਮਾਤਮਾ ਦਾ ਗਿਆਨ ਪ੍ਰਗਟ ਹੁੰਦਾ ਹੈ। ਦੈਵੀ ਗਿਆਨ ਦੀ ਪ੍ਰਾਪਤੀ ਜੀਵ ਨੂੰ ਮੁਕਤੀ ਪ੍ਰਦਾਨ ਕਰਦੀ ਹੈ।[2] ਗੁਰੂ ਤੇਗ਼ ਬਾਹਦਰ ਜੀ ਦੇ ਸਮੇਂ ਭਾਈ ਬੁਲਾਕੀ ਦਾਸ[3] ਇਸ ਇਲਾਕੇ ਦਾ ਮਸੰਦ

ਸੀ। ਉਸ ਨੇ ਨੌਵੇਂ ਗੁਰੂ ਜੀ ਦਾ ਸਵਾਗਤ ਕੀਤਾ ਸੀ ਅਤੇ ਇਲਾਕੇ ਦੀ ਸਿੱਖ ਸੰਗਤ ਗੁਰੂ ਜੀ ਦੇ ਦਰਸ਼ਨ ਕਰਨ ਆਈ ਸੀ। ਜਦੋਂ ਬਾਲ ਗੋਬਿੰਦ ਰਾਇ ਜੀ ਪਟਨਾ ਤੋਂ ਅਨੰਦਪੁਰ ਸਾਹਿਬ ਵੱਲ ਜਾਣ ਲੱਗੇ ਤਾਂ ਇਸ ਮੌਕੇ ਭਾਈ ਬੁਲਾਕੀ ਦਾਸ ਨੇ ਇਕ ਸੋਨੇ ਦੀ ਪਾਲਕੀ ਤਿਆਰ ਕਰਵਾ ਕੇ ਭੇਜੀ ਸੀ।[4] ਢਾਕੇ ਦੀ ਸਿੱਖ ਸੰਗਤ 'ਤੇ ਗੁਰੂ ਜੀ ਦੀ ਬਖ਼ਸ਼ਿਸ਼ ਦਾ ਵਰਨਨ ਕਰਦੇ ਹੋਏ ਸਰੂਪ ਦਾਸ ਭੱਲਾ ਦੱਸਦੇ ਹਨ:

ਗੁਰ ਸਿਖਨ ਭਜਨ ਕੀਆ ਗੁਰ ਆਗੈ।
ਬਿਗਸੈ ਦਿਆਲ ਕਿਰਪਾ ਰਸ ਪਾਗੈ।
ਬਰਬਚਨ ਮੁਖਾਰਬਿੰਦ ਸੌ ਭਾਖਾ।
ਮਮ ਸਿਖੀ ਕਾ ਕੋਠਾ ਢਾਕਾ।[5]

ਭਾਈ ਬੁਲਾਕੀ ਦਾਸ ਨੇ ਗੁਰੂ ਜੀ ਨੂੰ ਦੱਸਿਆ ਕਿ ਇਕ ਉਦਾਸੀ ਸਾਧੂ ਭਾਈ ਨੱਥਾ ਬਹੁਤ ਕੌੜੇ ਬਚਨ ਬੋਲਦਾ ਹੈ ਅਤੇ ਹਰ ਇਕ ਨਾਲ ਲੜ ਪੈਂਦਾ ਹੈ। ਗੁਰੂ ਜੀ ਦੀ ਦ੍ਰਿਸ਼ਟੀ ਵਿਚ ਭਾਈ ਨੱਥਾ ਸਾਧੂ ਸੁਭਾਅ ਦਾ ਮਾਲਕ ਸੀ ਜਿਸ ਦਾ ਹਿਰਦਾ ਸ਼ੁੱਧ, ਮਨ ਹਮੇਸ਼ਾਂ ਗੁਰੂ ਨਾਲ ਜੁੜਿਆ ਹੋਇਆ ਅਤੇ ਹਰ ਤਰ੍ਹਾਂ ਦੇ ਵੈਰ-ਵਿਰੋਧ, ਈਰਖਾ ਅਤੇ ਭੇਦ-ਭਾਵ ਦੀ ਭਾਵਨਾ ਤੋਂ ਮੁਕਤ ਸੀ। ਸਤਿਗੁਰਾਂ ਨਾਲ ਉਸ ਦੀ ਪ੍ਰੀਤ ਸੀ ਅਤੇ ਉਹ ਢਾਕੇ ਦਾ ਬਣਿਆ ਹੋਇਆ ਵਧੀਆ ਕੱਪੜਾ ਗੁਰੂ-ਘਰ ਨਿਰੰਤਰ ਭੇਜਦਾ ਰਹਿੰਦਾ ਸੀ।[6] ਜਦੋਂ ਸਥਾਨਕ ਸਿੱਖਾਂ ਨੇ ਭਾਈ ਨੱਥੇ ਦੇ ਕੌੜੇ ਸੁਭਾਅ ਦੀ ਸ਼ਿਕਾਇਤ ਗੁਰੂ ਜੀ ਕੋਲ ਕੀਤੀ ਤਾਂ ਉਹਨਾਂ ਹੱਸ ਕੇ ਕਿਹਾ:

ਗੁਰ ਕੇ ਕਰੇ ਮਸੰਦ ਮਹਾਨ।
ਨਹਿੰ ਰਾਖਤਿ ਇਹੁ ਕਿਸ ਕੀ ਆਨਿ।
ਕਹਿ ਸ੍ਰੀ ਤੇਗ ਬਹਾਦਰ ਹਸੇ।
ਨੱਥਾ ਨਿਤ ਹਜੂਰ ਮਮ ਬਸੇ।[7]

ਸਿੱਖਾਂ ਦੀ ਬੇਨਤੀ 'ਤੇ ਗੁਰੂ ਜੀ ਨੇ ਭਾਈ ਨੱਥੇ ਨੂੰ ਬੁਲਾਇਆ ਅਤੇ ਸੰਗਤ ਵਿਚ ਬਿਠਾ ਕੇ ਪੁੱਛਿਆ ਕਿ ਤੇਰੇ ਮਾੜੇ ਸੁਭਾਅ ਕਾਰਨ ਸਭ ਦੁਖੀ ਹਨ। ਤੂੰ ਇਹਨਾਂ ਨੂੰ ਦੁਰਬਚਨ ਬੋਲਦਾ ਹੈ, ਇਹਨਾਂ ਨਾਲ ਭਲਾ ਨਹੀਂ ਗੁਜਾਰਦਾ, ਜੋ ਮੂੰਹ ਵਿਚ ਆਏ ਬੋਲ ਦਿੰਦਾ ਹੈ, ਕਦੇ ਕਿਸੇ ਦੀ ਸਲਾਹ ਨਹੀਂ ਮੰਨਦਾ ਅਤੇ ਇਹ ਸਭ ਤੇਰੀ ਸ਼ਿਕਾਇਤ ਕਰ ਰਹੇ ਹਨ। ਇਸ 'ਤੇ ਭਾਈ ਨੱਥੇ ਨੇ ਕਿਹਾ ਕਿ ਮੈਂ ਇਹਨਾਂ ਨੂੰ ਕਦੇ ਮਾੜਾ ਬਚਨ ਨਹੀਂ ਬੋਲਿਆ ਅਤੇ ਇਹ ਬਿਨਾਂ ਕਾਰਨ ਮੇਰੀ ਬਦਖੋਈ ਕਰਦੇ ਹਨ। ਗੁਰੂ ਜੀ ਨੇ ਕਿਹਾ ਕਿ ਇਹ ਇਸ ਦਾ ਸੁਭਾਅ ਹੈ, ਕਿਸੇ ਨੂੰ ਗਾਲ ਕੱਢਣ ਦਾ ਇਸ ਨੂੰ ਆਪ ਵੀ ਪਤਾ ਨਹੀਂ ਲੱਗਦਾ ਪਰ ਇਸ ਦੀ ਪ੍ਰੀਤ ਗੁਰੂ ਨਾਲ ਜੁੜੀ ਹੋਈ ਹੈ। ਗੁਰੂ ਜੀ ਨੇ ਸਿੱਖ ਸੰਗਤ ਨੂੰ ਸਮਝਾਇਆ ਕਿ ਬੁਰਾ ਕਰਨ ਦੀ ਬਜਾਏ ਇਸ ਨਾਲ ਪ੍ਰੇਮ ਕਰੋ। ਇਸ ਦੀਆਂ ਬੁਰਾਈਆਂ ਵੱਲ ਧਿਆਨ ਦੇਣ ਦੀ ਬਜਾਏ ਇਸ ਦੀ ਗੁਰੂ ਪ੍ਰਤੀ ਦ੍ਰਿੜ੍ਹਤਾ ਤੋਂ ਸਿੱਖਿਆ

ਗ੍ਰਹਿਣ ਕਰੋ।[8]

ਗੁਰੂ ਸਾਹਿਬਾਨ ਦੁਆਰਾ ਸਥਾਪਿਤ ਕੀਤੇ ਗਏ ਮਸੰਦਾਂ ਨੇ ਇਸ ਇਲਾਕੇ ਵਿਚ ਸਿੱਖੀ ਦਾ ਪ੍ਰਚਾਰ ਕੀਤਾ। ਗੁਰੂ ਹਰਿਗੋਬਿੰਦ ਜੀ ਨੇ ਭਾਈ ਅਲਮਸਤ ਨੂੰ ਪੂਰਬ ਦੇ ਇਲਾਕੇ ਵਿਚ ਸਿੱਖੀ ਪ੍ਰਚਾਰ ਕਰਨ ਦਾ ਆਦੇਸ਼ ਦਿੱਤਾ ਸੀ। ਇਸਦੇ ਚੇਲੇ ਭਾਈ ਨੱਥਾ ਨੇ ਢਾਕੇ ਵਿਖੇ ਗੁਰਮਤਿ ਪ੍ਰਚਾਰ ਲਈ ਕੇਂਦਰ ਸਥਾਪਿਤ ਕਰ ਲਿਆ ਸੀ। ਉਸ ਨੇ ਜਿਸ ਅਸਥਾਨ 'ਤੇ ਧਰਮਸਾਲ ਕਾਇਮ ਕੀਤੀ, ਉਸਦਾ ਵਰਨਨ ਕਰਦੇ ਹੋਏ ਰਣਧੀਰ ਸਿੰਘ ਦੱਸਦੇ ਹਨ, "ਬੰਗਲਾਦੇਸ਼ ਦੀ ਰਾਜਧਾਨੀ ਢਾਕੇ ਸ਼ਹਰ (ਸ਼ਹਿਰ) ਵਿੱਚ, ਬਾਬਾ ਅਲਮਸਤ ਜੀ ਦੇ ਦੂਜੇ ਨਿਕਟਵਰਤੀ ਸੇਵਕ ਭਾਈ ਨੱਥਾ ਜੀ ਨੇ ਸੰਮਤ ਸਤਾਰਾਂ ਸੈ ਬਿਕ੍ਰਮੀ ਤੋਂ ਜਾ ਕੇ ਡੇਰੇ ਲਾਏ। ਜਿਸ ਅਸਥਾਨ ਪੁਰ ਸਤਿਗੁਰ ਨਾਨਕ ਦੇਵ ਚਰਨ ਪਾਏ ਤੇ ਵਿਰਾਜੇ ਸਨ, ਨਿਸ਼ਾਨ ਕਾਇਮ ਕੀਤੇ, ਸੰਗਤਿ ਅਰੁ ਸਰਦੇ-ਪੁੱਜਦੇ ਸ਼ਰਧਾਲੂਆਂ ਨੂੰ ਪਰੇਰ ਕੇ ਧਰਮਸਾਲਾ ਬਣਵਾਈ ਤੇ 'ਸਤਿਸੰਗਤ' ਕਾਇਮ ਕੀਤੀ। ਸੱਤਵੇਂ, ਅੱਠਵੇਂ ਤੇ ਨਉਵੇਂ ਸਤਿਗੁਰਾਂ ਦੇ ਜੋਤਿ-ਜਾਮਿਆਂ ਦੇ ਵਾਰੇ-ਪਾਹਰੇ ਵਿਚ ਅਭਿਲਾਖੀਆਂ ਨੂੰ 'ਸਤਿਨਾਮ' ਦਾ ਉਪਦੇਸ਼ ਦੇ ਕੇ ਗੁਰਬਾਣੀ ਦੇ ਲੜ ਲਾਉਂਦਾ ਤੇ ਸਤਿਗੁਰ ਨਾਨਕ ਦੇ ਸਿੱਖ ਬਣਾਉਂਦਾ ਰਿਹਾ।"[9]

ਭਾਰਤ ਦੀ ਅਜ਼ਾਦੀ ਤੋਂ ਪਹਿਲਾਂ

ਦੇਸ਼-ਵੰਡ ਤੋਂ ਪਹਿਲਾਂ ਵੀਹਵੀਂ ਸਦੀ ਦੇ ਅਰੰਭ ਵਿਚ ਬੰਗਾਲ ਵਿਖੇ ਗੁਰਧਾਮਾਂ ਅਤੇ ਸਿੱਖੀ ਦੇ ਵਿਕਾਸ ਸੰਬੰਧੀ ਜਾਣਕਾਰੀ ਦਿੰਦੇ ਗੁਰਬਖ਼ਸ਼ ਸਿੰਘ (ਜੀ.ਬੀ. ਸਿੰਘ) ਦੱਸਦਾ ਹੈ:

> There was a time when Sikhism was quietly and steadily making a headway here. There flourished quite a net-work of prosperous Sikh Sangats and Monasteries all over the Province from Rajmahal in the West to Sylhet in the East and from Dhubri in the North to Fatikcherri and Banskhali in the South... All these Sangats were well organised, the organization being a copy of the government system of the time. Thus Dacca was the Huzur Sangat or the provincial head Sangat with a number of others under it, and in turn was controlled by the pontifical throne at Anandpur in Guru Gobind Singh's time and later, was attached to the archbishopric of Patna. These Sangats were run by bishops, or Masands as they were called, the word Masand being a corruption of *masand-i-ali*, i.e., meaning the Viceroy. The monasteries established directly by Sadhus or those in their

> charge were independent of this organisation and were controlled by their own heads at Rajmahal and Malda or in the Punjab.[10]

ਗੁਰੂ ਨਾਨਕ ਦੇਵ ਜੀ ਅਤੇ ਗੁਰੂ ਤੇਗ਼ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਅਸਥਾਨਾਂ 'ਤੇ ਬੰਗਾਲ ਵਿਚ ਕਈ ਜਗ੍ਹਾ ਇਤਿਹਾਸਕ ਗੁਰਧਾਮਾਂ ਦੀ ਉਸਾਰੀ ਕੀਤੀ ਗਈ। 1932 ਦੀ ਇਕ ਰਿਪੋਰਟ ਦੱਸਦੀ ਹੈ ਕਿ ਬੰਗਾਲ, ਆਸਾਮ, ਬਿਹਾਰ ਅਤੇ ਉੜੀਸਾ ਵਿਚ ਸਿੱਖਾਂ ਦੀ ਕੁਲ ਵੱਸੋਂ ਪੰਜਾਹ ਹਜ਼ਾਰ ਹੈ। ਇਸ ਦੇ ਨਾਲ ਹੀ ਇਹਨਾਂ ਸੂਬਿਆਂ ਦੇ ਗੁਰਧਾਮਾਂ ਦੀ ਜਾਇਦਾਦ ਦੇ ਵੇਰਵੇ ਪ੍ਰਕਾਸ਼ਿਤ ਕੀਤੇ ਗਏ ਹਨ। ਬੰਗਲਾਦੇਸ਼ ਵਿਖੇ ਮੌਜੂਦ ਗੁਰਧਾਮਾਂ ਦੀ ਜਾਇਦਾਦ ਦਾ ਵੇਰਵਾ ਇਸ ਤਰ੍ਹਾਂ ਦਿੱਤਾ ਗਿਆ ਹੈ[11]:

ਗੁਰਦੁਆਰਾ ਬੰਸਖਲੀ, ਚਿਟਾਗਾਂਗ	–	50,000
ਗੁਰਦੁਆਰਾ ਸਿਲਾਕੰਦ, ਚਿਟਾਗਾਂਗ	–	20,000
ਗੁਰਦੁਆਰਾ ਚਿਟਾਗਾਉਂ, ਚਿਟਾਗਾਂਗ	–	80,000
ਗੁ: ਨੌਵੀਂ ਪਾਤਸ਼ਾਹੀ, ਸੰਗਤ ਟੋਲਾ, ਢਾਕਾ	–	15,000
ਗੁ: ਪੈਹਲੀ ਪਾਤਸ਼ਾਹੀ, ਰਮਨਾ, ਢਾਕਾ	–	50,000
ਗੁ: ਬ੍ਰਛਾ ਸਾਹਿਬ, ਬੰਗਲਾ ਬਜਾਰ, ਢਾਕਾ	–	5,000
ਗੁ: ਸੰਦਵੀਪ, ਨੌਆਖਲੀ	–	5,000
ਸੰਗਤ ਰਾਜ ਮੈਹਲ	–	10,000
ਸੰਗਤ ਨੌਵੀਂ ਪਾਤਸ਼ਾਹੀ, ਮਾਲ ਦਾ ਪੁਰਾਣਾ ਬਾਜ਼ਾਰ	–	15,000
ਗੁ: ਉਰਦੂ ਬਾਜ਼ਾਰ, ਢਾਕਾ	–	9,000
ਗੁ: ਮਾਰੇਸਵਾਈ, ਚਿਟਾਗਾਂਗ	–	10,000
ਗੁ: ਸਾਈਲੈਟ (ਸਿਲਹਟ)	–	5,000
ਗੁ: ਰੰਚਨ ਨਗਰ, ਚਿਟਾਗਾਂਗ	–	10,000
ਗੁ: ਬਰ੍ਹਾਮਨ ਬਰੀਆ, ਕੌਮੀਲਾ	–	5,000

ਦੇਸ਼ ਵੰਡ ਤੋਂ ਪਹਿਲਾਂ ਵਪਾਰੀ, ਯਾਤਰੂ, ਨੌਕਰੀ-ਪੇਸ਼ਾ ਅਤੇ ਸਥਾਨਕ ਸੰਗਤ ਉਕਤ ਅਸਥਾਨਾਂ 'ਤੇ ਹਾਜ਼ਰੀ ਭਰਦੀ ਸੀ। ਵਿਸ਼ੇਸ਼ ਪੁਰਬਾਂ 'ਤੇ ਦੂਰ-ਦੁਰਾਡੇ ਦੀ ਸਿੱਖ ਸੰਗਤ ਅਤੇ ਸਥਾਨਕ ਲੋਕਾਂ ਦੀ ਆਸਥਾ ਦਾ ਨਜ਼ਾਰਾ ਦੇਖਣਯੋਗ ਹੁੰਦਾ ਸੀ।

ਪੂਰਬੀ ਪਾਕਿਸਤਾਨ ਅਧੀਨ

1947 ਵਿਚ ਭਾਰਤ ਅਤੇ ਪਾਕਿਸਤਾਨ ਦੋ ਦੇਸ਼ਾਂ ਵਿਚ ਵੰਡਿਆ ਗਿਆ। ਪਾਕਿਸਤਾਨ ਦੇ ਅੱਗੇ ਦੋ ਹੋਰ ਹਿੱਸੇ ਦੇਖਣ ਨੂੰ ਮਿਲਦੇ ਹਨ—ਪੂਰਬੀ ਪਾਕਿਸਤਾਨ ਅਤੇ ਪੱਛਮੀ ਪਾਕਿਸਤਾਨ। ਪੂਰਬੀ ਪਾਕਿਸਤਾਨ ਭਾਰਤ ਦੇ ਪੂਰਬ ਵਿਚ ਪੱਛਮੀ ਬੰਗਾਲ ਅਤੇ ਅਸਾਮ

ਦੇ ਨਾਲ ਜਾ ਲੱਗਦਾ ਹੈ ਅਤੇ ਪੱਛਮੀ ਪਾਕਿਸਤਾਨ ਉੱਤਰੀ ਭਾਰਤ ਵਿਚ ਪੰਜਾਬ ਦੇ ਨਾਲ ਸਾਂਝੀ ਸਰਹੱਦ 'ਤੇ ਸਥਿਤ ਹੈ। ਦੇਸ਼ ਵੰਡ ਦੌਰਾਨ ਸਿੱਖ ਆਬਾਦੀ ਵੱਡੇ ਪੱਧਰ 'ਤੇ ਭਾਰਤ ਵਿਚ ਪਲਾਇਨ ਕਰ ਗਈ ਜਿਸ ਕਰਕੇ ਪੂਰਬੀ ਅਤੇ ਪੱਛਮੀ ਪਾਕਿਸਤਾਨ ਦੇ ਗੁਰਧਾਮਾਂ ਦੀ ਸਾਂਭ-ਸੰਭਾਲ ਕਰਨ ਵਿਚ ਭਾਰੀ ਮੁਸ਼ਕਿਲ ਪੇਸ਼ ਆਉਣ ਲੱਗੀ; ਬਹੁਤੇ ਗੁਰਧਾਮ ਵੀਰਾਨ ਹੋ ਗਏ ਅਤੇ ਕਈ ਗੁਰਧਾਮਾਂ ਦੀਆਂ ਜ਼ਮੀਨਾਂ 'ਤੇ ਸਥਾਨਕ ਲੋਕਾਂ ਨੇ ਕਬਜ਼ਾ ਕਰ ਲਿਆ। ਪੱਛਮੀ ਪਾਕਿਸਤਾਨ ਦੇ ਆਮ ਲੋਕਾਂ ਦੀ ਸਿੱਖਾਂ ਨਾਲ ਭਾਰੀ ਸਾਂਝ ਸੀ ਅਤੇ ਉਹਨਾਂ ਵਿਚੋਂ ਬਹੁਤੇ ਗੁਰੂ ਸਾਹਿਬਾਨ ਪ੍ਰਤੀ ਸ਼ਰਧਾ ਵੀ ਰੱਖਦੇ ਸਨ। ਗੁਰੂ ਨਾਨਕ ਦੇਵ ਜੀ ਨੂੰ ਪੀਰ ਕਰਕੇ ਮੰਨਣ ਵਾਲੇ ਪੱਛਮੀ ਪਾਕਿਸਤਾਨ ਦੇ ਵਸਨੀਕਾਂ ਨੇ ਗੁਰਧਾਮਾਂ ਨੂੰ ਬਰਬਾਦ ਨਹੀਂ ਕੀਤਾ ਸੀ ਅਤੇ ਇਹਨਾਂ ਵਿਚੋਂ ਕਈ ਮਹੱਤਵਪੂਰਨ ਗੁਰਧਾਮਾਂ ਦੀ ਦੇਖ-ਰੇਖ ਸਥਾਨਕ ਲੋਕਾਂ ਵੱਲੋਂ ਕੀਤੀ ਜਾਣ ਲੱਗੀ ਸੀ। ਵਕਫ਼ ਬੋਰਡ ਦੇ ਬਣਨ ਨਾਲ ਅਤੇ ਸਿੱਖ ਸ਼ਰਧਾਲੂਆਂ ਦੇ ਵੱਡੀ ਗਿਣਤੀ ਵਿਚ ਉਧਰ ਜਾਣ ਨਾਲ ਕਈ ਇਤਿਹਾਸਕ ਗੁਰਧਾਮਾਂ ਦੀ ਸਾਂਭ-ਸੰਭਾਲ ਹੋਣ ਲੱਗੀ ਸੀ। ਜਿਹੜੇ ਮੁਸਲਮਾਨ ਗੁਰੂ ਨਾਨਕ ਦੇਵ ਜੀ ਪ੍ਰਤੀ ਸ਼ਰਧਾ ਰੱਖਦੇ ਹਨ ਉਹਨਾਂ ਦੁਆਰਾ ਗੁਰਧਾਮਾਂ ਦੀਆਂ ਤਿਆਰ ਕੀਤੀਆਂ ਵੀਡੀਓ ਸੋਸ਼ਲ ਮੀਡੀਆ 'ਤੇ ਆਮ ਦੇਖੀਆਂ ਜਾ ਸਕਦੀਆਂ ਹਨ। ਪੱਛਮੀ ਪਾਕਿਸਤਾਨ ਜਾਣ ਵਾਲੇ ਸ਼ਰਧਾਲੂ ਸਿੱਖ ਜਥਿਆਂ ਦਾ ਉਥੋਂ ਦੇ ਲੋਕਾਂ ਵੱਲੋਂ ਕੀਤਾ ਜਾਣ ਵਾਲਾ ਸਵਾਗਤ ਦੋਵਾਂ ਦੇਸ਼ਾਂ ਦੇ ਆਮ ਲੋਕਾਂ ਵਿਚ ਕਾਇਮ ਹੋਈ ਸਾਂਝ ਦੀ ਪ੍ਰਤੱਖ ਉਦਾਹਰਣ ਪੇਸ਼ ਕਰਦਾ ਹੈ। ਮੌਜੂਦਾ ਸਮੇਂ ਵਿਚ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲੇ ਜਾਣ ਦਾ ਦੋਵਾਂ ਦੇਸ਼ਾਂ ਦੇ ਆਮ ਲੋਕਾਂ ਨੇ ਭਰਪੂਰ ਸਵਾਗਤ ਕੀਤਾ ਹੈ। ਪਰ ਪੂਰਬੀ ਪਾਕਿਸਤਾਨ ਵਿਚ ਸਥਿਤੀ ਇਸ ਤੋਂ ਵੱਖਰੀ ਸੀ। ਪਾਕਿਸਤਾਨ ਬਣਨ ਨਾਲ ਉਥੋਂ ਦੇ ਸਿੱਖਾਂ ਦੁਆਰਾ ਪਲਾਇਨ ਕਰ ਜਾਣ ਨਾਲ ਉਥੇ ਮੌਜੂਦ ਬਹੁਤ ਸਾਰੇ ਗੁਰਧਾਮ ਵੀਰਾਨ ਹੋ ਗਏ ਸਨ। ਭਾਰਤ ਵਿਚੋਂ ਪੂਰਬੀ ਪਾਕਿਸਤਾਨ ਵੱਲ ਕੋਈ ਵੀ ਸਿੱਖ ਜਥਾ ਨਹੀਂ ਜਾਂਦਾ ਸੀ ਜਿਸ ਕਰਕੇ ਉਥੋਂ ਦੇ ਪ੍ਰਬੰਧ ਵਿਚ ਭਾਰੀ ਮੁਸ਼ਕਿਲ ਆਉਂਦੀ ਸੀ। ਕਦੇ-ਕਦੇ ਕੋਈ ਧਾਰਮਿਕ ਸਮਾਗਮ ਆਯੋਜਿਤ ਕੀਤਾ ਜਾਂਦਾ। 1947 ਵਿਚ ਭਾਰਤ ਦੀ ਅਜ਼ਾਦੀ ਉਪਰੰਤ ਪਹਿਲੀ ਵਾਰੀ ਢਾਕਾ ਦੇ ਸੰਗਤ ਟੋਲਾ ਗੁਰਦੁਆਰਾ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਗਿਆ ਜਿਸ ਵਿਚ ਵੱਡੀ ਗਿਣਤੀ ਹਿੰਦੂਆਂ ਅਤੇ ਮੁਸਲਮਾਨਾਂ ਨੇ ਭਾਗ ਲਿਆ ਸੀ। ਇਸ ਸਮਾਗਮ ਵਿਚ ਕੇਵਲ ਦੋ ਸਿੱਖ ਮੌਜੂਦ ਸਨ। ਇਹਨਾਂ ਵਿਚੋਂ ਇਕ ਸੀ 75 ਸਾਲਾ ਕੰਚਨ ਦੇਵੀ ਜਿਹੜੀ ਕਿ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਚਲਾਉਂਦੀ ਸੀ ਅਤੇ ਦੂਜੇ ਸਿੱਖ ਇਤਿਹਾਸਕਾਰ ਡਾ. ਤ੍ਰਿਲੋਚਨ ਸਿੰਘ ਸਨ। ਜਨਾਬ ਮੀਰ ਜਮੀਲ, ਡਾ. ਤ੍ਰਿਲੋਚਨ ਸਿੰਘ ਅਤੇ ਭਾਰਤੀ ਹਾਈ ਕਮਿਸ਼ਨ ਦੇ ਰਜਿਸਟਰਾਰ ਦੀਵਾਨ ਕੁੰਦਨ ਲਾਲ ਨੇ ਵੀ ਇਸ ਮੌਕੇ ਸੰਗਤ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਅਤੇ 1668 ਵਿਚ ਗੁਰੂ ਤੇਗ਼ ਬਹਾਦਰ ਜੀ ਦੀ ਬਣਾਈ ਹੋਈ ਇਕ ਤਸਵੀਰ ਅਤੇ ਲਗਪਗ 60 ਸੇਰ ਭਾਰ ਵਾਲੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਕ ਬੀੜ ਦੇ ਦਰਸ਼ਨ ਕਰਵਾਏ ਗਏ।

ਇਸ ਸਮਾਗਮ ਵਿਚ ਸ੍ਰੀ ਟੀ. ਐਲ. ਸੇਠੀ ਨੇ ਕੀਰਤਨ ਕੀਤਾ ਅਤੇ ਢਾਕਾ ਯੂਨੀਵਰਸਿਟੀ ਵਿਖੇ ਫ਼ਿਲਾਸਫ਼ੀ ਅਤੇ ਸਾਇਕਾਲੋਜੀ ਵਿਭਾਗ ਦੇ ਮੁਖੀ ਡਾ. ਗ਼ੁਲਾਮ ਜਿਲਾਨੀ ਨੇ ਬਹੁਤ ਹੀ ਭਾਵਪੂਰਤ ਭਾਸ਼ਣ ਦਿੰਦੇ ਹੋਏ ਕਿਹਾ ਸੀ:

> Religion never teaches man to be bitter and develop a fighting mentality. We have unfortunately misused religion just as one misuses other beneficial things like wealth, women, and science. The purpose of Sikhism has always been to creat unity between conflicting forces and the Sikh Gurus were the moral and spiritual teachers of not only the Sikhs and Hindus but also of the Muslims. I do not find any basic difference between the essential principles of Sikhism and Islam. We Indians and Pakistanis,' he added, 'are travellers in the carriage on the path of life, moving on to an unknown destination. Some selfish pushing and kicking is understandable while we are getting into the carriage but to quarrel and be unhelpful when the carriage is on the move is absolutely foolish. All religions condemn this attitude. I believe that peace and enlightenment will come to humanity only through religion.[12]

ਪੂਰਬੀ ਪਾਕਿਸਤਾਨ ਆਪਣੇ ਪੱਛਮੀ ਹਿੱਸੇ ਤੋਂ ਅਲੱਗ ਹੋ ਕੇ ਇਕ ਆਜ਼ਾਦ ਮੁਲਕ ਬੰਗਲਾਦੇਸ਼ ਦਾ ਰੂਪ ਧਾਰਨ ਕਰ ਚੁੱਕਾ ਹੈ। ਅਜ਼ਾਦੀ ਤੋਂ ਪਹਿਲਾਂ ਪੂਰਬੀ ਪਾਕਿਸਤਾਨ (ਮੌਜੂਦਾ ਬੰਗਲਾਦੇਸ਼) ਦੀ ਆਬਾਦੀ ਲਗਪਗ 7 ਕਰੋੜ ਸੀ। ਪਾਕਿਸਤਾਨ ਦਾ ਇਹ ਇਲਾਕਾ ਆਪਣੇ ਹੀ ਰਾਖਿਆਂ ਦੁਆਰਾ ਬਰਬਾਦ ਕਰ ਦਿੱਤਾ ਗਿਆ। ਬੇਈਮਾਨੀ, ਧੱਕੇਸ਼ਾਹੀ, ਜ਼ੋਰ-ਜ਼ੁਲਮ, ਬਦਕਾਰੀ, ਅਨਿਆਂ ਆਦਿ ਦੇ ਬੋਲਬਾਲੇ ਨੇ ਹਾਕਮਾਂ ਨੂੰ ਅੰਨ੍ਹਾ-ਬੋਲਾ ਬਣਾ ਦਿੱਤਾ ਸੀ। ਇਥੋਂ ਦੇ ਵਸਨੀਕਾਂ ਦੀ ਅਣਖ, ਆਬਰੂ, ਸਵੈਮਾਨ ਅਤੇ ਗੈਰਤ ਨੂੰ ਬੰਦੂਕ ਦੀ ਗੋਲੀ ਨਾਲ ਦਬਾ ਦਿੱਤਾ ਗਿਆ। ਇਸ ਦਾ ਸਿੱਟਾ ਇਹ ਹੋਇਆ ਕਿ ਗੈਰਤਮੰਦ ਬੰਗਾਲੀਆਂ ਨੂੰ ਆਪਣਾ ਦੇਸ਼ ਛੱਡਣ ਲਈ ਮਜਬੂਰ ਹੋਣਾ ਪਿਆ। ਲਗਪਗ ਇਕ ਕਰੋੜ ਬੰਗਾਲੀ ਭਾਰਤ ਦੇ ਸ਼ਰਨਾਰਥੀ ਬਣੇ ਅਤੇ ਇਸ ਤੋਂ ਦੁਗਣੇ ਬੰਗਾਲ ਵਿਚ ਹੀ ਘਰੋਂ ਬੇਘਰ ਹੋ ਗਏ। ਜਿਹੜੇ ਥੋੜੀ ਬਹੁਤੀ ਗੈਰਤ ਦੇ ਮਾਲਕ ਸਨ ਉਹ ਹਕੂਮਤ ਵਿਰੁੱਧ ਆਪਣੀ ਅਵਾਜ਼ ਬੁਲੰਦ ਕਰਨ ਲੱਗੇ। ਹਕੂਮਤ ਖ਼ਿਲਾਫ਼ ਬੋਲਣ ਵਾਲਿਆਂ ਵਿਚੋਂ ਜਿਹੜਾ ਹਾਕਮਾਂ ਦੇ ਹੱਥ ਆ ਜਾਂਦਾ ਸੀ ਉਸ ਨੂੰ ਘੋਰ ਅਣਮਨੁੱਖੀ ਤਸੀਹੇ ਦੇ ਕੇ ਮਾਰ ਦਿੱਤਾ ਜਾਂਦਾ ਸੀ। ਬੰਗਾਲੀਆਂ ਦੀ ਅਜਿਹੀ ਦੁਰ-ਦਸ਼ਾ ਦੇਖ ਕੇ

ਭਾਰਤ ਦੇ ਲੋਕ ਗੰਭੀਰ ਚਿੰਤਾ ਪ੍ਰਗਟ ਕਰ ਰਹੇ ਸਨ। ਸਿੱਖਾਂ ਦੀ ਸਿਰਮੌਰ ਧਾਰਮਿਕ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬੰਗਾਲੀਆਂ 'ਤੇ ਹੋ ਰਹੇ ਜ਼ੁਲਮਾਂ ਨੂੰ ਦੇਖਦੇ ਹੋਏ 30 ਮਾਰਚ 1971 ਨੂੰ ਆਪਣੇ ਜਨਰਲ ਸਮਾਗਮ ਵਿਚ ਇਕ ਹਮਦਰਦੀ ਮਤਾ ਪਾਸ ਕੀਤਾ ਜਿਸ ਵਿਚ ਕਿਹਾ ਗਿਆ:

> ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਹ ਜਨਰਲ ਸਮਾਗਮ ਪੱਛਮੀ ਪਾਕਿਸਤਾਨ ਵੱਲੋਂ ਬੰਗਲਾਦੇਸ਼ ਦੇ ਨਿਹੱਥੇ ਤੇ ਮਾਸੂਮ ਵਸਨੀਕਾਂ ਉਤੇ ਹੋ ਰਹੇ ਘੋਰ ਤਸ਼ੱਦਦ, ਮਾਰ-ਧਾੜ ਤੇ ਕਤਲੇਆਮ ਨੂੰ ਬੜੀ ਚਿੰਤਾ ਤੇ ਫਿਕਰ ਦੀ ਦ੍ਰਿਸ਼ਟੀ ਨਾਲ ਵੇਖਦਾ ਹੈ। ਤਹਿਜ਼ੀਬ ਅਤੇ ਸਭਿਆਚਾਰ ਦੇ ਇਸ ਦੌਰ ਵਿਚ ਬਰਬਰੀਅਤ ਅਤੇ ਜ਼ੁਲਮ ਦਾ ਇਹ ਨੰਗਾ ਨਾਚ ਧਰਮ, ਇਨਸਾਫ ਅਤੇ ਅਜ਼ਾਦੀ ਦੇ ਪਵਿੱਤਰ ਨਾਮ ਉਤੇ ਇਕ ਭੈੜਾ ਦਾਗ ਹੈ ਤੇ ਹਰ ਇਨਸਾਫ-ਪਸੰਦ ਮੁਲਕ ਅਤੇ ਅਜ਼ਾਦੀ-ਪਸੰਦ ਕੌਮ ਨੂੰ ਇਸ ਦੀ ਨਿਖੇਧੀ ਕਰਨੀ ਚਾਹੀਦੀ ਹੈ।[13]

ਬੰਗਲਾਦੇਸ਼ ਅਜ਼ਾਦ ਹੋਣ ਉਪਰੰਤ

1971 ਦੀ ਭਾਰਤ-ਪਾਕਿ ਜੰਗ ਦੌਰਾਨ ਪੂਰਬੀ ਪਾਕਿਸਤਾਨ ਪੱਛਮੀ ਪਾਕਿਸਤਾਨ ਤੋਂ ਵੱਖ ਹੋ ਕੇ ਇਕ ਨਵੇਂ ਦੇਸ਼ ਦੇ ਰੂਪ ਵਿਚ ਸਾਹਮਣੇ ਆਇਆ ਜਿਸ ਨੂੰ ਬੰਗਲਾਦੇਸ਼ ਕਿਹਾ ਜਾਂਦਾ ਹੈ। ਜਨਰਲ ਜਗਜੀਤ ਸਿੰਘ ਅਰੋੜਾ[14] ਦੀ ਕਮਾਂਡ ਅਧੀਨ ਭਾਰਤ ਦੀ ਫੌਜ ਨੇ ਇਸ ਮੁਲਕ ਨੂੰ ਆਜ਼ਾਦ ਕਰਵਾਇਆ ਸੀ। ਇਸ ਭਾਰਤੀ ਫੌਜ ਵਿਚ ਸਿੱਖ ਵੱਡੀ ਗਿਣਤੀ ਵਿਚ ਸ਼ਾਮਲ ਸਨ ਅਤੇ ਇਸ ਕਾਰਜ ਲਈ ਜਿਹੜੀਆਂ ਕੁਰਬਾਨੀਆਂ ਹੋਈਆਂ ਉਹਨਾਂ ਵਿਚ ਸਿੱਖ ਫੌਜਾਂ ਦੀ ਸ਼ਮੂਲੀਅਤ 80 ਪ੍ਰਤੀਸ਼ਤ ਤੋਂ ਵਧੇਰੇ ਦੱਸੀ ਜਾਂਦੀ ਹੈ। ਜਦੋਂ ਭਾਰਤੀ ਫੌਜ ਦੇ ਜਵਾਨਾਂ ਨੇ ਉਥੋਂ ਦੇ ਵਸਨੀਕਾਂ ਦੇ ਹਾਲਾਤ ਦੇਖੇ ਤਾਂ ਉਹਨਾਂ ਦਾ ਮਨ ਵੀ ਕੁਰਲਾ ਉਠਿਆ ਸੀ। ਸਿੱਖ ਫੌਜ ਦੇ ਜਵਾਨਾਂ ਦੀਆਂ ਕੁਝ ਚਿੱਠੀਆਂ ਉਥੋਂ ਦੇ ਅੱਖੀਂ ਡਿੱਠੇ ਹਾਲਾਤ ਬਿਆਨ ਕਰਦੀਆਂ ਹਨ।[15] ਭਾਵੇਂ ਕਿ ਪਾਕਿਸਤਾਨੀ ਹਾਕਮਾਂ ਨੇ ਜ਼ੁਲਮ ਕਰਨ ਵੇਲੇ ਕੋਈ ਕਸਰ ਬਾਕੀ ਨਹੀਂ ਛੱਡੀ ਸੀ ਪਰ ਜਿਹੜੇ ਜ਼ੁਲਮ ਬੰਗਲਾਦੇਸ਼ (ਪੂਰਬੀ ਪਾਕਿਸਤਾਨ) ਦੀਆਂ ਔਰਤਾਂ 'ਤੇ ਕੀਤੇ ਗਏ ਸਨ, ਉਹਨਾਂ ਨੇ ਦੁਨੀਆਂ ਨੂੰ ਹਿਲਾ ਕੇ ਰੱਖ ਦਿੱਤਾ ਸੀ। ਔਰਤਾਂ 'ਤੇ ਹੋਣ ਵਾਲੇ ਜ਼ੁਲਮਾਂ ਸੰਬੰਧੀ ਜਿਹੜੀ ਅੰਤਰ-ਰਾਸ਼ਟਰੀ ਖੋਜ ਸਾਹਮਣੇ ਆਉਂਦੀ ਹੈ, ਉਸ ਵਿਚ ਬੰਗਲਾਦੇਸ਼ ਵਿਖੇ ਔਰਤਾਂ 'ਤੇ ਹੋਏ ਜ਼ੁਲਮਾਂ ਨੂੰ ਵਿਸ਼ੇਸ਼ ਤੌਰ 'ਤੇ ਕਲਮਬੰਦ ਕੀਤਾ ਜਾਂਦਾ ਹੈ। ਬੰਗਲਾਦੇਸ਼ ਦੇ ਅਜ਼ਾਦ ਹੋਣ ਤੋਂ ਪਹਿਲਾਂ ਉਥੋਂ ਦੀਆਂ ਔਰਤਾਂ ਨਾਲ ਜਿਹੜੀਆਂ ਵਧੀਕੀਆਂ ਅਤੇ ਬਲਾਤਕਾਰ ਹੋਏ, ਉਹਨਾਂ ਦਾ ਵੇਰਵਾ ਦਿੰਦੇ ਹੋਏ ਸੁਸਾਨ ਬਰਾਊਨਮਿਲਰ ਲਿਖਦੀ ਹੈ:

> During the nine-month (March 1971 - December 1972) terror, terminated by the two-week armed intervention of

> India, a possible three million persons lost their lives, ten million fled across the border to India, and 200,000, 300,000 or possibly 400,000 women (three sets of statistics have been variously quoted) were raped. Eighty percent of the raped women were Moslems, reflecting the population of Bangladesh, but Hindu and Christian women were not exempt... Pakistani soldiers had not only violated Bengali women on the spot; they abducted tens of hundreds and held them by force in their military barracks for nightly use.[16]

ਬੰਗਲਾਦੇਸ਼ ਵਿਖੇ ਔਰਤਾਂ 'ਤੇ ਹੋਣ ਵਾਲੇ ਅਜਿਹੇ ਜ਼ੁਲਮਾਂ ਵਿਚ ਪਾਕਿਸਤਾਨ ਦੀ ਫੌਜ ਦੇ ਨਾਲ-ਨਾਲ ਬਿਹਾਰੀ ਮੁਸਲਮਾਨ ਵੀ ਵੱਡੀ ਗਿਣਤੀ ਵਿਚ ਸ਼ਾਮਲ ਸਨ ਜਿਹੜੇ ਭਾਰਤ ਵਿਰੁੱਧ ਪਾਕਿਸਤਾਨੀ ਫੌਜਾਂ ਦੀ ਹਮਾਇਤ ਕਰ ਰਹੇ ਸਨ। ਅਫ਼ਰਾ-ਤਫ਼ਰੀ ਦੇ ਮਾਹੌਲ ਵਿਚ ਕੋਈ ਅਜਿਹੀ ਤਾਕਤ ਸਾਹਮਣੇ ਨਹੀਂ ਆ ਰਹੀ ਸੀ ਜਿਹੜੀ ਮਜ਼ਲੂਮ ਔਰਤਾਂ ਦੀ ਬਾਂਹ ਫੜ ਸਕੇ। ਬੰਗਾਲੀ ਔਰਤਾਂ ਨੂੰ ਉਸ ਸਮੇਂ ਰਾਹਤ ਮਿਲੀ ਜਦੋਂ ਬੰਗਲਾਦੇਸ਼ ਦੀ ਅਜ਼ਾਦੀ ਲਈ ਜੂਝ ਰਹੇ ਬੰਗਾਲੀਆਂ ਦੀ ਅਜ਼ਾਦੀ ਲਈ ਭਾਰਤੀ ਫੌਜਾਂ ਅੱਗੇ ਵੱਧੀਆਂ। ਇਹਨਾਂ ਫੌਜਾਂ ਨੇ ਔਰਤਾਂ ਦੇ ਸਤਿਕਾਰ ਅਤੇ ਸਦਾਚਾਰ ਦੀ ਮਿਸਾਲ ਕਾਇਮ ਕੀਤੀ। ਭਾਰਤੀ ਫੌਜਾਂ ਵਿਚ ਸ਼ਾਮਲ ਸਿੱਖ ਫੌਜੀਆਂ ਨੇ ਬੰਗਲਾਦੇਸ਼ੀ ਔਰਤਾਂ ਨੂੰ ਬਚਾਉਣ ਵਿਚ ਵਿਸ਼ੇਸ਼ ਭੂਮਿਕਾ ਨਿਭਾਈ। ਇਹਨਾਂ ਫੌਜੀਆਂ ਦੇ ਸਦਾਚਾਰੀ ਕਾਰਨਾਮੇ ਮੀਡੀਆ ਰਾਹੀਂ ਆਮ ਲੋਕਾਂ ਤੱਕ ਪੁੱਜੇ। ਸਿੱਖਾਂ ਦੇ ਕਿਰਦਾਰ ਦੀ ਪ੍ਰਸੰਸਾ ਨੂੰ ਉਸ ਵਿਸ਼ੇਸ਼ ਟੀਮ ਨੇ ਵੀ ਕਲਮਬੰਦ ਕੀਤਾ ਜਿਹੜੀ ਬੰਗਲਾਦੇਸ਼ ਦੀ ਅਜ਼ਾਦੀ ਤੋਂ ਤੁਰੰਤ ਬਾਅਦ ਉਥੇ ਗਈ ਸੀ। ਇਸ ਟੀਮ ਦੇ ਮੈਂਬਰਾਂ ਨੇ ਦੱਸਿਆ:

> ਸਾਰੇ ਬੰਗਲਾਦੇਸ਼ ਵਿਚ ਸਿੱਖ ਫੌਜੀਆਂ ਦੇ ਬੁਲੰਦ ਇਖਲਾਕ ਦੀਆਂ ਧੁੰਮਾਂ ਪਈਆਂ ਹੋਈਆਂ ਹਨ। ਉਹਨਾਂ ਦੇ ਕਥਨ ਅਨੁਸਾਰ ਢਾਕੇ ਵਿਚ ਪਾਕਿਸਤਾਨੀ ਫੌਜਾਂ ਦੇ ਹਥਿਆਰ ਸੁੱਟਣ ਤੋਂ ਤਤਕਾਲ ਪਿੱਛੋਂ ਸਿੱਖ ਫੌਜੀਆਂ ਨੇ ਬੰਕਰਾਂ 'ਚੋਂ ਬੰਗਾਲੀ ਕੁੜੀਆਂ ਨੂੰ ਕੱਢ ਕੇ ਉਹਨਾਂ ਦੇ ਘਰਾਂ ਵਿਚ ਪੁਚਾਉਣਾ ਸ਼ੁਰੂ ਕਰ ਦਿੱਤਾ। ਸਿੱਖ ਜਵਾਨਾਂ ਨੇ ਆਪਣੀਆਂ ਪਗੜੀਆਂ ਪਾੜ-ਪਾੜ ਕੇ ਬੰਕਰਾਂ ਵਿਚ ਸੁੱਟੀਆਂ ਤੇ ਨੰਗੀਆਂ ਕੁੜੀਆਂ ਨੰਗੇਜ ਢੱਕ ਕੇ ਬਾਹਰ ਆ ਗਈਆਂ ਤੇ ਸਿੱਖ ਜਵਾਨਾਂ ਨੇ ਸਕੀਆਂ ਭੈਣਾਂ ਵਾਂਗ ਪੂਰੇ ਸਤਿਕਾਰ ਨਾਲ ਉਹਨਾਂ ਨੂੰ ਉਨ੍ਹਾਂ ਦੇ ਘਰੀਂ ਜਾ ਕੇ ਸਬੰਧੀਆਂ ਦੇ ਪਾਸ ਪੁਚਾਇਆ।[17]

ਪਾਕਿਸਤਾਨੀ ਫੌਜ ਅਧੀਨ ਸਭ ਤੋਂ ਬਦਤਰ ਹਾਲਤ ਘੱਟ-ਗਿਣਤੀ ਭਾਈਚਾਰੇ ਦੀ ਸੀ। ਹਿੰਦੂਆਂ ਅਤੇ ਸਿੱਖਾਂ ਨੂੰ ਘਰ-ਬਾਰ ਅਤੇ ਕਾਰੋਬਾਰ ਛੱਡ ਕੇ ਭਾਰਤ ਆਉਣ ਲਈ ਮਜਬੂਰ ਹੋਣਾ ਪੈ ਰਿਹਾ ਸੀ। ਅਜਿਹੀ ਹਾਲਤ ਵਿਚ ਉਥੋਂ ਦੇ ਗੁਰਧਾਮਾਂ ਦੀ ਕੀ ਹਾਲਤ

ਹੋ ਸਕਦੀ ਹੈ, ਇਸ ਦਾ ਅੰਦਾਜ਼ਾ ਲਗਾਉਣਾ ਬਹੁਤਾ ਮੁਸ਼ਕਿਲ ਕਾਰਜ ਨਹੀਂ ਹੈ। 15 ਅਗਸਤ 1947 ਤੋਂ ਲੈ ਕੇ 16 ਦਸੰਬਰ 1971 ਤੱਕ ਲਗਪਗ 24 ਸਾਲ ਪੂਰਬੀ ਪਾਕਿਸਤਾਨ ਦੇ ਹਾਕਮਾਂ ਨੇ ਗੁਰਧਾਮਾਂ ਨੂੰ ਪੂਰੀ ਤਰ੍ਹਾਂ ਨਾਲ ਬਰਬਾਦ ਕਰ ਦਿੱਤਾ ਸੀ। ਗੁਰਦੁਆਰਿਆਂ ਦੀ ਧਾਰਮਿਕ ਮਰਯਾਦਾ ਦੀ ਉਲੰਘਣਾ ਕੀਤੀ ਗਈ ਅਤੇ ਗੁਰਧਾਮਾਂ ਦੇ ਨਾਂ ਲੱਗੀਆਂ ਜਗੀਰਾਂ ਲੁੱਟ ਲਈਆਂ ਸਨ। ਕਈ ਗੁਰਧਾਮਾਂ 'ਤੇ ਕਬਜ਼ਾ ਕਰਕੇ ਉਹਨਾਂ ਨੂੰ ਸਰਕਾਰੀ ਤੌਰ 'ਤੇ ਵੇਚ ਦਿੱਤਾ ਗਿਆ ਸੀ। ਇਹਨਾਂ ਵਿਚੋਂ ਕਈ ਗੁਰਧਾਮ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਤੇਗ਼ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਸਨ। ਪਾਕਿਸਤਾਨ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਇਹਨਾਂ ਗੁਰਧਾਮਾਂ ਵਿਚ ਪੂਰੀ ਰੌਣਕ ਹੁੰਦੀ ਸੀ ਅਤੇ ਆਮ ਲੋਕ ਇਹਨਾਂ ਦੇ ਦਰਸ਼ਨ ਦੀਦਾਰੇ ਕਰਕੇ ਮਨ ਦੀਆਂ ਮੁਰਾਦਾਂ ਪੂਰੀਆਂ ਕਰਦੇ ਸਨ। ਜਦੋਂ ਬੰਗਲਾਦੇਸ਼ ਅਜ਼ਾਦ ਹੋਇਆ ਤਾਂ ਸਿੱਖ ਜਨਰਲ ਜਗਜੀਤ ਸਿੰਘ ਅਰੋੜਾ ਨੂੰ ਸਰਦਾਰ ਬਘੇਲ ਸਿੰਘ ਦੇ ਰੂਪ ਵਿਚ ਦੇਖਣ ਲੱਗ ਪਏ ਸਨ ਜਿਸ ਨੇ ਦਿੱਲੀ 'ਤੇ ਕਬਜ਼ਾ ਕਰਕੇ ਉਥੇ ਗੁਰਧਾਮਾਂ ਦੀ ਕਾਰ-ਸੇਵਾ ਕਰਵਾਈ ਸੀ। ਬੰਗਲਾਦੇਸ਼ ਦੀ ਜਿੱਤ ਤੋਂ ਤੁਰੰਤ ਬਾਅਦ ਉਥੋਂ ਦੇ ਹਾਲਾਤ ਅਤੇ ਸਿੱਖ ਭਾਵਨਾਵਾਂ ਦਾ ਪ੍ਰਗਟਾਵਾ ਕਰਨ ਵਾਲਾ ਇਕ ਸੰਦੇਸ਼ ਸਾਹਮਣੇ ਆਇਆ ਜਿਸ ਵਿਚ ਲਿਖਿਆ ਗਿਆ ਸੀ:

> ਪਾਕਿਸਤਾਨੀ ਹਾਕਮਾਂ ਨੇ ਜਿਥੇ ਬੰਗਲਾਦੇਸ਼ ਨੂੰ ਪਿਛਲੇ 24 ਵਰ੍ਹੇ ਹੀ ਆਪਣੀ ਨੌ ਆਬਾਦੀ ਬਣਾ ਕੇ ਬੁਰੀ ਤਰ੍ਹਾਂ ਲੁਟਿਆ ਤੇ ਬਰਬਾਦ ਕੀਤਾ, ਉਥੇ ਉਹਨਾਂ ਨੇ ਤਅੱਸਬ ਦਾ ਸ਼ਿਕਾਰ ਹੋ ਕੇ ਬੰਗਲਾਦੇਸ਼ ਦੀਆਂ ਘਟ ਗਿਣਤੀਆਂ ਨੂੰ ਦਬਾਉਣ ਤੇ ਖ਼ਤਮ ਕਰਨ ਲਈ ਆਪਣਾ ਕੋਈ ਯਤਨ ਵੀ ਪਿਛੇ ਨਾ ਰਖਿਆ। ਇਤਿਹਾਸ ਜਾਨਣ ਵਾਲੇ ਚੰਗੀ ਤਰ੍ਹਾਂ ਜਾਣਦੇ ਹਨ ਕਿ ਦੇਸ਼ ਦੇ ਇਸ ਹਿੱਸੇ ਵਿਚ ਗੁਰੂ ਨਾਨਕ ਦੇਵ ਤੇ ਗੁਰੂ ਤੇਗ਼ ਬਹਾਦਰ ਸਾਹਿਬ ਨੇ ਵੀ ਚਰਨ ਪਾਏ ਅਤੇ ਕਿੰਨੇ ਲੋਕ ਉਹਨਾਂ ਦੇ ਉਪਦੇਸ਼ਾਂ ਨਾਲ ਸਿੱਖੀ ਮੰਡਲ ਵਿਚ ਆਏ। ਢਾਕਾ ਖਾਸ ਵਿਚ ਆਦਿ ਸਤਿਗੁਰੂ ਜੀ ਦੀ ਯਾਦ ਰਾਸ਼ਟਰੀ ਪਾਵਨ ਧਰਮ ਅਸਥਾਨ ਜਿਸਨੂੰ 'ਢਾਕਾ ਸੰਗਤ' ਦੇ ਨਾਮ ਨਾਲ ਯਾਦ ਕੀਤਾ ਜਾਂਦਾ ਸੀ, ਪਾਕਿਸਤਾਨ ਰਾਜ ਕਾਇਮ ਹੋਣ ਤੱਕ ਪ੍ਰਸਿੱਧ ਰਿਹਾ, ਪਰ ਪਿਛੋਂ ਉਸਦੀ ਬੇਅਦਬੀ ਕੀਤੀ ਗਈ ਅਤੇ ਉਸਦੇ ਨਾਲ ਜਿਹੜੀ ਵੀ ਜਾਇਦਾਦ ਸੀ ਉਹ ਮੁਸਲਮਾਨਾਂ ਵਿਚ ਵੰਡ ਦਿੱਤੀ ਗਈ। ਬੰਗਲਾਦੇਸ਼ ਨੂੰ ਫਤਹਿ ਕਰਨ ਵਿਚ ਸਿੱਖ ਜਰਨੈਲ ਅਤੇ ਸਿੱਖ ਫੌਜੀਆਂ ਦਾ ਵਿਸ਼ੇਸ਼ ਹਿੱਸਾ ਹੈ ਅਤੇ ਅਸੀਂ ਲੈ: ਜਨਰਲ ਸਰਦਾਰ ਜਗਜੀਤ ਸਿੰਘ ਅਰੋੜਾ ਦਾ ਧਿਆਨ ਢਾਕੇ ਉਪਰ ਦਸੇ ਸਿੱਖ ਧਰਮ ਅਸਥਾਨ ਵੱਲ ਵਿਸ਼ੇਸ਼ ਤੌਰ 'ਤੇ ਦਿਵਾਂਦੇ ਹਾਂ। ਜਿਵੇਂ ਸਿੰਘਾਂ ਨੇ ਸਰਦਾਰ ਬਘੇਲ ਸਿੰਘ ਕਰੋੜੀਏ ਦੀ ਅਗਵਾਈ ਵਿਚ ਦਿੱਲੀ ਫਤਹ ਕਰਨ ਪਿਛੋਂ ਦਿੱਲੀ ਦੇ ਸਿੱਖ ਗੁਰਦੁਆਰਿਆਂ ਦੀ ਸੇਵਾ ਤੇ ਸੰਭਾਲ ਕੀਤੀ ਸੀ, ਉਸੇ ਤਰ੍ਹਾਂ ਹੀ ਜਨਰਲ

> ਅਰੋੜਾ ਸਾਹਿਬ ਗੁਰੂ ਨਾਨਕ ਦੇਵ ਜੀ ਦੇ ਪਵਿਤਰ ਧਰਮ ਅਸਥਾਨ ਦੀ ਸੇਵਾ ਅਤੇ ਸੰਭਾਲ ਕਰਕੇ ਸਤਿਗੁਰੂ ਪਾਤਸ਼ਾਹ ਦੀਆਂ ਖੁਸ਼ੀਆਂ ਲੈਣ।[18]

ਬੰਗਲਾਦੇਸ਼ ਦੇ ਗੁਰਦੁਆਰਿਆਂ ਦੀ ਨਿਘਰ ਚੁੱਕੀ ਹਾਲਤ ਸੰਬੰਧੀ ਰਿਪੋਰਟਾਂ ਸਾਹਮਣੇ ਆ ਰਹੀਆਂ ਸਨ। ਇਹਨਾਂ ਵਿਚੋਂ ਇਕ ਰਿਪੋਰਟ ਸ. ਜਸਵੰਤ ਸਿੰਘ ਨੇ ਇਕੱਤਰ ਕੀਤੀ ਜਿਹੜੀ ਕਿ ਸਿੱਖ ਰਿਵੀਊ ਦੇ ਮਈ 1966 ਅੰਕ ਵਿਚ ਛਪੀ। ਇਸ ਤੋਂ ਇਲਾਵਾ ਇਕ ਹੋਰ ਰਿਪੋਰਟ ਸਾਹਮਣੇ ਆਈ ਹੈ ਜਿਹੜੀ ਕਿ 16 ਦਸੰਬਰ 1972 ਨੂੰ ਬੰਗਲਾਦੇਸ਼ ਦੀ ਅਜ਼ਾਦੀ ਤੋਂ ਤੁਰੰਤ ਬਾਅਦ ਉਥੋਂ ਦੇ ਗੁਰਧਾਮਾਂ ਦਾ ਜਾਇਜ਼ਾ ਲੈ ਕੇ ਪੇਸ਼ ਕੀਤੀ ਗਈ। ਇਹ ਰਿਪੋਰਟ ਮਾਰਚ 1972 ਵਿਚ ਪ੍ਰਕਾਸ਼ਿਤ ਹੋਈ। ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੇ 23 ਦਸੰਬਰ 1971 ਨੂੰ ਹੋਈ ਆਪਣੀ ਇਕੱਤ੍ਰਤਾ ਵਿਚ ਇਕ ਮਤਾ ਪਾਸ ਕਰਕੇ ਹੇਠ ਲਿਖੇ ਸੱਜਣਾਂ ਦਾ ਇਕ ਵਫ਼ਦ ਬੰਗਲਾਦੇਸ਼ ਭੇਜਿਆ ਤਾਂ ਕਿ ਉਥੋਂ ਦੇ ਗੁਰਧਾਮਾਂ ਦੀ ਤਤਕਾਲੀ ਹਾਲਤ ਦਾ ਪਤਾ ਲਗਾ ਕੇ ਉਹਨਾਂ ਦੀ ਸੰਭਾਵਿਤ ਸਾਂਭ-ਸੰਭਾਲ ਕਰਨ ਦੀ ਰੂਪ ਰੇਖਾ ਤਿਆਰ ਕੀਤੀ ਜਾ ਸਕੇ। ਕਮੇਟੀ ਵੱਲੋਂ ਭੇਜੇ ਜਾਣ ਵਾਲੇ ਵਫ਼ਦ ਵਿਚ ਇਹ ਨਾਂ ਸ਼ਾਮਲ ਸਨ[19]:

1. ਸ੍ਰ. ਸੰਤ ਸਿੰਘ ਮੁਜਫਰਪੁਰ, ਮੈਂਬਰ ਪ੍ਰਬੰਧਕ ਕਮੇਟੀ।
2. ਸ੍ਰ. ਹਰੀ ਸਿੰਘ, ਚੀਫ ਇੰਜਨੀਅਰ, ਪਟਨਾ।
3. ਭਾਈ ਜੀ ਅਮਰ ਸਿੰਘ ਅਲੀਗੜ੍ਹ, ਮੈਂਬਰ ਪ੍ਰਬੰਧਕ ਕਮੇਟੀ।
4. ਗਿਆਨੀ ਗੁਰਬਚਨ ਸਿੰਘ, ਮੈਨੇਜਰ ਤਖ਼ਤ ਸਾਹਿਬ।
5. ਜੋਗਿੰਦਰ ਸਿੰਘ ਜੋਗੀ ਐਡਵੋਕੇਟ, ਧਨਬਾਦ, ਮੈਂਬਰ ਪ੍ਰਬੰਧਕ ਕਮੇਟੀ, ਕਨਵੀਨਰ ਡੈਪੂਟੇਸ਼ਨ।

ਉਕਤ ਕਮੇਟੀ ਲਈ ਇਹ ਬਹੁਤ ਹੀ ਸਕਾਰਾਤਮਿਕ ਮੌਕਾ ਸੀ ਕਿਉਂਕਿ ਬੰਗਲਾਦੇਸ਼ ਦੀ ਅਜ਼ਾਦੀ ਲਈ ਗਈ ਭਾਰਤੀ ਫ਼ੌਜ ਵਿਚ ਸਿੱਖ ਫ਼ੌਜੀਆਂ ਦਾ ਨਾਂ ਉੱਭਰ ਕੇ ਸਾਹਮਣੇ ਆ ਰਿਹਾ ਸੀ ਜਿਨ੍ਹਾਂ ਨੇ ਕੇਵਲ ਯੁੱਧ ਕਰਕੇ ਜਿੱਤ ਹੀ ਪ੍ਰਾਪਤ ਨਹੀਂ ਕੀਤੀ ਸੀ ਬਲਕਿ ਉਥੋਂ ਦੇ ਆਮ ਲੋਕਾਂ ਦਾ ਸਨਮਾਨ ਅਤੇ ਸਤਿਕਾਰ ਵੀ ਕਾਇਮ ਕੀਤਾ ਸੀ। ਸਭ ਤੋਂ ਵੱਡੀ ਗੱਲ ਇਹ ਸੀ ਕਿ ਪਾਕਿਸਤਾਨ ਤੋਂ ਆਜ਼ਾਦ ਹੋਣ ਉਪਰੰਤ ਬੰਗਲਾਦੇਸ਼ ਦੇ ਕਾਰਜਕਾਰੀ ਰਾਸ਼ਟਰਪਤੀ ਸੱਯਦ ਨਜ਼ਰੁਲ ਇਸਲਾਮ ਨੇ ਆਪਣਾ ਪਹਿਲਾ ਭਾਸ਼ਣ ਢਾਕਾ ਦੇ ਗੁਰਦੁਆਰਾ ਨਾਨਕਸ਼ਾਹੀ ਵਿਖੇ ਦਿੱਤਾ ਸੀ। 2 ਜਨਵਰੀ 1972 ਨੂੰ ਸਜੇ ਹੋਏ ਦੀਵਾਨ ਵਿਚ ਉਹਨਾਂ ਨੇ ਸਿੱਖ ਫੌਜਾਂ ਦੁਆਰਾ ਦਿੱਤੀ ਗਈ ਸਹਾਇਤਾ ਲਈ ਉਹਨਾਂ ਦਾ ਧੰਨਵਾਦ ਕਰਦੇ ਹੋਏ ਇਹ ਐਲਾਨ ਕੀਤਾ ਕਿ ਬੰਗਲਾਦੇਸ਼ ਵਿਚ ਧਰਮ-ਨਿਰਪੱਖ ਰਾਜ ਦੀ ਸਥਾਪਨਾ ਦੀ ਸ਼ੁਰੂਆਤ ਹੋ ਗਈ ਹੈ ਅਤੇ ਇਥੇ ਵੱਸਣ ਵਾਲੇ ਸਮੂਹ ਧਰਮਾਂ ਦੇ ਪੈਰੋਕਾਰਾਂ ਦੇ ਹੱਕ ਬਰਾਬਰ ਹੋਣਗੇ। ਧਰਮ ਦੇ ਅਧਾਰ 'ਤੇ ਕਿਸੇ ਨਾਲ ਵਿਤਕਰਾ ਨਹੀਂ ਕੀਤਾ ਜਾਵੇਗਾ ਅਤੇ ਮਸਜਿਦ ਦੀ ਤਰ੍ਹਾਂ ਦੂਜੇ ਧਰਮਾਂ ਦੇ ਧਰਮ ਅਸਥਾਨਾਂ ਦਾ ਸਤਿਕਾਰ

ਹੋਵੇਗਾ। ਉਹਨਾਂ ਨੇ ਉਸ ਸਮੇਂ ਦੀ ਪਾਕਿਸਤਾਨ ਸਰਕਾਰ ਦੁਆਰਾ ਸਿੱਖ ਕੌਮ ਨੂੰ ਉਹਨਾਂ ਦੇ ਧਾਰਮਿਕ ਅਸਥਾਨਾਂ ਦੀ ਸੇਵਾ ਸੰਭਾਲ ਜਾਂ ਯਾਤਰਾ ਦੀ ਖੁੱਲ੍ਹ ਨਾ ਦੇਣ ਦੇ ਅਫਸੋਸ ਪ੍ਰਗਟ ਕੀਤਾ। ਉਹਨਾਂ ਐਲਾਨ ਕੀਤਾ ਕਿ ਸਰਕਾਰ ਸਿੱਖਾਂ ਨੂੰ ਉਹਨਾਂ ਦੇ ਧਾਰਮਿਕ ਅਸਥਾਨਾਂ ਦੀ ਮੁਰੰਮਤ ਅਤੇ ਸਾਂਭ-ਸੰਭਾਲ ਵਿਚ ਸਹਿਯੋਗ ਪ੍ਰਦਾਨ ਕਰੇਗੀ। ਕਾਰਜਕਾਰੀ ਰਾਸ਼ਟਰਪਤੀ ਦੁਆਰਾ ਦਿੱਤੇ ਗਏ ਭਾਸ਼ਣ ਦਾ ਇਹ ਮੂਲ ਰੂਪ ਅਗਲੇ ਦਿਨ ਅਖ਼ਬਾਰਾਂ ਵਿਚ ਪ੍ਰਕਾਸ਼ਿਤ ਹੋਇਆ[20]:

Nazrul Addresses Sikhs at Bakshi Bazar Gurdwara

Religious Freedom for All Sssured

Acting President of the People's Republic of Bangladesh Syed Nazrul Islam on Sunday declared that there will be absolute religious freedom in Bangladesh, reports APB.

The Acting President said, while addressing a gathering of Sikhs at a Gurdwarara Bakshi Bazar when I declare Bangladesh will be a secular state then I only echo the great ideals of Father of the Nation Bangabandhu Sheikh Mu-jibur Rahman for which he was fighting for the last 22 years. By secularism if anybody thinks that there will be no religion then he is mistaken.

Secularism in the truest sense of the term means that all religion must have full freedom and with all assurance they will be able to perform religious functions in their re-spective religious places.

The Acting President dec-lared that henceforth a Gurdwara, a church, a mandir and a pagoda will be equally a place of respect to us as a mosque. The Acting President said, I am happy to see that many Muslims are also present here. One Imam is also present. This is clear Indication that things have totally and radically changed. Hence Imams, Purohits and fathers will respect each other and respect each other's religion.

Syed Nazrul Islam said, it is gratifying to see that the old Gurdwara which was in shambles is brought back to

life I am sorry to know that the then Pak Government did not allow the Sikh community to visit this religious place and thus did not allow religious freedom. This itself speaks of the Intolerance which was shown by the then government. Intolerance was practised by them for their political purpose. Now after independence the age of intolerance is over.

Paying rich tribute to the Sikh community, the Acting President said, I have highest regard for the great Guru Nanak. He was one of the great men of the world who preached love for humanity. Guru Nanak preached message of good-will and friendship for all people of the world. No religious leader ever appeared to have spoken in a way which divides the people in warring groups. Our great Prophet Mohammad preached tolerance and brotherhood. Islam itself means peace. Jesus Christ preached nothing but love and affection for each other. Lord Buddha preached non-violence and love for all communities of the world.

Guru Nanak gave up his own comfort for preaching the message of love for humanity and mankind. Sometimes religion is exploited for preaching intolerance to meet personal motives. Certain rulers and a section of politicians used Islam for their political ends. But Islam cannot be judged from these misdeeds. Henceforth, the Muslims, who are majority here will show to the whole world by their conduct the true purpose of this great religion.

Syed Nazrul Islam said, on behalf of the Government I declare that we will not tolerate any action by any religious group which will show lack of respect and brotherhood. Government has granted absolute religious freedom and will see this freedom prevails. The barbarous Pakistani Army destroyed Mandirs, Gurdwaras, Pagodas and Churches. They

have not even hesitated to destroy the mosques. I like to declare that Government of Bangladesh has taken the responsibility of repairing and reconstructing the places of worship which were destroyed by Pakistan Army. The acting President assured the Sikh Community that all possible help will be available for the Gurdwaras so that the Sikhs can perform their religious functions here. Paying rich tributes to the Sikh community, the acting President recalled the great services of the Sikhs in the freedom struggle of Bangladesh.

He thanked than on behalf of the people of Bangladesh and the Government for their service.

The Acting President declared, we have called upon the People of Bangladesh to pray for the release and health of Father of the Nation Sheikh Mujibur Rahman on 9th January 1972. Prayers will be held in mosques, mandirs, churches, pagodas and other religious places. All section of the people will participate in the prayer.

Addressing the Sikhs who have come from India the Acting President expressed the hope that they will go back with message of goodwill and friendship from people of Bangladesh.

He hoped that the renewed and continued friendship of Bangladesh and India will be a new era of peace in the world and particularly in this subcontinent. This friendship will enhance world pace and will be helpful to the mankind as a whole.

ਭਾਵੇਂ ਕਿ ਬੰਗਲਾਦੇਸ਼ ਨੂੰ ਇਕ ਧਰਮ-ਨਿਰਪੱਖ ਦੇਸ਼ ਐਲਾਨ ਦਿੱਤਾ ਗਿਆ ਸੀ ਪਰ ਇਹ ਅਮਲ ਲੰਮਾ ਸਮਾਂ ਨਾ ਚੱਲ ਸਕਿਆ। ਸ਼ੇਖ਼ ਮੁਜੀਬੁਰ ਰਹਿਮਾਨ ਦੀ ਸਰਕਾਰ ਦੁਆਰਾ ਲਾਗੂ ਕੀਤਾ ਗਿਆ ਧਰਮ-ਨਿਰਪੱਖਤਾ ਵਾਲਾ ਕਾਨੂੰਨ 10 ਸਾਲ ਵਿਚ ਹੀ ਬਦਲ ਦਿੱਤਾ ਗਿਆ। 1983 ਵਿਚ ਜਨਰਲ ਇਰਸ਼ਾਦ (1930-2019) ਦੀ ਬੰਗਲਾਦੇਸ਼ ਵਿਚ ਸਰਕਾਰ ਬਣੀ। ਇਸ ਨੇ ਪੂਰੀ ਤਰ੍ਹਾਂ ਨਾਲ ਦੇਸ਼ 'ਤੇ ਇਸਲਾਮੀ ਕਾਨੂੰਨ ਲਾਗੂ ਕਰ ਦਿੱਤਾ ਅਤੇ ਇਹੀ ਕਾਨੂੰਨ ਹੁਣ ਤੱਕ ਨਿਰੰਤਰ ਜਾਰੀ ਹੈ। ਭਾਵੇਂ ਕਿ ਬੰਗਲਾਦੇਸ਼ ਵਿਚ ਇਸਲਾਮੀ

ਕਾਨੂੰਨ ਲਾਗੂ ਕਰ ਦਿੱਤਾ ਗਿਆ ਪਰ ਇਸ ਦੀ ਬਣਤਰ ਪਾਕਿਸਤਾਨ ਤੋਂ ਵੱਖਰੀ ਹੈ।[21]

ਗੁਰਧਾਮਾਂ ਦੀ ਸਾਂਭ-ਸੰਭਾਲ ਲਈ ਯਤਨ

ਬੰਗਲਾਦੇਸ਼ ਦੇ ਹੋਂਦ ਵਿਚ ਆਉਣ ਨਾਲ ਹੀ ਇਥੋਂ ਦੀ ਸਰਕਾਰ ਨੇ ਗੁਰਧਾਮਾਂ ਦੀ ਸਾਂਭ-ਸੰਭਾਲ ਪ੍ਰਤੀ ਸਕਾਰਤਮਿਕ ਰੁਖ ਧਾਰਨ ਕੀਤਾ ਤਾਂ ਸਮੁਚੀ ਸਿੱਖ ਕੌਮ ਦਾ ਧਿਆਨ ਇਸ ਪਾਸੇ ਗਿਆ। ਕਈ ਸਿੱਖ ਸੰਸਥਾਵਾਂ ਅਤੇ ਸ਼ਖ਼ਸੀਅਤਾਂ ਨੇ ਇਸ ਦੇਸ਼ ਦੇ ਗੁਰਧਾਮਾਂ ਦੀ ਨਿਘਰ ਚੁੱਕੀ ਹਾਲਤ 'ਤੇ ਚਿੰਤਾ ਪ੍ਰਗਟ ਕਰਦੇ ਹੋਏ ਇਹਨਾਂ ਦੀ ਮੁਰੰਮਤ ਜਾਂ ਪੁਨਰ-ਉਸਾਰੀ 'ਤੇ ਜ਼ੋਰ ਦੇਣਾ ਸ਼ੁਰੂ ਕਰ ਦਿੱਤਾ। ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਦਾ ਇਕ ਸਾਂਝਾ ਵਫ਼ਦ ਬੰਗਲਾਦੇਸ਼ ਦੇ ਪ੍ਰਧਾਨ ਮੰਤਰੀ ਨੂੰ ਮਿਲਿਆ। 29 ਜਨਵਰੀ 1972 ਨੂੰ ਸ਼ਨੀਵਾਰ ਵਾਲੇ ਦਿਨ ਬਾਅਦ ਦੁਪਹਿਰ ਨੂੰ ਹੋਈ ਮੁਲਾਕਾਤ ਵਿਚ ਪ੍ਰਧਾਨ ਮੰਤਰੀ ਨੇ ਵਫ਼ਦ ਦਾ ਸਵਾਗਤ ਕੀਤਾ ਅਤੇ ਵਫ਼ਦ ਨੇ ਇਕ ਸਿਰੋਪਾ ਅਤੇ ਕ੍ਰਿਪਾਨ ਭੇਟ ਕਰਨ ਦੇ ਨਾਲ-ਨਾਲ ਬੰਗਲਾਦੇਸ਼ ਦੇ ਗੁਰਧਾਮਾਂ ਦੀ ਸੇਵਾ-ਸੰਭਾਲ ਲਈ ਇਕ ਮੰਗ ਪੱਤਰ ਪ੍ਰਧਾਨ ਮੰਤਰੀ ਬੰਗਬੰਧੂ ਸ਼ੇਖ਼ ਮੁਜੀਬੁਰ ਰਹਿਮਾਨ ਨੂੰ ਭੇਟ ਕੀਤਾ। ਇਸ ਪੱਤਰ 'ਤੇ ਤੁਰੰਤ ਕਾਰਵਾਈ ਕਰਦੇ ਹੋਏ ਪ੍ਰਧਾਨ ਮੰਤਰੀ ਨੇ ਸੰਬੰਧਿਤ ਧਰਮ ਅਸਥਾਨਾਂ 'ਤੇ ਪਿਛਲੀ ਪਾਕਿਸਤਾਨ ਸਰਕਾਰ ਸਮੇਂ ਹੋਏ ਕਬਜ਼ਿਆਂ ਦੀ ਪੜਤਾਲ ਕਰਾਉਣ ਦੇ ਆਦੇਸ਼ ਜਾਰੀ ਕਰ ਦਿੱਤੇ। ਇਸ ਸੰਬੰਧੀ ਢਾਕਾ ਦੇ ਡਿਪਟੀ ਕਮਿਸ਼ਨਰ ਨੂੰ ਇਹ ਪੱਤਰ ਜਾਰੀ ਕੀਤਾ ਗਿਆ:

Confidential

Government of Bangladesh
Ministry of Home Affairs
Political Branch

Memorandum No. F3-Poll (i) Dated 29.2.1972

To

The Deputy Commissioner
Dacca

Sub: Rediscovery and restoration of Sikh Shrines to the Sikh Community.

The representative of Prabandhak Committee, Patna met the Prime Minister of Bangladesh in a deputation and placed before him a prayer urging restoration of the following Sikh religious places immediately for religious purposes:

(i) Gurdwara Nanakshahi Ramna near Race Course, Dacca.

(ii) Nanak Sangat Akhara (Qua temple), Rayerbazar, Dacca.

(iii) Gurdwara Sangat Tola, Banglabazar, Dacca.

(iv) Sangat Suthra Akhara, Orphange Road, Dhakeswari Bari, Dacca.

2. It has been mentioned by the delegates that after liberation they have already started performance of religious rites at the Gurdwaras at Ramna and Banglabazar. It appears that a building has been erected by a Govt. officer at the site of the Gurdwara at Rayerbazar on allotment of the plot by the Government. The question of restoration of the site to the Sikh community will be taken up at later stage.

3. The members of the delegation, however, represented that all the shrines including the one at Orphanage Road have been encroached upon by the trespassers at which the Prime Minister directed that the Gurdwaras at Banglabazar and Orphanage Road should be cleared of trespassers and hand over to the Sikh Community immediately.

4. Action may kindly be taken is directed by the Prime Minister and a report submitted to this Ministry at an early date.

Sd/-
Nazem A. Choudhury
Deputy Secratary

KPGP (J)-Doc. No. 30047/69-70-100 H,1969.
No. 83/1-Poll(i) Dated Dacca, the 9th March 1972.

Copy forwarded for information to the Secretary Prabandhak Committee Takht Harimandir Ji, Patna Sahib.
Ramna Gurdwara, Dacca with reference to his memorandum dated 29.1.72, addressed to the Prime Minister.

Sd/-
9.3.72
(Md. Tajul Islam)
Section Officer

ਭਾਵੇਂ ਕਿ ਬੰਗਲਾਦੇਸ਼ ਦੀ ਸਰਕਾਰ ਸਿੱਖਾਂ ਨੂੰ ਉਹਨਾਂ ਦੇ ਗੁਰਧਾਮਾਂ ਦਾ ਪ੍ਰਬੰਧ ਸੌਂਪਣ ਲਈ ਸਕਾਰਤਮਿਕ ਸੀ ਪਰ ਇਸ ਕਾਰਜ ਵਿਚ ਇਕ ਵੱਡੀ ਰੁਕਾਵਟ ਇਹ ਸੀ ਕਿ ਬੰਗਲਾਦੇਸ਼ ਵਿਚ ਸਿੱਖ ਸੰਗਤ ਮੌਜੂਦ ਨਹੀਂ ਸੀ ਅਤੇ ਸਮੂਹ ਗੁਰਧਾਮਾਂ ਦੀ ਪੁਨਰ-ਉਸਾਰੀ ਤੋਂ ਬਾਅਦ ਇਹਨਾਂ ਨੂੰ ਮਰਯਾਦਾ ਪੂਰਵਕ ਕਾਇਮ ਰੱਖਣਾ ਮੁਸ਼ਕਿਲ ਸੀ। ਇਸ ਲਈ ਸਭ ਤੋਂ ਪਹਿਲਾ ਧਿਆਨ ਉਹਨਾਂ ਗੁਰਧਾਮਾਂ ਵੱਲ ਗਿਆ ਜਿਹੜੇ ਇਤਿਹਾਸ ਦੇ ਪੱਤਰਿਆਂ ਦਾ ਸ਼ਿੰਗਾਰ ਸਨ। ਇਹਨਾਂ ਵਿਚੋਂ ਸਭ ਤੋਂ ਵਧੇਰੇ ਮਹੱਤਵਪੂਰਨ ਸੀ, ਢਾਕਾ ਯੂਨੀਵਰਸਿਟੀ ਦੇ ਚੌਗਿਰਦੇ ਵਿਚ ਸਸ਼ੋਭਿਤ ਗੁਰਦੁਆਰਾ ਨਾਨਕ ਸ਼ਾਹੀ ਰਮਨਾ, ਢਾਕਾ। ਇਹ ਗੁਰਧਾਮ ਬੰਗਲਾਦੇਸ਼ ਦੇ ਗੁਰਧਾਮਾਂ ਦੀ ਯਾਤਰਾ ਕਰਨ ਵਾਲਿਆਂ ਲਈ ਕੇਂਦਰੀ ਸਥਾਨ ਬਣ ਗਿਆ ਸੀ। ਇਸ ਦੇ ਨਾਲ ਹੀ ਉਹਨਾਂ ਗੁਰਧਾਮਾਂ ਸੰਬੰਧੀ ਵੀ ਜਾਣਕਾਰੀ ਇਕੱਤਰ ਕਰਨੀ ਅਰੰਭ ਕਰ ਦਿੱਤੀ ਸੀ ਜਿਹੜੇ ਸਿੱਖ ਇਤਿਹਾਸ ਨਾਲ ਵਿਸ਼ੇਸ਼ ਤੌਰ 'ਤੇ ਸੰਬੰਧਿਤ ਸਨ।

ਬੰਗਲਾਦੇਸ਼ ਅਜ਼ਾਦ ਹੋਣ ਉਪਰੰਤ ਸਿੱਖਾਂ ਦੇ ਵਫ਼ਦ ਨੇ ਤਿੰਨ ਵਾਰੀ ਯਾਤਰਾ ਕਰਕੇ ਉਥੋਂ ਦੇ ਗੁਰਧਾਮਾਂ ਦੇ ਹਾਲ ਪ੍ਰਾਪਤ ਕੀਤੇ ਸਨ। ਕਲਕੱਤੇ ਦੇ ਇਕ ਨਿਸ਼ਠਾਵਾਨ ਸਿੱਖ ਕੈਪਟਨ ਭਾਗ ਸਿੰਘ ਉਥੋਂ ਦੇ ਗੁਰਧਾਮਾਂ ਸੰਬੰਧੀ ਬਹੁਤ ਗਹਿਰ-ਗੰਭੀਰ ਜਾਣਕਾਰੀ ਰੱਖਦੇ ਸਨ। ਇਸ ਵਫ਼ਦ ਦੇ ਕਾਰਜ ਵਿਚ ਉਹਨਾਂ ਦਾ ਸਭ ਤੋਂ ਮਹੱਤਵਪੂਰਨ ਯੋਗਦਾਨ ਸੀ। ਜਦੋਂ ਇਹ ਵਫ਼ਦ ਦੂਜੀ ਵਾਰੀ ਬੰਗਲਾਦੇਸ਼ ਦੇ ਗੁਰਧਾਮਾਂ ਦੀ ਯਾਤਰਾ 'ਤੇ ਗਿਆ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦੋ ਮੈਂਬਰ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਫੌਜਾ ਸਿੰਘ ਅਤੇ ਹਾਪੁੜ ਸਿੱਖ ਮਿਸ਼ਨ ਦਾ ਇੰਚਾਰਜ, ਉਸ ਵਿਚ ਸ਼ਾਮਲ ਸਨ। ਇਹਨਾਂ ਨੇ ਉਥੋਂ ਦੇ ਗੁਰਧਾਮਾਂ ਸੰਬੰਧੀ ਆਪਣੀ ਰਿਪੋਰਟ ਤਿਆਰ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪ ਦਿੱਤੀ ਸੀ। ਇਸ ਰਿਪੋਰਟ ਤੋਂ ਇਲਾਵਾ 'ਬੰਗਲਾਦੇਸ਼ ਦੇ ਗੁਰਦੁਆਰਿਆਂ ਦਾ ਇਤਿਹਾਸ' ਸਿਰਲੇਖ ਅਧੀਨ ਇਕ ਛੋਟਾ ਜਿਹਾ ਕਿਤਾਬਚਾ ਵੀ ਸਾਹਮਣੇ ਆਇਆ ਹੈ ਜਿਹੜਾ ਕਿ ਤਖ਼ਤ ਸ੍ਰੀ ਪਟਨਾ ਸਾਹਿਬ ਵੱਲੋਂ ਭੇਜੇ ਗਏ ਡੈਪੂਟੇਸ਼ਨ ਦੇ ਕਨਵੀਨਰ ਸ. ਜੋਗਿੰਦਰ ਸਿੰਘ ਜੋਗੀ ਨੇ ਤਿਆਰ ਕੀਤਾ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪੀ ਗਈ ਰਿਪੋਰਟ ਵਿਚ ਬੰਗਲਾਦੇਸ਼ ਦੇ ਇਹਨਾਂ ਗੁਰਦੁਆਰਿਆਂ ਦਾ ਜ਼ਿਕਰ ਕੀਤਾ ਗਿਆ ਹੈ:

1. ਗੁਰਦੁਆਰਾ ਨਾਨਕ ਸ਼ਾਹੀ ਰਮਨਾ, ਢਾਕਾ।
2. ਗੁਰਦੁਆਰਾ ਸੰਗਤ ਟੋਲਾ, ਢਾਕਾ।
3. ਗੁਰੂ ਨਾਨਕ ਮੰਦਰ ਤੇ ਖੂਹ, ਰੇਅਰ ਬਜ਼ਾਰ, ਢਾਕਾ।
4. ਗੁਰਦੁਆਰਾ ਸੁਥਰਾ ਸ਼ਾਹੀ, ਅਖਾੜਾ ਉਰਦੂ ਬਜ਼ਾਰ, ਢਾਕਾ।
5. ਗੁਰਦੁਆਰਾ ਗੁਰੂ ਨਾਨਕ, ਚਿਟਾਗਾਂਗ।
6. ਗੁਰਦੁਆਰਾ ਸਾਹਿਬ, ਸਿਲਹਟ।

ਇਹਨਾਂ ਇਤਿਹਾਸਿਕ ਗੁਰਧਾਮਾਂ ਤੋਂ ਇਲਾਵਾ ਤਿੰਨ ਹੋਰ ਗੁਰਦੁਆਰਿਆਂ ਦਾ

ਜ਼ਿਕਰ ਵੀ ਕੀਤਾ ਗਿਆ ਜਿਹੜੇ ਸਥਾਨਕ ਸੰਗਤ ਨੇ ਆਪਣੀ ਸਹੂਲਤ ਲਈ ਉਸਾਰ ਲਏ ਸਨ:

(ੳ) ਗੁਰਦੁਆਰਾ ਪੰਜਾਬੀ ਲੇਨ, ਚਿਟਾਗਾਂਗ।

(ਅ) ਗੁਰਦੁਆਰਾ ਸਾਹਿਬ, ਮੈਮਨ ਸਿੰਘ।

(ੲ) ਗੁਰੂ ਨਾਨਕ ਪੀਰ ਦਾ ਮੰਦਿਰ, ਕੋਕ ਮੰਡੀ, ਜ਼ਿਲ੍ਹਾ ਚਿਟਾਗਾਂਗ।

ਇਹਨਾਂ ਤੋਂ ਇਲਾਵਾ ਢਾਕਾ ਵਿਖੇ ਸ. ਮੋਹਨ ਸਿੰਘ ਜੀ ਦੇ ਨਾਂ 'ਤੇ ਬਣੇ ਹੋਏ ਇਕ ਹੋਰ ਗੁਰਦੁਆਰਾ ਸਾਹਿਬ ਦੀ ਜਾਣਕਾਰੀ ਵੀ ਪ੍ਰਾਪਤ ਹੋਈ ਹੈ ਜਿਸ ਨੂੰ ਉਕਤ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ।

ਪ੍ਰਮੁੱਖ ਗੁਰਧਾਮ ਅਤੇ ਨਿਸ਼ਾਨੀਆਂ

1. ਗੁਰਦੁਆਰਾ ਨਾਨਕ ਸ਼ਾਹੀ ਰਮਨਾ, ਢਾਕਾ: ਢਕੇਸ਼ਵਰੀ ਦੇਵੀ ਦੇ ਨਾਂ 'ਤੇ ਵੱਸੇ ਹੋਏ ਢਾਕਾ ਨਗਰ ਦੀ ਢਾਕਾ ਯੂਨੀਵਰਸਿਟੀ ਦੇ ਵਿਚਕਾਰ ਇਹ ਗੁਰਦੁਆਰਾ ਸਥਿਤ ਹੈ। ਮੁਗ਼ਲਾਂ ਦੇ ਸਮੇਂ ਇਸ ਅਸਥਾਨ ਨੂੰ ਸੁਜਾਤਪੁਰਾ ਮਹੱਲਾ ਕਿਹਾ ਜਾਂਦਾ ਸੀ ਜਿਸ ਕਰਕੇ ਕਈ ਲਿਖਤਾਂ ਵਿਚ ਇਸ ਨੂੰ ਸੁਜਾਤਪੁਰਾ ਗੁਰਦੁਆਰਾ ਵੀ ਕਿਹਾ ਜਾਂਦਾ ਹੈ। ਗੁਰੂ ਹਰਿਗੋਬਿੰਦ ਸਾਹਿਬ ਅਤੇ ਬਾਬਾ ਗੁਰਦਿੱਤਾ ਜੀ ਦੇ ਇਕ ਸਿੱਖ ਪ੍ਰਚਾਰਕ ਬਾਬਾ ਨੱਥਾ ਜੀ ਨੇ ਇਸ ਦੀ ਸਥਾਪਨਾ ਕੀਤੀ ਸੀ। ਇਸ ਗੁਰਦੁਆਰੇ ਸੰਬੰਧੀ ਜਾਣਕਾਰੀ ਦਿੰਦੇ ਹੋਏ ਗਿਆਨੀ ਗਿਆਨ ਸਿੰਘ ਦੱਸਦੇ ਹਨ ਕਿ ਢਾਕੇ ਵਿਖੇ ਗੁਰੂ ਨਾਨਕ ਦੇਵ ਜੀ ਦੇ ਮੁਖਾਰਬਿੰਦ ਤੋਂ ਸ਼ਬਦ ਸੁਣ ਕੇ ਬਹੁਤ ਸਾਰੇ ਲੋਕ ਉਹਨਾਂ ਦੇ ਸ਼ਰਧਾਲੂ ਬਣ ਗਏ, "ਬਾਬਾ ਜੀ ਦੀ ਸ਼ਕਤੀ ਦੀ ਧੁੰਮ ਪੈ ਗਈ। ਸਮਾਲ ਨਾਥ, ਰੇਵਾਦਾਸ, ਚੰਦਰ ਨਾਥ, ਨਰੈਣ ਦਾਸ, ਸ਼ੇਖ ਅਹਿਮਦ, ਨੱਥੇ ਸ਼ਾਹ, ਲੂਣੀਆਂ ਸਿੱਧ ਇਤਿਆਦਿਕ ਪੀਰ ਫਕੀਰ ਜੋ ਓਸ ਦੇਸ ਵਿਚ ਮੰਨੇ ਪ੍ਰਮੰਨੇ ਹੋਏ, ਬਾਬੇ ਜੀ ਪਾਸ ਚਰਚਾ ਕਰਨ ਆਏ, ਅਨੇਕ ਪ੍ਰਕਾਰ ਦੇ ਚਮਤਕਾਰੇ ਵਿੱਦਿਆ ਅਨੁਭਵ ਦੇ ਦੇਖੇ ਦਿਖਾਏ, ਪਰ ਬਾਬੇ ਦੀ ਬਾਣੀ ਰੂਪ ਗੰਗਾ ਦੇ ਪ੍ਰਵਾਹ ਅੱਗੇ ਸਭ ਵਹਿ ਗਏ, ਫੇਰ ਤਾਂ ਬਾਬੇ ਨਾਲ ਪੇਸ਼ ਜਾਂਦੀ ਨਾ ਦੇਖ ਕੇ ਪ੍ਰੇਮੀ ਬਣ ਗਏ। ਇਸਤ੍ਰੀ ਮਰਦ ਲੱਗੇ ਆਵਣ ਤੇ ਮੰਨਣ, ਪਹਿਲੇ ਓਹ ਸਭ ਨਰ ਨਾਰ ਸਿੰਘ, ਭੈਰੋਂ ਬੀਰ ਤੇ ਕੁਮੱਖਿਆ ਦੇਵੀ ਦੇ ਦਾਸ ਬਣੇ ਹੋਏ ਘਰ-ਘਰ ਮੂਰਤਾਂ ਦੀ ਪੂਜਾ ਕਰਦੇ ਸੇ, ਬਾਬੇ ਜੀ ਨੇ ਪ੍ਰੇਰ ਕੇ ਸਭ ਪਰਮੇਸ਼ਰ ਦੀ ਭਗਤੀ ਵਿਚ ਜੋੜ ਦਿੱਤਾ। ਓਥੇ ਹੁਣ ਭੀ ਨੱਥੇ ਸ਼ਾਹ ਦੀ ਧਰਮਸਾਲਾ ਵਿਚ ਬਾਬੇ ਦੇ ਪਲੰਘ ਦੀ ਸੇਵਾ ਪੂਜਾ ਹੁੰਦੀ ਹੈ ਮੈਂ ਦੇਖ ਆਇਆ ਹਾਂ, ਗੁਰੂ ਕੇ ਸਿੱਖ ਸਹਿਜਧਾਰੀ ਸ਼ਰਧਾ ਭਗਤੀ ਨੇਮ ਨਾਲ ਰੋਜ਼ ਕਥਾ ਕੀਰਤਨ ਸੰਤ ਸੇਵਾ ਸਤਸੰਗ ਕਰਦੇ ਹਨ।"[22]

ਇਸ ਗੁਰਦੁਆਰੇ ਦੇ ਅਹਾਤੇ ਵਿਚ ਇਕ ਖੂਹ ਲੱਗਾ ਹੋਇਆ ਹੈ ਜਿਹੜਾ ਕਿ ਗੁਰੂ ਨਾਨਕ ਦੇਵ ਜੀ ਦੇ ਸਮੇਂ ਦਾ ਦੱਸਿਆ ਜਾਂਦਾ ਹੈ। ਬਾਬਾ ਨੱਥਾ ਜੀ ਨੇ ਜਦੋਂ ਇਸ ਖੂਹ ਦੀ ਮੁਰੰਮਤ ਕਰਵਾਈ ਤਾਂ ਉਸ ਦੇ ਨਾਂ ਦਾ ਇਕ ਪੱਥਰ ਖੂਹ ਵਿਚ ਲਗਾ ਦਿੱਤਾ ਗਿਆ।

ਜੀ.ਬੀ. ਸਿੰਘ ਦੱਸਦੇ ਹਨ ਕਿ ਇਸ ਖੂਹ ਵਿਚ ਦੋ ਪੱਥਰ ਸਨ। ਜਿਸ ਪੱਥਰ ਉਤੇ ਇਸ ਖੂਹ ਦੀ ਖੁਦਾਈ ਦੀ ਤਰੀਕ ਉਕਰੀ ਹੋਈ ਸੀ, ਉਹ ਖੂਹ ਵਿਚ ਡਿਗ ਕੇ ਗਵਾਚ ਗਿਆ ਹੈ ਅਤੇ ਜਿਹੜਾ ਪੱਥਰ ਬਚਿਆ ਹੋਇਆ ਹੈ ਉਸ ’ਤੇ ਇਸ ਖੂਹ ਦੀ ਹੋਈ ਮੁਰੰਮਤ ਦੀ ਇਹ ਇਬਾਰਤ ਛਪੀ ਹੋਈ ਹੈ[23]:

ਸਚਿ ਵਾਹਿਗੁਰੂ ਕਰਤਾਰ ਗੁਰੂ ਨਾਨਕ
ਅਲਮਸਤ ਰਾਜ ਗੁਰੂ ਤਖਤ ਨਾਨਕ ਮਤਾ।
ਬਾਬਾ ਨਥਾ ਸਾਹਿਬ ਜੀ ਕੀ ਸੰਗਤਿ ਸੁਜਾਤਪੁਰ।
ਮਹੰਤ ਪ੍ਰੇਮ ਦਾਸ ਜੀ। ਇੰਦਾਰਾ ਮੁਰਮਤ ਸੰਮਤ 1890
ਸਨ ਤਾਰੀਖ 1240
(ਆਖ਼ਰੀ ਪੰਕਤੀ ਵਿਚ ਹਿਜਰੀ ਸੰਨ ਦੀ ਤਰੀਕ ਹੈ।)

ਢਾਕੇ ਦੇ ਇਸ ਗੁਰਦੁਆਰੇ ਦਾ ਜ਼ਿਕਰ ਭਾਈ ਧੰਨਾ ਸਿੰਘ ਚਹਿਲ ਨੇ ਵੀ ਕੀਤਾ ਹੈ ਜਿਹੜਾ ਪਟਿਆਲੇ ਤੋਂ ਸਾਈਕਲ ’ਤੇ ਗੁਰਧਾਮਾਂ ਦੇ ਦਰਸ਼ਨ ਕਰਨ ਗਿਆ ਅਤੇ 9 ਫਰਵਰੀ 1931 ਨੂੰ ਇਸ ਅਸਥਾਨ ’ਤੇ ਪੁੱਜਾ ਸੀ। ਇਸ ਗੁਰਦੁਆਰੇ ਸੰਬੰਧੀ ਜਾਣਕਾਰੀ ਦਿੰਦੇ ਹੋਏ ਇਹ ਦੱਸਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਨਾਂ ਤੇ ਇਹ ਗੁਰਦੁਆਰਾ ਰਮਨਾ (ਜਾਂ ਚਰਨ ਪਾਦੁਕਾ) ਦੇ ਨਾਂ ’ਤੇ ਪ੍ਰਸਿੱਧ ਹੈ। ਏਹ ਗੁਰਦੁਆਰਾ ਘੋੜਦੌੜ (ਰੇਸਕੋਰਸ) ਦੇ ਪਾਸ ਹੀ ਹੈ। ਇਸ ਗੁਰਦੁਆਰੇ ਦੀ ਜਗ੍ਹਾ ਹੀ ਗੁਰੂ ਜੀ ਨੇ ਆ ਕੇ ਬਿਸਰਾਮ ਕੀਤਾ ਸੀ। ਇਸ ਜਗ੍ਹਾ ’ਤੇ ਇਕ ਪੱਥਰ ਵਿਚ ਗੁਰੂ ਜੀ ਦੇ ਪਵਿਤ੍ਰ ਚਰਨਾਂ ਦੇ ਨਿਸ਼ਾਨ ਲੱਗੇ ਹੋਏ ਹਨ। ਉਸ ਪੱਥਰ ਦੀ ਤੇ ਚਰਨਾਂ ਦੀ ਅੱਜ-ਕਲ੍ਹ ਭੀ ਪੂਜਾ ਹੁੰਦੀ ਹੈ। ਇਸ ਅਸਥਾਨ ’ਤੇ ਗੁਰਦੁਆਰਾ ਬਣਿਆ ਹੋਇਆ ਹੈ ਤੇ ਬਿਜਲੀ ਵੀ ਲੱਗੀ ਹੋਈ ਹੈ। ਮੁਸਾਫਰਾਂ ਲਈ ਮਕਾਨ ਬਣੇ ਹੋਏ ਹਨ। ਇਸਦੇ ਨਾਂ ਲੱਗੀ ਹੋਈ ਜ਼ਮੀਨ ਅੱਜ-ਕਲ੍ਹ ਸਰਕਾਰ ਦੇ ਕਬਜ਼ੇ ਵਿਚ ਹੈ। ਕੁਝ ਰੁਪਏ ਭੀ ਸਰਕਾਰ ਦੇ ਖਜ਼ਾਨੇ ਵਿਚ ਜਮ੍ਹਾਂ ਹਨ। ਅੱਜ-ਕਲ੍ਹ ਜਟਾਂ ਵਾਲਾ ਇਕ ਉਦਾਸੀ ਇੱਥੇ ਰਹਿੰਦਾ ਹੈ ਜਿਸ ਨੂੰ ਸੁਲਫੇ ਤੇ ਤਮਾਕੂ ਪੀਣ ਤੋਂ ਸਵਾਏ ਹੋਰ ਕੰਮ ਹੀ ਨਹੀਂ ਹੈ।[24]

1958 ਦੇ ਅਖੀਰ ਵਿਚ ਡਾ. ਤ੍ਰਿਲੋਚਨ ਸਿੰਘ ਪੂਰਬੀ ਪਾਕਿਸਤਾਨ (ਮੌਜੂਦਾ ਬੰਗਲਾਦੇਸ਼) ਵਿਖੇ ਗੁਰਧਾਮਾਂ ਦੀ ਸਥਿਤੀ ਸੰਬੰਧੀ ਜਾਣਕਾਰੀ ਪ੍ਰਾਪਤ ਕਰਨ ਗਏ ਸਨ। ਲਗਪਗ ਇਕ ਮਹੀਨੇ ਦੀ ਇਸ ਯਾਤਰਾ ਦੌਰਾਨ ਇਹਨਾਂ ਨੂੰ ਜਿਥੇ ਪੂਰਬੀ ਪਾਕਿਸਤਾਨ ਦੇ ਗੁਰਧਾਮਾਂ ਨੂੰ ਨੇੜਿਓਂ ਦੇਖਣ ਦਾ ਮੌਕਾ ਮਿਲਿਆ ਉਥੇ ਇਹਨਾਂ ਨੇ ਇਥੋਂ ਦੇ ਮਾਰਸ਼ਲ ਲਾਅ ਦੇ ਆਗੂ ਮੇਜਰ-ਜਨਰਲ ਐਮ. ਉਮਰਾਓ ਖ਼ਾਨ ਨਾਲ ਲੰਮੀ ਮੁਲਾਕਾਤ ਵੀ ਕੀਤੀ। ਖ਼ੁਸ਼ੀ-ਖ਼ੁਸ਼ੀ ਭਾਰਤ ਵਾਪਸ ਆਏ ਡਾ. ਤ੍ਰਿਲੋਚਨ ਸਿੰਘ ਨੇ ਪੂਰਬੀ ਪਾਕਿਸਤਾਨ ਦੇ ਗੁਰਧਾਮਾਂ ਸੰਬੰਧੀ ਸਿੱਖਾਂ ਨੂੰ ਮਹੱਤਵਪੂਰਨ ਜਾਣਕਾਰੀ ਦਿੱਤੀ। ਰਮਨਾ ਗੁਰਦੁਆਰੇ ਸੰਬੰਧੀ ਇਹਨਾਂ ਨੇ ਦੱਸਿਆ ਕਿ ਉਥੋਂ ਦੇ ਇਕ ਵਕੀਲ ਮਿ. ਯਾਕੂਬ ਨੇ ਗੁਰਧਾਮ ’ਤੇ ਕਬਜ਼ਾ ਕਰਕੇ ਇਸ ਨੂੰ ਅੱਗੇ ਵੇਚ ਦਿੱਤਾ ਹੈ। ਹੁਣ ਇਹ ਗੁਰਧਾਮ ਮਿ. ਇਸਮਾਇਲ

ਕੋਲ ਹੈ। ਖ਼ੁਦਾ ਦਾ ਖ਼ੌਫ਼ ਰੱਖਣ ਵਾਲੇ ਇਸ ਸ਼ਖ਼ਸ ਨੂੰ ਜਦੋਂ ਇਹ ਪਤਾ ਲੱਗਿਆ ਕਿ ਇਹ ਕੋਈ ਧਾਰਮਿਕ ਅਸਥਾਨ ਹੈ ਤਾਂ ਉਸ ਨੇ ਇਸ ਅਸਥਾਨ ਨੂੰ ਬੰਦਗੀ ਦੇ ਰੂਪ ਵਿਚ ਵਰਤਣ ਦਾ ਮਨ ਬਣਾ ਲਿਆ। ਡਾ. ਸਾਹਿਬ ਨੇ ਦੱਸਿਆ ਕਿ ਮੈਨੂੰ ਇਹ ਦੇਖ ਕੇ ਹੈਰਾਨੀ ਹੋਈ ਕਿ ਇਸ ਨੇ ਗੁਰਧਾਮ ਦਾ ਅੰਦਰੂਨੀ ਸਰੂਪ ਉਸੇ ਤਰ੍ਹਾਂ ਹੀ ਕਾਇਮ ਰੱਖਿਆ ਹੋਇਆ ਹੈ।[25] ਇਸ ਗੁਰਦੁਆਰੇ ਸੰਬੰਧੀ ਸ. ਜਸਵੰਤ ਸਿੰਘ ਨੇ ਜਿਹੜੀ ਰਿਪੋਰਟ ਦਿੱਤੀ ਉਸ ਵਿਚ ਲਿਖਿਆ ਹੋਇਆ ਸੀ:

> The third Gurdwara which I visited at Dacca, was a temple founded by one Almast, a devotee of Guru Hargobind Sahib and Baba Gurditta. I was delighted to find some Gurmukhi inscriptions on the wall still existing. The Hindu Mahant fled away from there in the 1954 Hindu-Muslim riots after selling the part of property.[26]

ਸ. ਜੋਗਿੰਦਰ ਸਿੰਘ ਜੋਗੀ ਨੇ ਇਸ ਗੁਰਧਾਮ ਨੂੰ ਬਹੁਤ ਨੇੜਿਓਂ ਦੇਖਿਆ ਸੀ। ਪੂਰਬ ਦੇ ਗੁਰਧਾਮਾਂ ਸੰਬੰਧੀ ਇਹਨਾਂ ਦੀ ਜਾਣਕਾਰੀ ਇਤਿਹਾਸ ਦੇ ਪੰਨਿਆਂ ਨੂੰ ਅਮੀਰ ਬਣਾਉਂਦੀ ਹੈ। ਇਸ ਗੁਰਧਾਮ ਬਾਰੇ ਇਹ ਲੰਮੇ ਸਮੇਂ ਤੋਂ ਜਾਣਕਾਰੀ ਪ੍ਰਾਪਤ ਕਰ ਰਹੇ ਸਨ ਅਤੇ ਉਥੋਂ ਦੇ ਹਾਲਾਤਾਂ ਅਤੇ ਪ੍ਰਬੰਧ ਬਾਰੇ ਇਹਨਾਂ ਦੀ ਜਾਣਕਾਰੀ ਵਿਸ਼ਵਾਸਯੋਗ ਹੈ। ਇਸ ਗੁਰਧਾਮ ਬਾਰੇ ਇਹ ਦੱਸਦੇ ਹਨ:

> ਕਈ ਸਾਲ ਪਹਿਲਾਂ ਇਸ ਅਖਾੜੇ ਦੇ ਮਹੰਤ ਬਾਬਾ ਬਾਸੂਬਾ ਦਾਸ ਰਹੇ ਸਨ ਤੇ ਉਹਨਾਂ ਤੋਂ ਬਾਅਦ ਉਹਨਾਂ ਦਾ ਚੇਲਾ ਬਾਬਾ ਮੰਗਲ ਦਾਸ ਉਰਫ਼ ਦੇਵਦਾਸ ਇਸ ਅਖਾੜੇ ਦੇ ਮਹੰਤ ਬਣੇ। ਬਾਬਾ ਮੰਗਲ ਦਾਸ ਦੇ ਦੋ ਚੇਲੇ ਬਾਬਾ ਤ੍ਰਿਬੇਣੀ ਦਾਸ ਅਤੇ ਬਾਬਾ ਗੋਬਿੰਦ ਦਾਸ ਸਨ। ਬਾਬਾ ਮੰਗਲ ਦਾਸ ਨੇ ਆਪਣੇ ਜੀਵਨ ਕਾਲ ਵਿਚ ਹੀ ਬਾਬਾ ਤ੍ਰਿਬੇਣੀ ਦੱਖਣੀ ਭਾਰਤ ਦੇ ਧਰਮ ਅਸਥਾਨਾਂ ਦੀ ਯਾਤਰਾ ਵਾਸਤੇ ਚਲੇ ਗਏ ਸਨ। ਉਨ੍ਹਾਂ ਦੀ ਗੈਰਹਾਜ਼ਰੀ ਵਿਚ ਇਸ ਅਸਥਾਨ ਦੀ ਸੇਵਾ ਬਾਬਾ ਗੋਬਿੰਦ ਦਾਸ ਨੇ ਸੰਭਾਲੀ ਪ੍ਰੰਤੂ ਅਖਾੜੇ ਦੀ ਗੱਦੀ ਲਈ ਬਾਬਾ ਗੋਬਿੰਦ ਦਾਸ ਦੀ ਮਹੰਤ ਹਰਨਾਮ ਦਾਸ ਤੇ ਉਸ ਦੇ ਚੇਲਿਆਂ ਨਾਲ ਕਾਫ਼ੀ ਮੁਕੱਦਮੇਬਾਜ਼ੀ ਹੁੰਦੀ ਰਹੀ ਤੇ ਅਖੀਰ ਹਾਈ ਕੋਰਟ ਨੇ ਇਹ ਫੈਸਲਾ ਦਿੱਤਾ ਕਿ ਬਾਬਾ ਗੋਬਿੰਦ ਦਾਸ ਹੀ ਅਖਾੜੇ ਦੀ ਗੱਦੀ ਦੇ ਹੱਕਦਾਰ ਹਨ।... ਮਹੰਤ ਤ੍ਰਿਬੇਣੀ ਦਾਸ ਨੇ ਵਾਪਸ ਆ ਕੇ ਗੱਦੀ ਸੰਭਾਲ ਲਈ ਅਤੇ ਕੁਝ ਸਾਲ ਇਸ ਇਤਿਹਾਸਿਕ ਅਸਥਾਨ ਦੀ ਸੇਵਾ ਕਰਦੇ ਰਹੇ। ਹਿੰਦੁਸਤਾਨ ਦੀ ਵੰਡ ਤੋਂ ਪਿਛੋਂ ਮਹੰਤ ਤ੍ਰਿਬੇਣੀ ਦਾਸ ਦੂਸਰੀ ਵਾਰ ਤੀਰਥ ਯਾਤਰਾ 'ਤੇ ਗਏ ਪਰ ਫਿਰ ਵਾਪਸ ਨਹੀਂ ਆਏ। ਉਨ੍ਹਾਂ ਦੀ ਗੈਰ

ਹਾਜ਼ਰੀ ਵਿਚ ਬਾਬਾ ਸੁਰੈਣ (ਸਵਰਨ) ਸਿੰਘ ਨੇ ਇਹ ਸੇਵਾ ਸੰਭਾਲ ਲਈ।[27]

ਬਾਬਾ ਸਵਰਨ ਸਿੰਘ ਜਿੰਨਾ ਚਿਰ ਜਿਉਂਦੇ ਰਹੇ ਇਸ ਗੁਰਧਾਮ ਦੀ ਸੇਵਾ-ਸੰਭਾਲ ਕਰਦੇ ਰਹੇ। ਸਿੱਖ ਵੱਸੋਂ ਨਾ ਹੋਣ ਦੇ ਬਾਵਜੂਦ ਵੀ ਇਹ ਗੁਰਦੁਆਰਾ ਸਾਹਿਬ ਦੇ ਖ਼ਿਲਾਫ਼ ਹੋਣ ਵਾਲੀ ਹਰ ਸਾਜਿਸ਼ ਨੂੰ ਨਾਕਾਮ ਕਰ ਦਿੰਦੇ ਸਨ। 1960 ਦੇ ਦੌਰਾਨ ਢਾਕਾ ਯੂਨੀਵਰਸਿਟੀ ਬਣਾਉਣ ਲਈ ਸਰਕਾਰ ਨੇ ਇਸ ਗੁਰਦੁਆਰਾ ਸਾਹਿਬ ਦੀ ਜ਼ਮੀਨ ਗ੍ਰਹਿਣ ਕਰ ਲਈ ਜਿਸ ਦੇ ਵਿਰੁੱਧ ਬਾਬਾ ਸਵਰਨ ਸਿੰਘ ਨੇ ਅਦਾਲਤ ਵਿਚ ਮੁਕੱਦਮਾ ਕਰ ਦਿੱਤਾ। ਮੁਨਸਿਫ਼ ਅਦਾਲਤ ਤੋਂ ਬਾਅਦ ਉਤਲੀ ਅਦਾਲਤ ਵਿਚ ਇਹ ਕੇਸ ਹੋਇਆ ਤਾਂ ਫ਼ੈਸਲਾ ਸਵਰਨ ਸਿੰਘ ਦੇ ਹੱਕ ਵਿਚ ਹੋ ਗਿਆ।[28] ਸਰਕਾਰ ਨੇ ਉਸ ਦੇ ਵਿਰੁੱਧ ਹਾਈ ਕੋਰਟ ਵਿਚ ਮੁਕੱਦਮਾ ਕਰ ਦਿੱਤਾ। ਇਹ ਮੁਕੱਦਮਾ ਚੱਲ ਹੀ ਰਿਹਾ ਸੀ ਕਿ ਬੰਗਲਾਦੇਸ਼ ਦੀ ਅਜ਼ਾਦੀ ਲਈ ਭਾਰਤ-ਪਾਕਿ ਯੁੱਧ ਛਿੜ ਪਿਆ। ਬੰਗਲਾਦੇਸ਼ ਬਣਨ ਉਪਰੰਤ ਜਨਵਰੀ 1972 ਦੇ ਪਹਿਲੇ ਹਫ਼ਤੇ ਪਟਨਾ ਸਾਹਿਬ ਤੋਂ ਸਿੱਖਾਂ ਦਾ ਇਕ ਵਿਸ਼ੇਸ਼ ਵਫ਼ਦ ਉਥੇ ਮੌਜੂਦ ਗੁਰਧਾਮਾਂ ਦੀ ਜਾਣਕਾਰੀ ਪ੍ਰਾਪਤ ਕਰਨ ਗਿਆ ਤਾਂ ਇਹਨਾਂ ਨੇ ਆਪਣੀ ਰਿਪੋਰਟ ਵਿਚ ਇਸ ਗੁਰਦੁਆਰੇ ਬਾਰੇ ਦੱਸਿਆ ਕਿ "ਇਸ ਗੁਰਦੁਆਰੇ ਦਾ ਪੁਜਾਰੀ ਬਾਬਾ ਸੂਹਨ (ਸਵਰਨ) ਸਿੰਘ, ਜਿਸ ਦੀ ਉਮਰ ਕੋਈ 90 ਸਾਲ ਸੀ, 14 ਦਸੰਬਰ 1971 ਨੂੰ ਸ਼ਹੀਦ ਕਰ ਦਿੱਤਾ ਗਿਆ ਅਤੇ ਉਸ ਦੀ ਸਮਾਧ ਗੁਰਦੁਆਰੇ ਦੇ ਨਾਲ ਲੱਗਦੇ ਘਰ ਵਿਚ ਹੀ ਬਣਾਈ ਗਈ ਹੈ।"[29]

ਇਸੇ ਗੁਰਧਾਮ ਦਾ ਜ਼ਿਕਰ ਕਈ ਖੋਜੀਆਂ ਨੇ ਬਹੁਤ ਵਿਸਤਾਰ ਸਹਿਤ ਕੀਤਾ ਹੈ। ਮਾਰਚ 1974 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਗੁਰੂ ਨਾਨਕ ਅਧਿਐਨ ਵਿਭਾਗ ਵਿਖੇ ਕਾਰਜ ਕਰ ਰਹੇ ਦੋ ਖੋਜਾਰਥੀਆਂ, ਸ. ਰਘਬੀਰ ਸਿੰਘ ਟਾਕ ਅਤੇ ਸ. ਸਬਿੰਦਰਜੀਤ ਸਿੰਘ ਸਾਗਰ, ਨੇ ਇਸ ਗੁਰਦੁਆਰਾ ਸਾਹਿਬ ਦੀ ਯਾਤਰਾ ਕਰਕੇ ਇਸ ਦੀ ਮੌਜੂਦਾ ਸਥਿਤੀ ਸੰਬੰਧੀ ਇਹ ਵਰਨਨ ਕੀਤਾ:

> We went to congregation hall (30'x30') of the Gurdwara in which Guru Granth Sahib commanded a central place on a raised platform. The five feet wide circumbulatory path was around the platform in the hall. It had doors on the three sides. On the south was an open court-yard. There were three pucca residential rooms in its northern side. To the west of the congregation hall was a tank which did not contain water. In the centre of the tank was a *baoli*. There was an octagonal well, not in use now, at the eastern corner of the tank. The boundary walls on inner side were decorated with murals, which were now in a deplorable condition. The

> main door to the shrine was in the east, but it was not in use. The present approach road to the Gurdwara started from the western corner of Neelkheta Road.[30]

ਬੰਗਲਾਦੇਸ਼ ਦੀ ਅਜ਼ਾਦੀ ਉਪਰੰਤ ਉਥੋਂ ਦੀ ਸਰਕਾਰ ਨੇ ਸਿੱਖਾਂ ਪ੍ਰਤੀ ਨਰਮ ਰੁਖ ਧਾਰਨ ਕੀਤਾ ਅਤੇ ਇਹਨਾਂ ਨੂੰ ਬੰਗਲਾਦੇਸ਼ ਵਿਖੇ ਸਥਿਤ ਗੁਰਧਾਮਾਂ ਦੀ ਸਾਂਭ-ਸੰਭਾਲ ਦੀ ਖੁੱਲ੍ਹ ਦੇ ਦਿੱਤੀ। ਸਿੱਖਾਂ ਦਾ ਧਿਆਨ ਸਭ ਤੋਂ ਪਹਿਲਾਂ ਗੁਰਦੁਆਰਾ ਨਾਨਕਸ਼ਾਹੀ ਰਮਨਾ, ਢਾਕਾ ਵੱਲ ਗਿਆ। ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਗਿਆਨੀ ਗੁਰਬਚਨ ਸਿੰਘ[31] ਨੇ ਇਸ ਗੁਰਧਾਮ ਦੀ ਮੁਰੰਮਤ ਅਤੇ ਸਾਂਭ-ਸੰਭਾਲ ਕਰਨ ਦਾ ਕਾਰਜ ਅਰੰਭ ਕਰ ਦਿੱਤਾ। ਇਸ ਕਾਰਜ ਸੰਬੰਧੀ ਇਹ ਆਪਣੀ ਸਵੈ-ਜੀਵਨੀ ਵਿਚ ਲਿਖਦਾ ਹੈ:

> ਸ਼ੁਰੂ ਵਿਚ ਰਮਨਾ ਗੁਰੂ ਨਾਨਕ ਅਖਾੜਾ ਗੁਰਦੁਆਰੇ ਲਈ ਢਾਕੇ ਦੇ ਮੋਟਰ ਪਾਰਟਸ ਦੇ ਵਪਾਰੀਆਂ ਪਾਸੋਂ ਸ. ਅਮਰੀਕ ਸਿੰਘ ਜੀ ਬੀਰ ਕਲਕਤਾ ਦੀ ਪ੍ਰੇਰਨਾ ਨਾਲ ਲਗਪਗ 5000/- ਰੁਪਏ ਲੋਕਲ ਸ਼ਹਿਰ ਦੇ ਮੁਸਲਮਾਨਾਂ ਪਾਸੋਂ ਇਕੱਠੇ ਕਰਕੇ ਜ਼ਰੂਰੀ ਮੁਰੰਮਤਾਂ ਕਰਾ ਦਿੱਤੀਆਂ ਸਨ। ਲੋਗ ਦਰਵਾਜੇ ਆਦਿ ਕੱਢ ਕੇ ਲੈ ਗਏ ਸੀ ਤੇ ਹੋਰ ਜੜ੍ਹਾਂ ਬੂਟੀਆਂ ਨਾਲ ਕੰਧਾਂ ਨਸ਼ਟ ਹੋ ਰਹੀਆਂ ਸਨ। ਇਹ ਸੇਵਾ ਮੈਂ ਆਪਣੀ ਨਿਗਰਾਨੀ ਵਿਚ ਕਰਾਈ ਸੀ।[32]

ਬੰਗਲਾਦੇਸ਼ ਵਿਖੇ ਇਹੀ ਗੁਰਧਾਮ ਪ੍ਰਮੁੱਖ ਤੌਰ 'ਤੇ ਦੇਖਣ ਨੂੰ ਮਿਲਦਾ ਹੈ। ਢਾਕਾ ਯੂਨੀਵਰਸਿਟੀ ਦੀ ਚਾਰਦੀਵਾਰੀ ਦੇ ਨਾਲ ਸਥਿਤ ਇਸ ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ 1830 ਦੀ ਬਣੀ ਹੋਈ ਹੈ ਜਿਹੜੀ ਕਿ ਹਰ ਪੱਖੋਂ ਬਹੁਤ ਮਜ਼ਬੂਤ ਅਤੇ ਲੰਮਾ ਸਮਾਂ ਰਹਿਣ ਵਾਲੀ ਹੈ। ਇਸ ਗੁਰਧਾਮ ਵਿਖੇ ਸਿੱਖ ਧਰਮ ਨਾਲ ਸੰਬੰਧਿਤ ਕੁੱਝ ਪੁਰਾਤਨ ਨਿਸ਼ਾਨੀਆਂ ਵੀ ਸੰਭਾਲ ਕੇ ਰੱਖੀਆਂ ਹੋਈਆਂ ਹਨ ਜਿਨ੍ਹਾਂ ਦੇ ਸਿੱਖ ਸੰਗਤ ਨੂੰ ਦਰਸ਼ਨ ਕਰਵਾਏ ਜਾਂਦੇ ਹਨ। ਇਸ ਗੁਰਧਾਮ ਦੀਆਂ ਇਹ ਕੁੱਝ ਪ੍ਰਮੁੱਖ ਵਿਸ਼ੇਸ਼ਤਾਵਾਂ ਹਨ:

1. ਗੁਰੂ ਤੇਗ਼ ਬਹਾਦਰ ਜੀ ਦੀਆਂ ਖੜਾਵਾਂ ਜਿਹੜੀਆਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਅਸਥਾਨ ਦੇ ਪਿਛਲੇ ਪਾਸੇ ਦਰਸ਼ਨ ਕਰਨ ਲਈ ਰੱਖੀਆਂ ਹੋਈਆਂ ਹਨ।
2. ਗੁਰੂ ਤੇਗ਼ ਬਹਾਦਰ ਜੀ ਦੇ ਇਤਿਹਾਸਕ ਚਿੱਤਰ ਦੀ ਇਕ ਕਾਪੀ।
3. ਗੁਰੂ ਗ੍ਰੰਥ ਸਾਹਿਬ ਜੀ ਦਾ ਇਕ ਛੋਟਾ ਹੱਥਲਿਖਤ ਸਰੂਪ
4. ਗੁਰੂ ਗ੍ਰੰਥ ਸਾਹਿਬ ਜੀ ਦਾ ਵੱਡਾ ਹੱਥਲਿਖਤ ਸਰੂਪ। ਇਸ ਸਰੂਪ ਦੇ ਹਰ ਇਕ ਅੰਗ ਦੇ ਖਾਲੀ ਥਾਂ 'ਤੇ ਚੁਫ਼ੇਰੇ ਅਲੱਗ-ਅਲੱਗ ਰੰਗਾਂ ਦੀਆਂ ਚਾਰ-ਚਾਰ ਲਾਈਨਾਂ ਹਨ ਜਿਨ੍ਹਾਂ ਤੋਂ ਬਾਹਰ ਵਾਲੀ ਥਾਂ ਨੂੰ ਫੁੱਲਾਂ, ਪੌਦਿਆਂ, ਮੋਰ ਦੇ ਖੰਭਾਂ ਅਤੇ ਹੋਰ ਅਨੇਕਾਂ ਡਿਜ਼ਾਇਨਾਂ ਅਤੇ ਵਿਭਿੰਨ ਰੰਗਾਂ ਨਾਲ ਸਜਾਇਆ ਹੋਇਆ ਹੈ। ਕੁਝ ਪੰਨਿਆਂ ਤੋਂ ਬਾਅਦ ਇਹ ਡਿਜ਼ਾਈਨ ਅਤੇ ਕਲਾ ਬਦਲ

ਜਾਂਦੀ ਹੈ। ਲਗਪਗ 200 ਤੋਂ ਵਧੇਰੇ ਢੰਗ ਦੇ ਫੁੱਲਾਂ ਨਾਲ ਇਸ ਸਰੂਪ ਦੇ ਪੰਨਿਆਂ ਨੂੰ ਸਜਾਇਆ ਹੋਇਆ ਹੈ। ਇਸ ਬੀੜ ਵਿਚ ਦਸ ਗੁਰੂ ਸਾਹਿਬਾਨ ਦੇ ਜੋਤੀ ਜੋਤ ਸਮਾਉਣ ਦੀਆਂ ਤਰੀਕਾਂ ਲਿਖੀਆਂ ਹੋਈਆਂ ਹਨ।

ਗੁਰੂ ਗ੍ਰੰਥ ਸਾਹਿਬ ਜੀ ਦੇ ਦੋਵੇਂ ਸਰੂਪ ਬਹੁਤ ਬਿਰਧ ਹੋ ਚੁੱਕੇ ਹਨ ਅਤੇ ਹੁਣ ਇਹਨਾਂ ਦੇ ਅੰਗ ਭੁਰਨੇ ਸ਼ੁਰੂ ਹੋ ਗਏ ਹਨ। ਇਹਨਾਂ ਦੀ ਸੰਭਾਲ ਲਈ ਯਤਨ ਅਰੰਭ ਕੀਤੇ ਗਏ ਸਨ ਅਤੇ ਮਰਯਾਦਾ ਪੂਰਵਕ ਇਕ ਵਿਸ਼ੇਸ਼ ਕਮਰੇ ਵਿਚ ਇਹਨਾਂ ਨੂੰ ਰਸਾਇਣ ਵਿਧੀ ਰਾਹੀਂ ਸੰਭਾਲ ਕੇ ਰੱਖਣ ਦਾ ਕਾਰਜ ਅਰੰਭਿਆ ਗਿਆ ਸੀ ਪਰ ਇਹ ਕਾਰਜ ਵਿਚਕਾਰ ਹੀ ਰੁਕਿਆ ਹੋਇਆ ਹੈ। ਗੁਰਦੁਆਰਾ ਕਮੇਟੀ ਛੇਤੀ ਹੀ ਇਹ ਕਾਰਜ ਦੁਬਾਰਾ ਕਰਨ ਦੀ ਇੱਛੁਕ ਹੈ।

5. 30’×30’ ਦਾ ਬਣਿਆ ਹੋਇਆ ਪੁਰਾਤਨ ਹਾਲ 33 ਇੰਚ ਚੌੜੇ 16 ਥੰਮਾਂ ’ਤੇ ਖੜਾ ਹੈ ਅਤੇ ਇਸ ਦੀ ਸੰਭਾਲ ਲਈ ਪੰਜ ਫੁੱਟ ਦਾ ਬਰਾਂਡਾ ਬਣਾ ਕੇ ਉਸ ਨੂੰ ਵੀ ਬੰਦ ਕੀਤਾ ਹੋਇਆ ਹੈ। ਇਸ ਗੁਰਧਾਮ ਦੇ ਵਿਚਕਾਰ ਸਾਢੇ ਪੰਜ ਫੁੱਟ ਵਰਗਾਕਾਰ ਦੀ ਸੰਗਮਰਮਰ ਦੀ ਪਾਲਕੀ ਸਸ਼ੋਭਿਤ ਹੈ ਜਿਸ ਦੇ ਪਿਛਲੇ ਪਾਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੁੱਖ-ਆਸਨ ਅਸਥਾਨ ਹੈ। ਇਸ ਅਸਥਾਨ ’ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਜ ਸਰੂਪ ਗੁਰਮੁਖੀ ਭਾਸ਼ਾ ਦੇ ਅਤੇ ਇਕ ਸਰੂਪ ਹਿੰਦੀ ਭਾਸ਼ਾ ਵਿਚ ਸੰਭਾਲ ਕੇ ਰੱਖਿਆ ਹੋਇਆ ਹੈ। ਸ੍ਰੀ ਗੁਰਮਤ ਪ੍ਰੈਸ ਅੰਮ੍ਰਿਤਸਰ ਤੋਂ 1934 ਵਿਚ, 1428 ਪੰਨਿਆਂ ਵਾਲਾ, ਛਪਿਆ ਹੋਇਆ ਦਸਮ ਗ੍ਰੰਥ ਦਾ ਇਕ ਛੋਟਾ ਸਰੂਪ ਵੀ ਇਥੇ ਸੰਭਾਲ ਕੇ ਰੱਖਿਆ ਹੋਇਆ ਹੈ ਜਿਸ ਦੇ ਪਹਿਲੇ ਪੰਨੇ ’ਤੇ ਲਿਖਿਆ ਹੋਇਆ ਹੈ, “ੴ ਸਤਿਗੁਰ ਪ੍ਰਸਾਦਿ॥ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ॥ ਇਨ੍ਹਾਂ ਦੀ ਸੁਧਾਈ ਉਸ ਬੀੜ ਨਾਲ ਕੀਤੀ ਗਈ ਹੈ ਜੋ ਕਿ ਸੰ: 1952 ਬਿਕ੍ਰਮੀ ਨੂੰ ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਅੰਮ੍ਰਿਤਸਰ ਜੀ ਵਿਖੇ ਸੋਧਕ-ਕਮੇਟੀ ਨੇ ਸੋਧੀ ਸੀ।”

ਬੰਗਲਾਦੇਸ਼ ਦੀ ਸਰਕਾਰ ਬਣਨ ਉਪਰੰਤ ਗੁਰਧਾਮਾਂ ਦੀ ਬਕਾਇਦਾ ਸਾਂਭ-ਸੰਭਾਲ ਹੋਣ ਲੱਗੀ ਤਾਂ ਇਸ ਗੁਰਦੁਆਰਾ ਸਾਹਿਬ ਦੀ ਨੁਹਾਰ ਬਦਲ ਗਈ। ਭਾਰਤ ਤੋਂ ਸਿੱਖ ਸੰਗਤ ਇਹਨਾਂ ਗੁਰਧਾਮਾਂ ਦੀ ਯਾਤਰਾ ’ਤੇ ਜਾਣ ਲੱਗੀ ਅਤੇ ਇਥੇ ਗੁਰਪੁਰਬ ਮਨਾਏ ਜਾਣ ਲੱਗੇ। ਭਾਰਤ ਤੋਂ ਗ੍ਰੰਥੀ ਸਿੰਘ ਇਥੇ ਮਰਯਾਦਾ ਪੂਰਵਕ ਸੇਵਾ ਨਿਭਾਉਣ ਲਈ ਜਾਂਦੇ ਹਨ। ਬੰਗਲਾਦੇਸ਼ ਜਾਣ ਲਈ ਇਹਨਾਂ ਨੂੰ ਤਿੰਨ ਮਹੀਨੇ ਦਾ ਵੀਜ਼ਾ ਮਿਲਦਾ ਹੈ ਅਤੇ ਤਿੰਨ ਮਹੀਨੇ ਵਿਚ ਇਕ ਵਾਰੀ ਵਾਪਸ ਆ ਕੇ ਇਹ ਫਿਰ ਦੁਬਾਰਾ ਉਥੇ ਜਾ ਕੇ ਸੇਵਾ ਕਰ ਸਕਦੇ ਹਨ। ਹਰ ਸ਼ੁਕਰਵਾਰ ਨੂੰ ਇਥੇ ਸੰਗਤ ਜੁੜਦੀ ਹੈ ਅਤੇ ਵੱਡੀ ਗਿਣਤੀ ਵਿਚ ਹਿੰਦੂ, ਮੁਸਲਮਾਨ ਅਤੇ ਸਿੱਖ ਸ਼ਰਧਾਲੂ ਇਥੇ ਹਾਜ਼ਰੀ ਭਰਦੇ ਅਤੇ ਲੰਗਰ ਛੱਕਦੇ ਹਨ।

50-60 ਯਾਤਰੂਆਂ ਲਈ ਰਿਹਾਇਸ਼ ਦਾ ਪ੍ਰਬੰਧ ਵੀ ਹੈ। ਗੁਰਦੁਆਰਾ ਸਾਹਿਬ ਦੇ ਮੁੱਖ ਗੇਟ ਰਾਹੀਂ ਅੰਦਰ ਵੱਲ ਜਾਂਦੇ ਹੋਏ ਖੱਬੇ ਹੱਥ ਇਕ ਸਿੱਖ ਰਿਸਰਚ ਸੈਂਟਰ ਕਾਇਮ ਕੀਤਾ ਹੋਇਆ ਹੈ। 25 ਜੁਲਾਈ 2008 ਨੂੰ ਇਸ ਦਾ ਨੀਂਹ ਪੱਥਰ ਰੱਖਿਆ ਗਿਆ ਸੀ ਅਤੇ 17 ਅਪ੍ਰੈਲ 2009 ਨੂੰ ਇਸ ਦਾ ਉਦਘਾਟਨ ਕੀਤਾ ਗਿਆ ਸੀ। ਇਥੇ ਲੱਗੇ ਹੋਏ ਪੱਥਰਾਂ ਤੋਂ ਪਤਾ ਲੱਗਦਾ ਹੈ ਕਿ ਢਾਕਾ ਯੂਨੀਵਰਸਿਟੀ ਦੇ ਦੋ ਵਾਈਸ ਚਾਂਸਲਰ ਪ੍ਰੋ. ਸਮਾ ਫ਼ੈਜ਼ ਅਤੇ ਪ੍ਰੋ. ਆਮ ਸਰਫ਼ਿਨ ਸਿਦੀਕ, ਢਾਕਾ ਯੂਨੀਵਰਸਿਟੀ ਦੇ ਡਿਪਾਰਟਮੈਂਟ ਆਫ਼ ਵਰਲਡ ਰਿਲੀਜਨਜ਼ ਦੇ ਮੋਢੀ ਡਾ. ਕਾਜ਼ੀ ਨੂਰੁਲ ਇਸਲਾਮ, ਇਸ ਕੇਂਦਰ ਨਾਲ ਜੁੜੇ ਰਹੇ ਹਨ, ਇਹਨਾਂ ਦੇ ਯਤਨਾਂ ਨਾਲ ਹੀ ਇਹ ਸੈਂਟਰ ਸਥਾਪਿਤ ਹੋਇਆ ਦੱਸਿਆ ਜਾਂਦਾ ਹੈ। ਪੰਜਾਬ ਦੇ ਤਰਨਤਾਰਨ ਜ਼ਿਲ੍ਹੇ ਵਿਚ ਪੈਂਦੇ ਪਿੰਡ ਸਰਹਾਲੀ ਦੀ ਸੰਤ ਬਾਬਾ ਤਾਰਾ ਸਿੰਘ ਦੁਆਰਾ ਸਥਾਪਿਤ ਕੀਤੀ ਸੰਪ੍ਰਦਾਇ ਕਾਰ-ਸੇਵਾ ਦੁਆਰਾ ਇਸ ਇਮਾਰਤ ਦੀ ਉਸਾਰੀ ਕਰਵਾਈ ਗਈ ਹੈ। ਇਸ ਇਮਾਰਤ ਦੀ ਜ਼ਮੀਨੀ ਮੰਜ਼ਿਲ 'ਤੇ ਗੁਰਦੁਆਰਾ ਪ੍ਰਬੰਧਕ ਕਮੇਟੀ, ਬੰਗਲਾਦੇਸ਼ ਦੇ ਦਫ਼ਤਰ ਨਾਲ ਸੰਬੰਧਿਤ ਦੋ ਕਮਰੇ ਅਤੇ ਇਕ ਛੋਟਾ ਜਿਹਾ ਹਾਲ ਮੌਜੂਦ ਹੈ। ਹਾਲ ਵਿਚ ਗੁਰਦੁਆਰਾ ਸਾਹਿਬ ਨਾਲ ਸੰਬੰਧਿਤ ਪੁਰਾਤਨ ਤਸਵੀਰਾਂ ਲੱਗੀਆਂ ਹੋਈਆਂ ਹਨ ਅਤੇ ਨਾਲ ਹੀ ਗੁਰੂ ਤੇਗ਼ ਬਹਾਦਰ ਜੀ ਦੀ ਅਸਲ ਤਸਵੀਰ ਦੀ ਪੇਂਟਿੰਗ ਦੁਆਰਾ ਤਿਆਰ ਕੀਤੀ ਇਕ ਕਾਪੀ ਵੀ ਮੌਜੂਦ ਹੈ। ਇਸ ਹਾਲ ਵਿਚ ਸਟੀਲ ਦਾ ਇਕ ਬੋਰਡ ਵੀ ਲੱਗਿਆ ਹੋਇਆ ਹੈ ਜਿਸ 'ਤੇ ਇਹ ਇਬਾਰਤ ਲਿਖੀ ਹੋਈ ਹੈ:

63 Cavalry

The Ghost Regiment

1971 ਦੀ ਲੜਾਈ ਵਿਚ ਫਾਈਵ ਇੰਡੀਪੈਂਡੰਟ ਆਰਮਡ ਸਕਾਡਨ (63 ਕੈਵਲਰੀ) ਇੰਡੀਅਨ ਆਰਮੀ ਦੀ ਪਹਿਲੀ ਆਰਮਡ ਟੁਕੜੀ ਸੀ ਜੋ ਢਾਕਾ ਪਹੁੰਚੀ। ਢਾਕਾ ਯੂਨੀਵਰਸਿਟੀ ਗਰਾਊਂਡ ਪਹੁੰਚਣ ਤੋਂ ਬਾਅਦ ਉਹਨਾਂ ਨੇ ਦੇਖਿਆ ਕਿ ਗੁਰਦੁਆਰਾ ਨਾਨਕ ਸ਼ਾਹੀ ਦੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਤਬਾਹ ਕੀਤਾ ਗਿਆ ਤੇ ਗ੍ਰੰਥੀ ਸਿੰਘ ਨੂੰ ਮਾਰ ਕੇ ਗੁਰਦੁਆਰਾ ਸਾਹਿਬ ਨੂੰ ਤਹਿਸ ਨਹਿਸ ਕੀਤਾ ਗਿਆ। 63 ਕੈਵਲਰੀ ਦੇ ਵੀਰਾਂ ਨੇ ਸਭ ਤੋਂ ਪਹਿਲਾਂ ਸਰੋਵਰ ਨੂੰ ਸਾਫ਼ ਕੀਤਾ ਅਤੇ ਉਸ ਤੋਂ ਬਾਅਦ ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਲਿਆ ਕਰ ਕੇ ਗੁਰਦੁਆਰਾ ਸਾਹਿਬ ਵਿਚ ਪ੍ਰਕਾਸ਼ ਕੀਤਾ। ਉਸ ਤੋਂ ਬਾਅਦ ਜੋ ਪਹਿਲੀ ਅਰਦਾਸ ਹੋਈ ਉਸ ਵਿਚ ਬੰਗਲਾਦੇਸ਼ ਦੇ ਰਾਸ਼ਟਰਪਤੀ ਸ੍ਰੀ ਸੱਯਦ ਨਜ਼ਰੂਲ ਇਸਲਾਮ ਅਤੇ ਮੁੱਖ ਮੰਤਰੀ ਤਾਜ਼ੂਦੀਨ ਸ਼ਾਹੀ ਸ਼ਾਮਿਲ ਹੋਏ। ਇਹ ਸਾਡੀ ਬੰਗਲਾਦੇਸ਼ ਦੀ ਮੁਕਤੀ ਦੇ ਲੰਬੇ ਚਾਰ ਦਹਾਕੇ ਬਾਅਦ ਗੁਰਦੁਆਰਾ ਨਾਨਕ ਸ਼ਾਹੀ ਨਾਲ ਜੁੜਨ ਦੀ ਯਾਦ। ਲੈਫਟੀਨੈਂਟ ਜਨਰਲ ਕੇ ਜੇ ਸਿੰਘ, ਪੀ ਵੀ ਐਸ ਐਮ, ਏ ਵੀ ਐਸ ਐਮ ਅਤੇ ਸਾਰੇ ਰੈਂਕ 63 ਕੈਵਲਰੀ।

ਗੁਰਦੁਆਰਾ ਸਾਹਿਬ ਵਿਖੇ ਸਥਿਤ ਇਸ ਸੈਂਟਰ ਨੂੰ ਕਾਰਜਸ਼ੀਲ ਕਰਨ ਦੀ ਲੋੜ

ਹੈ ਅਤੇ ਇਸ ਕਾਰਜ ਲਈ ਢਾਕਾ ਯੂਨੀਵਰਸਿਟੀ ਦੀ ਸਹਾਇਤਾ ਲੈਣੀ ਲਾਹੇਵੰਦ ਸਾਬਿਤ ਹੋ ਸਕਦੀ ਹੈ। ਢਾਕਾ ਯੂਨੀਵਰਸਿਟੀ ਵਿਖੇ ਡਿਪਾਰਟਮੈਂਟ ਆਫ਼ ਵਰਲਡ ਰਿਲੀਜਨਸ ਸਫ਼ਲਤਾ ਪੂਰਬਕ ਚੱਲ ਰਿਹਾ ਹੈ ਅਤੇ ਇਥੇ ਪੜ੍ਹਨ ਵਾਲੇ ਵਿਦਿਆਰਥੀ ਸਿੱਖ ਧਰਮ ਨਾਲ ਸੰਬੰਧਿਤ ਜਾਣਕਾਰੀ ਪ੍ਰਾਪਤ ਕਰਨ ਦੇ ਇੱਛੁਕ ਹਨ। ਇਹਨਾਂ ਵਿਚੋਂ ਬਹੁਤੇ ਵਿਦਿਆਰਥੀ ਬੰਗਲਾ ਭਾਸ਼ਾ ਰਾਹੀਂ ਸਿੱਖਿਆ ਪ੍ਰਾਪਤ ਕਰ ਰਹੇ ਹਨ ਅਤੇ ਇਸੇ ਭਾਸ਼ਾ ਨੂੰ ਚੰਗੀ ਤਰ੍ਹਾਂ ਸਮਝ ਸਕਦੇ ਹਨ। ਬੰਗਲਾ ਅਤੇ ਸਿੱਖ ਧਰਮ ਬਾਰੇ ਜਾਣਕਾਰੀ ਰੱਖਣ ਵਾਲੇ ਵਿਦਵਾਨਾਂ ਰਾਹੀਂ ਇਸ ਸੈਂਟਰ ਨੂੰ ਕਿਰਿਆਸ਼ੀਲ ਬਣਾਇਆ ਜਾਣਾ ਚਾਹੀਦਾ ਹੈ।

ਗੁਰਦੁਆਰਾ ਸਾਹਿਬ ਦੇ ਪਿਛਲੇ ਪਾਸੇ ਅਤੇ ਖੱਬੇ ਹੱਥ ਦੋ ਵੱਡੇ ਹਾਲ ਹਨ ਜਿਨ੍ਹਾਂ ਵਿਚ ਹਰ ਸ਼ੁਕਰਵਾਰ ਵਾਲੇ ਦਿਨ ਸੰਗਤ ਨੂੰ ਲੰਗਰ ਛਕਾਇਆ ਜਾਂਦਾ ਹੈ। ਖੱਬੇ ਹੱਥ ਬਣੇ ਹੋਏ ਲੰਗਰ ਹਾਲ ਦੇ ਉਤੇ ਇਕ ਵੱਡਾ ਦਰਬਾਰ ਹਾਲ ਅਤੇ ਉਸ ਤੋਂ ਉਪਰਲੀ ਮੰਜ਼ਿਲ 'ਤੇ ਯਾਤਰੂਆਂ ਦੇ ਨਿਵਾਸ ਲਈ ਕਮਰੇ ਬਣੇ ਹੋਏ ਹਨ। ਸੰਪ੍ਰਦਾਇ ਕਾਰ ਸੇਵਾ ਸਰਹਾਲੀ ਸਾਹਿਬ, ਪੰਜਾਬ, ਠਕਰਾਲ ਪਰਿਵਾਰ ਸਿੰਘਾਪੁਰ ਅਤੇ ਢਾਕਾ ਗੁਰਦਵਾਰਾ ਸੰਗਤ ਦੁਆਰਾ ਸਾਂਝੇ ਤੌਰ 'ਤੇ ਉਸਾਰੀ ਗਈ ਇਸ ਇਮਾਰਤ ਦਾ ਉਦਘਾਟਨ 21 ਨਵੰਬਰ 2008 ਨੂੰ ਬੰਗਲਾਦੇਸ਼ ਵਿਖੇ ਭਾਰਤ ਦੇ ਹਾਈ ਕਮਿਸ਼ਨਰ ਮਿ. ਪੀਨਕ ਰੰਜਨ ਚਕਰਵਰਤੀ ਨੇ ਕੀਤਾ ਸੀ।

2. **ਗੁਰਦੁਆਰਾ ਸੰਗਤ ਟੋਲਾ:** ਇਹ ਗੁਰਦੁਆਰਾ ਗੁਰੂ ਤੇਗ਼ ਬਹਾਦਰ ਜੀ ਨਾਲ ਸੰਬੰਧਿਤ ਹੈ। ਢਾਕੇ ਦੇ ਬੰਗਲਾ ਬਜ਼ਾਰ ਵਿਚ ਸਥਿਤ ਇਹ ਅਸਥਾਨ ਕਿਸੇ ਸਮੇਂ ਪੂਰਬ ਦੇ ਮਸੰਦ ਬੁਲਾਕੀ ਦਾਸ ਦਾ ਘਰ ਹੁੰਦਾ ਸੀ। ਜਦੋਂ ਗੁਰੂ ਜੀ ਢਾਕਾ ਪੁੱਜੇ ਤਾਂ ਮਹੰਤ ਬੁਲਾਕੀ ਦਾਸ ਨੇ ਇਲਾਕੇ ਦੀ ਸੰਗਤ ਨੂੰ ਸੂਚਨਾ ਭੇਜ ਕੇ ਬੁਲਾ ਲਿਆ ਸੀ। ਗੁਰੂ ਜੀ ਦੇ ਸਵਾਗਤ ਅਤੇ ਸਤਿਕਾਰ ਲਈ ਦੂਰ-ਦੁਰਾਡਿਉਂ ਸੰਗਤ ਢਾਕਾ ਪੁੱਜੀ। ਗੁਰੂ ਜੀ ਨੇ ਲੰਮਾ ਸਮਾਂ ਇਸ ਅਸਥਾਨ 'ਤੇ ਨਿਵਾਸ ਕੀਤਾ ਸੀ। ਗੁਰੂ ਜੀ ਦੇ ਇਸ ਅਸਥਾਨ ਤੋਂ ਅੱਗੇ ਜਾਣ ਉਪਰੰਤ ਇੱਥੇ ਸੰਗਤ ਨਿਰੰਤਰ ਜੁੜਦੀ ਰਹੀ ਹੈ। ਗੁਰਬਾਣੀ ਪਾਠ ਅਤੇ ਕੀਰਤਨ ਕਰਨ ਲਈ ਸੰਗਤ ਦਾ ਇਸ ਅਸਥਾਨ 'ਤੇ ਇਕੱਤਰ ਹੋਣ ਕਰਕੇ ਇਸ ਦਾ ਨਾਂ ਸੰਗਤ ਟੋਲਾ ਪ੍ਰਸਿੱਧ ਹੋ ਗਿਆ।

ਬੁਲਾਕੀ ਦਾਸ ਦੀ ਬਿਰਧ ਮਾਤਾ ਲੰਮੇ ਸਮੇਂ ਤੋਂ ਗੁਰੂ ਤੇਗ਼ ਬਹਾਦਰ ਜੀ ਦਾ ਇੰਤਜ਼ਾਰ ਕਰ ਰਹੀ ਸੀ, ਉਸ ਦੀ ਕਾਮਨਾ ਪੂਰੀ ਹੋਈ। ਉਸ ਨੇ ਹੱਥੀਂ ਸੂਤ ਕੱਤ ਕੇ ਗੁਰੂ ਜੀ ਵਾਸਤੇ ਇਕ ਕੀਮਤੀ ਪੁਸ਼ਾਕ ਬਣਾ ਰੱਖੀ ਸੀ, ਉਹ ਭੇਟ ਕੀਤੀ। ਗੁਰੂ ਜੀ ਨੇ ਪੁਸ਼ਾਕ ਧਾਰਨ ਕੀਤੀ ਅਤੇ ਭਾਈ ਬੁਲਾਕੀ ਦਾਸ ਨੂੰ ਧਰਮਸਾਲ ਬਣਾ ਕੇ ਗੁਰਮਤਿ ਪ੍ਰਚਾਰ ਦਾ ਆਦੇਸ਼ ਕੀਤਾ।[33] ਢਾਕੇ ਦਾ ਇਹ ਮਸੰਦ ਲੰਮੀ ਉਮਰ ਤੱਕ ਗੁਰਮਤਿ ਪ੍ਰਚਾਰ ਕਰਦਾ ਰਿਹਾ। ਭਾਈ ਬੁਲਾਕੀ ਦਾਸ ਦੀ ਮਾਤਾ ਜੀ ਨੇ ਇੱਥੇ ਗੁਰੂ ਜੀ ਦੀ ਇਕ ਤਸਵੀਰ ਤਿਆਰ ਕਰਵਾਈ ਦੱਸੀ ਜਾਂਦੀ ਹੈ। ਕਿਹਾ ਜਾਂਦਾ ਹੈ ਕਿ ਚਿੱਤਰਕਾਰ ਨੇ ਤਸਵੀਰ ਤਾਂ ਬਹੁਤ ਵਧੀਆ ਤਿਆਰ ਕਰ ਦਿੱਤੀ ਪਰ ਉਸ ਤੋਂ ਗੁਰੂ ਜੀ ਦੇ ਚਿਹਰੇ ਵਿਚ ਰੰਗ ਨਹੀਂ

ਭਰਿਆ ਜਾ ਰਿਹਾ ਸੀ ਜਿਸ ਕਰਕੇ ਇਹ ਤਸਵੀਰ ਸੰਪੂਰਨ ਨਹੀਂ ਹੋ ਰਹੀ ਸੀ। ਜਦੋਂ ਗੁਰੂ ਜੀ ਨੇ ਚਿੱਤਰਕਾਰ ਦੀ ਇਸ ਦੁਬਿਧਾ ਨੂੰ ਮਹਿਸੂਸ ਕੀਤਾ ਤਾਂ, ਸਰੂਪ ਦਾਸ ਭੱਲਾ ਅਨੁਸਾਰ, ਗੁਰੂ ਜੀ ਨੇ ਆਪਣੀ ਤਸਵੀਰ ਮੁਕੰਮਲ ਕਰਕੇ ਬਿਰਧ ਮਾਤਾ ਜੀ ਨੂੰ ਸੌਂਪ ਦਿੱਤੀ।[34] 1975 ਵਿਚ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦੀ ਤੀਜੀ ਸ਼ਤਾਬਦੀ ਮੌਕੇ ਇਹ ਤਸਵੀਰ ਭਾਰਤ ਲਿਆਂਦੀ ਗਈ ਸੀ।[35] ਇਸ ਅਸਥਾਨ 'ਤੇ ਗੁਰੂ ਸਾਹਿਬਾਨ ਦੀਆਂ ਜਿਹੜੀਆਂ ਹੋਰ ਨਿਸ਼ਾਨੀਆਂ ਸੰਭਾਲ ਕੇ ਰੱਖੀਆਂ ਹੋਈਆਂ ਸਨ, ਉਹਨਾਂ ਦਾ ਵੇਰਵਾ ਜੀ.ਬੀ. ਸਿੰਘ ਨੇ ਇਸ ਤਰ੍ਹਾਂ ਦਿੱਤਾ ਗਿਆ ਹੈ[36]:

1. Half a dozen old letters, some of which are in the handwriting of Guru Tegh Bahadur and Guru Gobind Singh.
2. A copy of Granth Sahib made in Sambat 1732 A.D. to say the third earliest and the first complete copy known
3. A beautifully illuminated copy in bold type and made about Nawab Serajuddoula's time, and some other books differing considerably from printed editions of them that are available now.

ਕੇਸਰ ਸਿੰਘ ਮੁਲਤਾਨੀ ਨੇ ਗੁਰੂ ਤੇਗ਼ ਬਹਾਦਰ ਜੀ ਦੀ ਢਾਕਾ ਦੀ ਪ੍ਰਚਾਰ ਯਾਤਰਾ ਸੰਬੰਧੀ ਵਿਸਤਾਰ ਪੂਰਵਕ ਜਾਣਕਾਰੀ ਦਿੱਤੀ ਹੈ। ਗੁਰੂ ਸਾਹਿਬ ਦੇ ਜੀਵਨ ਬ੍ਰਿਤਾਂਤ ਸੰਬੰਧੀ ਉਸ ਦੀ ਪਹਿਲੀ ਪੁਸਤਕ 1917 ਵਿਚ ਹਿੰਦੀ ਭਾਸ਼ਾ ਵਿਚ ਛਪੀ ਸੀ ਜਿਸ ਦਾ ਛੇਤੀ ਪਿਛੋਂ ਪੰਜਾਬੀ ਵਿਚ ਅਨੁਵਾਦ ਕਰ ਦਿੱਤਾ ਗਿਆ। ਇਸ ਪੁਸਤਕ ਵਿਚ ਦੱਸਿਆ ਗਿਆ ਹੈ ਕਿ ਗੁਰੂ ਜੀ ਨੇ ਇਥੋਂ ਅੱਗੇ ਜਾਣ ਤੋਂ ਪਹਿਲਾਂ ਬੁਲਾਕੀ ਦਾਸ ਨੂੰ ਉਪਦੇਸ਼ ਦਿੱਤਾ ਕਿ "ਤੁਮਾਰਾ ਪ੍ਰੇਮ ਦੇਖ ਕਰ ਹਮ ਇਤਨੀ ਦੂਰ ਆਏ ਹੈਂ। ਸੋ ਅਬ ਤੁਮ ਯਹਾਂ ਪਰ ਏਕ ਧਰਮਸ਼ਾਲ ਬਨਵਾਓ। ਉਸ ਮੇਂ ਮਿਲ ਬੈਠ ਕਰ ਕੀਰਤਨ ਕਰੋ। ਸਤਗੁਰ ਕੇ ਪਰਵੋਂ ਪਰ ਕੜਾਹ ਪ੍ਰਸਾਦ ਬਨਾਓ ਔਰ ਅਰਦਾਸ ਕਰਕੇ ਸਬ ਸੰਗਤ ਮੇਂ ਬਾਂਟ ਖਾਯਾ ਕਰੋ ਔਰ ਆਏ ਅਤਿਥੀ ਕੀ ਸੇਵਾ ਕੀਆ ਕਰੋ।"[37] ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਇਥੇ ਰਾਮ ਸਿੰਘ ਹਲਵਾਈ ਸੇਵਾ-ਸੰਭਾਲ ਕਰਿਆ ਕਰਦਾ ਸੀ।[38]

ਪਟਿਆਲੇ ਦੇ ਭਾਈ ਧੰਨਾ ਸਿੰਘ ਸਾਈਕਲ ਯਾਤਰੂ ਨੇ ਇਸ ਅਸਥਾਨ ਦਾ ਜ਼ਿਕਰ ਕਰਦੇ ਹੋਏ ਦੱਸਿਆ ਹੈ ਕਿ ਇਹ ਗੁਰਦੁਆਰਾ ਬੰਗਲਾ ਬਜ਼ਾਰ ਵਿਖੇ ਸ਼ਹਿਰ ਦੇ ਵਿਚ ਸਥਿਤ ਹੈ। ਇਸ ਜਗ੍ਹਾ ਇਕ ਮਾਈ ਦਾ ਮਕਾਨ ਸੀ ਜਿਹੜੀ ਕਿ ਸਾਫ ਜਗ੍ਹਾ ਤਿਆਰ ਕਰਕੇ ਉਤੇ ਚਿੱਟੀ ਚਾਦਰ ਪਾ ਕੇ ਰੋਜ਼ਾਨਾ ਪੂਜਾ ਤੇ ਧੂਪ ਵਗੈਰਾ ਕਰਦੀ ਰਹੀ ਤੇ ਵਾਹਿਗੁਰੂ ਨੂੰ ਹਮੇਸ਼ਾਂ ਯਾਦ ਕਰਦੀ ਰਹੀ ਹੈ। ਇਹ ਕਹਿੰਦੀ ਰਹੀ ਕੇ ਜੋ ਅੱਜ-ਕਲ੍ਹ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੀ ਗੱਦੀ ਉਤੇ ਹੈ ਅਗਰ ਸੱਚੇ ਗੁਰੂ ਤੇ ਪੂਰੇ ਹੈ ਤਾਂ ਇਸ ਜਗ੍ਹਾ ਨੂੰ ਆ ਕੇ ਤਾਰਨ ਤੇ ਮੈਨੂੰ ਆ ਕੇ ਦਰਸ਼ਨ ਦੇਣ। ਲੰਮੇ ਸਮੇਂ ਤੋਂ ਗੁਰੂ ਜੀ ਦੀ

ਬੰਦਗੀ ਵਿਚ ਰਹਿ ਰਹੀ ਸੀ। ਅੰਤ ਨੂੰ ਗੁਰੂ ਤੇਗ਼ ਬਹਾਦਰ ਜੀ ਆਏ ਤੇ ਮਾਤਾ ਜੀ ਦੀ ਚੁਰਾਸੀ ਕੱਟੀ। ਮਾਤਾ ਜੀ ਦੇ ਮਕਾਨ ਵਿਚ ਹੀ ਗੁਰਦੁਆਰਾ ਹੈ। ਇਸ ਗੁਰਦੁਆਰੇ ਨੂੰ ਜਗੀਰ ਵਗੈਰਾ ਕੋਈ ਨਹੀਂ ਹੈ। ਇਸ ਗੁਰਦੁਆਰੇ ਦੇ ਪੁਜਾਰੀ ਭਾਈ ਰਾਮ ਸਿੰਘ ਜੀ ਸ੍ਰੀ ਪਟਨਾ ਸਾਹਿਬ ਜੀ ਦੇ ਸਿੰਘਾਂ ਵਿਚੋਂ ਹਨ। ਇਹਨਾਂ ਦੇ ਪੁੱਤ ਨੌਕਰੀਆਂ ਕਰਦੇ ਹਨ ਅਤੇ ਇਸ ਨੇ ਹਲਵਾਈ ਦੀ ਦੁਕਾਨ ਖੋਲ ਰੱਖੀ ਹੈ। ਇਸ ਤਰ੍ਹਾਂ ਇਹ ਆਪਣਾ ਗੁਜ਼ਾਰਾ ਅਤੇ ਆਏ ਗਏ ਸਿੱਖ ਦੀ ਸੇਵਾ ਕਰਦੇ ਹਨ, ਰਿਹਾਇਸ਼ ਅਤੇ ਲੰਗਰ ਦਾ ਬਹੁਤ ਵਧੀਆ ਇੰਤਜ਼ਾਮ ਹੈ। ਕੋਈ ਯਾਤਰੂ 10 ਜਾਂ 12 ਦਿਨ ਠਹਿਰੇ ਕੋਈ ਬੰਦਸ਼ ਨਹੀਂ ਹੈ। ਬਹੁਤ ਸੇਵਾ ਕਰਦੇ ਹਨ।[39]

ਢਾਕੇ ਦੀ ਸਿੱਖ ਸੰਗਤ ਨੂੰ ਹਜ਼ੂਰੀ ਸੰਗਤ ਕਿਹਾ ਜਾਂਦਾ ਹੈ। ਗੁਰੂ ਜੀ ਇੱਥੇ ਹੀ ਮੌਜੂਦ ਸਨ ਜਦੋਂ ਉਹਨਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਪਟਨਾ ਸਾਹਿਬ ਵਿਖੇ ਪ੍ਰਕਾਸ਼ ਹੋਣ ਦੀ ਖ਼ਬਰ ਮਿਲੀ ਸੀ। ਇਸ ਅਸਥਾਨ ਦਾ ਮਹੱਤਵ ਹੋਰ ਵੀ ਵੱਧ ਜਾਂਦਾ ਹੈ ਜਦੋਂ ਇੱਥੇ ਗੁਰੂ ਸਾਹਿਬ ਨਾਲ ਜੁੜੀਆਂ ਹੋਈਆਂ ਨਿਸ਼ਾਨੀਆਂ ਦੇ ਦਰਸ਼ਨ ਕਰਦੇ ਹਾਂ। ਜੀ.ਬੀ. ਸਿੰਘ ਨੇ 1915 ਵਿਚ ਦੱਸਿਆ ਸੀ ਕਿ ਇੱਥੇ ਗੁਰੂ ਸਾਹਿਬਾਨ ਨਾਲ ਸੰਬੰਧਿਤ ਬਹੁਤ ਸਾਰੀਆਂ ਨਿਸ਼ਾਨੀਆਂ ਮੌਜੂਦ ਸਨ ਜਿਨ੍ਹਾਂ ਵਿਚੋਂ ਹੁਕਮਨਾਮੇ ਪ੍ਰਮੁੱਖ ਹਨ। ਉਹਨਾਂ ਨੇ ਛੇ ਹੁਕਨਾਮਿਆਂ ਬਾਰੇ ਜਾਣਕਾਰੀ ਦਿੱਤੀ ਸੀ ਪਰ ਅਜ਼ਾਦੀ ਤੋਂ ਬਾਅਦ ਪਾਕਿਸਤਾਨ ਅਧੀਨ ਆ ਜਾਣ 'ਤੇ ਇਥੋਂ ਦੀ ਹਾਲਤ ਪੂਰੀ ਤਰ੍ਹਾਂ ਬਦਲ ਗਈ ਸੀ। ਡਾ. ਤ੍ਰਿਲੋਚਨ ਸਿੰਘ ਨੇ ਇੱਥੇ ਮੌਜੂਦ ਇਹਨਾਂ ਨਿਸ਼ਾਨੀਆਂ ਦਾ ਜ਼ਿਕਰ ਕੀਤਾ ਹੈ[40]:

1. A very old painting of Guru Tegh Bahadur Ji.
2. A letter of Guru Gobind Singh Ji dated 1694 A.D.
3. A number of old recensions of Adi Granth.

ਲੰਮੇ ਸਮੇਂ ਤੱਕ ਇਸ ਗੁਰਦੁਆਰੇ ਦਾ ਪ੍ਰਬੰਧ ਬੀਬੀ ਕੰਚਨ ਦੇਵੀ ਦੁਆਰਾ ਕੀਤਾ ਜਾਂਦਾ ਰਿਹਾ। ਢਾਕੇ ਜਾਣ ਵਾਲੇ ਲਗਪਗ ਸਮੂਹ ਵਫ਼ਦ 105 ਸਾਲ ਉਮਰ ਭੋਗ ਕੇ ਅਕਾਲ ਚਲਾਣਾ ਕੀਤੀ ਇਸ ਬੀਬੀ ਦੇ ਦਰਸ਼ਨ ਕਰਦੇ ਰਹੇ ਹਨ। ਬੰਗਾਲ ਦੀ ਜੰਮਪਲ ਇਹ ਬੀਬੀ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਦੀ ਪਤਨੀ ਸੀ। ਪਤੀ ਦੇ ਅਕਾਲ ਚਲਾਣਾ ਕਰ ਜਾਣ ਉਪਰੰਤ ਇਹ ਗੁਰਦੁਆਰਾ ਸਾਹਿਬ ਦੀ ਸਾਂਭ-ਸੰਭਾਲ ਕਰਦੀ ਰਹੀ। ਢਾਕਾ ਵਾਸੀ ਕੰਚਨ ਦੇਵੀ ਨੂੰ ਸਿਖ਼ਰ ਮਾਂ, ਭਾਵ ਸਿੱਖਾਂ ਦੀ ਮਾਤਾ, ਕਹਿ ਕੇ ਸਤਿਕਾਰ ਦਿੰਦੇ ਸਨ। 1971 ਦੇ ਆਖ਼ਰੀ ਮਹੀਨੇ ਭਾਰਤ-ਪਾਕਿ ਯੁੱਧ ਅਰੰਭ ਹੋ ਜਾਣ ਨਾਲ ਇਸ ਨੂੰ ਬੰਗਲਾਦੇਸ਼ ਤੋਂ ਪੱਛਮੀ ਬੰਗਾਲ ਦੇ ਕਲਕੱਤਾ ਸ਼ਹਿਰ ਵਿਚ ਭੇਜ ਦਿੱਤਾ ਗਿਆ ਸੀ ਜਿਥੇ ਇਹ ਦਮ-ਦਮ ਇਲਾਕੇ ਦੇ ਗੁਰਦੁਆਰੇ ਦੇ ਨੇੜੇ ਹੀ ਆਪਣੇ ਪੁੱਤਰ ਸ. ਕਿਰਪਾਲ ਸਿੰਘ[41] ਕੋਲ ਆ ਗਈ ਸੀ ਜਿਹੜਾ ਕਿ ਪਾਕਿਸਤਾਨ ਬਣਨ ਸਮੇਂ ਬਹੁਤ ਪਹਿਲਾਂ ਹੀ ਇੱਥੇ ਆ ਗਿਆ ਸੀ। ਭਾਰਤ ਵਿਚ ਕਲਕੱਤੇ ਵਿਖੇ ਗੁਰਦੁਆਰਾ ਦਮ-ਦਮ ਨੇੜੇ ਇਸ ਨੇ ਆਪਣਾ ਨਿਵਾਸ ਕਰ ਲਿਆ ਸੀ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਜਿਹੜੀ ਬੀੜ ਇਹ

ਆਪਣੇ ਨਾਲ ਲਿਆਇਆ ਸੀ, ਉਹ ਵੀ ਇਸ ਨੇ ਇਸੇ ਗੁਰਦੁਆਰਾ ਸਾਹਿਬ ਵਿਖੇ ਸੰਭਾਲ ਦਿੱਤੀ ਸੀ। ਕਲਕੱਤੇ ਦੇ ਗੁਰਦੁਆਰਾ ਦਮ-ਦਮ ਦੇ ਨੇੜੇ ਹੀ ਨਿਵਾਸ ਕਰਨ ਵਾਲੇ ਸ. ਜਗਮੋਹਨ ਸਿੰਘ ਗਿੱਲ ਨੇ ਦੱਸਿਆ ਕਿ ਜਦੋਂ ਸ. ਕਿਰਪਾਲ ਸਿੰਘ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲੈ ਕੇ ਇਸ ਗੁਰਦੁਆਰਾ ਸਾਹਿਬ ਵਿਖੇ ਆਇਆ ਤਾਂ ਉਸ ਸਮੇਂ ਇਸ ਦੇ ਪਿਤਾ ਸੁਰਗਵਾਸੀ ਸ. ਕਰਤਾਰ ਸਿੰਘ ਗਿੱਲ ਇਸ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸਨ। ਉਹਨਾਂ ਦੱਸਿਆ ਕਿ ਹੁਣ ਇਹ ਬੀੜ ਉਥੇ ਮੌਜੂਦ ਨਹੀਂ ਹੈ।

ਸ. ਜਸਵੰਤ ਸਿੰਘ ਨੇ ਇਸ ਗੁਰਦੁਆਰਾ ਸਾਹਿਬ ਸੰਬੰਧੀ ਆਪਣੀ ਰਿਪੋਰਟ ਵਿਚ ਦੱਸਿਆ ਕਿ ਇਸ ਗੁਰਦੁਆਰੇ ਨੂੰ ਹੌਲੀ-ਹੌਲੀ ਹਨੂਮਾਨ ਮੰਦਰ ਵਿਚ ਤਬਦੀਲ ਕੀਤਾ ਜਾ ਰਿਹਾ ਹੈ। ਇੱਥੇ ਸੰਭਾਲ ਕੇ ਰੱਖੀ ਹੋਈ ਇਕ ਵੱਡੀ ਬੀੜ ਨੂੰ ਢਾਕਾ ਵਿਖੇ ਭਾਰਤ ਦੇ ਪੁਲਿਟੀਕਲ ਸੈਕਟਰੀ ਮਿ. ਰਾਏ ਦੇ ਯਤਨਾਂ ਸਦਕਾ ਭਾਰਤ ਭੇਜਿਆ ਜਾ ਚੁੱਕਾ ਹੈ ਅਤੇ ਹੁਣ ਇੱਥੇ ਇਕ ਹੁਕਮਨਾਮਾ ਹੀ ਮੌਜੂਦ ਹੈ। ਨਿਸ਼ਾਨ ਸਾਹਿਬ ਦੇ ਦੁਆਲੇ ਵੱਡੀ ਗਿਣਤੀ ਵਿਚ ਹਿੰਦੂ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਰੱਖੀਆਂ ਹੋਈਆਂ ਹਨ। ਗੁਰੂ ਗ੍ਰੰਥ ਸਾਹਿਬ ਜੀ ਦਾ ਇਕ ਸਰੂਪ ਮੌਜੂਦ ਹੈ ਜਿਸ ਦੀ ਮਰਯਾਦਾ ਅਨੁਸਾਰ ਸਾਂਭ-ਸੰਭਾਲ ਨਹੀਂ ਹੋ ਰਹੀ।[42]

ਬੰਗਲਾਦੇਸ਼ ਬਣਨ ਉਪਰੰਤ ਇਸ ਗੁਰਦੁਆਰਾ ਸਾਹਿਬ ਸੰਬੰਧੀ ਸਭ ਤੋਂ ਪਹਿਲੀ ਜਾਣਕਾਰੀ ਫੌਜ ਦੇ ਇਕ ਸਿਪਾਹੀ ਸ. ਰਜਿੰਦਰ ਸਿੰਘ ਨੂੰ ਮਿਲੀ। ਉਸ ਨੇ ਆਪਣੇ ਅਫ਼ਸਰਾਂ ਨਾਲ ਇਹ ਜਾਣਕਾਰੀ ਸਾਂਝੀ ਕੀਤੀ ਤਾਂ ਇਸ ਅਸਥਾਨ ਦੀ ਸੇਵਾ-ਸੰਭਾਲ ਦਾ ਕਾਰਜ ਅਰੰਭ ਹੋ ਗਿਆ। ਇਸ ਕਾਰਜ ਲਈ ਸਭ ਤੋਂ ਪਹਿਲੀ ਜ਼ਿੰਮੇਵਾਰੀ ਸ. ਰਜਿੰਦਰ ਸਿੰਘ ਨੂੰ ਸੌਂਪੀ ਗਈ ਜਿਸ ਤੋਂ ਬਾਅਦ ਇਸ ਅਸਥਾਨ ਦੀ ਸੇਵਾ-ਸੰਭਾਲ ਲਈ ਤਖ਼ਤ ਸ੍ਰੀ ਪਟਨਾ ਸਾਹਿਬ ਦਾ ਇਕ ਸੇਵਾਦਾਰ ਨਿਯੁਕਤ ਕਰ ਦਿੱਤਾ ਗਿਆ। ਇਸ ਅਸਥਾਨ ਦੀ ਦਸ਼ਾ ਸੰਬੰਧੀ ਜਿਹੜੀ ਜਾਣਕਾਰੀ ਪ੍ਰਾਪਤ ਹੁੰਦੀ ਹੈ ਉਸ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਖੋਜਾਰਥੀਆਂ ਦੁਆਰਾ ਮਹੱਤਵਪੂਰਨ ਤੱਥ ਪੇਸ਼ ਕੀਤੇ ਗਏ। 1974 ਵਿਚ ਇਸ ਗੁਰਧਾਮ ਦੀ ਯਾਤਰਾ ਕਰਨ ਉਪਰੰਤ ਇਹਨਾਂ ਨੇ ਦੱਸਿਆ ਹੈ:

> The present building of small bricks was built about a hundred years ago on the collapse of the former one, said to have been built during the reign of Emperor Aurangzeb. The old building is said to have been an imposing one. As we entered the shrine, we found two big rooms, on the right side, in a very deplorable condition. Another two rooms on the left side had been repaired to make them worth residing. On the back of the former two rooms there were two more rooms with attached kitchens. Adjoining them was an old

> well, which was still in use. There were two rooms on the western side of the compound and on the extreme south was a huge open court-yard with a *neem* tree in its centre. There were stairs leading to the hall at the first floor in the centre of which was enthroned the *Granth Sahib*. Opposite the hall there were three rooms. Out of these three one was being used by the *granthi* for his residence. The other two rooms were vacant and were reserved for the visitors. The covered area on the ground floor was under the occupation of some Muslim tenants who were paying nominal rent.[43]

2010 ਵਿਚ ਇੰਜਨੀਅਰ ਸਤਨਾਮ ਸਿੰਘ ਧਨੋਆ ਨੇ ਇਸ ਅਸਥਾਨ ਦੀ ਯਾਤਰਾ ਕੀਤੀ ਤਾਂ ਉਹਨਾਂ ਨੇ ਇਸ ਅਸਥਾਨ ਸੰਬੰਧੀ ਆਪਣੇ ਅਨੁਭਵ ਸਾਂਝੇ ਕਰਦੇ ਹੋਏ ਦੱਸਿਆ:

> ਗੁਰੂ ਘਰ ਦੇ ਪ੍ਰਵੇਸ਼ ਵਾਸਤੇ ਇਕ ਛੋਟਾ ਜਿਹਾ ਪੁਰਾਣਾ ਦਰਵਾਜ਼ਾ ਹੈ। ਦਰਵਾਜ਼ੇ ਅੰਦਰ ਪ੍ਰਵੇਸ਼ ਕਰਦਿਆਂ ਸਾਹਮਣੇ ਪੌੜੀਆਂ ਨਜ਼ਰ ਆਈਆਂ। ਉਨ੍ਹਾਂ ਰਾਹੀਂ ਦੂਸਰੀ ਮੰਜ਼ਿਲ ’ਤੇ ਪਹੁੰਚੇ। ਉਥੇ ਇਕ ਹਾਲ ਕਮਰਾ ਬਣਿਆ ਹੋਇਆ ਹੈ ਜਿਸ ਦੀ ਬਾਲਿਆਂ ਵਾਲੀ ਛੱਤ ਹੈ ਅਤੇ ਇਸ ਦੇ ਦੋ ਪਾਸੇ ਵਰਾਂਡਾ ਬਣਿਆ ਹੋਇਆ ਹੈ। ਇਥੇ ਹੀ ਭਾਈ ਪਿਆਰਾ ਸਿੰਘ ਵੱਲੋਂ ਹਰ ਰੋਜ਼ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਹੈ। ਖਸਤਾ ਹਾਲ ਵਿਚ ਪਹੁੰਚ ਚੁੱਕੀ ਇਮਾਰਤ ਦੇ ਹੇਠਾਂ ਬਣੇ ਕੁੱਝ ਮਕਾਨਾਂ ਵਿਚ ਕਿਰਾਏਦਾਰ ਰਹਿ ਰਹੇ ਹਨ। ਇਕ ਵਕੀਲ ਅਨੀਲ ਸਰਕਾਰ ਵੀ ਇਥੇ ਕਾਫ਼ੀ ਸਮੇਂ ਤੋਂ ਰਹਿੰਦਾ ਹੈ। ਨਾਲ ਦੇ ਕੁੱਝ ਮਕਾਨਾਂ ਦੀਆਂ ਛੱਤਾਂ ਡਿੱਗ ਚੁੱਕੀਆਂ ਹਨ, ਜਿਨ੍ਹਾਂ ਉਪਰ ਟੀਨਾਂ ਪਾ ਕੇ ਸਮਾਂ ਟਪਾਇਆ ਜਾ ਰਿਹਾ ਹੈ। ਇਥੇ 5-6 ਪਰਿਵਾਰ ਕਿਰਾਏਦਾਰ ਹਨ ਜੋ 1999 ਤੱਕ ਕਿਰਾਏ ਦਿੰਦੇ ਰਹੇ ਪਰ ਹੁਣ ਕਿਰਾਇਆ ਨਹੀਂ ਦੇ ਰਹੇ।[44]

ਮੌਜੂਦਾ ਸਮੇਂ ਵਿਚ ਇਹ ਗੁਰਧਾਮ ਬਹੁਤ ਹੀ ਖਸਤਾ ਹਾਲਤ ਵਿਚ ਹੈ ਅਤੇ ਇਥੇ ਕਿਸੇ ਸਮੇਂ ਵੀ ਨੁਕਸਾਨ ਹੋ ਸਕਦਾ ਹੈ। ਛੱਤਾਂ ਦੇ ਬਾਲਿਆਂ ਅਤੇ ਬਾਰੀਆਂ ਦੀਆਂ ਚੁਗਾਠਾਂ ਨੂੰ ਘੁਣ ਲੱਗਿਆ ਹੋਇਆ ਹੈ। ਕੁੱਝ ਨਵੇਂ ਬਾਲੇ ਪਾ ਕੇ ਛੱਤ ਨੂੰ ਡਿੱਗਣ ਤੋਂ ਬਚਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਗੁਰਦੁਆਰਾ ਸਾਹਿਬ ਦੀ ਸਾਂਭ-ਸੰਭਾਲ ਲਈ ਕੋਈ ਸੇਵਾਦਾਰ ਜਾਂ ਗ੍ਰੰਥੀ ਮੌਜੂਦ ਨਹੀਂ ਹੈ ਅਤੇ ਗੁਰਦੁਆਰਾ ਨਾਨਕਸ਼ਾਹੀ ਰਮਨਾ ਤੋਂ ਹੀ ਕਦੇ-ਕਦੇ ਬਾਹਰੋਂ ਆਉਣ ਵਾਲੇ ਸ਼ਰਧਾਲੂਆਂ ਨੂੰ ਦਰਸ਼ਨ ਕਰਾਉਣ ਲਈ ਗ੍ਰੰਥੀ ਸਿੰਘ ਉਥੇ ਜਾਂਦਾ ਹੈ। ਗੁਰਦੁਆਰਾ ਸਾਹਿਬ ਦੀ ਜ਼ਮੀਨ ’ਤੇ ਲਗਪਗ 10-11 ਪਰਿਵਾਰਾਂ ਨੇ

ਕਬਜ਼ਾ ਕੀਤਾ ਹੋਇਆ ਹੈ ਉਹਨਾਂ ਵਿਚੋਂ ਪੰਜ ਪਰਿਵਾਰਾਂ ਕੋਲੋਂ ਜ਼ਮੀਨ ਖਾਲੀ ਕਰਵਾ ਲਈ ਗਈ ਹੈ। ਇਸ ਜਗ੍ਹਾ ਨੂੰ ਖਾਲੀ ਕਰਾਉਣ ਲਈ ਇਕ ਕਰੋੜ ਦੀ ਮਾਇਕ ਸਹਾਇਤਾ ਠਕਰਾਲ ਪਰਿਵਾਰ ਸਿੰਘਾਪੁਰ ਵੱਲੋਂ ਕੀਤੀ ਗਈ। ਗੁਰਦੁਆਰੇ ਦੀ ਜਗ੍ਹਾ 'ਤੇ ਕੁੱਝ ਹਿੰਦੂ ਪਰਿਵਾਰਾਂ ਦੇ ਆ ਕੇ ਵਸ ਜਾਣ ਅਤੇ ਹਰਜਾਨਾ ਲੈ ਕੇ ਇਥੋਂ ਨਿਕਲਣ ਦੀ ਘਟਨਾ ਦਾ ਜ਼ਿਕਰ ਕਰਦੇ ਹੋਏ ਸ੍ਰੀ ਤਪਨ ਬੈਨਰਜੀ ਦੱਸਦਾ ਹੈ:

> 1947 ਦੀ ਦੇਸ਼-ਵੰਡ ਸਮੇਂ ਕੁੱਝ ਹਿੰਦੂ ਪਰਿਵਾਰਾਂ ਨੇ ਆਪਣੀ ਸੁਰੱਖਿਆ ਵਾਸਤੇ ਇਸ ਗੁਰਦੁਆਰੇ ਦਾ ਸਹਾਰਾ ਲਿਆ ਸੀ। ਪਹਿਲਾਂ ਤਾਂ ਇਹ ਕਿਰਾਇਆ ਦਿੰਦੇ ਸਨ ਪਰ ਬੰਗਲਾਦੇਸ਼ ਦੀ ਅਜ਼ਾਦੀ ਉਪਰੰਤ ਉਹ ਇਥੋਂ ਦੇ ਮਾਲਕ ਬਣ ਬੈਠੇ। 7 ਪਰਿਵਾਰ ਹੀ ਗੁਰਦੁਆਰੇ ਦੀ ਜਗ੍ਹਾ ਛੱਡਣ ਲਈ ਤਿਆਰ ਹਨ ਪਰ ਇਸ ਕਾਰਜ ਲਈ ਉਹ ਵੱਡੀ ਰਕਮ ਦੀ ਆਸ ਰੱਖਦੇ ਹਨ। ਸਿੰਘਾਪੁਰ ਦੇ ਵਸਨੀਕ ਠਕਰਾਲ ਬ੍ਰਦਰਜ਼ ਉਹਨਾਂ ਨੂੰ ਕੁੱਝ ਰਕਮ ਦੇ ਕੇ ਗੁਰਦੁਆਰਾ ਖਾਲੀ ਕਰਾਉਣਾ ਚਾਹੁੰਦੇ ਹਨ ਅਤੇ ਇਸ ਕਾਰਜ ਲਈ ਉਹਨਾਂ ਨੇ ਗੁਰਦੁਆਰਾ ਸਾਹਿਬ ਨੂੰ 1 ਕਰੋੜ ਰੁਪਈਆ ਦਾਨ ਵੀ ਦਿੱਤਾ ਹੈ।[45]

ਇਸ ਅਸਥਾਨ ਨੂੰ ਖਾਲੀ ਕਰਾਉਣ ਦਾ ਕਾਰਜ ਮਾਤਾ ਅਮਰ ਕੌਰ ਮੈਮੋਰੀਅਲ ਸੇਵਾ ਸੁਸਾਇਟੀ (ਰਜਿ.) ਧਨੋਆ, ਮੁਕੇਰੀਆਂ ਦੁਆਰਾ ਬੰਗਲਾਦੇਸ਼ ਦੀ ਯਾਤਰਾ ਲਈ ਲੈ ਕੇ ਗਏ ਤੀਜੇ ਜਥੇ ਦੇ ਮੈਂਬਰਾਂ ਨੇ ਕੀਤਾ। ਛੇ ਪਰਿਵਾਰ ਹਾਲੇ ਵੀ ਉਥੇ ਮੌਜੂਦ ਹਨ ਜਿਨ੍ਹਾਂ ਤੋਂ ਜ਼ਮੀਨ ਖਾਲੀ ਕਰਵਾ ਕੇ ਗੁਰਦੁਆਰਾ ਸਾਹਿਬ ਦੀ ਪੁਨਰ-ਉਸਾਰੀ ਕੀਤੀ ਜਾਣੀ ਚਾਹੀਦੀ ਹੈ ਤਾਂ ਕਿ ਗੁਰੂ ਤੇਗ਼ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਵਿਰਾਸਤ ਦੀ ਸੁਯੋਗ ਤਰੀਕੇ ਨਾਲ ਸਾਂਭ-ਸੰਭਾਲ ਹੋ ਸਕੇ। ਗੁਰਦੁਆਰਾ ਸਾਹਿਬ ਵਿਖੇ ਇਕ ਪੁਰਾਤਨ ਖੂਹ ਤੋਂ ਬਿਨਾਂ ਹੋਰ ਕੋਈ ਨਿਸ਼ਾਨੀ ਮੌਜੂਦ ਨਹੀਂ ਹੈ।

3. **ਗੁਰਦੁਆਰਾ ਰੇਅਰ ਬਜ਼ਾਰ:** ਇਹ ਗੁਰਦੁਆਰਾ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਹੈ। ਜਦੋਂ ਗੁਰੂ ਜੀ ਇਸ ਅਸਥਾਨ 'ਤੇ ਆਏ ਤਾਂ ਇੱਥੇ ਘੁਮਿਆਰਾਂ ਦੇ ਘਰ ਸਨ ਜਿਹੜੇ ਕਿ ਮਿੱਟੀ ਦੀਆਂ ਵਸਤਾਂ ਬਣਾ ਕੇ ਆਪਣਾ ਗੁਜ਼ਾਰਾ ਕਰਦੇ ਸਨ। ਇਕ ਪੁਰਾਤਨ ਖੂਹ ਗੁਰੂ ਨਾਨਕ ਦੇਵ ਜੀ ਦੀ ਇਸ ਅਸਥਾਨ 'ਤੇ ਆਉਣ ਦੀ ਯਾਦ ਦਿਵਾਉਂਦਾ ਹੈ ਜਿਸ ਦਾ ਜ਼ਿਕਰ ਢਾਕੇ ਨਾਲ ਸੰਬੰਧਿਤ ਲਿਖਤਾਂ ਵਿਚ ਮਿਲਦਾ ਹੈ:

> Out in the waste, half hidden in bramble growth, a well and a broken arch are the only visible signs of the Sikh monastery that once flourished here. The well is known as Guru Nanak's Well, after Guru Nanak, the founder of the Sikh religion. There is a local tradition that the great teacher once visited Dacca and drank from this well, to the waters of which

miraculous properties have ever since been attributed.[46]

ਇਸ ਖੂਹ ਨਾਲ ਬੰਗਾਲ ਦੇ ਲੋਕਾਂ ਦੀ ਭਾਵਨਾਤਮਿਕ ਸਾਂਝ ਸੀ ਅਤੇ ਦੂਰੋ-ਦੂਰੋਂ ਲੋਕ ਇਸ ਖੂਹ ਦਾ ਜਲ ਲੈਣ ਵਾਸਤੇ ਆਉਂਦੇ ਸਨ। 1912 ਵਿਚ ਛਪੇ ਹੋਏ *ਢਾਕਾ ਗਜ਼ਟੀਅਰ* ਵਿਚ ਵੀ ਇਸ ਖੂਹ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਮਿਲਦਾ ਹੈ ਜਿਸ ਵਿਚ ਕਿਹਾ ਗਿਆ ਹੈ:

> The pious Sikhs still visit the ruins at Jafarabad where there is a well whose waters are thought to have curative powers.[47]

ਜੀ.ਬੀ. ਸਿੰਘ ਨੇ ਇਸ ਅਸਥਾਨ ਦੀ ਯਾਤਰਾ ਕੀਤੀ ਤਾਂ ਉਹ ਵੀ ਇਸ ਖੂਹ ਨੂੰ ਦੇਖਣ ਗਏ। ਇਥੋਂ ਦੇ ਅੱਖੀਂ ਦੇਖੇ ਹਾਲਾਤ ਅਤੇ ਆਲੇ-ਦੁਆਲੇ ਦੇ ਲੋਕਾਂ ਦੇ ਮਨ ਵਿਚ ਇਸ ਅਸਥਾਨ ਸੰਬੰਧੀ ਵਿਚਾਰਾਂ ਨੂੰ ਇਹਨਾਂ ਨੇ ਕਲਮਬੰਦ ਕੀਤਾ ਹੈ। ਇਸ ਅਸਥਾਨ ਸੰਬੰਧੀ ਜਾਣਕਾਰੀ ਦਿੰਦੇ ਹੋਏ ਇਹ ਦੱਸਦੇ ਹਨ:

> The temple of Dhakeshwari, one of the most famous place of pilgrimage in olden times lay on the way and was not simply to be passed by. Guru Nanak therefore broke his journey here and landed at the nothernmost ghat at Rayer Bazar... A well commemorates this visit to the present day. Out in the waste near Jafarabad, half hidden in bramble growth a well and a heap or two of debris are the only visible signs of the Sikh monastery that once flourished there. To judge from the signs the temple originally consisted of a well and a small square building with arched doorway and a vaulted roof, to which were added later a tank and a *baradari* on the edge of this tank. The well is known as Guru Nanak's well and there is a local tradition that Guru Nanak drank from the well. The Sikh story, a little rationalised is that he dug a hole for drinking water with his pointed stick. However that may be, the place became sacred in the eyes of the Sikhs and Sikh ascetics soon followed to establish a monastery there.[48]

ਧੰਨਾ ਸਿੰਘ ਪਟਿਆਲਵੀ ਨੇ ਇਸ ਗੁਰਦੁਆਰੇ ਸੰਬੰਧੀ ਦੱਸਿਆ ਹੈ ਕਿ ਜਦੋਂ ਮਰਦਾਨੇ ਨੂੰ ਪਿਆਸ ਲੱਗੀ ਤਾਂ ਗੁਰੂ ਜੀ ਨੇ ਬਰਛਾ ਮਾਰ ਕੇ ਜਲ ਕੱਢਿਆ ਸੀ। ਇਸ

ਜਗ੍ਹਾ 'ਤੇ ਅੱਜ-ਕਲ੍ਹ ਖੂਹ ਲੱਗਾ ਹੋਇਆ ਹੈ। ਗੁਰੂ ਜੀ ਦੇ ਖੂਹ ਦਾ ਜਲ ਬਹੁਤ ਅੱਛਾ ਹੈ ਤੇ ਏਹ ਬੀ ਮਸ਼ਹੂਰ ਹੈ ਕਿ ਖੂਹ ਦੇ ਜਲ ਦਾ ਰੰਗ ਦਿਨ ਵਿਚ ਤਿੰਨ ਵਾਰੀ ਬਦਲਦਾ ਹੈ। ਪਰ ਦਾਸ ਨੇ ਦੋ ਵਾਰੀ ਜਲ ਦਾ ਰੰਗ ਬਦਲਦਾ ਆਪਣੀ ਅੱਖੀਂ ਜਰੂਰ ਦੇਖਿਆ ਹੈ। ਸਵੇਰ ਦੇ ਸਮੇਂ ਜਲ ਸਾਫ਼ ਰਹਿੰਦਾ ਹੈ ਪਰ ਦੁਪਹਿਰ ਬਾਅਦ ਦੁੱਧ ਰੰਗਾ ਹੋ ਜਾਂਦਾ ਹੈ। ਇੱਥੇ ਦਾ ਜਲ ਚੱਕੀ ਵਾਂਗ ਘੁੰਮਦਾ ਰਹਿੰਦਾ ਹੈ। ਪਹਿਲੇ ਇਸ ਜਗ੍ਹਾ ਗੁਰਦੁਆਰਾ ਹੁੰਦਾ ਸੀ। ਪਰ ਅੱਜ-ਕਲ੍ਹ ਸਾਫ਼ ਜ਼ਮੀਨ ਪਈ ਹੈ। ਇਸ ਗੁਰਦੁਆਰੇ ਦੇ ਨਾਉਂ ਜ਼ਮੀਨ ਵੀ ਸੀ ਜਿਹੜੀ ਕਿ ਕੁੱਝ ਮੁਸਲਮਾਨਾਂ ਨੇ ਤੇ ਸਰਕਾਰ ਨੇ ਦੱਬੀ ਹੋਈ ਹੈ। ਜਦੋਂ ਬੰਗਾਲ ਦੇ ਲੋਕਾਂ ਨੂੰ ਪੁੱਛਿਆ ਕਿ ਤੁਸੀਂ ਖੂਹ ਨੂੰ ਕਿਉਂ ਮੰਨਦੇ ਹੋ? ਤਾਂ ਉਹ ਕਹਿਣ ਲੱਗੇ ਕਿ ਇਹ ਠਾਕਰ ਨਾਨਕ ਜੀ ਦਾ ਖੂਹ ਹੈ ਅਤੇ ਇੱਥੇ ਸਾਡੇ ਸਾਰੇ ਕੰਮ ਪੂਰੇ ਹੁੰਦੇ ਹਨ। ਅੱਜ-ਕਲ੍ਹ ਇਕ ਪੰਜਾਬੀ ਸਾਧ ਇੱਥੇ ਰਹਿੰਦਾ ਹੈ। ਇਸਨੇ ਆਪਨਾ ਕੰਬਲ ਤਾਣ ਕੇ ਤੇ ਇਕ ਝੁੱਗੀ ਪਾਈ ਹੋਈ ਹੈ ਤੇ ਮੰਗ ਕੇ ਗੁਜ਼ਾਰਾ ਕਰਦਾ ਹੈ। ਮੁਸਲਮਾਨ ਲੋਕ ਇਸ ਸਾਧ ਕੋ ਬਹੁਤ ਤੰਗ ਕਰਦੇ ਹੈ ਕਿ ਕਿਵੇਂ-ਕਿਵੇਂ ਏਹ ਸਾਧ ਚਲਾ ਜਾਵੇ ਤੇ ਮਾਰਨੇ ਕੋ ਭੀ ਕਈ ਵਾਰੀ ਆਏ ਹੈ ਪਰ ਸਾਧ ਜੀ ਹੱਠ ਕਰੀ ਬੈਠੇ ਹੈ ਕੇ ਸਾਡੇ ਗੁਰੂ ਜੀ ਦੀ ਜਗ੍ਹਾ ਹੈ ਮੈਂ ਮਰ ਜਾਵਾਂਗਾ ਪਰ ਇਹ ਆਪਨੇ ਗੁਰੂ ਦੀ ਜਗ੍ਹਾ ਨਹੀਂ ਛੋੜਾਂਗਾ। ਏਹ ਖੂਹ ਵਾਲੀ ਜਗ੍ਹਾ ਗੁਰੂ ਨਾਨਕ ਦੇਵ ਜੀ ਦਾ ਖੂਹ (ਜਾਂ ਬਰਛਾ ਸਾਹਿਬ ਨਾਮ ਗੁਰਦੁਆਰਾ) ਕਰਕੇ ਪ੍ਰਸਿੱਧ ਹੈ।[49]

ਸ. ਜਸਵੰਤ ਸਿੰਘ ਨੇ ਜਦੋਂ ਇਸ ਗੁਰਦੁਆਰਾ ਸਾਹਿਬ ਨੂੰ ਜਾ ਕੇ ਦੇਖਿਆ ਤਾਂ ਪਤਾ ਲੱਗਿਆ ਕਿ ਇਸ ਅਸਥਾਨ ਨੂੰ ਸਿਖਰ ਮੰਦਿਰ (ਸਿੱਖਾਂ ਦਾ ਮੰਦਿਰ) ਕਿਹਾ ਜਾਂਦਾ ਹੈ। ਜਦੋਂ ਇਹਨਾਂ ਨੇ ਇਸ ਗੁਰਦੁਆਰੇ ਬਾਰੇ ਹੋਰ ਵਧੇਰੇ ਜਾਣਕਾਰੀ ਪ੍ਰਾਪਤ ਕੀਤੀ ਤਾਂ ਇਸਦੇ ਨਾਂ ਹੋਰ ਜ਼ਮੀਨ-ਜਾਇਦਾਦ ਲੱਗੀ ਹੋਣ ਬਾਰੇ ਵੀ ਪਤਾ ਲੱਗਿਆ। ਭਾਵੇਂ ਕਿ ਸਰਕਾਰ ਨੇ ਉਸ ਜ਼ਮੀਨ 'ਤੇ ਕਬਜ਼ਾ ਕਰ ਲਿਆ ਹੈ ਪਰ ਗੁਰਦੁਆਰੇ ਵਾਲੀ ਥਾਂ ਹਾਲੇ ਵੀ ਬਚੀ ਹੋਈ ਹੈ।[50]

1964 ਦੇ ਅਰੰਭ ਵਿਚ ਇਹ ਅਸਥਾਨ ਢਾਕਾ ਵਿਖੇ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਹੋਏ ਦੰਗਿਆਂ ਦੀ ਭੇਟ ਚੜ੍ਹ ਗਿਆ ਸੀ। ਭਾਰਤ ਵਿਖੇ ਕਸ਼ਮੀਰ ਸਥਿਤ ਹਜ਼ਰਤਬਲ ਵਿਚੋਂ ਹਜ਼ਰਤ ਮੁਹੰਮਦ ਸਾਹਿਬ ਦਾ ਵਾਲ ਚੋਰੀ ਹੋਣ ਦੀ ਖ਼ਬਰ ਨੇ ਸੰਸਾਰ ਦੇ ਮੁਸਲਮਾਨ ਭਾਈਚਾਰੇ ਵਿਚ ਰੋਸ ਦੀ ਲਹਿਰ ਪੈਦਾ ਕਰ ਦਿੱਤੀ। ਇਸੇ ਦੇ ਸਿੱਟੇ ਵੱਜੋਂ ਪੂਰਬੀ ਪਾਕਿਸਤਾਨ (ਮੌਜੂਦਾ ਬੰਗਲਾਦੇਸ਼) ਵਿਚ ਹੋਏ ਫ਼ਸਾਦਾਂ ਨੇ ਬਹੁਤ ਸਾਰੇ ਘਰ ਤਬਾਹ ਕਰ ਦਿੱਤੇ ਸਨ। ਪੂਰਬੀ ਪਾਕਿਸਤਾਨ ਦੇ ਹਿੰਦੂ ਭਾਈਚਾਰੇ ਖ਼ਿਲਾਫ਼ ਪੈਦਾ ਹੋਏ ਰੋਸ ਦੀ ਚਿੰਗਾਰੀ ਗੁਰਦੁਆਰਾ ਸਾਹਿਬਾਨ ਤੱਕ ਪੁੱਜ ਗਈ। ਅੰਗਰੇਜ਼ਾਂ ਦੇ ਸਮੇਂ ਗੁਰਧਾਮਾਂ ਨੂੰ ਜਿਸ ਤਰ੍ਹਾਂ ਦੀ ਸਰਕਾਰੀ ਸੁਰੱਖਿਆ ਪ੍ਰਦਾਨ ਕੀਤੀ ਜਾਂਦੀ ਰਹੀ, ਹੁਣ ਉਸ ਤਰ੍ਹਾਂ ਦੀ ਸਥਿਤੀ ਨਹੀਂ ਸੀ। ਭਾਰਤ-ਪਾਕਿ ਵੰਡ ਨੇ ਮੁਸਲਮਾਨਾਂ ਅਤੇ ਗ਼ੈਰ-ਮੁਸਲਾਮਾਨਾਂ ਵਿਚਕਾਰ ਨਫ਼ਰਤ ਦਾ ਜਿਹੜਾ ਬੀਜ ਬੀਜਿਆ ਸੀ ਉਸੇ ਦਾ ਨਤੀਜਾ ਪੂਰਬੀ ਪਾਕਿਸਤਾਨ ਦੇ ਫ਼ਸਾਦ ਸਨ। ਸ਼ਾਂਤੀ ਅਤੇ ਅਹਿੰਸਾ ਦੇ ਦੂਤ ਵੱਜੋਂ ਜਾਣੇ ਜਾਂਦੇ ਗੁਰੂ ਨਾਨਕ ਦੇਵ ਜੀ

ਦੀ ਯਾਦ ਵਿਚ ਸਥਾਪਿਤ ਇਹ ਅਸਥਾਨ ਵੀ ਇਸ ਨਫ਼ਰਤ ਦੀ ਭੇਟ ਚੜ੍ਹ ਗਿਆ ਸੀ। ਭਾਰਤ ਦੀ ਪਾਰਲੀਮੈਂਟ ਵਿਚ ਸ. ਕਪੂਰ ਸਿੰਘ ਅਤੇ ਸ. ਬੂਟਾ ਸਿੰਘ ਨੇ ਇਸ ਘਟਨਾ ਦੀ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕਰਦੇ ਹੋਏ ਭਾਰਤ ਸਰਕਾਰ ਨੂੰ ਪੂਰਬੀ ਪਾਕਿਸਤਾਨ ਦੀ ਸਰਕਾਰ ਨਾਲ ਗੱਲਬਾਤ ਕਰਨ 'ਤੇ ਜ਼ੋਰ ਦਿੱਤਾ।

ਪੂਰਬੀ ਪਾਕਿਸਤਾਨ ਦੇ ਗੁਰਧਾਮਾਂ ਦੀ ਬੇਹੁਰਮਤੀ ਦੀਆਂ ਖ਼ਬਰਾਂ ਪੰਜਾਬ ਵਿਚ ਅੱਗ ਵਾਂਗ ਫੈਲ ਗਈਆਂ। ਪੰਜਾਬ ਦੇ ਅਖ਼ਬਾਰਾਂ ਦੀਆਂ ਖਬਰਾਂ ਵਿਚ ਇਸ ਘਟਨਾ ਸੰਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ, "ਸ੍ਰੀ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਕਾਇਮ ਗੁਰਦੁਆਰਾ ਰੇਯਰ ਬਜ਼ਾਰ ਢਾਕਾ ਨੂੰ ਕੁੱਝ ਮੁਸਲਮਾਨਾਂ ਨੇ ਹੁਣ ਦੇ ਫ਼ਸਾਦਾਂ ਵਿਚ ਢਾਹ ਦਿੱਤਾ ਸੀ ਅਤੇ ਇਸ ਗੁਰਦੁਆਰੇ ਦੇ ਇਤਿਹਾਸਕ ਖੂਹ ਨੂੰ ਪੂਰ ਦਿੱਤਾ ਸੀ।"[51]

ਸਿੱਖਾਂ ਦੇ ਰੋਸ ਦਾ ਅਸਰ ਪਾਕਿਸਤਾਨ ਸਰਕਾਰ 'ਤੇ ਇਹ ਹੋਇਆ ਕਿ ਉਹਨਾਂ ਨੇ ਪੂਰਬੀ ਪਾਕਿਸਤਾਨ ਵਿਖੇ ਹੋਈਆਂ ਘਟਨਾਵਾਂ ਦੀ ਰਿਪੋਰਟ ਮੰਗੀ ਜਿਹੜੀ ਕਿ ਸਿੱਖਾਂ ਦੇ ਖ਼ਿਲਾਫ਼ ਹੀ ਤਿਆਰ ਕੀਤੀ ਗਈ ਸੀ। ਪੂਰਬੀ ਪਾਕਿਸਤਾਨ ਵੱਲੋਂ ਭੇਜੀ ਗਈ ਰਿਪੋਰਟ ਵਿਚ ਇਹ ਦੱਸਿਆ ਗਿਆ ਕਿ ਰੇਅਰ ਬਜ਼ਾਰ ਵਿਖੇ ਕੋਈ ਗੁਰਧਾਮ ਮੌਜੂਦ ਨਹੀਂ ਹੈ ਜਿਸ ਦਾ ਸਿੱਖ ਭਾਈਚਾਰੇ ਵਿਚ ਰੋਸ ਹੋਣਾ ਸੁਭਾਵਿਕ ਸੀ। ਸਿੱਖਾਂ ਨੇ ਪਾਕਿਸਤਾਨ ਦੀ ਸਰਕਾਰ ਨੂੰ ਸਬੂਤਾਂ ਸਮੇਤ ਇਸ ਗੁਰਧਾਮ ਦੇ ਇਤਿਹਾਸ ਅਤੇ ਹੋਂਦ ਸੰਬੰਧੀ ਪ੍ਰਮਾਣ ਪੇਸ਼ ਕੀਤੇ ਜਿਨ੍ਹਾਂ ਦਾ ਸਾਰ-ਸੰਖੇਪ ਅਖ਼ਬਾਰਾਂ ਵਿਚ ਇਸ ਤਰ੍ਹਾਂ ਛਪਿਆ:

> ਦੱਸਿਆ ਜਾਂਦਾ ਹੈ ਕਿ ਪੂਰਬੀ ਪਾਕਿਸਤਾਨ ਸਰਕਾਰ ਨੇ ਆਪਣੀ ਸੈਂਟਰਲ ਗੌਰਮਿੰਟ ਨੂੰ ਗੁਰਦੁਆਰਾ ਰੇਅਰ ਬਜ਼ਾਰ ਢਾਕਾ ਬਾਰੇ ਗਲਤ ਰੀਪੋਰਟ ਘੱਲੀ ਹੈ ਜੋ ਕਿ ਮੁਸਲਮਾਨਾਂ ਨੇ ਗਿਰਾ ਦਿੱਤਾ ਹੈ, ਖੂਹ ਪੂਰ ਦਿੱਤਾ ਹੈ ਤੇ ਉਸ ਥਾਂ 'ਤੇ ਮਕਾਨ ਬਣਾ ਲਏ ਹਨ। ਇਸ ਰਿਪੋਰਟ ਵਿਚ ਏਥੇ ਗੁਰਦੁਆਰੇ ਦੀ ਹੋਂਦ ਤੋਂ ਇਨਕਾਰ ਕੀਤਾ ਗਿਆ ਹੈ। ਇਹ ਗੁਰਦੁਆਰਾ ਗੁਰੂ ਨਾਨਕ ਦੇਵ ਜੀ ਦੇ ਏਥੇ ਪੁੱਜਣ ਦੀ ਯਾਦ ਵਿਚ ਹੈ ਤੇ ਇਥੇ ਇਕ ਖੂਹ ਵੀ ਹੈ ਜਿਸ ਦਾ ਪਵਿੱਤਰ ਜਲ ਕਈ ਬੀਮਾਰੀਆਂ ਲਈ ਅੰਮ੍ਰਿਤ ਮੰਨਿਆ ਜਾਂਦਾ ਹੈ। ਇਸ ਇਤਿਹਾਸਕ ਗੁਰਦੁਆਰੇ ਦਾ ਜ਼ਿਕਰ ਜਨਮਸਾਖੀਆਂ, ਢਾਕਾ ਗਜ਼ਟੀਅਰ, ਰੁਮਾਂਸ ਆਫ਼ ਐਨ ਈਸਟਰਨ ਕੈਪੀਟਲ, ਬ੍ਰਿਟਿਸ਼ ਸਰਕਾਰ ਵੱਲੋਂ ਯਾਦਗਾਰ ਕਦੀਮਾਂ ਦੀ ਹਿਫ਼ਾਜ਼ਤ ਲਈ ਬਣੇ ਕਾਨੂੰਨ ਨਾਲ ਪੁਰਤਾਨ ਯਾਦਗਾਰਾਂ ਦੀ ਲੱਗੀ ਹੋਈ ਸੂਚੀ ਅਤੇ ਗੁਰਦੁਆਰੇ ਲਈ ਵੰਡ ਤੋਂ ਪਹਿਲਾਂ 1946 ਵਿਚ ਖਰੀਦੀ ਗਈ ਦੋ ਏਕੜ ਜ਼ਮੀਨ ਦੀ ਰਜਿਸਟਰੀ ਵਿਚ ਮੌਜੂਦ ਹੈ। ਇਨ੍ਹਾਂ ਅਕੱਟ ਸਬੂਤਾਂ ਦੇ ਹੁੰਦਿਆਂ ਪਾਕਿਸਤਾਨ ਸਰਕਾਰ ਇਸ ਇਤਿਹਾਸਕ ਗੁਰਦੁਆਰੇ ਦੀ ਹੋਂਦ ਤੋਂ ਇਨਕਾਰ ਨਹੀਂ ਕਰ ਸਕਦੀ।[52]

ਪੂਰਬੀ ਪਾਕਿਸਤਾਨ ਵਿਖੇ ਗੁਰਧਾਮਾਂ ਦਾ ਨਿਸ਼ਾਨ ਮਿਟਾਉਣ ਦਾ ਜਿਹੜਾ ਯਤਨ

ਕੀਤਾ ਗਿਆ, ਸਰਕਾਰਾਂ ਅਤੇ ਅਖ਼ਬਾਰਾਂ ਰਾਹੀਂ ਸਿੱਖ ਭਾਈਚਾਰੇ ਨੇ ਉਸ ਦਾ ਜਵਾਬ ਦੇਣਾ ਸ਼ੁਰੂ ਕਰ ਦਿੱਤਾ ਸੀ। ਚੀਫ਼ ਖ਼ਾਲਸਾ ਦੀਵਾਨ ਨੇ ਭਾਰਤ ਦੇ ਵਿਦੇਸ਼ ਵਿਭਾਗ ਰਾਹੀਂ ਭਾਰਤ ਵਿਚ ਪਾਕਿਸਤਾਨ ਦੇ ਹਾਈ ਕਮਿਸ਼ਨ ਨੂੰ ਚਿੱਠੀ ਲਿਖ ਕੇ ਚਿੰਤਾ ਪ੍ਰਗਟ ਕਰਦੇ ਹੋਏ ਕਿਹਾ ਕਿ ਪੂਰਬੀ ਪਾਕਿਸਤਾਨ ਵਿਚ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਤੇਗ਼ ਬਹਾਦਰ ਜੀ ਦੇ ਗੁਰਦੁਆਰਿਆਂ ਦਾ ਨਾਮ ਨਿਸ਼ਾਨ ਮਿਟਾਇਆ ਜਾ ਰਿਹਾ ਹੈ। ਇਹ ਦੋਵੇਂ ਗੁਰੂ ਸਾਹਿਬਾਨ ਆਪਣੀ ਜਗਤ-ਸੁਧਾਰ ਯਾਤਰਾ ’ਤੇ ਜਾਂਦੇ ਹੋਏ ਪੂਰਬੀ ਬੰਗਾਲ ਗਏ ਸਨ ਜਿਥੇ ਉਹਨਾਂ ਨਾਲ ਕਈ ਕੌਤਕ ਜੁੜੇ ਹੋਏ ਹਨ। ਉਹਨਾਂ ਦੀ ਯਾਦ ਵਿਚ ਸਥਾਪਿਤ ਕੀਤੇ ਗਏ ਗੁਰਦੁਆਰੇ ਪਿਛਲੇ ਤਿੰਨ-ਚਾਰ ਸੌ ਸਾਲਾਂ ਤੋਂ ਸੰਗਤਾਂ ਨੂੰ ਉੱਚ ਧਾਰਮਿਕ ਉਦੇਸ਼ਾਂ ਦੇ ਰਸਤੇ ਚੱਲਣ ਦੀ ਪ੍ਰੇਰਨਾ ਦਿੰਦੇ ਆ ਰਹੇ ਹਨ। ਢਾਕੇ ਵਿਖੇ ਰਮਨਾ ਤੇ ਰੇਅਰ ਬਾਜ਼ਾਰ ਦੇ ਗੁਰਦੁਆਰੇ ਮਲੀਆ ਮੇਟ ਹੋ ਚੁੱਕੇ ਹਨ ਅਤੇ ਚਿਟਾਗਾਂਗ ਦੇ ਗੁਰਦੁਆਰੇ ਦਾ ਵੀ ਇਹੋ ਹਾਲ ਹੋ ਰਿਹਾ ਹੈ। ਗੁਰਦੁਆਰਾ ਸੰਗਤ ਟੋਲਾ ਵਿਖੇ ਇਕ ਬਿਰਧ ਮਾਈ, ਬਾਵਜੂਦ ਕਈ ਰੁਕਾਵਟਾਂ ਦੇ, ਸੇਵਾ ਕਰ ਰਹੀ ਹੈ। ਪਾਕਿਸਤਾਨ ਦਾ ਸ਼ਰਾਰਤੀ ਅਨਸਰ ਲਾਲਚ ਵਿਚ ਆ ਕੇ ਅਤੇ ਹਕੂਮਤ ਦੀ ਪ੍ਰਵਾਹ ਨਾ ਕਰਦਾ ਹੋਇਆ ਗੁਰਦੁਆਰੇ ਦੀ ਇਮਾਰਤ ’ਤੇ ਹੌਲੀ-ਹੌਲੀ ਕਬਜ਼ਾ ਜਮਾ ਰਿਹਾ ਹੈ। ਜੇ ਇਹੀ ਹਾਲ ਰਿਹਾ ਤਾਂ ਪੂਰਬੀ ਬੰਗਾਲ ਦੇ ਸਿੱਖ ਇਤਿਹਾਸ ਨਾਲ ਸੰਬੰਧ ਬਿਲਕੁਲ ਖ਼ਤਮ ਹੋ ਜਾਣਗੇ। ਜੇ ਪਾਕਿਸਤਾਨ ਸਰਕਾਰ ਮੰਨੇ ਤਾਂ ਇਨ੍ਹਾਂ ਗੁਰਦੁਆਰਿਆਂ ਦੀ ਸੇਵਾ ਲਈ ਸੇਵਾਦਾਰ ਭੇਜੇ ਜਾ ਸਕਦੇ ਹਨ। ਸਿੱਖ ਸੰਗਤਾਂ ਪਾਕਿਸਤਾਨ ਸਰਕਾਰ ਤੋਂ ਸਕਾਰਾਤਮਿਕ ਹੁੰਗਾਰੇ ਦੀ ਆਸ ਰੱਖਦੀਆਂ ਹਨ। ਇਹ ਸਿੱਖਾਂ ਅਤੇ ਮੁਸਲਮਾਨਾਂ ਅਤੇ ਨਾਲ ਹੀ ਭਾਰਤ ਅਤੇ ਪਾਕਿਸਤਾਨ ਸਰਕਾਰਾਂ ਦੇ ਪ੍ਰਸਪਰ ਮੇਲ-ਜੋਲ ਦਾ ਚੰਗਾ ਕਾਰਣ ਬਣ ਸਕਦਾ ਹੈ।[53]

ਰੇਅਰ ਬਜ਼ਾਰ ਵਾਲੇ ਗੁਰਦੁਆਰੇ ਦੀ ਭਾਲ ਕਰਨ ਲਈ ਗਏ ਤਾਂ ਪਤਾ ਲੱਗਿਆ ਕਿ ਇਹ ਗੁਰਦੁਆਰਾ ਮੌਜੂਦਾ ਨਵੀਂ ਧਾਨ ਮੰਡੀ ਵਿਖੇ ਬਜ਼ਾਰ ਤੋਂ ਲਗਪਗ ਇਕ ਕਿਲੋਮੀਟਰ ਦੀ ਦੂਰੀ ’ਤੇ ਸਥਿਤ ਸੀ। 1946 ਵਿਚ ਜਨਮੇ ਸ੍ਰੀ ਸੁਭਾਸ਼ ਚੰਦਰ ਪਾਲ, ਜਿਹੜੇ ਕਿ ਮਿੱਟੀ ਦੇ ਬਰਤਨ ਆਦਿ ਬਣਾਉਂਦੇ ਸਨ, ਨੇ ਦੱਸਿਆ ਕਿ ਉਹਨਾਂ ਦਾ ਇਕ ਰਿਸ਼ਤੇਦਾਰ ਇਸ ਅਸਥਾਨ ਦੀ ਸੇਵਾ ਕਰਦਾ ਸੀ ਜਿਸ ਨੇ ਕੇਸ ਆਦਿ ਰੱਖ ਲਏ ਸਨ। ਇਸ ਅਸਥਾਨ ’ਤੇ ਇਕ ਖ਼ੂਹ ਮੌਜੂਦ ਸੀ ਜਿਸ ਬਾਰੇ ਇਹ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਇਥੇ ਆ ਕੇ ਸਭ ਦੀਆਂ ਮੁਰਾਦਾਂ ਪੂਰੀਆਂ ਹੁੰਦੀਆਂ ਹਨ ਅਤੇ ਬੀਮਾਰੀਆਂ ਤੋਂ ਮੁਕਤ ਹੋਣ ਲਈ ਵੀ ਇਸ ਦਾ ਪਾਣੀ ਲਾਹੇਵੰਦ ਮੰਨਿਆ ਜਾਂਦਾ ਸੀ। ਪਾਲ ਜੀ ਨੇ ਦੱਸਿਆ ਕਿ ਇਹਨਾਂ ਨੇ ਵੀ ਇਸ ਖ਼ੂਹ ਦਾ ਕਈ ਵਾਰੀ ਪਾਣੀ ਪੀਤਾ ਹੈ। ਇਹੀ ਸ਼ਖ਼ਸ ਸਾਨੂੰ ਉਸ ਅਸਥਾਨ ’ਤੇ ਲੈ ਕੇ ਗਿਆ ਸੀ। ਜਦੋਂ ਇਸ ਅਸਥਾਨ ’ਤੇ ਪੁੱਜੇ ਤਾਂ ਦੇਖਿਆ ਕਿ ਹੁਣ ਇਥੇ ਇਕ ਛੇ ਮੰਜ਼ਲੀ ਇਮਾਰਤ ਬਣੀ ਹੋਈ ਹੈ ਅਤੇ ਆਸਪਾਸ ਦੇ ਕਿਸੇ ਵਿਅਕਤੀ ਨੂੰ ਇਸ ਅਸਥਾਨ ਦੀ ਇਤਿਹਾਸਕਤਾ ਬਾਰੇ ਕੋਈ ਜਾਣਕਾਰੀ ਨਹੀਂ ਹੈ।

4. **ਗੁਰਦੁਆਰਾ ਸੁਥਰਾਸ਼ਾਹੀ:** ਇਹ ਸੰਪ੍ਰਦਾਇ ਗੁਰੂ ਹਰਿਗੋਬਿੰਦ ਸਾਹਿਬ

ਜੀ ਦੇ ਸਿੱਖ ਭਾਈ ਸੁਥਰਾਸ਼ਾਹ ਤੋਂ ਚੱਲੀ ਮੰਨੀ ਜਾਂਦੀ ਹੈ। ਬਹੁਤ ਸਾਰੇ ਹਿੰਦੂ ਅਤੇ ਮੁਸਲਮਾਨ ਇਹਨਾਂ ਦੇ ਸ਼ਰਧਾਲੂ ਹੋਏ ਹਨ। ਇਹ ਗੁਰੂ ਨਾਨਕ ਦੇਵ ਜੀ ਦੀ ਬਾਣੀ ਪੜ੍ਹਦੇ ਹਨ ਅਤੇ ਉਸੇ ਦਾ ਕੀਰਤਨ ਕਰਨ ਦੀ ਪਰੰਪਰਾ ਇਹਨਾਂ ਦੇ ਡੇਰਿਆਂ ਵਿਚ ਰਹੀ ਹੈ। ਇਹਨਾਂ ਦੀ ਸੰਪ੍ਰਦਾਇ ਦੀਆਂ ਬਹੁਤ ਸਾਰੀਆਂ ਧਰਮਸਾਲਾਵਾਂ ਭਾਰਤ ਦੇ ਕਈ ਇਲਾਕਿਆਂ ਵਿਚ ਕਾਇਮ ਹੋਈਆਂ ਹਨ। ਇਹਨਾਂ ਵਿਚੋਂ ਇਕ ਢਾਕੇ ਦੇ ਉਰਦੂ ਬਾਜ਼ਾਰ ਵਿਚ ਦੱਸੀ ਜਾਂਦੀ ਹੈ। ਜਦੋਂ ਇਸ ਅਸਥਾਨ 'ਤੇ ਕੋਈ ਪ੍ਰਬੰਧਕ ਨਾ ਰਿਹਾ ਤਾਂ "ਨਾਨਕਸ਼ਾਹੀ ਗੁਰਦੁਆਰੇ ਦਾ ਮਹੰਤ ਤ੍ਰਿਬੇਨੀ ਦਾਸ ਇਸ ਅਸਥਾਨ ਦਾ ਪ੍ਰਬੰਧ ਕਰਦਾ ਸੀ। ਸਮੇਂ ਨਾਲ ਇਹ ਅਸਥਾਨ ਵੀ ਮੱਲਿਆ ਜਾ ਚੁੱਕਾ ਹੈ ਤੇ ਇਸ ਦਾ ਕੋਈ ਨਿਸ਼ਾਨ ਨਹੀਂ।"[54]

5. **ਗੁਰਦੁਆਰਾ ਸਿੱਖ ਟੈਂਪਲ ਅਸਟੇਟ, ਚਿਟਾਗਾਂਗ:** ਚਿਟਾਗਾਂਗ ਕਰਨਫੁਲੀ ਦਰਿਆ ਦੇ ਸੱਜੇ ਕੰਢੇ 'ਤੇ ਵਸਿਆ ਹੋਇਆ ਬੰਗਲਾਦੇਸ਼ ਦਾ ਇਕ ਖ਼ੁਸ਼ਹਾਲ ਨਗਰ ਹੈ। ਕਿਸੇ ਸਮੇਂ ਇਸ ਜ਼ਿਲ੍ਹੇ ਵਿਚ ਦਰਜਨ ਤੋਂ ਵਧੇਰੇ ਗੁਰਦੁਆਰੇ ਮੌਜੂਦ ਸਨ ਅਤੇ ਇਹਨਾਂ ਗੁਰਧਾਮਾਂ ਦਾ ਪ੍ਰਬੰਧ ਉਦਾਸੀ ਸਾਧੂਆਂ ਕੋਲ ਸੀ ਪਰ ਸਾਂਭ-ਸੰਭਾਲ ਨਾ ਹੋਣ ਕਰਕੇ ਇਹ ਅਲੋਪ ਹੋ ਗਏ ਹਨ। ਇਹਨਾਂ ਵਿਚੋਂ ਚਿਟਾਗਾਂਗ ਵਿਖੇ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਉਸਾਰਿਆ ਗਿਆ ਇਕ ਇਤਿਹਾਸਕ ਗੁਰਧਾਮ ਮੌਜੂਦ ਹੈ ਜਿਸ ਨੂੰ ਗੁਰਦੁਆਰਾ ਸਿੱਖ ਟੈਂਪਲ ਕਿਹਾ ਜਾਂਦਾ ਹੈ। ਇਸ ਦੇ ਨਾਂ 'ਤੇ ਬਹੁਤ ਸਾਰੀਆਂ ਜ਼ਮੀਨਾਂ ਹੋਣ ਕਰਕੇ ਇਸ ਦੇ ਨਾਂ ਨਾਲ ਅਸਟੇਟ ਸ਼ਬਦ ਜੋੜ ਦਿੱਤਾ ਗਿਆ ਹੈ। ਜਨਮਸਾਖੀ ਭਾਈ ਬਾਲਾ ਅਤੇ ਹੋਰਨਾਂ ਸਿੱਖ ਸਰੋਤਾਂ ਤੋਂ ਇਹ ਜਾਣਕਾਰੀ ਮਿਲਦੀ ਹੈ ਕਿ ਪੂਰਬ ਦੀ ਯਾਤਰਾ ਦੌਰਾਨ ਗੁਰੂ ਨਾਨਕ ਦੇਵ ਜੀ ਨੇ ਇਸ ਅਸਥਾਨ 'ਤੇ ਨਿਵਾਸ ਕੀਤਾ ਸੀ। ਜਦੋਂ ਗੁਰੂ ਜੀ ਇਸ ਅਸਥਾਨ 'ਤੇ ਆਏ ਤਾਂ ਸੁਧਰ ਸੈਨ ਇਸ ਇਲਾਕੇ ਦਾ ਹਾਕਮ ਸੀ। ਇਸ ਦਾ ਭਾਣਜਾ ਇੰਦ੍ਰ ਸੈਨ ਅਤੇ ਇਸ ਨਗਰ ਦਾ ਇਕ ਕਿਰਤੀ ਤਰਖਾਣ ਝੰਡਾ ਬਾਢੀ ਗੁਰੂ ਜੀ ਦੇ ਸਭ ਤੋਂ ਪਹਿਲਾਂ ਸ਼ਰਧਾਲੂ ਬਣੇ ਸਨ। ਝੰਡਾ ਬਾਢੀ ਗੁਰੂ ਜੀ ਦਾ ਅਜਿਹਾ ਸਿੱਖ ਹੋਇਆ ਜਿਸ ਨੂੰ ਉਹਨਾਂ ਨੇ ਇਲਾਕੇ ਦੇ ਪ੍ਰਚਾਰ ਲਈ ਮੰਜੀ ਸੌਂਪ ਦਿੱਤੀ ਸੀ। ਉਥੋਂ ਦਾ ਰਾਜਾ ਸੁਧਰ ਸੈਨ ਵੀ ਗੁਰੂ ਜੀ ਦਾ ਸ਼ਰਧਾਲੂ ਹੋ ਗਿਆ ਸੀ। ਜਨਮਸਾਖੀ ਵਿਚ ਦੱਸਿਆ ਗਿਆ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਉਥੋਂ ਦੇ ਰਾਜੇ ਸੁਧਰ ਸੈਨ ਨੂੰ ਕਿਹਾ, "ਝੰਡਾ ਜੋ ਅਸਾਂ ਇੱਥੇ ਮੰਜੀ ਬਹਾਇਆ ਹੈ ਸੋ ਮੰਜੀ ਅਸਾਡੀ ਹੈ।"[55] ਲੰਮੇ ਸਮੇਂ ਤੱਕ ਇਹ ਗੁਰਧਾਮ ਉਦਾਸੀ ਨਾਨਕਸ਼ਾਹੀ ਮਹੰਤਾਂ ਦੇ ਪ੍ਰਬੰਧ ਅਧੀਨ ਰਿਹਾ ਹੈ। ਇਸੇ ਸਮੇਂ ਦੌਰਾਨ ਇਥੇ ਮੌਜੂਦ ਹਿੰਦੂਆਂ ਨੇ ਗੁਰਦੁਆਰਾ ਸਾਹਿਬ ਦੇ ਨਾਲ ਹੀ ਇਕ ਮੰਦਿਰ ਦੀ ਸਥਾਪਨਾ ਕਰ ਲਈ ਸੀ ਅਤੇ ਉਹ ਗੁਰਦੁਆਰਾ ਸਾਹਿਬ ਦੀ ਜ਼ਮੀਨ 'ਤੇ ਆਪਣਾ ਹੱਕ ਜਿਤਾਉਣ ਲੱਗੇ ਸਨ। ਇਹ ਮਸਲਾ ਉਸ ਸਮੇਂ ਹੋਰ ਵਧੇਰੇ ਉਜਾਗਰ ਹੋਇਆ ਜਦੋਂ ਵੀਹਵੀਂ ਸਦੀ ਦੇ ਅਰੰਭ ਵਿਚ ਅੰਗਰੇਜ਼ ਸਰਕਾਰ ਨੇ ਰੇਲਵੇ ਦੀ ਸਥਾਪਨਾ ਕਰਨ ਲਈ ਇਥੇ ਮੁਲਾਜ਼ਮਾਂ ਨੂੰ ਭੇਜਿਆ ਸੀ। ਇਹਨਾਂ ਮੁਲਾਜ਼ਮਾਂ ਵਿਚ ਵੱਡੀ ਗਿਣਤੀ ਸਿੱਖ ਸ਼ਾਮਲ ਸਨ। ਜਦੋਂ ਉਹ ਇਸ ਅਸਥਾਨ 'ਤੇ ਆਏ ਤਾਂ ਉਹਨਾਂ ਨੇ ਇਸ ਗੁਰਦੁਆਰਾ ਸਾਹਿਬ ਦੇ ਦਰਸ਼ਨ ਕੀਤੇ।

ਨਿਰੰਤਰ ਇਸ ਅਸਥਾਨ 'ਤੇ ਹਾਜ਼ਰੀ ਭਰਨ ਕਰਕੇ ਉਹਨਾਂ ਨੂੰ ਇਸ ਅਸਥਾਨ 'ਤੇ ਮਹੰਤਾਂ ਅਤੇ ਹਿੰਦੂ ਇੰਡੋਮੈਂਟ ਕਮੇਟੀ ਦੇ ਮੈਂਬਰਾਂ ਵੱਲੋਂ ਕੀਤੀਆਂ ਜਾਂਦੀਆਂ ਧਾਂਦਲੀਆਂ ਬਾਰੇ ਪਤਾ ਲੱਗਿਆ। ਸਿੱਧੇ ਤੌਰ 'ਤੇ ਕਿਸੇ ਟਕਰਾਉ ਵਿਚ ਪੈਣ ਦੀ ਬਜਾਏ ਉਹਨਾਂ ਨੇ ਅਦਾਲਤ ਦਾ ਸਹਾਰਾ ਲੈਣਾ ਯੋਗ ਸਮਝਿਆ ਅਤੇ ਵੀਹਵੀਂ ਸਦੀ ਦੇ ਅਰੰਭ ਵਿਚ ਇਕ ਅਰਜ਼ੀ ਦਾਖ਼ਲ ਕਰ ਦਿੱਤੀ। ਅਰਜ਼ੀ ਦਾਖ਼ਲ ਕਰਨ ਵਾਲਿਆਂ ਵਿਚ ਆਤਮਾ ਸਿੰਘ ਓਵਰਸੀਅਰ, ਅਰਜੁਨ ਸਿੰਘ. ਹਰਨਾਮ ਸਿੰਘ, ਕਾਹਨ ਸਿੰਘ, ਮੀਂਹਾਂ ਸਿੰਘ, ਸੰਤਾ ਸਿੰਘ ਅਤੇ ਆਤਮਾ ਸਿੰਘ ਤਰਖਾਣ ਸ਼ਾਮਲ ਸਨ। 1917 ਦੇ ਸਿਵਲ ਸੂਟ ਨੰ. 5 ਅਧੀਨ ਪ੍ਰਵਾਨ ਹੋਈ ਇਹ ਅਰਜੀ ਨਾਬਾਲਗ ਮਾਨਿਕ ਲਾਲ ਮਹੰਤ ਦੇ ਖ਼ਿਲਾਫ਼ ਸੀ। ਅਦਾਲਤ ਨੇ ਲੰਮਾ ਸਮਾਂ ਇਸ ਕੇਸ ਦੀ ਸੁਣਵਾਈ ਕੀਤੀ ਜਿਸ ਵਿਚੋਂ ਬਹੁਤ ਹੀ ਮਹੱਤਵਪੂਰਨ ਤੱਥ ਸਾਹਮਣੇ ਆਏ।

ਇਸ ਕੇਸ ਤੋਂ ਪਤਾ ਲੱਗਦਾ ਹੈ ਕਿ ਇਸ ਨਗਰ ਵਿਚ ਇਕ ਸਿੱਖ ਸ਼ਰਧਾਲੂ ਮੋਹਨ ਸਿੰਘ (ਕੁੱਝ ਸਰੋਤਾਂ ਅਨੁਸਾਰ ਮਹਾ ਸਿੰਘ) ਹੋਇਆ ਹੈ। ਇਹ ਕਿਰਤੀ ਸਿੱਖ ਆਪਣੀ ਮਿਹਨਤ ਅਤੇ ਲਗਨ ਸਦਕਾ ਚਿਟਾਗਾਂਗ ਦੇ ਦੀਵਾਨ ਦੀ ਪਦਵੀ ਤੱਕ ਪਹੁੰਚ ਗਿਆ ਸੀ। ਇਸ ਨੇ ਇਲਾਕੇ ਵਿਚ ਸਿੱਖੀ ਪ੍ਰਚਾਰ ਲਈ ਅਨੇਕਾਂ ਯਤਨ ਕੀਤੇ ਅਤੇ ਜਿਥੇ-ਜਿਥੇ ਸਿੱਖ ਸੰਗਤ ਕਾਇਮ ਸੀ ਉਥੇ ਕੁੱਝ ਗੁਰਧਾਮ ਬਣਾਉਣ ਵਿਚ ਵੀ ਇਸ ਨੇ ਸਹਾਇਤਾ ਕੀਤੀ ਸੀ। ਇਸ ਨੇ ਗੁਰਦੁਆਰਿਆਂ ਦੇ ਨਾਂ ਜਗੀਰਾਂ ਲਵਾਈਆਂ ਸਨ ਜਿਨ੍ਹਾਂ ਦੀ ਸਲਾਨਾ ਆਮਦਨ ਪੰਜ ਹਜ਼ਾਰ ਰੁਪਏ ਸੀ। ਇਹ ਸਾਰੀ ਮਾਇਆ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਵਿਚ ਖਰਚ ਕਰਨ ਲਈ ਸੀ। ਦੀਵਾਨ ਮੋਹਨ ਸਿੰਘ ਵੱਲੋਂ ਭੇਟ ਕੀਤੀਆਂ ਗਈਆਂ ਸਮੂਹ ਜਗੀਰਾਂ ਕਿਸੇ ਵੀ ਤਰ੍ਹਾਂ ਦੇ ਟੈਕਸ ਤੋਂ ਮੁਕਤ ਸਨ। ਚਿਟਾਗਾਂਗ ਵਿਖੇ ਸਥਿਤ ਇਸ ਇਤਿਹਾਸਕ ਅਸਥਾਨ ਦੀ ਸੇਵਾ ਸੰਭਾਲ ਉਦਾਸੀ ਮਹੰਤਾਂ ਅਧੀਨ ਸੀ ਅਤੇ ਲੰਮੇ ਸਮੇਂ ਤੱਕ ਉਹ ਇਸ ਦੀ ਸ਼ਰਧਾ ਅਤੇ ਮਰਯਾਦਾ ਅਨੁਸਾਰ ਸੇਵਾ-ਸੰਭਾਲ ਕਰਦੇ ਰਹੇ। ਇਹ ਉਦਾਸੀ ਮਹੰਤ ਵਿਆਹ ਨਹੀਂ ਕਰਾਉਂਦੇ ਸਨ ਅਤੇ ਆਪਣਾ ਸਾਰਾ ਸਮਾਂ ਗੁਰਦੁਆਰਾ ਸਾਹਿਬ ਦੀ ਸੇਵਾ ਵਿਚ ਹੀ ਬਸਰ ਕਰਦੇ ਸਨ। ਇਹਨਾਂ ਮਹੰਤਾਂ ਦੀ ਜੀਵਨਜਾਚ ਵਿਚ ਤਬਦੀਲੀ ਆਈ ਤਾਂ ਇਹਨਾਂ ਵਿਚੋਂ ਇਕ ਮਹੰਤ ਚੰਦੂ ਲਾਲ ਨੇ ਵਿਆਹ ਕਰਵਾ ਲਿਆ। ਇਸ ਦੇ ਘਰ ਤਿੰਨ ਪੁੱਤਰ ਰਾਮ ਲਾਲ, ਲਛਮਣ ਲਾਲ, ਪ੍ਰਸੰਨਾ ਲਾਲ ਅਤੇ ਦੋ ਧੀਆਂ ਸੁਮਿਤਰਾ ਅਤੇ ਸਬਿਤਰੀ ਪੈਦਾ ਹੋਈਆਂ। ਚੰਦੂ ਲਾਲ ਦੇ ਅਕਾਲ ਚਲਾਣੇ ਉਪਰੰਤ ਉਸ ਦਾ ਵੱਡਾ ਪੁੱਤਰ ਰਾਮ ਲਾਲ ਮਹੰਤ ਬਣਿਆ ਅਤੇ ਇਸ ਦੇ ਅਕਾਲ ਚਲਾਣੇ ਉਪਰੰਤ ਇਸ ਦਾ ਛੋਟਾ ਭਰਾ ਲਛਮਣ ਲਾਲ ਇਸ ਗੁਰਧਾਮ ਦੀ ਸੇਵਾ ਸੰਭਾਲ ਕਰਨ ਲੱਗਿਆ। ਇਹਨਾਂ ਦਾ ਛੋਟਾ ਭਰਾ ਪਹਿਲੇ ਦੋ ਭਰਾਵਾਂ ਤੋਂ ਪਹਿਲਾਂ ਹੀ ਅਕਾਲ ਚਲਾਣਾ ਕਰ ਗਿਆ ਸੀ।

ਲਛਮਣ ਲਾਲ ਤੋਂ ਬਾਅਦ ਉਸ ਦੇ ਭਾਣਜੇ, ਉਸ ਦੀ ਭੈਣ ਸਬਿਤਰੀ ਦਾ ਦੂਜਾ ਪੁੱਤਰ, ਮਾਨਿਕ ਲਾਲ ਨੂੰ ਮਹੰਤ ਥਾਪ ਦਿੱਤਾ ਗਿਆ। ਮਾਨਿਕ ਲਾਲ ਹਾਲੇ ਨਾਬਾਲਿਗ

ਸੀ ਅਤੇ ਗੁਰਧਾਮ ਦਾ ਸਾਰਾ ਪ੍ਰਬੰਧ ਇਸ ਦੀ ਮਾਂ ਅਤੇ ਮਾਸੀ ਸੰਭਾਲਦੀਆਂ ਸਨ। ਇਹਨਾਂ ਦੇ ਸਮੇਂ ਗੁਰਦੁਆਰਾ ਸਾਹਿਬ ਦੇ ਨਾਂ ਲੱਗੀਆਂ ਜ਼ਮੀਨਾਂ ਨਿਜੀ ਜਾਇਦਾਦਾਂ ਬਣਨ ਲੱਗੀਆਂ। ਜਦੋਂ ਇਹ ਕੇਸ ਜ਼ਿਲ੍ਹਾ ਜੱਜ ਕੋਲ ਗਿਆ ਤਾਂ ਉਸ ਵਿਚ ਸਿੱਖ ਸ਼ਰਧਾਲੂਆਂ ਨੇ ਮਾਨਿਕ ਲਾਲ ਨੂੰ ਹਟਾ ਕੇ ਕਿਸੇ ਅਜਿਹੇ ਮਹੰਤ ਨੂੰ ਗੁਰਦੁਆਰਾ ਸਾਹਿਬ ਦੀ ਸੇਵਾ ਸੌਂਪਣ ਦੀ ਬੇਨਤੀ ਕੀਤੀ ਜਿਹੜਾ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪੜ੍ਹ ਸਕਦਾ ਹੋਵੇ।

ਇਸ ਕੇਸ ਵਿਚ ਬਹੁਤ ਸਾਰੇ ਉਤਰਾਅ-ਚੜਾਅ ਆਏ। ਜ਼ਿਲ੍ਹਾ ਜੱਜ ਨੇ ਇਹ ਫ਼ੈਸਲਾ ਸੁਣਾਇਆ ਕਿ ਇਹ ਗੁਰਧਾਮ ਸਿੱਖ ਧਰਮ ਨਾਲ ਸੰਬੰਧਿਤ ਹੈ ਅਤੇ ਨਾਲ ਹੀ ਬਾਬੂ ਅਨੰਦ ਚੰਦਰ ਸੈਨ ਨੂੰ ਇਸ ਦਾ ਪਹਿਲਾ ਮੈਨੇਜਰ ਨਿਯੁਕਤ ਕਰ ਦਿੱਤਾ। ਜੱਜ ਸਾਹਿਬ ਨੇ ਆਦੇਸ਼ ਕੀਤਾ ਕਿ 21 ਸਾਲ ਦੀ ਉਮਰ ਤੋਂ ਬਾਅਦ ਹੀ ਮਹੰਤ ਨੂੰ ਮੈਨੇਜਰ ਦੀਆਂ ਜ਼ਿਮੇਵਾਰੀਆਂ ਸੌਂਪੀਆਂ ਜਾ ਸਕਦੀਆਂ ਹਨ। ਮਹੰਤ ਨੂੰ ਆਦੇਸ਼ ਕੀਤਾ ਗਿਆ ਕਿ ਉਹ ਉਦਾਸੀਆਂ ਦੀ ਨਾਨਕਸ਼ਾਹੀ ਮਰਯਾਦਾ ਅਨੁਸਾਰ 6 ਮਹੀਨੇ ਵਿਚ ਮਹੰਤ ਵੱਜੋਂ ਸੇਵਾ-ਸੰਭਾਲ ਅਰੰਭ ਕਰੇ ਅਤੇ ਅਜਿਹਾ ਨਾ ਕਰਨ ਦੀ ਸੂਰਤ ਵਿਚ ਉਸ ਨੂੰ ਮਹੰਤੀ ਤੋਂ ਹਟਾਇਆ ਜਾ ਸਕਦਾ ਹੈ।

ਇਸ ਕੇਸ ਵਿਚ ਇਕ ਹੋਰ ਮਹੱਤਵਪੂਰਨ ਤੱਥ ਇਹ ਸੀ ਕਿ ਜ਼ਿਲ੍ਹਾ ਜੱਜ ਨੂੰ ਉਹਨਾਂ ਜ਼ਮੀਨਾਂ ਦੇ ਵੇਰਵੇ ਪ੍ਰਦਾਨ ਕਰ ਦਿੱਤੇ ਗਏ ਸਨ ਜਿਹੜੇ ਨਾਨਕਸ਼ਾਹੀ ਡੇਰਿਆਂ ਦੇ ਮਹੰਤਾਂ ਦੇ ਨਾਂ ਲੱਗੇ ਹੋਏ ਸਨ। ਜਿਹੜੇ ਵੇਰਵੇ ਇਸ ਅਪੀਲ ਰਾਹੀਂ ਸਾਹਮਣੇ ਆਏ ਉਹ ਇਸ ਤਰ੍ਹਾਂ ਹਨ:

1. Mouzah Char Khijirpur Thana Patiya Mehal Lakheraj Bahali No.559 Jimmeh Santoki Das and Narain Das Mohunt entire estate consisting of 52 drones 7 Kanis 19 gandas 1 kara of land.
2. Mouzah Char Khijirpur Thana Patiya Noabad Taluk No. 19236 Haralal and Chandulal Mohunt, entire estate consisting of 4 drones 8 kanis 4 gandas of land.
3. Mouzah Char Khijirpur Thana Patiya Noabad Taluk No.19238 entire estate consisting of 1 kani 16 gandas 1 kara of land.
4. Mouzah Char Khijirpur Thana Patiya No. 3436 Ijara Chandulal Mohunt entire estate consisting of 2 drones 15 kanis 17 gandas 3 karas of land.
5. Mouzah Char Khijirpur Thana Patiya No. 3437 Izara Chandulal Mohunt entire estate consisting of 13 kanis 2 gandas 3 karas of land.

6. Mouzah Char Khijirpur Thana Patiya No. 2 Ram Lala Mohunt entire estate consisting 2 drones 14 kanis 3 gandas of land.
7. Mouzah Char Khijirpur Thana Patiya No. 118 Jote Lokamanlal Mohunt, entire estate consisting of 2 drones 6 kanis 3 gandas 3 karas of land.
8. Mouzah Kolagaon Thana Patiya No. 3193 Tara...Tez Singh Hazari under Zamindari Indu Prava Ghosh No. 90 Taluk Parameshari Deba 4 drones.
9. Mouzah khanchannagar Thana Fatickchari Mahal Noabad No. 24499 Taluk Kanal Singh entire estate consisting of 5 drones 2 kanis 18 gandas 2 karas of land.
10. Mouzah Sadar Town Thana Mahal Noabad No. 20475 taluk Deba Singh, entire estate consisting of 1 kani 7 gandas 2 karas of land.
11. Mouzah Sadar Town Thana Mahal Noabad No. 20487 taluk Deba Singh, entire estate 6 gandas 3 karas of land.
12. Mouzah Sadar Town Thana Mahal Lakheraj Bahali No. 3403/13106 Balaram, entire estate 4 gandas 2 karas.
13. Mouzah Sadar Town Thana No. 33995/13085 Jimmah Sydash.
14. Mouzah Sadar Town Thana No. 25605/13139 Jimmah Rahmat entire estate 8 gandas.
15. Mouzah Sadar Town Thana No. 4660/13140 Jimmah Mir Bakar entire estate 4 drones 4 kanis.
16. Mouzah Sadar Town Thana Mahal Lakheraj Bahali No. 6868/13059 Jimmah Velu.
17. Mouzah Sadar Town Thana No. 8817/13152 Jimmah Dip Thakur, entire estate 1 kani 1 ganda 2 karas.
18. Mouzah Sadar Town Thana No. 4025/13074 Jimmah Bari Mir, entire estate 5 ganda 3 karas.
19. Mouzah Sadar Town Thana Mahal Noabad under Zamindar Nogendra Nath Bandopadhya-Raiyati-Parameshwari Debya 18 ganda.

20. Mouzah Sadar Town Thana Mahal Noabad under Zamindar Nogendra Nath Bandopadhya-Raiyati- Srimati Thakmani Debya 6 ganda 2 karas.
21. Mouzah Kasimbazar Thana Town Lakheraj Bahali No. 6704/13436 Jimmah Bhikeri, entire estate 8 gandas 3 karas.
22. Mouzah Kasimbazar Thana Town No. 7380/13438 Jimmah Chand, entire estate 5 gandas.
23. Mouzah Kasimbazar Thana Town Lakheraj Bahali (no number) Jimmah Safar, entire Mahal.
24. Mouzah Kasimbazar Thana Town (no number) Jimmah Batimeah, entire Mahal.

ਉਕਤ ਵਿਚੋਂ ਵਧੇਰੇ ਦਾਨ ਕੀਤੀਆਂ ਜ਼ਮੀਨਾਂ ਦਾ ਸੰਬੰਧ ਦੀਵਾਨ ਮੋਹਨ ਸਿੰਘ ਨਾਲ ਸੀ ਜਿਹੜਾ ਕਿ ਚਿਟਾਗਾਂਗ ਦੇ ਸਿੱਖ ਇਤਿਹਾਸ ਵਿਚ ਵਿਸ਼ੇਸ਼ ਸਥਾਨ ਹਾਸਲ ਕਰ ਗਿਆ ਹੈ। ਗੁਰਧਾਮਾਂ ਦੀ ਸਾਂਭ-ਸੰਭਾਲ ਲਈ ਜਿਸ ਤਰ੍ਹਾਂ ਨਾਲ ਇਸ ਨੇ ਦੂਰ-ਅਦੇਸ਼ ਕਾਰਜ ਕੀਤੇ ਸਨ, ਉਹ ਇਤਿਹਾਸ ਦਾ ਅੰਗ ਹਨ। ਜਿਸ ਵੀ ਵਿਦਵਾਨ ਜਾਂ ਯਾਤਰੂ ਇਤਿਹਾਸਕਾਰ ਨੇ ਚਿਟਾਗਾਂਗ ਦੇ ਸਿੱਖ ਇਤਿਹਾਸ ਸੰਬੰਧੀ ਕਾਰਜ ਕੀਤਾ ਹੈ ਉਹ ਦੀਵਾਨ ਮੋਹਨ ਸਿੰਘ ਦੁਆਰਾ ਕੀਤੇ ਗਏ ਕਾਰਜਾਂ ਨੂੰ ਅਣਦੇਖਿਆ ਨਹੀਂ ਕਰ ਸਕਿਆ। ਜੀ.ਬੀ. ਸਿੰਘ ਇਸ ਨੂੰ ਅਲੀਵਰਦੀ ਖ਼ਾਨ (ਅ.ਚ. 1756) ਦੇ ਸਮੇਂ ਹੋਇਆ ਮੰਨਦਾ ਹੈ। ਬਿਹਾਰ ਦੇ ਇਕ ਗ਼ਰੀਬ ਪਰਿਵਾਰ ਦਾ ਜੰਮਪਲ ਸ. ਮੋਹਨ ਸਿੰਘ ਆਪਣੀ ਕਾਬਲੀਅਤ ਨਾਲ ਚਿਟਾਗਾਂਗ ਦੇ ਦੀਵਾਨ ਦੀ ਪਦਵੀ ਤੱਕ ਪੁੱਜ ਗਿਆ ਸੀ। ਜੀ.ਬੀ. ਸਿੰਘ ਦੀਵਾਨ ਮੋਹਨ ਸਿੰਘ ਸੰਬੰਧੀ ਵਿਸ਼ੇਸ਼ ਜਾਣਕਾਰੀ ਦਿੰਦੇ ਹੋਏ ਇਹਨਾਂ ਦੁਆਰਾ ਚਿਟਾਗਾਂਗ ਵਿਖੇ ਗੁਰਧਾਮਾਂ ਦੀ ਸਥਾਪਤੀ ਅਤੇ ਸਾਂਭ-ਸੰਭਾਲ ਦਾ ਵਰਨਨ ਕਰਦੇ ਹੋਏ ਦੱਸਦਾ ਹੈ:

> Born of poor parents, Mohan Singh gradually rose his own ability so as to be made the Diwan of Chittagong. He early attracted the attention of Nawab Ali Verdi Khan... He made good his opportunity and established more than a dozen Sangats within his jurisdiction and attached Jagirs to one and all of them. Jorarganj, Feni, Mirsarai, Sitakund, Kursira and Bhatiari, the halting stages on the road from Comilla to Chittagong; Kulgaon, Dohazari and Banskhali on the roads to the south and Dluilaghat, Hathazari, Kangunia and

> Kanchannagar to the north of Chittagong had each a Sangat... I left my camp for Banskhali, I had expected to return disappointed before noon. Imagine my surprise when I found that not only the Sangat did exist in olden days, but that it flourished at the moment and was the principal temple at the place, the present Mohant is named Chanchaldas. He knows Gurmukhi and on festive occasions reads from his *pothis* to the few people that gather together there... Chanchaldas is the tenth in succession from the first Mahant Suratram appointed by Dewan Mohan Singh. The names of others in order are Jhandadass, Lachhmandas, Karmprokash, Atmaprakash, Amardas, Iswardas, Gurudas and Ramdas.[56]

ਚਿਟਾਗਾਂਗ ਦੇ ਇਤਿਹਾਸਕ ਗੁਰਧਾਮ ਦੇ ਪ੍ਰਬੰਧ ਵਿਚ ਸਥਾਨਕ ਮਹੰਤ ਦੀ ਸਹਾਇਤਾ ਨਾਲ ਹਿੰਦੂ ਇੰਡੋਮੈਂਟ ਕਮੇਟੀ ਦਖ਼ਲ ਦੇਣ ਲੱਗੀ ਤਾਂ ਇਥੋਂ ਦੀ ਸਿੱਖ ਸੰਗਤ ਨੇ ਬਨਾਰਸ ਤੋਂ ਇਕ ਉਦਾਸੀ ਮਹੰਤ ਲਿਆ ਕੇ ਉਸ ਨੂੰ ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਕਰਨ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਸੀ। ਇਸ ਮਹੰਤ ਦਾ ਨਾਂ ਬਾਬਾ ਕਿਰਪਾਲ ਦਾਸ ਸੀ ਅਤੇ ਇਹ ਗੁਰਦੁਆਰਾ ਸਾਹਿਬ ਦਾ ਪਾਠ ਕਰਨ ਅਤੇ ਹੋਰ ਸਾਰੀ ਮਰਯਾਦਾ ਵਿਧੀਵੱਤ ਢੰਗ ਨਾਲ ਨਿਭਾਉਣ ਦੇ ਸਮਰੱਥ ਸੀ। ਚਿਟਾਗਾਂਗ ਦੀ ਹਿੰਦੂ ਇੰਡੋਮੈਂਟ ਕਮੇਟੀ ਨੇ ਮਹੰਤ ਕਿਰਪਾਲ ਦਾਸ ਦੀ ਮਹੰਤੀ ਦੇ ਸੰਬੰਧ ਵਿਚ ਇਕ ਨੋਟਿਸ ਜਾਰੀ ਕੀਤਾ ਜਿਸ ਦਾ ਵਿਰੋਧ ਕਰਦੇ ਹੋਏ ਗੁਰਦੁਆਰਾ ਕਮੇਟੀ ਨੇ ਇਹ ਮਤਾ ਪਾਸ ਕਰ ਦਿੱਤਾ:

> ਹਿੰਦੂ ਇੰਡੋਮੈਂਟ ਕਮੇਟੀ ਚਿਟਾਗਾਂਗ ਨੇ ਜੋ ਨੋਟਸ ਮਹੰਤ ਕਿਰਪਾਲ ਦਾਸ ਦੇ ਨਾਂ ਮਹੰਤੀ ਬਾਬਤ ਦਿੱਤਾ ਹੈ ਉਹ ਬੇਅਰਥ ਤੇ ਝੂਠਾ ਹੈ। ਹਿੰਦੂ ਇੰਡੋਮੈਂਟ ਕਮੇਟੀ ਨੂੰ ਦੱਸਿਆ ਜਾਵੇ ਕਿ ਅਦਾਲਤ ਦੇ ਫੈਸਲੇ ਮੁਤਾਬਕ ਇਹ ਗੁਰਦੁਆਰਾ ਖਾਲਸ ਸਿੱਖ ਗੁਰਦੁਆਰਾ ਸਾਬਤ ਹੋ ਚੁਕਾ ਹੈ ਅਤੇ ਇਸ ਦੀ ਜਾਇਦਾਦ ਸਿੱਖ ਕਮੇਟੀ ਦੇ ਕਬਜੇ ਵਿਚ ਹੈ। ਹਿੰਦੂ ਇੰਡੋਮੈਂਟ ਕਮੇਟੀ ਯਾ ਕਿਸੇ ਹੋਰ ਸੁਸਾਇਟੀ ਦਾ ਇਸ ਨਾਲ ਕੋਈ ਤਅਲਕ ਨਹੀਂ ਹੈ। ਸਿੱਖ ਕਮਿਯੂਨਿਟੀ ਵੱਲੋਂ ਦਸਤਖਤ ਕਰਨ ਵਾਲੇ ਹਿੰਦੂ ਕਮੇਟੀ ਨੂੰ ਖਾਸ ਤੌਰ ’ਤੇ ਬੇਨਤੀ ਕਰਦੇ ਹਨ ਕਿ ਉਹ ਸਾਡੇ ਗੁਰਦੁਆਰੇ ਦੇ ਪ੍ਰਬੰਧ ਵਿਚ ਦਖਲ ਨਾ ਦੇਣ। ਜਿਸ ਤੋਂ ਮਜਬੂਰ ਹੋ ਕੇ ਸਾਨੂੰ ਇਥੇ ਭੀ ਗੁਰਦੁਆਰਾ ਲੈਹਰ ਅਰੰਭ ਕਰਨੀ ਪੈ ਜਾਵੇ।[57]

ਚਿਟਾਗਾਂਗ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਕਤ ਮਤੇ ਦੀਆਂ ਕਾਪੀਆਂ ਜ਼ਿਲ੍ਹਾ ਜੱਜ, ਗਵਰਨਰ ਬੰਗਾਲ, ਕਮਿਸ਼ਨਰ ਬੰਗਾਲ, ਹਿੰਦੂ ਸਭਾਵਾਂ, ਸਿੱਖ ਜਥੇਬੰਦੀਆਂ

ਅਤੇ ਵਿਭਿੰਨ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਭੇਜੀਆਂ ਜਿਸ ਕਾਰਨ ਸਿੱਖਾਂ ਵਿਚ ਭਾਰੀ ਰੋਸ ਦੇਖਣ ਨੂੰ ਮਿਲਿਆ। ਇਹਨਾਂ ਕਾਪੀਆਂ ਦੇ ਭੇਜਣ ਦਾ ਇਹ ਅਸਰ ਹੋਇਆ ਕਿ ਸਿੱਖ ਜਥੇਬੰਦੀਆਂ ਵਿਚ ਰੋਸ ਫੈਲ ਗਿਆ ਅਤੇ ਉਹਨਾਂ ਨੇ ਆਪਣੀਆਂ ਕਮੇਟੀਆਂ ਦੀਆਂ ਮੀਟਿੰਗਾਂ ਕਰਕੇ ਗੁਰਮਤੇ ਪਾਸ ਕੀਤੇ ਅਤੇ ਉਹਨਾਂ ਦੀਆਂ ਕਾਪੀਆਂ ਬੰਗਾਲ ਸਰਕਾਰ ਨੂੰ ਭੇਜਣੀਆਂ ਅਰੰਭ ਕਰ ਦਿੱਤੀਆਂ। ਇਹਨਾਂ ਵਿਚੋਂ ਕਲਕੱਤੇ ਦੀ ਸਿੱਖ ਸੰਗਤ ਦੁਆਰਾ ਇਹ ਗੁਰਮਤਾ ਪਾਸ ਕੀਤਾ ਗਿਆ:

> ਚਿਟਾਗਾਂਗ ਹਿੰਦੂ ਇੰਡੋਮੈਂਟ ਕਮੇਟੀ ਪਾਸ ਬੇਨਤੀ ਕੀਤੀ ਜਾਵੇ ਕਿ ਓਹ ਸਿੱਖ ਗੁਰਦੁਆਰੇ ਦਾ ਇੰਤਜਾਮ ਸਥਾਨਕ ਗੁਰਦੁਆਰਾ ਕਮੇਟੀ ਨੂੰ ਦੇ ਦੇਵੇ ਕਿਓਂਕਿ ਇਹ ਗੁਰਦੁਆਰਾ ਸਿੱਖਾਂ ਦਾ ਇਤਿਹਾਸਕ ਹੈ। ਡਿਸਟ੍ਰਿਕਟ ਜੱਜ ਚਿਟਾਗਾਂਗ ਪਾਸ ਵੀ ਬੇਨਤੀ ਕੀਤੀ ਜਾਵੇ ਕਿ ਉਹ ਰਸੀਵਰ ਨੂੰ ਗੁਰਦੁਆਰੇ ਦੀ ਸਾਰੀ ਜਾਇਦਾਦ ਗੁਰਦੁਆਰਾ ਕਮੇਟੀ ਦੇ ਸਪੁਰਦ ਕਰਨ ਦਾ ਹੁਕਮ ਦੇ ਦੇਵੇ।[58]

ਗੁਰਦੁਆਰਾ ਸਿੱਖ ਟੈਂਪਲ ਅਸਟੇਟ ਦਾ ਪ੍ਰਬੰਧ ਜ਼ਿਲ੍ਹਾ ਜੱਜ ਦੇ ਅਧੀਨ ਸੀ ਅਤੇ ਇਥੋਂ ਦੀ ਗੁਰਦੁਆਰਾ ਕਮੇਟੀ ਦਾ ਹਿੰਦੂ ਇੰਡੋਮੈਂਟ ਕਮੇਟੀ ਨਾਲ ਅਕਸਰ ਵਿਵਾਦ ਚੱਲਦਾ ਰਹਿੰਦਾ ਸੀ। ਜ਼ਿਲ੍ਹਾ ਜੱਜ ਕੋਲ ਨਿਰੰਤਰ ਸ਼ਿਕਾਇਤਾਂ ਦਾ ਸਿਲਸਿਲਾ ਜਾਰੀ ਰਿਹਾ ਕਿਉਂਕਿ ਉਨੀਵੀਂ ਸਦੀ ਵਿਚ ਜਦੋਂ ਇਸ ਗੁਰਧਾਮ ਦਾ ਪ੍ਰਬੰਧ ਮਹੰਤਾਂ ਦੇ ਅਧੀਨ ਸੀ ਤਾਂ ਹਿੰਦੂ ਧਰਮ ਨਾਲ ਸੰਬੰਧਿਤ ਕੁੱਝ ਲੋਕਾਂ ਨੇ ਇਥੇ ਸਾਲਾਗਰਾਮ ਦੀ ਸਥਾਪਨਾ ਕਰਕੇ ਉਸ ਦੀ ਪੂਜਾ ਸ਼ੁਰੂ ਕਰ ਦਿੱਤੀ ਸੀ। ਲੰਮਾ ਸਮਾਂ ਇਹ ਸਿਲਸਲਾ ਚੱਲਦਾ ਰਿਹਾ ਅਤੇ ਜਦੋਂ ਨੌਕਰੀ ਕਰਨ ਗਏ ਸਿੱਖਾਂ ਨੇ ਚਿਟਾਗਾਂਗ ਵਿਖੇ ਜ਼ੋਰ ਫੜਿਆ ਤਾਂ ਇਹ ਵਿਵਾਦ ਸਾਹਮਣੇ ਆਇਆ। ਅਖ਼ੀਰ ਜ਼ਿਲ੍ਹਾ ਜੱਜ ਨੇ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਕਰਨ ਲਈ ਇਕ ਕਮੇਟੀ ਦਾ ਗਠਨ ਕਰ ਦਿੱਤਾ। ਜੋਗਿੰਦਰ ਸਿੰਘ ਜੋਗੀ ਦੱਸਦੇ ਹਨ ਕਿ 1939 ਵਿਚ ਪਹਿਲੀ ਵਾਰ ਜ਼ਿਲ੍ਹਾ ਜੱਜ ਨੇ 11 ਮੈਂਬਰੀ ਕਮੇਟੀ ਦਾ ਗਠਨ ਕੀਤਾ ਜਿਸ ਵਿਚ ਸ੍ਰੀ ਰਸਿਕ ਚੰਦਰ ਹਜਾਰੀ ਪ੍ਰਧਾਨ ਅਤੇ ਸ. ਗੁਰਬਖ਼ਸ਼ ਸਿੰਘ ਸਕੱਤਰ ਸਨ। ਕਮੇਟੀ ਦੇ ਸਕੱਤਰ ਨੇ ਇਕ ਫੌਜੀ ਭਾਈ ਸੁੰਦਰ ਸਿੰਘ ਨੂੰ ਗੁਰਦੁਆਰੇ ਦਾ ਗ੍ਰੰਥੀ ਥਾਪ ਦਿੱਤਾ। 1951 ਵਿਚ ਜਦੋਂ ਕਮੇਟੀ ਬਦਲੀ ਤਾਂ ਭਾਈ ਸੁੰਦਰ ਸਿੰਘ ਗ੍ਰੰਥੀ ਨੂੰ ਗੁਰਦੁਆਰਾ ਕਮੇਟੀ ਦਾ ਮੈਂਬਰ ਬਣਾਇਆ ਗਿਆ ਅਤੇ 1961 ਵਿਚ ਤਕਰੀਬਨ 20 ਸਾਲ ਇਸ ਗੁਰਦੁਆਰੇ ਦੀ ਸੇਵਾ ਨਿਭਾ ਕੇ ਭਾਈ ਸੁੰਦਰ ਸਿੰਘ ਚਲਾਣਾ ਕਰ ਗਏ। ਇਸ ਤੋਂ ਪਿੱਛੋਂ ਇਸ ਦੀ ਵਿਧਵਾ ਮਾਤਾ ਗਿਆਸਰੀ ਦੇਵੀ ਉਥੇ ਹੀ ਰਹਿ ਕੇ ਗੁਰਦੁਆਰੇ ਦੀ ਸੇਵਾ ਕਰਦੀ ਰਹੀ।[59] 1967 ਦੇ ਇਕ ਅਦਾਲਤੀ ਫ਼ੈਸਲੇ ਤੋਂ ਇਹ ਜਾਣਕਾਰੀ ਮਿਲਦੀ ਹੈ ਕਿ ਗਿਆਸਰੀ ਦੇਵੀ ਕੋਈ ਅਜਿਹਾ ਸਬੂਤ ਅਦਾਲਤ ਵਿਚ ਪੇਸ਼ ਨਹੀਂ ਕਰ ਸਕੀ ਜਿਸ ਤੋਂ ਉਹ ਆਪਣੇ ਆਪ ਨੂੰ ਭਾਈ ਸੁੰਦਰ ਸਿੰਘ ਦੀ ਪਤਨੀ ਸਾਬਿਤ ਕਰ ਸਕੇ ਬਲਕਿ ਜਿਹੜੀ ਜਾਣਕਾਰੀ ਅਦਾਲਤ ਵਿਚ ਸਾਬਿਤ ਹੋਈ ਉਸ ਦਾ ਆਧਾਰ ਕਮੇਟੀ ਦਾ 14.4.1960 ਦਾ ਮਤਾ ਸੀ ਜਿਸ ਅਨੁਸਾਰ ਗਿਆਸਰੀ ਦੇਵੀ ਨੂੰ ਸਵੀਪਰ-ਕਮ-ਕਲੀਨਰ ਵੱਜੋਂ

ਗੁਰਦੁਆਰਾ ਸਾਹਿਬ ਵਿਖੇ ਰੱਖਿਆ ਗਿਆ ਸੀ ਜਿਸ ਲਈ ਇਹ 15 ਰੁਪਏ ਮਹੀਨਾ ਸੇਵਾਫ਼ਲ ਪ੍ਰਾਪਤ ਕਰਦੀ ਸੀ।

ਗੁਰੂ-ਘਰ ਦੀ ਸੇਵਾ-ਸੰਭਾਲ ਵਿਚ ਗਿਆਸਰੀ ਦੇਵੀ ਨਿਰੰਤਰ ਸਹਿਯੋਗ ਕਰਦੀ ਰਹੀ ਅਤੇ ਜਿਹੜਾ ਵੀ ਸਿੱਖ ਇਸ ਅਸਥਾਨ ਦੇ ਦਰਸ਼ਨ ਕਰਨ ਲਈ ਜਾਂਦਾ ਸੀ, ਉਹ ਇਸ ਦੀ ਸੇਵਾ-ਸੰਭਾਲ ਤੋਂ ਪ੍ਰਭਾਵਿਤ ਹੁੰਦਾ ਸੀ। 20 ਅਗਸਤ 1982 ਨੂੰ ਸ. ਜੋਗਿੰਦਰ ਸਿੰਘ ਜੋਗੀ ਅਤੇ ਕੈਪਟਨ ਭਾਗ ਸਿੰਘ ਦੀ ਅਗਵਾਈ ਵਿਚ ਇਕ ਵਫ਼ਦ ਇਸ ਗੁਰਦੁਆਰਾ ਸਾਹਿਬ ਵਿਖੇ ਪੁੱਜਿਆ ਤਾਂ ਉਸ ਸਮੇਂ ਵੀ ਗਿਆਸਰੀ ਦੇਵੀ ਇਸ ਅਸਥਾਨ ਦੀ ਸੇਵਾ ਕਰ ਰਹੀ ਸੀ। ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਆਏ ਵਫ਼ਦ ਅਤੇ ਚਿਟਾਗਾਂਗ ਦੀ ਸੰਗਤ ਨੇ ਮਾਤਾ ਗਿਆਸਰੀ ਦੇਵੀ ਦੁਆਰਾ ਨਿਭਾਈ ਜਾ ਰਹੀ ਸੇਵਾ ਦੀ ਭਰਪੂਰ ਪ੍ਰਸੰਸਾ ਕਰਦੇ ਹੋਏ ਉਸਨੂੰ ਸਨਮਾਨਿਤ ਕੀਤਾ ਸੀ। ਸੰਗਤਾਂ ਵੱਲੋਂ ਵੀ ਬਹੁਤ ਸਾਰੀ ਮਾਇਆ ਮਾਤਾ ਗਿਆਸਰੀ ਦੇਵੀ ਨੂੰ ਭੇਟ ਕੀਤੀ ਗਈ।

ਚਿਟਾਗਾਂਗ ਦਾ ਇਹ ਇਤਿਹਾਸਕ ਗੁਰਦੁਆਰਾ ਸਿੱਖ ਸ਼ਰਧਾਲੂਆਂ ਅਤੇ ਵਿਦਵਾਨਾਂ ਦੀ ਖਿੱਚ ਅਤੇ ਖੋਜ ਦਾ ਵਿਸ਼ਾ ਰਿਹਾ ਹੈ। ਗਿਆਨੀ ਫੌਜਾ ਸਿੰਘ ਨੇ ਦਰਸ਼ਨ ਕਰਨ ਉਪਰੰਤ ਇਸ ਗੁਰਧਾਮ ਦੀ ਜਿਹੜੀ ਰਿਪੋਰਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਸਤਰ ਨੂੰ ਸੌਂਪੀ ਉਸ ਵਿਚ ਇਸ ਗੁਰਧਾਮ ਬਾਰੇ ਇਹ ਜਾਣਕਾਰੀ ਮਿਲਦੀ ਹੈ:

> ਇਸ ਗੁਰਦੁਆਰੇ ਦੇ ਨਾਂ ਕਾਫ਼ੀ ਜ਼ਮੀਨ ਲੱਗੀ ਹੋਈ ਦੱਸੀ ਜਾਂਦੀ ਹੈ ਜੋ 1956 ਵਿਚ ਜ਼ਿੰਮੀਦਾਰਾ ਖ਼ਤਮ ਹੋਣ 'ਤੇ ਸਰਕਾਰ ਨੇ ਆਪਣੇ ਕਬਜ਼ੇ ਵਿਚ ਲੈ ਲਈ ਹੈ। ਸਰਕਾਰ ਮੁਆਵਜ਼ਾ ਦੇਣ ਨੂੰ ਤਿਆਰ ਦੱਸੀ ਜਾਂਦੀ ਹੈ। ਪਤਾ ਚੱਲਿਆ ਹੈ ਕਿ ਕਮੇਟੀ ਵੱਲੋਂ ਇਹ ਕੇਸ ਕੀਤਾ ਗਿਆ ਹੈ ਕਿ ਇਹ ਵਕਫ ਜਾਇਦਾਦ ਹੈ, ਇਸ ਲਈ ਸਰਕਾਰ ਇਸ ਨੂੰ ਨਹੀਂ ਲੈ ਸਕਦੀ। ਮੁਕੱਦਮੇ ਦੇ ਕਾਗਜ਼ਾਤ ਕਮੇਟੀ ਦੇ ਸਕੱਤਰ ਪਾਸ ਹਨ। ਮਿਲਣ ਤੇ ਪੂਰੀ ਤਫਸੀਲ ਦੀ ਗਿਆਤ ਹੋਵੇਗੀ। ਸ਼ਹਿਰ ਤੋਂ 10-12 ਮੀਲ ਦੂਰ ਗਾਂਵ ਸਤਪੁਰਾ ਥਾਨਾ ਬੁਆਲ, ਜ਼ਿਲ੍ਹਾ ਚਿਟਾਗਾਂਗ ਵਿਚ ਦਸ ਏਕੜ ਜ਼ਮੀਨ ਗੁਰਦੁਆਰੇ ਦੀ ਮਲਕੀਅਤ ਹੈ, ਜੋ ਮੁਜਾਰਿਆਂ ਦੇ ਕਬਜ਼ੇ ਹੇਠ ਹੈ। ਇਸ ਦਾ ਅਨਾਜ ਹਿੱਸੇ ਵਜੋਂ ਕੁਝ ਆਉਂਦਾ ਹੈ।[60]

ਮੌਜੂਦਾ ਸਮੇਂ ਵਿਚ ਇਸ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਜ਼ਿਲ੍ਹਾ ਜੱਜ ਅਧੀਨ ਹੈ ਅਤੇ ਉਸ ਦੁਆਰਾ ਬਣਾਈ ਗਈ ਕਮੇਟੀ ਦੁਆਰਾ ਇਸ ਦਾ ਪ੍ਰਬੰਧ ਸੁਚਾਰੂ ਰੂਪ ਵਿਚ ਚਲਾਇਆ ਜਾ ਰਿਹਾ ਹੈ। ਕਮੇਟੀ ਮੈਂਬਰਾਂ ਦੀ ਸੂਚੀ ਇਹ ਹੈ:

1. ਸ. ਭੁਪਿੰਦਰ ਪਾਲ ਸਿੰਘ, ਪ੍ਰਧਾਨ
2. ਸ. ਅਮਰਜੀਤ ਸਿੰਘ, ਜਨਰਲ ਸਕੱਤਰ
3. ਸ. ਮਹਿੰਦਰ ਸਿੰਘ ਹੰਸਪਾਲ, ਮੈਂਬਰ

4. ਸ. ਸੁਖਵਿੰਦਰ ਸਿੰਘ, ਮੈਂਬਰ
5. ਸ. ਸਿੰਘਬੀਰ ਸਿੰਘ (ਗ੍ਰੰਥੀ), ਮੈਂਬਰ
6. ਸ. ਬਿਕਰਮ ਸਿੰਘ, ਮੈਂਬਰ
7. ਸ. ਤਪਿੰਦਰ ਕੌਰ, ਮੈਂਬਰ
8. ਸ. ਸਿਨੀ ਹੰਸਪਾਲ, ਮੈਂਬਰ
9. ਸ੍ਰੀਮਤੀ ਪਰਮਿੰਦਰ ਕੌਰ, ਮੈਂਬਰ
10. ਸ੍ਰੀਮਤੀ ਕਕੋਨ ਦਾਸ ਗੁਰਪ੍ਰੀਤ ਕੌਰ, ਮੈਂਬਰ
11. ਸ੍ਰੀ ਗੁਰੰਗੋ ਚੰਦਰ ਸਿੰਘ, ਮੈਂਬਰ
12. ਆਫ਼ਿਸ ਇੰਚਾਰਜ, ਪੁਲਿਸ ਸਟੇਸ਼ਨ, ਚੌਕ ਬਜ਼ਾਰ, ਸੀ.ਐਮ.ਪੀ., ਮੈਂਬਰ

ਚੌਕ ਬਜ਼ਾਰ ਵਿਖੇ ਸਿੰਘਬੀਰ ਸਿੰਘ ਗ੍ਰੰਥੀ ਵੱਜੋਂ ਸੇਵਾ ਨਿਭਾ ਰਿਹਾ ਹੈ। ਮਰਯਾਦਾ ਅਨੁਸਾਰ ਨਿਤਨੇਮ ਆਦਿ ਦੀ ਸੇਵਾ ਨਿਭਾਉਣ ਦੇ ਨਾਲ-ਨਾਲ ਇਹ ਗੁਰਦੁਆਰਾ ਸਾਹਿਬ ਦੀ ਹਰ ਤਰ੍ਹਾਂ ਨਾਲ ਸੇਵਾ-ਸੰਭਾਲ ਕਰਨ ਦਾ ਕਾਰਜ ਕਰਦਾ ਹੈ। ਬੰਗਾਲ ਨਾਲ ਸੰਬੰਧਿਤ ਇਸ ਦੀ ਧਰਮ ਪਤਨੀ ਸ੍ਰੀਮਤੀ ਕੋਕਨ ਦਾਸ ਵੀ ਅੰਮ੍ਰਿਤ ਛਕ ਕੇ ਗੁਰਪ੍ਰੀਤ ਕੌਰ ਹੋ ਗਈ ਹੈ ਅਤੇ ਇਹ ਵੀ ਗੁਰਦੁਆਰਾ ਸਾਹਿਬ ਦੀ ਸੇਵਾ ਪੂਰੀ ਲਗਨ ਨਾਲ ਕਰਦੀ ਹੈ। ਗੁਰਦੁਆਰਾ ਸਾਹਿਬ ਦੇ ਬਾਹਰ ਇਕ ਪੱਥਰ ਲੱਗਿਆ ਹੋਇਆ ਹੈ ਜਿਸ ਤੋਂ ਇਸ ਗੁਰਧਾਮ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ ਰੱਖਣ ਦੀ ਜਾਣਕਾਰੀ ਮਿਲਦੀ ਹੈ। ਇਸ ਪੱਥਰ ’ਤੇ ਲਿਖਿਆ ਹੋਇਆ ਹੈ:

> Guru Nanak Building Chittagong, Foundation laid by Commissioner of Chittagong, 7.11.19.

ਇਸ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਦੇ ਸੰਪੂਰਨ ਹੋਣ ਦੀ ਜਾਣਕਾਰੀ ਇਸ ਦੇ ਇਕ ਦਰਵਾਜ਼ੇ ਤੋਂ ਮਿਲਦੀ ਹੈ ਜਿਸ ’ਤੇ ਉਕਰਿਆ ਹੋਇਆ ਹੈ - ਗੰਗਾ ਸਿੰਘ ਜੰਡਿਆਲਾ ਗੁਰੂ ਕਾ, ਸੇਵਾ ਕੀਤੀ 17.7.21. ਇਸ ਤਰ੍ਹਾਂ ਇਸ ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਸੌ ਸਾਲ ਪਹਿਲਾਂ ਉਸਾਰੀ ਪ੍ਰਤੀਤ ਹੁੰਦੀ ਹੈ। ਇਸ ਗੁਰਦੁਆਰਾ ਸਾਹਿਬ ਦੇ ਅੰਦਰ ਪਿਛਲਾ ਪਾਸਾ ਲੰਮਾ ਸਮਾਂ ਪਹਿਲਾਂ ਦਾ ਬਣਿਆ ਹੋਇਆ ਜਾਪਦਾ ਹੈ ਜਿਸ ਦੀਆਂ ਚੌੜੀਆਂ ਕੰਧਾਂ ਅਤੇ ਪੁਰਾਤਨ ਦਿੱਖ ਇਸ ਨੂੰ ਨਵੀਂ ਇਮਾਰਤ ਤੋਂ ਸੌ ਸਾਲ ਤੋਂ ਵਧੇਰੇ ਪਿਛਾਂਹ ਲੈ ਜਾਂਦੀ ਹੈ। ਇਸ ਪੁਰਾਤਨ ਇਮਾਰਤ ਦੇ ਨਾਲ ਹੀ ਨਵੀਂ ਇਮਾਰਤ ਦੀ ਉਸਾਰੀ ਕੀਤੀ ਹੋਈ ਹੈ ਜਿਸ ਨੂੰ ਅੰਦਰੋਂ ਸੁਚੱਜੇ ਅਤੇ ਸਾਦਗੀ ਭਰਪੂਰ ਢੰਗ ਨਾਲ ਸਜਾਇਆ ਹੋਇਆ ਹੈ। ਇਸ ਗੁਰਦੁਆਰਾ ਸਾਹਿਬ ਦੇ ਨਾਲ ਹੀ ਇਕ ਪੁਰਾਤਨ ਖੂਹ ਮੌਜੂਦ ਹੈ ਜਿਸ ਦਾ ਪਾਣੀ 12-15 ਫੁੱਟ ’ਤੇ ਹੀ ਹੈ। ਗ੍ਰੰਥੀ ਸਿੰਘ ਨੇ ਦੱਸਿਆ ਕਿ ਇਸ ਦਾ ਪਾਣੀ ਪੀਣਯੋਗ ਹੈ ਅਤੇ ਜਦੋਂ ਲੋੜ ਪੈਂਦੀ ਹੈ ਇਸ ਦੀ ਵਰਤੋਂ ਵੀ ਕਰ ਲਈ ਜਾਂਦੀ ਹੈ। ਖੂਹ ਅਤੇ ਗੁਰਦੁਆਰਾ ਸਾਹਿਬ ਦੇ ਨਾਲ ਲੱਗਦੀ ਗ੍ਰੰਥੀ ਸਿੰਘ ਦੀ ਰਿਹਾਇਸ਼ ਹੈ।

ਗੁਰਦੁਆਰਾ ਸਾਹਿਬ ਦੀ ਜ਼ਮੀਨ 'ਤੇ ਇਕ ਮੰਦਿਰ ਬਣਾ ਕੇ ਕੁੱਝ ਪਰਿਵਾਰਾਂ ਨੇ ਕਬਜ਼ਾ ਕੀਤਾ ਹੋਇਆ ਹੈ। ਇਸ ਸੰਬੰਧੀ ਗੁਰਦੁਆਰਾ ਕਮੇਟੀ ਚਿਟਾਗਾਂਗ ਨੇ ਅਦਾਲਤ ਵਿਚ ਇਕ ਅਪੀਲ ਕੀਤੀ ਹੋਈ ਸੀ। 28 ਜਨਵਰੀ 2019 ਨੂੰ ਜ਼ਿਲ੍ਹਾ ਜੱਜ ਨੇ ਇਸ ਦਾ ਫ਼ੈਸਲਾ ਗੁਰਦੁਆਰਾ ਸਾਹਿਬ ਦੇ ਹੱਕ ਵਿਚ ਸੁਣਾਉਂਦੇ ਹੋਏ ਕਿਹਾ:

> The suit is declared decree against all defendants (Gourango Singh and Nitai Singh) both party withut cost. It is ordered to the defendant to repudiate the claimed property to favor of the plaintiff (Sikh Temple Estate and others) and give 800/- (eight hundred) taka as recompense within 90 (ninety) days.

ਮੌਜੂਦਾ ਸਮੇਂ ਜ਼ਿਲ੍ਹਾ ਜੱਜ ਅਧੀਨ ਇਸ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਚੱਲ ਰਿਹਾ ਹੈ ਅਤੇ ਚਿਟਾਗਾਂਗ ਦੀ ਸਥਾਨਕ ਕਮੇਟੀ ਵੱਲੋਂ ਇਸ ਦਾ ਪ੍ਰਬੰਧ ਕੀਤਾ ਜਾਂਦਾ ਹੈ। ਇਥੇ ਯਾਤਰੂਆਂ ਦੇ ਨਿਵਾਸ ਜਾਂ ਲੰਗਰ ਆਦਿ ਲਈ ਕੋਈ ਪ੍ਰਬੰਧ ਨਹੀਂ ਹੈ। ਕੁੱਝ ਇਕ ਯਾਤਰੂਆਂ ਦੀ ਸੇਵਾ ਤਾਂ ਗ੍ਰੰਥੀ ਸਿੰਘ ਦੀ ਧਰਮ ਪਤਨੀ ਮਰਯਾਦਾ ਅਨੁਸਾਰ ਕਰ ਦਿੰਦੀ ਹੈ ਪਰ ਇਸ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾਣੇ ਬਹੁਤ ਜ਼ਰੂਰੀ ਹਨ। ਭਾਵੇਂ ਕਿ ਗੁਰਦੁਆਰਾ ਸਾਹਿਬ ਦੇ ਦਾਲਾਨ ਵਿਖੇ ਖੁਲ੍ਹੀ-ਡੁੱਲ੍ਹੀ ਜ਼ਮੀਨ ਮੌਜੂਦ ਹੈ ਅਤੇ ਕਦੇ ਕੋਈ ਯਾਤਰੂ ਇਸ ਅਸਥਾਨ ਦੇ ਦਰਸ਼ਨ ਕਰਨ ਲਈ ਆ ਜਾਂਦਾ ਹੈ। ਇਹਨਾਂ ਦੀ ਆਮਦ ਵਿਚ ਵਾਧਾ ਹੋ ਸਕਦਾ ਹੈ ਜੇਕਰ ਇਥੇ ਨਿਵਾਸ ਅਤੇ ਲੰਗਰ ਦਾ ਸੁਯੋਗ ਪ੍ਰਬੰਧ ਹੋ ਸਕੇ। ਭਾਰਤ ਤੋਂ ਬੰਗਲਾਦੇਸ਼ ਦੇ ਗੁਰਧਾਮਾਂ ਦੀ ਯਾਤਰਾ ਕਰਨ ਵਾਲੇ ਸਿੱਖ ਜਥਿਆਂ ਨੂੰ ਵੀ ਇਥੇ ਸਮੱਸਿਆ ਆਉਂਦੀ ਹੈ ਅਤੇ ਜਿਹੜੇ ਸਿੱਖ ਨਿਜੀ ਤੌਰ 'ਤੇ ਬੰਗਲਾਦੇਸ਼ ਵਿਖੇ ਗੁਰਧਾਮਾਂ ਦੇ ਦਰਸ਼ਨ ਕਰਨ ਲਈ ਜਾਂਦੇ ਹਨ, ਉਹ ਢਾਕਾ ਤੋਂ ਹੀ ਵਾਪਸ ਮੁੜ ਆਉਂਦੇ ਹਨ ਜਾਂ ਚਿਟਾਗਾਂਗ ਦੇ ਹੋਟਲਾਂ ਵਿਚ ਨਿਵਾਸ ਕਰਨ ਲਈ ਮਜਬੂਰ ਹੁੰਦੇ ਹਨ। ਪਰ ਨਿਵਾਸ ਤੋਂ ਬਗ਼ੈਰ ਯਾਤਰੂਆਂ ਲਈ ਰਾਤ ਰਹਿਣਾ ਬਹੁਤ ਮੁਸ਼ਕਿਲ ਹੈ। ਲੰਗਰ ਦਾ ਪ੍ਰਬੰਧ ਕਰਨ ਦੇ ਨਾਲ-ਨਾਲ ਨਿਵਾਸ ਅਸਥਾਨ ਛੇਤੀ ਹੀ ਬਣਾਇਆ ਜਾਣਾ ਚਾਹੀਦਾ ਹੈ।

6. ਗੁਰਦੁਆਰਾ ਸਾਹਿਬ, ਸਿਲਹਟ: ਇਸ ਨਗਰ ਸੰਬੰਧੀ ਜਾਣਕਾਰੀ ਦਿੰਦੇ ਹੋਏ ਭਾਈ ਕਾਨ੍ਹ ਸਿੰਘ ਨਾਭਾ ਦੱਸਦੇ ਹਨ—ਆਸਾਮ ਦਾ ਇਕ ਜਿਲਾ ਅਤੇ ਉਸ ਦਾ ਪ੍ਰਧਾਨ ਨਗਰ, ਜੋ ਸੁਰਮਾ ਨਦੀ ਦੇ ਸੱਜੇ ਕਿਨਾਰੇ ਹੈ। ਇਸ ਥਾਂ ਗੁਰੂ ਨਾਨਕ ਦੇਵ ਜੀ ਧਰਮ ਪ੍ਰਚਾਰ ਕਰਦੇ ਵਿਰਾਜੇ ਹਨ, ਗੁਰਦੁਆਰਾ ਵਿਦਯਮਾਨ ਹੈ।[61] ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮਿਆਂ ਵਿਚ ਇਸ ਅਸਥਾਨ ਦਾ ਨਾਂ ਵੀ ਆਉਂਦਾ ਹੈ ਜਿਸ ਤੋਂ ਇਹ ਪਤਾ ਲੱਗਦਾ ਹੈ ਕਿ ਕਿਸੇ ਸਮੇਂ ਇਸ ਇਲਾਕੇ ਵਿਚ ਵੀ ਵੱਡੀ ਗਿਣਤੀ ਸਿੱਖ ਸੰਗਤ ਕਾਇਮ ਸੀ। ਇਥੇ ਗੁਰੂ ਨਾਨਕ ਦੇਵ ਜੀ ਦੀ ਇਕ ਪੀਰ ਨਾਲ ਮੁਲਾਕਾਤ ਹੋਈ ਦੱਸੀ ਜਾਂਦੀ ਹੈ। ਭਾਈ ਧੰਨਾ ਸਿੰਘ ਦੱਸਦੇ ਹਨ ਕਿ 10-12 ਪੰਜਾਬੀ ਸਿੱਖ ਇਥੇ ਰਹਿੰਦੇ ਸਨ। ਪਹਿਲਾਂ ਇਲਾਕੇ ਦੇ ਮੁਸਲਮਾਨਾਂ ਨੂੰ ਸਰਕਾਰ ਤੋਂ 100 ਰੁਪਏ ਮਹੀਨਾ ਲੰਗਰ

ਵਾਸਤੇ ਮਿਲਦਾ ਸੀ ਪਰ ਲੰਗਰ ਨਾ ਚਲਾਉਣ ਕਰਕੇ ਇਹ ਬੰਦ ਹੋ ਗਿਆ। ਪਹਿਲਾਂ ਗੁਰੂ ਨਾਨਕ ਦੇਵ ਜੀ ਦੀ ਜਗ੍ਹਾ ਬਣੀ ਹੋਈ ਸੀ ਪਰ ਅੱਜ-ਕਲ੍ਹ ਜ਼ਮੀਨ ਸਾਫ਼ ਪਈ ਹੈ ਹਨੇਰ ਪੁਲ ਦੇ ਪਾਸ ਇਕ ਮਸੀਤ ਵਿਚ ਗੁਰੂ ਤੇਗ਼ ਬਹਾਦਰ ਜੀ ਦੇ ਆਉਣ ਦੀ ਜਾਣਕਾਰੀ ਮਿਲਦੀ ਹੈ।[62] ਜੀ.ਬੀ. ਸਿੰਘ ਇਸ ਅਸਥਾਨ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਕ ਹੱਥਲਿਖਤ ਬੀੜ ਹੋਣ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਦੇ ਹਨ ਕਿ ਸੰਮਤ 1811 (1754 ਈ.) ਦੀ ਇਹ ਬੀੜ ਪਹਿਲਾਂ ਸਿਲਹਟ ਦੀ ਸੰਗਤ ਕੋਲ ਮੌਜੂਦ ਸੀ ਪਰ ਜਦੋਂ ਇਥੇ ਸੰਗਤ ਨਾ ਰਹੀ ਤਾਂ ਇਹ ਬੀੜ 'ਹਜੂਰ ਸੰਗਤ' ਢਾਕਾ ਵਿਖੇ ਭੇਜ ਦਿੱਤੀ ਗਈ।[63]

ਇਸ ਅਸਥਾਨ ਬਾਰੇ ਮਹੱਤਵਪੂਰਨ ਜਾਣਕਾਰੀ ਡਾ. ਤ੍ਰਿਲੋਚਨ ਸਿੰਘ ਨੇ ਦਿੱਤੀ ਹੈ। ਇਸ ਅਸਥਾਨ 'ਤੇ ਸਿੱਖ ਸੰਗਤ ਦੇ ਇਕ ਵੱਡੇ ਕੇਂਦਰ ਦੀ ਹੋਂਦ ਅਤੇ ਉਹਨਾਂ ਦੀ ਸਥਾਨਕ ਸੂਫ਼ੀਆਂ ਨਾਲ ਹੋਈ ਵਿਚਾਰ-ਚਰਚਾ ਦਾ ਜ਼ਿਕਰ ਕਰਦੇ ਹੋਏ ਉਹ ਦੱਸਦੇ ਹਨ:

> Guru Tegh Bahadur visited (Sylhet) early in the year 1667 A.D. Here he also established a missionary centre known as the Sylhet Sangat, under which there were minor Sangats of the neighbouring area. The Sufis of Sylhet, though far more bigoted than the Sufis of Punjab, Patna, Delhi and Malda, were impressed by the mystic light which the Guru and his disciples radiated... After spending the rainy season at Sylhet Guru Tegh Bahadur moved South towards Chittagong and Sondip.[64]

ਸ. ਜੋਗਿੰਦਰ ਸਿੰਘ ਜੋਗੀ ਇਸ ਗੁਰਧਾਮ ਸੰਬੰਧੀ ਇਕੱਤਰ ਕੀਤੀ ਜਾਣਕਾਰੀ ਦਾ ਵੇਰਵਾ ਦਿੰਦੇ ਹੋਏ ਦੱਸਦੇ ਹਨ ਕਿ ਇਹ ਇਤਿਹਾਸਿਕ ਜਗ੍ਹਾ ਪਲਾਟ ਨੰ. 2096 ਖਾਤਾ ਨੰ. 1720 ਮੌਜਾ ਸ਼ੇਖ਼ ਘਾਟ ਸਿਲਹਟ ਵਿਖੇ ਵਾਕਿਆ ਹੈ। ਜਿਸਦਾ ਕੁੱਲ ਰਕਬਾ ਲਗਪਗ ਇਕ ਏਕੜ ਸਤਾਸਠ ਡੈਸੀਮਲ ਹੈ। ਗੁਰਦੁਆਰੇ ਦੀ ਇਮਾਰਤ ਨੂੰ ਢਾਹ ਦਿੱਤਾ ਗਿਆ ਹੈ ਤੇ ਹੁਣ ਇਸ ਵਕਤ ਮਲਬੇ ਤੋਂ ਸਿਵਾ ਹੋਰ ਕੁਝ ਵੀ ਨਹੀਂ ਦਿਸਦਾ। ਪੜਤਾਲ ਕਰਨ ਤੋਂ ਪਤਾ ਚੱਲਿਆ ਕਿ ਪਾਕਿਸਤਾਨ ਸਰਕਾਰ ਨੇ ਇਸ ਅਸਥਾਨ ਦੀ ਜ਼ਮੀਨ ਗ੍ਰਹਿਣ ਕਰਕੇ ਸਰਕਾਰੀ ਮੁਲਾਜਮਾਂ ਦੇ ਕੁਆਟਰ ਤੇ ਸਰਕਾਰੀ ਦਫ਼ਤਰ ਲਈ ਦੇ ਦਿੱਤੀ ਸੀ। ਹੁਣ ਇਸ ਵਕਤ ਇਸ ਥਾਂ ਤੇ ਡਿਸਟ੍ਰਿਕਟ ਕੌਂਸਲ ਰੈਸਟ ਹਾਊਸ ਅਤੇ ਦੋ ਸਰਕਾਰੀ ਮੁਲਾਜਮਾਂ ਦੇ ਕਵਾਟਰ ਬਣੇ ਹੋਏ ਹਨ।[65]

7. ਗੁਰਦੁਆਰਾ ਸਿੱਖ ਟੈਂਪਲ, ਪੰਜਾਬੀ ਲੇਨ, ਪਹਾੜਤਲੀ, ਚਿਟਾਗਾਂਗ: ਇਹ ਗੁਰਦੁਆਰਾ ਚਿਟਾਗਾਂਗ ਦੇ ਇਤਿਹਾਸਕ ਗੁਰਦੁਆਰਾ ਸਾਹਿਬ ਤੋਂ ਲਗਪਗ 6-7 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਰੇਲਵੇ ਦੀ ਨੌਕਰੀ ਕਰਨ ਗਏ ਪੰਜਾਬੀ ਸਿੱਖਾਂ ਨੇ ਆਪਣੀਆਂ ਰੋਜ਼ਾਨਾ ਦੀਆਂ ਧਾਰਮਿਕ ਲੋੜਾਂ ਦੀ ਪੂਰਤੀ ਕਰਨ ਲਈ ਕਾਲੋਨੀ ਵਿਖੇ ਹੀ

ਇਸ ਗੁਰਦੁਆਰਾ ਸਾਹਿਬ ਦੀ ਉਸਾਰੀ ਕਰ ਲਈ ਸੀ। ਕਿਉਂਕਿ ਇਹ ਗੁਰਦੁਆਰਾ ਪੰਜਾਬੀਆਂ ਨੇ ਆਪਣੀ ਕਾਲੋਨੀ ਵਿਚ ਤਿਆਰ ਕਰਵਾਇਆ ਸੀ ਇਸ ਕਰਕੇ ਇਸ ਦਾ ਨਾਂ ਗੁਰਦੁਆਰਾ ਪੰਜਾਬੀ ਲੇਨ ਹੀ ਪ੍ਰਸਿੱਧ ਹੋ ਗਿਆ। 1935 ਵਿਚ ਉਸਾਰਿਆ ਗਿਆ ਇਹ ਗੁਰਦੁਆਰਾ ਭਾਰਤ-ਪਾਕਿ ਵੰਡ ਦੌਰਾਨ ਚਿਟਾਗਾਂਗ ਛੱਡ ਆਏ ਸਿੱਖਾਂ ਕਾਰਨ ਵੀਰਾਨ ਹੋ ਗਿਆ ਹੈ। ਦੱਸਿਆ ਗਿਆ ਕਿ ਇਕ ਮੁਸਲਮਾਨ ਪਰਿਵਾਰ ਇਥੇ ਲੰਮੇ ਸਮੇਂ ਤੋਂ ਸੇਵਾ ਕਰਦਾ ਆ ਰਿਹਾ ਹੈ। ਇਸ ਪਰਿਵਾਰ ਦੇ ਮੁਖੀ ਅਲੀ ਹੁਸੈਨ ਨੇ ਇਕ ਕਬਜ਼ਾਧਾਰੀ ਤੋਂ ਇਸ ਗੁਰਧਾਮ ਨੂੰ ਬਚਾਉਣ ਲਈ ਅਦਾਲਤ ਵਿਚ ਕੇਸ ਕਰ ਕੇ ਸਫ਼ਲਤਾ ਪ੍ਰਾਪਤ ਕੀਤੀ ਸੀ ਜਿਸ ਕਾਰਨ ਇਸ 'ਤੇ ਜਾਨ-ਲੇਵਾ ਹਮਲਾ ਵੀ ਹੋਇਆ ਪਰ ਗੁਰਦੁਆਰਾ ਸਾਹਿਬ ਨੂੰ ਬਚਾਉਣ ਵਿਚ ਅਖ਼ੀਰ ਇਹ ਸਫ਼ਲ ਹੋ ਗਿਆ। ਇਸੇ ਦੇ ਅੱਠ ਪੁੱਤਰ ਅਤੇ ਇਕ ਧੀ ਇਸੇ ਗੁਰਧਾਮ ਦੇ ਪਿਛਲੇ ਪਾਸੇ ਰਹਿੰਦੇ ਹਨ ਜਿਹੜੇ ਕਿ ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਕਰਦੇ ਹਨ। ਚੌਕ ਬਜ਼ਾਰ ਦੇ ਇਤਿਹਾਸਕ ਗੁਰਦੁਆਰਾ ਸਿੱਖ ਟੈਂਪਲ ਦਾ ਗ੍ਰੰਥੀ ਸਿੰਘ ਹੀ ਇਥੇ ਪ੍ਰਕਾਸ਼ ਕਰਦਾ ਹੈ ਅਤੇ ਨਿਯਮ ਅਨੁਸਾਰ ਮਰਯਾਦਾ ਨਿਭਾਉਂਦਾ ਹੈ। ਇਸ ਗੁਰਦੁਆਰਾ ਸਾਹਿਬ ਦੀ ਖਾਲੀ ਪਈ ਜ਼ਮੀਨ ਦੀ ਵਰਤੋਂ ਵੀ ਪਰਉਪਕਾਰੀ ਕਾਰਜਾਂ ਲਈ ਕੀਤੀ ਜਾ ਸਕਦੀ ਹੈ। ਚਿਟਾਗਾਂਗ ਦੇ ਗੁਰਦੁਆਰਾ ਸਾਹਿਬਾਨ ਦੇ ਨਾਂ 'ਤੇ ਹੋਰ ਜਿਹੜੀ ਜ਼ਮੀਨ ਮੌਜੂਦ ਹੈ ਉਸ ਦੀ ਸਾਂਭ-ਸੰਭਾਲ ਜ਼ਿਲ੍ਹਾ ਜੱਜ ਦੇ ਅਧੀਨ ਹੈ।

8. ਗੁਰਦੁਆਰਾ ਗੁਰੂ ਨਾਨਕ ਟੈਂਪਲ, ਮੈਮਨ ਸਿੰਘ: ਇਹ ਅਸਥਾਨ ਢਾਕਾ ਤੋਂ ਲਗਪਗ 110 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਰੇਲਵੇ ਸਟੇਸ਼ਨ ਦੇ ਨੇੜੇ ਹੀ 75 ਗੁਹਾ ਰੋਡ, ਸ਼ਿਵ ਬਾੜੀ ਵਿਖੇ ਸਥਿਤ ਇਹ ਪੁਰਾਤਨ ਗੁਰਦੁਆਰਾ ਰੇਲਵੇ ਦੀ ਨੌਕਰੀ ਕਰਨ ਗਏ ਮੁਲਾਜ਼ਮਾਂ ਦੁਆਰਾ ਬਣਾਇਆ ਦੱਸਿਆ ਜਾਂਦਾ ਹੈ। ਇਸ ਗੁਰਦੁਆਰੇ ਦਾ ਨਾਂ ਬੰਗਲਾਦੇਸ਼ ਦੇ ਉਹਨਾਂ ਪੰਜ ਗੁਰਧਾਮਾਂ ਵਿਚ ਸ਼ਾਮਲ ਹੈ ਜਿਨ੍ਹਾਂ ਦੇ ਦਰਸ਼ਨ ਵਿਸਾਖੀ ਅਤੇ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਪੁਰਬ ਮੌਕੇ ਉਥੇ ਜਾਣ ਵਾਲੇ ਸ਼ਰਧਾਲੂਆਂ ਨੂੰ ਕਰਵਾਏ ਜਾਂਦੇ ਹਨ। ਗੁਰਦੁਆਰਾ ਸਾਹਿਬ ਦੀ ਜ਼ਮੀਨ 'ਤੇ ਕੁੱਝ ਪਰਿਵਾਰ ਰਹਿੰਦੇ ਹਨ ਅਤੇ ਇਥੇ ਸੇਵਾ ਕਰਨ ਵਾਲਾ ਗ੍ਰੰਥੀ ਸਿੰਘ ਗੁਰਦੁਆਰਾ ਪ੍ਰਬੰਧਕ ਕਮੇਟੀ, ਬੰਗਲਾਦੇਸ਼ ਦੁਆਰਾ ਭੇਜਿਆ ਜਾਂਦਾ ਹੈ।

9. ਗੁਰੂ ਨਾਨਕ ਪੀਰ ਦਾ ਮੰਦਿਰ, ਕੋਕ ਮੰਡੀ, ਜ਼ਿਲ੍ਹਾ ਚਿਟਾਗਾਂਗ: ਇਹ ਵੀ ਇਤਿਹਾਸਕ ਗੁਰਦੁਆਰਾ ਨਹੀਂ ਹੈ। ਸਥਾਨਕ ਸਿੱਖਾਂ ਨੇ ਆਪਣੀ ਸਹੂਲਤ ਲਈ ਇਸ ਗੁਰਦੁਆਰਾ ਸਾਹਿਬ ਦੀ ਉਸਾਰੀ ਕਰਵਾਈ ਸੀ ਜਿਹੜਾ ਕਿ ਪਾਕਿਸਤਾਨ ਬਣਨ ਉਪਰੰਤ ਬੰਦ ਹੋ ਗਿਆ ਹੈ।

10. ਗੁਰਦੁਆਰਾ ਸ. ਮੋਹਨ ਸਿੰਘ: ਗੁਰਦੁਆਰਾ ਸ. ਮੋਹਨ ਸਿੰਘ ਚਿਤਰਾ ਮਹਿਲ ਸਿਨੇਮਾ ਦੇ ਪਿੱਛੇ ਦੱਸਿਆ ਜਾਂਦਾ ਹੈ। ਪਹਿਲਾਂ ਇਸ ਦਾ ਨਾਂ ਨਾਗਰ ਮਹਿਲ ਸਿਨੇਮਾ ਸੀ। ਗੁਰਦੁਆਰਾ ਪ੍ਰਬੰਧਕ ਕਮੇਟੀ ਬੰਗਲਾਦੇਸ਼ ਦੇ ਮੌਜੂਦਾ ਪ੍ਰਧਾਨ ਸ੍ਰੀ ਪਾਰਸ

ਲਾਲ ਬੇਗ਼ੀ ਸ. ਮੋਹਨ ਸਿੰਘ ਨੂੰ ਆਪਣੇ ਦਾਦਾ ਜੀ ਦੱਸਦੇ ਹਨ। ਇਸ ਗੁਰਧਾਮ ਸੰਬੰਧੀ ਜਾਣਕਾਰੀ ਦਿੰਦੇ ਹੋਏ ਇਹ ਦੱਸਦੇ ਹਨ ਕਿ 1971 ਵਿਚ ਪਾਕਿਸਤਾਨ ਦੀ ਫ਼ੌਜ ਨੇ ਇਸ ਗੁਰਦੁਆਰਾ ਸਾਹਿਬ ਨੂੰ ਅੱਗ ਲਗਾ ਦਿੱਤੀ ਸੀ ਅਤੇ ਸ. ਮੋਹਨ ਸਿੰਘ ਇਸ ਦੇ ਅੰਦਰ ਹੀ ਸ਼ਹੀਦ ਹੋ ਗਏ ਸਨ। ਹੁਣ ਇਹ ਗੁਰਦੁਆਰਾ ਮੌਜੂਦ ਨਹੀਂ ਹੈ। ਇਹ ਗੁਰਦੁਆਰਾ ਇਤਿਹਾਸਕ ਨਹੀਂ ਸੀ ਅਤੇ ਅਜਿਹੇ ਹੋਰ ਕਿੰਨੇ ਗੁਰਧਾਮ ਪੂਰਬੀ ਪਾਕਿਸਤਾਨ ਵਿਚ ਸਥਿਤ ਸਨ ਜਿਹੜੇ ਭਾਰਤ-ਪਾਕਿ ਵੰਡ ਉਪਰੰਤ ਅਲੋਪ ਹੋ ਗਏ ਹਨ।

ਗੁਰਧਾਮਾਂ ਦਾ ਪ੍ਰਬੰਧ

ਬੰਗਲਾਦੇਸ਼ ਵਿਚ ਜਿੰਨੇ ਵੀ ਗੁਰਦੁਆਰੇ ਮੌਜੂਦ ਹਨ ਮੌਜੂਦਾ ਸਮੇਂ ਵਿਚ ਉਹਨਾਂ ਦਾ ਪ੍ਰਬੰਧ ਗੁਰਦੁਆਰਾ ਪ੍ਰਬੰਧਕ ਕਮੇਟੀ, ਬੰਗਲਾਦੇਸ਼ ਦੁਆਰਾ ਕੀਤਾ ਜਾਂਦਾ ਹੈ। ਜਿਸ ਦਿਨ ਬੰਗਲਾਦੇਸ਼ ਅਜ਼ਾਦ ਹੋਇਆ ਉਸ ਦਿਨ ਸਭ ਤੋਂ ਪਹਿਲਾਂ ਢਾਕੇ ਦੇ ਦੋ ਗੁਰਦੁਆਰੇ ਸਿੱਖਾਂ ਦੇ ਹਵਾਲੇ ਕੀਤੇ ਗਏ ਸਨ—ਗੁਰਦੁਆਰਾ ਨਾਨਕ ਸ਼ਾਹੀ ਅਤੇ ਗੁਰਦੁਆਰਾ ਸੰਗਤ ਟੋਲਾ। ਢਾਕੇ ਦੇ ਇਹਨਾਂ ਗੁਰਦੁਆਰਿਆਂ ਦੀ ਸੰਭਾਲ ਲਈ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਕਮੇਟੀ ਨੇ ਇਕ ਵਫ਼ਦ ਭੇਜਿਆ ਜਿਸ ਨੇ 2 ਜਨਵਰੀ 1972 ਨੂੰ ਇਥੇ ਪਹਿਲਾ ਦੀਵਾਨ ਸਜਾਇਆ ਜਿਸ ਵਿਚ ਬੰਗਲਾਦੇਸ਼ ਦੇ ਕਾਰਜਕਾਰੀ ਰਾਸ਼ਟਰਪਤੀ ਸੱਯਦ ਨਜ਼ਰੁਲ ਇਸਲਾਮ ਸ਼ਾਮਲ ਹੋਏ। ਉਹਨਾਂ ਦੁਆਰਾ ਬੰਗਲਾਦੇਸ਼ ਵਿਚ ਸਿੱਖ ਗੁਰਧਾਮਾਂ ਦੀ ਸਾਂਭ-ਸੰਭਾਲ ਦਾ ਕਾਰਜ ਸਿੱਖਾਂ ਨੂੰ ਸੌਂਪਣ ਦਾ ਐਲਾਨ ਕਰ ਦਿੱਤਾ ਅਤੇ ਨਾਲ ਹੀ ਜਿਹੜੇ ਗੁਰਦੁਆਰਾ ਸਾਹਿਬਾਨ ਦੀਆਂ ਜ਼ਮੀਨਾਂ 'ਤੇ ਕਬਜ਼ਾ ਹੈ ਉਹ ਵੀ ਵਾਪਸ ਕਰਨ ਦਾ ਭਰੋਸਾ ਦਿਵਾਇਆ। ਇਸ ਐਲਾਨ ਤੋਂ ਬਾਅਦ ਸਿੱਖਾਂ ਨੇ ਵੀ ਬੰਗਲਾਦੇਸ਼ ਦੇ ਗੁਰਧਾਮਾਂ ਦੀ ਸਾਂਭ-ਸੰਭਾਲ ਲਈ ਯੋਜਨਾਬੰਦੀ ਅਰੰਭ ਕਰ ਦਿੱਤੀ। ਇਸ ਕਾਰਜ ਲਈ ਮਾਇਕ ਸਹਾਇਤਾ ਜੁਟਾਣੀ ਇਕ ਵੱਡਾ ਅਤੇ ਮਹੱਤਵਪੂਰਨ ਕਾਰਜ ਸੀ। ਭਾਵੇਂ ਕਿ ਮੁੱਢਲੇ ਤੌਰ 'ਤੇ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੇ ਇਹ ਕਾਰਜ ਆਪਣੇ ਜ਼ਿੰਮੇ ਲੈ ਲਿਆ ਸੀ ਪਰ ਇਸ ਪ੍ਰਬੰਧ ਨੂੰ ਪੱਕੇ ਪੈਰੀਂ ਕਰਨ ਲਈ 16 ਸਤੰਬਰ 1973 ਨੂੰ ਦਿੱਲੀ ਵਿਖੇ ਇਕ ਮੀਟਿੰਗ ਸੱਦੀ ਗਈ। ਇਸ ਮੀਟਿੰਗ ਵਿਚ ਬੰਗਲਾਦੇਸ਼ ਦੇ ਗੁਰਧਾਮਾਂ ਦਾ ਪ੍ਰਬੰਧ ਕਰਨ ਲਈ ਇਕ ਬੋਰਡ ਦੇ ਗਠਨ ਦਾ ਐਲਾਨ ਕੀਤਾ ਗਿਆ ਅਤੇ ਨਾਲ ਹੀ ਇਹ ਵੀ ਪਾਸ ਕੀਤਾ ਗਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪਟਨਾ ਸਾਹਿਬ ਗੁਰਦੁਆਰਾ ਪ੍ਰਬੰਧਕ ਕਮੇਟੀ ਸੇਵਾਦਾਰ ਅਤੇ ਗ੍ਰੰਥੀ ਨਿਯੁਕਤ ਕਰਨ ਵਿਚ ਇਸ ਬੋਰਡ ਦੀ ਸਹਾਇਤਾ ਕਰਨਗੀਆਂ। ਇਸ ਬੋਰਡ ਦਾ ਆਰਥਿਕ ਪ੍ਰਬੰਧ ਮਜ਼ਬੂਤ ਕਰਨ ਲਈ ਇਹ ਵੀ ਫ਼ੈਸਲਾ ਕੀਤਾ ਗਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਸ-ਦਸ ਹਜ਼ਾਰ ਰੁਪਏ ਅਤੇ ਪਟਨਾ ਸਾਹਿਬ ਗੁਰਦੁਆਰਾ ਪ੍ਰਬੰਧਕ ਕਮੇਟੀ ਪੰਜ ਹਜ਼ਾਰ ਰੁਪਏ ਬੋਰਡ ਨੂੰ ਆਰਥਿਕ ਸਹਾਇਤਾ ਦੇਵੇਗੀ। ਕੁੱਝ ਸਮਾਂ ਤਾਂ ਇਹ ਪ੍ਰਬੰਧ ਸੁਚਾਰੂ ਰੂਪ ਵਿਚ ਚੱਲਦਾ ਰਿਹਾ ਪਰ ਫਿਰ ਦਿੱਲੀ

ਕਮੇਟੀ ਤੋਂ ਸਹਾਇਤਾ ਆਉਣੀ ਬੰਦ ਹੋ ਗਈ ਜਿਸ ਨਾਲ ਬੰਗਲਾਦੇਸ਼ ਦੇ ਗੁਰਦੁਆਰਾ ਸਾਹਿਬ ਦੀ ਸਾਂਭ-ਸੰਭਾਲ ਦਾ ਕੰਮ ਮੁਸ਼ਕਿਲ ਹੋ ਗਿਆ। ਇਸ ਸਮੱਸਿਆ ਦੇ ਹੱਲ ਲਈ ਇਕ ਮੀਟਿੰਗ 19 ਜੂਨ 1988 ਨੂੰ ਸਿੱਖ ਰਿਵੀਊ ਕਲਕੱਤਾ ਦੇ ਦਫ਼ਤਰ ਵਿਖੇ ਆਯੋਜਿਤ ਕੀਤੀ ਗਈ। ਸਮੂਹ ਸਮੱਸਿਆਵਾਂ ਦੇ ਮੱਦੇਨਜ਼ਰ, ਬੰਗਲਾਦੇਸ਼ ਦੇ ਗੁਰਧਾਮਾਂ ਦੀਆਂ ਇਮਾਰਤਾਂ ਦੀ ਸਾਂਭ-ਸੰਭਾਲ ਅਤੇ ਉਥੇ ਨਿਯੁਕਤ ਜਾਣ ਵਾਲੇ ਸੇਵਾਦਾਰਾਂ, ਗ੍ਰੰਥੀ ਸਿੰਘਾਂ ਆਦਿ ਸੰਬੰਧੀ ਵਿਸਤਾਰ ਪੂਰਵਕ ਚਰਚਾ ਹੋਈ। ਬੰਗਲਾਦੇਸ਼ ਦੇ ਗੁਰਧਾਮਾਂ ਦੇ ਆਰਥਿਕ ਪ੍ਰਬੰਧ ਨੂੰ ਮਜ਼ਬੂਤ ਕਰਨ ਲਈ ਵਿਸ਼ੇਸ਼ ਯਤਨ ਕਰਨ ਦਾ ਫ਼ੈਸਲਾ ਕੀਤਾ ਗਿਆ। 1961 ਵਿਚ ਬੰਗਲਾਦੇਸ਼ ਦੀ ਢਾਕਾ ਯੂਨੀਵਰਸਿਟੀ ਗੁਰਦੁਆਰਾ ਸਾਹਿਬ ਦੀ ਜ਼ਮੀਨ ’ਤੇ ਬਣੀ ਹੋਈ ਹੈ। ਇਸ ਸੰਬੰਧੀ ਵਿਚਾਰ ਕੀਤਾ ਗਿਆ ਕਿ ਯੂਨੀਵਰਸਿਟੀ ਤੋਂ ਇਸ ਦਾ ਮੁਆਵਜ਼ਾ ਲੈਣ ਲਈ ਯਤਨ ਤੇਜ ਕੀਤੇ ਜਾਣ। ਬੰਗਲਾਦੇਸ਼ ਸਰਕਾਰ ਨੇ ਇਸ ਯੂਨੀਵਰਸਿਟੀ ਦੀ ਜ਼ਮੀਨ ਦਾ ਮੁਆਵਜ਼ਾ ਦੇਣ ਲਈ 46 ਲੱਖ ਟਕੇ ਰਾਖਵੇਂ ਰੱਖੇ ਹੋਏ ਸਨ ਅਤੇ ਕੁੱਝ ਸਥਾਨਕ ਲੋਕ ਇਸ ਮੁਆਵਜ਼ੇ ਦਾ ਦਾਅਵਾ ਕਰਨ ਲੱਗੇ ਸਨ। ਬੰਗਲਾਦੇਸ਼ ਦੇ ਗੁਰਦੁਆਰਾ ਮੈਨੇਜਮੈਂਟ ਬੋਰਡ ਨੇ ਇਹ ਫ਼ੈਸਲਾ ਕੀਤਾ ਕਿ ਸਰਕਾਰ ਤੋਂ ਇਹ ਮੁਆਵਜ਼ਾ ਲੈਣ ਲਈ ਵਕੀਲ ਕੀਤਾ ਜਾਵੇ ਅਤੇ ਇਸ ਸੰਬੰਧੀ ਅਗਲੇਰੀ ਕਾਰਵਾਈ ਕੈਪਟਨ ਭਾਗ ਸਿੰਘ ਕਰਦੇ ਰਹੇ ਹਨ। ਇਹਨਾਂ ਨੇ ਬੰਗਲਾਦੇਸ਼ ਦੇ ਵਕੀਲ ਜਨਾਬ ਏ.ਬੀ.ਐਮ. ਬਦਰੂ ਦੌਲਾ ਰਾਹੀਂ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਜਿਸ ਵਿਚ ਪ੍ਰਾਪਤ ਹੋਣ ਵਾਲੀ ਰਕਮ ਨੂੰ ਬੰਗਲਾਦੇਸ਼ ਗੁਰਦੁਆਰਾ ਟਰਸਟ ਦੇ ਨਾਂ ਲਵਾ ਕੇ ਬੈਂਕ ਵਿਚ ਐਫ.ਡੀ. ਕਰਾਉਣ ਅਤੇ ਉਸ ਦੇ ਵਿਆਜ ਰਾਹੀਂ ਹਸਪਤਾਲ ਜਾਂ ਸਕੂਲ ਖੋਲ੍ਹਣ ਦੀ ਯੋਜਨਾ ਉਲੀਕੀ ਗਈ। ਇਸੇ ਤਰ੍ਹਾਂ ਹੀ ਹੋਰਨਾਂ ਗੁਰਧਾਮਾਂ ਦੀ ਜ਼ਮੀਨ ਤੋਂ ਕਬਜ਼ਾ ਛੁਡਾਉਣਾ ਬੰਗਲਾਦੇਸ਼ ਗੁਰਦੁਆਰਾ ਮੈਨੇਜਮੈਂਟ ਬੋਰਡ ਦਾ ਪ੍ਰਮੁਖ ਕਾਰਜ ਸੀ।

ਬੰਗਲਾਦੇਸ਼ ਦੇ ਗੁਰਧਾਮਾਂ ਦਾ ਪ੍ਰਬੰਧ ਪ੍ਰਮੁੱਖ ਤੌਰ ’ਤੇ ਪਟਨਾ ਸਾਹਿਬ ਤੋਂ ਹੀ ਚਲਾਇਆ ਜਾਂਦਾ ਸੀ ਪਰ 25 ਅਗਸਤ 1990 ਨੂੰ ਬੰਗਲਾਦੇਸ਼ ਗੁਰਦੁਆਰਾ ਮੈਨੇਜਮੈਂਟ ਬੋਰਡ ਦਾ ਪੁਨਰਗਠਨ ਕਰਨ ਲਈ ਇਕ ਮੀਟਿੰਗ ਕਲਕੱਤਾ ਵਿਖੇ ਹੋਈ ਜਿਸ ਵਿਚ ਸ. ਭੁਪਿੰਦਰ ਸਿੰਘ ਸਰਨਾ, ਪ੍ਰਧਾਨ; ਕੈਪਟਨ ਭਾਗ ਸਿੰਘ ਸਕੱਤਰ ਜਨਰਲ; ਸ. ਹਰਚਰਨ ਸਿੰਘ ਸਕੱਤਰ ਅਤੇ ਸ. ਜੈ ਸਿੰਘ ਸੇਠੀ ਖ਼ਜ਼ਾਨਚੀ ਚੁਣੇ ਗਏ। ਇਸ ਮੀਟਿੰਗ ਵਿਚ ਇਹ ਵੀ ਫ਼ੈਸਲਾ ਕੀਤਾ ਗਿਆ ਕਿ ਬੰਗਲਾਦੇਸ਼ ਗੁਰਦੁਆਰਾ ਮੈਨੇਜਮੈਂਟ ਬੋਰਡ ਦਾ ਮੁੱਖ ਦਫ਼ਤਰ ਕਮਰਾ ਨੰ. 116, ਕਾਰਨਾਨੀ ਮੈਂਸਨ, 25-ਏ, ਪਾਰਕ ਸਟਰੀਟ, ਕਲਕੱਤਾ ਵਿਖੇ ਹੋਵੇਗਾ।

ਬੰਗਲਾਦੇਸ਼ ਵਿਖੇ ਗੁਰਧਾਮਾਂ ਦੀ ਸਾਂਭ-ਸੰਭਾਲ ਕਰਨ ਵਿਚ ਕੈਪਟਨ ਭਾਗ ਸਿੰਘ ਅਗਾਂਹਵਧੂ ਭੂਮਿਕਾ ਨਿਭਾਉਂਦੇ ਰਹੇ। ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਬੰਗਲਾਦੇਸ਼ ਗੁਰਦੁਆਰਾ ਮੈਨੇਜਮੈਂਟ ਬੋਰਡ ਵਿਚ ਇਹ ਇਕ ਮਹੱਤਵਪੂਰਨ ਕੜੀ ਸਨ। 1992 ਵਿਚ ਇਹ ਅਕਾਲ ਚਲਾਣਾ ਕਰ ਗਏ ਤਾਂ ਪਟਨਾ ਸਾਹਿਬ ਅਤੇ ਬੋਰਡ

ਵਿਚਕਾਰ ਸੰਬੰਧ ਮਜ਼ਬੂਤੀ ਨਾਲ ਅੱਗੇ ਨਾ ਵੱਧ ਸਕੇ। ਬੰਗਲਾਦੇਸ਼ ਦੇ ਗੁਰਦੁਆਰਿਆਂ ਦੀ ਸਾਂਭ-ਸੰਭਾਲ ਲਈ 2.8.2008 ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵੱਲੋਂ ਬੰਗਲਾਦੇਸ਼ ਗੁਰਦੁਆਰਾ ਮੈਨੇਜਮੈਂਟ ਬੋਰਡ ਦੇ 15 ਮੈਂਬਰਾਂ ਦੀ ਕਮੇਟੀ ਬਣਾਈ ਗਈ ਜਿਸ ਵਿਚ ਹੇਠ ਲਿਖੇ ਮੈਂਬਰ ਸ਼ਾਮਲ ਕੀਤੇ ਗਏ:

1. ਮੁੱਖ ਸਰਪ੍ਰਸਤ - ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਸਿੰਘ ਸਾਹਿਬ ਜਥੇਦਾਰ ਗਿਆਨੀ ਇਕਬਾਲ ਸਿੰਘ ਜੀ।
2. ਸਰਪ੍ਰਸਤ - ਸੰਤ ਬਾਬਾ ਹਾਕਮ ਸਿੰਘ, ਕਾਰ-ਸੇਵਾ ਸੰਪ੍ਰਦਾਇ ਸਰਹਾਲੀ, ਅੰਮ੍ਰਿਤਸਰ।
3. ਪ੍ਰਧਾਨ - ਸ. ਅਜੈਬ ਸਿੰਘ ਬੋਪਾਰਾਏ
4. ਮੀਤ ਪ੍ਰਧਾਨ - ਸ. ਅਮਰਜੀਤ ਸਿੰਘ ਦਾਖਾ
5. ਜਨਰਲ ਸਕੱਤਰ - ਸ. ਬਚਨ ਸਿੰਘ ਸਰਲ
6. ਸਕੱਤਰ - ਸ. ਅਖਤਿਆਰ ਸਿੰਘ
7. ਖਜਾਨਚੀ - ਸ. ਪ੍ਰਗਟ ਸਿੰਘ
8. ਮੈਂਬਰ - ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਨਰਲ ਸਕੱਤਰ
9. ਮੈਂਬਰ - ਸ. ਬਲਦੇਵ ਸਿੰਘ ਖੈਹਰਾ
10. ਮੈਂਬਰ - ਸ. ਬਚਿਤ੍ਰ ਸਿੰਘ ਦਾਖਾ
11. ਮੈਂਬਰ - ਸ. ਸਮਸ਼ੇਰ ਸਿੰਘ ਸਿੱਧੂ, ਦਿੱਲੀ
12. ਮੈਂਬਰ - ਸ. ਤੇਜਿੰਦਰ ਸਿੰਘ ਵਾਲੀਆ
13. ਮੈਂਬਰ - ਸ. ਭਗਵੰਤ ਸਿੰਘ
14. ਮੈਂਬਰ - ਸ. ਹਰਦੇਵ ਸਿੰਘ ਗਿੱਲ
15. ਮੈਂਬਰ - ਸ. ਪ੍ਰੀਤਮ ਸਿੰਘ

10 ਅਪ੍ਰੈਲ 2016 ਨੂੰ ਬੰਗਲਾਦੇਸ਼ ਗੁਰਦੁਆਰਾ ਮੈਨੇਜਮੈਂਟ ਬੋਰਡ ਦਾ ਪੁਨਰਗਠਨ ਹੋਇਆ। ਇਸ ਸੰਬੰਧੀ ਤਖ਼ਤ ਸ੍ਰੀ ਹਰਿੰਮਦਰ ਜੀ ਪਟਨਾ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤ੍ਰਤਾ ਹੋਈ ਜਿਸ ਵਿਚ ਬੰਗਲਾਦੇਸ਼ ਦੇ ਗੁਰਧਾਮਾਂ ਦੀ ਚੱਲ ਰਹੀ ਕਾਰ-ਸੇਵਾ ਅੱਗੇ ਤੋਂ ਵੀ ਬਾਬਾ ਤਾਰਾ ਸਿੰਘ ਸਰਹਾਲੀ ਵਾਲਿਆਂ ਨੂੰ ਸੌਂਪ ਦਿੱਤੀ ਗਈ ਅਤੇ ਪੁਰਾਣੇ ਮੈਂਬਰਾਂ ਸਮੇਤ ਕੁੱਝ ਨਵੇਂ ਮੈਂਬਰ ਸ਼ਾਮਲ ਕੀਤੇ ਗਏ। ਬੋਰਡ ਦੇ ਨਵੀਂ ਗਠਿਤ ਕੀਤੀ ਗਈ ਕਮੇਟੀ ਦੇ ਇਹ ਮੈਂਬਰ ਚੁੱਣੇ ਗਏ:

1. ਮੁੱਖ ਸਰਪ੍ਰਸਤ - ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਸਿੰਘ ਸਾਹਿਬ ਜਥੇਦਾਰ ਗਿਆਨੀ ਇਕਬਾਲ ਸਿੰਘ ਜੀ।
2. ਸਰਪ੍ਰਸਤ - ਸੰਤ ਬਾਬਾ ਹਾਕਮ ਸਿੰਘ, ਕਾਰ-ਸੇਵਾ ਸੰਪ੍ਰਦਾਇ ਸਰਹਾਲੀ, ਅੰਮ੍ਰਿਤਸਰ।

3. ਪ੍ਰਧਾਨ - ਸ. ਅਜੈਬ ਸਿੰਘ ਬੋਪਾਰਾਏ
4. ਮੀਤ ਪ੍ਰਧਾਨ - ਸ. ਅਮਰਜੀਤ ਸਿੰਘ ਦਾਖਾ
5. ਜਨਰਲ ਸਕੱਤਰ - ਸ. ਬਚਨ ਸਿੰਘ ਸਰਲ
6. ਸਕੱਤਰ - ਸ. ਸਤਪਾਲ ਸਿੰਘ
7. ਖਜਾਨਚੀ - ਸ. ਪ੍ਰਗਟ ਸਿੰਘ
8. ਮੈਂਬਰ - ਸ. ਸੈਲੇਂਦਰ ਸਿੰਘ, ਟਾਟਾ ਨਗਰ ਝਾਰਖੰਡ
9. ਮੈਂਬਰ - ਸ. ਪ੍ਰਿਤਪਾਲ ਸਿੰਘ, ਕੋਲਕੱਤਾ
10. ਮੈਂਬਰ - ਸ. ਜਗਮੋਹਨ ਸਿੰਘ ਖੋਖਰ
11. ਮੈਂਬਰ - ਸ. ਜਗਜੀਤ ਸਿੰਘ ਦਾਖਾ
12. ਮੈਂਬਰ - ਸ. ਸੁਖਜਿੰਦਰ ਸਿੰਘ ਗੌਰੀਪੁਰ
13. ਮੈਂਬਰ - ਸ. ਸਤਵੰਤ ਸਿੰਘ ਬੇਹਾਲਾ
14. ਮੈਂਬਰ - ਸ. ਬਚਿੱਤਰ ਸਿੰਘ ਦਾਖਾ
15. ਮੈਂਬਰ - ਸ. ਦਵਿੰਦਰ ਸਿੰਘ

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੁਆਰਾ ਨਿਯੁਕਤ ਕੀਤੀ ਗਈ ਕਮੇਟੀ ਦੇ ਨਾਲ-ਨਾਲ ਬੰਗਲਾਦੇਸ਼ ਵਿਖੇ ਇਕ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੌਜੂਦ ਹੈ ਜਿਸ ਦਾ ਮੁੱਖ ਦਫ਼ਤਰ ਬੰਗਲਾਦੇਸ਼ ਦੇ ਗੁਰਦੁਆਰਾ ਨਾਨਕਸ਼ਾਹੀ, ਰਮਨਾ ਵਿਖੇ ਸਥਿਤ ਹੈ। ਢਾਕਾ ਅਤੇ ਹੋਰਨਾਂ ਨਗਰਾਂ ਵਿਖੇ ਸਥਿਤ ਗੁਰਧਾਮਾਂ ਦਾ ਪ੍ਰਬੰਧ ਕਰਨ ਵਿਚ ਇਹ ਸਹਾਇਤਾ ਪ੍ਰਦਾਨ ਕਰਦੀਆਂ ਹਨ। 26.2.2019 ਨੂੰ ਬਣਾਈ ਗਈ ਇਸ ਕਮੇਟੀ ਵਿਚ ਇਹ ਮੈਂਬਰ ਸ਼ਾਮਲ ਹਨ:

1. ਪ੍ਰਧਾਨ - ਪਾਰਸ ਲਾਲ ਬੇਗ਼ੀ।
2. ਮੀਤ ਪ੍ਰਧਾਨ - ਸੁਸ਼ੀਲ ਬਾਲਮੀਕੀ ਸੁਨੀਲ।
3. ਸੈਕਟਰੀ ਜਨਰਲ - ਤਪਸ ਲਾਲ ਚੌਧਰੀ।
4. ਖ਼ਜ਼ਾਨਚੀ - ਰੂਬੀ ਦਾਸ।
5. ਮੈਂਬਰ - ਜਿਬਨ ਲਾਲ ਬੇਗ਼ੀ।
6. ਮੈਂਬਰ - ਸ਼ਾਮ ਦਾਸ।
7. ਮੈਂਬਰ - ਅਬੁਲ ਬੇਗ਼ੀ।
8. ਮੈਂਬਰ - ਜਤਨ ਲਾਲ ਬੇਗ਼ੀ।
9. ਮੈਂਬਰ - ਰੌਬਿਨ ਲਾਲ ਬੇਗ਼ੀ।
10. ਮੈਂਬਰ - ਸਤਯ ਦਾਸ।
11. ਮੈਂਬਰ - ਪ੍ਰੋਬੀਰ ਕੁਮਾਰ ਬਾਗ਼ੀ।

ਬੰਗਲਾਦੇਸ਼ ਦੇ ਗੁਰਧਾਮਾਂ ਦਾ ਪ੍ਰਬੰਧ ਕਰਨ ਲਈ ਭਾਰਤ ਤੋਂ ਗ੍ਰੰਥੀ ਅਤੇ ਰਾਗੀ

ਸਿੰਘ ਆਦਿ ਭੇਜੇ ਜਾਂਦੇ ਹਨ। 2008 ਵਿਚ ਕਲਕੱਤਾ ਤੋਂ ਸ਼ਰਧਾਲੂਆਂ ਦਾ ਇਕ ਜਥਾ ਬੰਗਲਾਦੇਸ਼ ਦੇ ਗੁਰਦੁਆਰਿਆਂ ਦੇ ਦਰਸ਼ਨ ਕਰਨ ਲਈ ਗਿਆ ਸੀ ਪਰ ਇਹ ਜਥਾ ਢਾਕੇ ਦੇ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਕੇ ਹੀ ਵਾਪਸ ਪਰਤ ਆਇਆ ਸੀ।[66] ਇਸ ਤੋਂ ਬਾਅਦ ਇਹ ਸਿਲਸਿਲਾ ਨਿਰੰਤਰ ਚੱਲਦਾ ਰਿਹਾ। ਪੰਜਾਬ ਦੀ ਸਿੱਖ ਸੰਗਤ ਵਿਚ ਵੀ ਬੰਗਲਾਦੇਸ਼ ਦੇ ਗੁਰਧਾਮਾਂ ਦੇ ਦਰਸ਼ਨ ਕਰਨ ਦੀ ਰੁਚੀ ਵੱਧਣ ਲੱਗੀ। 2010 ਵਿਚ ਬੰਗਲਾਦੇਸ਼ ਦੀ ਅਜ਼ਾਦੀ ਤੋਂ ਲਗਪਗ 39 ਸਾਲ ਬਾਅਦ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਲਈ ਪਹਿਲੀ ਵਾਰੀ ਇਕ ਵੱਡਾ ਸਿੱਖ ਜਥਾ ਭਾਰਤ ਤੋਂ ਬੰਗਲਾਦੇਸ਼ ਗਿਆ ਸੀ। ਕਲਕੱਤਾ ਤੋਂ ਰੇਲ-ਗੱਡੀ ਰਾਹੀਂ ਇਹ ਜਥਾ ਢਾਕਾ ਵਿਖੇ ਪੁੱਜਾ ਸੀ।[67] ਇਸ ਜਥੇ ਦੀ ਅਗਵਾਈ ਮਾਤਾ ਅਮਰ ਕੌਰ ਮੈਮੋਰੀਅਲ ਸੇਵਾ ਸੁਸਾਇਟੀ (ਰਜਿ.) ਧਨੋਆ ਦੇ ਸ. ਸਤਨਾਮ ਸਿੰਘ ਧਨੋਆ ਨੇ ਕੀਤੀ। 58 ਮੈਂਬਰੀ ਇਸ ਜਥੇ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਤੋਂ ਰਵਾਨਾ ਕੀਤਾ ਗਿਆ ਸੀ।

ਗੁਰੂ ਨਾਨਕ ਦੇਵ ਜੀ ਆਪਣੀ ਪਹਿਲੀ ਉਦਾਸੀ ਦੌਰਾਨ 1508 ਵਿਚ ਢਾਕਾ ਪੁੱਜੇ ਸਨ ਅਤੇ 2008 ਵਿਚ ਉਹਨਾਂ ਦੀ ਇਸ ਅਸਥਾਨ ਦੀ ਯਾਤਰਾ ਦੇ 500 ਸਾਲ ਹੋ ਗਏ ਸਨ। ਢਾਕਾ ਜਾਣ ਵਾਲੇ ਸ਼ਰਧਾਲੂ ਸਿੱਖ ਜਥੇ ਨੇ 7 ਦਸੰਬਰ 2012 ਨੂੰ ਗੁਰੂ ਨਾਨਕ ਦੇਵ ਜੀ ਦਾ 500 ਸਾਲਾ ਪ੍ਰਕਾਸ਼ ਪੁਰਬ ਮਨਾਇਆ। ਇਸ ਜਥੇ ਵਿਚ ਜਾਣ ਵਾਲੇ ਸਿੱਖ ਸ਼ਰਧਾਲੂਆਂ ਦੀ ਗਿਣਤੀ ਸਭ ਤੋਂ ਵਧੇਰੇ ਸੀ ਅਤੇ ਦੇਸ਼-ਵਿਦੇਸ਼ ਤੋਂ ਵੀ ਬਹੁਤ ਸਾਰੀ ਸੰਗਤ ਇਸ ਵਿਸ਼ੇਸ਼ ਸਮਾਗਮ ਵਿਚ ਭਾਗ ਲੈਣ ਲਈ ਪੁੱਜੀ। ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਮਨਾਉਣ ਲਈ ਢਾਕਾ ਪੁੱਜੀਆਂ ਪ੍ਰਮੁੱਖ ਸ਼ਖ਼ਸੀਅਤਾਂ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ, ਵਾਤਾਵਰਣ ਪ੍ਰੇਮੀ ਬਾਬਾ ਬਲਬੀਰ ਸਿੰਘ ਸੀਚੇਵਾਲ, ਗੁਰਦੁਆਰਾ ਟਾਹਲੀ ਸਾਹਿਬ ਤੋਂ ਸੰਤ ਦਇਆ ਸਿੰਘ, ਸ਼੍ਰੋਮਣੀ ਕਮੇਟੀ ਮੈਂਬਰ ਸ. ਜਗੀਰ ਸਿੰਘ, ਕਾਰ ਸੇਵਾ ਸਰਹਾਲੀ, ਤਰਨਤਾਰਨ ਤੋਂ ਬਾਬਾ ਹਾਕਮ ਸਿੰਘ, ਮੁਕੇਰੀਆਂ ਤੋਂ ਸ. ਸਤਨਾਮ ਸਿੰਘ ਧਨੋਆ ਅਤੇ ਕਲਕੱਤਾ ਤੋਂ ਸ. ਬਚਨ ਸਿੰਘ ਸਰਲ ਆਦਿ ਸ਼ਾਮਲ ਸਨ।[68]

ਮੌਜੂਦਾ ਸਮੇਂ ਵਿਚ ਬੰਗਲਾਦੇਸ਼ ਜਾਣ ਵਾਲੇ ਸਿੱਖ ਜਥੇ ਸੰਪ੍ਰਦਾਇ ਸੰਤ ਬਾਬਾ ਤਾਰਾ ਸਿੰਘ ਜੀ, ਸਰਹਾਲੀ, ਜ਼ਿਲ੍ਹਾ ਤਰਨਤਾਰਨ ਤੋਂ ਬਾਬਾ ਸੁੱਖਾ ਸਿੰਘ ਅਤੇ ਬਾਬਾ ਹਾਕਮ ਸਿੰਘ ਦੁਆਰਾ ਭੇਜੇ ਜਾਂਦੇ ਹਨ। ਬੰਗਲਾਦੇਸ਼ ਦੇ ਗੁਰਧਾਮਾਂ ਦੀ ਯਾਤਰਾ ਕਰਨ ਵਾਲੇ ਜਥੇ ਨੂੰ ਪੰਜ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਵਾਏ ਜਾਂਦੇ ਹਨ। ਇਹਨਾਂ ਵਿਚੋਂ ਦੋ ਢਾਕਾ, ਦੋ ਚਿਟਾਗਾਂਗ ਅਤੇ ਇਕ ਮੈਮਨਸਿੰਘ ਵਿਖੇ ਸਸ਼ੋਭਿਤ ਹੈ। ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਅਤੇ ਬੈਸਾਖ਼ੀ ਮੌਕੇ ਸੰਗਤ ਬੰਗਲਾਦੇਸ਼ ਦੇ ਗੁਰਧਾਮਾਂ ਦੇ ਦਰਸ਼ਨ ਕਰਨ ਜਾਂਦੀ ਹੈ।

ਬੰਗਲਾਦੇਸ਼ ਦੇ ਗੁਰਧਾਮ ਸਿੱਖ ਸੰਗਤ ਦੀ ਖਿੱਚ ਦਾ ਕਾਰਨ ਬਣਦੇ ਜਾ ਰਹੇ ਹਨ।

ਇਹਨਾਂ ਗੁਰਧਾਮਾਂ ਸੰਬੰਧੀ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ 2016 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਕ ਵਫ਼ਦ ਭੇਜਿਆ ਸੀ ਜਿਸ ਵਿਚ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਮੁੱਖ ਸਕੱਤਰ ਡਾ. ਰੂਪ ਸਿੰਘ, ਸ. ਰਜਿੰਦਰ ਸਿੰਘ ਮਹਿਤਾ, ਸ. ਮੋਹਨ ਸਿੰਘ ਬੰਗੀ, ਸ. ਨਿਰਮਲ ਸਿੰਘ ਜੌਲਾ ਅਤੇ ਸ. ਸਤਨਾਮ ਸਿੰਘ ਧਨੋਆ ਸ਼ਾਮਲ ਸਨ। ਇਸ ਵਫ਼ਦ ਨੇ ਬੰਗਲਾਦੇਸ਼ ਦੇ ਲੋਕਾਂ ਨੂੰ ਸਿੱਖ ਧਰਮ ਸੰਬੰਧੀ ਜਾਣਕਾਰੀ ਪ੍ਰਦਾਨ ਕਰਨ ਲਈ ਸਾਹਿਤ ਮਹੱਈਆ ਕਰਨ, ਗ੍ਰੰਥੀ ਸਿੰਘਾਂ ਨੂੰ ਯਾਤਰੂ ਵੀਜ਼ੇ ਦੇਣ ਦੀ ਥਾਂ ਮਿਸ਼ਨਰੀ ਵੀਜ਼ੇ ਦੇਣ ਅਤੇ ਗੁਰਧਾਮਾਂ ਦੀ ਸੇਵਾ-ਸੰਭਾਲ ਦੇ ਸੁਚੱਜੇ ਪ੍ਰਬੰਧ ਕਰਨ ਦਾ ਸੁਝਾਅ ਦਿੱਤਾ ਸੀ।[69]

ਬੰਗਲਾਦੇਸ਼ ਦੇ ਗੁਰਧਾਮਾਂ ਦੀ ਯਾਤਰਾ ਕਰਨ ਵਾਲੀ ਸਿੱਖ ਸੰਗਤ ਵਿਚ ਦਿਨੋ-ਦਿਨ ਵਾਧਾ ਹੋ ਰਿਹਾ ਹੈ। ਭਾਵੇਂ ਕਿ ਭਾਸ਼ਾ ਦੀ ਸਮੱਸਿਆ ਕਾਰਨ ਪੰਜਾਬ ਤੋਂ ਬਹੁਤ ਘੱਟ ਲੋਕ ਬੰਗਲਾਦੇਸ਼ ਜਾਂਦੇ ਸਨ ਪਰ ਵਿਸ਼ਵੀਕਰਨ ਦੇ ਰੁਝਾਨ ਨੇ ਲੋਕਾਂ ਨੂੰ ਇਕ-ਦੂਜੇ ਦੇ ਨੇੜੇ ਲਿਆਂਦਾ ਹੈ। ਬੰਗਲਾਦੇਸ਼ ਦੀ ਵਧੇਰੇ ਵਸੋਂ ਬੰਗਲਾ ਬੋਲਣ ਵਿਚ ਮਾਣ ਮਹਿਸੂਸ ਕਰਦੀ ਹੈ ਪਰ ਉੱਚ ਵਿੱਦਿਆ ਦੇ ਵੱਧਦੇ ਰੁਝਾਨ ਨੇ ਉਹਨਾਂ ਦੇ ਮਨ ਵਿਚ ਹਿੰਦੀ ਅਤੇ ਅੰਗਰੇਜ਼ੀ ਬੋਲਣ ਅਤੇ ਸਿੱਖਣ ਦਾ ਰੁਝਾਨ ਪੈਦਾ ਕੀਤਾ ਹੈ। ਭਾਸ਼ਾਈ ਸਮੱਸਿਆਵਾਂ ਦੇ ਘੱਟਣ ਨਾਲ ਬੰਗਲਾਦੇਸ਼ ਵਿਖੇ ਜਾਣ ਵਾਲੇ ਸਿੱਖ ਸ਼ਰਧਾਲੂਆਂ ਦੇ ਜਥਿਆਂ ਵਿਚ ਸ਼ਾਮਲ ਸੰਗਤ ਦੀ ਗਿਣਤੀ ਵਧਾਈ ਜਾ ਸਕਦੀ ਹੈ ਪਰ ਇਸ ਤੋਂ ਪਹਿਲਾਂ ਉਥੇ ਸੰਗਤ ਦੀ ਨਿਵਾਸ ਦੇ ਸੁਚਾਰੂ ਪ੍ਰਬੰਧ ਕਰਨ ਦੀ ਲੋੜ ਹੈ।

ਹਵਾਲੇ ਅਤੇ ਟਿੱਪਣੀਆਂ

1. Dacca, of Course, did not exist then as such, Sonargaon was the capital of the province; and what is called Dacca now, was only the seat of a thanadar. Gurbuksh Singh (G.B. Singh), Sikh Relics in Eastern Bengal, *The Dacca Review*, Oct.-Nov. 1915, p. 226; *The Imperial Gazetteer of India*, Vol. XI, p. 107.
2. *ਵਾਰਾਂ ਭਾਈ ਗੁਰਦਾਸ ਜੀ*, ਵਾਰ 11.31; *ਸਿੱਖਾਂ ਦੀ ਭਗਤਮਾਲਾ*, ਸੰਪਾਦਕ ਤਰਲੋਚਨ ਸਿੰਘ ਬੇਦੀ, ਪੰਨਾ 142-143.
3. Bulaki Das was in charge of the Dhaka Sangat. Once he travelled to Anandpur to pay homage to Guru Tegh Bahadur. He lived to a ripe old age, and his name appears as one the leading Sikhs of Dhaka in a letter (Hukamnama) Guru Gobind Singh addressed to the Sangat there in 1691, although he had by then been replaced as masand by Bhai Hulas Chand. A.C. Banerji, Bulaki Das, in *The Encyclopaedia of Sikhism*, vol. I, p. 412.

4. When in his younger days Guru Gobind Singh wanted a palanquin to enable him to travel from Patna to the Punjab, it was to Bulaki the *masand* at Dacca that a requisition for it was sent. Bulaki complied and sent a golden palanquin. Gurbuksh Singh, Sikh Relics in Eastern Bengal, *The Dacca Review*, Oct.-Nov. 1915, p. 225-226. A.C. Banerji, Bulaki Das, in *The Encyclopaedia of Sikhism*, vol. I, edited by Harbans Singh, p. 412.
5. ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼*, ਭਾਗ ਦੂਜਾ, ਸੰਪਾਦਕ ਗੋਬਿੰਦ ਸਿੰਘ ਲਾਂਬਾ ਅਤੇ ਖਜ਼ਾਨ ਸਿੰਘ, ਸਾਖੀਆਂ ਪਾਤਸ਼ਾਹੀ 9, ਸਾਖੀ 15.3, ਪੰਨਾ 717; ਭਾਈ ਸੰਤੋਖ ਸਿੰਘ ਕਹਿੰਦੇ ਹਨ:

    ਕਰਯੋ ਕੀਰਤਨ ਕੋ ਚਿਰਕਾਲ।
    ਸੁਨਿ ਗੁਰ ਭਏ ਪ੍ਰਸੰਨ ਬਿਸਾਲ।
    ਕ੍ਰਿਪਾ ਧਾਰਿ ਐਸੇ ਕਹਿ ਵਾਕਾ।
    ਮਮ ਸਿੱਖੀ ਕੋ ਕੋਠਾ ਢਾਕਾ।

    ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 12, ਅੰਸੂ 5.6.

6. ਭਾਈ ਨੱਥਾ ਭਾਖਹਿਂ ਨਾਮੁ।
    ਢਾਕੇ ਬਿਖੇ ਬਸਹਿ ਸ਼ੁਭ ਧਾਮ।
    ਸ੍ਰੀ ਹਰਿਰਾਇ ਹੁਕਮ ਕੋ ਪਾਇ।
    ਬਸਤ੍ਰਨਿ ਕੀ ਪੋਸ਼ਿਸ਼ ਬਨਵਾਇ।

    ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 12, ਅੰਸੂ 15.6

7. ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਰਾਸਿ 12, ਅੰਸੂ 21.6
8. ਨਹੀ ਕੁਟਲਤਾ ਧਾਰਨਿ ਕਰੀਅਹਿ।
    ਰਿਦੈ ਸਰਲਤਾ ਸਦ ਅਨੁਸਰੀਅਹਿ।
    ਮਲ ਬਿਕਾਰ ਉਰ ਤੇ ਪਰਹਰੀਅਹਿ।
    ਗੁਰ ਅਨੁਰਾਗ ਰੰਗ ਕੋ ਧਰੀਅਹਿ।

    ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 12, ਅੰਸੂ 31.6

9. ਭਾਈ ਰਣਧੀਰ ਸਿੰਘ, *ਉਦਾਸੀ ਸਿੱਖਾਂ ਦੀ ਵਿਥਿਆ*, ਪੰਨਾ 117.
10. Gurbuksh Singh, Sikh Relics in Eastern Bengal, *The Dacca Review*, Oct.-Nov. 1915, p. 224-225.
11. *ਸਿੱਖ ਸੇਵਕ*, 12 ਦਸੰਬਰ 1932, ਪੰਨਾ 5.

12. *The Sikh Review*, February 1959, pp. 61-62.
13. ਸ਼ਮਸ਼ੇਰ ਸਿੰਘ ਅਸ਼ੋਕ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ*, ਪੰਨਾ 408.
14. 13 ਫਰਵਰੀ 1916 ਨੂੰ ਸਾਂਝੇ ਪੰਜਾਬ ਦੇ ਜਿਹਲਮ ਜ਼ਿਲ੍ਹਾ ਵਿਚ ਜਨਮੇ ਜਨਰਲ ਜਗਜੀਤ ਸਿੰਘ ਅਰੋੜਾ 1939 ਵਿਚ ਅੰਗਰੇਜ਼ੀ ਰਾਜ ਅਧੀਨ ਭਾਰਤੀ ਫੌਜ ਵਿਚ ਭਰਤੀ ਹੋ ਗਏ। 1962 ਅਤੇ 1965 ਵਿਚ ਪਾਕਿਸਤਾਨ ਵਿਰੁੱਧ ਜੰਗ ਵਿਚ ਹਿੱਸਾ ਲਿਆ। 1971 ਵਿਚ ਬੰਗਲਾਦੇਸ਼ ਵਿਖੇ ਜਨਰਲ ਨਿਆਜ਼ੀ ਦੀ 93,000 ਤੋਂ ਵਧੇਰੇ ਫੌਜ ਤੋਂ ਆਤਮ ਸਮਰਪਨ ਕਰਵਾ ਕੇ ਬੰਗਲਾਦੇਸ਼ ਨੂੰ ਅਜ਼ਾਦੀ ਪ੍ਰਦਾਨ ਕੀਤੀ। ਇਸ ਯੁੱਧ ਦੌਰਾਨ ਇਹਨਾਂ ਦੀਆਂ ਸੇਵਾਵਾਂ ਬਦਲੇ ਭਾਰਤ ਸਰਕਾਰ ਨੇ ਇਹਨਾਂ ਨੂੰ ਪਰਮ ਵਿਸ਼ਿਸ਼ਟ ਸੇਵਾ ਮੈਡਲ ਅਤੇ ਪਦਮ ਭੂਸ਼ਣ ਨਾਲ ਸਨਮਾਨਿਤ ਕੀਤਾ। 3 ਮਈ 2005 ਨੂੰ ਇਹ ਅਕਾਲ ਚਲਾਣਾ ਕਰ ਗਏ। ਬੰਗਲਾਦੇਸ਼ ਦੇ ਵਿਦੇਸ਼ ਮੰਤਰੀ ਮੁਰਸ਼ਦ ਖਾਨ ਨੇ ਇਹਨਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਕਿਹਾ, "Aurora will be remembered in the history of Bangladesh for his contribution during our war of liberation in 1971, when he led the allied forces." https://www.indiatimes.com/news/india/here-s-the-story-of-lt-gen-js-aurora-the-man-responsible-for-the-surrender-of-90-000-pakistanis-in-the-1971-war-271459.html
15. ਆਪਣੇ 'ਹਮ-ਮਜ਼੍ਹਬ' ਪਾਕਿਸਤਾਨੀ ਫੌਜੀਆਂ ਬਾਰੇ ਬੰਗਲਾਦੇਸ਼ ਵਾਸੀਆਂ ਦੇ ਬੜੇ ਤਲਖ਼ ਤਜਰਬੇ ਸਨ। ਬੰਗਲਾਦੇਸ਼ ਵਿਚ ਸ਼ਾਇਦ ਹੀ ਕੋਈ ਅਜਿਹਾ ਘਰ ਹੋਵੇ ਜਿਨ੍ਹਾਂ ਦੇ ਨੌਜਵਾਨ ਲੜਕੇ ਜਾਂ ਲੜਕੀ ਨੇ ਇਸ ਸੰਗਰਾਮ ਵਿਚ ਸ਼ਹੀਦੀ ਨਾ ਪਾਈ ਹੋਵੇ। ਪੂਰੇ 9 ਮਹੀਨੇ ਇਨ੍ਹਾਂ ਲੋਕਾਂ ਨੇ ਪਾਕਿਸਤਾਨੀ ਫੌਜੀਆਂ ਹਥੋਂ ਅਕਹਿ ਤੇ ਅਸਹਿ ਜ਼ੁਲਮ ਸਹੇ, ਸਿਰਫ਼ ਇਸ ਦਿਨ ਦਾ ਮੂੰਹ ਦੇਖਣ ਲਈ ਜਦੋਂ ਉਹ ਅਜ਼ਾਦੀ ਨਾਲ ਸਾਹ ਲੈ ਸਕਣਗੇ। ਪਾਕਿਸਤਾਨ ਦੀ ਫੌਜ ਨੇ ਮਜ਼ਲੂਮਾਂ, ਨਿਹੱਥਿਆਂ ਤੇ ਅਬਲਾਵਾਂ ਉਤੇ ਜ਼ੁਲਮ ਕਰਨ ਲੱਗਿਆਂ ਤੈਮੂਰ, ਨਾਦਰਸ਼ਾਹ ਤੇ ਹਿਟਲਰ ਨੂੰ ਵੀ ਮਾਤ ਕਰ ਦਿੱਤਾ। ਨਿਹੱਥਿਆਂ ਦੇ ਉਤੇ ਹੱਥ ਚੁੱਕਣਾ ਬੁਜ਼ਦਿਲਾਂ ਦਾ ਕੰਮ ਹੁੰਦਾ ਹੈ, ਬਹਾਦਰ ਮੈਦਾਨਿ-ਜੰਗ ਵਿਚ ਆਪਣੇ ਜੌਹਰ ਵਿਖਾਂਦੇ ਹਨ। ਪਾਕਿਸਤਾਨ ਨੇ ਆਪਣੀ ਫੌਜ ਦੇ ਨਾਂ ਉਤੇ ਅਜਿਹਾ ਬਦਨੁਮਾ ਧੱਬਾ ਲਾ ਦਿੱਤਾ ਹੈ ਜਿਹੜਾ ਸਦੀਆਂ ਤੱਕ ਨਹੀਂ ਮਿਟੇਗਾ। ਇਕ ਭਾਰਤੀ ਸੈਨਿਕ, ਜੈ ਬੰਗਲਾ, *ਪ੍ਰੀਤਲੜੀ*, ਜਨਵਰੀ 1972, ਪੰਨਾ 24.
16. Susan Brownmiller, *Against Our Will: Men, Women and Rape*, pp. 80,82; ਵਧੇਰੇ ਜਾਣਕਾਰੀ ਲਈ ਮੇਜਰ ਜਨਰਲ ਸ. ਸੁਜਾਨ ਸਿੰਘ ਉਬਾਨ ਦੀ ਪੁਸਤਕ *Phantoms of Chittagong* ਦੇਖੀ ਜਾ ਸਕਦੀ ਹੈ। ਭਾਰਤੀ ਫੌਜ ਦੇ ਇਸ ਜਰਨੈਲ ਨੇ ਬੰਗਲਾਦੇਸ਼ ਨੂੰ ਅਜ਼ਾਦ ਕਰਾਉਣ ਵਿਚ ਵਿਸ਼ੇਸ਼ ਭੂਮਿਕਾ

ਨਿਭਾਈ ਸੀ। ਇਸ ਦੀ ਬਹਾਦਰੀ ਅਤੇ ਸੂਝਬੂਝ ਨੂੰ ਦੇਖਦੇ ਹੋਏ ਭਾਰਤ ਦੀ ਪ੍ਰਧਾਨ ਮੰਤਰੀ ਨੇ ਇਸ ਨੂੰ ਸਾਬਾਸ਼ੀ ਦਿੰਦੇ ਹੋਏ ਕਿਹਾ ਸੀ 'You were the backbone of all our success in Bangladesh'. ਇਸ ਤੋਂ ਬਾਅਦ ਇਹ ਬੰਗਲਾਦੇਸ਼ ਦੇ ਰਾਸ਼ਟਰਪਤੀ ਸ੍ਰੀ ਮੁਜੀਬੁਰ ਰਹਿਮਾਨ ਦੇ ਨਿਜੀ ਸਲਾਹਕਾਰ ਵੀ ਰਹੇ ਸਨ।

17. *ਗੁਰਦੁਆਰਾ ਗਜ਼ਟ*, ਜਨਵਰੀ 1972, ਪੰਨਾ 61; ਢਾਕੇ ਵਿਚ ਪਾਕਿਸਤਾਨੀ ਫੌਜਾਂ ਦੇ ਹਥਿਆਰ ਸੁੱਟਣ ਤੋਂ ਤਤਕਾਲ ਪਿੱਛੋਂ ਸਿੱਖ ਫੌਜੀਆਂ ਨੇ ਬੰਕਰਾਂ 'ਚੋਂ ਬੰਗਾਲੀ ਕੁੜੀਆਂ ਨੂੰ ਕੱਢ ਕੇ ਉਹਨਾਂ ਦੇ ਘਰਾਂ ਵਿਚ ਪੁਚਾਉਣਾ ਸ਼ੁਰੂ ਕਰ ਦਿੱਤਾ। ਸਿੱਖ ਜਵਾਨਾਂ ਨੇ ਆਪਣੀਆਂ ਪੱਗਾਂ ਪਾੜ-ਪਾੜ ਕੇ ਬੰਕਰਾਂ ਵਿਚ ਸੁੱਟੀਆਂ ਜਿਸ ਤੋਂ ਉਹ ਆਪਣੇ ਨੰਗੇਜ਼ ਢੱਕ ਕੇ ਬਾਹਰ ਆ ਗਈਆਂ ਤੇ ਸਿੱਖ ਜਵਾਨਾਂ ਨੇ ਸਕੀਆਂ ਭੈਣਾਂ ਵਾਂਗ ਪੂਰੇ ਸਤਿਕਾਰ ਨਾਲ ਉਹਨਾਂ ਨੂੰ ਉਹਨਾਂ ਦੇ ਘਰੀਂ ਪਹੁੰਚਾਇਆ। *ਖ਼ਾਲਸਾ ਐਡਵੋਕੇਟ*, 28 ਫਰਵਰੀ 1972, ਪੰਨਾ 2; ਪਾਕਿਸਤਾਨੀ ਫੌਜ ਬੰਗਲਾ ਅਵਾਮ ਨੂੰ ਮਾਰ ਰਹੀ ਸੀ ਤਾਂ ਇਸ ਦੇ ਨਾਲ ਹੀ ਉਹ ਔਰਤਾਂ ਦੀ ਇਜ਼ਤ ਵੀ ਖਰਾਬ ਕਰ ਰਹੀ ਸੀ। ਪਾਕਿਸਤਾਨੀ ਫੌਜ ਦੇ ਜਵਾਨ ਇਸ ਹਦ ਤੱਕ ਗੁੰਡਾਗਰਦੀ ਤੇ ਉਤਰ ਆਏ ਸਨ ਕਿ ਆਪਣੇ ਮੋਰਚਿਆਂ ਵਿਚ ਔਰਤਾਂ ਨੂੰ ਲੈ ਜਾਂਦੇ ਸਨ ਤੇ ਜਦ ਭਾਰਤੀ ਫੌਜ ਢਾਕੇ ਤੱਕ ਵੀ ਪੁੱਜ ਗਈ ਤਾਂ ਵੀ ਪਾਕਿਸਤਾਨੀ ਫੌਜੀਆਂ ਦੇ ਮੋਰਚਿਆਂ ਵਿਚ ਨੰਗੀਆਂ ਔਰਤਾਂ ਮੌਜੂਦ ਸਨ ਤੇ ਸਿੱਖ ਫੌਜੀਆਂ ਨੇ ਆਪਣੀਆਂ ਦਸਤਾਰਾਂ ਲਾਹ ਕੇ ਉਹਨਾਂ ਦਾ ਨੰਗੇਜ ਢਕਿਆ। ਗੁਰਬਖ਼ਸ਼ ਸਿੰਘ, ਜਦ ਜਨਰਲ ਨਿਆਜ਼ੀ ਰੋ ਪਿਆ, *ਪੰਜਾਬੀ ਟ੍ਰਿਬਿਊਨ*, 20. ਦਸੰਬਰ 1981, ਪੰਨਾ 10; ਬੰਗਲਾ ਔਰਤਾਂ ਇਸ ਗੱਲ ਨੂੰ ਕਿਸ ਤਰ੍ਹਾਂ ਭੁੱਲ ਸਕਦੀਆਂ ਹਨ ਕਿ ਜਦ ਪਾਕਿਸਤਾਨੀ ਫੌਜ ਹਵਸ ਦਾ ਸ਼ਿਕਾਰ ਹੋ ਕੇ ਉਹਨਾਂ ਦੀ ਇੱਜ਼ਤ ਲੁੱਟ ਰਹੀ ਸੀ ਅਤੇ ਮੋਰਚਿਆਂ ਵਿਚ ਇਹ ਔਰਤਾਂ ਨੰਗੀਆਂ ਹੀ ਪਈਆਂ ਸਨ ਤਾਂ ਉਸ ਸਮੇਂ ਸਿੱਖ ਫੌਜੀਆਂ ਨੇ ਆਪਣੀਆਂ ਦਸਤਾਰਾਂ ਨਾਲ ਉਹਨਾਂ ਦਾ ਨੰਗੇਜ ਢਕਿਆ ਸੀ। ਬੰਗਲਾ ਗੁਰਦੁਆਰੇ, *ਅਜੀਤ*, 27.7.1982.
18. *ਗੁਰਦੁਆਰਾ ਗਜ਼ਟ*, ਜਨਵਰੀ 1972, ਪੰਨਾ 44.
19. ਜੋਗਿੰਦਰ ਸਿੰਘ ਜੋਗੀ, *ਬੰਗਲਾਦੇਸ਼ ਵਿਚ ਇਤਿਹਾਸਿਕ ਗੁਰਦੁਵਾਰੇ*, ਪੰਨਾ viii.
20. *The Bangladesh Observer*, 3 January 1972.
21. *ਅਜੀਤ*, ਸੰਪਾਦਕੀ ਨੋਟ, 29 ਦਸੰਬਰ 1982, ਪੰਨਾ 3.
22. ਗਿਆਨੀ ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ*, ਭਾਗ ਪਹਿਲਾ, ਪੰਨਾ 116.
23. Gurbuksh Singh, Sikh Relics in Eastern Bengal, *The Dacca Review*, Oct.-Nov. 1915, p. 228.
24. ਭਾਈ ਧੰਨਾ ਸਿੰਘ ਚਹਿਲ ਪਟਿਆਲਵੀ, *ਗੁਰ ਤੀਰਥ ਸਾਈਕਲ ਯਾਤਰਾ*, ਸੰਪਾਦਕ ਚੇਤਨ ਸਿੰਘ, ਪੰਨਾ 123.

25. Trilochan Singh, My Meeting with Major-General Umrao Khan, Martial Law Administrator, East Pakistan, in *The Sikh Review*, February 1959. p. 56.
26. Jaswant Singh, Report of the Sikh Historical Gurdwaras in East Pakistan, in *The Sikh Review*, May 1966, p. 52.
27. ਜੋਗਿੰਦਰ ਸਿੰਘ ਜੋਗੀ, *ਬੰਗਲਾਦੇਸ਼ ਵਿਚ ਇਤਿਹਾਸਿਕ ਗੁਰਦੁਵਾਰੇ*, ਪੰਨੇ 2-3; Guru Nanak's Visit to Dacca, in *Journal of Sikh Studies*, August 1977, pp.118-19.
28. The case was decided in favour on the appellant on 16.5.1966 on the ground that the place was the religious property of the Sikhs, so the land could not be acquired. Guru Nanak's Visit to Dacca, in *Journal of Sikh Studies*, August 1977, p. 19.
29. ਬੰਗਲਾਦੇਸ਼ ਵਿਚ ਗੁਰਦੁਆਰੇ, *ਗੁਰਦੁਆਰਾ ਗਜ਼ਟ*, ਮਾਰਚ 1972, ਪੰਨਾ 37; 1960-61 ਵਿਚ ਯੂਨੀਵਰਸਿਟੀ ਢਾਕਾ ਨੂੰ ਖੁੱਲ੍ਹਾ ਕਰਨ ਲਈ ਗੁਰਦੁਆਰੇ ਦੀ ਜ਼ਮੀਨ ਅਕਵਾਇਰ ਕਰ ਲਈ। ਜਿਸ ਤੇ ਭਾਈ ਸਵਰਨ ਸਿੰਘ ਨੇ ਕੋਰਟ ਵਿਚ ਦਾਹਵਾ ਕੀਤਾ ਹੇਠਲੀ ਅਦਾਲਤ ਨੇ ਇਸ ਦੇ ਖ਼ਿਲਾਫ਼ ਫੈਸਲਾ ਦੇ ਦਿੱਤਾ। ਉਸ ਨੇ ਸੈਸ਼ਨ ਦੇ ਅਪੀਲ ਕੀਤੀ। ਅਪੀਲ ਵਿਚ ਸਵਰਨ ਸਿੰਘ ਜਿੱਤ ਗਿਆ। ਯੂਨੀਵਰਸਿਟੀ ਨੇ ਹਾਈ ਕੋਰਟ ਵਿਚ ਅਪੀਲ ਕਰ ਦਿੱਤੀ। ਪਾਕਿਸਤਾਨ ਸਰਕਾਰ ਨਾਲ ਇਹ ਮੁਕਦਮਾ ਚੱਲ ਹੀ ਰਿਹਾ ਸੀ ਕਿ 14 ਦਸੰਬਰ 1971 ਨੂੰ ਪਾਕਿਸਤਾਨੀ ਫੌਜੀਆਂ ਨੇ ਇਸ ਨੂੰ ਅਤੇ ਇਸ ਦੇ ਮਿੱਤਰ ਮੁਹੰਮਦ ਮਲਕ ਨੂੰ ਗੋਲੀ ਨਾਲ ਉਡਾ ਦਿੱਤਾ। ਉਹ ਦੋਨੋਂ ਇਕ ਥਾਂ ਕਬਰਾਂ ਵਿਚ ਸੁਤੇ ਪਏ ਅਸਾਂ ਦੇਖੇ ਹਨ। ਕੇਸ ਹਾਈ ਕੋਰਟ ਵਿਚ ਸੀ। ਯੂਨੀਵਰਸਿਟੀ ਨੇ ਧਕੇ ਨਾਲ ਪੁਰਾਤਨ ਤਾਲਾਬ ਅਤੇ ਹੋਰ ਬਹੁਤ ਸਾਰੀ ਜ਼ਮੀਨ ਕੋਈ ਇਕ ਏਕੜ ਕਬਜ਼ੇ ਵਿਚ, 1975-76 ਵਿਚ, ਕਰ ਲਈ ਹੈ।ਗਿਆਨੀ ਗੁਰਬਚਨ ਸਿੰਘ, *ਮੇਰੀ ਜੀਵਨ ਕਹਾਣੀ*, ਪੰਨਾ 155.
30. Guru Nanak's Visit to Dacca, in *Journal of Sikh Studies*, August 1977, pp.117-18.
31. ਇਹ ਅੰਮ੍ਰਿਤਸਰ ਜ਼ਿਲ੍ਹੇ ਦੇ ਵਸਨੀਕ ਭਾਈ ਮਾਨ ਸਿੰਘ ਅਤੇ ਮਾਤਾ ਇੰਦਰ ਕੌਰ ਦੇ ਸਪੁੱਤਰ ਸਨ। 20 ਜਨਵਰੀ 1901 ਨੂੰ ਜਨਮੇ ਭਾਈ ਗੁਰਬਚਨ ਸਿੰਘ ਨੇ ਸਿੱਖ ਧਰਮ ਦੇ ਪ੍ਰਚਾਰ ਅਤੇ ਗੁਰਧਾਮਾਂ ਦੀ ਸਾਂਭ-ਸੰਭਾਲ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭਾਰਤ ਦੇ ਵਿਭਿੰਨ ਭਾਗਾਂ ਵਿਚ ਧਰਮ ਪ੍ਰਚਾਰ ਕਰਦੇ ਸਨ ਅਤੇ 1930 ਵਿਚ ਜਦੋਂ ਇਹਨਾਂ ਨੂੰ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਭੇਜਿਆ ਗਿਆ ਤਾਂ ਉਸ ਸਮੇਂ ਇਹ ਯੂ.ਪੀ. ਵਿਖੇ ਸਿੱਖ

ਧਰਮ ਪ੍ਰਚਾਰ ਦੇ ਇੰਚਾਰਜ ਸਨ। ਜਦੋਂ ਇਹ ਉਥੇ ਪੁੱਜੇ ਤਾਂ ਮਹੰਤ ਮੁਕੰਦ ਸਿੰਘ ਦੇ ਅਕਾਲ ਚਲਾਣਾ ਕਰ ਜਾਣ ਕਾਰਨ ਮਹੰਤੀ ਦਾ ਝਗੜਾ ਅਦਾਲਤ ਵਿਚ ਚੱਲ ਰਿਹਾ ਸੀ। ਸਿੱਖ ਧਰਮ ਦੇ ਪ੍ਰਚਾਰ ਅਤੇ ਸਥਾਨਕ ਪ੍ਰਬੰਧ ਵਿਚ ਰੁਚੀ ਕਾਰਨ ਇਹ ਲੰਮਾ ਸਮਾਂ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਰਹੇ। ਭਾਵੇਂ ਕਿ ਇਹਨਾਂ ਦੇ ਅਨੁਭਵ ਨੂੰ ਮੁੱਖ ਰੱਖਦੇ ਹੋਏ ਇਹਨਾਂ ਨੂੰ ਹੋਰਨਾਂ ਥਾਵਾਂ 'ਤੇ ਵੀ ਬਦਲ ਦਿੱਤਾ ਜਾਂਦਾ ਰਿਹਾ ਪਰ 1965 ਵਿਚ ਅਖ਼ੀਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨੌਕਰੀ ਤੋਂ ਰਿਟਾਇਰ ਹੋਣ ਉਪਰੰਤ ਪੱਕੇ ਤੌਰ 'ਤੇ ਇਥੇ ਆ ਕੇ ਮੈਨੇਜਰ ਦੀ ਸੇਵਾ ਨਿਭਾਉਣ ਲੱਗੇ। ਇਹਨਾਂ ਦੇ ਸਮੇਂ ਹੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦੀ ਤੀਜੀ ਸ਼ਤਾਬਦੀ ਮਨਾਈ ਗਈ ਅਤੇ 1972 ਵਿਚ ਬੰਗਲਾਦੇਸ਼ ਅਜ਼ਾਦ ਹੋਣ ਉਪਰੰਤ ਉਥੋਂ ਦੇ ਗੁਰਧਾਮਾਂ ਦੀ ਸੇਵਾ-ਸੰਭਾਲ ਅਰੰਭ ਕੀਤੀ ਗਈ। ਲਗਾਤਾਰ 10 ਸਾਲ ਸੇਵਾ ਨਿਭਾਉਣ ਉਪਰੰਤ ਇਹ ਵਾਪਸ ਅੰਮ੍ਰਿਤਸਰ ਆ ਗਏ।

32. ਗਿਆਨੀ ਗੁਰਬਚਨ ਸਿੰਘ, *ਮੇਰੀ ਜੀਵਨ ਕਹਾਣੀ*, ਪੰਨਾ 153.

33. ਗਿਆਨੀ ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ*, ਭਾਗ ਪਹਿਲਾ, ਪੰਨਾ 703.

34. ਸਰੂਪ ਦਾਸ ਭੱਲਾ ਲਿਖਦੇ ਹਨ:

    ਬਡਾ ਲਿਖਾਰੀ ਲਿਆਈ ਮਾਈ।
    ਸਤਗੁਰ ਹਜ਼ੂਰ ਤਸਬੀਰ ਲਿਖਾਈ।
    ਸਗਲ ਅੰਗ ਬਸਤ੍ਰ ਸੁਭ ਲਿਖਾ।
    ਮੁਖ ਕਮਲ ਪ੍ਰਭਾ ਨਹੀ ਲਿਖ ਸਕਾ।

    ਮਹਿਮਾ ਪ੍ਰਕਾਸ਼, ਭਾਗ ਦੂਜਾ, ਸੰਪਾਦਕ ਗੋਬਿੰਦ ਸਿੰਘ ਲਾਂਬਾ ਅਤੇ ਖਜ਼ਾਨ ਸਿੰਘ, ਸਾਖੀਆਂ ਪਾਤਸ਼ਾਹੀ 9, ਸਾਖੀ 15.18, ਪੰਨਾ 719.
    ਭਾਈ ਸੰਤੋਖ ਸਿੰਘ ਲਿਖਦੇ ਹਨ:

    ਨਹਿੰ ਲਿਖ ਸਕਯੋ ਰਹਯੋ ਪਛੁਤਾਈ।
    ਤਬਿ ਸੋ ਕਲਮ ਗਹੀ ਗਤਿ ਦਾਈ।
    ਅਪਨਿ ਹਾਥ ਤੇ ਮੁਖ ਕੋ ਲਿਖਯੋ।
    ਉਰ ਬਿਸਮਾਏ ਜਿਨ ਜਨ ਪਿਖਯੋ।

    ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 12, ਅੰਸੂ 5.43.

35. Capt. Bhag Singh, Historical Gurdwaras in Bangladesh and Need for Their Preservation, in *The Sikh Review*, January 1980, p. 58.

36. Gurbuksh Singh, Sikh Relics in Eastern Bengal, *The Dacca Review*, Oct.-Nov. 1915, p. 229.

37. ਕੇਸਰੀ ਸਿੰਘ ਮੁਲਤਾਨੀ, *ਜੀਵਨ ਬ੍ਰਿਤਾਂਤ ਸ੍ਰੀ ਗੁਰੂ ਤੇਗ ਬਹਾਦਰ ਜੀ*, ਪੰਨਾ 104.

38. ਉਹੀ, ਪੰਨਾ 105, ਫੁੱਟ-ਨੋਟ।

39. ਭਾਈ ਧੰਨਾ ਸਿੰਘ ਚਹਿਲ ਪਟਿਆਲਵੀ, *ਗੁਰ ਤੀਰਥ ਸਾਈਕਲ ਯਾਤਰਾ*, ਸੰਪਾਦਕ ਚੇਤਨ ਸਿੰਘ, ਪੰਨੇ 123-124.
40. Trilochan Singh, My Meeting with Major-General Umrao Khan, Martial Law Administrator, East Pakistan, in *The Sikh Review*, February 1959. p. 55.
41. ਕਿਰਪਾਲ ਸਿੰਘ ਇਸ ਗੁਰਦੁਆਰੇ ਦੇ ਗ੍ਰੰਥੀ ਰਾਮ ਸਿੰਘ ਦਾ ਪੋਤਰਾ ਸੀ ਜਿਹੜਾ ਕਿ 1895 ਤੋਂ ਗੁਰਦੁਆਰਾ ਸੰਗਤ ਟੋਲਾ ਬੰਗਲਾ ਬਜ਼ਾਰ ਢਾਕਾ ਵਿਖੇ ਸੇਵਾ ਕਰ ਰਿਹਾ ਸੀ। 29 ਜਨਵਰੀ 1939 ਨੂੰ ਸੰਗਤ ਦੀ ਇਕ ਵਿਸੇਸ਼ ਇਕੱਤਰਤਾ ਵਿਚ ਭਾਈ ਰਾਮ ਸਿੰਘ ਜੀ ਨੂੰ ਲੰਬੀ ਸੇਵਾ ਦੀ ਪ੍ਰਸੰਸਾ ਵਜੋਂ ਸਿਰਪਾਓ ਦੇ ਕੇ ਵਿਦਾਇਗੀ ਦਿੱਤੀ ਗਈ ਅਤੇ ਨਾਲ ਹੀ ਉਹਨਾਂ ਦੇ ਪੋਤਰੇ ਭਾ. ਕਿਰਪਾਲ ਸਿੰਘ ਨੂੰ ਗ੍ਰੰਥੀ ਮੁਕੱਰਰ ਕੀਤਾ ਗਿਆ। ਦੇਸ਼-ਵੰਡ ਉਪਰੰਤ ਕਿਰਪਾਲ ਸਿੰਘ ਨੇ ਹਿੰਦੁਸਤਾਨ ਆ ਕੇ ਕਲਕੱਤੇ ਵਿਖੇ ਨੌਕਰੀ ਅਤੇ ਹੋਰ ਕਾਰੋਬਾਰ ਕਰਦਾ ਰਿਹਾ। ਇਹ ਗੁਰਦੁਆਰਾ ਦਮ-ਦਮ ਵਿਖੇ ਰਹਿੰਦਾ ਸੀ ਅਤੇ 1971 ਵਿਚ ਭਾਰਤ-ਪਾਕਿ ਯੁੱਧ ਦੌਰਾਨ ਇਸ ਦੀ ਮਾਂ ਕੰਚਨ ਦੇਵੀ ਵੀ ਇਸ ਕੋਲ ਆ ਕੇ ਰਹਿਣ ਲੱਗੀ। ਜੋਗਿੰਦਰ ਸਿੰਘ ਜੋਗੀ, *ਬੰਗਲਾਦੇਸ਼ ਵਿਚ ਇਤਿਹਾਸਿਕ ਗੁਰਦੁਵਾਰੇ*, ਪੰਨਾ 6; ਕਲਕੱਤਾ ਨਿਵਾਸੀ ਸ. ਜਗਮੋਹਨ ਸਿੰਘ ਗਿੱਲ ਨੇ ਦੱਸਿਆ ਕਿ ਆਪਣਾ ਗੁਜ਼ਾਰਾ ਕਰਨ ਲਈ ਕਿਰਪਾਲ ਸਿੰਘ ਬੰਗਾਲ ਦੇ ਕਈ ਸ਼ਹਿਰਾਂ ਵਿਚ ਛੋਟੇ-ਮੋਟੇ ਕਾਰੋਬਾਰ ਜਾਂ ਨੌਕਰੀਆਂ ਕਰਦਾ ਰਿਹਾ। ਗੁਰਦੁਆਰਾ ਦਮ-ਦਮ ਦੇ ਨੇੜੇ ਹੀ ਜੈਸੋਰ ਰੋਡ 'ਤੇ ਇਸ ਨੇ ਆਪਣਾ ਨਿਵਾਸ ਕਰ ਲਿਆ ਸੀ। ਇਹ ਘਰ ਗੁਰਦੁਆਰਾ ਦਮ-ਦਮ ਤੋਂ ਕੁਝ ਹੀ ਦੂਰੀ 'ਤੇ ਸਥਿਤ ਹੈ। ਇਸ ਦੀ ਮਾਂ ਕੰਚਨ ਦੇਵੀ ਨੂੰ ਬੰਗਾਲ ਤੋਂ ਲਿਆਂਦਾ ਗਿਆ ਤਾਂ ਉਹ ਵੀ ਇੱਥੇ ਆਪਣੇ ਪੁੱਤਰ ਕੋਲ ਰਹਿਣ ਲੱਗੀ ਸੀ ਅਤੇ ਇੱਥੇ ਹੀ ਇਹਨਾਂ ਦੋਵਾਂ ਮਾਂ (ਕੰਚਨ ਦੇਵੀ) ਅਤੇ ਉਸ ਦੇ ਪੁੱਤਰ (ਕਿਰਪਾਲ ਸਿੰਘ) ਦਾ ਅਕਾਲ ਚਲਾਣਾ ਹੋਇਆ ਸੀ।
42. Jaswant Singh, Report of the Sikh Historical Gurdwaras in East pakistan, in *The Sikh Review*, May 1966, p. 52.
43. Guru Nanak's Visit to Dacca, in *Journal of Sikh Studies*, August 1977, p. 120.
44. ਸਤਨਾਮ ਸਿੰਘ ਧਨੋਆ, ਜੇਕਰ ਮੌਕਾ ਨਾ ਸੰਭਾਲਿਆ ਤਾਂ ਬੰਗਲਾਦੇਸ਼ ਦੇ ਗੁਰਦੁਆਰੇ ਸਿੱਖ ਕੌਮ ਦੇ ਹੱਥੋਂ ਨਿਕਲ ਜਾਣਗੇ, *ਅਜੀਤ*, 2 ਨਵੰਬਰ 2010.
45. ਤਪਨ ਬੈਨਰਜੀ, *ਅਮਰ ਸ਼ਹੀਦ ਗੁਰੂ ਤੇਗ਼ ਬਹਾਦਰ*, ਬੰਗਲਾਦੇਸ਼ ਦੇ ਬੰਗਾਲੀ ਜਾਣਨ ਵਾਲੇ ਇਕ ਸਿੱਖ ਪਰਿਵਾਰ ਸ. ਸਿੰਘਬੀਰ ਸਿੰਘ ਅਤੇ ਉਸ ਦੀ ਬੰਗਾਲੀ

ਪਤਨੀ ਸ੍ਰੀਮਤੀ ਗੁਰਪ੍ਰੀਤ ਕੌਰ ਨੇ ਇਸ ਪੁਸਤਕ ਦਾ ਸੰਬੰਧਿਤ ਹਵਾਲਾ ਬੰਗਲਾ ਤੋਂ ਪੰਜਾਬੀ ਵਿਚ ਅਨੁਵਾਦ ਕਰਕੇ ਭੇਜਿਆ ਹੈ, ਪੰਨਾ 97.

46. F.B. Bradley-Birt, *The Romance of an Eastern Capital*, p. 272
47. B.C. Allen, ed., *Eastern Bengal District Gazetters, Dacca*, p. 70.
48. Gurbuksh Singh, Sikh Relics in Eastern Bengal, *The Dacca Review*, Oct.-Nov. 1915, p. 227.
49. ਭਾਈ ਧੰਨਾ ਸਿੰਘ ਚਹਿਲ ਪਟਿਆਲਵੀ, *ਗੁਰ ਤੀਰਥ ਸਾਈਕਲ ਯਾਤਰਾ*, ਸੰਪਾਦਕ ਚੇਤਨ ਸਿੰਘ, ਪੰਨਾ 122.
50. Jaswant Singh, Report of the Sikh Historical Gurdwaras in East Pakistan, in *The Sikh Review*, May 1966, p. 52.
51. *ਖਾਲਸਾ ਐਡਵੋਕੇਟ*, 20 ਜੁਲਾਈ 1964, ਪੰਨਾ 2.
52. ਉਹੀ, 11 ਮਈ 1964, ਪੰਨਾ 2.
53. ਉਹੀ, 12 ਅਗਸਤ 1968, ਪੰਨਾ 1.
54. ਬੰਗਲਾਦੇਸ਼ ਵਿਚ ਗੁਰਦੁਆਰੇ, *ਗੁਰਦੁਆਰਾ ਗਜ਼ਟ*, ਮਾਰਚ 1972, ਪੰਨਾ 38.
55. *ਜਨਮਸਾਖੀ ਭਾਈ ਬਾਲਾ*, ਸੰਪਾਦਕ ਸੁਰਿੰਦਰ ਸਿੰਘ ਕੋਹਲੀ, ਪੰਨਾ 176; ਝੰਡੇ ਬਾਢੀ ਕੀ ਮੰਜੀ ਬਿਸੀਅਰ ਦੇਸ ਵਿਚਿ ਹੈ। *ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਕੀ*, ਸੰਪਾਦਕ ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ 69.
56. Gurbuksh Singh, Sikh Relics in Eastern Bengal, *The Dacca Review*, Oct.-Nov. 1915, p. 320-321.
57. *ਕੌਮੀ ਦਰਦ*, 16 ਸਤੰਬਰ 1925, ਪੰਨਾ 5.
58. ਉਹੀ, 1 ਅਕਤੂਬਰ 1925, ਪੰਨਾ 3.
59. ਜੋਗਿੰਦਰ ਸਿੰਘ ਜੋਗੀ, *ਬੰਗਲਾਦੇਸ਼ ਵਿਚ ਇਤਿਹਾਸਿਕ ਗੁਰਦੁਵਾਰੇ*, ਪੰਨਾ 14.
60. ਬੰਗਲਾਦੇਸ਼ ਵਿਚ ਗੁਰਦੁਆਰੇ, *ਗੁਰਦੁਆਰਾ ਗਜ਼ਟ*, ਮਾਰਚ 1972, ਪੰਨਾ 40.
61. ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 150.
62. ਭਾਈ ਧੰਨਾ ਸਿੰਘ ਚਹਿਲ ਪਟਿਆਲਵੀ, *ਗੁਰ ਤੀਰਥ ਸਾਈਕਲ ਯਾਤਰਾ*, ਸੰਪਾਦਕ ਚੇਤਨ ਸਿੰਘ, ਪੰਨਾ 128.
63. ਜੀ.ਬੀ. ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪ੍ਰਾਚੀਨ ਬੀੜਾਂ*, ਪੰਨਾ 299.
64. Trilochan Singh, Guru Tegh Bahadur: Prophet and Martyr, p. 230.
65. ਜੋਗਿੰਦਰ ਸਿੰਘ ਜੋਗੀ, *ਬੰਗਲਾਦੇਸ਼ ਵਿਚ ਇਤਿਹਾਸਿਕ ਗੁਰਦੁਵਾਰੇ*, ਪੰਨਾ 16.
66. *The Tribune*, 19 November 2017.
67. ibid., 30 November 2010.
68. ਪੰਜਾਬੀ ਟ੍ਰਿਬਿਊਨ 8 ਦਸੰਬਰ 2012; ਅਜੀਤ 8 ਜਨਵਰੀ 2013.
69. *The Tribune*, 26 March 2016.

ਹੁਕਮਨਾਮੇ, ਗੁਰਮਤੇ ਅਤੇ ਸਨਮਾਨ
(ਪਟਨਾ ਸਾਹਿਬ ਅਤੇ ਬੰਗਲਾਦੇਸ਼)

ਭੂਮਿਕਾ

ਹੁਕਮਨਾਮਾ ਸਿੱਖ ਧਰਮ ਵਿਚ ਬਹੁਤ ਹੀ ਸਤਿਕਾਰਯੋਗ ਸ਼ਬਦ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਅਤੇ ਇਸ ਦੀ ਹਜ਼ੂਰੀ ਵਿਚ ਕਿਸੇ ਵੀ ਕਾਰਜ ਦੀ ਸੰਪੂਰਨਤਾ ਸਮੇਂ ਹੁਕਮਨਾਮਾ ਲਿਆ ਜਾਂਦਾ ਹੈ। ਅਰਦਾਸ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਹੁਕਮਨਾਮਾ ਲੈਣ ਉਪਰੰਤ ਹੀ ਕਾਰਜ ਨੂੰ ਸੰਪੂਰਨ ਮੰਨਿਆ ਜਾਂਦਾ ਹੈ। ਗੁਰਬਾਣੀ ਦੇ ਸ਼ਬਦ ਨੂੰ ਸਭ ਤੋਂ ਪਵਿੱਤਰ ਮੰਨਿਆ ਜਾਂਦਾ ਹੈ ਇਸ ਕਰਕੇ, ਸਿੱਖ ਮਰਯਾਦਾ ਅਨੁਸਾਰ, ਜਦੋਂ ਬੱਚੇ ਦੇ ਨਾਮਕਰਣ ਦੀ ਰਸਮ ਕੀਤੀ ਜਾਂਦੀ ਹੈ ਤਾਂ ਹੁਕਮਨਾਮਾ ਲੈਣ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਾਕ ਦੇ ਪਹਿਲੇ ਸ਼ਬਦ ’ਤੇ ਬੱਚੇ ਦਾ ਨਾਮ ਰੱਖਿਆ ਜਾਂਦਾ ਹੈ। ਇਸ ਪਵਿੱਤਰ ਮਰਯਾਦਾ ਅਨੁਸਾਰ ਹੁਕਮਨਾਮਾ ਸਿੱਖ ਜੀਵਨਜਾਚ ਦਾ ਵਿਸ਼ੇਸ਼ ਅਤੇ ਅਟੁੱਟ ਅੰਗ ਹੈ। ਗੁਰੂ ਦੇ ਹੁਕਮ ਅਨੁਸਾਰ ਕਾਰਜ ਕਰਨਾ ਪ੍ਰਮੁਖ ਸਿੱਖੀ ਆਦਰਸ਼ ਮੰਨਿਆ ਗਿਆ ਹੈ।

ਇਸ ਤੋਂ ਇਲਾਵਾ ਗੁਰੂ ਸਾਹਿਬਾਨ ਵੱਲੋਂ ਜਿਹੜੇ ਪੱਤਰ ਦੂਰ-ਦੁਰਾਡੇ ਦੀਆਂ ਸਿੱਖ ਸੰਗਤਾਂ ਨੂੰ ਲਿਖੇ ਜਾਂਦੇ ਸਨ, ਉਹਨਾਂ ਨੂੰ ਵੀ ਸਿੱਖ ਸਤਿਕਾਰ ਸਹਿਤ ਗੁਰੂ ਦਾ ਹੁਕਮ ਮੰਨਦੇ ਸਨ। ਇਹ ਹੁਕਮਨਾਮੇ ਧਾਰਮਿਕ ਮਰਯਾਦਾ ਅਤੇ ਸਿੱਖ ਜੀਵਨਜਾਚ ਦਾ ਖੁਲਾਸਾ ਕਰਨ ਦੇ ਨਾਲ-ਨਾਲ ਇਤਿਹਾਸ ਦਾ ਅਨਮੋਲ ਖ਼ਜ਼ਾਨਾ ਹਨ। ਦੇਸ਼-ਵਿਦੇਸ਼ ਦੀਆਂ ਜਿਹੜੀਆਂ ਸਿੱਖ ਸੰਗਤਾਂ ਨੂੰ ਗੁਰੂ ਸਾਹਿਬਾਨ ਜਾਂ ਗੁਰੂ ਮਹਿਲਾਂ ਨੇ ਹੁਕਮਨਾਮੇ ਜਾਰੀ ਕੀਤੇ ਸਨ, ਉਹ ਗੁਰਧਾਮਾਂ ਅਤੇ ਗੁਰਸਿੱਖ ਪਰਿਵਾਰਾਂ ਵਿਚ ਸੰਭਾਲ ਕੇ ਰੱਖੇ ਹੋਏ ਹਨ। ਇਥੇ ਜਿਹੜੇ ਹੁਕਮਨਾਮਿਆਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ, ਉਹ ਤਖ਼ਤ ਸ੍ਰੀ ਪਟਨਾ ਸਾਹਿਬ ਅਤੇ ਬੰਗਲਾਦੇਸ਼ ਨਾਲ ਸੰਬੰਧਿਤ ਹਨ।

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਨਾਲ ਸੰਬੰਧਿਤ ਹੁਕਮਨਾਮੇ: ਇਥੇ ਦੋ ਤਰ੍ਹਾਂ ਦੇ ਹੁਕਮਨਾਮਿਆਂ ਦੇ ਦਰਸ਼ਨ ਹੁੰਦੇ ਹਨ:

1. ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਮੁਖੀ ਸਿੱਖਾਂ ਜਾਂ ਸੇਵਾਦਾਰਾਂ ਦੇ ਨਾਂ ’ਤੇ ਗੁਰੂ ਸਾਹਿਬਾਨ ਅਤੇ ਗੁਰੂ ਮਹਿਲਾਂ (ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਦੇਵੀ ਜੀ) ਵੱਲੋਂ ਜਾਰੀ ਕੀਤੇ ਗਏ ਹੁਕਮਨਾਮੇ।

2. ਤਖ਼ਤ ਸਾਹਿਬ ਦੇ ਮਹੰਤ ਸਾਹਿਬਾਨ ਅਤੇ ਜਥੇਦਾਰ ਸਾਹਿਬ ਵੱਲੋਂ ਵੱਖ-ਵੱਖ ਸਮੇਂ ਜਾਰੀ ਕੀਤੇ ਗਏ ਹੁਕਮਨਾਮੇ।

ਗੁਰੂ ਸਾਹਿਬਾਨ ਅਤੇ ਗੁਰੂ ਮਹਿਲਾਂ ਵੱਲੋਂ ਪਟਨਾ ਸਾਹਿਬ ਦੀ ਸਿੱਖ ਸੰਗਤ ਦੇ ਨਾਂ ’ਤੇ ਜਾਰੀ ਕੀਤੇ ਗਏ ਹੁਕਮਨਾਮੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਸੰਭਾਲ ਕੇ ਰੱਖੇ ਹੋਏ ਹਨ। ਸਵੇਰ ਦੇ ਦੀਵਾਨ ਤੋਂ ਬਾਅਦ ਸਿੱਖ ਸੰਗਤ ਨੂੰ ਰੋਜ਼ਾਨਾ ਇਹਨਾਂ ਦੇ ਦਰਸ਼ਨ ਕਰਵਾਏ ਜਾਂਦੇ ਹਨ। ਬਹੁਤ ਸਾਰੇ ਸਿੱਖ ਵਿਦਵਾਨਾਂ ਦੀਆਂ ਪੁਸਤਕਾਂ ਵਿਚ ਵੀ ਇਹਨਾਂ ਦੇ ਦਰਸ਼ਨ ਹੋ ਜਾਂਦੇ ਹਨ। ਵਿਸ਼ੇਸ਼ ਸ਼ੈਲੀ ਵਿਚ ਲਿਖੇ ਇਹਨਾਂ ਹੁਕਮਨਾਮਿਆਂ ’ਤੇ ਗੁਰੂ ਸਾਹਿਬਾਨ ਦੇ ਵਿਸ਼ੇਸ਼ ਨਿਸ਼ਾਨ ਦਰਜ ਹਨ ਅਤੇ ਕਿਤੇ-ਕਿਤੇ ਸੰਕੇਤਕ ਭਾਸ਼ਾ ਦਾ ਵੀ ਪ੍ਰਯੋਗ ਕੀਤਾ ਮਿਲਦਾ ਹੈ। ਪਟਨੇ ਦੀ ਸੰਗਤ ਨੂੰ ‘ਸ੍ਰੀ ਅਕਾਲ ਪੁਰਖ ਜੀ ਕਾ ਖਾਲਸਾ ਵਾਸੀ ਪਟਣੇ ਕਾ’ ਕਹਿ ਕੇ ਸੰਬੋਧਨ ਕੀਤਾ ਗਿਆ ਹੈ। ਇਹਨਾਂ ਹੁਕਮਨਾਮਿਆਂ ਰਾਹੀਂ ਮੁਖੀ ਸਿੱਖਾਂ ਅਤੇ ਇਲਾਕੇ ਦੀ ਸੰਗਤ ਦੇ ਨਾਂ ’ਤੇ ਆਦੇਸ਼ ਜਾਰੀ ਕੀਤੇ ਗਏ ਹਨ ਜਿਹੜੇ ਧਾਰਮਿਕ, ਸਮਾਜਿਕ ਅਤੇ ਭਾਈਚਾਰਕ ਸਾਂਝ ਪੈਦਾ ਕਰਨ ਦੇ ਨੁਕਤੇ ਤੋਂ ਵਿਸ਼ੇਸ਼ ਸਥਾਨ ਰੱਖਦੇ ਹਨ। ਇਹਨਾਂ ਹੁਕਮਨਾਮਿਆਂ ਵਿਚੋਂ ਇਹ ਪ੍ਰਮੁਖ ਵਿਸ਼ੇਸ਼ਤਾਵਾਂ ਸਾਹਮਣੇ ਆਉਂਦੀਆਂ ਹਨ:

1. ਧਰਮ ਨੂੰ ਜੀਵਨ ਵਿਚ ਪ੍ਰਮੁਖਤਾ ਪ੍ਰਦਾਨ ਕਰਦੇ ਹੋਏ ਹਰ ਕਾਰਜ ਧਰਮ ਦੀ ਨਿਆਈ ਕਰਨ ਦਾ ਆਦੇਸ਼ ਕੀਤਾ ਗਿਆ ਹੈ। ‘ਗੁਰੂ ਗੁਰੂ ਜਪਣਾ ਜਨਮੁ ਸਵਾਰਣਾ’ ਦੀ ਸਿੱਖਿਆ ਦਿੱਤੀ ਗਈ ਹੈ।
2. ਵਾਹਿਗੁਰੂ ਵਿਚ ਅਟੁੱਟ ਵਿਸ਼ਵਾਸ ਪੈਦਾ ਕੀਤਾ ਗਿਆ ਹੈ ਜਿਸ ਨਾਲ ਸਮਾਜ ਵਿਚ ਹੋਰ ਸਭ ਵਿਸ਼ਵਾਸ ਮਨਫ਼ੀ ਹੋ ਜਾਂਦੇ ਹਨ—‘ਸਰਬਤ ਸੰਗਤਿ ਪਟਣੇ ਕੀ ਜਿਨਿ ਸਿਖ ਵਾਹਗੁਰੂ ਕੀਆ ਹੈ ਤਿਸ ਕੇ ਮਨੋਰਥ ਪੂਰੇ ਹੋਵਹਿਗੇ।’
3. ਗੁਰੂ ਗਿਆਨ ਦਾ ਪ੍ਰਤੀਕ ਹੈ। ਗੁਰੂ ਦੇ ਗਿਆਨ ਦੀ ਰੌਸ਼ਨੀ ਵਿਚ ਚੱਲਣ ਵਾਲੇ ਦੇ ਸਭ ਕਾਰਜ ਰਾਸ ਹੋ ਜਾਂਦੇ ਹਨ—‘ਗੁਰੂ ਸੰਗਤਿ ਕੀ ਬਹੁੜੀ ਕਰੇਗਾ ਸਭ ਕਾਮਨਾ ਪੂਰੀ ਹੋਨਗੀ ਬਹੁੜੀ ਹੋਵੇਗੀ।’
4. ਦਸਵੰਧ ਦੀ ਮਾਇਆ ਸੰਗਤ ਨੂੰ ਸਿੱਧੇ ਗੁਰੂ-ਘਰ ਭੇਜਣ ਦੀ ਤਾਕੀਦ ਕੀਤੀ ਗਈ ਹੈ ਅਤੇ ਕਿਤੇ-ਕਿਤੇ ਮੇਵੜੇ ਰਾਹੀਂ ਮਾਇਆ ਗੁਰੂ-ਘਰ ਭੇਜਣ ਲਈ ਕਿਹਾ ਗਿਆ ਹੈ।
5. ‘ਗਰੀਬ ਦਾ ਮੂੰਹ ਗੁਰੂ ਕੀ ਗੋਲਕ’ ਜਾਣ ਕੇ ਗੁਰੂ-ਘਰ ਆਉਣ ਵਾਲੀ ਦਸਵੰਧ ਦੀ ਮਾਇਆ ਲੋੜਵੰਦਾਂ ਤੱਕ ਪਹੁੰਚਾਉਣ ਲਈ ਪ੍ਰੇਰਨਾ ਕੀਤੀ ਗਈ ਹੈ।
6. ਉਸ ਸਮੇਂ ਦੇ ਮੁਖੀ ਸਿੱਖਾਂ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ। ਜਿਹੜੇ ਵੀ ਸਿੱਖਾਂ ਨੂੰ ਪ੍ਰਮੁਖ ਤੌਰ ’ਤੇ ਆਦੇਸ਼ ਕੀਤਾ ਗਿਆ ਹੈ, ਉਹਨਾਂ ਦੇ ਨਾਂ ਦਿੱਤੇ ਗਏ ਹਨ।

7. ਜਿਸ ਕਾਰਜ ਲਈ ਹੁਕਮਨਾਮਾ ਭੇਜਿਆ ਗਿਆ ਹੈ, ਉਸ ਦੇ ਉਦੇਸ਼ ਦਾ ਸਪਸ਼ਟ ਵਰਨਨ ਕੀਤਾ ਮਿਲਦਾ ਹੈ।
8. ਪੂਰਬ ਅਤੇ ਪਟਣੇ ਦੀ ਸੰਗਤ ਲਈ ਵਿਸ਼ੇਸ਼ ਤੌਰ 'ਤੇ ਬਚਨ ਕੀਤਾ ਗਿਆ ਹੈ—'ਪੂਰਬ ਕੀ ਸੰਗਤਿ ਗੁਰੂ ਦਾ ਖਾਲਸਾ ਹੈਇ', 'ਪੂਰਬ ਕੀ ਸੰਗਤ ਮੇਰਾ ਘਰ ਹੈ'।

ਦੂਜੀ ਤਰ੍ਹਾਂ ਦੇ ਹੁਕਮਨਾਮੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਮਹੰਤ ਸਾਹਿਬਾਨ ਅਤੇ ਜਥੇਦਾਰ ਸਾਹਿਬ ਵੱਲੋਂ ਜਾਰੀ ਕੀਤੇ ਹੋਏ ਪ੍ਰਾਪਤ ਹੁੰਦੇ ਹਨ। ਇਹਨਾਂ ਵਿਚੋਂ ਤਖ਼ਤ ਸ੍ਰੀ ਪਟਨਾ ਸਾਹਿਬ ਵੱਲੋਂ ਇਕ ਹੁਕਮਨਾਮਾ 4 ਫਰਵਰੀ 1862 ਨੂੰ ਕੰਤਨਗਰ, ਮਹੇਸੂਏ, ਸਾਦਲਪੁਰਿ, ਸੰਦਲਪੁਰਿ, ਭਵਾਨੀਪੁਰ, ਚਿਤੌਰੀਏ, ਬਹਰਖਾਲ, ਪੂਰਨੀਆ ਦੀ ਸੰਗਤ ਦੇ ਨਾਂ ਜਾਰੀ ਕੀਤਾ ਗਿਆ। ਇਸ ਹੁਕਮਨਾਮੇ ਵਿਚ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਇਹਨਾਂ ਸੇਵਾਦਾਰਾਂ ਦੇ ਨਾਂ ਮਿਲਦੇ ਹਨ—ਭਾਈ ਦਿਦਾਰ ਸਿੰਘ ਜੀ, ਮਹੰਤ; ਭਾਈ ਸਿਯਾਮ ਸਿੰਘ ਜੀ, ਪੁਜਾਰੀ; ਭਾਈ ਚੜ੍ਹਤ ਸਿੰਘ ਜੀ, ਗ੍ਰੰਥੀ; ਸੇਵਾ ਸਿੰਘ ਜੀ, ਗ੍ਰੰਥੀ; ਭਾਈ ਗੋਪਾਲ ਸਿੰਘ ਜੀ, ਅਰਦਾਸੀਆ; ਗੁਲਾਬੁ ਸਿੰਘ ਜੀ, ਅਰਦਾਸੀਆ; ਭਾਈ ਰਾਮੁ ਸਿੰਘ ਜੀ, ਦਰੋਗਾ; ਭਾਈ ਖਦਰੇਨ ਸਿੰਘ ਜੀ, ਕਾਰੁਬਾਰੀ। ਇਸ ਹੁਕਮਨਾਮੇ ਵਿਚ ਇਹਨਾਂ ਇਲਾਕਿਆਂ ਦੀ ਸੰਗਤ ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਸੇਵਾ ਅਤੇ ਦਰਸ਼ਨ ਦੀਦਾਰੇ ਕਰਨ ਦੀ ਪ੍ਰੇਰਨਾ ਕੀਤੀ ਗਈ ਹੈ। ਇਹ ਹੁਕਮਨਾਮਾ ਭਾਈ ਹੀਰਾ ਸਿੰਘ ਰਾਹੀਂ ਉਕਤ ਇਲਾਕਿਆਂ ਦੀ ਸੰਗਤ ਦੇ ਨਾਂ ਭੇਜਿਆ ਗਿਆ ਸੀ। ਇਸ ਹੁਕਮਨਾਮੇ 'ਤੇ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਜਾਰੀ ਕੀਤੀ ਮੋਹਰ ਵਾਲੀ ਸ਼ਬਦਾਵਲੀ ਦਰਜ ਹੈ—ਦੇਗ ਤੇਗ ਫਤੇ ਨੁਸਰਤ ਬੇਦਿਰੰ॥ ਯਾਫਤੇ ਨਾਨਕ ਗੁਰੂ ਗੋਬਿੰਦ ਸਿੰਘ ਜੀ॥[1]

ਇਸ ਤੋਂ ਪਹਿਲਾਂ ਤਖ਼ਤ ਪਟਨਾ ਸਾਹਿਬ ਤੋਂ ਇਕ ਹੁਕਮਨਾਮਾ 1815 ਵਿਚ ਜਾਰੀ ਕੀਤਾ ਹੋਇਆ ਮਿਲਦਾ ਹੈ। ਭਾਵੇਂ ਕਿ ਹੁਕਮਨਾਮੇ 'ਤੇ ਮਹੰਤ ਸਾਹਿਬ ਦਾ ਨਾਂ ਜਾਂ ਹਸਤਾਖ਼ਰ ਮੌਜੂਦ ਨਹੀਂ ਹੈ ਪਰ ਤਤਕਾਲੀ ਸਰੋਤਾਂ ਤੋਂ ਜਾਣਕਾਰੀ ਮਿਲਦੀ ਹੈ ਕਿ ਉਸ ਸਮੇਂ ਮਹੰਤ ਦਿਆਲ ਸਿੰਘ ਤਖ਼ਤ ਸਾਹਿਬ ਦੀ ਸੇਵਾ ਕਰ ਰਹੇ ਸਨ। ਇਹ ਹੁਕਮਨਾਮਾ ਅਧੂਰਾ ਹੈ ਪਰ ਇਸ ਨੂੰ ਦੇਖ ਕੇ ਇਹ ਸਪਸ਼ਟ ਹੁੰਦਾ ਹੈ ਕਿ ਇਹ ਹੁਕਮਨਾਮਾ ਮਹਾਰਾਜਾ ਰਣਜੀਤ ਸਿੰਘ ਨੂੰ ਮੁਲਤਾਨ ਦੀ ਫ਼ਤਹਿ ਲਈ ਅਸ਼ੀਰਵਾਦ ਵੱਜੋਂ ਲਿਖਿਆ ਗਿਆ ਸੀ। ਆਰਥਿਕ ਅਤੇ ਫ਼ੌਜੀ ਨੁਕਤਾ-ਨਿਗਾਹ ਤੋਂ ਮੁਲਤਾਨ ਦੀ ਜਿੱਤ ਨੂੰ ਬਹੁਤ ਹੀ ਮਹੱਤਵਪੂਰਨ ਮੰਨਿਆ ਜਾ ਰਿਹਾ ਸੀ। ਇਸ ਨਗਰ ਨੂੰ ਫ਼ਤਹਿ ਕਰਨ ਲਈ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਸਾਰੀ ਸ਼ਕਤੀ ਲਗਾ ਦਿੱਤੀ ਸੀ। ਇਸੇ ਸੰਬੰਧ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਚਾਰੇ ਸਿੱਖ ਤਖ਼ਤਾਂ ਤੋਂ ਫ਼ਤਹਿ ਦਾ ਅਸ਼ੀਰਵਾਦ ਪ੍ਰਾਪਤ ਕਰਨ ਲਈ ਝੋਲੀ ਫੈਲਾਈ ਸੀ। ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਤੋਂ ਮਹਾਰਾਜੇ ਦੇ ਜਿੱਤ ਦੀ ਕਾਮਨਾ ਕਰਦਾ ਹੋਇਆ ਇਹ ਹੁਕਮਨਾਮਾ ਭੇਜਿਆ ਗਿਆ ਸੀ[2]:

ਤਖਤ ਪਟਨਾ ਸਾਹਿਬ ਦੀ ਮੋਹਰ
ੴ ਸਤਿਗੁਰੂ ਪ੍ਰਸਾਦਿ
ਦੇਗ ਤੇਗ ਫ਼ਤਹ ਨੁਸੁਰਤਿ ਬੇਦਿਰੰਗ॥
ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ॥

ੴ ਸਤਿਗੁਰੂ ਪ੍ਰਸਾਦਿ॥ ਸ੍ਰੀ ਵਾਹਿਗੁਰੂ ਜੀ ਕੇ ਪਿਆਰੇ॥ ਸ੍ਰੀ ਵਾਹਿਗੁਰੂ ਜੀ ਕੇ ਸਵਾਰੇ॥ ਸ੍ਰੀ ਵਾਹਿਗੁਰੂ ਜੀ ਕੇ ਮੰਨੇ॥ ਸਭ ਜਨਮ ਧੰਨ ਧੰਨੇ॥ ਪਰਉਪਕਾਰੀ॥ ਸਨਮੁਖ ਦਰਬਾਰੀ॥ ਉਜਲੇ ਮਸਤਕ॥ ਜਿਨਾਂ ਮਿਲਿਆਂ ਸ੍ਰੀ ਵਾਹਿਗੁਰੂ ਜੀ ਕਾ ਨਾਮ ਚਿਤ ਆਵੈ॥ ਸੋ ਸਿੰਘ ਸਾਹਿਬ ਪਾਤਸ਼ਾਹ ਰਣਜੀਤ ਸਿੰਘ ਜੀ ਪਾਸੇ ਲਿਖਤਮ ਸ੍ਰੀ ਪਟਣਾ ਸਾਹਿਬ ਤਖਤ ਬੁੰਗਾ ਜੀ ਕੀ ਖੁਸ਼ੀ ਵਾਚਣੀ॥ ਹਕੀਕਤ ਇਹ ਹੈ... ਤੋ ਤੁਮਾਰੇ ਸਭ ਮਨੋਰਥ ਸਿਧ ਹੋਵਨਗੇ। ਔਰ ਸਭ ਮੁਹਿਮ ਫਤੇ ਹੋਵੇਗੀ॥ ਸਤਿ ਕਰ ਮੰਨਣਾ॥ ਸੰਮਤ 1872॥ ਅਰਦਾਸ ਲਿਖੀ॥ ਵੈਸਾਖ ਵਦੀ ਪੰਚਮੀ॥ ਮੁਲਤਾਨ ਫਤੇ ਹੋਇਗਾ॥

ਮਹੰਤ ਮੁਕੰਦ ਸਿੰਘ ਨੇ ਵੀ ਪੰਚ ਖਾਲਸਾ ਦੀਵਾਨ ਦੇ ਵਿਰੁੱਧ ਇਕ ਹੁਕਮਨਾਮਾ ਜਾਰੀ ਕੀਤਾ ਸੀ। ਦੀਵਾਨ ਨੇ ਗੁਰਮੁਖੀ ਕੋਰਸ ਸਿਰਲੇਖ ਅਧੀਨ ਇਕ ਪੁਸਤਕ ਛਾਪ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਤਬਦੀਲੀ ਕਰ ਦਿੱਤੀ ਸੀ ਜਿਸ ਦਾ ਸਮੁੱਚੇ ਸਿੱਖ ਪੰਥ ਵੱਲੋਂ ਭਾਰੀ ਵਿਰੋਧ ਕੀਤਾ ਗਿਆ ਸੀ। ਸਮੂਹ ਤਖ਼ਤ ਸਾਹਿਬਾਨ ਤੋਂ ਦੀਵਾਨ ਦੀ ਇਸ ਗਲਤੀ ਲਈ ਆਲੋਚਨਾ ਕਰਦੇ ਹੋਏ ਹੁਕਮਨਾਮੇ ਜਾਰੀ ਕੀਤੇ ਗਏ ਸਨ। ਉਸ ਸਮੇਂ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਸੇਵਾ-ਸੰਭਾਲ ਮਹੰਤ ਮੁਕੰਦ ਸਿੰਘ ਕਰ ਰਹੇ ਸਨ। ਇਹਨਾਂ ਨੇ ਬਾਬੂ ਤੇਜਾ ਸਿੰਘ ਭਸੌੜ ਅਤੇ ਬੀਬੀ ਨਿਰੰਜਨ ਕੌਰ ਨੂੰ ਪੰਥ ਵਿਚੋਂ ਖਾਰਜ ਕਰਨ ਵਾਲਾ ਹੁਕਮਨਾਮਾ ਜਾਰੀ ਕਰਦੇ ਹੋਏ ਕਿਹਾ[3]:

ਸ੍ਰੀ ਵਾਹਿਗੁਰੂ ਜੀ ਕਾ ਖ਼ਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫ਼ਤਹ ਬੋਲੀ ਹੈ ਬੁਲਾਵਣੀ॥

111 ਸ੍ਰੀ ਤਖ਼ਤ ਪਟਨਾ ਸਾਹਿਬ ਸੇ ਸਮੂਹ ਖ਼ਾਲਸਾ ਪੰਥ ਗੁਰੂ ਕਾ ਆਗਾਹ ਕੀਆ ਜਾਤਾ ਹੈ ਕਿ:

ਭਸੌੜੀਏ ਜਥਾ ਪੰਚ ਖੰਡ ਬਾਬੂ ਤੇਜਾ ਸਿੰਘ ਬੀਬੀ ਨਿਰੰਜਨ ਕੌਰ ਔਰ ਉਨ ਕੇ ਸਾਥੀ ਸਮੂਹ ਮੈਂਬਰ...।

ਸ੍ਰੀ ਤਖ਼ਤ ਪਟਨਾ ਸਾਹਿਬ ਸੇ ਤਨਖ਼ਾਹੀਏ ਹੈਂ। 1977 ਚੇਤ ਸੁਦੀ ਦੁਆਦਸੀ ਸੇ ਜਬ ਉਨਹੋਂ ਨੇ ਰਾਗ ਮਾਲਾ ਕੱਢ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਛਪਵਾਏ ਥੇ, ਉਸੀ ਵਕਤ ਸੇ ਤਨਖਾਹੀਏ ਹੈਂ। ਤਖ਼ਤ ਸ੍ਰੀ ਪਟਨਾ ਸਾਹਿਬ ਸੇ ਏਕ ਸਾਈਨ ਬੋਰਡ ਲਿਖ ਕੇ ਲਗਾ ਹੈ। ਅਬ ਜਬ ਕਿ ਭਸੌੜੀਏ ਬਾਬੂ ਤੇਜਾ ਸਿੰਘ ਬੀਬੀ ਨਿਰੰਜਨ ਕੌਰ ਵਗ਼ੈਰਾ ਕੋਰਸ ਨਾਮੇ ਪੁਸਤਕ ਲਿਖਾ ਹੈ, ਅਰਦਾਸਾ ਔਰ ਅੰਮ੍ਰਿਤ-ਮਰਯਾਦਾ ਅਦਲ ਬਦਲ ਕਰ ਕੇ ਬੜਾ ਪੰਥ ਮੇਂ

ਫਾੜ ਪਾਇਆ ਹੈ। ਜਿਸ ਸੇ ਸਮੂਹ ਖ਼ਾਲਸਾ ਜੀਓ ਤਖ਼ਤ ਸ੍ਰੀ ਅਕਾਲ ਅੰਮ੍ਰਿਤਸਰ ਉ ਤਖ਼ਤ ਸ੍ਰੀ ਹਜ਼ੂਰ ਸਾਹਿਬ ਉ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸੇ ਭੀ ਤਨਖ਼ਾਹੀਏ ਕਾ ਹੁਕਮਨਾਮਾ ਜਾਰੀ ਕੀਆ ਜਾਤਾ ਹੈ। ਜਬ ਤੱਕ ਬਾਬੂ ਤੇਜਾ ਸਿੰਘ, ਬੀਬੀ ਨਿਰੰਜਨ ਕੌਰ ਔਰ ਉਨ ਕੇ ਸਾਥੀ ਅਪਨੇ ਕੀਤੇ ਕੀ ਮਾਫ਼ੀ ਕਾ ਅਰਦਾਸਾ ਨ ਹੋਵੇ, ਕੋਈ ਇਨ ਕੇ ਸਾਥ ਨ ਮਿਲੇ। ਇਸ ਲੀਏ ਇਸ ਹੁਕਮਨਾਮਾ ਕੀ ਨਕਲ ਪ੍ਰਕਾਸ਼ਤ ਕੀ ਜਾਤੀ ਹੈ।

ਚੇਤ ਸੁਦੀ 6 ਸੰਮਤ 1985

ਮਹੰਤ ਮਨੀਜਰ ਮੁਕੰਦ ਸਿੰਘ ਅਕਾਲੀ

ਪਟਨਾ ਸਾਹਿਬ ਤੋਂ 17.1.97 ਨੂੰ ਜਾਰੀ ਕੀਤਾ ਇਕ ਹੁਕਮਨਾਮਾ ਭਾਈ ਮਾਨ ਸਿੰਘ ਜੀ ਦਾ ਮਿਲਦਾ ਹੈ।[4] ਇਸ ਹੁਕਮਨਾਮੇ ਵਿਚ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਮਰਯਾਦਾ ਨੂੰ ਕਾਇਮ ਰੱਖਣ ਦਾ ਆਦੇਸ਼ ਕਰਦੇ ਹੋਏ ਕਿਹਾ ਗਿਆ ਹੈ ਕਿ "ਤਖਤ ਸਾਹਿਬ ਜੀ ਦੀ ਪੁਰਾਤਨ ਗੁਰ ਮਰਿਆਦਾ ਨੂੰ ਹਰ ਤਰਹ ਨਾਲ ਕਾਇਮ ਰਖਿਆ ਜਾਵੇਗਾ, ਅੱਜ ਤੋਂ ਬਾਦ ਪੰਜਾਂ ਪਿਆਰਿਆਂ ਜੀ ਕੀ ਆਗਿਆ ਤੋ ਬਿਨਾ ਤਖਤ ਸਾਹਿਬ ਜੀ ਦੇ ਅੰਦਰ ਕੋਈ ਭੀ ਤਬਦੀਲੀ ਯਾ ਕੋਈ ਭੀ ਕੰਮ ਨਹੀਂ ਹੋ ਸਕਦਾ।" ਇਸ ਤੋਂ ਬਾਅਦ ਪ੍ਰਾਪਤ ਹੋਏ ਸਮੂਹ ਹੁਕਮਨਾਮੇ ਜਥੇਦਾਰ ਗਿਆਨੀ ਇਕਬਾਲ ਸਿੰਘ ਜੀ ਦੀ ਅਗਵਾਈ ਵਿਚ ਜਾਰੀ ਕੀਤੇ ਗਏ ਹਨ। ਇਹ ਹੁਕਮਨਾਮੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਸਤਿਕਾਰ, ਸਿੱਖ ਰਹਿਤ ਮਰਯਾਦਾ, ਕੈਲੰਡਰ, ਸ੍ਰੀ ਦਸਮ ਗ੍ਰੰਥ ਸਾਹਿਬ ਦੇ ਵਿਰੋਧੀਆਂ, ਕਾਰ ਸੇਵਾ ਅਤੇ ਬੰਗਲਾ ਸਾਹਿਬ ਦੇ ਗੁਰਧਾਮਾਂ ਦੇ ਪ੍ਰਬੰਧ ਨਾਲ ਸੰਬੰਧਿਤ ਹਨ। ਇਸ ਤੋਂ ਇਲਾਵਾ ਕੁੱਝ ਪ੍ਰਮੁੱਖ ਸਿੱਖ ਸ਼ਖ਼ਸੀਅਤਾਂ ਨੂੰ ਸਨਮਾਨਿਤ ਕਰਨ ਸੰਬੰਧੀ ਵੀ ਆਦੇਸ਼ ਜਾਰੀ ਕੀਤੇ ਗਏ ਹਨ।

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਥੇਦਾਰ ਇਕਬਾਲ ਸਿੰਘ ਤੋਂ ਪਹਿਲਾਂ ਹੁਕਮਨਾਮਾ ਜਾਰੀ ਕਰਨ ਦੀ ਕੋਈ ਵਿਧੀਵਤ ਪਰੰਪਰਾ ਸਥਾਪਿਤ ਹੋਈ ਨਹੀਂ ਜਾਪਦੀ। ਜਿਹੜੇ ਹੁਕਮਨਾਮੇ ਪਹਿਲਾਂ ਜਾਰੀ ਕੀਤੇ ਹੋਏ ਹਨ ਉਹਨਾਂ ਸਭ ਨੂੰ ਜਾਰੀ ਕਰਨ ਦਾ ਢੰਗ-ਤਰੀਕਾ ਵੱਖੋ-ਵੱਖਰਾ ਹੈ। ਜਿਵੇਂ 1862 ਦੇ ਹੁਕਮਨਾਮੇ ਵਿਚ ਹੁਕਮਨਾਮਾ ਲਿਖਣ ਵਾਲਿਆਂ ਦੇ ਨਾਂ ਦਰਜ ਹਨ ਅਤੇ ਇਹ ਗਿਣਤੀ ਪੰਜ ਤੋਂ ਵਧੇਰੇ ਹੈ। ਭਾਈ ਮੁਕੰਦ ਸਿੰਘ ਦਾ ਅਸਲ ਹੁਕਮਨਾਮਾ ਪ੍ਰਾਪਤ ਨਹੀਂ ਹੋ ਸਕਿਆ ਜਿਹੜਾ ਛਪਿਆ ਹੋਇਆ ਹੁਕਮਨਾਮਾ ਪ੍ਰਾਪਤ ਹੁੰਦਾ ਹੈ ਉਸ 'ਤੇ ਕੇਵਲ ਮਹੰਤ ਜੀ ਦਾ ਹੀ ਨਾਂ ਹੈ। ਭਾਈ ਮਾਨ ਸਿੰਘ ਵੱਲੋਂ ਆਪਣੇ ਲੈਟਰ ਪੈਡ 'ਤੇ ਹੁਕਮਨਾਮਾ ਜਾਰੀ ਕੀਤਾ ਗਿਆ ਹੈ ਜਿਸ 'ਤੇ ਪੰਜ ਪਿਆਰਿਆਂ ਦੇ ਦਸਤਖਤ ਮੌਜੂਦ ਹਨ ਪਰ ਕੋਈ ਮੋਹਰ ਨਹੀਂ ਲੱਗੀ ਹੋਈ। ਜਥੇਦਾਰ ਇਕਬਾਲ ਸਿੰਘ ਦੇ ਸਮੇਂ ਜਾਰੀ ਹੋਣ ਵਾਲੇ ਹੁਕਮਨਾਮੇ ਤਖ਼ਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ ਦੇ ਨਾਂ 'ਤੇ ਬਣੇ ਹੋਏ ਬਕਾਇਦਾ ਇਕ ਲੈਟਰ ਪੈਡ 'ਤੇ

ਜਾਰੀ ਹੋਣ ਲੱਗੇ ਜਿਨ੍ਹਾਂ 'ਤੇ ਇਹ ਸ਼ਬਦ ਲਿਖੇ ਹੋਏ ਹਨ—॥ੴ ਸਤਿਗੁਰੂ ਪ੍ਰਸਾਦਿ॥ ਅਕਾਲ ਸਹਾਇ॥ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥ ਪ੍ਰਕਾਸ਼ ਅਸਥਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ॥ ਪਟਨਾ ਗੁਰੂ ਕਾ ਘਰ ਹੈ। (ਹੁਕਮਨਾਮਾ ਪਾ: ੯)। ਤਖ਼ਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ। ਹੁਕਮਨਾਮੇ ਦੇ ਅਖੀਰ 'ਤੇ ਪੰਜ ਸਿੰਘ ਸਾਹਿਬ ਦੇ ਦਸਤਖਤ ਹਨ ਅਤੇ ਵਿਚਕਾਰ ਇਕ ਮੋਹਰ ਹੈ ਜਿਸ ਦੇ ਅੰਦਰ ਇਕ ਖੰਡਾ ਲਗਾ ਕੇ ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਲਿਖਿਆ ਹੋਇਆ ਹੈ ਅਤੇ ਇਸ ਦੇ ਬਾਹਰਲੇ ਪਾਸੇ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਜਾਰੀ ਕੀਤੀ ਹੋਈ ਮੋਹਰ ਦੀ ਸ਼ਬਦਾਵਲੀ ਅੰਕਿਤ ਕੀਤੀ ਹੋਈ ਹੈ—ਦੇਗੁ ਤੇਗੁ ਫ਼ਤਹ ਨੁਸਰਤ ਬੇਦਰੰਗ। ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ। ਤਖ਼ਤ ਸਾਹਿਬ ਤੋਂ ਜਾਰੀ ਹੋਣ ਵਾਲੇ ਹੁਕਮਨਾਮਿਆਂ 'ਤੇ ਨੰਬਰ ਅਤੇ ਮਿਤੀ ਅੰਕਿਤ ਹੈ। ਵੱਖ-ਵੱਖ ਸਮੇਂ 'ਤੇ ਤਿਆਰ ਕੀਤੇ ਗਏ ਲੈਟਰ ਪੈਡ ਦੇ ਅਰੰਭ ਵਿਚ ਵੱਖੋ-ਵੱਖਰੇ ਚਿੰਨ੍ਹ ਅੰਕਿਤ ਹਨ ਜਿਵੇਂ ਕੁੱਝ ਲੈਟਰ ਪੈਡ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹਨ, ਕੁੱਝ ਲੈਟਰ ਪੈਡਾਂ ਦੇ ਉਪਰ ਸਸ਼ੋਭਿਤ ਚਿੰਨ੍ਹਾਂ ਵਿਚ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਤਸਵੀਰ ਹੈ ਅਤੇ ਉਸ ਦੇ ਉਪਰ ਲਿਖਿਆ ਹੋਇਆ ਹੈ—॥ਪਟਨਾ ਸਹਰ ਬਿਖੇ ਭਵ ਲਯੋ॥ ਅਤੇ ਇਸ ਚਿੰਨ੍ਹ ਦੇ ਹੇਠਾਂ ਇਹ ਇਬਾਰਤ ਲਿਖੀ ਹੋਈ ਹੈ—॥ਹਰਿ ਸਚੇ ਤਖ਼ਤ ਰਚਾਇਆ॥ ਇਸੇ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੈਟਰ ਪੈਡ 'ਤੇ ਇਕ ਪਾਸੇ ਜਿਥੇ ਤਖ਼ਤ ਸ੍ਰੀ ਪਟਨਾ ਸਾਹਿਬ ਜੀ ਦੀ ਤਸਵੀਰ ਹੈ ਉਥੇ ਦੂਜੇ ਪਾਸੇ ਤਖ਼ਤ ਸ੍ਰੀ ਪਟਨਾ ਸਾਹਿਬ ਜੀ ਦੀ ਤਸਵੀਰ ਦੇ ਅੰਦਰ ਉਪਰਲੇ ਪਾਸੇ 350 ਸਾਲਾ ਪ੍ਰਕਾਸ਼ ਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਹੇਠਾਂ ਤਹੀ ਪ੍ਰਕਾਸ ਹਮਾਰਾ ਭਯੋ ਪਟਨਾ ਸਹਰ ਬਿਖੈ ਭਵ ਲਯੋ॥ ਲਿਖਿਆ ਹੋਇਆ ਹੈ। ਇਸ ਤਸਵੀਰ ਦੇ ਬਾਹਰਲੇ ਪਾਸੇ ਉਪਰ 350 ਸਾਲ ਸਾਹਿਬ-ਏ-ਕਮਾਲ ਦਸਮੇਸ਼ ਪਿਤਾ ਦੇ ਨਾਲ ਤੇ ਹੇਠਾਂ ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ (ਬਿਹਾਰ) ਲਿਖਿਆ ਹੋਇਆ ਹੈ। ਕੁੱਝ ਲੈਟਰ ਪੈਡ ਅਜਿਹੇ ਵੀ ਹਨ ਜਿਨ੍ਹਾਂ ਉਤੇ ਕੋਈ ਵੀ ਚਿੰਨ੍ਹ ਛਪਿਆ ਹੋਇਆ ਨਹੀਂ ਹੈ।

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਤੋਂ ਹੁਕਮਨਾਮੇ ਜਾਰੀ ਕਰਨ ਵਿਚ ਪਿਛਲੇ ਕੁੱਝ ਸਮੇਂ ਦੌਰਾਨ ਤੇਜ਼ੀ ਆਈ ਹੈ। ਸਭ ਤੋਂ ਵਧੇਰੇ ਹੁਕਮਨਾਮੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਜੀ ਵੱਲੋਂ ਜਾਰੀ ਕੀਤੇ ਗਏ ਹਨ। ਅਗਸਤ 2000 ਵਿਚ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦਾ ਪ੍ਰਬੰਧ ਸੰਭਾਲਣ ਉਪਰੰਤ ਇਹਨਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ ਵਿਖੇ ਹੋਣ ਵਾਲੀਆਂ ਮੀਟਿੰਗਾਂ ਵਿਚ ਹਿੱਸਾ ਲੈਣਾ ਅਰੰਭ ਕੀਤਾ ਅਤੇ ਪੰਥ ਨੂੰ ਜਾਰੀ ਕੀਤੇ ਜਾਣ ਵਾਲੇ ਹੁਕਮਨਾਮਿਆਂ ਵਿਚ ਕਿਰਿਆਸ਼ੀਲ ਭੂਮਿਕਾ ਨਿਭਾਈ। ਇਹਨਾਂ ਦੁਆਰਾ ਤਖ਼ਤ ਸ੍ਰੀ

ਪਟਨਾ ਸਾਹਿਬ ਤੋਂ ਜਾਰੀ ਕੀਤੇ ਜਾਣ ਵਾਲੇ ਹੁਕਮਨਾਮਿਆਂ ਵਿਚ ਇਹ ਪ੍ਰਭਾਵ ਸਪਸ਼ਟ ਨਜ਼ਰ ਆਉਂਦਾ ਹੈ, ਜਿਵੇਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿਚ ਸਿੰਘ ਸਾਹਿਬਾਨ ਦੀ ਹਾਜ਼ਰੀ ਸੰਬੰਧੀ ਕੀਤੇ ਇਕ ਫ਼ੈਸਲੇ ਦਾ ਇਹਨਾਂ ਨੇ ਕਰੜਾ ਵਿਰੋਧ ਦਰਜ ਕੀਤਾ ਹੈ। ਇਸ ਸੰਬੰਧੀ ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਹੁਕਮਨਾਮਾ ਜਾਰੀ ਕਰਦੇ ਹੋਏ ਕਿਹਾ ਗਿਆ, "ਪੰਜਾਂ ਤਖ਼ਤਾਂ ਦੇ ਸਿੰਘ ਸਾਹਿਬਾਨ ਜਥੇਦਾਰ ਦੇ ਬਰਾਬਰ ਦੇ ਅਧਿਕਾਰਾਂ ਨੂੰ ਮੁੱਖ ਰੱਖਦਿਆਂ ਹੋਇਆਂ ਅਸੀਂ ਆਪਣਾ ਪੱਖ ਸਪਸ਼ਟ ਕਰਦੇ ਹਾਂ। ਸ੍ਰੀ ਹਰਿਮੰਦਰ ਸਾਹਿਬ ਜੀ ਦੇ ਗ੍ਰੰਥੀ ਸਿੰਘ ਸਾਹਿਬਾਨ ਬਹੁਤ ਹੀ ਸਤਿਕਾਰਯੋਗ ਹਨ ਪਰ ਪੰਥਕ ਗੁਰ ਮਰਯਾਦਾ ਅਨੁਸਾਰ ਪੰਜਾਂ ਤਖ਼ਤਾਂ ਦੇ ਸਿੰਘ ਸਾਹਿਬਾਨ ਜਥੇਦਾਰਾਂ ਦੇ ਬਰਾਬਰ ਦੇ ਪੰਥਕ ਫੈਸਲੇ ਕਰਨ ਦੇ ਅਧਿਕਾਰ ਉਨ੍ਹਾਂ ਨੂੰ ਤਾਂ ਹਨ ਜੇਕਰ ਕਿਸੇ ਤਖ਼ਤ ਸਹਿਬਾਨ ਦੇ ਜਥੇਦਾਰ ਆਪਣੇ ਅਧਿਕਾਰ ਦੇ ਕੇ ਉਨ੍ਹਾਂ ਨੂੰ ਆਪਣੀ ਥਾਂ ਤੇ ਸ਼ਾਮਲ ਹੋਣ ਲਈ ਪ੍ਰਵਾਨਗੀ ਦੇਣ। ਇਸ ਲਈ ਸਮੁੱਚੇ ਪੰਥ ਨਾਲ ਸਬੰਧਤ ਅਤੇ ਵਿਸ਼ਵ-ਵਿਆਪੀ ਮਸਲਾ ਪੰਜਾਂ ਤਖ਼ਤਾਂ ਦੇ ਸਿੰਘ ਸਾਹਿਬਾਨ ਜਥੇਦਾਰਾਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਵਿਖੇ ਬੈਠ ਕੇ ਵਿਚਾਰਿਆ ਗਿਆ ਪੰਥਕ ਗੁਰਮਤਾ ਜਾਂ ਹੁਕਮਨਾਮਾ ਮੰਨਿਆ ਜਾਵੇਗਾ ਜਿਸ ਵਿਚ ਪੰਜਾਂ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਆਪ ਸ਼ਾਮਲ ਹੋ ਕੇ ਵਿਚਾਰਨ ਜੇ ਕਿਸੇ ਕਾਰਣ ਉਹ ਆਪ ਨਾ ਪੁੱਜ ਸਕਣ ਤਾਂ ਆਪਣੇ ਅਧਿਕਾਰ ਦੇ ਕੇ ਤਖ਼ਤਾਂ ਤੋਂ ਭੇਜੇ ਗਏ ਮੀਤ ਜਥੇਦਾਰ, ਹੈਡ ਗ੍ਰੰਥੀ ਸਾਹਿਬਾਨ ਸ਼ਾਮਲ ਹੋਣ।"

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਤੋਂ ਰਾਗਮਾਲਾ[5], ਸ੍ਰੀ ਦਸਮ ਗ੍ਰੰਥ ਸਾਹਿਬ[6], ਸਿੱਖ ਰਹਿਤ ਮਰਯਾਦਾ[7], ਨਾਨਕਸ਼ਾਹੀ ਕੈਲੰਡਰ[8] ਆਦਿ ਸਿਧਾਂਤਕ ਅਤੇ ਪਰੰਪਰਾਗਤ ਮਸਲਿਆਂ ਦੇ ਨਾਲ-ਨਾਲ ਸਪੋਕਸਮੈਨ ਅਖ਼ਬਾਰ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਅਹੁਦੇਦਾਰਾਂ, ਮਾਤਾ ਕੌਲਾਂ ਭਲਾਈ ਕੇਂਦਰ ਦੇ ਮੁਖੀ, 2014 ਵਾਲੀ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਕੁੱਝ ਅਹੁਦੇਦਾਰਾਂ ਅਤੇ ਮੈਂਬਰਾਂ, ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਮੁਅੱਤਲ ਸ਼ੁਦਾ ਪੰਜ ਪਿਆਰਿਆਂ ਵਿਰੁੱਧ ਹੁਕਮ ਜਾਰੀ ਕੀਤੇ ਗਏ ਹਨ। ਇਹਨਾਂ ਵਿਚੋਂ ਜਿਨ੍ਹਾਂ ਨੇ ਸਪੱਸ਼ਟੀਕਰਨ ਦਿੱਤਾ ਹੈ, ਉਹਨਾਂ ਨੂੰ ਦੋਸ਼-ਮੁਕਤ ਕਰ ਦਿੱਤਾ ਗਿਆ ਹੈ।

ਪੁਰਾਤਨ ਪਰੰਪਰਾਵਾਂ ਅਤੇ ਸਿੱਖ ਭਾਵਨਾਵਾਂ ਦੇ ਮੱਦੇਨਜ਼ਰ ਵੀ ਗੁਰਮਤੇ ਕੀਤੇ ਮਿਲਦੇ ਹਨ ਜਿਵੇਂ ਇਕ ਗੁਰਮਤੇ ਰਾਹੀਂ ਪੋਹ ਸੁਦੀ ਸਤਮੀ (5 ਜਨਵਰੀ 2017) ਨੂੰ ਸਰਬੰਸਦਾਨੀ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 350ਵਾਂ ਪ੍ਰਕਾਸ਼ ਪੁਰਬ ਮਨਾਉਣ ਲਈ ਸੰਸਾਰ ਭਰ ਦੀਆਂ ਸੰਗਤਾਂ ਨੂੰ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਹਾਜ਼ਰੀ ਭਰਨ ਦਾ ਸੱਦਾ ਦਿੱਤਾ ਗਿਆ ਹੈ। 3 ਨਵੰਬਰ 2015 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੁੱਖ ਵੱਜੋਂ ਬੰਦੀ ਛੋੜ ਦਿਵਸ (ਦੀਵਾਲੀ) ਮੌਕੇ ਰੌਸ਼ਨੀ ਨਾ ਕਰਨ ਅਤੇ ਆਤਿਸ਼ਬਾਜ਼ੀ ਨਾ ਚਲਾਉਣ ਲਈ ਪ੍ਰੇਰਿਤ ਕੀਤਾ ਗਿਆ।

ਪੂਰਬ ਦੀ ਸੰਗਤ ਅਤੇ ਗੁਰਧਾਮਾਂ ਦੀ ਸਾਂਭ-ਸੰਭਾਲ ਦੀ ਮੁੱਖ ਜ਼ਿੰਮੇਵਾਰੀ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਅਧੀਨ ਹੈ। ਬਿਹਾਰ ਦੇ ਇਤਿਹਾਸਕ ਗੁਰਧਾਮਾਂ ਦੇ ਨਾਲ-ਨਾਲ ਕਈ ਗੈਰ-ਇਤਿਹਾਸਕ ਗੁਰਧਾਮਾਂ ਦਾ ਪ੍ਰਬੰਧ ਵੀ ਤਖ਼ਤ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਕੀਤਾ ਜਾਂਦਾ ਹੈ।

ਬੰਗਲਾਦੇਸ਼ ਦੇ ਅਜ਼ਾਦ ਹੋਣ ਉਪਰੰਤ ਉਥੋਂ ਦੇ ਗੁਰਧਾਮਾਂ ਦੀ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਵੀ ਤਖ਼ਤ ਸਾਹਿਬ ਦੀ ਪ੍ਰਬੰਧਕ ਕਮੇਟੀ ਅਧੀਨ ਆ ਗਈ ਸੀ। ਉਥੇ ਸਿੱਖ ਵੱਸੋਂ ਨਹੀਂ ਹੈ ਅਤੇ ਮਰਯਾਦਾ ਅਨੁਸਾਰ ਕਾਰਜ ਕਰਨ ਲਈ ਗ੍ਰੰਥੀ, ਸੇਵਾਦਾਰ, ਕੀਰਤਨੀਏ ਆਦਿ ਭੇਜੇ ਜਾਂਦੇ ਹਨ। ਉਥੋਂ ਦੀ ਮਰਯਾਦਾ ਅਤੇ ਸਮੁੱਚਾ ਆਰਥਿਕ ਪ੍ਰਬੰਧ ਤਖ਼ਤ ਸਾਹਿਬ ਦੁਆਰਾ ਬਣਾਏ ਗਏ ਬੰਗਲਾਦੇਸ਼ ਗੁਰਦੁਆਰਾ ਮੈਨੇਜਮੈਂਟ ਬੋਰਡ ਵੱਲੋਂ ਕੀਤਾ ਜਾਂਦਾ ਹੈ। 2 ਅਗਸਤ 2008 ਨੂੰ ਜਾਰੀ ਕੀਤੇ ਗਏ ਹੁਕਮਨਾਮੇ ਅਨੁਸਾਰ ਬੰਗਲਾਦੇਸ਼ ਦੇ ਗੁਰਧਾਮਾਂ ਦੀ ਸੇਵਾ-ਸੰਭਾਲ, ਪ੍ਰਬੰਧ ਅਤੇ ਕਾਰ-ਸੇਵਾ ਦੀ ਜ਼ਿੰਮੇਵਾਰੀ ਇਕ 15 ਮੈਂਬਰੀਂ ਬੋਰਡ ਨੂੰ ਸੌਂਪੀ ਦਿੱਤੀ ਗਈ। 10 ਅਪ੍ਰੈਲ 2016 ਨੂੰ ਇਸੇ 15 ਮੈਂਬਰੀ ਬੋਰਡ ਦਾ ਪੁਨਰ-ਗਠਨ ਕਰਦੇ ਹੋਏ, ਕੁੱਝ ਮੈਂਬਰ ਬਦਲ ਕੇ, ਬੰਗਲਾਦੇਸ਼ ਦੇ ਇਤਿਹਾਸਕ ਗੁਰਧਾਮਾਂ ਦੀ ਚੱਲ ਰਹੀ ਕਾਰ ਸੇਵਾ ਅੱਗੇ ਤੋਂ ਵੀ ਬਾਬਾ ਤਾਰਾ ਸਿੰਘ ਸਰਹਾਲੀ ਵਾਲਿਆਂ ਨੂੰ ਸੌਂਪੀ ਗਈ।

ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਜਾਰੀ ਹੋਏ ਕੁੱਝ ਆਦੇਸ਼ ਅਜਿਹੇ ਵੀ ਪ੍ਰਾਪਤ ਹੁੰਦੇ ਹਨ ਜਿਨ੍ਹਾਂ ਵਿਚ ਕੁੱਝ ਸਿੱਖ ਸ਼ਖ਼ਸੀਅਤਾਂ ਦਾ ਸਨਮਾਨ ਕਰਨ ਦਾ ਫੈਸਲਾ ਕਰਕੇ ਉਹਨਾਂ ਨੂੰ ਵਿਸ਼ੇਸ਼ ਉਪਾਧੀਆਂ ਵੀ ਪ੍ਰਦਾਨ ਕੀਤੀਆਂ ਗਈਆਂ ਹਨ। ਇਹਨਾਂ ਸ਼ਖ਼ਸੀਅਤਾਂ ਵਿਚ ਗਿਆਨੀ ਸੰਤ ਸਿੰਘ ਮਸਕੀਨ, ਸ. ਦੀਦਾਰ ਸਿੰਘ ਬੈਂਸ, ਸ. ਰਘਬੀਰ ਸਿੰਘ ਜੀ ਰਾਜਾਸਾਂਸੀ, ਸ. ਪ੍ਰੀਤਮ ਸਿੰਘ ਸੋਹੀ, ਸੰਤ ਬਾਬਾ ਇਕਬਾਲ ਸਿੰਘ ਜੀ ਬੜੂ ਸਾਹਿਬ, ਸੰਤ ਬਾਬਾ ਸਤਨਾਮ ਸਿੰਘ, ਮੁਖੀ ਨੀਲਧਾਰੀ ਸੰਪਰਦਾਇ, ਇਹਨਾਂ ਦੇ ਪੁੱਤਰ ਸੰਤ ਨਿਰਮਲ ਸਿੰਘ ਖਾਲਸਾ ਅਤੇ ਦਾਮਾਦ ਭਾਈ ਕਰਮ ਸਿੰਘ ਖਾਲਸਾ, ਸ. ਕਰਤਾਰ ਸਿੰਘ ਠਕਰਾਲ ਅਤੇ ਇਹਨਾਂ ਦੇ ਪੁੱਤਰ ਸ. ਰਿਖੀਪਾਲ ਸਿੰਘ ਠਕਰਾਲ, ਸ. ਪ੍ਰੀਤਮ ਸਿੰਘ ਸੋਹੀ, ਸੰਤ ਬਾਬਾ ਚਰਨ ਸਿੰਘ ਬੀੜ ਸਾਹਿਬ ਵਾਲੇ ਆਦਿ ਸ਼ਾਮਲ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੇ 350 ਸਾਲਾ ਸ਼ਤਾਬਦੀ ਸਮਾਗਮ ਆਯੋਜਿਤ ਕਰਕੇ ਬਿਹਾਰ ਦੇ ਮੁੱਖ ਮੰਤਰੀ ਸ੍ਰੀ ਨੀਤਿਸ਼ ਕੁਮਾਰ ਨੇ ਸਮੁੱਚੀ ਸਿੱਖ ਕੌਮ ਦੇ ਦਿਲਾਂ ਵਿਚ ਆਪਣੀ ਥਾਂ ਬਣਾਈ ਹੈ ਜਿਸ ਲਈ ਇਹਨਾਂ ਨੂੰ ਤਖ਼ਤ ਸ੍ਰੀ ਪਟਨਾ ਸਾਹਿਬ ਵੱਲੋਂ ਜਨਵਰੀ 2017 ਵਿਚ 'ਸੇਵਾ ਰਤਨ' ਅਤੇ ਇਸ ਤੋਂ ਬਾਅਦ ਗੁਰੂ ਸਾਹਿਬ ਦੇ ਹੋਣ ਵਾਲੇ ਸਲਾਨਾ ਸਮਾਗਮਾਂ ਵਿਚ ਹਿੱਸਾ ਲੈਣ ਅਤੇ ਉੱਘਾ ਯੋਗਦਾਨ ਪਾਉਣ ਲਈ ਜਨਵਰੀ 2019 ਵਿਚ 'ਵਿਕਾਸ ਪੁਰਸ਼' ਦਾ ਖ਼ਿਤਾਬ ਪ੍ਰਦਾਨ ਕੀਤਾ ਗਿਆ।

ਇਥੇ ਕੇਵਲ ਉਹਨਾਂ ਕੁੱਝ ਹੁਕਮਨਾਮਿਆਂ ਅਤੇ ਗੁਰਮਤਿਆਂ ਦਾ ਮੂਲ ਰੂਪ ਦਿੱਤਾ

ਜਾ ਰਿਹਾ ਹੈ ਜਿਹੜੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਮੌਜੂਦਾ ਜਥੇਦਾਰ ਗਿਆਨੀ ਇਕਬਾਲ ਸਿੰਘ ਜੀ ਸਮੇਤ ਪੰਜ ਸਿੰਘ ਸਾਹਿਬਾਨ ਵੱਲੋਂ ਰਾਗਮਾਲਾ, ਸ੍ਰੀ ਦਸਮ ਗ੍ਰੰਥ ਸਾਹਿਬ, ਸਿੱਖ ਰਹਿਤ ਮਰਯਾਦਾ, ਨਾਨਕਸ਼ਾਹੀ ਕੈਲੰਡਰ ਆਦਿ ਮਸਲਿਆਂ ਸੰਬੰਧੀ ਜਾਰੀ ਕੀਤੇ ਗਏ ਹਨ। ਇਹਨਾਂ ਤੋਂ ਇਲਾਵਾ ਸਨਮਾਨਿਤ ਸ਼ਖ਼ਸੀਅਤਾਂ ਸੰਬੰਧੀ ਜਾਰੀ ਕੀਤੇ ਗਏ ਆਦੇਸ਼ ਵੀ ਸ਼ਾਮਲ ਕੀਤੇ ਗਏ ਹਨ।

ਹਵਾਲੇ ਅਤੇ ਟਿੱਪਣੀਆਂ

1. ਗੁਰਦੁਆਰਾ ਲੱਛਮੀਪੁਰ, ਜ਼ਿਲ੍ਹਾ ਕਟਿਹਾਰ, ਬਿਹਾਰ ਵਿਖੇ ਮੌਜੂਦ ਹੈ।
2. *ਗੁਰਦੁਆਰਾ ਗਜ਼ਟ*, ਮਈ 1974, ਪੰਨਾ 46.
3. ਉਹੀ, ਅਪ੍ਰੈਲ 1933, ਪੰਨਾ 13.
4. ਇਹ ਹੁਕਮਨਾਮਾ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਸੰਭਾਲ ਕੇ ਰੱਖਿਆ ਹੋਇਆ ਹੈ।
5. ਰਾਗਮਾਲਾ ਸੰਬੰਧੀ ਵਿਵਾਦ ਲੰਮਾ ਸਮਾਂ ਚੱਲਦਾ ਰਿਹਾ ਹੈ ਅਤੇ ਇਸ ਸੰਬੰਧੀ ਵਿਦਵਾਨ ਆਪਣੀ ਵੱਖੋ-ਵੱਖਰੀ ਰਾਇ ਰੱਖਦੇ ਰਹੇ ਹਨ ਜਿਸ ਨਾਲ ਪੰਥ ਵਿਚ ਦੁਬਿਧਾ ਪੈਦਾ ਹੋ ਗਈ ਸੀ। *ਸਿੱਖ ਰਹਿਤ ਮਰਯਾਦਾ* ਵਿਚ ਇਸ ਵਿਵਾਦ ਨੂੰ ਠੱਲ ਪਾਉਣ ਹਿਤ ਆਦੇਸ਼ ਜਾਰੀ ਕੀਤਾ ਗਿਆ ਕਿ "ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ (ਸਾਧਾਰਨ ਜਾਂ ਅਖੰਡ) ਦਾ ਭੋਗ ਮੁੰਦਾਵਣੀ ਉਤੇ ਜਾਂ ਰਾਗਮਾਲਾ ਪੜ੍ਹ ਕੇ ਚਲਦੀ ਸਥਾਨਕ ਰੀਤੀ ਅਨੁਸਾਰ ਪਾਇਆ ਜਾਵੇ। (ਇਸ ਗੱਲ ਬਾਬਤ ਪੰਥ 'ਚ ਅਜੇ ਤੱਕ ਮਤਭੇਦ ਹੈ, ਇਸ ਲਈ ਰਾਗਮਾਲਾ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਣ ਜਾਂ ਛਾਪਣ ਦਾ ਹੀਆ ਕੋਈ ਨਾ ਕਰੇ)। ਇਸ ਤੋਂ ਉਪਰੰਤ ਅਨੰਦ ਸਾਹਿਬ ਦਾ ਪਾਠ ਕਰ ਕੇ ਭੋਗ ਦਾ ਅਰਦਾਸਾ ਕੀਤਾ ਜਾਵੇ ਤੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਵੇ।" *ਸਿੱਖ ਰਹਿਤ ਮਰਯਾਦਾ*, ਪੰਨਾ 18; ਤਖ਼ਤ ਸ੍ਰੀ ਪਟਨਾ ਸਾਹਿਬ ਤੋਂ 5.2.2011 ਨੂੰ ਇਸ ਸੰਬੰਧੀ ਆਦੇਸ਼ ਜਾਰੀ ਕਰਦੇ ਹੋਏ ਕਿਹਾ ਗਿਆ, "ੴ ਸਤਿਨਾਮੁ ਤੋਂ ਅਠਾਰਹ ਦਸ ਬੀਸ॥ ਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਖੰਡਤਾਈ ਨੂੰ ਕਾਇਮ ਰੱਖਣਾ ਹਰ ਇਕ ਗੁਰਸਿੱਖ ਦਾ ਪਰਮ ਧਰਮ, ਸ਼ਰਧਾ, ਭਗਤੀ ਤੇ ਪ੍ਰੇਮ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੇਹ (ਸਰੀਰ) ਦਾ ਜਪੁਜੀ ਸਾਹਿਬ ਸੀਸ ਅਤੇ ਰਾਗਮਾਲਾ ਚਰਨ ਹਨ। ਰਾਗਮਾਲਾ ਨਾ ਪੜ੍ਹਨੀ ਗੁਰੂ ਦੇ ਅੰਗ ਕੱਟਣ ਕਰ ਗੁਰੂ ਘਾਤਕ ਮਹਾ ਪਾਤਕ ਦੋਖ ਦਾ ਅਪਰਾਧੀ ਹੁੰਦਾ ਹੈ।"
6. ਸ੍ਰੀ ਦਸਮ ਗ੍ਰੰਥ ਸੰਬੰਧੀ ਵਿਵਾਦ ਲੰਮਾ ਸਮਾਂ ਪਹਿਲਾਂ ਵਿਦਵਾਨਾਂ ਵਿਚ ਅਰੰਭ ਹੋਇਆ ਸੀ ਜਿਹੜਾ ਕਿ, ਮੌਜੂਦਾ ਸਮੇਂ ਵਿਚ, ਬਹੁਤ ਸਾਰੇ ਸਿੱਖਾਂ ਵਿਚ ਚਰਚਾ ਦਾ ਵਿਸ਼ਾ ਬਣ ਗਿਆ ਹੈ। ਸਿੱਖ ਧਰਮ ਦੀਆਂ ਸਮੂਹ ਸੰਸਥਾਵਾਂ ਅਤੇ ਪੁਰਾਤਨ

ਜਥੇਬੰਦੀਆਂ ਗੁਰੂ ਕ੍ਰਿਤ ਮੰਨਦੀਆਂ ਹੋਈਆਂ ਇਸ ਗ੍ਰੰਥ ਸਾਹਿਬ ਦਾ ਸਤਿਕਾਰ ਕਰਦੀਆਂ ਹਨ। ਪੰਜਾਬ ਤੋਂ ਬਾਹਰ ਦੋ ਤਖ਼ਤ ਸਾਹਿਬਾਨ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ, 'ਤੇ ਇਸ ਦਾ ਪ੍ਰਕਾਸ਼ ਕਰਨ ਅਤੇ ਹੁਕਮਨਾਮਾ ਲੈਣ ਦੀ ਪਰੰਪਰਾ ਹਾਲੇ ਤੱਕ ਕਾਇਮ ਹੈ। ਪੰਥ ਵਿਚ ਇਸ ਗ੍ਰੰਥ ਦੇ ਸਤਿਕਾਰ ਨੂੰ ਮੁੱਖ ਰੱਖਦੇ ਹੋਏ 14 ਮਈ 2000 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਇਕ ਹੁਕਮਨਾਮਾ ਜਾਰੀ ਕਰਦੇ ਹੋਏ ਇਸ ਵਿਸ਼ੇ 'ਤੇ ਵਿਦਵਾਨਾਂ ਨੂੰ ਬਹਿਸ ਨਾ ਕਰਨ ਲਈ ਕਿਹਾ ਗਿਆ ਸੀ ਪਰ ਇਸ ਮਸਲੇ 'ਤੇ ਇਕ ਪਾਸੜ ਕੀਤੇ ਜਾ ਰਹੇ ਪ੍ਰਚਾਰ ਦਾ ਜਵਾਬ ਦੇਣ ਲਈ 27.11.2006 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਦੂਜਾ ਹੁਕਮਨਾਮਾ ਜਾਰੀ ਕਰਦੇ ਹੋਏ ਕਿਹਾ ਗਿਆ, "ਕੁਝ ਸ਼ਰਾਰਤੀ ਅਨਸਰਾਂ ਵੱਲੋਂ ਮੀਡੀਏ ਰਾਹੀਂ ਦਸਮ ਗ੍ਰੰਥ ਬਾਰੇ ਗੁਮਰਾਹਕੁਨ ਪ੍ਰਚਾਰ ਕੀਤਾ ਜਾ ਰਿਹਾ ਹੈ ਜਦੋਂ ਕਿ ਗੁਰੂ ਪੰਥ ਨੂੰ ਸਮਰਪਿਤ ਵਿਦਵਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ 14 ਮਈ 2000 ਦੇ ਆਦੇਸ਼ਾਂ ਉਪਰ ਪਹਿਰਾ ਦਿੰਦੇ ਹੋਏ ਚੁੱਪ ਹਨ, ਮਾਮਲੇ ਨੂੰ ਧਿਆਨ ਵਿਚ ਰੱਖਦਿਆਂ ਦੀਰਘ ਵਿਚਾਰ ਕਰਨ ਉਪਰੰਤ ਪੰਜ ਸਿੰਘ ਸਾਹਿਬਾਨ ਵੱਲੋਂ ਨਿਰਣਾ ਲਿਆ ਜਾਂਦਾ ਹੈ ਕਿ ਗੁਰੂ ਪੰਥ ਨੂੰ ਸਮਰਪਿਤ ਵਿਦਵਾਨ ਅਜੇਹੇ ਸ਼ਰਾਰਤੀ ਅਨਸਰਾਂ ਵੱਲੋਂ ਕੀਤੇ ਜਾ ਰਹੇ ਕੂੜ ਪ੍ਰਚਾਰ ਦਾ ਇਤਿਹਾਸਕ ਤੱਥਾਂ ਅਤੇ ਗੁਰਮਤਿ ਦੀ ਰੋਸ਼ਨੀ ਦੇ ਅਧਾਰ 'ਤੇ ਢੁਕਵਾਂ ਉੱਤਰ ਦੇਣ।" ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਤੋਂ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦਾ ਵਿਰੋਧ ਕਰਨ ਕਰਕੇ ਪ੍ਰੋ. ਦਰਸ਼ਨ ਸਿੰਘ ਰਾਗੀ ਵਿਰੁੱਧ ਹੁਕਮਨਾਮਾ ਜਾਰੀ ਕੀਤਾ ਗਿਆ ਹੈ।

7. *ਸਿੱਖ ਰਹਿਤ ਮਰਯਾਦਾ* ਸੰਬੰਧੀ ਪੰਥ ਵਿਚ ਬਹੁਤ ਲੰਮੇ ਸਮੇਂ ਤੋਂ ਵਿਚਾਰ ਚੱਲ ਰਹੀ ਹੈ। ਇਸ ਮਰਯਾਦਾ ਦਾ ਜਿਹੜਾ ਖਰੜਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਸਰ ਵੱਲੋਂ ਜਾਰੀ ਕੀਤਾ ਗਿਆ ਹੈ, ਸਿੱਖਾਂ ਦਾ ਇਕ ਵੱਡਾ ਹਿੱਸਾ ਉਸ ਅਨੁਸਾਰ ਆਪਣੀ ਜੀਵਨਜਾਚ ਨਿਰਧਾਰਿਤ ਕਰਦਾ ਹੈ। ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਜੀ ਦੀ ਮਰਯਾਦਾ ਇਸ ਤੋਂ ਥੋੜੀ ਵੱਖਰੀ ਹੈ। ਪਟਨਾ ਸਾਹਿਬ ਦੇ ਜ਼ਿਲ੍ਹਾ ਜੱਜ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਸਰਪ੍ਰਸਤ ਹਨ ਅਤੇ ਪੁਰਾਤਨ ਸਮੇਂ ਤੋਂ ਚੱਲੀ ਆ ਰਹੀ ਮਰਯਾਦਾ ਸੰਬੰਧੀ ਜਦੋਂ ਕੋਈ ਪ੍ਰਸ਼ਨ ਖੜਾ ਹੁੰਦਾ ਹੈ ਤਾਂ ਪੁਰਾਤਨ ਮਰਯਾਦਾ ਨੂੰ ਆਧਾਰ ਬਣਾ ਕੇ ਉਹਨਾਂ ਕੋਲ ਸ਼ਿਕਾਇਤ ਵੀ ਹੋ ਜਾਂਦੀ ਹੈ। ਤਖ਼ਤ ਸ੍ਰੀ ਪਟਨਾ ਸਾਹਿਬ ਵੱਲੋਂ ਪੁਰਾਤਨ ਮਰਯਾਦਾ ਅਨੁਸਾਰ ਜਿਹੜੀ ਸੇਵਾ ਨਿਭਾਈ ਜਾ ਰਹੀ ਹੈ, ਉਸ ਵਿਚ ਕੋਈ ਦਖ਼ਲ ਨਹੀਂ ਦੇ ਸਕਦਾ। ਇਸ ਲਈ ਜਦੋਂ ਇਥੋਂ ਦੀ ਮਰਯਾਦਾ ਨਾਲ ਕੋਈ ਛੇੜ-ਛਾੜ ਕਰਨ ਜਾਂ ਇਸ ਦੇ ਵਿਪਰੀਤ ਵਿਚਾਰ ਪੇਸ਼ ਕਰਨ ਦਾ ਯਤਨ ਕਰਦਾ ਹੈ ਤਾਂ ਉਸ ਸੰਬੰਧੀ ਸਖ਼ਤ ਫ਼ੈਸਲਾ ਲਿਆ ਜਾਂਦਾ ਹੈ।

8. ਤਖ਼ਤ ਸ੍ਰੀ ਪਟਨਾ ਸਾਹਿਬ ਵੱਲੋਂ ਪੁਰਾਤਨ ਸਮੇਂ ਤੋਂ ਚੱਲੀ ਆ ਰਹੀ ਮਰਯਾਦਾ ਅਨੁਸਾਰ ਸਮੂਹ ਧਾਰਮਿਕ ਕਾਰਜ ਕਰਨ 'ਤੇ ਜ਼ੋਰ ਦਿੱਤਾ ਜਾਂਦਾ ਹੈ। ਇਸ ਸੰਬੰਧੀ ਜਦੋਂ ਗੁਰਪੁਰਬਾਂ ਨੂੰ ਨਿਸਚਿਤ ਮਿਤੀਆਂ ਅਨੁਸਾਰ ਮਨਾਉਣ ਲਈ ਨਾਨਕਸ਼ਾਹੀ ਕੈਲੰਡਰ ਸਾਹਮਣੇ ਆਇਆ ਤਾਂ ਇਹਨਾਂ ਨੇ ਸਿੱਖ ਸੰਗਤ ਨੂੰ ਉਹਨਾਂ ਦੇਸੀ ਮਹੀਨਿਆਂ ਦੀਆਂ ਮਿਤੀਆਂ ਅਨੁਸਾਰ ਹੀ ਗੁਰੂ ਸਾਹਿਬਾਨ ਦੇ ਪੁਰਬ ਮਨਾਉਣ ਦਾ ਆਦੇਸ਼ ਜਾਰੀ ਕੀਤਾ ਜਿਹੜੀਆਂ ਪੁਰਾਤਨ ਸਮੇਂ ਤੋਂ ਚੱਲੀਆਂ ਆ ਰਹੀਆਂ ਸਨ।

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਨਾਲ ਸੰਬੰਧਿਤ

11.08.2007

ਅੱਜ ਮਿਤੀ 11.08.2007 ਦਿਨ ਸ਼ਨੀਵਾਰ ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਵਿਖੇ ਪੰਜ ਪਿਆਰੇ ਸਿੰਘ ਸਾਹਿਬਾਂਨ ਦੀ ਵਿਸ਼ੇਸ ਇਕਤੱਰਤਾ ਹੋਈ ਜਿਸ ਵਿਚ ਹੇਠ ਲਿਖਿਆ ਗੁਰਮਤਾ ਪਾਸ ਕਰਕੇ ਹੁਕਮਨਾਮਾ ਜਾਰੀ ਕੀਤਾ ਜਾਂਦਾ ਹੈ:

1. ਸ੍ਰ. ਅਵਤਾਰ ਸਿੰਘ ਜੀ, ਪ੍ਰਧਾਨ, ਸ੍ਰੋ:ਗੁ:ਪ੍ਰ:ਕ:, ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ
2. ਸ੍ਰ. ਰੂਪ ਸਿੰਘ ਜੀ ਐਡੀਸ਼ਨਲ ਸਕੱਤਰ
3. ਸ੍ਰ. ਦਲਜੀਤ ਸਿੰਘ ਜੀ 'ਬੇਦੀ' ਮੀਤ ਸਕੱਤਰ

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਸ੍ਰ. ਅਵਤਾਰ ਸਿੰਘ ਜੀ ਤੁਸੀਂ 4 ਅਗਸਤ ਦੇ ਸਮਾਗਮ ਵਿਚ ਇਹ ਕਿਹਾ ਕਿ 'ਪੰਥ ਰਤਨ' ਦੀ ਉਪਾਧੀ ਕੇਵਲ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੀ ਦਿੱਤੀ ਜਾ ਸਕਦੀ ਹੈ। ਦੂਜਾ ਇਹ ਵੀ ਕਿਹਾ ਕਿ ਕੇਵਲ ਹੁਣ ਤੱਕ ਦੋ ਹੀ ਸਤਿਕਾਰਤ ਵਿਅਕਤੀਆਂ ਨੂੰ ਮਾਸਟਰ ਸ੍ਰ. ਤਾਰਾ ਸਿੰਘ ਜੀ ਅਤੇ ਸ੍ਰ. ਗੁਰਚਰਨ ਸਿੰਘ ਜੀ 'ਟੌਹੜਾ' ਜੀ ਨੂੰ ਹੀ ਪੰਥ ਰਤਨ ਦੀ ਉਪਾਧੀ ਦਿੱਤੀ ਗਈ ਹੈ। ਹੁਣ ਤੀਸਰੀ ਵਾਰ ਪੰਥ ਰਤਨ ਦੀ ਉਪਾਧੀ ਭਾਈ ਜਸਵੀਰ ਸਿੰਘ ਜੀ ਖੰਨੇ ਵਾਲਿਆਂ ਨੂੰ ਦਿੱਤੀ ਗਈ ਹੈ। ਜਦ ਕਿ ਤੁਸੀਂ ਇਹ ਬਿਲਕੁਲ ਗਲਤ ਝੂਠ ਬੋਲਿਆ ਹੈ।

ਤਖ਼ਤ ਸ੍ਰੀ ਕੇਸਗੜ ਸਾਹਿਬ ਤੋਂ ਸਿੰਘ ਸਾਹਿਬ ਭਾਈ ਹਰਭਜਨ ਸਿੰਘ ਜੀ ਖਾਲਸਾ ਜੋਗੀ ਜੀ ਨੂੰ ਅਤੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਤੋਂ 'ਪੰਥ ਰਤਨ' ਦੀ ਉਪਾਧੀ ਗਿਆਨੀ ਸੰਤ ਸਿੰਘ ਜੀ 'ਮਸਕੀਨ' ਜੀ ਨੂੰ ਦਿੱਤੀ ਗਈ ਹੈ। ਜੋ ਕਿ ਸਾਰੇ ਸੰਸਾਰ ਦੀਆਂ ਗੁਰ ਸਿੱਖ ਸੰਗਤਾਂ ਨੂੰ ਪਤਾ ਹੈ। ਹੁਣ ਤੁਸੀਂ ਜਾਣ ਬੁੱਝ ਕੇ ਕਿਸੇ ਸਾਜਿਸ਼ ਅਧੀਨ ਖਾਲਸਾ ਪੰਥ ਦੇ ਮਹਾਨ ਪੰਜ ਤਖ਼ਤ ਸਾਹਿਬਾਨ ਦਾ ਆਪਸੀ ਟਕਰਾਅ ਪੈਦਾ ਕਰਨ ਦਾ ਯਤਨ ਕੀਤਾ ਹੈ ਅਤੇ ਘੋਰ ਅਪਮਾਨ ਵੀ ਕੀਤਾ ਹੈ। ਜੋ ਕਿ ਬਰਦਾਸ਼ਤ ਨਹੀ ਕੀਤਾ ਜਾ ਸਕਦਾ ਹੈ। ਨਾਲ ਹੀ 'ਪੰਥ ਰਤਨ' ਗਿਆਨੀ ਸੰਤ ਸਿੰਘ ਜੀ 'ਮਸਕੀਨ' ਜੀ ਅਤੇ ਸਿੰਘ ਸਾਹਿਬ ਭਾਈ ਹਰਭਜਨ ਸਿੰਘ ਜੀ ਖਾਲਸਾ ਯੋਗੀ ਜੀ ਦੀਆਂ ਪੰਥਕ ਸੇਵਾਵਾਂ ਦਾ ਵੀ ਨਿਰਾਦਰ ਕੀਤਾ ਹੈ।

ਅਸੀਂ ਤੁਹਾਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੇ ਆਪਣੇ ਅਧਿਕਾਰਾਂ ਬਾਰੇ ਲਿਖਤੀ ਹੁਕਮਨਾਮਿਆਂ ਅਤੇ ਪੰਥਕ ਇਤਿਹਾਸਿਕ ਪ੍ਰਮਾਣਾਂ ਦੇ ਆਧਾਰ ਤੇ ਲੋੜ ਪੈਣ ਤੇ ਜਰੂਰ ਦਸਾਂਗੇ।

ਇਕ ਤੁਸੀਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਜੀ ਅੰਮ੍ਰਿਤਸਰ

ਜੀ ਵਿਖੇ ਗ੍ਰੰਥੀ ਸਿੰਘ ਸਾਹਿਬਾਨ ਦੀ ਨਿਯੁਕਤੀ ਬਾਰੇ ਬਣਾਈ ਕਮੇਟੀ ਵਿਚ ਵੀ ਤਖ਼ਤ ਸ੍ਰੀ ਪਟਨਾ ਸਾਹਿਬ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਨੂੰ ਸ਼ਾਮਿਲ ਕਰਨ ਤੋਂ ਨਾਂਹ ਕੀਤੀ ਹੈ ਕਿ ਉਨ੍ਹਾਂ ਦੀ ਕੀ ਲੋੜ ਹੈ। ਇਹ ਤੁਸੀ ਕਿਸ ਅਧਿਕਾਰ ਨਾਲ ਕਿਹਾ ਹੈ। ਸਾਨੂੰ ਭਰੋਸੇ ਯੋਗ ਸੂਤਰਾਂ ਤੋਂ ਪਤਾ ਲਗਾ ਹੈ ਕਿ ਤੁਸੀਂ ਖਾਲਸਾ ਪੰਥ ਨੂੰ ਢਾਹ ਲਾਉਣ ਵਾਲੇ, ਦਸਮੇਸ਼ ਪਿਤਾ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅਤੇ ਉਨ੍ਹਾਂ ਦੀ ਬਾਣੀ ਵਿਰੁਧ ਕੂੜ ਪ੍ਰਚਾਰ ਕਰਨ ਵਾਲੇ ਸਿੱਖ ਸਿਧਾਂਤਾਂ ਦੀ ਉਲੰਘਨਾ ਦੇ ਦੋਸ਼ੀ, ਜਿਸ ਨੂੰ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਤਲਬ ਵੀ ਕੀਤਾ ਗਿਆ ਸੀ, ਐਸੇ ਵਿਅਕਤੀ ਨੂੰ ਅਤੇ ਉਸ ਵਰਗੇ ਹੀ ਉਸ ਦੇ ਸਾਥੀਆਂ ਨੂੰ ਮਹਾਨ ਸਤਿਕਾਰ ਯੋਗ ਪਦਵੀਆਂ ਤੇ ਬਿਠਾ ਕੇ ਸਿੱਖ ਸਿਧਾਂਤਾਂ ਦਾ ਭਾਰੀ ਨੁਕਸਾਨ ਕਰਨ ਦੀ ਸਾਜਿਸ਼ ਕਰਨਾ ਚਾਹੁੰਦੇ ਹੋ।

ਤਖ਼ਤ ਸ੍ਰੀ ਪਟਨਾ ਸਾਹਿਬ ਜੀ, ਤਖ਼ਤ ਸ੍ਰੀ ਹਜ਼ੂਰ ਸਾਹਿਬ ਜੀ ਦੀ ਸਾਡੀ ਭਾਵਨਾ ਇਹ ਹੈ ਕਿ ਪੰਥਕ ਸ਼ਕਤੀ ਇੱਕ ਥਾਂ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੇ ਇਕੱਠੀ ਹੋਵੇ ਪਰ ਪੰਥ ਦੋਖੀਆਂ ਨੂੰ ਇਹ ਬਰਦਾਸ਼ਤ ਨਹੀ ਹੋ ਰਿਹਾ ਹੈ ਪਰ ਸਾਡਾ ਇਹ ਪੂਰਾ ਯਤਨ ਹੈ ਕਿ ਪੰਥ ਦੋਖੀਆਂ ਨੂੰ ਸਫਲ ਨਹੀ ਹੋਣ ਦਿੱਤਾ ਜਾਵੇਗਾ।

ਸ੍ਰ: ਅਵਤਾਰ ਸਿੰਘ ਜੀ ਤੁਹਾਨੂੰ 1 ਸਤੰਬਰ ਤੱਕ ਲਿਖਤੀ ਰੂਪ ਵਿੱਚ ਆਪਣੀ ਗਲਤੀ ਦੀ ਮਾਫੀ ਮੰਗਣ ਅਤੇ ਆਪਣਾ ਸਪਸ਼ਟੀਕਰਨ ਦੇਣ ਦਾ ਸਮਾਂ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਨਾ ਕਰਨ ਤੇ 13 ਸਤੰਬਰ 2007 ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਵਿਖੇ ਆਪ ਹਾਜਰ ਹੋ ਕੇ ਪੰਜ ਪਿਆਰੇ ਸਿੰਘ ਸਾਹਿਬਾਨ ਨੂੰ ਆਪਣਾ ਸਪਸ਼ਟੀਕਰਨ ਦੇਣਾ ਜਰੂਰੀ ਹੋਵੇਗਾ। ਜੇਕਰ 1 (ਇਕ) ਸਤੰਬਰ 2007 ਤੱਕ ਤੁਸੀਂ ਲਿਖਤੀ ਮਾਫੀ ਨਹੀ ਮੰਗੀ ਅਤੇ 13 ਸਤੰਬਰ ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਵਿਖੇ ਹਾਜਰ ਨਾ ਹੋਏ ਤਾਂ 13 ਸਤੰਬਰ ਨੂੰ ਤੁਹਾਨੂੰ ਪੰਥਕ ਮਰਿਆਦਾ ਅਨੁਸਾਰ ਪੱਕਾ ਤਨਖਾਹੀਆ ਘੋਸ਼ਿਤ ਕਰ ਦਿੱਤਾ ਜਾਵੇਗਾ।

ਸ੍ਰ. ਰੂਪ ਸਿੰਘ ਜੀ, ਸ੍ਰ. ਦਲਜੀਤ ਸਿੰਘ ਜੀ ਬੇਦੀ ਤੁਹਾਨੂੰ ਵੀ ਆਪਣਾ ਸਪਸ਼ਟੀਕਰਨ 1 ਸਤੰਬਰ ਤੋਂ ਪਹਿਲਾਂ ਲਿਖਤੀ ਰੂਪ ਵਿਚ ਦੇਣਾ ਹੋਵੇਗਾ। ਨਹੀ ਤਾਂ ਬਾਕੀ ਕਾਰਵਾਈ ਤੁਹਾਡੇ ਤੇ ਵੀ ਸ੍ਰ: ਅਵਤਾਰ ਸਿੰਘ ਜੀ ਦੀ ਤਰ੍ਹਾਂ ਹੀ ਹੋਵੇਗੀ।

ਪੰਜ ਪਿਆਰੇ ਸਿੰਘ ਸਾਹਿਬਾਂਨ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ

(ਭਾਈ ਰਾਜਿੰਦਰ ਸਿੰਘ)
ਹੈਡ ਗ੍ਰੰਥੀ

(ਭਾਈ ਇਕਬਾਲ ਸਿੰਘ)
ਜਥੇਦਾਰ

(ਭਾਈ ਬਲਦੇਵ ਸਿੰਘ)
ਸੀ: ਮੀਤ ਗ੍ਰੰਥੀ

(ਭਾਈ ਦਲੀਪ ਸਿੰਘ)
ਮੀਤ ਗੰਥੀ

(ਭਾਈ ਨਿਹਾਲ ਸਿੰਘ)
ਗ੍ਰੰਥੀ

13.08.2007

ਅੱਜ ਮਿਤੀ 13.08.2007 ਦਿਨ ਸੋਮਵਾਰ ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੇ ਪੰਜ ਪਿਆਰੇ ਸਿੰਘ ਸਾਹਿਬਾਨ ਦੀ ਵਿਸ਼ੇਸ਼ ਇਕੱਤਰਤਾ 19.11.2003 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਜੀ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਪ੍ਰਵਾਨ ਕੀਤੇ ਗਏ ਗੁਰਮਤਾ ਨੰ. 1 ਬਾਰੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵੱਲੋਂ ਹੇਠ ਲਿਖੀਆਂ ਪੰਗਤੀਆਂ ਬਾਰੇ ਆਪਣਾ ਪੱਖ ਸਪਸ਼ਟ ਕਰਨ ਲਈ ਕੀਤੀ ਗਈ। ਜਿਸ ਵਿਚ ਬੜੀ ਗੰਭੀਰਤਾ ਨਾਲ ਪੰਥਕ ਗੁਰ ਮਰਿਆਦਾ ਅਨੁਸਾਰ ਵਿਚਾਰ ਕਰ ਕੇ ਗੁਰਮਤਾ ਪਾਸ ਕਰ ਕੇ ਹੁਕਮਨਾਮਾ ਜਾਰੀ ਕੀਤਾ ਗਿਆ।

ਗੁਰਮਤਾ ਨੰ. 1 ਦੀਆਂ ਪੰਕਤੀਆਂ ਇਸ ਪ੍ਰਕਾਰ ਹਨ:

> "ਜੇਕਰ ਕਿਸੇ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਇਕੱਤਰਤਾ ਵਿਚ ਹਾਜ਼ਰ ਨਾ ਹੋ ਸਕਣ ਤਾਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਉਨ੍ਹਾਂ ਦੀ ਥਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਸਿੰਘ ਸਾਹਿਬਾਨਾਂ ਵਿਚੋਂ ਸ਼ਾਮਲ ਕਰ ਸਕਣਗੇ।"

ਉਪਰ ਲਿਖੀਆਂ ਪੰਗਤੀਆਂ ਜਿਸ ਵਿਚ ਇਹ ਕਿਹਾ ਗਿਆ ਹੈ ਕਿ ਜੇਕਰ ਕਿਸੇ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਇਕੱਤਰਤਾ ਵਿਚ ਹਾਜ਼ਰ ਨਾ ਹੋ ਸਕਣ ਤਾਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਉਨ੍ਹਾਂ ਦੀ ਥਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਗ੍ਰੰਥੀ ਸਿੰਘ ਸਾਹਿਬਾਨਾਂ ਵਿਚੋਂ ਸ਼ਾਮਲ ਕਰ ਸਕਣਗੇ।

ਪੰਜਾਂ ਤਖ਼ਤਾਂ ਦੇ ਸਿੰਘ ਸਾਹਿਬਾਨ ਜਥੇਦਾਰ ਦੇ ਬਰਾਬਰ ਦੇ ਅਧਿਕਾਰਾਂ ਨੂੰ ਮੁੱਖ ਰੱਖਦਿਆਂ ਹੋਇਆਂ ਅਸੀਂ ਆਪਣਾ ਪੱਖ ਸਪਸ਼ਟ ਕਰਦੇ ਹਾਂ। ਸ੍ਰੀ ਹਰਿਮੰਦਰ ਸਾਹਿਬ ਜੀ ਦੇ ਗ੍ਰੰਥੀ ਸਿੰਘ ਸਾਹਿਬਾਨ ਬਹੁਤ ਹੀ ਸਤਿਕਾਰਯੋਗ ਹਨ ਪਰ ਪੰਥਕ ਗੁਰ ਮਰਯਾਦਾ ਅਨੁਸਾਰ ਪੰਜਾਂ ਤਖ਼ਤਾਂ ਦੇ ਸਿੰਘ ਸਾਹਿਬਾਨ ਜਥੇਦਾਰਾਂ ਦੇ ਬਰਾਬਰ ਦੇ ਪੰਥਕ ਫੈਸਲੇ ਕਰਨ ਦੇ ਅਧਿਕਾਰ ਉਨ੍ਹਾਂ ਨੂੰ ਤਾਂ ਹਨ ਜੇਕਰ ਕਿਸੇ ਤਖ਼ਤ ਸਹਿਬਾਨ ਦੇ ਜਥੇਦਾਰ ਆਪਣੇ ਅਧਿਕਾਰ ਦੇ ਕੇ ਉਨ੍ਹਾਂ ਨੂੰ ਆਪਣੀ ਥਾਂ ਤੇ ਸ਼ਾਮਲ ਹੋਣ ਲਈ ਪ੍ਰਵਾਨਗੀ ਦੇਣ। ਇਸ ਲਈ ਸਮੁੱਚੇ ਪੰਥ ਨਾਲ ਸਬੰਧਤ ਅਤੇ ਵਿਸ਼ਵ ਵਿਆਪੀ ਮਸਲਾ ਪੰਜਾਂ ਤਖ਼ਤਾਂ ਦੇ ਸਿੰਘ ਸਾਹਿਬਾਨ ਜਥੇਦਾਰਾਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਵਿਖੇ ਬੈਠ ਕੇ ਵਿਚਾਰਿਆ ਗਿਆ ਪੰਥਕ ਗੁਰਮਤਾ ਜਾਂ ਹੁਕਮਨਾਮਾ ਮੰਨਿਆ ਜਾਵੇਗਾ ਜਿਸ ਵਿਚ ਪੰਜਾਂ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਆਪ ਸ਼ਾਮਲ ਹੋ ਕੇ ਵਿਚਾਰਨ ਜੇ ਕਿਸੇ ਕਾਰਣ ਉਹ ਆਪ ਨਾ ਪੁੱਜ ਸਕਣ ਤਾਂ ਆਪਣੇ ਅਧਿਕਾਰ ਦੇ ਕੇ ਤਖ਼ਤਾਂ ਤੋਂ ਭੇਜੇ ਗਏ ਮੀਤ ਜਥੇਦਾਰ, ਹੈਡ ਗ੍ਰੰਥੀ ਸਾਹਿਬਾਨ ਸ਼ਾਮਲ ਹੋਣ।

ਪੰਥਕ ਗੁਰ ਮਰਯਾਦਾ ਗੁਰ ਇਤਿਹਾਸਕ ਪ੍ਰਮਾਣਾਂ ਤੋਂ ਇਹ ਸਪਸ਼ਟ ਹੈ ਕਿ ਤਖ਼ਤ ਸ੍ਰੀ ਪਟਨਾ ਸਾਹਿਬ ਅਤੇ ਤਖ਼ਤ ਸ੍ਰੀ ਸੱਚਖੰਡ ਹਜ਼ੂਰ ਸਾਹਿਬ ਜੀ ਤੋਂ ਸਮੁੱਚੇ ਪੰਥ ਨਾਲ

ਸਬੰਧਤ ਅਤੇ ਵਿਸ਼ਵ ਵਿਆਪੀ ਮਸਲੇ ਵਿਚਾਰ ਕੇ ਸਮੇਂ-ਸਮੇਂ ਅਨੁਸਾਰ ਗੁਰਮਤਾ ਕਰ ਕੇ ਹੁਕਮਨਾਮਾ ਜਾਰੀ ਹੁੰਦਾ ਰਿਹਾ ਹੈ ਅਤੇ ਲੋੜ ਪੈਣ ਤੇ ਹੁਣ ਵੀ ਹੁਕਮਨਾਮਾ ਜਾਰੀ ਕਰਨ ਦਾ ਪੂਰਾ ਅਧਿਕਾਰ ਹੈ।

ਪੰਜ ਪਿਆਰੇ ਸਿੰਘ ਸਾਹਿਬਾਨ ਤਖ਼ਤ ਸ੍ਰੀ ਹਰਿੰਮਦਰ ਜੀ ਪਟਨਾ ਸਾਹਿਬ

(ਰਾਜਿੰਦਰ ਸਿੰਘ)	ਸੀਲ	(ਇਕਬਾਲ ਸਿੰਘ)
ਹੈਡ ਗ੍ਰੰਥੀ		ਜਥੇਦਾਰ
(ਬਲਦੇਵ ਸਿੰਘ)	(ਦਲੀਪ ਸਿੰਘ)	(ਨਿਹਾਲ ਸਿੰਘ)
ਸੀ. ਮੀਤ ਗ੍ਰੰਥੀ	ਮੀਤ ਗ੍ਰੰਥੀ	ਗ੍ਰੰਥੀ

13.08.2007

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ (ਬਿਹਾਰ) ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਅੱਜ ਮਿਤੀ 13 ਅਗਸਤ 2007 ਦਿਨ ਸੋਮਵਾਰ ਨੂੰ ਹੋਈ।

ਇਕੱਤਰਤਾ ਵਿੱਚ ਸ: ਰਘਬੀਰ ਸਿੰਘ ਜੀ ਰਾਜਾਸਾਂਸੀ ਸਕੱਤਰ ਸ਼੍ਰੋਮਣੀ ਗੁ:ਪ੍ਰ: ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਆਪਣੀ ਅਤੇ ਆਪਣੇ ਪਰਿਵਾਰ ਦੀ ਜਾਨ ਜੋਖਮ ਵਿੱਚ ਪਾ ਕੇ ਗੁਰਦੁਆਰਿਆਂ/ਗੁਰਧਾਮਾਂ ਦੀਆਂ ਅਰਬਾਂ ਰੁਪਏ ਦੀਆਂ ਜਾਇਦਾਦਾਂ ਪੰਥ ਦੋਖੀਆਂ ਤੋਂ ਛੁਡਵਾ ਕੇ ਸ਼੍ਰੋਮਣੀ ਗੁ: ਪ੍ਰ: ਕਮੇਟੀ, ਅੰਮ੍ਰਿਤਸਰ ਦੇ ਨਾਮ ਕਰਵਾਉਂਣ ਸਬੰਧੀ, ਇਕੱਤਰਤਾ ਵਿੱਚ ਵਿਚਾਰਾਂ ਕੀਤੀਆਂ ਗਈਆਂ। ਪੰਜ ਸਿੰਘ ਸਾਹਿਬਾਨਾਂ ਵੱਲੋਂ ਪੰਥ ਪ੍ਰਤੀ ਕੀਤੀਆਂ ਇਨ੍ਹਾਂ ਸੇਵਾਵਾਂ ਦੀ ਭਰਪੂਰ ਸ਼ਲਾਘਾ ਕੀਤੀ ਗਈ।

ਗੁਰਮਤਾ ਪਾਸ ਕੀਤਾ ਗਿਆ ਕਿ ਇਸ ਗੁਰਮੁਖ ਪਿਆਰੇ, ਪੰਥ ਦਰਦੀ ਸ: ਰਘਬੀਰ ਸਿੰਘ ਜੀ ਰਾਜਾਸਾਂਸੀ ਨੂੰ ਸਿੱਖ ਜਰਨੈਲ "ਸ: ਹਰੀ ਸਿੰਘ ਨਲੂਆ ਐਵਾਰਡ" ਨਾਲ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਤੋਂ ਸਨਮਾਨਿਤ ਕੀਤਾ ਜਾਵੇ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਪਾਸ ਅਰਦਾਸ ਕਰਦੇ ਹਾਂ ਕਿ ਪੰਥ-ਦਰਦੀ ਇਸ ਮਹਾਨ ਯੋਧੇ ਨੂੰ ਇਸੇ ਤਰ੍ਹਾਂ ਖਾਲਸਾ ਪੰਥ ਦੀ ਸੇਵਾ ਕਰਨ ਦਾ ਬਲ-ਉੱਦਮ ਬਖਸ਼ਦੇ ਹੋਏ ਸਦਾ ਸੇਵਾ ਲੈਂਦੇ ਰਹਿਣ ਅਤੇ ਇਨ੍ਹਾਂ ਨੂੰ "ਇਹ ਲੋਕ ਸੁਖੀਏ ਪਰਲੋਕ ਸੁਹੇਲੇ" ਵਾਲੀਆਂ ਬਖਸ਼ਿਸ਼ਾਂ ਕਰਨ।

ਭਾਈ ਰਘਬੀਰ ਸਿੰਘ ਰਾਜਾਸਾਂਸੀ ਨੂੰ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ 'ਬੰਦੀ ਛੋੜ' ਗੁਰਪੁਰਬ ਤੇ ਮਿਤੀ 9 ਨਵੰਬਰ, 2007 ਮੁਤਾਬਿਕ 24 ਕੱਤਕ ਸੰਮਤ ਬਿਕ੍ਰਮੀ 2064 ਦਿਨ ਸ਼ੁੱਕਰਵਾਰ ਨੂੰ ਸਨਮਾਨਤ ਕਰਨ ਦਾ ਫੈਸਲਾ ਕੀਤਾ ਗਿਆ।

ਪੰਜ ਪਿਆਰੇ ਸਿੰਘ ਸਾਹਿਬਾਂਨ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ

(ਭਾਈ ਰਾਜਿੰਦਰ ਸਿੰਘ) ਹੈਡ ਗ੍ਰੰਥੀ	ਸੀਲ	(ਭਾਈ ਇਕਬਾਲ ਸਿੰਘ) ਜਥੇਦਾਰ
(ਭਾਈ ਬਲਦੇਵ ਸਿੰਘ) ਸੀ: ਮੀਤ ਗ੍ਰੰਥੀ	(ਭਾਈ ਦਲੀਪ ਸਿੰਘ) ਮੀਤ ਗੰਥੀ	(ਭਾਈ ਨਿਹਾਲ ਸਿੰਘ) ਗ੍ਰੰਥੀ

15.08.2007

ਅੱਜ ਮਿਤੀ 15.08.2007 ਦਿਨ ਬੁੱਧਵਾਰ ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਵਿਖੇ ਪੰਜ ਪਿਆਰੇ ਸਿੰਘ ਸਾਹਿਬਾਨ ਦੀ ਵਿਸ਼ੇਸ਼ ਇਕੱਤਰਤਾ ਹੋਈ ਜਿਸ ਵਿਚ ਹੇਠ ਲਿਖਿਆ ਗੁਰਮਤਾ ਪਾਸ ਕਰ ਕੇ ਹੁਕਮਨਾਮਾ ਜਾਰੀ ਕੀਤਾ ਜਾਂਦਾ ਹੈ:

ਸ੍ਰ. ਅਵਤਾਰ ਸਿੰਘ ਜੀ, ਪ੍ਰਧਾਨ, ਸ਼੍ਰੋ:ਗੁ:ਪ੍ਰ:ਕ: ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫ਼ਤਹਿ॥

ਸ੍ਰ. ਅਵਤਾਰ ਸਿੰਘ ਜੀ,

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਵੱਲੋਂ ਜੋ 11.8.2007 ਨੂੰ ਹੁਕਮਨਾਮਾ ਜਾਰੀ ਕੀਤਾ ਗਿਆ ਸੀ ਉਸ ਸੰਬੰਧ ਵਿਚ ਆਪ ਜੀ ਵੱਲੋਂ ਸਪਸ਼ਟੀਕਰਨ-ਮਾਫੀਨਾਮਾ ਕੱਲ ਮਿਤੀ 14.08.2007 ਨੂੰ ਸ਼ਾਮ 7.30 ਵਜੇ ਫੈਕਸ ਰਾਹੀਂ ਪ੍ਰਾਪਤ ਹੋਇਆ ਜਿਸ ਬਾਰੇ ਅੱਜ ਮਿਤੀ 15.8.2007 ਸਵੇਰੇ 11.00 ਵਜੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੇ ਪੰਜ ਪਿਆਰੇ ਸਿੰਘ ਸਾਹਿਬਾਨ ਜੀ ਦੀ ਵਿਸ਼ੇਸ਼ ਇਕੱਤਰਤਾ ਹੋਈ, ਜਿਸ ਵਿਚ ਆਪ ਜੀ ਵੱਲੋਂ ਪੁੱਜੇ ਸਪਸ਼ਟੀਕਰਨ ਮਾਫੀਨਾਮੇ ਤੇ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਆਪ ਜੀ ਨੂੰ ਮਾਫ ਕੀਤਾ ਜਾਂਦਾ ਹੈ।

ਸ੍ਰ. ਰੂਪ ਸਿੰਘ ਜੀ, ਨਿਜੀ ਸਕੱਤਰ, ਪ੍ਰਧਾਨ, ਸ਼੍ਰੋ:ਗੁ:ਪ੍ਰ:ਕ: ਸ੍ਰੀ ਅੰਮ੍ਰਿਤਸਰ ਸਾਹਿਬ

ਆਪ ਜੀ ਵੱਲੋਂ ਪੁੱਜੇ ਸਪਸ਼ਟੀਕਰਨ ਮਾਫੀਨਾਮੇ ਤੇ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਆਪ ਜੀ ਨੂੰ ਵੀ ਮਾਫ ਕੀਤਾ ਜਾਂਦਾ ਹੈ।

ਸ੍ਰ. ਦਲਜੀਤ ਸਿੰਘ ਜੀ ਬੇਦੀ, ਮੀਤ ਸਕੱਤਰ, ਸ਼੍ਰੋ:ਗੁ:ਪ੍ਰ:ਕ: ਸ੍ਰੀ ਅੰਮ੍ਰਿਤਸਰ ਸਾਹਿਬ

ਆਪ ਜੀ ਨੂੰ ਅਗੇ ਵਾਸਤੇ ਸਾਵਧਾਨ ਕੀਤਾ ਜਾਂਦਾ ਹੈ ਕਿ ਮੀਡੀਏ ਵਿਚ ਕਿਸੇ ਤਰ੍ਹਾਂ ਦਾ ਬਿਆਨ ਜਾਂ ਖਬਰ ਸਹੀ ਤੱਥਾਂ ਦੇ ਆਧਾਰ ਤੇ ਹੀ ਦਿੱਤੀ ਜਾਵੇ ਤਾਂ ਕਿ ਕਿਸੇ ਤਰ੍ਹਾਂ ਦਾ ਭਰਮ ਭੁਲੇਖਾ ਨਾ ਪਵੇ।

ਪੰਜ ਪਿਆਰੇ ਸਿੰਘ ਸਾਹਿਬਾਨ ਤਖ਼ਤ ਸ੍ਰੀ ਹਰਿੰਮਦਰ ਜੀ ਪਟਨਾ ਸਾਹਿਬ

(ਰਾਜਿੰਦਰ ਸਿੰਘ) ਹੈਡ ਗ੍ਰੰਥੀ	ਸੀਲ	(ਇਕਬਾਲ ਸਿੰਘ) ਜਥੇਦਾਰ
(ਬਲਦੇਵ ਸਿੰਘ) ਸੀ. ਮੀਤ ਗ੍ਰੰਥੀ	(ਦਲੀਪ ਸਿੰਘ) ਮੀਤ ਗ੍ਰੰਥੀ	(ਨਿਹਾਲ ਸਿੰਘ) ਗ੍ਰੰਥੀ

18.01.2008

ਅੱਜ ਮਿਤੀ 18.01.2008 ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਵਿਖੇ ਪੰਜ ਪਿਆਰੇ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ ਜਿਸ ਵਿਚ ਗੁਰਮਤਾ ਪਾਸ ਕਰ ਕੇ ਸਾਰੇ ਸੰਸਾਰ ਦੀਆਂ ਗੁਰਸਿੱਖ ਸੰਗਤਾਂ ਨੂੰ ਹੁਕਮਨਾਮਾ ਜਾਰੀ ਕੀਤਾ ਜਾਂਦਾ ਹੈ।

ਖਾਲਸਾ ਜੀ ਜਾਗੋ ਅਤੇ ਬਿਬੇਕ ਬੁੱਧੀ ਨਾਲ ਵਿਚਾਰ ਕਰੋ!

ਸਿੱਖੀ ਦੇ ਅਰੰਭ ਤੋਂ ਹੀ ਬਾਬਰ ਕਿਆਂ ਵੱਲੋਂ ਸਿੱਖੀ ਸਪਿਰਟ ਨੂੰ ਖ਼ਤਮ ਕਰਨ ਦੇ ਯਤਨ ਹੁੰਦੇ ਆ ਰਹੇ ਹਨ। ਪੰਜਵੇਂ ਗੁਰੂ ਨਾਨਕ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਉਪਰੰਤ ਭਾਈ ਮਤੀ ਦਾਸ ਆਦਿ ਸਿੱਖਾਂ ਨੂੰ ਤਸੀਹੇ ਦੇ ਕੇ ਸ਼ਹੀਦ ਕਰਨਾ, ਨੌਵੇਂ ਗੁਰੂ ਨਾਨਕ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਹੋਈ ਦਸਵੇਂ ਗੁਰੂ ਨਾਨਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸਰਬੰਸ ਕੁਰਬਾਨ ਕਰ ਦਿੱਤਾ।

ਖਾਲਸੇ ਨੇ ਬਹੁਤ ਮੁਸੀਬਤਾਂ ਦਾ ਸਾਮਣਾ ਕੀਤਾ, ਹਜਾਰਾਂ ਸ਼ਹੀਦੀਆਂ ਹੋਈਆਂ ਸਿੱਖੀ ਨੂੰ ਢਾਹ ਨਹੀਂ ਲੱਗਣ ਦਿੱਤੀ। ਅੰਗਰੇਜਾਂ ਦੇ ਰਾਜ ਦਾ ਸਮਾਂ ਆਇਆ, ਅੰਗ੍ਰੇਜਾਂ ਨੇ ਧਿਆਨ ਸਿੰਘ ਡੋਗਰੇ ਵਰਗੇ ਫ਼ੌਜੀ ਜਰਨੈਲਾਂ ਨੂੰ ਅਤੇ ਹੋਰ ਅਨੇਕਾਂ ਆਪਣੇ ਅਸਰ-ਰਸੂਖ ਵਾਲੇ ਸਿੱਖਾਂ ਨੂੰ ਖਰੀਦ ਲਿਆ ਜੋ ਸਿੱਖ ਰਾਜ ਜਾਣ ਦਾ ਕਾਰਨ ਬਣਿਆ, ਇਨ੍ਹਾਂ ਅੰਗ੍ਰੇਜਾਂ ਨੂੰ ਜੇ ਆਪਣੀ ਰਾਜ ਗੱਦੀ ਲਈ ਡਰ ਸੀ ਤਾਂ ਕੇਵਲ ਸਿੱਖਾਂ ਤੋਂ ਸੀ, ਇਸ ਦੂਰ ਅੰਦੇਸ਼ ਚਾਲਾਕ ਅੰਗ੍ਰੇਜਾਂ ਨੇ ਖਾਲਸਾ ਜੀ ਦੀ ਪੰਥਕ ਰਹਿਤ ਮਰਯਾਦਾ ਵਿਚ ਭਾਰੀ ਢਿੱਲਾਂ ਕਰਵਾ ਕੇ ਸਿੱਖਾਂ ਦੀ ਸ਼ਕਤੀ ਨੂੰ ਮਲੀਆ ਮੇਟ ਕਰਨ ਦਾ ਮਨਸੂਬਾ ਬਣਾਇਆ ਖਰੀਦੇ ਹੋਏ ਸਿੱਖਾਂ ਰਾਹੀਂ ਸਾਜਿਸ਼ ਅਧੀਨ ਰਹਿਤ ਮਰਯਾਦਾ ਘੜਨ ਦੀ ਗੱਲ ਸ਼ੁਰੂ ਕਰ ਦਿੱਤੀ। (ਦੇਖੋ ਪੰਨਾਂ 228 ਤੋਂ 241, *ਸੰਖੇਪ ਸਿੱਖ ਇਤਿਹਾਸ*, ਪ੍ਰੋ. ਪਿਆਰਾ ਸਿੰਘ ਪਦਮ)।

ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ ਹੋਇਆ ਤਾਂ 36 ਖਰੀਦੇ ਹੋਏ ਮੈਂਬਰ ਵਿਚ ਪਾ ਕੇ ਘੁਸਪੈਠ ਕਰ ਲਈ (ਦੇਖੋ ਪੰਨਾ 280, ਉਹੀ)। 1927 ਤੋਂ ਹੀ ਜੋਰ ਪਾ ਕੇ ਰਹਿਤ ਮਰਯਾਦਾ ਘੜਣ ਦਾ ਕੰਮ ਅਰੰਭ ਕਰ ਦਿੱਤਾ, 14.3.1927 ਨੂੰ ਜਨਰਲ ਇਕੱਤਰਤਾ ਰਾਹੀਂ ਰਹੁ ਰੀਤ ਸਬ-ਕਮੇਟੀ ਦਾ ਗਠਨ ਕੀਤਾ ਜਿਸ ਵਿਚ 25 ਮੈਂਬਰ ਸਨ, ਉਮੀਦ ਸੀ ਕਿ ਦਸਮੇਸ਼ ਪਿਤਾ ਜੀ ਦੀ ਦੱਸੀ ਖਾਲਸਾ ਪੰਥ ਦੀ ਮਰਯਾਦਾ ਅਨੁਸਾਰ ਗੁਰਬਾਣੀ ਦੀ ਕਸਵੱਟੀ ਤੇ ਪੂਰੀ ਉਤਰਨ ਵਾਲੀ ਰਹਿਤ ਮਰਯਾਦਾ ਹੋਵੇਗੀ।

ਇਸ ਰਹੁ ਰੀਤ ਸਬ-ਕਮੇਟੀ ਨੇ ਜਨਵਰੀ 1932 ਵਿਚ ਸਿੱਖ ਰਹੁ-ਰੀਤ ਦੇ ਨਾਂ ਹੇਠ ਸਿੱਖ ਰਹਿਤ ਮਰਯਾਦਾ ਦਾ ਖਰੜਾ ਸ਼੍ਰੋ.ਗੁ.ਪ੍ਰ. ਕਮੇਟੀ ਨੂੰ ਸੌਂਪ ਦਿੱਤਾ, ਪਰ ਇਹ ਖਰੜਾ ਅੰਗ੍ਰੇਜ ਸਰਕਾਰ ਦੇ ਏਜੰਟਾਂ ਨੂੰ ਮਨਜੂਰ ਨਹੀਂ ਸੀ, ਇਸ ਲਈ ਉਨ੍ਹਾਂ ਦੀ ਮਰਜੀ ਅਨੁਸਾਰ 13 ਸਾਲ ਵਾਧੇ ਘਾਟੇ ਹੁੰਦੇ ਰਹੇ ਜਦੋਂ ਤਸੱਲੀ ਹੋ ਗਈ ਤਾਂ ਅੰਤ ਨੂੰ 1945 ਵਿਚ ਸ਼੍ਰੋ.ਗੁ.ਪ੍ਰ. ਕਮੇਟੀ ਨੇ ਆਪਣੀ ਪ੍ਰਵਾਨਗੀ ਦੀ ਮੋਹਰ ਲਾਈ। ਪੰਜ ਬਾਣੀਆਂ ਸਵੇਰ ਦੀਆਂ 2 ਸ਼ਾਮ ਦੀਆਂ, 7 ਤੋਂ ਪੰਜ ਕਰ ਦਿੱਤੀਆਂ, ਮੂਲ ਮੰਤ੍ਰ ਗੁਰਪ੍ਰਸਾਦਿ ਤੱਕ ਕਰ ਦਿੱਤਾ, ਗੁਰੂ ਕ੍ਰਿਤ ਰਾਗਮਾਲਾ ਬਾਰੇ ਵੀ ਸ਼ੰਕਾ ਕਰ ਦਿੱਤਾ। ਅਨੰਦ ਸਾਹਿਬ 40 ਪਉੜੀਆਂ ਘਟਾ ਕੇ 6 ਕਰ ਦਿੱਤੀਆਂ।

ਸੰਗਤਾਂ ਨੂੰ ਗੁਮਰਾਹ ਕਰਨ ਵਾਸਤੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਮਰਯਾਦਾ ਹੈ ਕਹਿਣਾ ਸ਼ੁਰੂ ਕਰ ਦਿੱਤਾ ਇਸ ਤਰ੍ਹਾਂ ਧੱਕੇ ਸ਼ਾਹੀ ਨਾਲ ਘੁਸ-ਪੈਠੀਆਂ ਰਾਹੀਂ ਬਣੀ ਰਹਿਤ ਮਰਯਾਦਾ ਲਾਗੂ ਕਰ ਦਿੱਤੀ ਗਈ ਅਤੇ ਸਿੱਖਾਂ ਨੂੰ ਦੋ ਫਾੜ ਕਰ ਦਿੱਤਾ। ਇਥੇ ਇਕ ਬਹੁਤ ਹੀ ਗੰਭੀਰਤਾ ਨਾਲ ਵੀਚਾਰਨ ਵਾਲੀ ਗੱਲ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਕੇਵਲ ਮੀਰੀ ਪੀਰੀ ਦੇ ਸਿਧਾਂਤ ਲਈ ਹੀ ਸੁਪਰੀਮ ਹੈ। ਖਾਲਸਾ ਪੰਥ ਦੀ ਸਿਰਜਣਾ ਦਸਵੇਂ ਗੁਰੂ ਨਾਨਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਕੀਤੀ, ਉਨ੍ਹਾਂ ਦੇ ਚਾਰ ਤਖ਼ਤਾਂ ਵਿਚ ਪਹਿਲਾ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਹੈ ਇਸ ਲਈ ਖਾਲਸਾ ਜੀ ਦੀ ਪੰਥਕ ਰਹਿਤ ਮਰਯਾਦਾ ਦਾ ਸੁਪਰੀਮ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਹੀ ਹੈ।

ਹੁਣ ਫਿਰ ਡੂੰਘੀ ਸਾਜਿਸ਼ ਅਧੀਨ ਨਾਨਕਸ਼ਾਹੀ ਕੈਲੰਡਰ ਦੇ ਨਾਮ ਤੇ ਧੱਕੇਸ਼ਾਹੀ ਕੈਲੰਡਰ ਲਾਗੂ ਕਰ ਦਿੱਤਾ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਕੱਤਕ ਸੁਦੀ ਪੂਰਨਮਾਸੀ ਨੂੰ ਹੀ ਪੁਰਾਤਨ ਮਰਯਾਦਾ ਅਨੁਸਾਰ ਹੀ ਰੱਖਿਆ ਗਿਆ ਤੇ ਦਸਵੇਂ ਗੁਰੂ ਨਾਨਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਉਤਸਵ ਪੋਹ ਸੁਦੀ ਸੱਤਮੀ ਨੂੰ ਬਦਲ ਦਿੱਤਾ ਜਦੋਂ ਕਿ 300 ਸਾਲਾ ਸ਼ਤਾਬਦੀ ਵੀ ਪੋਹ ਸੁਦੀ ਸੱਤਮੀ ਨੂੰ ਹੀ ਸਾਰੇ ਪੰਥ ਨੇ ਇਥੇ ਮਨਾਈ ਸੀ।

ਧੱਕੇਸ਼ਾਹੀ ਕੈਲੰਡਰ ਵਾਲਿਆਂ ਨੂੰ ਦਸਵੇਂ ਗੁਰੂ ਨਾਨਕ ਜੀ ਦੇ ਗੁਰਪੁਰਬ ਬਦਲਣ ਦਾ ਕੋਈ ਅਧਿਕਾਰ ਨਹੀਂ ਹੈ। ਇਕ ਹੋਰ ਇਨ੍ਹਾਂ ਬਹੁਤ ਵੱਡਾ ਗੁਨਾਹ ਪਾਪ ਕੀਤਾ ਜੋ ਬਖ਼ਸ਼ਿਆ ਨਹੀਂ ਜਾ ਸਕਦਾ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸ਼ਹੀਦੀ ਗੁਰਪੁਰਬ ਇਨ੍ਹਾਂ ਦੇ ਕੈਲੰਡਰ ਅਨੁਸਾਰ 24 ਨਵੰਬਰ ਨੂੰ ਸੀ, ਪੁਰਾਤਨ ਮਰਯਾਦਾ ਅਨੁਸਾਰ 14 ਦਸੰਬਰ ਨੂੰ ਮੱਘਰ ਸੁਦੀ ਪੰਚਮੀ ਸੀ, ਪਰ ਇਨ੍ਹਾਂ ਆਪਣੀ ਮਨਮਤ-ਮਨਮਰਜੀ ਨਾਲ 10 ਦਸੰਬਰ ਨੂੰ ਕਰ ਦਿੱਤਾ, ਇਹ ਬਹੁਤ ਹੀ ਘਾਤਕ ਖਤਰਨਾਕ ਸ਼ੁਰੂਆਤ ਹੋ ਗਈ ਹੈ। ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਅਤੇ ਤਖ਼ਤ ਸ੍ਰੀ ਸੱਚਖੰਡ ਹਜ਼ੂਰ ਸਾਹਿਬ ਵੱਲੋਂ ਪਹਿਲਾਂ ਹੀ ਇਸ ਧੱਕੇਸ਼ਾਹੀ ਕੈਲੰਡਰ ਨੂੰ ਰੱਦ ਕਰ ਦਿੱਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਤਾ ਗੱਦੀ ਬਿਰਾਜਮਾਨ ਹੋਣ ਦਾ 300 ਸਾਲਾ ਗੁਰਪੁਰਬ ਵੀ ਸਾਰੇ ਪੰਥ ਵੱਲੋਂ ਪੁਰਾਤਨ ਮਰਯਾਦਾ ਅਨੁਸਾਰ ਕੱਤਕ ਸੁਦੀ ਦੂਜ ਦੀਵਾਲੀ ਤੋਂ 2 ਦਿਨ ਬਾਅਦ 30 ਅਕਤੂਬਰ 2008 ਨੂੰ ਮਨਾਇਆ ਜਾ ਰਿਹਾ ਹੈ।

ਖਾਲਸਾ ਜੀ ਤੁਸੀ ਹੁਣੇ ਪਿਛਲੇ 2-3 ਮਹੀਨਿਆਂ ਤੋਂ ਅਖਬਾਰਾਂ ਵਿਚ ਪੜ੍ਹ ਰਹੇ ਹੋ ਜੋ ਸ਼੍ਰੋ.ਗੁ.ਪ੍ਰ ਕਮੇਟੀ ਵੱਲੋਂ ਹਿੰਦੀ ਵਿਚ *ਸਿੱਖ ਇਤਿਹਾਸ* ਨਾਮ ਦੀ ਕਿਤਾਬ ਛਾਪੀ ਗਈ ਜਿਸ ਵਿਚ ਪੰਨਾ 71 ਤੇ ਲਿਖਿਆ ਹੈ ਕਿ ਮੁਸਲਮਾਨ ਨਾਨਕ ਦਾ ਗੁਰੂ ਸੀ, ਪੰਨਾ 74 ਨਾਨਕ ਨੇ ਰਾਮਾਨੰਦ ਤੇ ਕਬੀਰ ਦੇ ਮਤ ਦਾ ਹੀ ਪ੍ਰਚਾਰ ਕੀਤਾ। ਪੰਨਾ 92 ਤੇ ਲਿਖਿਆ ਹੈ ਸਿੱਖ ਭੋਗ ਬਿਲਾਸ ਦੀ ਲਾਲਸਾ ਨਾਲ ਅੰਮ੍ਰਿਤਸਰ ਇਕੱਠੇ ਹੁੰਦੇ ਸਨ। ਪੰਨਾ 99 ਤੇ ਲਿਖਿਆ ਹੈ ਹਰਿਗੋਬਿੰਦ ਦਾ ਪਿਤਾ ਦੀ ਮੌਤ ਤੋਂ ਬਾਅਦ ਦਿਮਾਗ ਠੀਕ ਨਹੀਂ ਰਿਹਾ। ਪੰਨਾ 114 ਤੇ ਲਿਖਿਆ ਹੈ ਤੇਗ ਬਹਾਦਰ ਲੁਟੇਰੇ (ਧਾੜਵੀ) ਤੇ ਡਾਕੂ ਸਨ। ਹੋਰ ਐਸਾ ਕੁਛ

ਲਿਖਿਆ ਹੈ ਜੋ ਕਿ ਇਕ ਸ਼ਰਧਾਲੂ ਸਿੱਖ ਪੜ੍ਹ ਨਹੀਂ ਸਕਦਾ।

ਐਸੀਆਂ ਲਿਖਤਾਂ ਤੋਂ ਗੁਰਸਿੱਖ ਸੰਗਤਾਂ ਆਪ ਹੀ ਵੀਚਾਰ ਕਰ ਲੈਣ ਜਦੋਂ ਸ਼੍ਰੋ.ਗੁ.ਪ੍ਰ. ਕਮੇਟੀ ਦਾ ਗਠਨ ਹੋਇਆ ਉਸ ਸਮੇਂ 36 ਮੈਂਬਰ ਸਰਕਾਰੀ ਪੰਥ ਦੋਖੀ ਕਾਰਵਾਈਆਂ ਕਰਨ ਵਾਲੇ ਸਨ। ਹੁਣ ਮੌਜੂਦਾ ਸਮੇਂ ਅੰਦਰ ਦੀ ਹਾਲਾਤ ਬਾਰੇ ਖਾਲਸਾ ਜੀ ਬਿਬੇਕ ਬੁੱਧੀ ਨਾਲ ਵੀਚਾਰ ਕਰੋ।

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵੱਲੋਂ ਸਾਰੇ ਸੰਸਾਰ ਦੀਆਂ ਗੁਰਸਿੱਖ ਸੰਗਤਾਂ ਨੂੰ ਇਹ ਆਦੇਸ਼ ਦਿੱਤਾ ਜਾਂਦਾ ਹੈ:

> ਸਵੇਰੇ ਨਿਤਨੇਮ ਪੰਜ ਬਾਣੀਆਂ, 40 ਪਉੜੀਆਂ ਪੂਰਾ ਅਨੰਦ ਸਾਹਿਬ ਪਾਠ ਕਰਨਾ ਹੈ, ਮੂਲ ਮੰਤ੍ਰ ੧ਓ ਤੋਂ ਨਾਨਕ ਹੋਸੀ ਭੀ ਸਚੁ ਤੱਕ ਹੀ ਜਪਣਾ ਹੈ। ਸ਼ਾਮ ਨੂੰ ਰਹਿਰਾਸ ਪੁਰਾਤਨ ਜੋ ਭਾਈ ਮਨੀ ਸਿੰਘ ਜੀ ਸ਼ਹੀਦ ਨੇ ਸ੍ਰੀ ਹਰਿਮੰਦਰ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਅਰੰਭ ਕੀਤੀ ਸੀ। ਸੌਣ ਵੇਲੇ ਸੋਹਿਲਾ ਜੀ ਦਾ ਪਾਠ ਕਰਨਾ।

ਧੱਕੇਸ਼ਾਹੀ ਕੈਲੰਡਰ ਵਾਲਿਆਂ ਨੂੰ ਛੇਤੀ ਹੀ ਪੁੱਛਿਆ ਜਾਵੇਗਾ ਕਿ ਕਿਸ ਅਧਿਕਾਰ ਨਾਲ ਇਨ੍ਹਾਂ ਨੇ ਦਸਮੇਸ਼ ਪਿਤਾ ਜੀ ਦਾ ਪ੍ਰਕਾਸ਼ ਉਤਸਵ ਅਵਤਾਰ ਧਾਰਨ ਗੁਰਪੁਰਬ ਪੋਹ ਸੁਦੀ ਸੱਤਮੀ ਬਦਲਿਆ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸ਼ਹੀਦੀ ਗੁਰਪੁਰਬ ਮਨਮਤ-ਧੱਕੇਸ਼ਾਹੀ ਨਾਲ 10 ਦਸੰਬਰ ਨੂੰ ਮਨਾਉਣ ਦਾ ਆਦੇਸ਼ ਜਾਰੀ ਕੀਤਾ, ਇਹ ਅਧਿਕਾਰ ਕਿਹੜੀ ਪੰਥਕ ਮਰਯਾਦਾ ਨੇ ਇਨ੍ਹਾਂ ਨੂੰ ਦਿੱਤਾ ਹੈ।

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਵੱਲੋਂ ਸਾਰੇ ਸੰਸਾਰ ਦੀਆਂ ਗੁਰਸਿੱਖ ਸੰਗਤਾਂ ਨੂੰ ਹੁਕਮਨਾਮਾ ਜਾਰੀ ਕੀਤਾ ਜਾਂਦਾ ਹੈ ਕਿ ਜਿਨ੍ਹਾਂ ਗੁਰਸਿੱਖ ਸੰਗਤਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ ਹਨ, ਉਹ ਦਸਮੇਸ਼ ਪਿਤਾ ਜੀ ਦੇ ਅਵਤਾਰ ਧਾਰਨ ਪ੍ਰਕਾਸ਼ ਉਤਸਵ ਗੁਰਪੁਰਬ ਪੋਹ ਸੁਦੀ ਸੱਤਮੀ ਨੂੰ ਹੀ ਮਨਾਉਣ। ਅੰਗ੍ਰੇਜੀ ਈਸਵੀ ਸਾਲ ਨਾਲ ਸਾਡਾ ਕੋਈ ਵੀ ਗੁਰੂ ਸਾਹਿਬਾਨ ਦਾ ਗੁਰਪੁਰਬ ਮਨਾਉਣ ਦਾ ਸੰਬੰਧ ਨਹੀਂ ਹੈ। ਈਸਵੀ ਸਾਲ 2009 ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦਾ ਪਾਵਨ ਪ੍ਰਕਾਸ਼ ਉਤਸਵ ਗੁਰਪੁਰਬ ਪੋਹ ਸੁਦੀ ਸੱਤਮੀ 3 ਜਨਵਰੀ ਨੂੰ ਆ ਰਿਹਾ ਹੈ। ਸਾਰੇ ਸੰਸਾਰ ਦੀਆਂ ਗੁਰਸਿੱਖ ਸੰਗਤਾਂ ਨੂੰ ਆਦੇਸ਼ ਕੀਤਾ ਜਾਂਦਾ ਹੈ ਕਿ ਪੁਰਾਤਨ ਪੰਥਕ ਮਰਯਾਦਾ ਅਨੁਸਾਰ ਪੋਹ ਸੁਦੀ ਸੱਤਮੀ 3 ਜਨਵਰੀ ਨੂੰ ਹੀ ਮਨਾਉਣ ਅਤੇ ਹਰ ਸੰਗਰਾਂਦ ਵੀ ਪੁਰਾਤਨ ਮਰਯਾਦਾ ਅਨੁਸਾਰ ਹੀ ਮਨਾਈ ਜਾਵੇ।

ਪੰਜ ਪਿਆਰੇ ਸਿੰਘ ਸਾਹਿਬਾਨ ਤਖ਼ਤ ਸ੍ਰੀ ਹਰਿੰਮਦਰ ਜੀ ਪਟਨਾ ਸਾਹਿਬ

(ਰਾਜਿੰਦਰ ਸਿੰਘ)	ਸੀਲ	(ਇਕਬਾਲ ਸਿੰਘ)
ਹੈਡ ਗ੍ਰੰਥੀ		ਜਥੇਦਾਰ
(ਬਲਦੇਵ ਸਿੰਘ)	(ਦਲੀਪ ਸਿੰਘ)	(ਨਿਹਾਲ ਸਿੰਘ)
ਸੀ. ਮੀਤ ਗ੍ਰੰਥੀ	ਮੀਤ ਗ੍ਰੰਥੀ	ਗ੍ਰੰਥੀ

26.01.2008

ਅੱਜ ਮਿਤੀ 26.01.2008 ਦਿਨ ਸ਼ਨੀਵਾਰ ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਵਿਖੇ ਪੰਜ ਪਿਆਰੇ ਸਿੰਘ ਸਾਹਿਬਾਨ ਦੀ ਵਿਸ਼ੇਸ ਇਕਤੱਰਤਾ ਹੋਈ ਜਿਸ ਵਿਚ 18.01.2008 ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੇ ਪੰਜ ਪਿਆਰੇ ਸਿੰਘ ਸਾਹਿਬਾਨ ਵੱਲੋਂ ਗੁਰਮਤਾ ਕਰਕੇ ਜਾਰੀ ਕੀਤੇ ਹੁਕਮਨਾਮੇ ਨੂੰ ਜੋ ਕੱਲ ਮਿਤੀ 25.01.2008 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਬੈਠ ਕੇ ਗਿ: ਜੋਗਿੰਦਰ ਸਿੰਘ ਜੀ, ਗਿ: ਤਿਰਲੋਚਨ ਸਿੰਘ ਜੀ, ਗਿ: ਗੁਰਬਚਨ ਸਿੰਘ ਜੀ ਗਿ: ਮੱਲ ਸਿੰਘ ਜੀ ਭਾਈ ਬਲਵੰਤ ਸਿੰਘ ਜੀ ਵੱਲੋਂ ਰੱਦ ਕੀਤੇ ਜਾਣ ਦੀ ਮੰਦ ਭਾਗੀ-ਦੁਖਦਾਈ ਘਟਨਾ ਬਾਰੇ ਗੁਰਮਤਾ ਕਰਕੇ ਹੁਕਮਨਾਮਾ ਜਾਰੀ ਕੀਤਾ ਜਾਂਦਾ ਹੈ।

ਕੁਝ ਇਤਿਹਾਸਕ ਹਵਾਲੇ ਇਸ ਪ੍ਰਕਾਰ ਹਨ:

1. ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਹਿਲੀ ਉਦਾਸੀ ਸਮੇਂ ਇਥੇ ਹੀ ਸਾਲਸ ਰਾਇ ਨੂੰ ਮੰਜੀ ਤੇ ਬੈਠਾਇਆ ਸਿੱਖੀ ਪ੍ਰਚਾਰ ਦਾ ਸਾਰੇ ਸੰਸਾਰ ਦਾ ਪਹਿਲਾ ਵੱਡਾ ਕੇਂਦਰ ਸਥਾਪਤ ਕੀਤਾ।
2. ਲੰਗਰ ਦੀ ਪਰੰਪਰਾ ਇਥੋਂ ਹੀ ਆਰੰਭ ਕੀਤੀ।
3. ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਭਾਈ ਜਾਪ ਜੀ ਨੂੰ ਇਥੋਂ ਦਾ ਮੁਖੀ ਥਾਪਿਆ 2 ਹੁਕਮਨਾਮੇ ਲਿਖੇ ਜਿਸ ਵਿਚ ਖਾਸ ਕਰਕੇ, ਪੂਰਬ ਕੀ ਸੰਗਤ ਗੁਰੂ ਕਾ ਖਾਲਸਾ ਹੈ, ਦਾ ਹੁਕਮ ਕੀਤਾ।
4. ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਭਾਈ ਦਿਆਲਦਾਸ (ਭਾਈ ਦਿਆਲਾ ਜੀ ਸ਼ਹੀਦ) ਨੂੰ ਇਥੋਂ ਦਾ ਮੁਖੀ ਥਾਪਿਆ ਸਾਰੇ ਸੰਸਾਰ ਦੀਆਂ ਸੰਗਤਾਂ ਨੂੰ ਹੁਕਮ ਕੀਤਾ, ਭਾਈ ਦਿਆਲ ਦਾਸ ਕਹੈ, ਸੰਗਤ ਗੁਰੂ ਕਾ ਹੁਕਮ ਕਰਿ ਮੰਨਣਾਂ, ਪਟਨਾ ਗੁਰੂ ਕਾ ਘਰ ਹੈ।
5. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖਾਲਸਾ ਪੰਥ ਦੀ ਸਾਜਨਾ ਸਮੇਂ ਹੁਕਮ ਕੀਤਾ, ਸਭ ਕਾ ਜਨਮ ਪਟਨਾ, ਵਾਸੀ ਆਨੰਦਪੁਰ ਬਤਾਈ।

ਭਾਈ ਨੰਦ ਰੂਪ ਸਿੰਘ ਜੀ ਨੂੰ ਜਨਵਰੀ 1708 ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਥੋਂ ਦਾ ਮੁਖੀ ਥਾਪ ਕੇ ਭੇਜਿਆ, ਤਖ਼ਤ ਸ੍ਰੀ ਹਰਿਮੰਦਰ ਜੀ ਨਾਮ ਰੱਖਿਆ, ਅਕਤੂਬਰ 1708 ਵਿੱਚ ਦਸਮੇਸ਼ ਪਿਤਾ ਜੀ ਦੇ ਜੋਤੀ ਜੋਤ ਸਮਾਵਣ ਤੋਂ ਬਾਅਦ ਸਾਰੇ ਸੰਸਾਰ ਦੇ ਪੰਥਕ ਫੈਸਲੇ ਇਥੇ ਹੀ ਹੁੰਦੇ ਰਹੇ ਹਨ, ਉਸਦਾ ਸਭ ਤੋਂ ਵਡਾ ਸਬੂਤ ਮਾਤਾ ਸੁੰਦਰ ਕੌਰ ਜੀ ਦਾ ਹੁਕਮਨਾਮਾ ਇਥੇ ਹੈ। ਅਤੇ ਸਾਰੇ ਸੰਸਾਰ ਦੇ ਸਿੱਖਾਂ ਦੀ ਦਸਵੰਧ ਦੀ ਮਾਇਆ ਕਾਰ ਭੇਟਾ ਇਥੇ ਹੀ ਆਉਂਦੀ ਸੀ। ਆਗੈ ਚੜਾਵੋ ਪਟਨੇ ਜਾਵੈ, ਮਾਤਾ ਕਹਿਣੈ ਤੇ ਈਹਾਂ ਆਵੈ। (ਪ੍ਰਾਚੀਨ ਪੰਥ ਪ੍ਰਕਾਸ ਭਾਈ ਰਤਨ ਸਿੰਘ ਜੀ ਭੰਗੂ, ਪੰਨਾ-295)। ਮਾਤਾ ਸੁੰਦਰ ਕੌਰ ਜੀ ਨੇ ਜਦੋਂ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਅੰਮ੍ਰਿਤਸਰ ਦਾ ਮੁਖੀ ਥਾਪ

ਕੇ ਭੇਜਿਆ ਤਾਂ ਦਸਵੰਧ ਉਥੇ ਵੀ ਭੇਜਣ ਲਈ ਕਿਹਾ। ਫਿਰ ਵੀ ਇਥੋਂ ਦੀ ਮਹਾਨਤਾ ਨੂੰ ਮੁੱਖ ਰੱਖਦਿਆਂ ਹੋਇਆਂ ਦਿੱਲੀ ਤੋਂ ਮਾਤਾ ਜੀ ਪੰਥਕ ਧਾਰਮਿਕ ਫੈਸਲਿਆਂ ਲਈ ਇਥੇ ਹੀ ਭੇਜਦੇ ਸਨ।

ਹੁਕਮਨਾਮਾ-18 ਅਕਤੂਬਰ ਸੰਨ-1723 ਈਸਵੀ ਨੂੰ ਇਥੋਂ ਦੇ ਮੁਖੀ ਭਾਈ ਚੈਨ ਸਿੰਘ ਜੀ ਦੇ ਨਾਮ, ਸਰਬੱਤ ਖਾਲਸਾ ਵਾਹਿਗੁਰੂ ਜੀ ਕਾ ਹੈ, ਜੋ ਕੁਛ ਵਾਜਬੀ ਗੱਲ ਹੋਵੇ ਸੋ ਕਰ ਦੇਵਣੀ, ਰਿਆਇਤ ਕਿਸੀ ਕੀ ਨਹੀ ਕਰਣੀ, ਤੁਮਾਰੇ ਸਭ ਮਨੋਰਥ ਪੂਰੇ ਹੋਣਗੇ, ਧਰਮ ਨਿਆਉ ਕਰ ਕੇ ਫੈਸਲਾ ਕਰ ਦੇਵਣਾ, ਨਿਹਾਲ ਹੋਵੋਗੇ, ਮੇਰੀ ਖੁਸੀ ਹੈ। ਇਸ ਤੋਂ ਆਦਿ ਕਰੀਬ 35 ਹੁਕਮਨਾਮੇ ਅਸਲ ਕਾਪੀ ਇਥੇ ਹਨ।

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੇ ਪੰਜ ਪਿਆਰੇ ਸਿੰਘ ਸਾਹਿਬਾਨ ਵੱਲੋਂ ਸਾਰੇ ਸੰਸਾਰ ਦੀਆਂ ਗੁਰੂ ਸਿੱਖ ਸੰਗਤਾਂ ਨੂੰ ਜਿਨ੍ਹਾਂ ਖਾਲਸਾ ਪੰਥ ਦੇ ਸਿਰਜਣ ਹਾਰ ਦਸਮੇਸ ਪਿਤਾ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀਆਂ ਖੁਸੀਆਂ ਪ੍ਰਾਪਤ ਕਰਨੀਆਂ ਹਨ ਉਹ ਸਤਿਗੁਰੂ ਸੱਚੇ ਪਾਤਸ਼ਾਹ ਜੀ ਦਾ ਅਵਤਾਰ ਧਾਰਨ-ਪ੍ਰਕਾਸ ਉਤਸ਼ਵ ਗੁਰਪੁਰਬ ਪੋਹ ਸੁਦੀ ਸੱਤਮੀ ਨੂੰ ਹੀ ਮਨਾਉਂਣ।

ਸਵੇਰੇ ਦੀਆਂ ਨਿਤਨੇਮ ਦੀਆਂ ਪੰਜ ਬਾਣੀਆਂ ਦਾ ਪਾਠ ਕਰਨ, ਜਪੁ ਜੀ, ਜਾਪ ਸਾਹਿਬ, ਸ੍ਵਯੇ, ਚੌਪਈ (ਹਮਰੀ ਕਰੋ ਹਾਥ ਦੈ ਰੱਛਾ ਤੋ ਗ੍ਰੰਥ ਸੁਧਾਰਾ ਤਕ) ਸਵੈਯਾ - ਪਾਇ ਗਹੇ... ਤੇ ਦੋਹਰਾ - ਸਗਲ ਦੁਆਰ...; ਅੰਨਦ ਸਾਹਿਬ ਪੂਰਾ 40 ਪਉੜੀਆਂ ਸ਼ਾਮ ਨੂੰ ਰਹਿਰਾਸ ਪੁਰਾਤਨ ਪੂਰੀ ਦਾ ਪਾਠ, ਅਤੇ ਸੌਣ ਲੱਗਿਆਂ ਕੀਰਤਨ ਸੋਹਿਲਾ ਜੀ ਦਾ ਪਾਠ ਕਰਨਾ, ਮੂਲ ਮੰਤ੍ਰ - ੧ੴ ਤੋਂ ਨਾਨਕ ਹੋਸੀ ਭੀ ਸਚੁ॥ ਤੱਕ ਪੂਰਾ ਕਰਨਾ, ਗੁਰਮੰਤ੍ਰ - ਵਾਹਿਗੁਰੂ - ਹੈ। ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਲਾਈ ਹੋਈ ਪੰਥਕ ਮਰਿਯਾਦਾ ਹੈ ਇਸ ਨੂੰ ਰੱਦ ਕਰਨ ਵਾਲਿਆਂ ਨੂੰ ਗੁਰੂ ਦੀ ਮਾਰ ਜ਼ਰੂਰ ਪਵੇਗੀ ।

ਸਾਡੇ ਕੋਲ ਤਾਂ ਗੁਰੂ ਸਾਹਿਬਾਨ ਦੇ ਹੁਕਮਨਾਮੇ ਅਸਲ ਅਤੇ ਹੋਰ ਵੀ ਇਤਿਹਾਸਕ ਸਬੂਤ ਹਨ। ਇਨ੍ਹਾਂ ਕੋਲ ਜੋ ਹੈ ਉਹ ਖਾਲਸਾ ਪੰਥ ਦੇ ਸਾਮ੍ਹਣੇ ਰੱਖਣ ਕਿ ਕਿਸ ਆਧਾਰ ਤੇ ਆਪ ਹੀ ਧੱਕੇ ਨਾਲ ਸੁਪਰੀਮ ਬਣੇ ਬੈਠੇ ਹਨ।

ਜੋ ਇਨ੍ਹਾਂ 19.11.2003 ਨੂੰ ਗੁਰਮਤੇ ਦੀ ਗੱਲ ਕੀਤੀ ਹੈ, ਸਾਡੀ ਉਸ ਸਮੇਂ ਵੀ ਤੇ ਬਾਅਦ ਵਿਚ ਵੀ ਕੋਈ ਪ੍ਰਵਾਣਗੀ ਨਹੀ ਸੀ ਉਸੇ ਸਮੇਂ ਤਖ਼ਤ ਸ੍ਰੀ ਸੱਚ ਖੰਡ ਹਜ਼ੂਰ ਸਾਹਿਬ ਦੇ ਮੀਤ ਜਥੇਦਾਰ ਅਤੇ ਦਾਸ ਨੇ ਵਿਰੋਧ ਕੀਤਾ ਸੀ ਕਿ ਸ਼ੁਰੂ ਤੋਂ ਹੀ ਤਖ਼ਤ ਸ੍ਰੀ ਪਟਨਾ ਸਾਹਿਬ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਪੰਥਕ ਫੈਸਲੇ ਹੁੰਦੇ ਰਹੇ ਹਨ ਤੇ ਸਦਾ ਹੁੰਦੇ ਰਹਿਣਗੇ। ਪਹਿਲੀ ਗੱਲ ਇਹ ਕਿ ਉਸ ਤੇ ਆਪ ਹੀ ਇਹ ਕਾਇਮ ਨਹੀਂ ਰਹੇ, ਦੂਜਾ ਉਸ ਬਾਰੇ 13.08.2007 ਨੂੰ ਗੁਰਮਤਾ ਕਰਕੇ ਹੁਕਮਨਾਮਾ ਜਾਰੀ ਕਰ ਦਿੱਤਾ ਹੈ ਪੰਥਕ ਗੁਰ ਮਰਿਆਦਾ ਅਨੁਸਾਰ ਗੁਰ ਇਤਿਹਾਸਿਕ ਪ੍ਰਮਾਣਾਂ ਤੋਂ ਇਹ ਸਪੱਸ਼ਟ ਹੈ ਕਿ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਅਤੇ ਤਖ਼ਤ ਸ੍ਰੀ ਸੱਚਖੰਡ ਹਜ਼ੂਰ ਸਾਹਿਬ ਤੋਂ ਸਮੁੱਚੇ ਪੰਥ ਨਾਲ ਸੰਬੰਧਤ ਅਤੇ ਵਿਸ਼ਵ ਵਿਆਪੀ ਮਸਲੇ ਵਿਚਾਰ ਕੇ ਸਮੇਂ-ਸਮੇਂ

ਅਨੁਸਾਰ ਗੁਰਮਤਾ ਕਰਕੇ ਹੁਕਮਨਾਮਾ ਜਾਰੀ ਹੁੰਦਾ ਰਿਹਾ ਹੈ ਅਤੇ ਲੋੜ ਪੈਣ ਤੇ ਹੁਣ ਵੀ ਹੁਕਮਨਾਮਾ ਜਾਰੀ ਕਰਨ ਦਾ ਪੂਰਾ ਅਧਿਕਾਰ ਹੈ। ਜਿਸ ਦੀਆਂ ਕਾਪੀਆਂ ਅਸੀਂ ਕੋਰੀਅਰ ਰਾਹੀਂ ਇਨ੍ਹਾਂ ਨੂੰ ਭੇਜ ਦਿੱਤੀਆਂ ਹਨ। ਹੁਣ ਤੱਕ ਇਹ ਕਿਉਂ ਨਹੀਂ ਬੋਲੇ, ਹੁਣ ਤੱਕ ਦਾ ਇਨ੍ਹਾਂ ਜਥੇਦਾਰਾਂ ਦਾ ਇਤਿਹਾਸ ਤੁਹਾਡੇ ਸਾਮ੍ਹਣੇ ਹੈ ਇਨ੍ਹਾਂ ਕਿੰਨੀ ਵਾਰ ਸਿੱਖ ਕੌਮ ਨੂੰ ਗੁਮਰਾਹ ਕੀਤਾ, ਕੌਮ ਨੂੰ ਧੋਖਾ ਦਿੱਤਾ, ਝੂਠ ਬੋਲਿਆ, ਖਾਲਸਾ ਜੀ ਤੁਸੀਂ ਆਪ ਹੀ ਵੀਚਾਰ ਕੇ ਵੇਖ ਲਵੋ। ਇਨ੍ਹਾਂ ਵੱਲੋਂ ਜੋ ਕੱਲ 25.01.2008 ਨੂੰ ਕਾਰਵਾਈ ਕੀਤੀ ਗਈ ਉਸ ਨੂੰ ਦੁਖਦਾਈ ਮੰਦਭਾਗੀ ਕਰਾਰ ਦਿੰਦਿਆਂ ਹੋਇਆਂ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੇ ਪੰਜ ਪਿਆਰੇ ਸਿੰਘ ਸਾਹਿਬਾਨ ਵੱਲੋਂ ਪੂਰਨ ਤੌਰ ਤੇ ਰੱਦ ਕੀਤਾ ਜਾਂਦਾ ਹੈ ਅਤੇ ਅੱਗੇ ਲਈ ਇਨ੍ਹਾਂ ਨੂੰ ਸਿੱਖ ਕੌਮ ਨੂੰ ਗੁਮਰਾਹ ਕਰਨ ਵਾਲੀ ਪੰਥ ਦੋਖੀ ਕਾਰਵਾਈ ਕਰਨ ਤੋਂ ਸੁਚੇਤ ਕੀਤਾ ਜਾਂਦਾ ਹੈ।

ਸ. ਮਹਿੰਦਰ ਸਿੰਘ ਰੋਮਾਨਾ ਵਕੀਲ, ਫਰੀਦਕੋਟ, ਤੁਸੀਂ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੀ ਮਾਨ ਮਰਿਯਾਦਾ ਦੇ ਵਿਰੁਧ, ਝੂਠੇ ਬਿਨਾਂ ਸਿਰ ਪੈਰ ਦੇ ਬਿਆਨ ਦੇ ਕੇ ਸਿੱਖ ਕੌਮ ਨੂੰ ਗੁਰਮਾਹ ਕੀਤਾ ਹੈ। ਤੁਸੀਂ 08.02.2008 ਨੂੰ ਸਵੇਰੇ 10.00 ਬਜੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੇ ਪੰਜ ਪਿਆਰੇ ਸਿੰਘ ਸਾਹਿਬਾਨ ਦੇ ਸਾਮ੍ਹਣੇ ਪੇਸ਼ ਹੋ ਕੇ ਆਪਨਾ ਸਪਸਟੀਕਰਨ ਦਿਉ ਕਿ ਤੁਸੀਂ ਐਸਾ ਕਿਉਂ ਕੀਤਾ ਜੇਕਰ ਸਮੇਂ ਸਿਰ ਹਾਜਰ ਨਾ ਹੋਏ ਤਾਂ ਪੰਥਕ ਗੁਰ ਮਰਿਯਾਦਾ ਅਨੁਸਾਰ ਤੁਹਾਨੂੰ ਪੱਕਾ ਤਨਖਹੀਆ ਘੋਸ਼ਿਤ ਕਰ ਦਿੱਤਾ ਜਾਵੇਗਾ। ਜਿਸ ਦੀ ਕਿ ਤੁਹਾਡੀ ਆਪਣੀ ਜਿੰਮੇਵਾਰੀ ਹੋਵੇਗੀ।

ਪੰਜ ਪਿਆਰੇ ਸਿੰਘ ਸਾਹਿਬਾਂਨ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ

(ਰਾਜਿੰਦਰ ਸਿੰਘ)	ਸੀਲ	(ਇਕਬਾਲ ਸਿੰਘ)
ਹੈਡ ਗ੍ਰੰਥੀ		ਜਥੇਦਾਰ
(ਬਲਦੇਵ ਸਿੰਘ)	(ਦਲੀਪ ਸਿੰਘ)	(ਨਿਹਾਲ ਸਿੰਘ)
ਸੀ. ਮੀਤ ਗ੍ਰੰਥੀ	ਮੀਤ ਗ੍ਰੰਥੀ	ਗ੍ਰੰਥੀ

10.04.2008

ਅੱਜ ਮਿਤੀ 10 ਅਪ੍ਰੈਲ 2008 ਦਿਨ ਵੀਰਵਾਰ ਸਿੱਖ ਕੌਮ ਦੇ ਪੰਥਕ ਮਰਯਾਦਾ ਦੇ ਸਰਵਉੱਚ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਵਿਖੇ ਪੰਜ ਪਿਆਰੇ ਸਿੰਘ ਸਾਹਿਬਾਨ ਵੱਲੋਂ ਦਰਸ਼ਨ ਸਿੰਘ ਰਾਗੀ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੀ ਆਪਣੀ ਰਚਨਾ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਵਿਰੁੱਧ ਬਹੁਤ ਹੀ ਅਪਮਾਨਜਨਕ ਸ਼ਬਦਾਵਲੀ ਦੀ ਵਰਤੋਂ ਕਰਨ ਬਾਰੇ ਬੜੀ ਗੰਭੀਰਤਾ ਦੇ ਨਾਲ ਪੰਜ ਪਿਆਰੇ ਸਿੰਘ ਸਾਹਿਬਾਨ ਵੱਲੋਂ ਵਿਚਾਰ ਕਰ ਕੇ ਗੁਰਮਤਾ ਪਾਸ ਕਰ ਕੇ ਹੁਕਮਨਾਮਾ ਜਾਰੀ ਕੀਤਾ ਜਾਂਦਾ ਹੈ।

ਪਹਿਲਾਂ ਸ੍ਰੀ ਦਸਮ ਗ੍ਰੰਥ ਜੀ ਬਾਰੇ ਸੰਖੇਪ ਜਾਣਕਾਰੀ ਇਸ ਪ੍ਰਕਾਰ ਹੈ:

> ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਸੰ:ਬਿ: 1755 ਵਿਚ ਜਿਲਦ ਬੰਨੀ ਗਈ ਜਿਸ ’ਤੇ ਦਸਮ ਪਿਤਾ ਜੀ ਦੇ ਦਸਖ਼ਤ ਹਨ, ਇਥੇ ਸਾਡੇ ਪਾਸ ਬਿਰਾਜਮਾਨ ਹਨ। ਭਾਈ ਦੇਸਾ ਸਿੰਘ ਜੀ ਨੇ ਰਹਿਤਨਾਮੇ ਵਿਚ ਲਿਖਿਆ ਹੈ, ਦੁਹੂੰ ਗ੍ਰੰਥ ਮਹਿ ਬਾਨੀ ਜੋਈ॥ ਚੁਨ ਚੁਨ ਕੰਠ ਕਰੇ ਨਿਤ ਸੋਈ॥ ਮਾਤਾ ਸੁੰਦਰ ਕੌਰ ਜੀ ਦੀ ਪ੍ਰਵਾਨਗੀ ਅਨੁਸਾਰ ਸ਼ਹੀਦ ਭਾਈ ਮਨੀ ਸਿੰਘ ਜੀ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਬਾਣੀ ਇਕੱਠੀ ਲਿਖੀ ਉਹ ਬੀੜ ਦਿੱਲੀ ਵਿਖੇ ਹੈ। ਪੰਥ ਨੇ, ਮਾਤਾ ਜੀ ਅਤੇ ਭਾਈ ਮਨੀ ਸਿੰਘ ਜੀ ਨਾਲ ਵੀਚਾਰ ਕਰ ਕੇ ਫੈਸਲਾ ਕੀਤਾ ਕਿ ਗੁਰਤਾਗੱਦੀ ਤੇ ਬਿਰਾਜਮਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵੱਖਰੀ ਰਹੇ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਬੀੜ ਵੱਖਰੀ ਕਰ ਕੇ ਨਾਲ ਪ੍ਰਕਾਸ਼ ਕੀਤਾ ਜਾਵੇ, ਇਸੇ ਤਰ੍ਹਾਂ ਹੀ ਹੋਇਆ, ਭਾਈ ਮਨੀ ਸਿੰਘ ਜੀ ਜਦੋਂ ਮਾਤਾ ਸੁੰਦਰ ਕੌਰ ਜੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਮੁੱਖ ਗ੍ਰੰਥ ਅਤੇ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਥਾਪੇ ਗਏ ਤਾਂ ਸ੍ਰੀ ਅਕਾਲ ਬੁੰਗਾ ਤਖ਼ਤ ਵਿਖੇ ਨਾਲ ਸ੍ਰੀ ਦਸਮ ਗ੍ਰੰਥ ਦਾ ਪ੍ਰਕਾਸ਼ ਕੀਤਾ ਸੀ। ਦੂਜਾ ਪੰਥਕ ਫੈਸਲਾ ਨਾਲ ਸ੍ਰੀ ਦਸਮ ਗ੍ਰੰਥ ਸਾਹਿਬ ਪ੍ਰਕਾਸ਼ ਕਰਨ ਦਾ ਸਾਬੋ ਕੀ ਤਲਵੰਡੀ ਵਿਖੇ ਹੋਇਆ ਜਦੋਂ ਭਾਈ ਸੁੱਖਾ ਸਿੰਘ, ਮਹਿਤਾਬ ਸਿੰਘ ਜੀ ਮੱਸੇ ਰੰਘੜ ਦਾ ਸਿਰ ਵੱਢ ਕੇ ਵਾਪਸ ਆਏ। ਤਖ਼ਤ ਸ੍ਰੀ ਦਮਦਮਾ ਸਾਹਿਬ ਜੀ ਵਿਖੇ ਕਰੀਬ 1970 ਈ: ਤੱਕ ਨਾਲ ਪ੍ਰਕਾਸ਼ ਹੁੰਦਾ ਰਿਹਾ। ਸ੍ਰੀ ਦਸਮ ਗ੍ਰੰਥ ਸਾਹਿਬ ਦੀ ਸਾਰੀ ਰਚਨਾ ਇਕ ਹੀ ਕਲਮ ਦੀ ਲਿਖਤ ਹੈ ਉਹ ਕਲਮ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੀ ਹੈ।

ਇਸ ਲਈ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਜੀ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਮੁੜ ਪਹਿਲਾ ਵਾਂਗ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਦਸਮ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਕੇ ਸ਼ਹੀਦ ਭਾਈ ਮਨੀ ਸਿੰਘ ਜੀ ਵੱਲੋਂ ਚਲਾਈ ਖਾਲਸਾ ਪੰਥ ਦੀ ਪੁਰਾਤਨ ਮਰਯਾਦਾ ਬਹਾਲ ਕੀਤੀ ਜਾਵੇ।

ਸ਼ਹੀਦ ਭਾਈ ਮਨੀ ਸਿੰਘ ਜੀ ਜਿਨ੍ਹਾਂ 91 ਸਾਲ ਦੀ ਉਮਰ ਵਿਚ ਆਪਣਾ ਬੰਦ-ਬੰਦ ਕਟਵਾ ਕੇ ਜਾਮੇ ਸ਼ਹਾਦਤ ਪੀਤਾ, ਆਪਣੇ ਜੀਵਨ ਦੇ 78 ਸਾਲ ਚਾਰ ਗੁਰੂ ਸਾਹਿਬਾਨ ਦੀ ਸੇਵਾ ਵਿਚ ਬਿਤਾਏ, 13 ਸਾਲ ਦੀ ਉਮਰ ਵਿਚ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੀ ਸੇਵਾ ਵਿਚ ਇਨ੍ਹਾਂ ਦੇ ਪਿਤਾ ਜੀ ਕੀਰਤਪੁਰ ਛੱਡ ਗਏ ਸਨ, ਦਸਮ ਪਿਤਾ ਦੀ ਸੇਵਾ ਵਿਚ—ਜਿਥੇ ਗੁਰੂ ਜੀ ਇਨ੍ਹਾਂ ਪਾਸੋਂ ਆਪਣੀ ਬਾਣੀ ਲਿਖਾਉਂਦੇ ਸਨ, ਦਸਮ ਪਾਤਸ਼ਾਹ ਦੀ ਬਾਣੀ ਦੇ ਲਿਖਤੀ ਰਿਕਾਰਡ ਸੰਭਾਲਦੇ ਵੀ ਇਹੀ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਬਾਰੇ ਜਿਤਨਾ ਗਿਆਨ ਸ਼ਹੀਦ ਭਾਈ ਮਨੀ ਸਿੰਘ ਜੀ ਨੂੰ ਸੀ, ਹੋਰ ਕਿਸੇ ਨੂੰ ਨਹੀਂ ਹੋ ਸਕਦਾ ਹੈ।

ਆਦਿ ਗੁਰੂ ਗ੍ਰੰਥ ਸਾਹਿਬ ਭਗਤੀ ਦਾ ਸੋਮਾ ਹੈ, ਸ੍ਰੀ ਦਸਮ ਗ੍ਰੰਥ ਸਾਹਿਬ ਸ਼ਕਤੀ ਦਾ ਸੋਮਾ ਹੈ। ਆਦਿ ਗੁਰੂ ਗ੍ਰੰਥ ਸਾਹਿਬ ਜਗਿਆਸੂ ਲਈ ਇਕ ਅਧਿਆਤਮਕ ਸਫ਼ਰ ਹੈ। ਜਦ ਕਿ ਸ੍ਰੀ ਦਸਮ ਗ੍ਰੰਥ ਸਾਹਿਬ ਜਗਿਆਸੂ ਲਈ ਸੰਤ ਤੋਂ ਸਿਪਾਹੀ ਬਣਨ ਦਾ ਸਫ਼ਰ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਜੋ ਮੀਰੀ ਪੀਰੀ ਦਾ ਸਿਧਾਂਤ 1606 ਈ: ਵਿਚ ਉਜਾਗਰ ਕੀਤਾ ਉਸ ਦੀ ਤਰਜ਼ਮਾਨੀ ਸ੍ਰੀ ਦਸਮ ਗ੍ਰੰਥ ਹੀ ਕਰਦਾ ਹੈ। ਸ੍ਰੀ ਦਸਮ ਗ੍ਰੰਥ ਹੀ ਸਿੱਖਾਂ ਕੋਲ ਇਕ ਪ੍ਰਮਾਣਿਕ ਸੋਮਾ ਹੈ ਜੋ ਖ਼ਾਲਸਈ ਵਚਿਤ੍ਰਤਾ ਦਾ ਪ੍ਰਗਟਾਵਾ ਕਰਦਾ ਹੈ। ਇਸ ਵਿਚੋਂ ਤੇ ਸਿਰਫ਼ ਇਸ ਵਿਚੋਂ ਹੀ ਖਾਲਸਾ ਰਹਿਤ, ਖਾਲਸੇ ਦਾ ਉਦੇਸ਼, ਖਾਲਸੇ ਦੇ ਕਕਾਰ, ਖਾਲਸੇ ਦੇ ਖੰਡੇ, ਖਾਲਸੇ ਦੇ ਨਿਤਨੇਮ ਦੀਆਂ ਤਿੰਨ ਬਾਣੀਆਂ, ਖਾਲਸੇ ਦੀ ਅਰਦਾਸ, ਖਾਲਸਾ ਮਹਿਮਾ, ਖਾਲਸੇ ਦੇ ਧਰਮ ਯੁੱਧ ਦੇ ਫ਼ਲਸਫ਼ੇ, ਖਾਲਸੇ ਦੇ ਜੈਕਾਰੇ - 'ਦੇਗ਼-ਤੇਗ਼ ਫ਼ਤਹਿ', ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ, ਖਾਲਸੇ ਦੇ ਆਚਰਣ ਅਤੇ ਖਾਲਸੇ ਦੀ ਚੜ੍ਹਦੀਕਲਾ ਦੇ ਸਿਧਾਂਤ ਦੇ ਦਰਸ਼ਨ ਹੁੰਦੇ ਹਨ। ਅਸਲ ਵਿਚ ਸ੍ਰੀ ਦਸਮ ਗ੍ਰੰਥ ਸਾਹਿਬ ਖਾਲਸੇ ਦਾ ਗ੍ਰੰਥ ਹੈ ਅਤੇ ਇਸ ਦਾ ਵਿਸ਼ਵਾਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਿਧਾਂਤਾਂ ਵਿਚ ਹੋਵੇਗਾ, ਉਹ ਇਸ ਦੀ ਵਿਆਖਿਆ ਕਰਨ ਦੇ ਸਮਰੱਥ ਹੋਵੇਗਾ।

ਪੰਜ ਸਿੰਘ ਸਾਹਿਬਾਨ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ 14 ਮਈ 2000 ਵਿਚ ਹੁਕਮਨਾਮਾ ਜਾਰੀ ਹੋਇਆ। ਦੂਜੀ ਵਾਰ 27.11.2006 ਨੂੰ ਪੰਜਾਂ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਵੱਲੋਂ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਬਾਰੇ ਸ਼ਰਾਰਤੀ ਅਨਸਰਾਂ ਵੱਲੋਂ ਗੁਮਰਾਹਕੁਨ ਪ੍ਰਚਾਰ ਨੂੰ ਰੋਕਣ ਬਾਰੇ ਹੁਕਮਨਾਮਾ ਜਾਰੀ ਹੋਇਆ।

ਸਾਡੇ ਦੁਸ਼ਮਣਾਂ ਨੇ ਜੋ ਸਾਨੂੰ ਸਿਖਾਉਣਾ ਹੁੰਦਾ ਹੈ ਉਸਦੀ ਗਾਈਡ ਲਾਈਨ ਸਾਡੇ ਵਿਚੋਂ ਸਾਡੇ ਚੰਗੇ ਵਿਦਵਾਨ ਪ੍ਰਚਾਰਕਾਂ ਗ੍ਰੰਥੀਆਂ ਰਾਗੀਆਂ ਢਾਡੀਆਂ ਤੇ ਕਥਾ ਵਾਚਕਾਂ ਨੂੰ ਖਰੀਦ ਕੇ ਜਾਂ ਪ੍ਰਭਾਵ ਪਾ ਕੇ ਦਿੱਤੀ ਜਾਂਦੀ ਹੈ, ਸਾਡੀ ਸਿੱਖੀ ਦੇ ਵੈਰੀ ਸਾਡੇ ਨਾਲ ਰਲ ਕੇ ਤੇ ਸਾਡਾ ਆਪਣਾ ਰੂਪ ਧਾਰਨ ਕਰ ਕੇ ਗੁਰਬਾਣੀ ਦਾ ਨਾਮ ਵਰਤ ਕੇ ਸਿੱਖੀ ਦੀਆਂ ਜੜ੍ਹਾਂ ਵਿਚ ਸਾਥੋਂ ਆਪ ਹੀ ਤੇਲ ਪਵਾਈ ਜਾਂਦੇ ਹਨ, ਰਹਿਤਨਾਮੇ, ਸਰਬਲੋਹ, ਸ੍ਰੀ ਦਸਮ ਗ੍ਰੰਥ ਸਾਹਿਬ ਬਾਰੇ ਭੁਲੇਖੇ ਪੈਦਾ ਕਰਨ ਦੇ ਯਤਨ ਕੀਤੇ ਗਏ ਹਨ ਤੇ ਕੀਤੇ ਜਾ ਰਹੇ ਹਨ, 1932

ਤੋਂ ਪਹਿਲਾਂ ਪੰਜਾਂ ਤਖ਼ਤਾਂ ਅਤੇ ਗੁਰਦੁਆਰਿਆਂ ਵਿਚ ਸ੍ਰੀ ਦਸਮ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਜਾਂਦਾ ਸੀ, ਸ੍ਰੀ ਅਕਾਲ ਤਖ਼ਤ ਸਾਹਿਬ ਤੇ 32 ਬੀੜਾਂ ਸ੍ਰੀ ਦਸਮ ਗ੍ਰੰਥ ਸਾਹਿਬ ਦੀਆਂ ਇਕੱਤਰ ਕਰ ਕੇ ਪੰਥ ਦੇ ਵਿਦਵਾਨਾਂ ਨੇ ਇਕ ਰਿਪੋਰਟ 1897 ਈ: ਨੂੰ ਪੰਥ ਨੂੰ ਪੇਸ਼ ਕੀਤੀ ਜਿਸ ਵਿਚ ਗਿਆਨੀ ਸਰਦੂਲ ਸਿੰਘ ਜੀ ਨੇ ਸਾਰੇ ਸ਼ੰਕਿਆਂ ਨੂੰ ਦੂਰ ਕਰ ਕੇ ਸ੍ਰੀ ਦਸਮ ਗ੍ਰੰਥ ਸਾਹਿਬ ਦੀ ਬੀੜ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਮੰਨਿਆ ਹੈ, ਭਾਈ ਕੇਸਰ ਸਿੰਘ ਜੀ ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਦਾ ਵਿਚ ਲਿਖਿਆ ਹੈ—ਛੋਟਾ ਗ੍ਰੰਥ ਜੀ ਜਨਮੇ ਦਸਵੇਂ ਪਾਤਸ਼ਾਹ ਕੇ ਧਾਮ॥ ਸੰਮਤ ਸਤਾਰਾਂ ਸੈ ਪਚਵੰਜਾ ਬਹੁਤ ਖਿਡਾਵੇ ਲਿਖਾਰੀ ਨਾਮ॥ ਸਾਹਿਬ ਜੀ ਨੂੰ ਪਿਆਰਾ ਸੀ, ਆਪਣੇ ਹੱਥੀਂ ਲਿਖਿਆ ਤੇ ਖਿਡਾਇਆ॥

ਇਹ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਬੀੜ 1755 ਬਿਕ੍ਰਮੀ ਨੂੰ ਲਿਖੀ ਜਿਸ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਦਸਖ਼ਤ ਹਨ ਜੋ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਵਿਖੇ ਵਿਰਾਜਮਾਨ ਹੈ।

ਇਕ ਸਾਧਾਰਨ ਆਦਮੀ ਨੇ ਵੀ ਜੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਨੂੰ ਭਾਵਨਾ ਨਾਲ ਪੜ੍ਹਿਆ ਤਾਂ ਉਸ ਦੀ ਬੁੱਧੀ ਵਿਚ ਕ੍ਰਾਂਤੀਕਾਰੀ ਤਬਦੀਲੀ ਆਈ ਹੈ। ਉਸ ਦੇ ਗਿਆਨ ਵਿਸ਼ਵਾਸ ਵਿਚ ਭਾਰੀ ਮੋੜ ਆਏ ਹਨ। ਭਾਰਤੀ ਜੀਵਨ ਦੇ ਬੌਧਿਕ, ਧਾਰਮਿਕ, ਨੈਤਿਕ ਤਿੰਨੇ ਪੱਖਾਂ ਵਿਚ ਇਹ ਪ੍ਰਭਾਵ ਪਛਾਣੇ ਜਾ ਸਕਦੇ ਹਨ। ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀਆਂ ਰਚਨਾਵਾਂ ਧਰਮ, ਅਰਥ, ਕਾਮ ਤੇ ਮੋਖ ਬਾਰੇ ਭਾਰਤੀ ਚਿੰਤਨ ਨੂੰ ਯੁਗ ਅਨੁਕੂਲ ਨਵੇਂ ਅਰਥ ਬਖ਼ਸ਼ਦੀਆਂ ਹਨ। ਧਰਮ ਨੂੰ ਸੱਚਾਈ, ਕਰਤੱਬ ਪਾਲਣ ਤੇ ਜਨ ਸਾਧਾਰਨ ਦੇ ਕਲਿਆਣ ਨਾਲ ਜੋੜਿਆ ਗਿਆ ਹੈ। ਅਰਥ ਨੂੰ ਸਰਬੱਤ ਦੇ ਭਲੇ ਦੀ ਵਰਤੋਂ ਦੇ ਸਾਧਨ ਵੱਜੋਂ ਪ੍ਰਵਾਨ ਕੀਤਾ ਗਿਆ ਹੈ। ਕਾਮ ਨੂੰ ਗ੍ਰਿਹਸਤੀ ਜੀਵਨ ਵੱਜੋਂ ਸਵੀਕਾਰਨ ਤੇ ਬਲ ਦਿੱਤਾ ਗਿਆ ਹੈ। ਮੋਖ ਵੀ ਅਕਾਲ ਪੁਰਖ ਦੇ ਨਿਰਮਲ ਭੈ ਵਿਚ ਕਰਮਸ਼ੀਲ ਸਮਾਜਕ ਜੀਵਨ ਜੀਉਂਦੇ ਹੋਏ ਉਸ ਨਾਲ ਇਕ ਸੁਰ ਅਭੇਦ ਹੋਣਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਨੁਸਾਰ ਹੀ:

> ਉਨਮਤ ਮਾਨ ਹਿਰਿਓ ਮਨ ਮਾਹੀ ਗੁਰ ਕਾ ਸਬਦੁ ਨ ਧਾਰਿਓ ਰੇ॥
> ਸੁਆਦ ਲੁਭਤ ਇੰਦ੍ਰੀ ਰਸ ਪ੍ਰੇਰਿਓ ਮਦ ਰਸ ਲੈਤ ਬਿਕਾਰਿਓ ਰੇ॥
> (ਅੰਗ 335)

ਸ੍ਰੀ ਦਸਮ ਗ੍ਰੰਥ ਸਾਹਿਬ ਅੰਦਰ ਇੰਦ੍ਰੀ ਰਸ ਤੇ ਮਦ ਰਸ (ਸ਼ਰਾਬ ਤੇ ਦੂਜੇ ਨਸ਼ਿਆਂ) ਦੀ ਜਿਸ ਰੂਪ ਵਿਚ ਨੰਗੀ ਤਸਵੀਰ ਦਰਸਾਈ ਗਈ ਹੈ ਉਹ ਸੰਸਾਰ ਦੇ ਕਿਸੇ ਵੀ ਧਰਮ ਗ੍ਰੰਥ ਵਿਚੋਂ ਲੱਭਣੀ ਅਸੰਭਵ ਹੈ।

ਕਾਮ ਅਤੇ ਵਿਹਾਰ ਵਿਚ ਸੰਜਮ ਲਿਆਉਣ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚਰਿਤ੍ਰੋ ਪਖਿਆਨ ਦੀ ਰਚਨਾ ਕੀਤੀ ਅਤੇ ਇਨ੍ਹਾਂ ਦੁਆਰਾ ਕਾਮ ਵਾਸ਼ਨਾ ਦੀ ਤੀਬਰਤਾ, ਵਿਕਾਰ ਦ੍ਰਿਸ਼ਟੀ, ਕਾਮੁਕ ਗੱਲਾਂ ਅਤੇ ਨੀਚਤਾਈ ਨੂੰ ਦਿਖਾਉਂਦੇ ਹੋਏ ਆਪਣੇ ਪੈਰੋਕਾਰਾਂ ਨੂੰ ਚੇਤਾਵਨੀਆਂ ਦਿੱਤੀਆਂ ਗਈਆਂ ਹਨ ਕਿ:

ਨਿਜ ਨਾਰੀ ਕੇ ਸੰਗ ਨੇਹੁ ਤੁਮ ਨਿਤ ਬਢੀਅਹੁ॥
ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨਾ ਜਈਅਹੁ॥
ਪਰ ਨਾਰੀ ਕੀ ਸੇਜ ਛੁਰੀ ਪੈਨੀ ਕਰ ਜਾਨਹੁ॥
ਪਰ ਨਾਰੀ ਕੇ ਭਜੇ ਕਾਲ ਬਿਯਾਪਯੋ ਤਨ ਜਾਨਹੁ।
ਰੀਤਿ ਨ ਜਾਨਤ ਪ੍ਰੀਤ ਕੀ ਪੈਸਨ ਕੀ ਪ੍ਰਤੀਤਿ॥
ਬਿਛੂ ਬਿਸੀਅਰ ਬੇਸਯਾ ਕਹਹੁ ਕਵਣ ਕੇ ਮੀਤ॥ ਚਰਿਤ੍ਰ:16

ਚੰਚਲਾਨ ਕੇ ਚਰਿਤਰ ਕੋ ਚੀਨਿ ਸਕਤ ਨਹਿ ਕੋਇ॥
ਬ੍ਰਹਮਾ ਬਿਸਨੁ ਰੁਦ੍ਰਾਦਿ ਸਭ ਸੁਰ ਸੁਰਪਤਿ ਕੋਊ ਹੋਇ॥ ਚਰਿਤ੍ਰ:215

ਤ੍ਰਿਯਾ ਚਰਿਤ੍ਰਾਂ ਵਿਚ ਮਨੁੱਖੀ ਗਿਰਾਵਟ ਦਾ ਕਾਰਨ ਆਮ ਤੌਰ ਤੇ ਅੰਨ੍ਹੀ ਕਾਮੁਕਤਾ, ਅਜੋੜ ਵਿਆਹ, ਵਿਭਚਾਰ, ਝੂਠੀ ਸ਼ਾਨੋ-ਸ਼ੌਕਤ ਤੇ ਵੱਖ-ਵੱਖ ਨਸ਼ਿਆਂ ਅਧੀਨ ਅੱਯਾਸ਼ੀ ਰੁਚੀਆਂ ਨੂੰ ਦਰਾਇਆ ਗਿਆ ਹੈ, ਤਾਂ ਕਿ ਮਨੁੱਖ ਇਨ੍ਹਾਂ ਮਾਰੂ ਤੇ ਵਿਨਾਸ਼ਕਾਰੀ ਕੁਰੀਤੀਆਂ ਤੋਂ ਆਪਣੇ ਆਪ ਨੂੰ ਬਚਾ ਸਕੇ।

ਜਿਸ ਤਰ੍ਹਾਂ ਬਿੱਛੂ, ਸੱਪ ਤੇ ਵੇਸਵਾ ਤੇ ਕੋਈ ਭਰੋਸਾ ਨਹੀਂ ਕਰਦਾ ਉਸੇ ਤਰ੍ਹਾਂ ਹੀ ਪੈਸੇ ਨਾਲ ਪ੍ਰੀਤ ਰੱਖਣ ਵਾਲੇ ਵਿਅਕਤੀ, ਜੋ ਕਿ ਪਿਆਰ ਦੀ ਰੀਤ ਨਹੀਂ ਜਾਣਦੇ, ਅੰਦਰੋਂ ਲੋਭੀ ਹੋਣ ਕਰ ਕੇ ਕੁੱਤੇ ਵਾਂਗ ਭੌਂਕਦੇ ਹਨ। ਉਨ੍ਹਾਂ ਤੇ ਭਰੋਸਾ ਨਹੀਂ ਕੀਤਾ ਜਾ ਸਕਦਾ।

ਇਸ ਦੇ ਬਾਵਜੂਦ ਕਈ ਕਹਾਣੀਆਂ ਵਿਚ ਇਸਤ੍ਰੀਆਂ ਦੀ ਪਤੀ ਭਗਤੀ, ਪ੍ਰੇਮ ਪਿਆਰ. ਕੁਰਬਾਨੀ, ਸੂਰਵੀਰਤਾ, ਬਹਾਦੁਰੀ ਤੇ ਯੁਧ ਕਲਾ ਵਿਚ ਨਿਪੁੰਨਤਾ ਨੂੰ ਵੀ ਦਰਸਾਇਆ ਗਿਆ ਹੈ। ਇਸੇ ਤਰ੍ਹਾਂ ਪੰਜਾਬੀ ਦੀਆਂ ਇਸ਼ਕੀ ਕਹਾਣੀਆਂ ਵਿਚ ਹੀਰ ਰਾਂਝਾ, ਸੋਹਣੀ ਮਹੀਂਵਾਲ, ਮਿਰਜ਼ਾ ਸਾਹਿਬਾਂ, ਸੱਸੀ ਪੁੰਨੂ ਦੀਆਂ ਕਹਾਣੀਆਂ ਵੀ ਸ਼ਾਮਲ ਹਨ।

ਇਸੇ ਤਰ੍ਹਾਂ ਸ਼ਰਾਬ ਆਦਿ ਨਸ਼ਿਆਂ ਤੋਂ ਸਿੱਖਾਂ ਨੂੰ ਦੂਰ ਰੱਖਣ ਲਈ (ਚਰਿਤ੍ਰ 105) ਵਿਚ ਸਿੱਖਿਆ ਦਿੰਦੇ ਹਨ। ਲੋਗ ਉਠਾਇ ਪਾਨ ਮਦ ਕਰਿਯੋ॥ ਮਾਨੁਖ ਹੁਤੋ ਜੋਨਿ ਪਸੁ ਪਰਿਯੋ॥ ਉੱਚੇ ਆਚਰਨ ਅਤੇ ਸਦਾਚਾਰ ਦੀ ਸਿੱਖਿਆ ਦੇਣ ਲਈ ਗੁਰੂ ਜੀ ਨੇ ਵਿਭਚਾਰ ਦੀਆਂ ਕਰਤੂਤਾਂ ਦਾ ਪਰਦਾ ਫਾਸ ਕੀਤਾ ਤਾਂ ਕਿ ਕਹਾਣੀਆਂ ਰਾਹੀਂ ਸਮਾਜਕ ਕੁਰੀਤੀਆਂ ਨੂੰ ਨੰਗਿਆਂ ਕਰ ਕੇ ਵਿਭਚਾਰ ਰੂਪੀ ਕੈਂਸਰ ਦਾ ਉਸੇ ਤਰ੍ਹਾਂ ਅਪਰੇਸ਼ਨ ਕੀਤਾ ਹੈ ਜਿਸ ਤਰ੍ਹਾਂ ਇਕ ਯੋਗ ਡਾਕਟਰ ਕਿਸੇ ਆਪਣੇ ਇਸਤ੍ਰੀ ਮਰੀਜ਼ ਦਾ ਅਪਰੇਸ਼ਨ ਕਰਨ ਸਮੇਂ ਉਸ ਨੂੰ ਨਗਣ ਕਰ ਦਿੰਦਾ ਹੈ। ਜੇਕਰ ਕੋਈ ਉਸ ਬਿਮਾਰ ਇਸਤ੍ਰੀ ਦਾ ਰਿਸ਼ਤੇਦਾਰ ਡਾਕਟਰ ਤੇ ਬਦਚਲਣੀ ਦਾ ਦੋਸ਼ ਲਾਏ ਤਾਂ ਕਸੂਰ ਡਾਕਟਰ ਦਾ ਨਹੀਂ ਸਗੋਂ ਦੋਸ਼ ਲਾਉਣ ਵਾਲੇ ਬੰਦੇ ਦੀ ਸਮਝ ਦਾ ਹੈ। ਇਸੇ ਤਰ੍ਹਾਂ ਗੁਰੂ ਜੀ ਦੀ ਰਚਨਾ ਤੇ ਕਿੰਤੂ ਪ੍ਰੰਤੂ ਕਰਨ ਵਾਲੇ ਲੋਕਾਂ ਦੀ ਅਗਿਆਨਤਾ-ਮੂਰਖਤਾ ਦਾ ਦੋਸ਼ ਹੈ। ਐਸੇ ਲੋਕ ਆਪਣੇ ਮਨ-ਬੁੱਧੀ ਦੀ ਗੰਦੀ ਸੋਚ ਅਤੇ ਆਪਣੀਆਂ ਕਾਮੁਕ ਰੁਚੀਆਂ ਨੂੰ ਸੰਤੁਸ਼ਟ ਕਰਨ ਲਈ ਬੇਲੋੜਾ ਵਿਵਾਦ ਕਰ ਰਹੇ ਹਨ।

ਕੁੱਝ ਪੰਥ ਦੋਖੀ - ਸਿੱਖ ਕੌਮ ਦੀਆਂ ਦੁਸ਼ਮਣ ਤਾਕਤਾਂ ਨੇ ਇਹ ਯੋਜਨਾ ਬਣਾਈ ਹੈ ਕਿ ਖਾਲਸਾ ਪੰਥ ਵਿਚੋਂ ਅੰਮ੍ਰਿਤ ਦੀ ਦਾਤ, ਆਚਰਨਕ ਉੱਚਤਾ ਨੂੰ ਕਿਵੇਂ ਖ਼ਤਮ ਕਰਨਾ

ਹੈ। ਇਸ ਸਾਜਿਸ਼ ਅਧੀਨ ਕੁਝ ਆਪਣੇ ਖਾਸ ਬੰਦੇ, ਇੰਗਲੈਂਡ, ਅਮਰੀਕਾ, ਕਨੇਡਾ ਤੇ ਹੋਰ ਦੇਸ਼ਾਂ ਵਿਚ ਭੇਜੇ ਹਨ ਅਤੇ ਉਨ੍ਹਾਂ ਰਾਹੀਂ ਹੋਰ ਬੰਦੇ ਖਰੀਦ ਕੇ ਇਹ ਸਾਰੇ ਜਣੇ ਆਪਣੇ ਆਪ ਨੂੰ ਪੰਥ ਦੇ ਵਿਦਵਾਨ ਦੱਸ ਕੇ ਮੀਡੀਏ ਰਾਹੀਂ ਰੌਲਾ ਪਾ ਰਹੇ ਹਨ ਕਿ ਸ੍ਰੀ ਦਸਮ ਗ੍ਰੰਥ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਨਹੀਂ ਹੈ।

ਖਾਲਸਾ ਜੀਵਨ ਦੀਆਂ ਸੱਚਾਈਆਂ ਨਾਲ ਜੂਝਣ ਲਈ ਤਿਆਰ ਕੀਤੀ ਗਈ ਕੌਮ ਹੈ। ਚਰਿਤ੍ਰੋ ਪਾਖਿਆਨ ਵਿਚ ਇਨ੍ਹਾਂ ਪ੍ਰੇਮ ਕਹਾਣੀਆਂ ਰਾਹੀਂ ਸਮਾਜ ਨੂੰ ਦੁਸ਼ਕਰਮਾਂ ਤੋਂ ਦੂਰ ਰਹਿਣ ਦੀ ਸਿੱਖਿਆ ਦਿੱਤੀ ਗਈ ਹੈ। ਵਿਸ਼ਵ ਸਾਹਿਤ ਵਿਚ ਵੀ ਸ੍ਰੀ ਦਸਮ ਗ੍ਰੰਥ ਸਾਹਿਬ ਦਾ ਅਸਥਾਨ ਸਭ ਤੋਂ ਉਚਾ ਹੈ। ਅਜਿਹਾ ਸਾਹਿਤ ਜੋ ਇਕੋ ਸਮੇਂ ਕਾਵਿ ਹੈ, ਦਰਸ਼ਨ ਹੈ, ਇਤਿਹਾਸਕ ਚੇਤਨਾ ਹੈ, ਅਲੌਕਿਕ ਹੈ ਤੇ ਯਥਾਰਥ-ਚੇਤਨਾ ਦਾ ਸੰਚਾਰ ਕਰਦਿਆਂ ਇਕ ਨਵੇਂ ਸਭਿਆਚਾਰ ਨੂੰ ਵੀ ਸਿਰਜਦਾ ਹੈ। ਜੇਕਰ ਅਸੀਂ ਭਾਰਤੀ ਸਾਹਿਤ, ਕਾਵਿ ਸ਼ਾਸਤਰ, ਆਧੁਨਿਕ ਸਮੇਂ ਦੀ ਪੱਛਮੀ ਦ੍ਰਿਸ਼ਟੀ ਨੂੰ ਧਿਆਨ ਵਿਚ ਰੱਖ ਕੇ ਵੀਚਾਰ ਕਰੀਏ ਤਾਂ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਵਿਲੱਖਣਤਾ ਨੂੰ ਪਹਿਚਾਣਿਆ ਜਾ ਸਕਦਾ ਹੈ। ਅਕਾਲ ਪੁਰਖ ਜੀ ਕੀ ਰਛਾ ਹਮਨੈ॥ ਸਰਬਲੋਹ ਕੀ ਰਛਾ ਹਮਨੈ॥ ਸਰਬਕਾਲ ਜੀ ਦੀ ਰਛਿਆ ਹਮਨੈ॥ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦਾ ਇਹ ਕਾਵਿ ਸਾਡੀ ਚੇਤਨਾ ਨੂੰ ਕਾਲ ਤੋਂ ਮੁਕਤ ਕਰ ਕੇ ਅਕਾਲ ਨਾਲ ਜੋੜਦਾ ਹੈ, ਅਸੀਂ ਇਕ ਅਜਿਹੀ ਸੁਤੰਤਰ ਅਵਸਥਾ ਵਿਚ ਪ੍ਰਵੇਸ਼ ਕਰਦੇ ਹਾਂ ਜਿਸ ਨੂੰ ਦੁਨਿਆਵੀ ਰੂਪ ਵਿਚ ਗੁਲਾਮ ਨਹੀਂ ਬਣਾਇਆ ਜਾ ਸਕਦਾ, ਅਜ਼ਾਦੀ ਦੀ ਅਜਿਹੀ ਅਵਸਥਾ ਜਿਸ ਵਿਚ ਜਾਤ ਪਾਤ, ਸੱਤ੍ਰ ਮਿੱਤ੍ਰਤਾ ਦੀ ਮੁਥਾਜੀ ਵੀ ਨਹੀਂ ਰਹਿ ਜਾਂਦੀ, ਸੰਸਾਰ ਦੇ ਹੋਰ ਕਿਸੇ ਸਾਹਿਤ ਵਿਚ ਨਹੀਂ ਮਿਲਦੀ।

ਇਸ ਵਿਚ ਮਨੁੱਖ ਦੀ ਇਕ ਐਸੀ ਵੱਖਰੀ ਚੇਤਨਾ ਜਾਗ੍ਰਤ ਹੁੰਦੀ ਹੈ ਜੋ ਮਨੁੱਖ ਨੂੰ ਨੈਤਿਕ ਅਤੇ ਚਰਿਤ੍ਰ ਦੀ ਦ੍ਰਿਸ਼ਟੀ ਤੋਂ ਵੀ ਸ਼ਕਤੀਸ਼ਾਲੀ ਬਣਾਉਂਦੀ ਹੈ।

ਚਰਿਤ੍ਰ ਦੋ ਰੂਪਾਂ ਵਿਚ ਦਿਖਾਈ ਦਿੰਦੇ ਹਨ। ਚਰਿਤ੍ਰ ਕਾਵਿ ਅਤੇ ਲੀਲ੍ਹਾ ਕਾਵਿ, ਰਾਮ ਚਰਿਤ ਮਾਨਸ ਆਦਿ ਚਰਿਤ੍ਰ ਕਾਵਿ ਕਾਵਿ ਹਨ ਜਿਸ ਵਿਚ ਚੰਗੀ ਸਿੱਖਿਆ ਤਾਂ ਹੁੰਦੀ ਹੈ ਪਰ ਸਿਰਜਣਾਤਮਿਕ ਤੱਤਾਂ ਦਾ ਹੋਣਾ ਜਰੂਰੀ ਨਹੀਂ। ਲੀਲ੍ਹਾ ਕਾਵਿ, ਜਿਸ ਵਿਚ ਸਿਰਜਣਾ ਦੀ ਵੀਚਾਰ ਹੋਵੇ, ਸਿਰਜਣਾ ਇਕ ਲੀਲ੍ਹਾ ਹੈ ਖੇਡ ਹੈ, ਪ੍ਰਭੂ ਨੂੰ ਇਸੇ ਲਈ ਸਿਰਜਣਹਾਰ ਕਿਹਾ ਜਾਂਦਾ ਹੈ। ਅਸੀਂ ਰਾਮ ਚੰਦਰ ਜੀ ਦੇ ਜੀਵਨ ਨੂੰ ਚਰਿਤ੍ਰ ਕਹਿੰਦੇ ਹਾਂ।

ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਅਧਿਆਤਮਕ ਗਿਆਨ ਸ਼ਾਸਤਰ, ਜ਼ਫ਼ਰਨਾਮਾ ਵਿਚ ਔਰੰਗਜ਼ੇਬ ਜਾਂ ਅਜਿਹੇ ਕਿਸੇ ਰਾਜ ਕਰਨ ਵਾਲੇ ਨੂੰ ਰਾਜਨੀਤਕ ਸੋਝੀ ਦਿੱਤੀ ਗਈ ਹੈ ਜੋ ਹੋਰ ਕਿਸੇ ਵੀ ਸਾਹਿਤ ਵਿਚ ਪ੍ਰਾਪਤ ਨਹੀਂ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਕਾਲ ਪੁਰਖ ਨੂੰ ਹਰ ਥਾਂ ਹਰੇਕ ਅੰਦਰ ਵੇਖਣਹਾਰ ਹਨ ਸਮਸਤੁਲ ਨਿਵਾਸੀ ਮੰਨਦੇ ਹਨ, ਉਸ ਨੂੰ ਅੰਧਕਾਰ ਵੀ ਕਹਿੰਦੇ ਹਨ, ਤੇਜ ਤੇਜੇ ਵੀ, ਕਲਹ ਕਰਤਾ ਵੀ ਤੇ ਸ਼ਾਂਤ ਰੂਪੇ ਵੀ, ਉਨ੍ਹਾਂ ਦੀ ਨਜ਼ਰ ਵਿਚ ਰੱਬ ਕੋਈ ਇਕ ਵਾਸਾ ਸੰਕਲਪ ਨਹੀਂ ਇਕ ਪਾਸੇ ਵੇਦ ਬਾਣੀ ਹੈ ਤੇ ਦੂਜੇ ਪਾਸੇ ਕੋਕ ਦੀ ਕਹਾਣੀ ਵੀ ਉਹੋ ਹੈ।

ਉਹ ਰੱਬ ਨੂੰ ਨਰ ਵੀ ਮੰਨਦੇ ਹਨ ਤੇ ਨਾਰ ਵੀ, ਉਹ ਅਕਾਲ ਪੁਰਖ ਵੀ ਤੇ ਸ੍ਰੀ ਭਗਉਤੀ ਵੀ ਹੈ।

ਖਾਲਸਾ ਜੀ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਵਿਰੁੱਧ ਕੂੜ ਪ੍ਰਚਾਰ ਕਰਨ ਵਾਲੇ ਦੁਸ਼ਟ ਲੋਕ—ਪੰਥ ਦੋਖੀ, ਕੌਮ ਦੇ ਗੱਦਾਰ ਹਨ, ਇਨ੍ਹਾਂ ਨੂੰ ਮੂੰਹ ਨਾ ਲਾਵੋ ਇਨ੍ਹਾਂ ਤੋਂ ਹਰ ਸਮੇਂ ਸੁਚੇਤ ਰਹਿਣ ਦੀ ਲੋੜ ਹੈ।

ਪ੍ਰੋ. ਦਰਸ਼ਨ ਸਿੰਘ ਜੀ ਰਾਗੀ ਤੁਸੀ ਭਲੀ ਪ੍ਰਕਾਰ ਸਾਰੀ ਜਾਣਕਾਰੀ ਹੁੰਦਿਆਂ ਹੋਇਆਂ ਲੋਭ ਵਸ ਅਤੇ ਪੰਥ ਦੋਖੀ ਤਾਕਤਾਂ ਅਧੀਨ ਜਾਣ ਬੁੱਝ ਕੇ ਲਗਾਤਾਰ ਇਕ ਸਾਲ ਤੋਂ ਦਸਮੇਸ਼ ਪਿਤਾ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੀ ਆਪਣੀ ਰਚਨਾ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਵਿਰੁੱਧ ਬਹੁਤ ਹੀ ਗਲਤ ਸ਼ਬਦਾਂ ਦੀ ਵਰਤੋਂ ਕਰਦੇ ਹੋਏ ਕਿਸੇ ਸਾਜਿਸ਼ ਅਧੀਨ ਕੂੜ ਪ੍ਰਚਾਰ ਕਰ ਰਹੇ ਹੋ, ਇਸ ਲਈ ਤੁਹਾਨੂੰ ਸੁਧਾਰ ਲਈ ਸਮਾਂ ਦੇਣ ਦੀ ਲੋੜ ਤਾਂ ਨਹੀਂ ਸੀ ਪਰ ਫਿਰ ਵੀ ਕੇਵਲ ਇਕ ਵਾਰ ਸਮਾਂ ਦਿੱਤਾ ਜਾਂਦਾ ਹੈ ਕਿ ਤੁਸੀਂ 10 ਮਈ 2008 ਨੂੰ ਸਵੇਰੇ 10 ਵਜੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੇ ਪੰਜ ਪਿਆਰੇ ਸਿੰਘ ਸਾਹਿਬਾਨ ਦੇ ਸਨਮੁਖ ਹਾਜ਼ਰ ਹੋ ਕੇ ਆਪਣਾ ਸਪਸ਼ਟੀਕਰਨ ਦਿਉ ਕਿ ਤੁਸੀਂ ਜਾਣ ਬੁੱਝ ਕੇ ਸਿੱਖ ਕੌਮ ਨਾਲ ਗੱਦਾਰੀ ਅਤੇ ਪੰਥ ਦੋਖੀ ਕਾਰਵਾਈਆਂ ਕਿਉਂ ਕਰ ਰਹੇ ਹੋ। ਹਾਜ਼ਰ ਨਾ ਹੋਣ ਤੇ ਗੁਰੂ ਪੰਥ ਦੀ ਪੰਥਕ ਗੁਰਮਰਯਾਦਾ ਅਨੁਸਾਰ ਤੁਹਾਨੂੰ ਪੱਕਾ ਤਨਖਾਹੀਆ ਘੋਸ਼ਿਤ ਕਰ ਦਿੱਤਾ ਜਾਵੇਗਾ।

ਸਾਰੇ ਸੰਸਾਰ ਦੀਆਂ ਗੁਰਸਿੱਖ ਸੰਗਤਾਂ ਨੂੰ ਖਾਲਸਾ ਪੰਥ ਦੇ ਪੰਥਕ ਮਰਯਾਦਾ ਦੇ ਸਰਵਉੱਚ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੇ ਪੰਜ ਪਿਆਰੇ ਸਿੰਘ ਸਾਹਿਬਾਨ ਵੱਲੋਂ ਆਦੇਸ਼ ਦਿੱਤਾ ਜਾਂਦਾ ਹੈ ਕਿ ਦਰਸ਼ਨ ਸਿੰਘ ਰਾਗੀ ਨੂੰ ਮੂੰਹ ਨਾ ਲਾਉਣ ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਵੱਲੋਂ ਫਿਟਕਾਰਿਆ ਗਿਆ ਹੈ, ਜੋ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਜਾਂ ਸੰਸਥਾਵਾਂ ਇਸ ਨੂੰ ਬੋਲਣ ਦਾ ਸਮਾਂ ਦੇਣਗੇ ਉਹ ਵੀ ਪੰਥ ਦੋਖੀ ਤੇ ਸਿੱਖ ਕੌਮ ਦੇ ਗੱਦਾਰ ਹੀ ਹੋਣਗੇ, ਗਰਸਿੱਖ ਸੰਗਤਾਂ ਇਸ ਤਰ੍ਹਾਂ ਦੇ ਪ੍ਰਬੰਧਕਾਂ ਤੋਂ ਵੀ ਸੁਚੇਤ ਰਹਿਣ।

13 ਅਪ੍ਰੈਲ 2008 ਦਿਨ ਐਤਵਾਰ ਖਾਲਸਾ ਜੀ ਦੇ ਪਾਵਨ ਜਨਮ ਦਿਹਾੜੇ ਵਿਸਾਖੀ ਪੁਰਬ ਤੇ ਕੁਛ ਖਾਸ ਪੰਥਕ ਵਿਚਾਰਾਂ ਕਰਨ ਲਈ ਪੰਜ ਪਿਆਰੇ ਸਿੰਘ ਸਾਹਿਬਾਨ ਦੀ ਵਿਸ਼ੇਸ਼ ਇਕੱਤਰਤਾ ਦੋਪਹਿਰ 2:00 ਵਜੇ ਹੋਵੇਗੀ।

ਪੰਜ ਪਿਆਰੇ ਸਿੰਘ ਸਾਹਿਬਾਨ ਤਖ਼ਤ ਸ੍ਰੀ ਹਰਿੰਮਦਰ ਜੀ ਪਟਨਾ ਸਾਹਿਬ

(ਰਾਜਿੰਦਰ ਸਿੰਘ)	ਸੀਲ	(ਇਕਬਾਲ ਸਿੰਘ)
ਹੈਡ ਗ੍ਰੰਥੀ		ਜਥੇਦਾਰ
(ਬਲਦੇਵ ਸਿੰਘ)	(ਦਲੀਪ ਸਿੰਘ)	(ਨਿਹਾਲ ਸਿੰਘ)
ਸੀ. ਗ੍ਰੰਥੀ	ਗ੍ਰੰਥੀ	ਗ੍ਰੰਥੀ

13.04.2008

ਅੱਜ ਮਿਤੀ 13 ਅਪ੍ਰੈਲ 2008 ਦਿਨ ਐਤਵਾਰ 1 ਵੈਸਾਖ, ਖਾਲਸਾ ਜੀ ਦੇ ਪਾਵਨ ਜਨਮ ਦਿਹਾੜੇ ਵੈਸਾਖੀ ਪੁਰਬ ਤੇ ਸਿੱਖ ਕੌਮ, ਖਾਲਸਾ ਪੰਥ ਦੇ ਪੰਥਕ ਮਰਿਯਾਦਾ ਦੇ ਸਰਵਉੱਚ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੇ ਪੰਜ ਪਿਆਰੇ ਸਿੰਘ ਸਾਹਿਬਾਨ ਵੱਲੋਂ ਬੜੀ ਗੰਭੀਰਤਾ ਨਾਲ ਵਿਚਾਰ ਕਰ ਕੇ ਹੇਠ ਲਿਖੇ ਗੁਰਮਤੇ ਪਾਸ ਕੀਤੇ ਜਾਂਦੇ ਹਨ:

1. ਪੰਜਾਂ ਤਖ਼ਤਾਂ ਦੇ ਜਥੇਦਾਰ ਸਿੰਘ ਸਾਹਿਬਾਨ ਨੂੰ ਸਪੋਕਸਮੈਨ ਅਖਬਾਰ ਵੱਲੋਂ ਨਿਰਾਦਰੀ ਨਾਲ ਪੁਜਾਰੀ ਕਹਿਣ-ਲਿਖਣ ਤੇ ਪਾਬੰਦੀ ਲਾਉਣ ਲਈ ਉਸ ਤੇ ਸਖ਼ਤ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ।
2. ਅਕਾਲੀ ਦਲ ਦੇ ਨਵੇਂ ਪ੍ਰਧਾਨ ਦਾ ਨਿਗੁਰਾ ਹੋਣਾ, ਅਮ੍ਰਿਤਧਾਰੀ ਨਾ ਹੋਣਾ ਬਹੁਤ ਹੀ ਗਲਤ ਹੈ।
3. ਸ਼੍ਰੋ.ਗੁ.ਪ੍ਰ. ਕਮੇਟੀ ਦੇ ਪ੍ਰਧਾਨ ਦੀ ਚੋਣ ਇਕ ਰਾਜਨੀਤਿਕ ਮਨੁੱਖ ਵੱਲੋਂ ਆਪਣੀ ਮਰਜੀ ਨਾਲ ਕਰਨੀ ਫਿਰ ਉਸ ਪ੍ਰਧਾਨ ਨੂੰ ਆਪਣੇ ਹੁਕਮ ਅਧੀਨ ਰੱਖਣਾ ਅਤੇ ਆਪਣੀ ਮਨ ਮਰਜੀ ਦੇ ਕੰਮ ਕਰਾਉਣੇ। ਇਸ ਤਰ੍ਹਾਂ ਸਿੱਖ ਧਰਮ ਤੇ ਸਿੱਖ ਧਰਮ ਵਿਰੋਧੀ ਤਾਕਤਾਂ ਅਤੇ ਰਾਜਨੀਤੀ ਦਾ ਪੂਰੀ ਤਰ੍ਹਾਂ ਨਾਲ ਸਿੱਖੀ ਤੇ ਕਾਬਜ ਹੋਣਾ ਮੰਦਭਾਗਾ ਹੈ। ਇਸ ਤੋਂ ਆਦਿ ਹੋਰ ਵੀ ਪੰਥਕ ਮਸਲਿਆਂ ਤੇ ਬੜੀ ਗੰਭੀਰਤਾ ਨਾਲ ਵੀਚਾਰ ਕੀਤੀ ਗਈ।
4. ਸ੍ਰ. ਅਵਤਾਰ ਸਿੰਘ ਜੀ ਪ੍ਰਧਾਨ ਸ਼੍ਰੋ.ਗੁ.ਪ੍ਰ. ਕਮੇਟੀ ਸ੍ਰੀ ਅੰਮ੍ਰਿਤਸਰ, ਤੁਹਾਡੇ ਪਾਸੋਂ ਸ਼੍ਰੋ.ਗੁ.ਪ੍ਰ. ਕਮੇਟੀ ਵੱਲੋਂ ਸਿੱਖ ਇਤਿਹਾਸ ਹਿੰਦੀ ਵਿਚ ਛਪੀ ਪੁਸਤਕ ਜਿਸ ਵਿਚ ਦਸ ਗੁਰੂ ਸਾਹਿਬਾਨ ਜੀ ਪ੍ਰਤੀ ਵੀ ਬਹੁਤ ਹੀ ਅਪਮਾਨਜਨਕ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ, ਤੁਹਾਡੇ ਪਾਸੋਂ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੇ ਪੰਜ ਪਿਆਰੇ ਸਿੰਘ ਸਾਹਿਬਾਨ ਵੱਲੋਂ 1 ਅਪ੍ਰੈਲ ਤੱਕ ਲਿਖਤੀ ਜਬਾਬ ਮੰਗਿਆ ਗਿਆ ਸੀ, ਪਰ ਤੁਸੀਂ ਲਿਖ ਕੇ ਨਹੀਂ ਭੇਜਿਆ, ਇਸ ਲਈ ਤੁਹਾਨੂੰ 13 ਅਪ੍ਰੈਲ ਤੱਕ ਹੋਰ ਵੱਧ ਸਮਾਂ ਵੀ ਦਿੱਤਾ ਗਿਆ, ਪਰ ਤੁਸੀਂ ਹੁਣ ਤੱਕ ਕੋਈ ਜਬਾਬ ਨਹੀਂ ਦਿੱਤਾ। ਹੁਣ ਤੁਸੀਂ ਆਪ ਖੁਦ 10 ਮਈ ਤੱਕ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੇ ਪੰਜ ਪਿਆਰੇ ਸਿੰਘ ਸਾਹਿਬਾਨ ਦੇ ਸਨਮੁਖ ਆਪ ਹਾਜਰ ਹੋ ਕੇ ਸਾਰੇ ਸਵਾਲਾਂ ਦਾ ਜਬਾਬ ਦਿਉ, ਹਾਜਰ ਨਾ ਹੋਣ ਤੇ ਤੁਹਾਡੇ ਤੇ ਗੁਰ ਮਰਯਾਦਾ ਅਨੁਸਾਰ ਅਗਲੀ ਕਾਰਵਾਈ ਕਰ ਦਿੱਤੀ ਜਾਵੇਗੀ।
5. ਪਹਿਲਾਂ ਹੀ ਸਾਜਿਸ਼ ਅਧੀਨ ਬਣਾਈ 7 ਮੈਂਬਰੀ ਕਮੇਟੀ ਪ੍ਰਵਾਨ ਨਹੀਂ। ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਸਿੰਘ ਸਾਹਿਬਾਨ ਗਿ. ਜੋਗਿੰਦਰ

ਸਿੰਘ ਜੀ ਵੱਲੋਂ ਪਹਿਲਾਂ ਹੀ ਸੋਚ ਸਮਝ ਕੇ ਸਾਜਿਸ਼ ਅਧੀਨ 7 ਮੈਂਬਰੀ ਕਮੇਟੀ ਬਣਾਈ ਗਈ ਹੈ। ਜਿਸ ਵਿਚ ਆਪਣੇ ਸਮੇਤ ਪੰਜਾਂ ਦੇ ਨਾਮ ਲਿਖੇ ਹਨ ਪਰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਅਤੇ ਤਖ਼ਤ ਸ੍ਰੀ ਸਚਖੰਡ ਹਜੂਰ ਸਾਹਿਬ ਦੇ ਸਿੰਘ ਸਾਹਿਬਾਨ ਦੇ ਨਾਮ ਹੀ ਇੰਨ੍ਹਾਂ ਨੂੰ ਭੁੱਲ ਗਏ ਹਨ। ਕਿਉਂਕਿ ਇਹ ਸਾਰਾ ਕੁਝ ਇਕ ਸੋਚੀ ਸਮਝੀ ਸਾਜਿਸ਼ ਹੈ, ਜੋ ਕਿ ਇਨ੍ਹਾਂ ਦੋਨਾਂ ਤਖ਼ਤ ਸਾਹਿਬਾਨ ਦਾ ਇਕ-ਇਕ ਨੁਮਾਇੰਦਾ ਰੱਖਿਆ ਹੈ। ਜਿਸ ਵਿਚ ਕੋਈ ਵੀ ਇਹ ਆਪਣੀ ਮਰਜੀ ਨਾਲ ਸ਼ਾਮਲ ਕਰ ਸਕਦੇ ਹਨ, ਪਹਿਲਾਂ ਵੀ ਨਾਨਕਸ਼ਾਹੀ ਕੈਲੰਡਰ ਲਾਗੂ ਕਰਨ ਲਗਿਆਂ ਦੋਨਾਂ ਤਖ਼ਤ ਸਾਹਿਬਾਨ ਦੀ ਸਹਿਮਤੀ ਨਹੀਂ ਲਈ, ਧੋਖੇ ਨਾਲ ਧੱਕੇਸ਼ਾਹੀ ਕੈਲੰਡਰ ਲਾਗੂ ਕਰ ਦਿੱਤਾ। ਫਿਰ ਪੰਜ ਇਹ ਆਪ ਹਨ ਤੇ ਬਹੁ-ਸੰਮਤੀ ਨਾਲ ਆਪ ਭੀ ਮਰਜੀ ਦਾ ਮਤਾ ਪਾਸ ਕਰ ਸਕਦੇ ਹਨ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਬੈਠ ਕੇ ਇਸ ਤਰ੍ਹਾਂ ਦੀਆਂ ਸਾਜਿਸ਼ਾਂ ਕਰਨੀਆਂ, ਸਿੱਖ ਕੌਮ ਨਾਲ ਧੋਖਾ ਕਰਨਾ ਬਹੁਤ ਹੀ ਦੁਖਦਾਈ ਮੰਦਭਾਗੀ ਘਟਨਾ ਹੈ, ਸਿੱਖ ਸੰਗਤਾਂ ਐਸੀਆਂ ਧੋਖੇਬਾਜ ਸਾਜਿਸ਼ਾਂ ਤੋਂ ਸੁਚੇਤ ਰਹਿਣ।

ਪੰਜ ਪਿਆਰੇ ਸਿੰਘ ਸਾਹਿਬਾਨ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ

(ਰਾਜਿੰਦਰ ਸਿੰਘ) ਹੈਡ ਗ੍ਰੰਥੀ	ਸੀਲ	(ਇਕਬਾਲ ਸਿੰਘ) ਜਥੇਦਾਰ
(ਬਲਦੇਵ ਸਿੰਘ) ਸੀ. ਗ੍ਰੰਥੀ	(ਦਲੀਪ ਸਿੰਘ) ਗ੍ਰੰਥੀ	(ਨਿਹਾਲ ਸਿੰਘ) ਗ੍ਰੰਥੀ

10.05.2008

ਅੱਜ ਮਿਤੀ 10 ਮਈ, 2008 ਦਿਨ ਸ਼ਨੀਵਾਰ 28 ਵੈਸਾਖ, ਖਾਲਸਾ ਪੰਥ ਦੇ ਪੰਥਕ ਮਰਿਯਾਦਾ ਦੇ ਸਰਵ-ਉੱਚ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੇ ਪੰਜ ਪਿਆਰੇ ਸਿੰਘ ਸਾਹਿਬਾਨ ਵੱਲੋਂ ਬੜੀ ਗੰਭੀਰਤਾ ਨਾਲ ਵਿਚਾਰ ਕਰਕੇ ਗੁਰਮਤਾ ਪਾਸ ਕਰਕੇ ਹੁਕਮਨਾਮਾ ਜਾਰੀ ਕੀਤਾ ਜਾਂਦਾ ਹੈ।

ਪ੍ਰੋਫੈਸਰ ਦਰਸ਼ਨ ਸਿੰਘ ਜੀ ਖਾਲਸਾ ਰਾਗੀ, ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ॥

ਤੁਹਾਨੂੰ 10 ਮਈ, 2008 ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੇ ਪੰਜ ਪਿਆਰੇ ਸਿੰਘ ਸਾਹਿਬਾਨ ਵੱਲੋਂ ਆਪਣਾ ਸਪਸ਼ਟੀਕਰਨ ਦੇਣ ਲਈ ਸੱਦਿਆ ਗਿਆ ਸੀ ਪਰ ਤੁਸੀ ਹਾਜਰ ਨਹੀ ਹੋਏ।

ਤੁਹਾਨੂੰ ਇਹ ਭਲੀ ਪ੍ਰਕਾਰ ਜਾਣਕਾਰੀ ਹੈ ਕਿ 14 ਮਈ 2000 ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਜਾਰੀ ਕੀਤੇ ਹੁਕਮਨਾਮੇ ਵਿੱਚ ਸ੍ਰੀ ਦਸਮ ਗ੍ਰੰਥ ਸਾਹਿਬ ਵਿਰੁਧ ਬੋਲਣ ਤੋਂ ਮਨਾ ਕੀਤਾ ਗਿਆ ਸੀ। ਫਿਰ ਦੂਜੀ ਵਾਰ ਪੰਜਾਂ ਤਖ਼ਤਾਂ ਦੇ ਜਥੇਦਾਰ ਸਿੰਘ ਸਾਹਿਬਾਨ ਵੱਲੋਂ 27.11.2006 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮਾ ਜਾਰੀ ਕੀਤਾ ਗਿਆ ਸੀ ਜਿਸ ਵਿੱਚ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਬਾਰੇ ਸ਼ਰਾਰਤੀ ਅਨਸਰਾਂ ਵੱਲੋਂ ਗੁੰਮਰਾਹਕੁਨ ਕੂੜ ਪ੍ਰਚਾਰ ਕਰਨ ਬਾਰੇ ਸਖ਼ਤੀ ਨਾਲ ਰੋਕਿਆ ਗਿਆ ਸੀ। ਤੁਸੀ ਇਨ੍ਹਾਂ ਦੋਨਾਂ ਹੁਕਮਨਾਮਿਆਂ ਦੀ ਉਲੰਘਣਾ ਕਰਨ ਦੇ ਵੀ ਦੋਸ਼ੀ ਹੋ। ਫਿਰ ਸ੍ਰੀ ਦਸਮ ਗ੍ਰੰਥ ਜੀ ਬਾਰੇ ਤੁਹਾਡੇ ਵੱਲੋਂ ਗੁੰਮਰਾਹਕੁਨ ਪ੍ਰਚਾਰ ਕਰਨ ਬਾਰੇ 8 ਜਨਵਰੀ 2007 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਪੰਜਾਂ ਤਖ਼ਤਾਂ ਦੇ ਜਥੇਦਾਰ ਸਿੰਘ ਸਾਹਿਬਾਨ ਵੱਲੋਂ ਹੁਕਮਨਾਮਾ ਜਾਰੀ ਹੋਇਆ ਕਿ ਪ੍ਰੋ. ਦਰਸ਼ਨ ਸਿੰਘ ਰਾਗੀ ਅਤੇ ਇਸ ਵਰਗੇ ਹੋਰ ਦਸਮ ਗ੍ਰੰਥ ਵਿਰੁਧ ਕੂੜ ਪ੍ਰਚਾਰ ਕਰਨ ਵਾਲੇ ਸ਼ਰਾਰਤੀ ਅਨਸਰਾਂ ਤੋਂ ਸੰਗਤਾਂ ਸੁਚੇਤ ਰਹਿਣ। ਪਰ ਤੁਸੀਂ ਇਸ ਹੁਕਮਨਾਮੇ ਦੀ ਵੀ ਕੋਈ ਪ੍ਰਵਾਹ ਨਹੀਂ ਕੀਤੀ। ਤੁਸੀਂ ਪੰਥ ਦੋਖੀ ਸਾਜਿਸ਼ਾਂ ਅਧੀਨ ਆਪਣਾ ਫੁੱਟ ਪਾਊ ਕੂੜ ਪ੍ਰਚਾਰ ਹੋਰ ਤੇਜ ਕਰ ਦਿੱਤਾ। ਇਸ ਦੇ ਵੀ ਤੁਸੀ ਭਾਰੀ ਦੋਸ਼ੀ ਹੋ।

ਹੁਣ ਜਦੋਂ ਪੂਰੀ ਸਿੱਖ ਕੌਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਆਈ ਗੱਦੀ ਬਿਰਾਜਮਾਨ ਹੋਣ ਦੀ 300 ਸਾਲਾ ਸ਼ਤਾਬਦੀ ਕੱਤਕ ਸੁਦੀ ਦੂਜ 30 ਅਕਤੂਬਰ 2008 ਨੂੰ ਮਨਾਉਣ ਦੀ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਪੂਰੀ ਤਿਆਰੀ ਕਰ ਰਹੀ ਹੈ। ਇਸ ਸਮੇ ਸੰਗਤਾਂ ਨੂੰ ਖਾਲਸਾ ਪੰਥ ਦੇ ਸਰਵਉੱਚ ਪੰਜਾਂ ਤਖ਼ਤ ਸਾਹਿਬਾਨ ਬਾਰੇ ਗੁੰਮਰਾਹ ਕਰਨਾ ਕਿ ਜਿਥੇ ਸ੍ਰੀ ਦਸਮ ਗ੍ਰੰਥ ਦਾ ਪ੍ਰਕਾਸ਼ ਹੁੰਦਾ ਹੈ ਉਥੇ ਮੱਥਾ ਟੇਕਣ ਨਾ ਜਾਣ, ਜਦ ਕਿ ਤੁਸੀਂ ਆਪ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਹੁੰਦੇ ਹੋਏ ਵੀ ਤੇ ਬਾਅਦ ਵਿੱਚ ਵੀ ਤਖ਼ਤ ਸ੍ਰੀ ਪਟਨਾ ਸਾਹਿਬ, ਤਖ਼ਤ ਸ੍ਰੀ ਹਜੂਰ ਸਾਹਿਬ ਮੱਥਾ ਟੇਕ ਕੇ ਅਤੇ ਕੀਰਤਨ ਦੀ ਹਾਜਰੀ ਵੀ ਭਰ ਕੇ ਆਏ ਹੋ। ਫਿਰ ਸੰਗਤਾਂ ਨੂੰ ਕਿਸ ਸਾਜਿਸ਼ ਅਧੀਨ ਮਨਾ ਕਰ ਰਹੇ ਹੋ? ਪੰਜਾਂ ਤਖ਼ਤਾਂ ਵਿਚਕਾਰ ਦਰਾਰ ਪੈਦਾ ਕਰਨ ਅਤੇ 300 ਸਾਲਾ ਸ਼ਤਾਬਦੀ

ਸਮਾਗਮ ਵਿੱਚ ਰੁਕਾਵਟ-ਵਿਘਨ ਪਾਉਣ ਦਾ ਪੂਰਾ ਯਤਨ ਕਰਨ ਦੇ ਵੀ ਭਾਰੀ ਦੋਸ਼ੀ ਹੋ।

ਗੁਰਦੁਆਰਾ ਸ੍ਰੀ ਰਕਾਬ ਗੰਜ ਸਾਹਿਬ ਨਵੀਂ ਦਿੱਲੀ ਵਿਖੇ ਕੀਰਤਨ ਕਰਦਿਆਂ ਤੁਸੀਂ ਕਿਹਾ ਕਿ ਜੇਕਰ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵੀ ਗੁਰਮਤਿ ਅਨੁਸਾਰ ਨਹੀਂ ਹੈ ਤਾਂ ਉਹ ਵੀ ਪ੍ਰਵਾਣ ਨਹੀ। ਤੁਸੀਂ ਖਾਲਸਾ ਪੰਥ ਦੇ ਸਿਰਜਣਹਾਰ, ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੋਂ ਵੀ ਆਪਣੇ ਆਪ ਨੂੰ ਵੱਡਾ ਮੰਨ ਰਹੇ ਹੋ। ਐਸਾ ਕੁ-ਕਰਮ ਕੋਈ ਪੰਥ ਦੋਖੀ ਕਿਸੇ ਡੂੰਘੀ ਸਾਜਿਸ਼ ਅਧੀਨ ਹੀ ਕਰ ਸਕਦਾ ਹੈ। ਜਾਂ ਫਿਰ ਕੋਈ ਪਾਗਲ-ਮਾਨਸਿਕ ਰੋਗੀ।

ਫਿਰ ਤੁਸੀ ਕਿਹਾ ਕਿ ਇੱਕ ਪੈਨਲ ਬਣਾ ਲਿਆ ਜਾਵੇ, ਪੈਨਲ ਵਿੱਚ ਜਾਪ, ਚੌਪਈ, ਵਾਰ ਭਗਉਤੀ ਜੀ ਕੀ, ਬਾਰੇ ਵਿਚਾਰ ਹੋਵੇ ਜੇ ਪੈਨਲ ਅਨੁਸਾਰ ਠੀਕ ਹੋਵੇ ਤਾਂ ਇੱਕ ਵੱਖਰੀ ਪੋਥੀ ਬਣਾ ਲਈ ਜਾਵੇ। ਇਹ ਤੁਸੀ ਸਿਧਾ ਅੰਮ੍ਰਿਤ ਸੰਚਾਰ (ਪ੍ਰਚਾਰ) ਤੇ ਅਟੈਕ ਕੀਤਾ ਹੈ। ਇਸ ਦੇ ਵੀ ਤੁਸੀ ਦੋਸ਼ੀ ਹੋ। ਹੁਣ ਤੁਸੀ ਆਪਣੇ ਅਤੀ ਅਹੰਕਾਰੀ, ਕਾਮੀ, ਕ੍ਰੋਧੀ, ਸੁਭਾਵ ਅਨੁਸਾਰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੇ ਹੁਕਮਨਾਮੇ ਨੂੰ ਕੂੜ ਕਬਾੜ ਅਤੇ ਨਿਰਾ ਝੂਠ ਦਾ ਪੁਲੰਦਾ ਕਿਹਾ ਹੈ। ਇਸ ਦੇ ਵੀ ਤੁਸੀਂ ਦੋਸ਼ੀ ਹੋ। ਸਾਨੂੰ ਇਹ ਪਤਾ ਸੀ ਕਿ ਇੱਕ ਰਾਗੀ ਜੋ ਲਿਖ ਕੇ ਵਾਜੇ ਤੇ ਅੱਗੇ ਰੱਖ ਕੇ ਸ਼ਬਦ ਪੜ੍ਹਨ ਵਾਲਾ ਹੈ ਉਸਨੂੰ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਵੀ ਪੂਰੀ ਜਾਣਕਾਰੀ ਨਹੀਂ ਹੈ। ਉਸ ਨੂੰ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਬਾਰੇ ਤਾਂ ਜਾਣਕਾਰੀ ਹੋ ਹੀ ਨਹੀ ਸਕਦੀ, ਇਸ ਲਈ ਤੁਹਾਡੀ ਜਾਣਕਾਰੀ ਵਾਸਤੇ ਲਿਖਿਆ ਸੀ। ਜੇ ਤੁਹਾਨੂੰ ਕੋਈ ਜਾਣਕਾਰੀ ਹੁੰਦੀ ਤਾਂ ਤੁਸੀ ਤਖ਼ਤ ਸ੍ਰੀ ਦਮਦਮਾ ਸਾਹਿਬ ਸੰਗਤਾਂ ਦੇ ਸੱਦੇ ਤੇ ਵੀਚਾਰਾਂ ਕਰਨ ਜ਼ਰੂਰ ਜਾਂਦੇ, ਤੁਹਾਨੂੰ ਕੋਈ ਜਾਣਕਾਰੀ ਨਾ ਹੋਣ ਕਰਕੇ ਹੀ ਇਥੇ ਹਾਜ਼ਰ ਹੋਣ ਤੋਂ ਤੁਸੀ ਡਰਦੇ ਹੋ।

ਉਪਰ ਲਿਖੇ ਸਾਰੇ ਦੋਸ਼ਾਂ ਅਧੀਨ ਪੰਜ ਪਿਆਰੇ ਸਿੰਘ ਸਾਹਿਬਾਨ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਵੱਲੋਂ ਤੁਹਾਨੂੰ ਪੱਕਾ ਤਨਖਾਹੀਆ ਘੋਸ਼ਿਤ ਕੀਤਾ ਜਾਂਦਾ ਹੈ। ਸਾਰੇ ਸੰਸਾਰ ਦੀਆਂ ਗੁਰਸਿੱਖ ਸੰਗਤਾਂ ਨੂੰ ਸੁਚੇਤ ਕੀਤਾ ਜਾਂਦਾ ਹੈ ਕਿ ਪ੍ਰੋ. ਦਰਸ਼ਨ ਸਿੰਘ ਰਾਗੀ ਨੂੰ ਮੂੰਹ ਨਾ ਲਾਉਣ, ਕਿਸੇ ਵੀ ਗੁਰੂ ਘਰ ਅੰਦਰ ਕੀਰਤਨ - ਬੋਲਣ ਦਾ ਸਮਾਂ ਨਾ ਦਿੱਤਾ ਜਾਵੇ। ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੱਲੋਂ ਫਿਟਕਾਰਿਆ ਗਿਆ ਹੈ। ਜੋ ਵੀ ਇਸ ਨਾਲ ਮੇਲ-ਮਿਲਾਪ, ਰੋਟੀ-ਬੇਟੀ ਦੀ ਸਾਂਝ ਕਰੇਗਾ ਉਹ ਵੀ ਪੰਥ ਦੋਖੀ ਤਨਖਾਹੀਆ ਹੋਵੇਗਾ।

ਜੋ ਵੀ ਗੁਰਸਿੱਖ ਸੰਗਤਾਂ ਖਾਲਸਾ ਪੰਥ ਦੀ ਪੰਥਕ ਮਰਿਯਾਦਾ ਦੇ ਸਰਵਉੱਚ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦਾ ਹੁਕਮਨਾਮਾ ਮੰਨਣਗੇ, ਉਨ੍ਹਾਂ ਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੀ ਖੁਸ਼ੀ ਹੋਵੇਗੀ, ਨਿਹਾਲ ਹੋਣਗੇ।

ਪੰਜ ਪਿਆਰੇ ਸਿੰਘ ਸਾਹਿਬਾਂਨ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ

(ਰਾਜਿੰਦਰ ਸਿੰਘ)	ਸੀਲ	(ਇਕਬਾਲ ਸਿੰਘ)
ਹੈਡ ਗ੍ਰੰਥੀ		ਜਥੇਦਾਰ
(ਬਲਦੇਵ ਸਿੰਘ)	(ਦਲੀਪ ਸਿੰਘ)	(ਗੁਰਦਿਆਲ ਸਿੰਘ)
ਸੀ: ਮੀਤ ਗ੍ਰੰਥੀ	ਮੀਤ ਗੰਥੀ	ਗ੍ਰੰਥੀ

24.06.2008

ਅੱਜ ਮਿਤੀ 24.06.2008 ਦਿਨ ਮੰਗਲਵਾਰ ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਵਿਖੇ ਪੰਜ ਪਿਆਰੇ ਸਿੰਘ ਸਾਹਿਬਾਨ ਦੀ ਵਿਸ਼ੇਸ਼ ਇਕੱਤਰਤਾ ਹੋਈ, ਜਿਸ ਵਿੱਚ ਗੁਰਮਤਾ ਪਾਸ ਕਰਕੇ ਹੁਕਮਨਾਮਾ ਜਾਰੀ ਕੀਤਾ ਜਾਂਦਾ ਹੈ ਕਿ ਜੋ ਸਿਗਲੀਗਰ ਸਿੱਖ ਕਰਨਾਟਕਾ, ਮੱਧ ਪ੍ਰਦੇਸ਼, ਮਹਾਰਾਸਟ੍ਰਾ ਵਿੱਚ ਕਰੀਬ ਢਾਈ ਕਰੋੜ ਦੀ ਗਿਣਤੀ ਵਿੱਚ ਹਨ, ਉਨ੍ਹਾਂ ਦੀ ਹਰ ਤਰ੍ਹਾਂ ਕਰਕੇ ਮਦਦ ਕਰਕੇ ਉਨ੍ਹਾਂ ਨੂੰ ਸਿੱਖੀ ਦੀ ਮੁੱਖ ਧਾਰਾ ਵਿੱਚ ਲਿਆਉਣ ਵਾਸਤੇ ਉਨ੍ਹਾਂ ਦੇ ਬੱਚਿਆਂ ਲਈ ਚੰਗੇ ਸਕੂਲ, ਕਾਲੇਜ ਖੋਲ੍ਹਣੇ ਅਤੇ ਨਾਲ ਗੁਰਮਤਿ ਵਿਦਿਆ ਵਿੱਚ ਵੀ ਨਿਪੁੰਨ ਕਰਨ ਵਾਸਤੇ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵੱਲੋਂ, ਗੋਆ ਸਿੱਖ ਚੈਰੀਟੇਬਲ ਟ੍ਰਸਟ ਦੀ ਨਿਯੁਕਤੀ ਕੀਤੀ ਜਾਂਦੀ ਹੈ। ਜਿਸ ਦੇ ਸਰਪ੍ਰਸਤ (ਚੇਅਰਮੈਨ) ਸਿੰਘ ਸਾਹਿਬ ਗਿਆਨੀ ਇਕਬਾਲ ਸਿੰਘ ਜੀ, ਜਥੇਦਾਰ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਹੋਣਗੇ। ਮੁੱਖ ਸੇਵਾਦਾਰ (ਪ੍ਰਧਾਨ) ਸ੍ਰ. ਹਰਮਿੰਦਰ ਸਿੰਘ ਜੀ, ਗੋਆ ਹੋਣਗੇ। ਇਨ੍ਹਾਂ ਦੇ ਨਾਲ ਸਹਾਇਕ ਬਾਬਾ ਦਲਜੀਤ ਸਿੰਘ ਜੀ ਨਿਹੰਗ ਮੁੰਬਈ ਹੋਣਗੇ ਅਤੇ ਨਾਲ ਤਿੰਨ ਹੋਰ ਅੰਮ੍ਰਿਤਧਾਰੀ ਸਿੰਘ ਲੈ ਕੇ ਪੰਜ ਸਿੰਘਾਂ ਦੀ ਅਗਵਾਈ ਵਿਚ 11 (ਗਿਆਰਾਂ) ਫਾਉਂਡਰ ਮੈਂਬਰ ਹੋਣਗੇ। ਇਸ ਤੋਂ ਅੱਗੇ ਹੋਰ ਸਬ ਕਮੇਟੀਆਂ ਬਨਾਉਣਾ ਆਦਿ ਸਾਰੇ ਅਧਿਕਾਰ ਸ੍ਰ. ਹਰਮਿੰਦਰ ਸਿੰਘ ਜੀ ਨੂੰ ਹੋਣਗੇ। ਇਨ੍ਹਾਂ ਪੰਜ ਅੰਮ੍ਰਿਤਧਾਰੀ ਸਿੰਘਾਂ ਨੂੰ ਪੰਜ ਪਿਆਰਿਆਂ ਦੇ ਰੂਪ ਵਿੱਚ ਗੋਆ ਦੇ ਸਿੱਖਾਂ ਦੇ ਧਾਰਮਿਕ, ਰਾਜਨੀਤਿਕ, ਸਮਾਜਿਕ ਫੈਸਲੇ ਕਰਨ ਦਾ ਅਧਿਕਾਰ ਵੀ ਦਿੱਤਾ ਜਾਂਦਾ ਹੈ।

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੀ ਪੁਰਾਤਨ ਮਰਿਯਾਦਾ ਅਨੁਸਾਰ ਹੀ ਨਿੱਤਨੇਮ, ਮੂਲ ਮੰਤ੍ਰ, ਪੂਰੀ ਰਹਿਰਾਸ ਅਤੇ ਸਾਰੇ ਗੁਰਪੁਰਬ, ਸੰਗਰਾਂਦ, ਆਦਿ ਪਾਵਨ ਦਿਹਾੜੇ ਮਨਾਏ ਜਾਣਗੇ।

ਪੰਜ ਪਿਆਰੇ ਸਿੰਘ ਸਾਹਿਬਾਂਨ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ

(ਰਾਜਿੰਦਰ ਸਿੰਘ)	ਸੀਲ	(ਇਕਬਾਲ ਸਿੰਘ)
ਹੈਡ ਗ੍ਰੰਥੀ		ਜਥੇਦਾਰ
(ਬਲਦੇਵ ਸਿੰਘ)	(ਦਲੀਪ ਸਿੰਘ)	(ਗੁਰਦਿਆਲ ਸਿੰਘ)
ਸੀ: ਮੀਤ ਗ੍ਰੰਥੀ	ਮੀਤ ਗੰਥੀ	ਗ੍ਰੰਥੀ

02.08.2008

ਅੱਜ ਮਿਤੀ 02.08.2008 ਦਿਨ ਸ਼ਨੀਵਾਰ ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਪੰਜ ਪਿਆਰੇ ਸਿੰਘ ਸਾਹਿਬਾਨ ਦੀ ਵਿਸ਼ੇਸ਼ ਇਕੱਤਰਤਾ ਹੋਈ ਜਿਸ ਵਿਚ ਹੇਠ ਲਿਖਿਆ ਗੁਰਮਤਾ ਪਾਸ ਕਰ ਕੇ ਹੁਕਮਨਾਮਾ ਜਾਰੀ ਕੀਤਾ ਜਾਂਦਾ ਹੈ।

ਬੰਗਲਾਦੇਸ਼ ਦੇ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਸੇਵਾ ਸੰਭਾਲ, ਪ੍ਰਬੰਧ ਅਤੇ ਕਾਰ ਸੇਵਾ ਵਾਸਤੇ ਹੇਠ ਲਿਖੇ 15 (ਪੰਦਰਾਂ) ਮੈਂਬਰੀ ਬੰਗਲਾ ਦੇਸ਼ ਗੁਰਦੁਆਰਾ ਮੈਨੇਜਮੈਂਟ ਬੋਰਡ ਦੀ ਨਿਯੁਕਤੀ ਕੀਤੀ ਜਾਂਦੀ ਹੈ। ਸਾਰੇ ਸੰਸਾਰ ਦੀਆਂ ਗੁਰਸਿੱਖ ਸੰਗਤਾਂ ਇਸ ਬੋਰਡ ਨੂੰ ਪੂਰਾ-ਪੂਰਾ ਸਾਹਿਯੋਗ ਦੇਣ ਅਤੇ ਤਨ ਮਨ ਧਨ ਦੇ ਨਾਲ ਸੇਵਾ ਕਰ ਕੇ ਸਤਿਗੁਰੂ ਸਾਹਿਬਾਨ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

1. ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੇ ਸਿੰਘ ਸਾਹਿਬ ਜਥੇਦਾਰ ਗਿਆਨੀ ਇਕਬਾਲ ਸਿੰਘ ਜੀ ਮੁੱਖ ਸਰਪ੍ਰਸਤ ਹੋਣਗੇ।
2. ਸੰਤ ਬਾਬਾ ਹਾਕਮ ਸਿੰਘ ਜੀ ਕਾਰ ਸੇਵਾ ਸੰਪ੍ਰਦਾਇ ਸਰਹਾਲੀ, ਅੰਮ੍ਰਿਤਸਰ ਸਰਪ੍ਰਸਤ ਹੋਣਗੇ।
3. ਸ. ਅਜੈਬ ਸਿੰਘ ਜੀ ਬੋਪਾਰਏ ਪ੍ਰਧਾਨ ਹੋਣਗੇ।
4. ਸ. ਅਮਰਜੀਤ ਸਿੰਘ ਜੀ 'ਦਾਖਾ' ਮੀਤ ਪ੍ਰਧਾਨ ਹੋਣਗੇ।
5. ਸ. ਬਚਨ ਸਿੰਘ 'ਸਰਲ' ਜਨਰਲ ਸਕੱਤਰ ਹੋਣਗੇ।
6. ਸ. ਅਖਤਿਆਰ ਸਿੰਘ ਜੀ ਸਕੱਤਰ ਹੋਣਗੇ।
7. ਸ. ਪ੍ਰਗਟ ਸਿੰਘ ਜੀ ਖਜਾਨਚੀ ਹੋਣਗੇ।
8. ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੇ ਜਨਰਲ ਸਕੱਤਰ ਮੈਂਬਰ ਹੋਣਗੇ।
9. ਸ. ਬਲਦੇਵ ਸਿੰਘ ਜੀ 'ਖੈਹਰਾ' ਮੈਂਬਰ
10. ਸ. ਬਚਿਤ੍ਰ ਸਿੰਘ ਜੀ 'ਦਾਖਾ' ਮੈਂਬਰ
11. ਸ. ਸਮਸ਼ੇਰ ਸਿੰਘ ਜੀ 'ਸੰਧੂ' ਮੈਂਬਰ (ਦਿੱਲੀ)
12. ਸ. ਤੇਜਿੰਦਰ ਸਿੰਘ ਜੀ 'ਵਾਲੀਆ' ਮੈਂਬਰ
13. ਸ. ਭਗਵੰਤ ਸਿੰਘ ਜੀ ਮੈਂਬਰ
14. ਸ. ਹਰਦੇਵ ਸਿੰਘ ਜੀ 'ਗਿੱਲ' ਮੈਂਬਰ
15. ਸ. ਪ੍ਰੀਤਮ ਸਿੰਘ ਜੀ ਮੈਂਬਰ

ਪੰਜ ਪਿਆਰੇ ਸਿੰਘ ਸਾਹਿਬਾਨ ਤਖ਼ਤ ਸ੍ਰੀ ਹਰਿੰਮਦਰ ਜੀ ਪਟਨਾ ਸਾਹਿਬ

(ਰਾਜਿੰਦਰ ਸਿੰਘ) ਹੈਡ ਗ੍ਰੰਥੀ	ਸੀਲ	(ਇਕਬਾਲ ਸਿੰਘ) ਜਥੇਦਾਰ
(ਬਲਦੇਵ ਸਿੰਘ) ਸੀ. ਗ੍ਰੰਥੀ	(ਦਲੀਪ ਸਿੰਘ) ਗ੍ਰੰਥੀ	(ਗੁਰਦਿਆਲ ਸਿੰਘ) ਗ੍ਰੰਥੀ

07.10.2008

ਅੱਜ ਮਿਤੀ 07.10.2008 ਦਿਨ ਮੰਗਲਵਾਰ ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੇ ਪੰਜ ਪਿਆਰੇ ਸਿੰਘ ਸਾਹਿਬਾਨ ਦੀ ਵਿਸ਼ੇਸ਼ ਇਕੱਤਰਤਾ ਹੋਈ, ਜਿਸ ਵਿੱਚ ਗੁਰਮਤਾ ਪਾਸ ਕਰਕੇ ਹੇਠ ਲਿਖਿਆ ਹੁਕਮਨਾਮਾ ਜਾਰੀ ਕੀਤਾ ਜਾਂਦਾ ਹੈ:

> ਸਮੇਂ ਦੀ ਮੰਗ ਨੂੰ ਮੁੱਖ ਰੱਖਦਿਆਂ ਹੋਇਆਂ, ਪੰਥਕ ਏਕਤਾ ਵਾਸਤੇ ਸਾਰੇ ਸੰਸਾਰ ਦੇ ਵੱਖ-ਵੱਖ ਦੇਸ਼ਾਂ ਵਿੱਚ ਵਸਦੇ ਸਿੱਖਾਂ ਦੀਆਂ ਵਿਦਿਅਕ, ਆਰਥਿਕ ਲੋੜਾਂ ਪੂਰੀਆਂ ਕਰਨ ਵਾਸਤੇ ਅਤੇ ਸਿੱਖਾਂ ਦੀਆਂ ਹਰ ਤਰ੍ਹਾਂ ਦੀਆਂ ਸਮੱਸਿਆਵਾਂ ਨੂੰ ਸੁਖਾਵੇ ਢੰਗ ਨਾਲ ਸੁਲਝਾਉਂਣ ਲਈ ਹਿੰਦੁਸਤਾਨ ਤੋਂ ਬਾਹਰ ਵੱਸਦੇ ਸਿੱਖਾਂ ਦੀ ਅਗਵਾਈ ਕਰਨ ਵਾਸਤੇ ਜਿੱਥੇ ਜਿੱਥੇ ਵੀ ਸਿੱਖ ਵਸਦੇ ਹਨ, ਗੁਰਦੁਆਰਾ ਸਾਹਿਬਾਨ ਹਨ, ਉਨ੍ਹਾਂ ਸਾਰੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਆਦੇਸ਼ ਦਿੱਤਾ ਜਾਂਦਾ ਹੈ ਕਿ ਵੱਖ-ਵੱਖ ਦੇਸਾਂ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਮਿਲਕੇ ਸਾਂਝੇ ਤੌਰ ਤੇ ਇੱਕ ਵੱਡੀ ਪੂਰੇ ਦੇਸ਼ ਦੀ "ਸੈਂਟਰਲ ਹਾਈ ਗੁਰਦੁਆਰਾ ਪ੍ਰਬੰਧਕ ਕਮੇਟੀ", (ਕੇਂਦਰੀ ਉੱਚ ਗੁ: ਪ੍ਰ. ਕਮੇਟੀ) ਬਣਾਉਣ, ਜਿਸ ਤਰ੍ਹਾਂ ਪੂਰੇ ਯੂ. ਕੇ. ਦੀ "ਸੈਂਟਰਲ ਹਾਈ ਗੁਰਦੁਆਰਾ ਪ੍ਰਬੰਧਕ ਕਮੇਟੀ ਯੂ. ਕੇ." ਇਸੇ ਤਰ੍ਹਾਂ ਹੀ ਅਮਰੀਕਾ, ਕਨੇਡਾ, ਜਰਮਨੀ, ਜਾਪਾਨ, ਫਰਾਂਸ, ਸਿੰਘਾਪੁਰ, ਮਲੇਸ਼ੀਆ ਆਦਿ ਸਾਰੇ ਸੰਸਾਰ ਦੇ ਵੱਖ-ਵੱਖ ਦੇਸ਼ਾਂ ਦੀਆਂ ਵੱਖ-ਵੱਖ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਬਣਾਈਆਂ ਜਾਣ। ਸਿੱਖ ਕੌਮ ਦੇ ਭਲੇ ਲਈ ਇਹ ਬਹੁਤ ਹੀ ਜ਼ਰੂਰੀ ਹੈ। ਇਸ ਤਰ੍ਹਾਂ ਸਾਰੇ ਸੰਸਾਰ ਦੇ ਸਿੱਖ ਇੱਕ ਲੜੀ ਵਿੱਚ ਪ੍ਰੋਤੇ ਜਾਣਗੇ, ਪੰਥਕ ਏਕਤਾ ਹੋਵੇਗੀ, ਕੌਮੀਂ ਕੰਮ ਸੁਖਾਵੇਂ ਹੱਲ ਹੋ ਜਾਇਆ ਕਰਨਗੇ, ਇਸ ਤਰ੍ਹਾਂ ਇਨ੍ਹਾਂ ਕਮੇਟੀਆਂ ਦੁਆਰਾ ਸੰਸਾਰ ਦਾ ਹਰ ਸਿੱਖ ਆਪਣੇ ਤਖ਼ਤਾਂ ਨਾਲ ਸਿੱਧਾ ਜੁੜ ਜਾਵੇਗਾ।

ਇਹ ਹੁਕਮਨਾਮਾ ਖਾਲਸਾ ਪੰਥ ਦੇ ਸਿਰਜਣਹਾਰ- ਦਸ਼ਮੇਸ਼ ਪਿਤਾ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਪਾਵਨ ਪ੍ਰਕਾਸ਼ ਅਸਥਾਨ, ਖਾਲਸਾ ਪੰਥ ਦੀ ਪੰਥਕ ਮਰਿਯਾਦਾ ਦੇ ਮੂਲ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦਾ ਹੈ।

"ਜੋ ਇਸ ਹੁਕਮਨਾਮੇ ਦੀ ਪਾਲਣਾ ਕਰਨਗੇ ਸੋ ਨਿਹਾਲ ਹੋਣਗੇ"

ਪੰਜ ਪਿਆਰੇ ਸਿੰਘ ਸਾਹਿਬਾਂਨ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ

(ਭਾਈ ਰਾਜਿੰਦਰ ਸਿੰਘ) ਹੈਡ ਗ੍ਰੰਥੀ	ਸੀਲ	(ਭਾਈ ਇਕਬਾਲ ਸਿੰਘ) ਜਥੇਦਾਰ
(ਭਾਈ ਬਲਦੇਵ ਸਿੰਘ) ਸੀ: ਮੀਤ ਗ੍ਰੰਥੀ	(ਭਾਈ ਦਲੀਪ ਸਿੰਘ) ਮੀਤ ਗੰਥੀ	(ਭਾਈ ਗੁਰਦਿਆਲ ਸਿੰਘ) ਗ੍ਰੰਥੀ

18.08.2010

ਅੱਜ ਮਿਤੀ 18.08.2010 ਦਿਨ ਬੁੱਧਵਾਰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਵਿਖੇ ਪੰਜ ਪਿਆਰੇ ਸਿੰਘ ਸਾਹਿਬਾਨ ਦੀ ਵਿਸ਼ੇਸ਼ ਇਕੱਤਰਤਾ ਹੋਈ ਜਿਸ ਵਿਚ ਭਾਈ ਗੁਰਇਕਬਾਲ ਸਿੰਘ ਜੀ ਮੁਖੀ ਮਾਤਾ ਕੌਲਾਂ ਭਲਾਈ ਕੇਂਦਰ ਟਰੱਸਟ, ਤਰਨਤਾਰਨ ਰੋਡ, ਸ੍ਰੀ ਅੰਮ੍ਰਿਤਸਰ ਵੱਲੋਂ ਜੋ 300 ਸਾਲ ਸਿੱਖ ਇਤਿਹਾਸ ਦੇ ਨਾਲ ਪੁਸਤਕ ਵਿਚ ਜੋ ਸਾਖੀਆਂ ਗਲਤ ਛਾਪੀਆਂ ਸਨ, ਉਸ ਬਾਰੇ ਭਾਈ ਗੁਰਇਕਬਾਲ ਸਿੰਘ ਅਤੇ ਸਹਿਯੋਗੀਆਂ ਵੱਲੋਂ ਲਿਖਤੀ ਰੂਪ ਵਿਚ ਹੋਏ ਮਾਫੀਨਾਮੇ ਤੇ ਵੀਚਾਰ ਕੀਤੀ ਗਈ। ਉਨ੍ਹਾਂ ਨੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੇ ਜਥੇਦਾਰ ਸਾਹਿਬ ਪੰਜ ਪਿਆਰੇ ਸਿੰਘ ਸਾਹਿਬਾਨ ਨੂੰ ਬੇਨਤੀ ਕੀਤੀ ਹੈ ਕਿ 21-22 ਅਗਸਤ 2010 ਤੋਂ ਜੋ ਵੱਖ-ਵੱਖ ਜੋਨਾਂ ਤੇ ਕੇਵਲ ਪ੍ਰਸ਼ਨ-ਉੱਤਰ ਸੁਣ ਕੇ ਹੀ ਇਨਾਮ ਦਿੱਤੇ ਜਾਣਗੇ, ਸਾਖੀਆਂ ਨਹੀਂ ਸੁਣੀਆਂ ਜਾਣਗੀਆਂ ਅਤੇ ਸਾਰੀਆਂ ਪੁਸਤਕਾਂ ਵਾਪਸ ਲੈ ਲਈਆਂ ਜਾਣਗੀਆਂ, ਇੰਟਰਨੈਟ ਤੋਂ ਵੀ ਸਾਖੀਆਂ ਕੈਂਸਲ-ਡੀਲੀਟ ਕੀਤੀਆਂ ਜਾਣਗੀਆਂ। 300 ਸਾਲ ਸਿੱਖ ਇਤਿਹਾਸ ਦੇ ਨਾਲ ਪੁਸਤਕ ਨਿਤਨੇਮੀ, ਨਾਮ ਅਭਿਆਸੀ, ਸਿੱਖ ਵਿਦਵਾਨਾਂ ਰਾਹੀਂ ਸੋਧ ਕੇ ਸਹੀ ਰੂਪ ਵਿਚ ਤਿਆਰ ਕਰ ਕੇ ਹੀ ਸਾਖੀਆਂ ਸੁਣੀਆਂ ਜਾਣਗੀਆਂ। ਜੇਕਰ ਫਿਰ ਵੀ ਕਿਸੇ ਜ਼ੋਨ ਤੇ ਸਾਖੀਆਂ ਸੁਣੀਆਂ ਗਈਆਂ ਤਾਂ ਉਸ ਜ਼ੋਨ ਦੇ ਪ੍ਰਬੰਧਕਾਂ ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਪੰਜ ਪਿਆਰੇ ਸਿੰਘ ਸਾਹਿਬਾਨ ਵੱਲੋਂ ਇਹ ਆਦੇਸ਼ ਦਿੱਤਾ ਜਾਂਦਾ ਹੈ ਕਿ ਇਹ ਸਾਰੀ ਕਾਰਵਾਈ 20 ਅਗਸਤ 2010 ਤੱਕ ਪੂਰੀ ਹੋਣੀ ਅਤੀ ਜ਼ਰੂਰੀ ਹੈ।

ਪੰਜ ਪਿਆਰੇ ਸਿੰਘ ਸਾਹਿਬਾਨ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ

(ਰਾਜਿੰਦਰ ਸਿੰਘ)	ਸੀਲ	(ਇਕਬਾਲ ਸਿੰਘ)
ਹੈਡ ਗ੍ਰੰਥੀ		ਜਥੇਦਾਰ
(ਬਲਦੇਵ ਸਿੰਘ)	(ਦਲੀਪ ਸਿੰਘ)	(ਗੁਰਦਿਆਲ ਸਿੰਘ)
ਸੀ. ਮੀਤ ਗ੍ਰੰਥੀ	ਮੀਤ ਗ੍ਰੰਥੀ	ਗ੍ਰੰਥੀ

19.08.2010

ਅੱਜ ਮਿਤੀ 19.08.2010 ਦਿਨ ਵੀਰਵਾਰ ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਵਿਖੇ ਪੰਜ ਪਿਆਰੇ ਸਿੰਘ ਸਾਹਿਬਾਨ ਦੀ ਵਿਸ਼ੇਸ਼ ਇਕੱਤਰਤਾ ਹੋਈ, ਜਿਸ ਵਿੱਚ ਗੁਰਮਤਾ ਪਾਸ ਕਰਕੇ ਹੁਕਮਨਾਮਾ ਜਾਰੀ ਕੀਤਾ ਜਾਂਦਾ ਹੈ।

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੀ ਮਾਨ ਮਰਯਾਦਾ ਅਤੇ ਪੰਜ ਪਿਆਰੇ ਸਿੰਘ ਸਾਹਿਬਾਨ ਦੇ ਸਤਿਕਾਰ ਨੂੰ ਮੁਖ ਰੱਖਦਿਆਂ ਗੁਰਮਤਾ ਪਾਸ ਕਰਕੇ ਹੁਕਮਨਾਮਾ ਜਾਰੀ ਕੀਤਾ ਜਾਂਦਾ ਹੈ ਕਿ ਪਟਨਾ ਸ਼ਹਿਰ, ਪਟਨਾ ਵਿਖੇ ਬਾਹਰੋਂ ਆ ਕੇ ਕੋਈ ਵੀ ਅੰਮ੍ਰਿਤ ਦਾ ਬਾਟਾ ਤਿਆਰ ਨਹੀ ਕਰਨਗੇ, ਪੂਰੇ ਬਿਹਾਰ-ਝਾਰਖੰਡ ਵਿੱਚ ਵੀ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਤੋਂ ਪ੍ਰਵਾਨਗੀ ਲਏ ਬਿਨਾ ਕੋਈ ਵੀ ਅੰਮ੍ਰਿਤ ਦਾ ਬਾਟਾ ਤਿਆਰ ਨਹੀ ਕਰ ਸਕਦਾ, ਇਸ ਆਦੇਸ਼ ਦੀ ਉਲੰਘਣਾ ਕਰਨ ਵਾਲੇ ਪ੍ਰਬੰਧਕਾਂ ਉਪਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਪੰਜ ਪਿਆਰੇ ਸਿੰਘ ਸਾਹਿਬਾਂਨ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ

(ਭਾਈ ਰਾਜਿੰਦਰ ਸਿੰਘ) ਹੈਡ ਗ੍ਰੰਥੀ	ਸੀਲ	(ਭਾਈ ਇਕਬਾਲ ਸਿੰਘ) ਜਥੇਦਾਰ
(ਭਾਈ ਬਲਦੇਵ ਸਿੰਘ) ਸੀ: ਮੀਤ ਗ੍ਰੰਥੀ	(ਭਾਈ ਦਲੀਪ ਸਿੰਘ) ਮੀਤ ਗੰਥੀ	(ਭਾਈ ਗੁਰਦਿਆਲ ਸਿੰਘ) ਗ੍ਰੰਥੀ

03.10.2010

ਅੱਜ ਮਿਤੀ 03.10.2010 ਦਿਨ ਐਤਵਾਰ ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਵਿਖੇ ਪੰਜ ਪਿਆਰੇ ਸਿੰਘ ਸਾਹਿਬਾਨ ਦੀ ਵਿਸ਼ੇਸ਼ ਇਕੱਤਰਤਾ ਹੋਈ ਜਿਸ ਵਿਚ ਹੇਠ ਲਿਖੇ ਅਨੁਸਾਰ ਗੁਰਮਤਾ ਕੀਤਾ ਗਿਆ:

1. ਸਭ ਤੋਂ ਪਹਿਲਾਂ ਪਹਿਲੀ ਉਦਾਸੀ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਪਾਵਨ ਅਸਥਾਨ ਤੇ ਸਾਲਸ ਰਾਏ ਜੌਹਰੀ ਨੂੰ ਆਪਣੇ ਸੀਸ ਦੀ (ਪੁਰਾਨੀ ਉਤਰੀ ਹੋਈ) ਪੂਰੀ ਦਸਤਾਰ ਬਖ਼ਸ਼ੀ (ਐਸੀ ਬਖ਼ਸ਼ਿਸ਼ ਕਿਸੇ ਵੀ ਸਤਿਗੁਰੂ ਜੀ ਨੇ ਹੋਰ ਕਿਸੇ ਸਿੱਖ ਨੂੰ ਨਹੀਂ ਬਖ਼ਸ਼ੀ) ਸਿੱਖੀ ਪ੍ਰਚਾਰ ਦੀ ਪਹਿਲੀ ਮੰਜੀ ਬਖ਼ਸ਼ੀ ਭਾਵ ਸਿੱਖੀ ਪ੍ਰਚਾਰ ਦਾ ਪਹਿਲਾ ਵੱਡਾ ਕੇਂਦਰ ਸਥਾਪਿਤ ਕੀਤਾ। ਜਿਸ ਦਾ ਨਾ 'ਜੌਹਰੀ ਕੀ ਸੰਗਤ' ਕਰ ਕੇ ਸੰਸਾਰ ਪ੍ਰਸਿੱਧ ਹੋਇਆ।
2. ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਮੇਂ 'ਪੂਰਬ ਕੀ ਸੰਗਤ' ਦੇ ਨਾਮ ਨਾਲ ਸੰਸਾਰ ਪ੍ਰਸਿੱਧ ਸੀ। ਭਾਈ ਜਾਪ ਜੀ ਜੋ 'ਪੂਰਬ ਕੀ ਸੰਗਤ' ਇਸ ਅਸਥਾਨ ਦੇ ਸਾਲਸ ਰਾਇ ਜੌਹਰੀ ਦੀ ਜਗ੍ਹਾ ਮੰਜੀ 'ਤੇ ਸਨ। ਛੇਵੇਂ ਸਤਿਗੁਰੂ ਜੀ ਨੇ ਆਪਣੇ ਖਾਸ ਦਸਖਤਾਂ ਹੇਠ ਹੁਕਮਨਾਮਾ ਲਿਖ ਕੇ ਭੇਜਿਆ ਜਿਸ ਵਿਚ ਇਸ ਅਸਥਾਨ ਨੂੰ ਸਭ ਤੋਂ ਵੱਡਾ ਮਾਨ ਬਖ਼ਸ਼ਦਿਆਂ ਹੋਇਆਂ 'ਪੂਰਬ ਕੀ ਸੰਗਤ ਗੁਰੂ ਕਾ ਖਾਲਸਾ ਹੈ' ਖਾਲਸਾ ਦਾ ਅਰਥ ਸਭ ਤੋਂ ਉਚੀ ਪਦਵੀ (ਅਸਥਾਨ) ਹੈ।
3. ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦੁਰ ਜੀ ਨੇ 'ਪਟਨਾ ਗੁਰੂ ਕਾ ਘਰ ਹੈ' ਦਾ ਮਹਾਨ ਮਾਣ ਦਿੱਤਾ, ਸਾਲਸ ਰਾਇ ਜੌਹਰੀ ਦੀ ਜਗ੍ਹਾ ਉਸ ਸਮੇਂ ਭਾਈ ਦਿਆਲ ਦਾਸ ਜੀ ਮੁਖੀ ਸਨ। ਇਨ੍ਹਾਂ ਨੇ ਹੁਕਮਨਾਮਾ ਲਿਖਿਆ – 'ਦਿਆਲ ਦਾਸ ਜੋ ਕਹੈ ਸੋ ਸੰਗਤ ਗੁਰੂ ਕਾ ਹੁਕਮ ਕਰ ਸਤਿ ਕਰ ਮਨਣਾ' ਧੁਰੋਂ ਹੀ ਸਰਬ ਸ਼ਕਤੀਮਾਨ, ਸਰਬ ਕਲਾ ਸਮਰਥ, ਖਾਲਸਾ ਪੰਥ ਦੇ ਸਿਰਜਣਹਾਰ ਦਸਵੇਂ ਗੁਰੂ ਨਾਨਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਇਥੇ ਪ੍ਰਕਾਸ਼ (ਜਨਮ) ਹੋਣ ਕਰ ਕੇ ਇਸ ਅਸਥਾਨ ਦੀ ਮਹਾਨਤਾ ਬਹੁਤ ਜ਼ਿਆਦਾ ਹੋ ਗਈ। ਜਦ ਖਾਲਸੇ ਨੇ ਅਪਨੇ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਨਤੀ ਕਰ ਕੇ ਪੁੱਛਿਆ ਕਿ ਆਪ ਜੀ ਨਾ ਤਾਂ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਹੀ ਗਏ ਅਤੇ ਨਾ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਹੀ ਗਏ, ਤਾਂ ਕਲਗੀਧਰ ਦਸਮੇਸ਼ ਪਿਤਾ ਜੀ ਨੇ ਹੁਕਮ ਕੀਤਾ ਕਿ ਸਾਡੀ ਜਨਮ ਭੂਮੀ ਪਟਨਾ ਸ਼ਹਿਰ ਹੈ। 'ਓਹੀ ਸਾਡਾ ਤਖ਼ਤ ਅਤੇ ਹਰਿਮੰਦਰ ਵੀ ਹੈ' ਅਤੇ 'ਸਰਬ ਖਾਲਸਾ ਜੀ ਦਾ ਜਨਮ ਅਸਥਾਨ ਵੀ ਓਹੀ ਹੈ'। ਦਸਮੇਸ਼ ਪਿਤਾ ਜੀ ਨੇ ਆਪ ਇਸ ਅਸਥਾਨ ਦਾ ਨਾਮ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਰਖਿਆ। ਉਸ ਸਮੇਂ ਇਥੋਂ ਦੇ ਮੁਖੀ ਜਥੇਦਾਰ ਭਾਈ ਅਨੰਦਰੂਪ ਸਿੰਘ ਜੀ ਸਨ ਉਨ੍ਹਾਂ ਦੇ ਨਾਮ ਹੁਕਮਨਾਮਾ ਲਿਖ ਕੇ ਭੇਜਿਆ। ਦਸਮੇਸ਼ ਪਿਤਾ ਜੀ ਦੇ ਜੋਤੀ ਜੋਤ

> ਸਮਾਵਨ ਤੋਂ ਬਾਅਦ ਪੂਰੀ ਸਿੱਖ ਕੌਮ, ਖਾਲਸਾ ਪੰਥ ਦੀ ਦਸਵੰਧ ਦੀ ਮਾਇਆ ਇਥੇ ਹੀ ਆਉਂਦੀ ਸੀ ਅਤੇ ਪੂਰੀ ਸਿੱਖ ਕੌਮ - ਖਾਲਸਾ ਪੰਥ ਦੇ ਧਾਰਮਿਕ, ਸਮਾਜਿਕ, ਰਾਜਨੀਤਿਕ ਫੈਸਲੇ ਇਥੋਂ ਦੇ ਮੁਖ ਸੇਵਾਦਾਰ (ਜਥੇਦਾਰ) ਹੀ ਕਰਦੇ ਸਨ, ਇਸ ਦਾ ਪੱਕਾ ਸਬੂਤ-ਪ੍ਰਮਾਣ ਮਾਤਾ ਸੁੰਦਰੀ ਜੀ ਦਾ ਇਥੋਂ ਦੇ ਮੁਖੀ ਜਥੇਦਾਰ ਭਾਈ ਚੈਨ ਸਿੰਘ ਜੀ ਦੇ ਨਾਮ ਹੁਕਮਨਾਮਾ ਇਥੇ ਹੈ।

ਗੁਰੂ ਗਿਰਾ ਮਾਲਾ ਮੰਡਨ ਪ੍ਰਬੋਧ ਗ੍ਰੰਥ ਸੰਤ ਟਹਿਲ ਸਿੰਘ ਜੀ ਨੇ 1908 ਵਿਚ ਲਿਖਿਆ। ਉਸ ਦੇ ਪੰਨਾ 74 ਤੇ 'ਸਰਬ ਖਾਲਸਾ ਜੀ ਕਾ ਜਨਮ ਅਸਥਾਨ ਤਖ਼ਤ ਸ੍ਰੀ ਪਟਨਾ ਸਾਹਿਬ' ਲਿਖਿਆ ਹੈ। *ਖਾਲਸਾ ਧਰਮ ਸ਼ਾਸਤ੍ਰ* ਜੋ 1914 ਵਿਚ ਖਾਲਸਾ ਪੰਥ ਦੀ ਧਰਮ ਵਿਵਸਥਾ ਬਾਰੇ ਜੋ ਗ੍ਰੰਥ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਅਨੰਦਪੁਰ ਸਾਹਿਬ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਤਿਕਾਰਯੋਗ ਜਥੇਦਾਰ ਸਿੰਘ ਸਾਹਿਬਾਨ ਦੀ ਪ੍ਰਧਾਨਗੀ ਹੇਠ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਤਖ਼ਤ ਸ੍ਰੀ ਸੱਚਖੰਡ ਹਜ਼ੂਰ ਸਾਹਿਬ ਦੀ ਪ੍ਰਵਾਨਗੀ ਸਹਿਮਤੀ ਨਾਲ ਛਪਿਆ। ਉਸ ਦੇ ਪੰਨਾ 142 ਤੇ 'ਖਾਲਸਾ ਜੀ ਦਾ ਜਨਮ ਤਖ਼ਤ ਸ੍ਰੀ ਪਟਨਾ ਸਾਹਿਬ, ਵਾਸੀ ਆਨੰਦਪੁਰ ਦੀ' ਲਿਖਿਆ ਹੈ। *ਵੈਸਾਖੀ ਦੀ ਸਾਖੀ* ਪੰਨਾ 89 ਜੋ 1973 ਵਿਚ ਛਪੀ ਸਭ ਕਾ ਜਨਮ ਤਖ਼ਤ ਪਟਨਾ ਸਾਹਿਬ ਵਾਸੀ ਅਨੰਦਪੁਰ ਬਤਾਈ। ਹੋਰ ਵੀ ਪੁਰਾਤਨ ਲਿਖਤਾਂ ਗ੍ਰੰਥ ਹਨ ਜਿਨ੍ਹਾਂ ਵਿਚ ਸਪਸ਼ਟ ਲਿਖਿਆ ਹੈ ਕਿ ਖਾਲਸਾ ਸਾਜਨ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖਾਸ ਹੁਕਮ ਕੀਤਾ ਅੱਜ ਤੋਂ ਤੁਹਾਡਾ ਜਨਮ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦਾ ਹੈ, ਵਾਸੀ ਤੁਸੀ ਅਨੰਦਪੁਰ ਦੇ ਹੋ। ਸੌ ਸਾਖੀ ਦਰਪਨ ਵਿਚ ਦਸਮੇਸ਼ ਪਿਤਾ ਜੀ ਨੇ ਬਚਨ ਕੀਤਾ ਹੈ ਕਿ 'ਅਸੀ ਖਾਲਸੇ ਅੰਦਰ ਵਿਚਰਾਂਗੇ ਪਰ ਸਾਡੀ ਕਰਨੀ ਨੂੰ ਕੋਈ ਨਹੀਂ ਜਨੇਗਾ, ਪਟਨਾ ਸਾਡੀ ਜਨਮਭੂਮੀ ਹੈ ਅਸੀ ਪਟਨੇ ਇਸ ਤਰ੍ਹਾਂ ਆਵਾਂਗੇ ਜਿਵੇਂ ਰਾਤੀ ਸੁਪਨਾ'। ਇਹ ਸਾਰੀਆਂ ਸਦੀਆਂ ਪਹਿਲਾਂ ਦੀਆਂ ਲਿਖੀਆਂ ਲਿਖਤਾਂ ਹਨ, ਜੋ ਸਾਡੇ ਕੋਲ ਮੌਜੂਦ ਹਨ। ਇਤਨੇ ਲਿਖਤੀ ਪੱਕੇ ਸਬੂਤ ਅਤੇ ਪ੍ਰਮਾਣਾਂ ਦੇ ਹੁੰਦਿਆਂ ਹੋਇਆਂ ਵੀ ਕੁਝ ਸਿੱਖ ਇਤਿਹਾਸ ਤੋਂ ਅਨਜਾਣ ਲੋਕ ਦੁਨਿਆਵੀ ਹਾਈ ਕੋਰਟ ਦੇ ਨਾਲ ਤੁਲਨਾ ਦੇਣ ਦਾ ਯਤਨ ਕਰਦੇ ਹਨ। ਹੁਣੇ ਹੀ 30 ਸੰਤਬਰ 2010 ਨੂੰ ਇਲਾਹਾਬਾਦ ਹਾਈ ਕੋਰਟ ਨੇ ਹਿੰਦੁਸਤਾਨ ਦਾ ਸਭ ਤੋਂ ਵੱਡਾ ਵਿਸ਼ਵ ਵਿਆਪੀ ਅਯੋਧਿਆ ਦਾ ਫੈਸਲਾ ਕੀਤਾ, ਜੋ ਪੂਰੀ ਦੁਨੀਆ ਨੇ ਮੰਨਿਆ।

7 ਜਨਵਰੀ 1945 ਵਿਚ ਸਿੱਖ ਰਹਿਤ ਮਰਿਆਦਾ ਖਰੜੇ ਵਿਚ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਸਮੂਲੀਅਤ ਨਾ ਕਰ ਕੇ ਆਪਣੀ ਮਨ ਮਰਜੀ ਨਾਲ ਦਸਮੇਸ਼ ਪਿਤਾ ਜੀ ਦਾ ਹੁਕਮ ਉਲਟਾ ਕੇ ਜਨਮ ਆਪ ਦਾ 'ਕੇਸਗੜ੍ਹ ਸਾਹਿਬ ਦਾ ਵਾਸੀ ਆਨੰਦਪੁਰ ਦੀ ਹੋ' ਕਰ ਦਿੱਤਾ ਹੈ। ਐਸਾ ਕਰਨ ਵਾਲੇ ਗੁਰੂ ਦੇ ਦੇਨਦਾਰ ਹਨ।

ਮਿਤੀ 19.8.2010 ਨੂੰ ਤਖ਼ਤ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਪੰਜ ਪਿਆਰੇ ਸਿੰਘ ਸਾਹਿਬਾਨ ਨੇ ਰਾਗਮਾਲਾ ਜੋ ਗੁਰੂ ਕ੍ਰਿਤ ਗੁਰਬਾਣੀ ਹੈ, ਰਾਗਮਾਲਾ ਨਾ ਪੜਨ ਤੇ ਨਾ ਛਾਪਣ ਵਾਲਿਆਂ ਵਿਰੁੱਧ ਹੁਕਮਨਾਮਾ ਜਾਰੀ ਕੀਤਾ ਸੀ। ਜਦ ਕਿ ਕਿਸੇ ਜਥੇਬੰਦੀ ਦਾ

ਨਾਮ ਨਹੀਂ ਸੀ ਲਿਆ ਗਿਆ। ਅਖੰਡ ਕੀਰਤਨੀ ਜਥੇ ਦੇ ਅਖੌਤੀ ਮੁਖੀ (ਜਥੇਦਾਰ) (ਕਿਉਂਕਿ ਇਨ੍ਹਾਂ ਨੂੰ ਨਾ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਵੱਲੋਂ ਅਤੇ ਨਾ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੰਖਡ ਕੀਰਤਨੀ ਜਥੇ ਦੇ ਮੁਖੀ ਦੀ ਪ੍ਰਵਾਨਗੀ ਮਿਲੀ ਹੈ, ਇਸ ਲਈ ਅਖੌਤੀ ਮੁਖੀ (ਜਥੇਦਾਰ) ਕਿਹਾ ਹੈ।) ਨੇ ਸ੍ਰੀ ਅਕਾਲ ਤਖ਼ਤ ਸਹਿਬ ਜੀ ਦੇ ਅਤਿ ਸਤਿਕਾਰਯੋਗ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਜੀ ਨੂੰ ਆਪਣੇ ਕਰੀਬ 20, 21 ਸਹਿਯੋਗੀਆਂ ਨਾਲ ਜਾ ਕੇ ਲਿਖਤੀ ਰੂਪ ਵੀ ਦਿੱਤਾ, ਅਤੇ ਜਬਾਨੀ ਵੀ ਕਿਹਾ ਕਿ ਅਸੀਂ ਅਖੰਡ ਕੀਰਤਨੀ ਜਥੇ ਵਾਲੇ ਰਾਗਮਾਲਾ ਦੇ ਪੱਕੇ ਵਿਰੋਧੀ ਹਾਂ, ਅਸੀਂ ਰਾਗਮਾਲਾ ਨੂੰ ਨਾ ਹੀ ਗੁਰਬਾਣੀ ਮੰਨਦੇ ਹਾਂ ਅਤੇ ਨਾ ਹੀ ਪੜ੍ਹਦੇ ਹਾਂ। ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਹੁਕਮਨਾਮੇ ਵਿਰੁੱਧ ਬਹੁਤ ਹੀ ਅਪਮਾਨਜਨਕ ਸ਼ਬਦ ਵਰਤੇ ਜੋ ਕਿ ਕੋਈ ਵੀ ਗੁਰੂ ਕੀ ਭੈ ਭਾਵਨੀ ਵਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਪਨਾ ਗੁਰੂ ਮੰਨਣ ਵਾਲਾ ਗੁਰਸਿੱਖ ਕਦੀ ਨਹੀਂ ਵਰਤ ਸਕਦਾ।

ਖਾਲਸਾ ਧਰਮ ਸ਼ਾਸਤਰ ਦੇ ਪੰਨਾ 52-53 ਅਤੇ 106 ਤੇ ਲਿਖਿਆ ਹੈ— ਰਾਗਮਾਲਾ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਦਾ ਅੰਗ ਹੈ ਜੋ ਦੇਹ ਤੋਂ ਜੁਦਾ (ਵੱਖਰਾ) ਨਹੀਂ। ਜੁਦਾ ਸਮਝਨਾ ਅਥਵਾ ਜੁਦਾ ਕਰਨ - ਦੱਸਨ ਵਾਲਾ ਸ੍ਰੀ ਗੁਰੂ ਜੀ ਦੇ ਅੰਗ ਕੱਟਣ ਕਰ ਗੁਰੂ ਘਾਤਕ ਮਹਾ ਪਾਤਕ ਦੋਖ ਦਾ ਅਪਰਾਧੀ ਹੁੰਦਾ ਹੈ। ਤਥਾ ਹੀ ਰਾਗਮਾਲਾ ਤੋ ਬਿਨਾ ਪਾਠ ਖੰਡਤ ਹੋਕਰ ਕਰਨੇ ਕਰਾਉਣੇ ਵਾਲਿਆਂ ਲਈ ਵਰ ਦੀ ਥਾਂ ਸਰਾਪ ਹੋਣ ਦਾ ਕਾਰਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੇਹ (ਸਰੀਰ) ਦਾ ਜਪੁ ਜੀ ਸਾਹਿਬ ਸੀਸ (ਸਿਰ) ਹੈ ਅਤੇ ਰਾਗਮਾਲਾ ਚਰਨ (ਪੈਰ) ਹਨ।

ਸੁਪਰੀਮ ਕੋਰਟ ਨੇ 3 ਅਤੇ 5 ਦਸੰਬਰ 2003 ਨੂੰ ਆਪਨੇ ਇਕ ਫੈਸਲੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਕਾਨੂੰਨੀ ਸਜੀਵ ਹਸਤੀ' (A Living Juristic Person) ਮੰਨਿਆ ਹੈ। ਰਾਗਮਾਲਾ ਗੁਰੂ ਜੀ ਦੇ ਚਰਨ ਹਨ। ਰਾਗਮਾਲਾ ਨਾ ਪੜਨ ਵਾਲੇ ਗੁਰੂ ਜੀ ਦੇ ਅੰਗ ਕੱਟਣ ਕਾਤਲਾਨਾ ਹਮਲਾ ਕਰਨ ਦੇ ਕਾਨੂੰਨੀ ਤੌਰ ਤੇ ਅਪਰਾਧੀ, ਦੋਸ਼ੀ, ਸਜਾ ਦੇ ਹੱਕਦਾਰ ਹਨ।

ਭਾਈ ਵੀਰ ਸਿੰਘ ਜੀ ਨੇ ਆਪਣੇ 4 ਜੁਲਾਈ 1948 ਦੇ *ਸੰਦੇਸ਼ ਪੱਤਰ* ਵਿਚ ਲਿਖਿਆ ਹੈ ਰਾਗਮਾਲਾ ਦਾ ਨਾ ਪੜਨਾ ਯਾ ਕੱਢਣਾ ਮੈਂ ਗੁਰੂ ਦੀ ਦੇਹ ਤੇ ਹਮਲਾ ਸਮਝਦਾ ਹਾਂ। ਐਸੇ ਕਿਸੇ ਵੀ ਦੀਵਾਨ-ਸਮਾਗਮ ਵਿਚ ਮੈਂ ਨਹੀਂ ਜਾ ਸਕਦਾ ਜਿਥੇ ਰਾਗਮਾਲਾ ਪੜੇ ਬਗੈਰ ਪਾਠ ਦੇ ਭੋਗ ਪਾਏ ਗਏ ਹੋਣ। ਜਾਂ ਬਿਨਾ ਰਾਗਮਾਲਾ ਪੜੇ ਪਾਠ ਦੇ ਭੋਗ ਪੈਣੇ ਹੋਣ। ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਸਮਝਦਾ ਹਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਖੰਡਤਾਈ ਨੂੰ ਕਾਇਮ ਰੱਖਣਾ ਗੁਰਸਿੱਖ ਦੀ ਸ਼ਰਧਾ ਭਗਤੀ ਤੇ ਪ੍ਰੇਮ ਹੈ।

9 ਅਗਸਤ 1928 ਨੂੰ ਰਾਗਮਾਲਾ ਦਾ ਵਿਰੋਧ ਕਰਨ ਅਤੇ ਰਾਗਮਾਲਾ ਬਿਨਾ ਪੋਥੀਆਂ ਛਾਪਣ ਕਰ ਕੇ ਭਸੌੜੀਏ ਬਾਬੂ ਤੇਜਾ ਸਿੰਘ ਬੀਬੀ ਨਿਰੰਜਨ ਕੌਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਛੇਕਿਆ (ਪੰਥ ਵਿਚੋਂ ਖਾਰਜ) ਕੀਤਾ ਗਿਆ ਅਤੇ ਇਸ ਦੇ ਸਹਿਯੋਗੀ

ਮੈਂਬਰਾਂ ਦਾ ਹੀ ਤਖ਼ਤਾਂ, ਗੁਰਦੁਆਰਿਆਂ ਤੋਂ ਅਰਦਾਸਾ ਬੰਦ ਕੀਤਾ ਗਿਆ। *ਗੁਰੂ ਗਿਰਾ ਰਾਗਮਾਲਾ ਮੰਡਨ ਪ੍ਰਬੋਧ* ਦੇ ਪੰਨਾ 65 ਤੋਂ 78 ਤੱਕ 25 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਮਾਣ ਦਿੱਤੇ ਹਨ ਜਿਨ੍ਹਾਂ ਤੇ ਗੁਰੂ ਸਾਹਿਬਾਂ ਦੇ ਦਸਖਤ ਹਨ। ਸਾਰਿਆਂ ਪਾਵਨ ਸਰੂਪਾਂ ਵਿਚ ਭੋਗ ਰਾਗਮਾਲਾ ਤੇ ਹੈ। ਇਤਨੇ ਲਿਖਤੀ ਪ੍ਰਮਾਣ ਪੱਕੇ ਸਬੂਤ ਹੁੰਦਿਆਂ ਹੋਇਆਂ ਵੀ ਜੋ ਰਾਗਮਾਲਾ ਗੁਰਬਾਣੀ ਦਾ ਵਿਰੋਧ ਕਰਦੇ ਹਨ ਇਨ੍ਹਾਂ ਨੂੰ ਗੁਰੂ ਘਾਤਕ, ਮਹਾ ਪਾਤਕ ਦੋਖ ਦਾ ਅਪਰਾਧੀ ਕਿਹਾ ਗਿਆ ਹੈ।

ਉਪਰ ਲਿਖੇ ਪੱਕੇ ਸਬੂਤਾਂ ਪ੍ਰਮਾਣਾਂ ਤੇ ਅਧਾਰ ਤੇ ਰਾਗਮਾਲਾ ਪੜਨ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਾਹਿਬ ਜੋ ਕਾਨੂੰਨੀ ਸਜੀਵ ਹਸਤੀ ਹਨ ਦੇ ਚਰਨ (ਪੈਰ) ਕੱਟਣ, ਕਾਤਲਾਨਾ ਹਮਲਾ ਕਰਨ ਦੇ ਕਾਨੂੰਨੀ ਦੋਸ਼ੀ ਹਨ। ਇਨ੍ਹਾਂ ਤੇ ਕੇਸ-ਮੁਕਦਮਾ ਕਰ ਕੇ ਇਨ੍ਹਾਂ ਨੂੰ ਸਜ਼ਾ ਦਿਵਾਉਣੀ ਹਰ ਉਸ ਗੁਰ ਸਿੱਖ ਦਾ ਧਰਮ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜਾਗਤ-ਜੋਤ, ਪ੍ਰਗਟ ਗੁਰਾਂ ਦੀ ਦੇਹ - ਪ੍ਰਤੱਖ ਸਤਿਗੁਰੂ ਮੰਨਦਾ ਹੈ। ਜਿਥੇ ਬਿਨਾ ਰਾਗ ਮਾਲਾ ਪੜ੍ਹਿਆਂ ਸਹਜ ਪਾਠ ਜਾਂ ਅਖੰਡ ਪਾਠ ਦੇ ਭੋਗ ਪਾਏ ਜਾਂਦੇ ਹਨ ਐਸੇ ਦੀਵਾਨਾਂ-ਸਮਾਗਮਾਂ ਵਿਚ ਸ਼ਮੂਲੀਅਤ ਕਰਨ ਵਾਲੇ ਬਰਾਬਰ ਦੇ ਗੁਨਾਹਗਾਰ-ਦੋਸ਼ੀ, ਸਜਾ-ਦੰਡ ਦੇ ਹੱਕਦਾਰ ਹਨ।

ਇਥੇ ਪਟਨਾ ਸ਼ਹਿਰ ਵਿਚ ਰਹਿਣ ਵਾਲੇ ਜੋ ਅਪਨੇ ਆਪ ਨੂੰ ਅਖੰਡ ਕੀਰਤਨੀ ਜਥੇ ਦੇ ਖਾਸ ਸਿੰਘ ਕਹਾਉਂਦੇ ਹਨ, ਇਨ੍ਹਾਂ ਨੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੀ ਮਾਣ ਮਰਯਾਦਾ ਦੀ ਉਲੰਘਣਾ ਕਰਦਿਆਂ ਮਿਤੀ 19.8.2010 ਨੂੰ ਰਾਗਮਾਲਾ ਨਾ ਪੜ੍ਹਨ ਵਾਲਿਆਂ ਵਿਰੁੱਧ ਜਾਰੀ ਹੋਏ ਹੁਕਮਨਾਮੇ ਨੂੰ ਚੁਨੌਤੀ ਦਿੰਦਿਆਂ ਆਪਣੇ ਘਰ ਅਖੰਡ ਪਾਠ ਰੱਖ ਕੇ ਬਿਨਾ ਰਾਗਮਾਲਾ ਪੜ੍ਹੇ ਭੋਗ ਪਾਇਆ। ਜਦੋਂ ਇਨ੍ਹਾਂ ਨੂੰ ਪੁਛਿਆ ਤਾਂ 2.10.2010 ਨੂੰ ਸਵੇਰੇ ਕਰੀਬ 4 ਵਜੇ ਇਨ੍ਹਾਂ ਨੇ ਸਿੰਘ ਸਾਹਿਬ ਜਥੇਦਾਰ ਗਿਆਨੀ ਇਕਬਾਲ ਸਿੰਘ ਜੀ ਨੂੰ ਅਖੰਡ ਕੀਰਤਨੀ ਜਥੇ ਵੱਲੋਂ ਗੋਲੀਆਂ ਮਾਰ ਕੇ ਜਾਨ ਤੋਂ ਮਾਰਨ ਦੀ ਧਮਕੀ ਦਿੱਤੀ। ਇਕ ਤਾਂ ਇਨ੍ਹਾਂ ਨੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਨੂੰ ਚੁਨੌਤੀ ਦਿੰਦਿਆਂ ਬਿਨਾਂ ਰਾਗਮਾਲਾ ਪੜ੍ਹੇ ਅਖੰਡ ਪਾਠ ਦੇ ਭੋਗ ਪਾਏ, ਦੂਜਾ ਰਾਗਮਾਲਾ ਨਾ ਪੜ੍ਹਨ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਕਾਤਲਾਨਾ ਹਮਲਾ ਕਰਨ ਦੇ ਦੋਸ਼ੀ ਹਨ ਤੀਜਾ ਜਥੇਦਾਰ ਸਿੰਘ ਸਾਹਿਬ ਜੀ ਨੂੰ ਗੋਲੀਆਂ ਮਾਰ ਕੇ ਜਾਨੋਂ ਮਾਰਨ ਦੀ ਧਮਕੀ ਦਿੱਤੀ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੀ ਪ੍ਰਬੰਧਕ ਕਮੇਟੀ ਛੇਤੀ ਤੋਂ ਛੇਤੀ ਇਨ੍ਹਾਂ ਵਿਰੁੱਧ ਕੇਸ ਕਰ ਕੇ ਇਨ੍ਹਾਂ ਨੂੰ ਸਖ਼ਤ ਕਾਨੂੰਨੀ ਤੌਰ ਤੇ ਸਜਾ ਦਿਵਾਵੇ ਤਾਂ ਕਿ ਅੱਗੇ ਵਾਸਤੇ ਕੋਈ ਹੋਰ ਐਸਾ ਮਨਮਤੀਆ ਹੀਆ ਨਾ ਕਰ ਸਕੇ।

ਪੰਜ ਪਿਆਰੇ ਸਿੰਘ ਸਾਹਿਬਾਨ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ

(ਰਾਜਿੰਦਰ ਸਿੰਘ) ਹੈਡ ਗ੍ਰੰਥੀ	ਸੀਲ	(ਇਕਬਾਲ ਸਿੰਘ) ਜਥੇਦਾਰ
(ਬਲਦੇਵ ਸਿੰਘ) ਸੀ. ਮੀਤ ਗ੍ਰੰਥੀ	(ਦਲੀਪ ਸਿੰਘ) ਮੀਤ ਗ੍ਰੰਥੀ	(ਗੁਰਦਿਆਲ ਸਿੰਘ) ਗ੍ਰੰਥੀ

05.12.2010

ਅੱਜ ਮਿਤੀ 05.12.2010 ਦਿਨ ਐਤਵਾਰ ਸਾਮ 4 ਵਜੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਵਿਖੇ ਪੰਜ ਪਿਆਰੇ ਸਿੰਘ ਸਾਹਿਬਾਨ ਦੀ ਵਿਸ਼ੇਸ਼ ਇਕੱਤਰਤਾ ਹੋਈ, ਜਿਸ ਵਿੱਚ ਗੁਰਮਤਾ ਪਾਸ ਕਰਕੇ ਹੁਕਮਨਾਮਾ ਜਾਰੀ ਕੀਤਾ ਜਾਂਦਾ ਹੈ।

ਪ੍ਰਬੰਧਕ ਕਮੇਟੀ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੀ ਬੇਨਤੀ ਨੂੰ ਪ੍ਰਵਾਣ ਕਰਦਿਆਂ ਹੋਇਆਂ ਪੰਜ ਪਿਆਰੇ ਸਿੰਘ ਸਾਹਿਬਾਨ ਵੱਲੋਂ ਇਹ ਗੁਰਮਤਾ ਕੀਤਾ ਜਾਂਦਾ ਹੈ ਕਿ ਇਸ ਵਾਰ ਮਘਰ ਸੁਦੀ ਪੰਚਮੀ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਮਹਾਰਾਜ ਜੀ ਦਾ ਪਾਵਨ ਸ਼ਹੀਦੀ ਗੁਰਪੁਰਬ ਮਨਾਉਂਣ ਲਈ ਅਖੰਡ ਕੀਰਤਨੀ ਜੱਥੇ ਨੂੰ ਪ੍ਰਵਾਣਗੀ ਦਿੱਤੀ ਜਾਂਦੀ ਹੈ। ਅੱਗੇ ਵਾਸਤੇ "ੴ ਸਤਿਨਾਮੁ ਤੋਂ ਅਠਾਰਹ ਦਸ ਬੀਸ॥" ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਖੰਡਤਾ ਨੂੰ ਭੰਗ ਕਰਨ ਵਾਲੇ ਰਾਗ ਮਾਲਾ ਨੂੰ ਗੁਰਬਾਣੀ ਨਾ ਮੰਨਣ ਵਾਲਿਆਂ ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਵਿਖੇ ਕਿਸੇ ਤਰ੍ਹਾਂ ਦਾ ਸਹਿਯੋਗ ਅਤੇ ਸਮਾਂ ਨਾ ਦਿੱਤਾ ਜਾਵੇ।

ਪੰਜ ਪਿਆਰੇ ਸਿੰਘ ਸਾਹਿਬਾਂਨ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ

(ਰਾਜਿੰਦਰ ਸਿੰਘ) ਹੈਡ ਗ੍ਰੰਥੀ	ਸੀਲ	(ਇਕਬਾਲ ਸਿੰਘ) ਜਥੇਦਾਰ
(ਬਲਦੇਵ ਸਿੰਘ) ਸੀ: ਮੀਤ ਗ੍ਰੰਥੀ	(ਦਲੀਪ ਸਿੰਘ) ਮੀਤ ਗੰਥੀ	(ਗੁਰਦਿਆਲ ਸਿੰਘ) ਗ੍ਰੰਥੀ

05.02.2011

ਅੱਜ ਮਿਤੀ 05.02.2011 ਦਿਨ ਸ਼ਨੀਵਾਰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਵਿਖੇ ਪੰਜ ਪਿਆਰੇ ਸਿੰਘ ਸਾਹਿਬਾਨ ਦੀ ਵਿਸ਼ੇਸ਼ ਇਕੱਤਰਤਾ ਹੋਈ ਜਿਸ ਵਿਚ ਗੁਰਮਤਾ ਪਾਸ ਕਰ ਕੇ ਹੁਕਮਨਾਮਾ ਜਾਰੀ ਕੀਤਾ ਜਾਂਦਾ ਹੈ।

ੴ ਸਤਿਨਾਮੁ ਤੋਂ ਅਠਾਰਹ ਦਸ ਬੀਸ॥ ਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਖੰਡਤਾਈ ਨੂੰ ਕਾਇਮ ਰੱਖਣਾ ਹਰ ਇਕ ਗੁਰਸਿੱਖ ਦਾ ਪਰਮ ਧਰਮ, ਸ਼ਰਧਾ, ਭਗਤੀ ਤੇ ਪ੍ਰੇਮ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੇਹ (ਸਰੀਰ) ਦਾ ਜਪੁਜੀ ਸਾਹਿਬ ਸ਼ੀਸ਼ ਅਤੇ ਰਾਗਮਾਲਾ ਚਰਨ ਹਨ। ਰਾਗਮਾਲਾ ਨਾ ਪੜ੍ਹਨੀ ਗੁਰੂ ਦੇ ਅੰਗ ਕੱਟਣ ਕਰ ਗੁਰੂ ਘਾਤਕ ਮਹਾ ਪਾਤਕ ਦੋਖ ਦਾ ਅਪਰਾਧੀ ਹੁੰਦਾ ਹੈ।

ਅਖੰਡ ਕੀਰਤਨੀ ਜਥੇ ਦੇ ਸਿੰਘਾਂ ਨਾਲ ਵਿਚਾਰ ਕਰ ਕੇ ਇਸ ਗੱਲ ਤੇ ਸਹਿਮਤੀ ਹੋਈ ਕਿ ਅੰਮ੍ਰਿਤ ਪ੍ਰਚਾਰ ਅਤੇ ਸੰਚਾਰ ਸਮੇਂ ਪੰਜ ਪਿਆਰਿਆਂ ਵੱਲੋਂ ਸਿਖਿਆ ਦੇਣ ਸਮੇਂ ਰਾਗਮਾਲਾ ਗੁਰਬਾਣੀ ਨਹੀਂ, ਇਹ ਨਹੀਂ ਕਹਿਆ ਜਾਵੇਗਾ। ਅਖੰਡ ਕੀਰਤਨੀ ਜਥੇ ਦੇ ਮੁੱਖੀ ਭਾਈ ਬਖ਼ਸ਼ੀਸ਼ ਸਿੰਘ ਜੀ ਨੇ ਆਪਣੇ ਨਾਲ 21 ਸਿੰਘਾਂ ਦੇ ਸਹਿਤ ਸ੍ਰੀ ਅਕਾਲ ਤਖ਼ਤ ਸ੍ਰੀ ਅੰਮ੍ਰਿਤਸਰ ਵਿਖੇ ਸਤਿਕਾਰਯੋਗ ਜਥੇਦਾਰ ਸਾਹਿਬ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਨੂੰ ਇਹ ਵਿਸ਼ਵਾਸ ਦਿਵਾਇਆ ਹੈ ਕਿ ਅਸੀਂ ਅੰਮ੍ਰਿਤ ਸੰਚਾਰ ਸਮੇਂ ਰਾਗਮਾਲਾ ਵਿਰੁੱਧ ਕਦੇ ਕੋਈ ਪ੍ਰਚਾਰ ਨਹੀਂ ਕਰਦੇ ਹਾਂ।

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਵਿਖੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪਾਵਨ 350ਵਾਂ ਅਵਤਾਰ ਧਾਰਨ ਪ੍ਰਕਾਸ਼ ਉਤਸਵ ਸ਼ਤਾਬਦੀ ਪੋਹ ਸੁਦੀ ਸੱਤਮੀ ਜੋ ਜਨਵਰੀ 2017 ਵਿਚ ਮਨਾਈ ਜਾ ਰਹੀ ਹੈ। ਉਪਰੋਕਤ ਵਿਚਾਰਾਂ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਵਿਖੇ ਹਰ ਸਾਲ ਦੀ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸ਼ਹੀਦੀ ਗੁਰਪੁਰਬ ਮਨਾਉਣ ਅਤੇ ਸਹਿਯੋਗ ਦੇਣ ਲਈ ਅਖੰਡ ਕੀਰਤਨੀ ਜਥੇ ਨੂੰ ਪ੍ਰਵਾਨਗੀ ਦਿੱਤੀ ਜਾਂਦੀ ਹੈ।

ਪੰਜ ਪਿਆਰੇ ਸਿੰਘ ਸਾਹਿਬਾਨ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ

(ਰਾਜਿੰਦਰ ਸਿੰਘ) ਹੈਡ ਗ੍ਰੰਥੀ	ਸੀਲ	(ਇਕਬਾਲ ਸਿੰਘ) ਜਥੇਦਾਰ
(ਬਲਦੇਵ ਸਿੰਘ) ਸੀ. ਗ੍ਰੰਥੀ	(ਦਲੀਪ ਸਿੰਘ) ਗ੍ਰੰਥੀ	(ਗੁਰਦਿਆਲ ਸਿੰਘ) ਗ੍ਰੰਥੀ

04.04.2012

ਅੱਜ ਮਿਤੀ 04.04.2012 ਦਿਨ ਬੁੱਧਵਾਰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਵਿਖੇ ਪੰਜ ਪਿਆਰੇ ਸਿੰਘ ਸਾਹਿਬਾਨ ਦੀ ਵਿਸ਼ੇਸ਼ ਇਕੱਤਰਤਾ ਹੋਈ ਜਿਸ ਵਿਚ ਗੁਰਮਤਾ ਪਾਸ ਕਰ ਕੇ ਪ੍ਰਮਾਣ ਪੱਤਰ ਦਿੱਤੇ ਜਾਂਦੇ ਹਨ।

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਸ੍ਰੀ ਮਾਨ ਸੰਤ ਬਾਬਾ ਸਤਨਾਮ ਸਿੰਘ ਜੀ ਮੁਖੀ ਨੀਲਧਾਰੀ ਸੰਪਰਦਾਇ ਪਿਪਲੀ ਸਾਹਿਬ ਵਾਲਿਆਂ ਦੀਆਂ ਪੰਥਕ ਸੇਵਾਵਾਂ ਨੂੰ ਮੁੱਖ ਰੱਖਦਿਆਂ ਹੋਇਆਂ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵੱਲੋਂ 'ਪਰਮਸੰਤ' ਰਾਜਾਜੋਗੀ ਦੀ ਪਦਵੀ ਨਾਲ ਸਨਮਾਨਿਤ ਕੀਤਾ ਜਾਂਦਾ ਹੈ।

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਇਨ੍ਹਾਂ ਮਹਾਂਪੁਰਸ਼ਾਂ ਦੇ ਸਿਰ ਤੇ ਸਦਾ ਹੀ ਮੇਹਰ ਭਰਿਆ ਹੱਥ ਰੱਖਣ ਅਤੇ ਅੱਗੇ ਸਦਾ ਵਾਸਤੇ ਸਿੱਖ ਕੌਮ ਖਾਲਸਾ ਪੰਥ ਦੀ ਚੜ੍ਹਦੀਕਲਾ ਸਹਿਤ ਨਾਮ ਗੁਰਬਾਣੀ ਗੁਰਮਤਿ ਪ੍ਰਚਾਰ ਦੀ ਸੇਵਾ ਕਰਦੇ ਰਹਿਣ ਦਾ ਸਦਾ ਬਲ ਉੱਦਮ ਉਤਸ਼ਾਹ ਬਖ਼ਸ਼ਣ।

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਸੰਤ ਨਿਰਮਲ ਸਿੰਘ ਖਾਲਸਾ ਜੀ ਸਪੁੱਤਰ ਪਰਮਸੰਤ ਬਾਬਾ ਸਤਨਾਮ ਸਿੰਘ ਜੀ ਮੁਖੀ ਨੀਲਧਾਰੀ ਸੰਪਰਦਾਇ ਪਿਪਲੀ ਸਾਹਿਬ ਵਾਲੇ, ਇਨ੍ਹਾਂ ਦੀਆਂ ਪੰਥਕ ਸੇਵਾਵਾਂ ਨੂੰ ਮੁੱਖ ਰੱਖਦਿਆਂ ਹੋਇਆਂ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵੱਲੋਂ 'ਭਾਈ ਸਾਹਿਬ' ਦੀ ਪਦਵੀ ਨਾਲ ਸਨਮਾਨਿਤ ਕੀਤਾ ਜਾਂਦਾ ਹੈ।

ਅੱਗੇ ਵਾਸਤੇ ਆਪਣੇ ਪਿਤਾ ਜੀ ਵਾਂਗ ਹੀ ਸਿੱਖ ਕੌਮ ਖਾਲਸਾ ਪੰਥ ਦੀ ਨਾਮ ਗੁਰਬਾਣੀ ਦੇ ਪ੍ਰਚਾਰ ਦੀ ਸੇਵਾ ਕਰਦੇ ਰਹਿਣ। ਸਦਾ ਹੀ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਇਨ੍ਹਾਂ ਦੇ ਸਿਰ ਤੇ ਮੇਹਰ ਭਰਿਆ ਹੱਥ ਰੱਖਣ।

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਭਾਈ ਕਰਮ ਸਿੰਘ ਖਾਲਸਾ (ਬੈਂਕੋਕ-ਥਾਇਲੈਂਡ) ਦਮਾਦ ਪਰਮਸੰਤ ਸਤਨਾਮ ਸਿੰਘ ਜੀ ਮੁਖੀ ਨੀਲਧਾਰੀ ਸੰਪਰਦਾਇ ਪਿਪਲੀ ਸਾਹਿਬ ਵਾਲੇ, ਇਨ੍ਹਾਂ ਦੀਆਂ ਪੰਥਕ ਸੇਵਾਵਾਂ ਨੂੰ ਮੁੱਖ ਰੱਖਦਿਆਂ ਹੋਇਆਂ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਵੱਲੋਂ 'ਭਾਈ ਸਾਹਿਬ' ਦੀ ਪਦਵੀ ਨਾਲ ਸਨਮਾਨਿਤ ਕੀਤਾ ਜਾਂਦਾ ਹੈ।

ਅੱਗੇ ਵਾਸਤੇ ਆਪਣੇ ਸਹੁਰਾ ਸਾਹਿਬ ਵਾਂਗ ਹੀ ਸਿੱਖ ਕੌਮ ਖਾਲਸਾ ਪੰਥ ਦੀ ਨਾਮ ਗੁਰਬਾਣੀ ਦੇ ਪ੍ਰਚਾਰ ਦੀ ਸੇਵਾ ਕਰਦੇ ਰਹਿਣ। ਸਦਾ ਹੀ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਇਨ੍ਹਾਂ ਦੇ ਸਿਰ ਤੇ ਮੇਹਰ ਭਰਿਆ ਹੱਥ ਰੱਖਣ।

ਪੰਜ ਪਿਆਰੇ ਸਿੰਘ ਸਾਹਿਬਾਨ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ

(ਰਾਜਿੰਦਰ ਸਿੰਘ)	ਸੀਲ	(ਇਕਬਾਲ ਸਿੰਘ)
ਹੈਡ ਗ੍ਰੰਥੀ		ਜਥੇਦਾਰ
(ਬਲਦੇਵ ਸਿੰਘ)	(ਦਲੀਪ ਸਿੰਘ)	(ਨਿਹਾਲ ਸਿੰਘ)
ਸੀ. ਗ੍ਰੰਥੀ	ਗ੍ਰੰਥੀ	ਗ੍ਰੰਥੀ

15.06.2012

ਅੱਜ ਮਿਤੀ 15.06.2012 ਦਿਨ ਸ਼ੁਕਰਵਾਰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਵਿਖੇ ਪੰਜ ਪਿਆਰੇ ਸਿੰਘ ਸਾਹਿਬਾਨ ਦੀ ਵਿਸ਼ੇਸ਼ ਇਕੱਤਰਤਾ ਹੋਈ, ਜਿਸ ਵਿੱਚ ਗੁਰਮਤਾ ਪਾਸ ਕਰਕੇ ਹੁਕਮਨਾਮਾ ਜਾਰੀ ਕੀਤਾ ਜਾਂਦਾ ਹੈ।

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਕਰਤਾਰ ਸਿੰਘ ਜੀ ਠਕਰਾਲ ਜੀ ਦੀਆਂ ਪੰਥਕ ਮਹਾਨ ਸੇਵਾਵਾਂ ਨੂੰ ਮੁੱਖ ਰੱਖਦਿਆਂ ਸ੍ਰੀ ਅਕਾਲ ਤਖ਼ਤ ਜੀ ਸਾਹਿਬ ਜੀ ਵੱਲੋਂ 'ਸ਼੍ਰੋਮਣੀ ਗੁਰਸਿੱਖ' ਦਾ ਸਨਮਾਨ ਦਿੱਤਾ ਗਿਆ ਹੈ। ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਵੱਲੋਂ 'ਭਾਈ ਸਾਹਿਬ' ਦੀ ਪਦਵੀ ਨਾਲ ਸਨਮਾਣਿਤ ਕੀਤਾ ਜਾਂਦਾ ਹੈ।

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਇਨ੍ਹਾਂ ਦੇ ਸਿਰ ਤੇ ਸਦਾ ਹੀ ਮੇਹਰ ਭਰਿਆ ਹੱਥ ਰੱਖਣ; ਅੱਗੇ ਵਾਸਤੇ ਤਨ ਮਨ ਧਨ ਨਾਲ ਸਦਾ ਹੀ ਗੁਰੂ ਘਰ, ਗੁਰੂ ਪੰਥ ਦੀ ਸੇਵਾ ਕਰਕੇ ਦਸਮੇਸ਼ ਪਿਤਾ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਰਹਿਣ ਦਾ ਬਲ ਉੱਦਮ ਉਤਸਾਹ ਬਖ਼ਸ਼ਣ।

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਰਿਖੀਪਾਲ ਸਿੰਘ ਜੀ ਠਕਰਾਲ ਸਪੁੱਤਰ 'ਸ਼੍ਰੋਮਣੀ ਗੁਰਸਿੱਖ' 'ਭਾਈ ਸਾਹਿਬ' ਕਰਤਾਰ ਸਿੰਘ ਜੀ ਠਕਰਾਲ, ਇਨ੍ਹਾਂ ਦੀਆਂ ਇਨ੍ਹਾਂ ਦੇ ਸਤਿਕਾਰ ਯੋਗ ਪਿਤਾ ਜੀ ਵਾਂਗ ਹੀ ਪੰਥਕ ਸੇਵਾਵਾਂ ਨੂੰ ਮੁੱਖ ਰੱਖਦਿਆਂ ਹੋਇਆਂ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਵੱਲੋਂ 'ਭਾਈ ਸਾਹਿਬ' ਦੀ ਪਦਵੀ ਨਾਲ ਸਨਮਾਣਿਤ ਕੀਤਾ ਜਾਂਦਾ ਹੈ।

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਇਨ੍ਹਾਂ ਨੂੰ ਅੱਗੇ ਵਾਸਤੇ ਤਨ ਮਨ ਧਨ ਨਾਲ ਸਦਾ ਹੀ ਗੁਰੂ ਘਰ, ਗੁਰੂ ਪੰਥ ਦੀ ਸੇਵਾ ਕਰਕੇ ਦਸਮੇਸ਼ ਪਿਤਾ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਰਹਿਣ ਦਾ ਬਲ-ਉਦਮ ਉਤਸਾਹ ਬਖ਼ਸ਼ਣ।

ਸਦਾ ਅੰਗ ਸੰਗੇ ਅਭੰਗੰ ਬਿਭੂਤੇ॥

ਪੰਜ ਪਿਆਰੇ ਸਿੰਘ ਸਾਹਿਬਾਨ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ

(ਰਾਜਿੰਦਰ ਸਿੰਘ) ਹੈਡ ਗ੍ਰੰਥੀ	ਸੀਲ	(ਇਕਬਾਲ ਸਿੰਘ) ਜਥੇਦਾਰ
(ਬਲਦੇਵ ਸਿੰਘ) ਸੀ: ਮੀਤ ਗ੍ਰੰਥੀ	(ਦਲੀਪ ਸਿੰਘ) ਮੀਤ ਗੰਥੀ	(ਗੁਰਦਿਆਲ ਸਿੰਘ) ਗ੍ਰੰਥੀ

08.01.2014

ਅੱਜ ਮਿਤੀ 08.01.2014 ਨੂੰ ਦਿਨ ਬੁੱਧਵਾਰ ਪੋਹ ਸੁਦੀ 8ਵੀਂ 25 ਪੋਹ ਸੰਮਤ ਨਾਨਕਸ਼ਾਹੀ 545 ਨੂੰ ਦੁਪਹਿਰ 1:00 ਵਜੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਵਿਖੇ ਪੰਜ ਪਿਆਰੇ ਸਿੰਘ ਸਾਹਿਬਾਨ ਦੀ ਵਿਸ਼ੇਸ਼ ਇਕੱਤਰਤਾ ਹੋਈ ਜਿਸ ਵਿਚ ਤਖ਼ਤ ਸਾਹਿਬ ਜੀ ਦੀ ਮਾਨ ਮਰਯਾਦਾ ਅਤੇ ਪੁਰਾਤਨ ਪਰੰਪਰਾ ਤੇ ਦੀਰਘ ਵਿਚਾਰ ਕਰ ਕੇ ਹੁਕਮਨਾਮਾ ਜਾਰੀ ਕੀਤਾ ਜਾਂਦਾ ਹੈ।

ਸੋਚੀ ਸਮਝੀ ਸਾਜਿਸ਼ ਅਧੀਨ ਹਰਵਿੰਦਰ ਸਿੰਘ ਸਰਨਾ ਉਰਫ ਪਾਲੀ ਸਰਨਾ ਮੈਂਬਰ ਪ੍ਰਬੰਧਕ ਕਮੇਟੀ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਨੇ ਆਪਣੀ ਪੰਥ ਦੋਖੀ ਸੋਚ ਅਨੁਸਾਰ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਰਣਜੀਤ ਸਿੰਘ ਗਾਂਧੀ, ਸੀ. ਮੀਤ ਪ੍ਰਧਾਨ ਆਰ. ਏਸ. ਜੀਤ, ਜੂ. ਮੀਤ ਪ੍ਰਧਾਨ ਸ. ਮਹਾਰਾਜਾ ਸਿੰਘ 'ਸੋਨੂ', ਜਨਰਲ ਸਕੱਤਰ ਸ. ਚਰਨਜੀਤ ਸਿੰਘ, ਸਕੱਤਰ ਸ. ਮਹਿੰਦਰ ਸਿੰਘ ਛਾਬੜਾ, ਜੋ ਸਰਨਾ ਭਰਾਵਾਂ ਦੇ ਅਧੀਨ ਹੀ ਕੰਮ ਕਰਦੇ ਹਨ। ਸਰਨਾ ਭਰਾਵਾਂ ਨੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਤੇ ਕਬਜਾ ਕਰ ਕੇ ਇਥੋਂ ਦੀ ਪੁਰਾਤਨ ਮਾਨ ਮਰਯਾਦਾ ਭੰਗ ਕਰ ਕੇ ਪੰਥ ਦੋਖੀ ਕਾਰਵਾਈਆਂ ਕਰਨ ਲਈ ਸ਼ੁਰੂ ਤੋਂ ਹੀ ਸਾਜਿਸ਼ਾਂ ਕਰ ਰਹੇ ਹਨ। ਇਸੇ ਸਾਜਿਸ਼ ਅਧੀਨ ਭੁਪਿੰਦਰ ਸਿੰਘ ਸਾਧੂ ਜੋ ਕਿ ਮੈਂਬਰ ਭੀ ਨਹੀ ਹੈ ਉਸ ਨੂੰ ਧਰਮ ਪ੍ਰਚਾਰ ਦਾ ਚੇਅਰਮੈਨ ਬਨਾਇਆ, ਇਹ ਬਹੁਤ ਹੀ ਘਟੀਆ ਕਿਸਮ ਦਾ ਆਦਮੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ 347ਵੇਂ ਅਵਤਾਰ ਧਾਰਨ ਪ੍ਰਕਾਸ਼ ਉਤਸਵ ਗੁਰਪੁਰਬ ਤੇ ਅਖੌਤੀ ਸਾਧ, ਪਾਖੰਡੀ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਾ ਜੋ ਕਿ ਗੁਰਦੁਆਰਾ ਬਾਲ ਲੀਲ੍ਹਾ ਦਾ ਮਹੰਤ ਹੈ, ਪਾਲੀ ਸਰਨਾ ਅਤੇ ਸਾਧੂ ਨੇ ਭੂਰੀ ਵਾਲੇ ਨਾਲ ਮਿਲ ਕੇ ਬਾਬਾ ਅਵਤਾਰ ਸਿੰਘ ਦਲ ਬਿਧੀ ਚੰਦ ਨੂੰ ਦਲ ਸਮੇਤ ਸੱਦਿਆ। ਫਿਰ ਸੋਚੀ ਸਮਝੀ ਸਾਜਿਸ਼ ਅਧੀਨ ਗਿਆਨੀ ਪ੍ਰਤਾਪ ਸਿੰਘ ਨੂੰ ਪਹਿਲਾਂ ਇਥੇ ਹੈਡ ਗ੍ਰੰਥੀ, ਫਿਰ ਜਥੇਦਾਰ ਥਾਪ ਕੇ ਆਪਣੇ ਪੰਜ ਪਿਆਰੇ ਸਿੰਘ ਸਾਹਿਬਾਨ ਭਰਤੀ ਕਰ ਕੇ ਪੂਰੀ ਤਰ੍ਹਾਂ ਨਾਲ ਧਾਰਮਿਕ ਤੌਰ ਤੇ ਵੀ ਕਬਜਾ ਕਰਨ ਦੀ ਨੀਤੀ ਨਾਲ ਤਖ਼ਤ ਸਾਹਿਬ ਜੀ ਦੇ ਪੰਜ ਪਿਆਰੇ ਸਿੰਘ ਸਾਹਿਬਾਨ ਦੀ ਪ੍ਰਵਾਨਗੀ ਤੋਂ ਬਿਨਾਂ ਗੁਪਤ ਤਰੀਕੇ ਨਾਲ ਅਚਾਨਕ ਕਾਰਜਕਾਰੀ ਹੈਡ ਗ੍ਰੰਥੀ ਐਲਾਨ ਕਰ ਦਿੱਤਾ। ਜਦੋਂ ਅਨਾਊਸਮੈਂਟ ਸੁਣ ਕੇ ਤਖ਼ਤ ਸ੍ਰੀ ਹਰਿਮੰਦਰ ਜੋ ਪਟਨਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਇਕਬਾਲ ਸਿੰਘ ਜੀ ਖਾਲਸਾ ਸਟੇਜ ਤੇ ਆਏ ਤਾਂ ਭੂਰੀ ਵਾਲੇ ਦੇ 100 ਤੋਂ ਵੱਧ ਗੁੰਡੇ ਜੋ ਸਟੇਜ ਤੇ ਪਹਿਲਾਂ ਹੀ ਕਾਬਜ ਸਨ, ਸੁਖਾ ਸਿੰਘ ਦੂਜੇ ਨੰਬਰ ਦਾ ਅਖੌਤੀ ਭੂਰੀ ਵਾਲਾ ਬਾਬਾ ਉਸ ਦੇ ਕਹਿਣ ਤੇ ਉਸ ਦੇ ਗੁੰਡਿਆਂ ਨੇ ਸਤਿਕਾਰਯੋਗ ਜਥੇਦਾਰ ਸਾਹਿਬ ਅਤੇ ਇਨ੍ਹਾਂ ਦੇ ਸਪੁੱਤਰ ਗੁਰਪ੍ਰਸਾਦਿ ਸਿੰਘ ਤੇ ਤਲਵਾਰਾਂ, ਡਾਂਗਾਂ ਨਾਲ ਕਾਤਲਾਨਾ ਹਮਲਾ ਕਰ ਦਿੱਤਾ। ਜਥੇਦਾਰ ਗਿਆਨੀ ਇਕਬਾਲ ਸਿੰਘ ਜੀ ਦੀ ਪੱਗ ਲਾਹ ਕੇ ਹੇਠਾਂ ਸੁੱਟ ਦਿੱਤੀ, ਫਿਰ ਸਿੰਘ ਸਾਹਿਬ ਨੂੰ ਹੇਠਾਂ ਸੁੱਟ ਕੇ ਲੱਤਾਂ, ਗੋਡਿਆਂ ਨਾਲ ਡੂੰਘੀਆਂ ਸੱਟਾਂ ਮਾਰਨੀਆਂ ਅਰੰਭ ਕਰ

ਦਿੱਤੀਆਂ। ਜਦੋਂ ਬੇਟਾ ਗੁਰਪ੍ਰਸਾਦਿ ਸਿੰਘ ਛੁਡਾਉਣ ਲਈ ਅੱਗੇ ਵਧਿਆ ਤਾਂ ਭੂਰੀ ਵਾਲੇ ਨੇ ਇਸ਼ਾਰਾ ਕੀਤਾ ਤੇ ਕਿਹਾ ਇਸ ਨੂੰ ਵੀ ਜਥੇਦਾਰ ਦੇ ਨਾਲ ਹੀ ਮਾਰ ਦਿਉ, ਤਲਵਾਰਾਂ ਦੇ ਵਾਰ ਸਿਰ ਤੇ ਕਰ ਕੇ ਜ਼ਖ਼ਮੀ ਕਰ ਦਿੱਤਾ। ਫਿਰ ਭਾਈ ਗੁਰਦਿਆਲ ਸਿੰਘ ਪੰਜ ਪਿਆਰਿਆਂ ਵਿਚੋਂ ਅੱਗੇ ਵਧਿਆ ਤਾਂ ਉਸ ਤੇ ਵੀ ਕਾਤਲਾਨਾ ਹਮਲਾ ਕੀਤਾ ਜਿਸ ਨਾਲ ਉਸ ਦੀ ਦਸਤਾਰ ਪੱਗ ਕੱਟੀ ਗਈ ਫਿਰ ਗਰਦਨ ਤੇ ਤਲਵਾਰ ਮਾਰੀ ਜੋ ਕਿ ਬਚਾਓ ਹੋ ਗਿਆ। ਫਿਰ ਮੋਟੇ ਸੋਟੇ ਨਾਲ ਗੁੱਝੀਆਂ ਸੱਟਾਂ ਮਾਰੀਆਂ, ਇਹ ਸਾਰਾ ਕਾਂਡ ਭਰੇ ਦੀਵਾਨ ਵਿਚ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦੀ ਹਜ਼ੂਰੀ ਵਿਚ ਹੋਇਆ ਜਿਸ ਨਾਲ ਤਖ਼ਤ ਸ੍ਰੀ ਹਰਿੰਮਦਰ ਜੀ ਪਟਨਾ ਸਾਹਿਬ ਜੀ ਦੀ ਮਾਨ ਮਰਯਾਦਾ ਪੂਰੀ ਤਰ੍ਹਾਂ ਨਾਲ ਭੰਗ ਹੋ ਗਈ। ਪੰਜ ਪਿਆਰੇ ਸਿੰਘ ਸਾਹਿਬਾਨ ਦਾ ਘੋਰ ਅਪਮਾਨ ਕੀਤਾ ਗਿਆ।

ਇਨ੍ਹਾਂ ਸੰਗੀਨ ਦੋਸ਼ਾਂ ਨੂੰ ਮੁੱਖ ਰੱਖਦਿਆਂ ਹੋਇਆਂ ਮੌਜੂਦਾ ਕਾਬਜ ਸਰਨਾ ਧੜਾ ਪ੍ਰਬੰਧਕ ਕਮੇਟੀ ਤਖ਼ਤ ਸ੍ਰੀ ਹਰਿੰਮਦਰ ਜੀ ਪਟਨਾ ਸਾਹਿਬ ਨੂੰ ਭੰਗ ਕੀਤਾ ਜਾਂਦਾ ਹੈ ਅਤੇ ਗਿਆਨੀ ਪ੍ਰਤਾਪ ਸਿੰਘ ਜੀ ਕਾਰਜਕਾਰੀ ਹੈਡ ਗ੍ਰੰਥੀ ਦੀ ਨਿਯੁਕਤੀ ਰੱਦ ਕੀਤੀ ਜਾਂਦੀ ਹੈ ਅਤੇ ਭੁਪਿੰਦਰ ਸਿੰਘ ਸਾਧੂ ਦੀ ਧਰਮ ਪ੍ਰਚਾਰ ਚੇਅਰਮੈਨ ਦੀ ਨਿਯੁਕਤੀ ਰੱਦ ਕੀਤੀ ਜਾਂਦੀ ਹੈ। ਇਹ ਸਾਰੇ ਫੈਸਲੇ ਗੁਰੂ ਪੰਥ ਦੀ ਪੰਥਕ ਮਰਯਾਦਾ ਅਨੁਸਾਰ ਤਖ਼ਤ ਸ੍ਰੀ ਹਰਿੰਮਦਰ ਜੀ ਪਟਨਾ ਸਾਹਿਬ ਜੀ ਦੀ ਪੁਰਾਤਨ ਮਾਨ ਮਰਯਾਦਾ ਨੂੰ ਕਾਇਮ ਰੱਖਣ ਲਈ ਕੀਤੇ ਗਏ ਹਨ। ਇਨ੍ਹਾਂ ਫੈਸਲਿਆਂ ਦੀ ਉਲੰਘਨਾ ਕਰਨ ਵਾਲਾ ਜਾਂ ਕਿੰਤੂ ਪ੍ਰੰਤੂ ਕਰਨ ਵਾਲਾ ਜੇ ਸਿੱਖ ਤਾਂ ਤਨਖਾਹੀਆ ਹੋਵੇਗਾ ਜੇ ਸਿੱਖ ਨਹੀਂ ਹੈ ਤਾਂ ਪੰਥ ਦੋਖੀ ਹੋਵੇਗਾ।

ਤਖ਼ਤ ਸ੍ਰੀ ਹਰਿੰਮਦਰ ਜੀ ਪਟਨਾ ਸਾਹਿਬ ਦਾ ਕੋਈ ਵੀ ਕਰਮਚਾਰੀ ਇਨ੍ਹਾਂ ਪ੍ਰਬੰਧਕਾਂ ਦਾ ਆਦੇਸ਼ ਨਹੀਂ ਮੰਨੇਗਾ। ਰੋਜਾਨਾ ਦੀਆਂ ਡਿਊਟੀਆਂ ਅਨੁਸਾਰ ਆਪੋ ਆਪਣੀਆਂ ਡਿਊਟੀਆਂ ਜ਼ੁੰਮੇਵਾਰੀ ਦੇ ਨਾਲ ਕਰਦੇ ਰਹਿਣਗੇ।

ਜਨਰਲ ਸਕੱਤਰ ਚਰਨਜੀਤ ਸਿੰਘ ਨੂੰ ਜਥੇਦਾਰ ਸਾਹਿਬ ਨੇ ਕਈ ਵਾਰ ਅੰਮ੍ਰਿਤ ਛੱਕਣ ਲਈ ਕਿਹਾ ਅਤੇ ਪੰਜਾਂ ਤਖ਼ਤਾਂ ਦਾ ਵੀ ਹੁਕਮ ਵੀ ਸੁਣਾਇਆ ਅਤੇ ਇਹ ਵੀ ਵਾਰ-ਵਾਰ ਯਾਦ ਕਰਵਾਇਆ ਕਿ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਸੰਵਿਧਾਨ ਅਨੁਸਾਰ ਵੀ ਗੈਰ ਅੰਮ੍ਰਿਤਧਾਰੀ ਮੈਂਬਰ ਨਹੀਂ ਬਣ ਸਕਦਾ, ਪਰ ਇਸ ਨੇ ਕੋਈ ਪ੍ਰਵਾਹ ਨਹੀਂ ਕੀਤੀ। ਇਸ ਲਈ ਇਸ ਦੀ ਮੈਂਬਰੀ ਵੀ ਸਮਾਪਤ ਕੀਤੀ ਜਾਂਦੀ ਹੈ।

ਪੰਜ ਪਿਆਰੇ ਸਿੰਘ ਸਾਹਿਬਾਨ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ

(ਰਾਜਿੰਦਰ ਸਿੰਘ) ਹੈਡ ਗ੍ਰੰਥੀ	ਸੀਲ	(ਇਕਬਾਲ ਸਿੰਘ ਖਾਲਸਾ) ਜਥੇਦਾਰ
(ਬਲਦੇਵ ਸਿੰਘ) ਸੀ. ਮੀਤ ਗ੍ਰੰਥੀ	(ਦਲੀਪ ਸਿੰਘ) ਮੀਤ ਗ੍ਰੰਥੀ	(ਗੁਰਦਿਆਲ ਸਿੰਘ) ਗ੍ਰੰਥੀ

15.03.2014

ਅੱਜ ਮਿਤੀ 15.03.2014 ਨੂੰ ਦਿਨ ਸ਼ਨੀਵਾਰ 2 ਚੇਤਰ ਸੰਮਤ ਨਾਨਕਸ਼ਾਹੀ 546 ਨੂੰ ਸਵੇਰੇ 10:00 ਵਜੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਵਿਖੇ ਪੰਜ ਪਿਆਰੇ ਸਿੰਘ ਸਾਹਿਬਾਨ ਦੀ ਵਿਸ਼ੇਸ਼ ਇਕੱਤਰਤਾ ਹੋਈ।

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਮਿਤੀ 8.1.2014 ਨੂੰ ਪੰਜ ਸਿੰਘ ਸਾਹਿਬਾਨ ਵੱਲੋਂ ਹੁਕਮਨਾਮਾ ਜਾਰੀ ਕੀਤਾ ਗਿਆ ਸੀ ਕਿ ਪੋਹ ਸੁਦੀ ਸੱਤਮੀ 7 ਜਨਵਰੀ 2014 ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਅਵਤਾਰ ਧਾਰਨ ਪ੍ਰਕਾਸ਼ ਉਤਸਵ ਗੁਰਪੁਰਬ ਸਮੇਂ ਤਖ਼ਤ ਸਾਹਿਬ ਦੀ ਮੌਜੂਦਾ ਪ੍ਰਬੰਧਕ ਕਮੇਟੀ ਸਰਨਾ ਧੜਾ ਵੱਲੋਂ ਸੋਚੀ ਸਮਝੀ ਸਾਜਿਸ਼ ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਭਰੇ ਦੀਵਾਨ ਲਾਈਵ ਟੀ.ਵੀ. ਚੈਨਲਾਂ ਤੇ ਸਾਰਾ ਪ੍ਰੋਗਰਾਮ ਆ ਰਿਹਾ ਸੀ। ਸਾਰੇ ਸੰਸਾਰ ਦੀਆਂ ਸਿੱਖ ਸੰਗਤਾਂ ਦੇਖ ਰਹੀਆਂ ਸਨ। ਸਾਰਾ ਵੇਰਵਾ ਮਿਤੀ 8.1.2014 ਦੇ ਹੁਕਮਨਾਮੇ ਵਿਚ ਦਿੱਤਾ ਗਿਆ ਹੈ।

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਸਤਿਕਾਰਯੋਗ ਜਥੇਦਾਰ ਸਿੰਘ ਸਾਹਿਬ ਗਿਆਨੀ ਇਕਬਾਲ ਸਿੰਘ ਜੀ ਅਤੇ ਇਨ੍ਹਾਂ ਦੇ ਸਪੁਤਰ ਗੁਰਪ੍ਰਸਾਦਿ ਸਿੰਘ ਅਤੇ ਭਾਈ ਗੁਰਦਿਆਲ ਸਿੰਘ ਗ੍ਰੰਥੀ ਉਪਰ ਕਾਤਲਾਨਾ ਹਮਲਾ ਕੀਤਾ। ਜਥੇਦਾਰ ਸਾਹਿਬ ਦੀ ਪਗੜੀ ਦਸਤਾਰ ਉਤਾਰ ਕੇ ਜਥੇਦਾਰ ਦੀ ਪਦਵੀ ਦਾ ਘੋਰ ਅਪਮਾਨ ਕੀਤਾ। ਇਸ ਮਹਾਦੋਸ਼ ਦੇ ਕਾਰਨ ਮੌਜੂਦਾ ਪ੍ਰਬੰਧਕ ਕਮੇਟੀ ਦੇ ਪੰਜੇ ਅਹੁਦੇਦਾਰ ਆਰ. ਏਸ ਗਾਂਧੀ, ਪ੍ਰਧਾਨ, ਆਰ. ਏਸ. ਜੀਤ, ਸੀ. ਮੀਤ ਪ੍ਰਧਾਨ, ਮਹਾਰਾਜਾ ਸਿੰਘ 'ਸੋਨੂ', ਜੂ. ਮੀਤ ਪ੍ਰਧਾਨ, ਚਰਨਜੀਤ ਸਿੰਘ, ਜਨਰਲ ਸਕੱਤਰ, ਮਹਿੰਦਰ ਸਿੰਘ ਛਾਬੜਾ, ਸਕੱਤਰ, ਇਨ੍ਹਾਂ ਦੀ ਕਮੇਟੀ ਭੰਗ ਕਰ ਦਿੱਤੀ ਸੀ। ਇਸ ਮਹਾਂਦੋਸ਼ ਕਾਰਨ ਇਨ੍ਹਾਂ ਨੂੰ ਕਿਸੇ ਤਰ੍ਹਾਂ ਦਾ ਵੀ ਕੋਈ ਆਦੇਸ਼ ਜਾਰੀ ਕਰਨ ਦਾ ਅਧਿਕਾਰ ਨਹੀਂ ਹੈ। ਇਨ੍ਹਾਂ ਦੇ ਨਾਲ ਸਾਜਿਸ਼ ਕਰਤਾ ਹਰਵਿੰਦਰ ਸਿੰਘ ਸਰਨਾ ਮੈਂਬਰ ਪ੍ਰਬੰਧਕ ਕਮੇਟੀ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜਿਸ ਨੇ ਕਾਤਲਾਨਾ ਹਮਲਾ ਕਰਨ ਵਾਲਿਆਂ ਦਾ ਧੰਨਵਾਦ ਕੀਤਾ। ਭੁਪਿੰਦਰ ਸਿੰਘ ਸਾਧੂ ਧਰਮ ਪ੍ਰਚਾਰ ਚੇਅਰਮੈਨ ਅਤੇ ਗਿਆਨੀ ਪ੍ਰਤਾਪ ਸਿੰਘ ਦੀ ਨਿਯੁਕਤੀ ਰੱਦ ਕਰ ਦਿੱਤੀ ਗਈ ਸੀ। ਗੁਰੂ ਪੰਥ ਦੀ ਪੰਥਕ ਮਰਯਾਦਾ ਅਨੁਸਾਰ ਗੁਰਮਤਾ ਕਰ ਕੇ ਹੁਕਮਨਾਮਾ ਜਾਰੀ ਕੀਤਾ ਗਿਆ ਸੀ ਕਿ ਹੁਕਮਨਾਮੇ ਦੀ ਉਲੰਘਨਾ ਕਰਨ ਵਾਲਾ ਵੀ ਤਨਖਾਹੀਆ ਹੋਵੇਗਾ।

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਸੰਵਿਧਾਨ ਅਨੁਸਾਰ ਵੀ ਅੰਮ੍ਰਿਤਧਾਰੀ ਹੀ ਮੈਂਬਰ ਬਣ ਸਕਦਾ ਹੈ ਤਾਂ ਫਿਰ ਚਰਨਜੀਤ ਸਿੰਘ, ਜਨਰਲ ਸਕੱਤਰ ਕਿਵੇਂ ਬਣ ਗਿਆ। ਇਸ ਦੀ ਮੈਂਬਰੀ ਸਮਾਪਤ ਕਰ ਕੇ ਮਾਨਯੋਗ ਜਿਲਾ ਜੱਜ ਨੂੰ ਲਿਖਤੀ ਭੇਜ ਦਿੱਤਾ ਗਿਆ ਸੀ। ਆਰ. ਏਸ. ਗਾਂਧੀ ਵੀ ਅੰਮ੍ਰਿਤਧਾਰੀ ਨਹੀਂ ਹੈ ਫਿਰ ਸੰਵਿਧਾਨ ਤੋਂ ਉਲਟ ਪ੍ਰਧਾਨ ਦੀ ਪਦਵੀ ਤੇ ਕਿਵੇਂ ਕੰਮ ਕਰ ਰਿਹਾ ਹੈ। ਮਹਾਰਾਜਾ ਸਿੰਘ ਸੋਨੂ ਵੀ ਅੰਮ੍ਰਿਤਧਾਰੀ ਨਹੀਂ ਹੈ ਇਸ ਨੂੰ ਜੂ. ਮੀਤ ਪ੍ਰਧਾਨ ਕਿਵੇਂ ਬਣਾਇਆ ਗਿਆ। ਇਹ ਗੁਰੂ

ਪੰਥ ਦੀ ਪੰਥਕ ਮਰਯਾਦਾ ਦੀ ਤਾਂ ਘੋਰ ਉਲੰਘਣਾ ਹੈ ਹੀ ਤਖ਼ਤ ਸਾਹਿਬ ਦੇ ਸੰਵਿਧਾਨ ਦਾ ਵੀ ਘੋਰ ਅਪਮਾਨ ਕਰਨ ਦੇ ਵੀ ਇਹ ਤਿੰਨੇ ਮਹਾ ਦੋਸ਼ੀ ਹਨ।

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਵੱਲੋਂ ਰਾਗੀ ਦਰਸ਼ਨ ਸਿੰਘ ਨੂੰ ਛੇਕਿਆ ਗਿਆ ਸੀ, ਫਿਰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਤਿਕਾਰਯੋਗ ਪੰਜਾਂ ਤਖ਼ਤਾਂ ਦੇ ਜਥੇਦਾਰ ਸਿੰਘ ਸਾਹਿਬਾਨ ਵੱਲੋਂ ਛੇਕਿਆ ਗਿਆ ਸੀ। ਪਿਛਲੇ ਦਿਨੀਂ ਸਰਦਾਰ ਪਰਮਜੀਤ ਸਿੰਘ ਸਰਨਾ, ਹਰਵਿੰਦਰ ਸਿੰਘ ਸਰਨਾ ਵੱਲੋਂ ਅਪਨੇ ਘਰ ਸੱਦ ਕੇ ਪੰਜ ਤਖ਼ਤਾਂ ਦੇ ਹੁਕਮ ਦੀ ਉਲੰਘਣਾ ਕੀਤੀ। ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਮੈਂਬਰ ਹੁੰਦਿਆਂ ਸਰਦਾਰ ਭਜਨ ਸਿੰਘ ਵਾਲੀਆ, ਹਰਵਿੰਦਰ ਸਿੰਘ ਸਰਨਾ ਨੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਮਾਨ ਮਰਯਾਦਾ ਦੀ ਘੋਰ ਉਲੰਘਣਾ ਕਰ ਕੇ ਉਸ ਨੂੰ ਘਰ ਬੁਲਾ ਕੇ ਊਲ-ਜਲੂਲ ਪ੍ਰਚਾਰ ਕਰਵਾਇਆ। ਇਸ ਲਈ ਇਨ੍ਹਾਂ ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦਾ ਮੈਂਬਰ ਬਨੇ ਰਹਿਨ ਦਾ ਕੋਈ ਅਧਿਕਾਰ ਨਹੀਂ ਹੈ। ਕਿਉਂਕਿ ਇਨ੍ਹਾਂ ਨੇ ਪੰਜਾਂ ਤਖ਼ਤਾਂ ਵੱਲੋਂ ਜਾਰੀ ਹੁਕਮਨਾਮੇ ਦਾ ਘੋਰ ਅਪਮਾਨ ਅਤੇ ਸਰਵਉੱਚ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਚੁਨੌਤੀ ਦਿੱਤੀ ਹੈ। ਇਨ੍ਹਾਂ ਦੇ ਇਸ਼ਾਰੇ ਤੇ ਊਠਕ ਬੈਠਕ ਕਰਨ ਵਾਲੇ ਔਹਦੇਦਾਰ ਜਿਨ੍ਹਾਂ ਨੂੰ ਪਹਿਲਾਂ ਹੀ ਮਹਾਦੋਸ਼ੀ ਕਰਾਰ ਦਿੱਤਾ ਗਿਆ ਹੈ।

ਉਪਰੋਕਤ ਸਾਰਿਆਂ ਨੂੰ ਧਿਆਨ ਵਿਚ ਰਖਦਿਆਂ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੇ ਪੰਜ ਪਿਆਰੇ ਸਿੰਘ ਸਾਹਿਬਾਨ ਵੱਲੋਂ ਗੁਰਮਤਾ ਕਰ ਕੇ ਹੁਕਮਨਾਮਾ ਜਾਰੀ ਕੀਤਾ ਜਾਂਦਾ ਹੈ:

> ਸ. ਪਰਮਜੀਤ ਸਿੰਘ ਸਰਨਾ, ਸ. ਹਰਵਿੰਦਰ ਸਿੰਘ ਸਰਨਾ ਮੈਂਬਰ, ਭਜਨ ਸਿੰਘ ਵਾਲੀਆ ਮੈਂਬਰ, ਆਰ.ਐਸ. ਗਾਂਧੀ ਪ੍ਰਧਾਨ, ਮਹਾਰਾਜਾ ਸੋਨੂ, ਜੂ. ਮੀਤ ਪ੍ਰਧਾਨ, ਚਰਨਜੀਤ ਸਿੰਘ, ਜਨਰਲ ਸਕੱਤਰ, ਭੁਪਿੰਦਰ ਸਿੰਘ ਸਾਧੂ ਚੇਅਰਮੈਨ ਧਰਮ ਪ੍ਰਚਾਰ, ਗਿ: ਪ੍ਰਤਾਪ ਸਿੰਘ ਜਿਸ ਨੇ ਤਖ਼ਤ ਸ੍ਰੀ ਸੱਚਖੰਡ ਹਜ਼ੂਰ ਸਾਹਿਬ ਦੇ ਪ੍ਰਬੰਧਕਾਂ ਨੂੰ ਝੂਠਾ ਲਿਖਤੀ ਬਿਆਨ ਦਿੱਤਾ ਜਦ ਕਿ ਇਥੇ ਪੂਰੀ ਸਾਜਿਸ਼ ਵਿਚ ਸ਼ਾਮਲ ਸੀ, ਇਨ੍ਹਾਂ ਨੂੰ ਪੰਥ ਦੋਖੀ ਕਾਰਵਾਈਆਂ ਕਾਰਨ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਮਾਨ ਮਰਯਾਦਾ ਨੂੰ ਭੰਗ ਕਰ ਕੇ ਮਹਾਦੋਸ਼ੀ ਕਰਾਰ ਦਿੰਦਿਆਂ ਤਨਖਾਹੀਆ ਘੋਸ਼ਿਤ ਕੀਤਾ ਜਾਂਦਾ ਹੈ।

ਪੰਜ ਪਿਆਰੇ ਸਿੰਘ ਸਾਹਿਬਾਨ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ

(ਰਾਜਿੰਦਰ ਸਿੰਘ) ਹੈਡ ਗ੍ਰੰਥੀ	ਸੀਲ	(ਇਕਬਾਲ ਸਿੰਘ ਖਾਲਸਾ) ਜਥੇਦਾਰ
(ਬਲਦੇਵ ਸਿੰਘ) ਸੀ. ਮੀਤ ਗ੍ਰੰਥੀ	(ਦਲੀਪ ਸਿੰਘ) ਮੀਤ ਗ੍ਰੰਥੀ	(ਗੁਰਦਿਆਲ ਸਿੰਘ) ਗ੍ਰੰਥੀ

24.08.2014

ਅੱਜ ਮਿਤੀ 24.08.2014 ਨੂੰ ਦਿਨ ਐਤਵਾਰ 8 ਭਾਦਰੋਂ ਸੰਮਤ ਨਾਨਕਸ਼ਾਹੀ 546 ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੇ ਪੰਜ ਪਿਆਰੇ ਸਿੰਘ ਸਾਹਿਬਾਨ ਦੀ ਵਿਸ਼ੇਸ਼ ਇਕੱਤਰਤਾ ਹੋਈ ਜਿਸ ਵਿਚ ਗੁਰਮਤਾ ਕੀਤਾ ਗਿਆ ਕਿ ਅੱਜ ਸਚਖੰਡ ਵਾਸੀ ਸ੍ਰ. ਪ੍ਰੀਤਮ ਸਿੰਘ ਸੋਹੀ ਜੀ ਦੀ ਅੰਤਮ ਅਰਦਾਸ ਤੇ ਇਹਨਾਂ ਦੀਆਂ ਧਾਰਮਿਕ, ਪੰਥਕ ਅਤੇ ਸਮਾਜਿਕ ਸੇਵਾਵਾਂ ਨੂੰ ਮੁੱਖ ਰੱਖਦਿਆਂ ਹੋਇਆਂ 'ਕਰਮ ਯੋਗੀ' ਦਾ ਸਨਮਾਨ ਦਿੱਤਾ ਜਾਂਦਾ ਹੈ।

ਪੰਜ ਪਿਆਰੇ ਸਿੰਘ ਸਾਹਿਬਾਨ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ

(ਰਾਜਿੰਦਰ ਸਿੰਘ) ਹੈਡ ਗ੍ਰੰਥੀ	ਸੀਲ	(ਇਕਬਾਲ ਸਿੰਘ ਖਾਲਸਾ) ਜਥੇਦਾਰ
(ਬਲਦੇਵ ਸਿੰਘ) ਸੀ. ਮੀਤ ਗ੍ਰੰਥੀ	(ਦਲੀਪ ਸਿੰਘ) ਮੀਤ ਗ੍ਰੰਥੀ	(ਨਿਹਾਲ ਸਿੰਘ) ਗ੍ਰੰਥੀ

16.07.2015

ਅੱਜ ਮਿਤੀ 16.07.2015 ਦਿਨ ਵੀਰਵਾਰ ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੇ ਪੰਜ ਪਿਆਰੇ ਸਿੰਘ ਸਾਹਿਬਾਨ ਦੀ ਵਿਸ਼ੇਸ਼ ਇਕੱਤਰਤਾ ਹੋਈ ਜਿਸ ਵਿਚ ਗੁਰਮਤਾ ਕੀਤਾ ਗਿਆ ਕਿ ਜੋ ਪ੍ਰਬੰਧਕ ਕਮੇਟੀ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਅਤੇ ਸੰਗਤਾਂ ਵੱਲੋਂ ਭਾਈ ਤੇਜਿੰਦਰ ਸਿੰਘ ਬਗਾ ਵਿਰੁੱਧ ਸ਼ਿਕਾਇਤ ਆਈ ਹੈ ਕਿ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦਾ ਪਾਵਨ 350ਵਾਂ ਅਵਤਾਰ ਧਾਰਨ ਪ੍ਰਕਾਸ਼ ਉਤਸਵ ਗੁਰਪੁਰਬ ਪੋਹ ਸੁਦੀ ਸੱਤਮੀ 5 ਜਨਵਰੀ 2017 ਨੂੰ ਸ਼ਤਾਬਦੀ ਰੂਪ ਵਿਚ ਮਨਾਉਣ ਲਈ ਉੱਚ ਪੱਧਰ ਤੇ ਕਾਰ ਸੇਵਾ ਚੱਲ ਰਹੀ ਹੈ ਜਿਸ ਵਿਚ ਭਾਰੀ ਰੁਕਾਵਟ ਪਾਈ ਜਾ ਰਹੀ ਹੈ। ਕਾਰ ਸੇਵਕ ਮਹਾਪੁਰਖ ਅਤੇ ਪ੍ਰਬੰਧਕਾਂ ਪ੍ਰਤੀ ਬਹੁਤ ਹੀ ਅਪਮਾਨਜਨਕ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ।

ਭਾਈ ਤਜਿੰਦਰ ਸਿੰਘ ਬਗਾ, ਤੁਹਾਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੇ ਪੰਜ ਪਿਆਰੇ ਸਿੰਘ ਸਾਹਿਬਾਨ ਵੱਲੋਂ ਆਦੇਸ਼ ਦਿੱਤਾ ਜਾਂਦਾ ਹੈ ਕਿ ਮਿਤੀ 17.07.2015 ਨੂੰ ਸਵੇਰੇ 11.00 ਵਜੇ ਤਖ਼ਤ ਸਾਹਿਬ ਜੀ ਦੇ ਪੰਜ ਪਿਆਰੇ ਸਿੰਘ ਸਾਹਿਬਾਨ ਦੇ ਸਨਮੁਖ ਹਾਜਿਰ ਹੋ ਕੇ ਲਿਖਤੀ ਰੂਪ ਵਿਚ ਆਪਣਾ ਸਪਸ਼ਟੀਕਰਨ ਦਿਓ।

ਪੰਜ ਪਿਆਰੇ ਸਿੰਘ ਸਾਹਿਬਾਨ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ

(ਰਾਜਿੰਦਰ ਸਿੰਘ) ਹੈਡ ਗ੍ਰੰਥੀ	ਸੀਲ	(ਇਕਬਾਲ ਸਿੰਘ ਖਾਲਸਾ) ਜਥੇਦਾਰ
(ਬਲਦੇਵ ਸਿੰਘ) ਸੀ. ਮੀਤ ਗ੍ਰੰਥੀ	(ਦਲੀਪ ਸਿੰਘ) ਮੀਤ ਗ੍ਰੰਥੀ	(ਗੁਰਦਿਆਲ ਸਿੰਘ) ਗ੍ਰੰਥੀ

23.07.2015

ਅੱਜ ਮਿਤੀ 23.07.2015 ਨੂੰ ਪੰਜ ਪਿਆਰੇ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ ਭਾਈ ਤਜਿੰਦਰ ਸਿੰਘ ਬੱਗਾ ਜੀ ਨੇ 18.7.2015 ਨੂੰ ਪੰਜ ਪਿਆਰੇ ਸਿੰਘ ਸਾਹਿਬਾਨ ਦੇ ਸਨਮੁਖ ਹਾਜ਼ਰ ਹੋ ਕੇ ਬਚਨ ਕੀਤਾ ਸੀ ਕਿ 23.07.2017 ਨੂੰ ਸਵੇਰੇ ਸਿੰਘ ਸਾਹਿਬਾਨ ਦੇ ਸਨਮੁਖ ਹਾਜਰ ਹੋ ਕੇ 9.00 ਵਜੇ ਆਪਣੀ ਦੁਕਾਨ ਖਾਲੀ ਕਰ ਕੇ ਚਾਬੀਆਂ ਸੌਂਪ ਦਿਆਂਗਾ। ਕੀਤੇ ਹੋਏ ਬਚਨ ਅਨੁਸਾਰ ਅੱਜ ਦੁਕਾਨ ਖਾਲੀ ਕਰ ਕੇ ਚਾਬੀਆਂ ਸੌਂਪ ਰਹੇ ਹਨ। ਜੋ ਪਟਨਾ ਸਿਟੀ ਕੋਰਟ ਮੁਨਸਫ ਦੇ ਕੇਸ ਨੰਬਰ 15/2014 ਕੀਤਾ ਹੋਇਆ ਹੈ ਉਹ ਵਾਪਸ ਲੈਣਗੇ, ਪ੍ਰਬੰਧਕ ਕਮੇਟੀ ਵੱਲੋਂ ਜੋ ਪਟਨਾ ਸਿਵਲ ਕੋਰਟ ਕੇਸ ਨੰਬਰ 18/2015 ADV-V ਕੇਸ ਕੀਤਾ ਹੈ ਉਹ ਵੀ ਵਾਪਸ ਲੈਣਗੇ।

ਕਾਰ ਸੇਵਾ ਵਿਚ ਕਾਫ਼ੀ ਰੁਕਾਵਟ ਪੈ ਰਹੀ ਹੈ ਇਸ ਲਈ ਅੱਜ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਯੂ.ਕੇ. ਦੇ ਮੁਖੀ ਭਾਈ ਸਾਹਿਬ ਸੰਤ ਬਾਬਾ ਮਹਿੰਦਰ ਸਿੰਘ ਜੀ ਵੱਲੋਂ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਮੁੱਖ ਰੂਪ ਵਿਚ ਸੇਵਾ ਕਰਵਾ ਰਹੇ ਭਾਈ ਇੰਦਰਜੀਤ ਸਿੰਘ ਜੀ ਨੂੰ ਚਾਬੀਆਂ ਦਿੱਤੀਆਂ ਜਾ ਰਹੀਆਂ ਹਨ। ਅੱਜ ਹੁਣੇ ਤੋਂ ਹੀ ਦੁਕਾਨ ਤੋੜਨ ਦਾ ਕੰਮ ਸ਼ੁਰੂ ਕੀਤਾ ਜਾਵੇ।

ਪੰਜ ਪਿਆਰੇ ਸਿੰਘ ਸਾਹਿਬਾਨ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ

(ਬਲਦੇਵ ਸਿੰਘ)	ਸੀਲ	(ਇਕਬਾਲ ਸਿੰਘ ਖਾਲਸਾ)
ਸੀ. ਮੀਤ ਗ੍ਰੰਥੀ		ਜਥੇਦਾਰ
(ਦਲੀਪ ਸਿੰਘ)	(ਗੁਰਦਿਆਲ ਸਿੰਘ)	(ਜਸਵੰਤ ਸਿੰਘ)
ਮੀਤ ਗ੍ਰੰਥੀ	ਗ੍ਰੰਥੀ	ਗ੍ਰੰਥੀ

22.10.2015

ਅੱਜ ਮਿਤੀ 6 ਕੱਤਕ ਦਿਨ ਵੀਰਵਾਰ ਸੰ: ਨਾ: 547 ਮਿਤੀ 22.10.2015 ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੇ ਪੰਜ ਪਿਆਰੇ ਸਿੰਘ ਸਾਹਿਬਾਨ ਦੀ ਵਿਸ਼ੇਸ਼ ਇਕੱਤਰਤਾ ਹੋਈ ਜਿਸ ਵਿਚ ਇਹ ਗੁਰਮਤਾ ਕੀਤਾ ਗਿਆ ਕਿ ਮਿਤੀ 21 ਅਕਤੂਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਪੰਜ ਪਿਆਰਿਆਂ (ਮੁਅੱਤਲ ਸ਼ੁਦਾ) ਵੱਲੋਂ ਪੰਜਾਂ ਤਖ਼ਤ ਸਾਹਿਬਾਨ ਦੇ ਸਤਿਕਾਰਯੋਗ ਜਥੇਦਾਰ ਸਾਹਿਬਾਨ ਨੂੰ ਤਲਬ ਕਰ ਕੇ ਜੋ ਘਿਨਾਉਣੀ ਕਾਰਵਾਈ ਕੀਤੀ ਹੈ। ਪੰਜਾਂ ਪਿਆਰਿਆਂ ਵੱਲੋਂ ਇਹ ਆਪੋ-ਧਾਪੀ ਵਾਲਾ ਫੈਸਲਾ ਖਾਲਸਾ ਪੰਥ ਵਿਚ ਨਵਾਂ ਬਖੇੜਾ ਪੈਦਾ ਕਰਨ ਵਾਲਾ ਹੈ। ਇਸ ਦੀ ਪੁਰਜ਼ੋਰ ਸ਼ਬਦਾਂ ਵਿਚ ਨਿੰਦਾ ਕਰਦੇ ਹੋਏ ਇਸ ਨੂੰ ਮੁੱਢੋਂ ਹੀ ਰੱਦ ਕੀਤਾ ਜਾਂਦਾ ਹੈ।

ਪੰਜ ਪਿਆਰੇ ਸਿੰਘ ਸਾਹਿਬਾਨ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ

(ਰਾਜਿੰਦਰ ਸਿੰਘ)	ਸੀਲ	(ਇਕਬਾਲ ਸਿੰਘ ਖਾਲਸਾ)
ਹੈਡ ਗ੍ਰੰਥੀ		ਜਥੇਦਾਰ
(ਬਲਦੇਵ ਸਿੰਘ)	(ਦਲੀਪ ਸਿੰਘ)	(ਨਿਹਾਲ ਸਿੰਘ)
ਸੀ. ਮੀਤ ਗ੍ਰੰਥੀ	ਮੀਤ ਗ੍ਰੰਥੀ	ਗ੍ਰੰਥੀ

03.11.2015

ਸਾਰੇ ਪੰਜਾਬ ਦੀਆਂ ਗੁਰਸਿੱਖ ਸੰਗਤਾਂ ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੇ ਪੰਜ ਪਿਆਰੇ ਸਿੰਘ ਸਾਹਿਬਾਨ ਵੱਲੋਂ ਅਪੀਲ ਕੀਤੀ ਜਾਂਦੀ ਹੈ ਕਿ ਪਿਛਲੇ ਦਿਨੀ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗਾਂ ਦੀ ਬੇਅਦਬੀ ਸ਼ਰਾਰਤੀ ਅਨਸਰਾਂ ਵੱਲੋਂ ਹੋਈ ਜਿਸ ਕਰ ਕੇ ਸਾਰੀ ਸਿੱਖ ਕੌਮ ਖਾਲਸਾ ਪੰਥ ਨੂੰ ਬਹੁਤ ਭਾਰੀ ਸਦਮਾ ਅਤੇ ਗਹਿਰਾ ਦੁੱਖ ਹੋਇਆ ਉਥੇ ਸਾਰੇ ਧਰਮਾਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਸਾਰੀ ਮਨੁੱਖਤਾ ਨੂੰ ਸਾਂਝੀਵਾਲਤਾ, ਏਕਤਾ, ਸ਼ਾਂਤੀ, ਭਰਾਤਰੀਭਾਵ ਅਤੇ ਕਲਿਆਣਕਾਰੀ ਉਪਦੇਸ ਦੇਣ ਵਾਲੇ ਸਾਰੇ ਸੰਸਾਰ ਦੇ ਸਾਂਝੇ ਜਗਤ ਗੁਰੂ ਹਨ।

'ਪੰਜਾਬ ਜਿਉਂਦਾ ਗੁਰਾਂ ਦੇ ਨਾਮ ਤੇ' ਪੰਜਾਬ ਤਾਂ ਜਿੰਦਾ ਹੀ ਗੁਰੂਆਂ ਦੇ ਨਾਮ ਤੇ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਡੇ ਪ੍ਰਾਣ ਜਿੰਦ ਜਾਨ ਹਨ ਪ੍ਰਗਟ ਗੁਰਾਂ ਦੀ ਸਾਚੀ ਦੇਹ ਜੁਗੋ ਜੁਗ ਅਟਲ ਪ੍ਰਤਖ ਸਤਿਗੁਰੂ ਹਨ। ਐਸੇ ਸਤਿਗੁਰੂ ਜੀ ਦੇ ਅੰਗਾਂ ਦਾ ਅਪਮਾਨ-ਨਿਰਾਦਰ ਹੋਇਆ ਇਸ ਕਰ ਕੇ ਇਸ ਸਾਲ 11 ਨਵੰਬਰ 2015 ਨੂੰ ਬੰਦੀਛੋੜ ਦਿਵਸ (ਦੀਵਾਲੀ) ਨੂੰ ਕਿਸੇ ਤਰ੍ਹਾਂ ਦੀ ਵਿਸ਼ੇਸ਼ ਰੋਸ਼ਨੀ ਨਹੀ ਕਰਨੀ, ਆਤਸ਼ਬਾਜੀ ਨਹੀਂ ਚਲਾਉਣੀ, ਆਪਣੇ ਅੰਦਰਲੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਨਾ ਹੈ।

ਪੰਜ ਪਿਆਰੇ ਸਿੰਘ ਸਾਹਿਬਾਨ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ

(ਰਾਜਿੰਦਰ ਸਿੰਘ) ਹੈਡ ਗ੍ਰੰਥੀ	ਸੀਲ	(ਇਕਬਾਲ ਸਿੰਘ ਖਾਲਸਾ) ਜਥੇਦਾਰ
(ਬਲਦੇਵ ਸਿੰਘ) ਸੀ. ਮੀਤ ਗ੍ਰੰਥੀ	(ਦਲੀਪ ਸਿੰਘ) ਮੀਤ ਗ੍ਰੰਥੀ	(ਨਿਹਾਲ ਸਿੰਘ) ਗ੍ਰੰਥੀ

10.04.2016

ਅੱਜ ਮਿਤੀ 10.04.2016 ਦਿਨ ਐਤਵਾਰ ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਪੰਜ ਪਿਆਰੇ ਸਿੰਘ ਸਾਹਿਬਾਨ ਦੀ ਵਿਸ਼ੇਸ਼ ਇਕੱਤਰਤਾ ਹੋਈ ਜਿਸ ਵਿਚ ਹੇਠ ਲਿਖਿਆ ਗੁਰਮਤਾ ਪਾਸ ਕਰ ਕੇ ਹੁਕਮਨਾਮਾ ਜਾਰੀ ਕੀਤਾ ਜਾਂਦਾ ਹੈ।

ਬੰਗਲਾ ਦੇਸ਼ ਦੇ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਸੇਵਾ ਸੰਭਾਲ ਅਤੇ ਪ੍ਰਬੰਧ ਵਾਸਤੇ ਹੇਠ ਲਿਖੇ 15 (ਪੰਦਰਾਂ) ਮੈਂਬਰੀ ਬੰਗਲਾ ਦੇਸ਼ ਗੁਰਦੁਆਰਾ ਮੈਨੇਜਮੈਂਟ ਬੋਰਡ ਦਾ ਪੁਨਰ ਗਠਨ ਕੀਤਾ ਜਾਂਦਾ ਹੈ ਅਤੇ ਸੰਪ੍ਰਦਾਇ ਕਾਰ ਸੇਵਾ ਬਾਬਾ ਤਾਰਾ ਸਿੰਘ ਜੀ ਸਰਹਾਲੀ ਤਾਰਨਤਾਰਨ ਵੱਲੋਂ ਚੱਲ ਰਹੀ ਸੇਵਾ ਨੂੰ ਮੁੱਖ ਰੱਖਦਿਆਂ ਅਗੇ ਲਈ ਵੀ ਸਾਰੇ ਬੰਗਲਾ ਦੇਸ਼ ਦੇ ਇਤਿਹਾਸਕ ਗੁਰਦੁਆਰਿਆਂ ਦੀ ਕਾਰ ਸੇਵਾ ਸੌਂਪੀ ਜਾਂਦੀ ਹੈ। ਸਾਰੇ ਸੰਸਾਰ ਦੀਆਂ ਗੁਰਸਿੱਖ ਸੰਗਤਾਂ ਇਸ ਬੋਰਡ ਅਤੇ ਸੰਪ੍ਰਦਾਇ ਕਾਰ ਸੇਵਾ ਸਰਹਾਲੀ ਨਾਲ ਪੂਰਾ-ਪੂਰਾ ਸਾਹਿਯੋਗ ਦੇਣ ਅਤੇ ਤਨ-ਮਨ-ਧਨ ਦੇ ਨਾਲ ਸੇਵਾ ਕਰ ਕੇ ਸਤਿਗੁਰੂ ਸਾਹਿਬਾਨ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

1. ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੇ ਸਿੰਘ ਸਾਹਿਬ ਜਥੇਦਾਰ ਗਿਆਨੀ ਇਕਬਾਲ ਸਿੰਘ ਜੀ ਮੁੱਖ ਸਰਪ੍ਰਸਤ ਹੋਣਗੇ।
2. ਸੰਤ ਬਾਬਾ ਹਾਕਮ ਸਿੰਘ ਜੀ ਕਾਰ ਸੇਵਾ ਸੰਪ੍ਰਦਾਇ ਸਰਹਾਲੀ, ਤਰਨਤਾਰਨ ਸਰਪ੍ਰਸਤ ਹੋਣਗੇ।
3. ਸ. ਅਜੈਬ ਸਿੰਘ ਜੀ ਬੋਪਾਰਏ ਪ੍ਰਧਾਨ ਹੋਣਗੇ।
4. ਸ. ਅਮਰਜੀਤ ਸਿੰਘ ਜੀ 'ਦਾਖਾ' ਮੀਤ ਪ੍ਰਧਾਨ ਹੋਣਗੇ।
5. ਸ. ਬਚਨ ਸਿੰਘ 'ਸਰਲ' ਜਨਰਲ ਸਕੱਤਰ ਹੋਣਗੇ।
6. ਸ. ਸਤਪਾਲ ਸਿੰਘ ਜੀ ਸਕੱਤਰ ਹੋਣਗੇ।
7. ਸ. ਪ੍ਰਗਟ ਸਿੰਘ ਜੀ ਖਜਾਨਚੀ ਹੋਣਗੇ।
8. ਸ. ਸੈਲੇਂਦਰ ਸਿੰਘ ਜੀ ਟਾਟਾਨਗਰ, ਝਾਰਖੰਡ, ਮੈਂਬਰ।
9. ਸ. ਪ੍ਰਿਤਪਾਲ ਸਿੰਘ ਜੀ, ਕੋਲਕੱਤਾ, ਮੈਂਬਰ
10. ਸ. ਸਤਵੰਤ ਸਿੰਘ ਜੀ 'ਬੇਹਾਲਾ' ਮੈਂਬਰ
11. ਸ. ਜਗਮੋਹਨ ਸਿੰਘ ਜੀ 'ਖੋਖਰ' ਮੈਂਬਰ
12. ਸ. ਬਚਿਤਰ ਸਿੰਘ ਜੀ 'ਦਾਖਾ' ਮੈਂਬਰ
13. ਸ. ਜਗਜੀਤ ਸਿੰਘ ਜੀ 'ਦਾਖਾ' ਮੈਂਬਰ
14. ਸ. ਦਵਿੰਦਰ ਸਿੰਘ ਜੀ ਮੈਂਬਰ
15. ਸ. ਸੁਖਜਿੰਦਰ ਸਿੰਘ ਜੀ, ਗੌਰੀਪੁਰ, ਮੈਂਬਰ

ਪੰਜ ਪਿਆਰੇ ਸਿੰਘ ਸਾਹਿਬਾਨ ਤਖ਼ਤ ਸ੍ਰੀ ਹਰਿੰਮਦਰ ਜੀ ਪਟਨਾ ਸਾਹਿਬ

(ਰਾਜਿੰਦਰ ਸਿੰਘ) ਹੈਡ ਗ੍ਰੰਥੀ	ਸੀਲ	(ਇਕਬਾਲ ਸਿੰਘ) ਜਥੇਦਾਰ
(ਬਲਦੇਵ ਸਿੰਘ) ਸੀ. ਮੀਤ ਗ੍ਰੰਥੀ	(ਦਲੀਪ ਸਿੰਘ) ਮੀਤ ਗ੍ਰੰਥੀ	(ਜਸਵੰਤ ਸਿੰਘ) ਗ੍ਰੰਥੀ

21.04.2016

ਅੱਜ ਮਿਤੀ 21.04.2016 ਦਿਨ ਵੀਰਵਾਰ ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਵਿਖੇ ਪੰਜ ਪਿਆਰੇ ਸਿੰਘ ਸਾਹਿਬਾਨ ਦੀ ਵਿਸ਼ੇਸ਼ ਇਕੱਤਰਤਾ ਹੋਈ।

ਸਾਹਿਬੇ-ਕਮਾਲ, ਅੰਮ੍ਰਿਤ-ਕੇ-ਦਾਤੇ, ਖਾਲਸੇ ਨੂੰ ਰਹਿਤ ਮਰਯਾਦਾ, ਪੰਥਕ ਸਿੱਖੀ ਸਿਧਾਂਤ, ਸਰਬ ਸ਼ਕਤੀਆਂ ਬਖਸ਼ਣਹਾਰ, ਸਰਬੰਸਦਾਨੀ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦਾ ਪਾਵਨ 350ਵਾਂ ਅਵਤਾਰ ਧਾਰਨ-ਪ੍ਰਕਾਸ਼ ਉਤਸਵ ਗੁਰਪੁਰਬ ਪੋਹ ਸੁਦੀ ਸੱਤਮੀ 5 ਜਨਵਰੀ 2017 ਖਾਲਸਾ ਪੰਥ ਦੇ ਮੂਲ (ਮੁੱਢ) ਅਸਥਾਨ ਜਿਥੇ ਦਸਵੇਂ ਗੁਰੂ ਨਾਨਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਅਵਤਾਰ ਧਾਰਿਆ ਆਪਣਾ ਆਪ ਪ੍ਰਗਟ ਕੀਤਾ - ਤਹੀ ਪ੍ਰਕਾਸ ਹਮਾਰਾ ਭਯੋ ਪਟਨਾ ਸ਼ਹਿਰ ਬਿਖੈ ਭਵ ਲਯੋ।

ਤਖ਼ਤ ਸ੍ਰੀ ਹਰਿੰਮਦਰ ਜੀ ਪਟਨਾ ਸਾਹਿਬ ਜੀ ਵਿਖੇ 3, 4 ਅਤੇ 5 ਜਨਵਰੀ 2017 ਨੂੰ ਵਿਸ਼ਵ ਪੱਧਰ ਤੇ ਸਾਰੇ ਸੰਸਾਰ ਦੀਆਂ ਗੁਰਸਿੱਖ ਸੰਗਤਾਂ ਵੱਲੋਂ ਮੁੱਖ ਰੂਪ ਵਿਚ ਮਨਾਇਆ ਜਾ ਰਿਹਾ ਹੈ।

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੇ ਪੰਜ ਪਿਆਰੇ ਸਿੰਘ ਸਾਹਿਬਾਨ ਵੱਲੋਂ ਸਾਰੇ ਸੰਸਾਰ ਦੀਆਂ ਸੰਤ ਸੰਪ੍ਰਦਾਵਾਂ, ਨਿਹੰਗ ਸਿੰਘ ਜਥੇਬੰਦੀਆਂ, ਸਿੱਖ ਜਥੇਬੰਦੀਆਂ, ਗੁਰਸਿੱਖ ਸੰਗਤਾਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਗੁ. ਸ੍ਰੀ ਗੁਰੂ ਸਿੰਘ ਸਭਾਵਾਂ ਨੂੰ ਹਾਰਦਿਕ ਪਿਆਰ ਸਤਿਕਾਰ ਸਹਿਤ ਸੱਦਾ ਦਿੱਤਾ ਜਾਂਦਾ ਹੈ।

ਆਪ ਜੀ ਨਗਰ ਕੀਰਤਨਾਂ, ਜੱਥਿਆਂ ਦੇ ਰੂਪ ਵਿਚ ਆ ਕੇ ਹਾਜਰੀਆਂ ਭਰ ਕੇ ਤਨ-ਮਨ-ਧਨ ਨਾਲ ਸੇਵਾ ਕਰ ਕੇ ਦਸਮੇਸ਼ ਪਿਤਾ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਪੰਜ ਪਿਆਰੇ ਸਿੰਘ ਸਾਹਿਬਾਨ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ

(ਰਾਜਿੰਦਰ ਸਿੰਘ) ਹੈਡ ਗ੍ਰੰਥੀ	ਸੀਲ	(ਇਕਬਾਲ ਸਿੰਘ ਖਾਲਸਾ) ਜਥੇਦਾਰ
(ਬਲਦੇਵ ਸਿੰਘ) ਸੀ. ਮੀਤ ਗ੍ਰੰਥੀ	(ਦਲੀਪ ਸਿੰਘ) ਮੀਤ ਗ੍ਰੰਥੀ	(ਗੁਰਦਿਆਲ ਸਿੰਘ) ਗ੍ਰੰਥੀ

22.07.2016

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਕੈਡਮੀ
2 ਫਲੌਰ, ਵਿਸਮਾ ਤੱਤ ਖਾਲਸਾ
ਨੰ: 24, ਜਲਨ ਰਾਜਾ ਅਲਾਂਙ
50480, ਕੁਆਲਾਲੰਪੁਰ, ਮਲੇਸ਼ੀਆ।

ਮਾਨਯੋਗ ਪ੍ਰਬੰਧਕ ਸਾਹਿਬਾਨ ਜੀਓ

ਵਾਹਿਗੁਰੂ ਜੀ ਕੀ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਵਿਸ਼ਾ: ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਕਥਾ ਤੇ ਕੀਰਤਨ ਬਾਰੇ।

ਗੁਰੂ ਸਾਹਿਬ ਜੀ ਦੀ ਮਹਾਨ ਬਖਸ਼ਿਸ਼ ਸਦਕਾ ਸਾਨੂੰ ਬੜਾ ਮਾਣ ਹੈ ਕਿ ਸਿੱਖ ਕੌਮ ਕੋਲ ਖੁਦ ਗੁਰੂ ਸਾਹਿਬਾਨ ਵੱਲੋਂ ਉਚਾਰਨ ਕੀਤੀ ਬਾਣੀ ਮੌਜੂਦ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਇਲਾਵਾ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਸਾਡੇ ਕੋਲ ਮੌਜੂਦ ਹੈ।

ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਬਾਣੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਹੈ। ਇਹ ਬਾਣੀ ਗੁਰੂ ਸਾਹਿਬ ਜੀ ਨੇ ਆਪਣੇ ਗੁਰੂ ਕਾਲ ਸਮੇਂ ਹੀ ਸੰਪੂਰਨ ਕੀਤੀ ਹੈ। ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਬਾਣੀ ਪੰਥ ਪ੍ਰਵਾਨਿਤ ਹੈ। ਸਿੱਖ ਰਹਿਤ ਮਰਯਾਦਾ ਅਨੁਸਾਰ ਸ੍ਰੀ ਦਸਮ ਗ੍ਰੰਥ ਜੀ ਦੀ ਬਾਣੀ ਦਾ ਕਥਾ ਤੇ ਕੀਰਤਨ ਗੁਰੂ ਘਰਾਂ ਵਿਚ ਹੁੰਦੀ ਆਈ ਹੈ ਅਤੇ ਅੱਜ ਵੀ ਪੰਜਾਂ ਤਖ਼ਤਾਂ ਅਤੇ ਹੋਰ ਗੁਰੂ ਘਰਾਂ ਵਿਚ ਇਸ ਦਾ ਕੀਰਤਨ ਤੇ ਕਥਾ ਹੋ ਰਹੀ ਹੈ।

ਜਦੋਂ ਤੋਂ ਇਸ ਬਾਣੀ ਨੂੰ ਇਕੱਠਾ ਕਰ ਕੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦਾ ਰੂਪ ਦਿੱਤਾ ਗਿਆ ਹੈ, ਉਸ ਸਮੇਂ ਤੋਂ ਹੀ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਇਸ ਦਾ ਪ੍ਰਕਾਸ਼ ਵੀ ਕੀਤਾ ਜਾਂਦਾ ਹੈ। ਇਹ ਸਾਰੇ ਪੰਥ ਦਾ ਫੈਸਲਾ ਹੈ ਕਿ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਕਥਾ ਕੀਰਤਨ ਗੁਰੂ ਘਰਾਂ ਵਿਖੇ ਹੋ ਸਕਦਾ ਹੈ। ਕਿਸੇ ਵੀ ਸੰਸਥਾ ਨੂੰ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਬਾਣੀ ਉਪਰ ਕਿੰਤੂ ਪ੍ਰੰਤੂ ਕਰਨ ਦਾ ਕੋਈ ਅਧਿਕਾਰ ਨਹੀਂ। ਇਹ ਸਾਰੇ ਪੰਥ ਦਾ ਫੈਸਲਾ ਹੈ ਕਿਸੇ ਇਕ ਦਾ ਨਹੀਂ।

ਪੰਜ ਪਿਆਰੇ ਸਿੰਘ ਸਾਹਿਬਾਨ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ

(ਰਾਜਿੰਦਰ ਸਿੰਘ)	ਸੀਲ	(ਇਕਬਾਲ ਸਿੰਘ ਖਾਲਸਾ)
ਹੈਡ ਗ੍ਰੰਥੀ		ਜਥੇਦਾਰ
(ਬਲਦੇਵ ਸਿੰਘ)	(ਦਲੀਪ ਸਿੰਘ)	(ਗੁਰਦਿਆਲ ਸਿੰਘ)
ਸੀ. ਮੀਤ ਗ੍ਰੰਥੀ	ਮੀਤ ਗ੍ਰੰਥੀ	ਗ੍ਰੰਥੀ

05.01.2017

ਅੱਜ ਮਿਤੀ 5 ਜਨਵਰੀ ਦਿਨ ਵੀਰਵਾਰ ਪੋਹ ਸੁਦੀ ਸੱਤਮੀ ਸੰਮਤ ਨਾਨਕਸ਼ਾਹੀ 548 ਸੰਨ 2017 ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਵਿਖੇ ਪੰਜ ਪਿਆਰੇ ਸਿੰਘ ਸਾਹਿਬਾਨ ਦੀ ਵਿਸ਼ੇਸ਼ ਇਕੱਤਰਤਾ ਹੋਈ।

ਸਾਹਿਬੇ-ਕਮਾਲ, ਅੰਮ੍ਰਿਤ-ਕੇ-ਦਾਤੇ, ਖਾਲਸੇ ਨੂੰ ਰਹਿਤ ਮਰਯਾਦਾ, ਪੰਥਕ ਸਿੱਖੀ ਸਿਧਾਂਤ, ਸਰਬ ਸ਼ਕਤੀਆਂ ਬਖਸ਼ਣਹਾਰ, ਸਰਬੰਸਦਾਨੀ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦਾ ਪਾਵਨ 350ਵਾਂ ਅਵਤਾਰ ਧਾਰਨ-ਪ੍ਰਕਾਸ਼ ਉਤਸਵ ਗੁਰਪੁਰਬ ਪੋਹ ਸੁਦੀ ਸੱਤਮੀ 5 ਜਨਵਰੀ 2017 ਖਾਲਸਾ ਪੰਥ ਦੇ ਮੂਲ (ਮੁੱਢ) ਅਸਥਾਨ ਜਿਥੇ ਦਸਵੇਂ ਗੁਰੂ ਨਾਨਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਅਵਤਾਰ ਧਾਰਿਆ ਆਪਣਾ ਆਪ ਪ੍ਰਗਟ ਕੀਤਾ—ਤਹੀ ਪ੍ਰਕਾਸ ਹਮਾਰਾ ਭਯੋ ਪਟਨਾ ਸ਼ਹਿਰ ਬਿਖੈ ਭਵ ਲਯੋ।

ਪਿਛਲੇ ਕੁਝ ਸਮੇਂ ਤੋਂ ਗੁਰੂ ਘਰ ਦੇ ਦੋਖੀ ਅਤੇ ਪੰਥ ਦੋਖੀਆਂ ਵੱਲੋਂ ਸਮੇਂ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੀ ਸ੍ਰੀ ਮੁਖਵਾਕ ਬਾਣੀ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਅਤੇ ਅੰਮ੍ਰਿਤ ਸੰਚਾਰ ਦੀ ਮਰਯਾਦਾ ਅਤੇ ਅੰਮ੍ਰਿਤ ਦੀਆਂ ਪੰਜ ਬਾਣੀਆਂ ਜਪੁਜੀ ਸਾ:, ਜਾਪ ਸਾ:, ਸਵੱਯੇ, ਚੌਪਈ ਸਾ:, ਅਨੰਦ ਸਾ: ਅਤੇ ਗੁਰ ਇਤਿਹਾਸ, ਸਿੱਖ ਇਤਿਹਾਸ ਅਤੇ ਖਾਲਸਾ ਪੰਥ ਦੀਆਂ ਗੁਰੂ ਕਾਲ ਤੋਂ ਚੱਲ ਰਹੀਆਂ ਪ੍ਰੰਪਰਾਵਾਂ ਇਹਨਾਂ ਸਭ ਨੂੰ ਨਿਸ਼ਾਨਾ ਬਣਾ ਕੇ ਲਿਖਤੀ ਰੂਪ ਵਿਚ ਵੀ ਅਤੇ ਪ੍ਰਚਾਰ ਰਾਹੀ ਵੀ ਸ਼ੰਕੇ ਪੈਦਾ ਕਰ ਕੇ ਨੁਕਤਾਚੀਨੀ ਕਰਦਿਆਂ ਘਟੀਆ ਕਿਸਮ ਦੀ ਸ਼ਬਦਾਵਲੀ ਦੁਆਰਾ ਦੁਬਿਧਾ ਪਾਉਣ ਲਈ ਲਗਾਤਾਰ ਕੋਝੇ ਯਤਨ ਅਤੇ ਸਾਜਿਸ਼ਾਂ ਕੀਤੀਆਂ ਜਾ ਰਹੀਆਂ ਹਨ। ਅੱਜ ਸਾਰੇ ਸੰਸਾਰ ਦੇ ਗੁਰਸਿੱਖਾਂ ਖਾਲਸਾ ਪੰਥ ਦੇ ਇਸ ਭਾਰੀ ਇਕੱਠ ਵਿਚ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਵੱਲੋਂ ਹੁਕਮਨਾਮਾ ਜਾਰੀ ਕੀਤਾ ਜਾਂਦਾ ਹੈ ਕਿ ੧ਓ ਤੋਂ ਲੈ ਕੇ ਅਠਾਰਹ ਦਸ ਬੀਸ॥ ਤਕ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸੰਪੂਰਨ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਅਤੇ ਅੰਮ੍ਰਿਤ ਸੰਚਾਰ ਦੀ ਮਰਯਾਦਾ, ਪੰਜ ਬਾਣੀਆਂ, ਗੁਰ ਇਤਿਹਾਸ, ਸਿੱਖ ਇਤਿਹਾਸ, ਗੁਰੂ ਕਾਲ ਤੋਂ ਚਲ ਰਹੀਆਂ ਪ੍ਰੰਪਰਾਵਾਂ ਉਤੇ ਕਿਸੇ ਵਿਅਕਤੀ ਨੂੰ ਕਿਸੇ ਤਰ੍ਹਾਂ ਦੀ ਸ਼ੰਕਾ, ਨੁਕਤਾਚੀਨੀ, ਘਟੀਆ ਕਿਸਮ ਦੀ ਸ਼ਬਦਾਵਲੀ ਅਤੇ ਦੁਬਿਧਾ ਪਾਉਣ ਅਤੇ ਲਿਖਤੀ ਜਾਂ ਪ੍ਰਚਾਰ ਰਾਹੀ ਇਹੋ ਜਿਹੀਆਂ ਸਾਜਿਸ਼ਾਂ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਮਿਸਲਾਂ ਦੇ ਸਮੇਂ ਤੋਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਨਾਲ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਆ ਰਿਹਾ ਹੈ। ਹੁਣ ਵੀ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ, ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਅਤੇ ਨਿਹੰਗ ਸਿੰਘ ਜਥੇਬੰਦੀਆਂ ਵਿਚ ਪੁਰਾਤਨ ਦਸਮ ਗ੍ਰੰਥ ਸਾਹਿਬ ਜੀ ਦੇ ਮਾਨ ਸਤਿਕਾਰ ਦੀ ਮਰਯਾਦਾ ਉਸੇ ਤਰ੍ਹਾਂ ਕਾਯਮ ਹੈ। ਗੁਰੂ ਘਰ ਦੇ ਦੋਖੀ ਅਤੇ ਪੰਥ ਦੋਖੀਆਂ ਨੂੰ ਸਮੂਹ ਖਾਲਸਾ ਪੰਥ ਅਤੇ ਸਿੱਖ ਸੰਗਤਾਂ ਮੂੰਹ ਨਾ ਲਾਉਣ ਅਤੇ ਇਹੋ ਜਿਹੇ ਵਿਅਕਤੀਆਂ ਦਾ ਹਰ ਤਰ੍ਹਾਂ ਬਾਈਕਾਟ ਕੀਤਾ ਜਾਵੇ।

ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸੰਪੂਰਨ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਨੂੰ ਸਤਿਗੁਰੂ ਜੀ ਦੀ ਬਾਣੀ ਜਾਣਦਿਆਂ ਸੰਪੂਰਨ ਭਾਵਨਾ ਰਖੀ ਜਾਵੇ। ਖੰਡੇ ਬਾਟੇ ਦੇ ਅੰਮ੍ਰਿਤ ਸੰਚਾਰ ਦੀ ਮਰਯਾਦਾ ਪੰਜ ਬਾਣੀਆਂ, ਗੁਰੂ ਕਾਲ ਤੋਂ ਚਲ ਰਹੀਆਂ ਪ੍ਰੰਪਰਾਵਾਂ ਤੇ ਹਰ ਸਿੱਖ ਡਟ ਕੇ ਪਹਿਰਾ ਦੇਵੇ। ਇਹ ਖਾਲਸਾ ਪੰਥ ਦੇ ਮੂਲ ਅਸਥਾਨ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦਾ ਹੁਕਮਨਾਮਾ ਹੈ ਜੋ ਮੰਨੇਗਾ ਉਸ ਦਾ ਦੋ ਜਹਾਨੀ ਭਲਾ ਹੋਗ, ਗੁਰ ਬਾਹੁੜੀ ਕਰੇਗਾ। ਸੱਤ ਕਰ ਮੰਨਣਾ॥

ਪੰਜ ਪਿਆਰੇ ਸਿੰਘ ਸਾਹਿਬਾਨ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ

(ਰਾਜਿੰਦਰ ਸਿੰਘ) ਹੈਡ ਗ੍ਰੰਥੀ	ਸੀਲ	(ਇਕਬਾਲ ਸਿੰਘ ਖਾਲਸਾ) ਜਥੇਦਾਰ
(ਬਲਦੇਵ ਸਿੰਘ) ਸੀ. ਮੀਤ ਗ੍ਰੰਥੀ	(ਦਲੀਪ ਸਿੰਘ) ਮੀਤ ਗ੍ਰੰਥੀ	(ਗੁਰਦਿਆਲ ਸਿੰਘ) ਗ੍ਰੰਥੀ

09.10.2017

ਅੱਜ ਮਿਤੀ 09.10.2017, 24 ਅੱਸੂ ਦਿਨ ਸੋਮਵਾਰ ਕੱਤਕ ਵਦੀ 4 ਸੰਮਤ ਨਾਨਕਸਾਹੀ 549 ਸੰਨ 2017 ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਵਿਖੇ ਪੰਜ ਪਿਆਰੇ ਸਿੰਘ ਸਾਹਿਬਾਂਨ ਦੀ ਵਿਸ਼ੇਸ ਇਕੱਤਰਤਾ ਹੋਈ। ਗੁਰਮਤਾ ਕਰਕੇ ਹੁਕਮਨਾਮਾ ਜਾਰੀ ਕੀਤਾ ਜਾਂਦਾ ਹੈ।

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵੱਲੋਂ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀਆਂ ਪ੍ਰਚਲਤ ਬਾਣੀਆਂ ਦੀ ਸੁਧਾਈ ਦਾ ਕਾਰਜ ਸ਼ਹੀਦ ਭਾਈ ਮਨੀ ਸਿੰਘ ਜੀ, ਸ਼ਹੀਦ ਬਾਬਾ ਦੀਪ ਸਿੰਘ ਜੀ, ਬਾਬਾ ਸੁੱਖਾ ਸਿੰਘ ਜੀ, ਪਟਨਾ ਮਿਸਲ ਦੀ ਪੁਰਾਤਨ ਬੀੜ ਅਤੇ ਹੋਰ ਪੁਰਾਤਨ ਪ੍ਰਮਾਣੀਕ ਬੀੜਾਂ ਤੋਂ ਸੁਧਾਈ ਕਰਨ ਦਾ ਹੁਕਮ ਭਾਈ ਜਸਵੀਰ ਸਿੰਘ ਕੋਹਾਲਾ, ਗਿ: ਹਰਦੀਪ ਸਿੰਘ ਜੀ ਸਾਬਕਾ ਹੈਡ ਗ੍ਰੰਥੀ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਗਿ: ਗੁਰਵਿੰਦਰ ਸਿੰਘ ਜੀ ਨੰਗਲੀ, ਸੰਤ ਦਰਸ਼ਨ ਸਿੰਘ ਜੀ ਸ਼ਾਸਤ੍ਰੀ, ਸੰਤ ਜਸਵਿੰਦਰ ਸਿੰਘ ਜੀ ਸ਼ਾਸਤ੍ਰੀ ਅਤੇ ਗਿ: ਮਹਿਤਾਬ ਸਿੰਘ ਜੀ ਭੰਬੋਈ ਵਾਲਿਆ ਨੂੰ ਲਾਇਆ ਜਾਦਾ ਹੈ ਅਤੇ ਸੁਧਾਈ ਕਰਕੇ ਗੁਟਕਾ ਸਾਹਿਬ ਵਿਚ ਪ੍ਰਕਾਸ਼ਤ ਕਰਨ ਦਾ ਹੁਕਮ ਕੀਤਾ ਜਾਂਦਾ ਹੈ।

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਹੁਕਮ ਅਨੁਸਾਰ ਇਹਨਾ ਗੁਰਮੁਖਾਂ ਤੋਂ ਸਤਿਗੁਰੂ ਜੀ ਨੇ ਮਿਹਨਤ ਕਰਵਾ ਕੇ ਜੋ ਖਰੜਾ ਤਿਆਰ ਕਰਵਾਇਆ ਹੈ । ਉਸ ਨੂੰ ਤਖ਼ਤ ਸਾਹਿਬ ਤੋਂ ਮਾਨਤਾ ਦਿੱਤੀ ਜਾਂਦੀ ਹੈ। ਚੰਡੀ ਦੀ ਵਾਰ ਵਿਚ ਜੋ ਤੁਕਾਂ ਵਧੀਕ ਹਨ ਜਿਵੇ ਚਉਦਹ ਤਬਕ ਬਣਾਇ ਕੈ ਆਦਿਕ ਇਹ ਤੁਕਾਂ ਪੁਰਾਤਨ ਪ੍ਰਮਾਣੀਕ ਸਰੂਪਾਂ ਵਿਚ ਮੌਜੂਦ ਹਨ। ਸਤਿਗੁਰੂ ਜੀ ਕ੍ਰਿਪਾ ਕਰਨ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਸੰਪੂਰਨ ਸਰੂਪ ਦੀ ਸੁਧਾਈ ਕਰਾਉਣ। ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਸੁਧਾਈ ਦੀ ਸੇਵਾ ਵਿਚ ਇਨ੍ਹਾਂ ਗੁਰਸਿਖਾਂ ਦੇ ਨਾਲ ਸਹਿਮਤ ਹੈ। ਸਤਿਗੁਰੂ ਜੀ ਕ੍ਰਿਪਾ ਕਰਨ ਇਹਨਾ ਸਿੰਘਾਂ ਨੂੰ ਹੋਰ ਬਲ ਬਖਸ਼ਣ ਤਾਂ ਜੋ ਇਹ ਸਿੰਘ ਪੰਥ ਦੀ ਸੇਵਾ ਕਰਦੇ ਰਹਿਣ।

ਪੰਜ ਪਿਆਰੇ ਸਿੰਘ ਸਾਹਿਬਾਂਨ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ

(ਰਾਜਿੰਦਰ ਸਿੰਘ)	ਸੀਲ	(ਇਕਬਾਲ ਸਿੰਘ)
ਹੈਡ ਗ੍ਰੰਥੀ		ਜਥੇਦਾਰ
(ਬਲਦੇਵ ਸਿੰਘ)	(ਦਲੀਪ ਸਿੰਘ)	(ਗੁਰਦਿਆਲ ਸਿੰਘ)
ਸੀ: ਮੀਤ ਗ੍ਰੰਥੀ	ਮੀਤ ਗੰਥੀ	ਗ੍ਰੰਥੀ

08.07.2018

ਅੱਜ ਮਿਤੀ 24 ਹਾੜ ਦਿਨ ਐਤਵਾਰ ਨਾਨਕਸ਼ਾਹੀ 550 (ਮਿਤੀ 08.07.2018) ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਵਿਖੇ ਪੰਜ ਪਿਆਰੇ ਸਿੰਘ ਸਾਹਿਬਾਨ ਦੀ ਵਿਸ਼ੇਸ਼ ਇਕੱਤਰਤਾ ਹੋਈ।

ਜਿਸ ਵਿਚ ਸਿੱਖ ਕੌਮ, ਖਾਲਸਾ ਪੰਥ ਦੇ ਮਹਾਨ ਸੇਵਕ, ਪ੍ਰਧਾਨ, ਕਲਗੀਧਰ ਟਰੱਸਟ/ਸੋਸਾਇਟੀ, ਗੁ: ਬੜੂ ਸਾਹਿਬ (ਹਿ:ਪ੍ਰ:) ਦੀ ਸੇਵਾ ਨਿਭਾਉਂਦੇ ਹੋਏ ਦਸ ਗੁਰੂ ਸਾਹਿਬਾਨ ਦੇ ਦਰਸਾਏ ਅਧਿਆਤਮ ਮਾਰਗ ਦਾ ਸੁਮੇਲ ਦੁਨਿਆਵੀ ਵਿਦਿਆ ਨਾਲ ਜੋੜ ਕੇ ਬਾਣੀ ਬਾਣੇ ਦੇ ਪ੍ਰਚਾਰ ਤੇ ਪ੍ਰਸਾਰ ਅਤੇ ਵਡਮੁੱਲੀਆਂ ਪੰਥਕ ਸੇਵਾਵਾਂ ਕਰਨ ਹਿੱਤ ਸੰਤ ਬਾਬਾ ਇਕਬਾਲ ਸਿੰਘ ਜੀ ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵੱਲੋਂ ਸ਼੍ਰੋਮਣੀ ਪੰਥ ਰਤਨ ਨਾਲ ਸਨਮਾਨਿਤ ਕਰਨ ਦਾ ਫੈਸਲਾ ਕੀਤਾ ਗਿਆ ਹੈ।

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸੰਤ ਬਾਬਾ ਇਕਬਾਲ ਸਿੰਘ ਜੀ ਦੇ ਸਿਰ ਤੇ ਸਦਾ ਹੀ ਮੇਹਰ ਭਰਿਆ ਹੱਥ ਰੱਖ ਕੇ ਆਪਣੇ ਖਾਲਸਾ ਪੰਥ ਦੀਆਂ ਸੇਵਾਵਾਂ ਕਰਨ ਦਾ ਬਲ ਉੱਦਮ, ਉਤਸ਼ਾਹ, ਸੰਪੂਰਨ ਦੇਹ ਅਰੋਗਤਾ ਸਹਿਤ ਦੀਰਘ ਆਯੂ ਬਖ਼ਸ਼ਣ।

ਸਦਾ ਅੰਗ ਸੰਗੇ ਅਭੰਗੰ ਬਿਭੂਤੇ।

ਪੰਜ ਪਿਆਰੇ ਸਿੰਘ ਸਾਹਿਬਾਨ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ

(ਰਾਜਿੰਦਰ ਸਿੰਘ) ਹੈਡ ਗ੍ਰੰਥੀ	ਸੀਲ	(ਇਕਬਾਲ ਸਿੰਘ ਖਾਲਸਾ) ਜਥੇਦਾਰ
(ਬਲਦੇਵ ਸਿੰਘ) ਸੀ. ਮੀਤ ਗ੍ਰੰਥੀ	(ਦਲੀਪ ਸਿੰਘ) ਮੀਤ ਗ੍ਰੰਥੀ	(ਗੁਰਦਿਆਲ ਸਿੰਘ) ਗ੍ਰੰਥੀ

06.09.2018

ਅੱਜ ਮਿਤੀ 21 ਭਾਦਰੋਂ ਦਿਨ ਵੀਰਵਾਰ, ਨਾਨਕਸ਼ਾਹੀ 550 (ਮਿਤੀ 06.09.2018) ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਵਿਖੇ ਪੰਜ ਪਿਆਰੇ ਸਿੰਘ ਸਾਹਿਬਾਨ ਦੀ ਵਿਸ਼ੇਸ ਇਕੱਤਰਤਾ ਹੋਈ ।

ਬਾਬਾ ਬੁੱਢਾ ਸਾਹਿਬ ਜੀ ਨੂੰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਵਰ—ਤੁਹਾਡੇ ਨਾਮ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਿਰਮਲ ਪੰਥ ਦੀ ਅਗਵਾਈ ਹੋਵੇਗੀ। ਸਮਾਂ ਆਉਂਣ ਤੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਹਜ਼ੂਰ ਸਾਹਿਬ ਨਾਂਦੇੜ ਤੋਂ ਬਾਬਾ ਬਿਨੋਦ ਸਿੰਘ ਜੀ ਨੂੰ ਖਾਲਸਾ ਪੰਥ ਬੁੱਢਾ ਦਲ ਦਾ ਪਹਿਲਾ ਜਥੇਦਾਰ—ਪੰਜ ਸਿੰਘਾਂ ਦਾ ਮੁੱਖੀ ਥਾਪ ਕੇ ਨਿਸ਼ਾਨ, ਨਗਾਰਿਆਂ ਦੀ ਬਖ਼ਸ਼ਿਸ਼ ਕਰ ਕੇ ਬਾਬਾ ਬੰਦਾ ਸਿੰਘ ਜੀ ਬਹਾਦਰ ਨੂੰ ਬਾਬਾ ਬਿਨੋਦ ਸਿੰਘ ਜੀ ਪੰਜਾ ਸਿੰਘਾਂ ਦੀ ਅਗਵਾਈ ਵਿਚ ਰਹਿਣ ਦਾ ਹੁਕਮ ਕਰਕੇ ਜ਼ਬਰ ਅਤੇ ਜ਼ੁਲਮ ਦਾ ਟਾਕਰਾ ਕਰਨ—ਦੁਸ਼ਟਾਂ ਨੂੰ ਸੋਧਣ ਲਈ ਪੰਜਾਬ ਦੀ ਧਰਤੀ ਤੇ ਭੇਜਿਆ। ਸਿੱਖ ਕੌਮ ਖਾਲਸਾ ਪੰਥ ਦੀ ਅਗਵਾਈ ਕਰਦਿਆਂ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਪਹਿਲੇ ਦਸ ਜਥੇਦਾਰ ਸਾਹਿਬਾਨ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਸਿੰਘ ਸਾਹਿਬ ਜੀ ਦੇ ਰੂਪ ਵਿਚ ਵੀ ਸੇਵਾ ਨਿਭਾਈ।

ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ ਸਮੁੱਚੇ ਜਥੇਦਾਰ ਸਾਹਿਬਾਨ ਦੀਆਂ ਕੁਰਬਾਨੀਆਂ ਅਤੇ ਮੌਜੂਦਾ ਜਥੇਦਾਰ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਜੀ 96ਵੇਂ ਕਰੋੜੀ ਵੱਲੋਂ ਸਮੁੱਚੀਆਂ ਸਿੱਖ ਜਥੇਬੰਦੀਆਂ ਵਿੱਚ ਤਾਲਮੇਲ ਬਨਾਉਣ, ਪੰਥ ਦੀ ਚੜ੍ਹਦੀ ਕਲਾ ਲਈ ਹਰ ਸਮੇਂ ਤੱਤਪਰ ਰਹਿਣ ਸਿੱਖ ਧਾਰਨਾ ਵਾਲੇ ਗੁਰਮਤਿ ਸਮਾਗਮਾਂ ਨੂੰ ਖ਼ਾਲਸਾਈ ਜਾਹੋ-ਜਲਾਲ ਨਾਲ ਮਨਾਉਣ, ਗੁਰਮਤਿ ਵਿਚਾਰਧਾਰਾ, ਸਿੱਖੀ ਸਿਧਾਂਤਾਂ ਤੇ ਸਿੱਖ ਇਤਿਹਾਸ ਨੂੰ ਪ੍ਰਚਾਰਨ, ਪ੍ਰਸਾਰਨ, ਗੁਰਧਾਮਾਂ ਦੇ ਸੁਚੱਜੇ ਤੇ ਉਸਾਰੂ ਪ੍ਰਬੰਧ ਕਰਨ ਅਤੇ ਵਿੱਦਿਆ ਦੇ ਖ਼ੇਤਰ ਵਿਚ ਕੀਤੇ ਜਾ ਰਹੇ ਮਿਆਰੀ ਕਾਰਜਾਂ ਲਈ ਗੁਰੂ ਖ਼ਾਲਸਾ ਪੰਥ ਵੱਲੋਂ ਉਨ੍ਹਾਂ ਦੀਆਂ ਪੰਥ ਪ੍ਰਤੀ ਨਿਭਾਈਆਂ ਸ਼ਾਨਦਾਰ ਸੇਵਾਵਾਂ ਨੂੰ ਮੁੱਖ ਰੱਖਦਿਆਂ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਵੱਲੋਂ "ਸ਼੍ਰੋਮਣੀ ਪੰਥ ਰਤਨ" ਦੀ ਪਦਵੀ ਨਾਲ ਸਨਮਾਨਿਤ ਕੀਤਾ ਜਾਂਦਾ ਹੈ।

ਦਸ਼ਮੇਸ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਬਾਬਾ ਬਲਬੀਰ ਸਿੰਘ ਜੀ 96 ਕਰੋੜੀ ਦੇ ਸਿਰ ਤੇ ਸਦਾ ਹੀ ਮੇਹਰ ਭਰਿਆ ਹੱਥ ਰੱਖ ਕੇ ਆਪਣੇ ਖਾਲਸਾ ਪੰਥ ਦੀਆਂ ਸੇਵਾਵਾਂ ਕਰਨ ਦਾ ਬਲ ਉੱਦਮ, ਉਤਸ਼ਾਹ, ਸੰਪੂਰਨ ਦੇਹ ਅਰੋਗਤਾ ਸਹਿਤ ਦੀਰਘ ਆਯੂ ਬਖ਼ਸ਼ਣ।

ਪੰਜ ਪਿਆਰੇ ਸਿੰਘ ਸਾਹਿਬਾਂਨ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ

(ਰਾਜਿੰਦਰ ਸਿੰਘ) ਹੈਡ ਗ੍ਰੰਥੀ	ਸੀਲ	(ਇਕਬਾਲ ਸਿੰਘ) ਜਥੇਦਾਰ
(ਬਲਦੇਵ ਸਿੰਘ) ਸੀ: ਮੀਤ ਗ੍ਰੰਥੀ	(ਦਲੀਪ ਸਿੰਘ) ਮੀਤ ਗੰਥੀ	(ਗੁਰਦਿਆਲ ਸਿੰਘ) ਗ੍ਰੰਥੀ

07.09.2018

ਅੱਜ ਮਿਤੀ 22 ਭਾਦਰੋਂ ਦਿਨ ਸ਼ੁੱਕਰਵਾਰ, ਨਾਨਕਸ਼ਾਹੀ 550 (ਮਿਤੀ 07.09.2018) ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਵਿਖੇ ਪੰਜ ਪਿਆਰੇ ਸਿੰਘ ਸਾਹਿਬਾਨ ਦੀ ਵਿਸ਼ੇਸ ਇਕੱਤਰਤਾ ਹੋਈ। ਜਿਸ ਵਿਚ ਸਿੱਖ ਕੌਮ, ਖਾਲਸਾ ਪੰਥ ਦੀ ਸੰਪ੍ਰਦਾਇ ਨਾਨਕਸਰ ਕਲੇਰਾਂ ਦੇ ਪਹਿਲੇ ਮਹਾਨ ਸ਼ਹੀਦ ਬਾਬਾ ਜੰਗ ਸਿੰਘ ਜੀ ਗੁ: ਨਾਨਕਸਰ, ਲੰਗਰ ਮਾਤਾ ਸਾਹਿਬ ਦੇਵਾਂ ਕੌਰ ਜੀ, ਜੀ.ਟੀ. ਰੋਡ, ਕਰਨਾਲ (ਹਰਿਆਣਾ) ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵੱਲੋਂ "ਸ਼੍ਰੋਮਣੀ ਅਮਰ ਸ਼ਹੀਦ" ਦੀ ਪਦਵੀ ਨਾਲ ਸਨਮਾਨਿਤ ਕਰਨ ਦਾ ਫੈਸਲਾ ਕੀਤਾ ਗਿਆ ਹੈ।

ਪੰਜ ਪਿਆਰੇ ਸਿੰਘ ਸਾਹਿਬਾਂਨ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ

(ਰਾਜਿੰਦਰ ਸਿੰਘ) ਹੈਡ ਗ੍ਰੰਥੀ	ਸੀਲ	(ਇਕਬਾਲ ਸਿੰਘ) ਜਥੇਦਾਰ
(ਬਲਦੇਵ ਸਿੰਘ) ਸੀ: ਮੀਤ ਗ੍ਰੰਥੀ	(ਦਲੀਪ ਸਿੰਘ) ਮੀਤ ਗੰਥੀ	(ਗੁਰਦਿਆਲ ਸਿੰਘ) ਗ੍ਰੰਥੀ

07.09.2018

ਅੱਜ ਮਿਤੀ 22 ਭਾਦਰੋਂ ਦਿਨ ਸ਼ੁੱਕਰਵਾਰ, ਨਾਨਕਸ਼ਾਹੀ 550 (ਮਿਤੀ 07.09.2018) ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਵਿਖੇ ਪੰਜ ਪਿਆਰੇ ਸਿੰਘ ਸਾਹਿਬਾਨ ਦੀ ਵਿਸ਼ੇਸ ਇਕੱਤਰਤਾ ਹੋਈ।

ਜਿਸ ਵਿਚ ਸਿੱਖ ਕੌਮ, ਖਾਲਸਾ ਪੰਥ ਦੀ ਸੰਪ੍ਰਦਾਇ ਨਾਨਕਸਰ ਕਲੇਰਾਂ ਦੇ ਪਹਿਲੇ "ਸ਼੍ਰੋਮਣੀ ਅਮਰ ਸ਼ਹੀਦ" ਬਾਬਾ ਜੰਗ ਸਿੰਘ ਜੀ ਗੁ: ਨਾਨਕਸਰ, ਲੰਗਰ ਮਾਤਾ ਸਾਹਿਬ ਦੇਵਾਂ ਕੌਰ ਜੀ, ਜੀ.ਟੀ. ਰੋਡ, ਕਰਨਾਲ ਦੇ ਮੌਜੂਦਾ ਮੁਖੀ ਬਾਬਾ ਜੋਗਾ ਸਿੰਘ ਜੀ ਨੂੰ ਬਿਨਾ ਭੇਦ-ਭਾਵ, ਹਰ ਸਮੇਂ ਗੁਰੂ ਦੇ ਲੰਗਰ ਅਤੇ ਗੁਰਮਤਿ ਪ੍ਰਚਾਰ ਦੀ ਸੇਵਾ ਨੂੰ ਮੁੱਖ ਰੱਖਦਿਆਂ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵੱਲੋਂ "ਭਾਈ ਘਨੱਈਆ ਜੀ" ਦੀ ਪਦਵੀ ਅਤੇ "ਸ਼੍ਰੋਮਣੀ ਗੁਰਸਿੱਖ ਸੇਵਕ" ਦੀ ਉਪਾਧੀ ਨਾਲ ਸਨਮਾਨਿਤ ਕਰਨ ਦਾ ਫੈਸਲਾ ਕੀਤਾ ਗਿਆ ਹੈ।

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਬਾਬਾ ਜੋਗਾ ਸਿੰਘ ਜੀ ਦੇ ਸਿਰ 'ਤੇ ਸਦਾ ਹੀ ਮੇਹਰ ਭਰਿਆ ਹੱਥ ਰੱਖ ਕੇ ਆਪਣੇ ਖਾਲਸਾ ਪੰਥ ਦੀਆਂ ਸੇਵਾਵਾਂ ਕਰਨ ਦਾ ਬਲ ਉੱਦਮ, ਉਤਸ਼ਾਹ, ਸੰਪੂਰਨ ਦੇਹ ਅਰੋਗਤਾ ਸਹਿਤ ਦੀਰਘ ਆਯੂ ਬਖ਼ਸ਼ਣ।

ਪੰਜ ਪਿਆਰੇ ਸਿੰਘ ਸਾਹਿਬਾਨ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ

(ਰਾਜਿੰਦਰ ਸਿੰਘ)	ਸੀਲ	(ਇਕਬਾਲ ਸਿੰਘ)
ਹੈਡ ਗ੍ਰੰਥੀ		ਜਥੇਦਾਰ
(ਬਲਦੇਵ ਸਿੰਘ)	(ਦਲੀਪ ਸਿੰਘ)	(ਗੁਰਦਿਆਲ ਸਿੰਘ)
ਸੀ: ਮੀਤ ਗ੍ਰੰਥੀ	ਮੀਤ ਗੰਥੀ	ਗ੍ਰੰਥੀ

29.11.2018

ਅੱਜ ਮਿਤੀ 14 ਮੱਘਰ ਦਿਨ ਵੀਰਵਾਰ, ਨਾਨਕਸ਼ਾਹੀ 550 (ਮਿਤੀ 29.11.2018) ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਵਿਖੇ ਪੰਜ ਪਿਆਰੇ ਸਿੰਘ ਸਾਹਿਬਾਨ ਦੀ ਵਿਸ਼ੇਸ ਇਕੱਤਰਤਾ ਹੋਈ।

ਸਾਹਿਬ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਪਾਵਨ 350ਵੇਂ ਪ੍ਰਕਾਸ਼ ਗੁਰਪੁਰਬ ਸਾਹਿਬ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ 550ਵੇਂ ਅਵਤਾਰ ਧਾਰਨ ਪ੍ਰਕਾਸ਼ ਗੁਰਪੁਰਬ ਨੂੰ ਮੁੱਖ ਰੱਖਦਿਆਂ ਹੋਇਆਂ ਜਿਹੜੇ ਗੁਰਸਿੱਖ ਸੰਤ ਮਹਾਂਪੁਰਸ਼, ਸਿੱਖੀ ਪ੍ਰਚਾਰ-ਪ੍ਰਸਾਰ ਅਤੇ ਹੋਰ ਪੰਥਕ ਮਹਾਨ ਸੇਵਾਵਾਂ ਨਿਭਾ ਰਹੇ ਹਨ ਉਨ੍ਹਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ 352ਵੇਂ ਪ੍ਰਕਾਸ਼ ਗੁਰਪੁਰਬ ਪੋਹ ਸੁਦੀ ਸੱਤਮੀ ਮਿਤੀ 11, 12, 13 ਜਨਵਰੀ 2019 ਨੂੰ ਵਿਸ਼ੇਸ਼ ਸਨਮਾਨ ਦੇਣ ਦਾ ਫੈਸਲਾ ਕੀਤਾ ਜਾਂਦਾ ਹੈ।

1. ਭਾਈ ਸਾਹਿਬ ਭਾਈ ਸੰਤ ਬਾਬਾ ਮਹਿੰਦਰ ਸਿੰਘ ਜੀ, ਸ਼੍ਰੋਮਣੀ ਪੰਥ ਰਤਨ ਦੀ ਉਪਾਧੀ
2. ਸੰਤ ਬਾਬਾ ਬਲਜਿੰਦਰ ਸਿੰਘ ਜੀ, ਮੁਖੀ ਸੰਪ੍ਰਦਾਇ, ਰਾੜਾ ਸਾਹਿਬ ਸ਼੍ਰੋਮਣੀ ਸੇਵਾ ਰਤਨ ਅਤੇ ਰਾੜਾ ਸਾਹਿਬ ਸੰਪ੍ਰਦਾਇ ਭੂਸ਼ਣ ਦੀ ਉਪਾਧੀ
3. ਬਾਬਾ ਪ੍ਰਦੀਪ ਸਿੰਘ ਜੀ ਬੋਰੇ ਵਾਲੇ, ਸੰਤ ਸ਼੍ਰੋਮਣੀ, ਸ਼੍ਰੋਮਣੀ ਸੇਵਾ ਰਤਨ ਦੀ ਉਪਾਧੀ
4. ਸੰਤ ਬਾਬਾ ਜੋਧ ਸਿੰਘ ਜੀ, ਰਿਸ਼ੀਕੇਸ਼, ਨਿਰਮਲ ਭੇਖ ਭੂਸ਼ਣ ਅਤੇ ਸ਼੍ਰੋਮਣੀ ਸੇਵਾ ਰਤਨ ਦੀ ਉਪਾਧੀ
5. ਸੰਤ ਬਾਬਾ ਗੁਰਮੀਤ ਸਿੰਘ ਜੀ, ਵਿਦਿਆ ਮਾਰਤੰਡ ਅਤੇ ਸ਼੍ਰੋਮਣੀ ਸੇਵਾ ਰਤਨ ਦੀ ਉਪਾਧੀ
6. ਭਾਈ ਗੁਰਇਕਬਾਲ ਸਿੰਘ ਜੀ, ਸ਼੍ਰੋਮਣੀ ਸੇਵਾ ਰਤਨ, ਭਾਈ ਸਾਹਿਬ ਦੀ ਉਪਾਧੀ
7. ਭਾਈ ਦਵਿੰਦਰ ਸਿੰਘ ਜੀ ਖੰਨੇ ਵਾਲੇ, ਭਾਈ ਸਾਹਿਬ ਦੀ ਉਪਾਧੀ
8. ਡਾ. ਹਰਭਜਨ ਸਿੰਘ ਜੀ, ਦੇਹਰਾਦੂਨ, ਵਿਦਿਆ ਮਾਰਤੰਡ ਦੀ ਉਪਾਧੀ
9. ਸਚਖੰਡ ਵਾਸੀ ਸੰਤ ਬਾਬਾ ਸੁੱਚਾ ਸਿੰਘ ਜੀ, ਸ਼੍ਰੋਮਣੀ ਸੇਵਾ ਰਤਨ ਦੀ ਉਪਾਧੀ
10. ਸੰਤ ਗਿਆਨੀ ਅਮੀਰ ਸਿੰਘ ਜੀ, ਸ਼੍ਰੋਮਣੀ ਸਿੱਖ ਪ੍ਰਚਾਰਕ ਦੀ ਉਪਾਧੀ
11. ਸੰਤ ਸੇਵਾ ਸਿੰਘ ਜੀ, ਖਡੂਰ ਸਾਹਿਬ ਸ਼੍ਰੋਮਣੀ ਸੇਵਾ ਰਤਨ ਅਤੇ ਕਾਰ ਸੇਵਾ ਸੰਪ੍ਰਦਾਇ ਭੂਸ਼ਣ ਦੀ ਉਪਾਧੀ
12. ਸੰਤ ਬਾਬਾ ਸੁਖਦੇਵ ਸਿੰਘ ਜੀ, ਭੁੱਚੋ ਵਾਲੇ, ਸ਼੍ਰੋਮਣੀ ਸੇਵਾ ਰਤਨ ਅਤੇ ਨਾਨਕਸਰ ਸੰਪ੍ਰਦਾਇ ਭੂਸ਼ਣ ਦੀ ਉਪਾਧੀ

13. ਸੰਤ ਬਾਬਾ ਦਯਾ ਸਿੰਘ ਜੀ ਵੈਦਰਾਜ, ਸ਼੍ਰੋਮਣੀ ਸੇਵਾ ਰਤਨ ਦੀ ਉਪਾਧੀ
14. ਸੰਤ ਬਾਬਾ ਗੁਰਚਰਨ ਸਿੰਘ ਜੀ, ਸ਼੍ਰੋਮਣੀ ਸੇਵਾ ਰਤਨ ਦੀ ਉਪਾਧੀ

ਪੰਜ ਪਿਆਰੇ ਸਿੰਘ ਸਾਹਿਬਾਨ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ

(ਰਾਜਿੰਦਰ ਸਿੰਘ) ਹੈਡ ਗ੍ਰੰਥੀ	ਸੀਲ	(ਇਕਬਾਲ ਸਿੰਘ) ਜਥੇਦਾਰ
(ਬਲਦੇਵ ਸਿੰਘ) ਸੀ: ਮੀਤ ਗ੍ਰੰਥੀ	(ਦਲੀਪ ਸਿੰਘ) ਮੀਤ ਗੰਥੀ	(ਗੁਰਦਿਆਲ ਸਿੰਘ) ਗ੍ਰੰਥੀ

ਬੰਗਲਾਦੇਸ਼ ਨਾਲ ਸੰਬੰਧਿਤ ਹੁਕਮਨਾਮੇ

ਬੰਗਲਾਦੇਸ਼ ਦੇ ਕਈ ਇਲਾਕਿਆਂ ਵਿਚ ਸਿੱਖ ਸੰਗਤ ਮੌਜੂਦ ਸੀ ਜਿਹੜੀ ਕਿ ਦੇਸ਼-ਵੰਡ ਤੋਂ ਬਾਅਦ ਇਥੋਂ ਪਲਾਇਣ ਕਰ ਗਈ। ਬੰਗਾਲੀ ਬਹੁਤ ਅਗਾਂਹਵਧੂ ਸੋਚ ਦੇ ਮਾਲਕ ਮੰਨੇ ਜਾਂਦੇ ਹਨ ਜਿਹੜੇ ਕਿ ਪੜ੍ਹਨ-ਲਿਖਣ ਦੀ ਵਿਸ਼ੇਸ਼ ਰੁਚੀ ਰੱਖਦੇ ਹਨ ਅਤੇ ਦੇਸ਼ ਦੇ ਸਮਾਜਿਕ ਅਤੇ ਰਾਜਨੀਤਿਕ ਹਾਲਾਤਾਂ ਸੰਬੰਧੀ ਆਪਣੀਆਂ ਭਾਵਨਾਵਾਂ ਪ੍ਰਗਟ ਕਰਨ ਵਿਚ ਪ੍ਰਸਿੱਧ ਹਨ। ਗੁਰੂ ਨਾਨਕ ਦੇਵ ਜੀ ਅਤੇ ਗੁਰੂ ਤੇਗ਼ ਬਹਾਦਰ ਜੀ ਨੇ ਪੂਰਬ ਦੀਆਂ ਉਦਾਸੀਆਂ ਕਰਕੇ ਸੰਗਤ ਦੀ ਸਥਾਪਨਾ ਕੀਤੀ ਸੀ ਪਰ ਬੰਗਾਲੀਆਂ ਵਿਚੋਂ ਸਿੱਖ ਸੱਜਣ ਵਾਲੇ ਲੋਕਾਂ ਦੀ ਗਿਣਤੀ ਘੱਟ ਦੇਖਣ ਨੂੰ ਮਿਲਦੀ ਹੈ। ਇਥੇ ਜਿਹੜੀ ਸਿੱਖ ਸੰਗਤ ਮੌਜੂਦ ਹੈ ਉਸ ਸੰਬੰਧੀ ਜਾਣਕਾਰੀ ਪ੍ਰਦਾਨ ਕਰਦੇ ਹੋਏ ਜੀ.ਬੀ. ਸਿੰਘ ਦੱਸਦੇ ਹਨ ਕਿ "ਵਪਾਰ ਦੀ ਖਾਤਰ ਸਿੱਖ ਵਪਾਰੀ ਢਾਕੇ ਤੋਂ ਉਠ ਕੇ ਅਗੇ ਸੋਨਦੀਪ, ਚਿਟਾਗਾਮ ਤੇ ਸਿਲਹਟ ਕਮੀਲਾ ਆਦਿ ਥਾਵਾਂ ਵਿਚ ਫੈਲੇ ਸਨ, ਜਿਕਰ ਰਾਜਮਹਲ ਤੋਂ ਉਠ ਕੇ ਸਿੱਖ ਗਵਰਨਮੈਂਟ ਦੇ ਨਾਲ ਢਾਕੇ ਆਏ ਸਨ। ਇਹ ਵਪਾਰੀ ਆਪਣਾ ਸਿੱਖੀ ਧਰਮ ਪਿਛੋਂ ਈ ਨਾਲ ਲਿਆਏ ਸਨ ਅਤੇ ਜਿਥੇ ਗਏ ਆਪਣੇ ਲਈ ਸੰਗਤਾਂ ਬਣਾ ਲਈਆਂ, ਹੋਰ ਕੋਈ ਏਧਰ ਦੇ ਲੋਕ ਖਰੇ ਬੰਗਾਲੀ ਸਿੱਖ ਨਹੀਂ ਸਨ ਬਣੇ।"[1]

ਬੰਗਲਾਦੇਸ਼ ਦੇ ਵਿਭਿੰਨ ਇਲਾਕਿਆਂ ਵਿਚ ਫੈਲੀ ਹੋਈ ਸਿੱਖ ਸੰਗਤ ਗੁਰੂ-ਘਰ ਪ੍ਰਤੀ ਅਥਾਹ ਸ਼ਰਧਾ ਰੱਖਦੀ ਸੀ। ਗੁਰੂ ਤੇਗ਼ ਬਹਾਦਰ ਜੀ ਨੇ ਜਿਥੇ ਢਾਕਾ ਦੀ ਸੰਗਤ ਦੇ ਨਾਂ ਹੁਕਮਨਾਮੇ ਜਾਰੀ ਕੀਤੇ ਸਨ ਉਥੇ ਉਹਨਾਂ ਦੇ ਕੁੱਝ ਅਜਿਹੇ ਹੁਕਮਨਾਮੇ ਵੀ ਮਿਲਦੇ ਹਨ ਜਿਹੜੇ ਉਹਨਾਂ ਨੇ ਬੰਗਾਲ (ਮੌਜੂਦਾ ਬੰਗਲਾਦੇਸ਼) ਦੀ ਯਾਤਰਾ ਦੌਰਾਨ ਪਟਨਾ ਦੀ ਸੰਗਤ ਦੇ ਨਾਂ ਜਾਰੀ ਕੀਤੇ ਸਨ, ਜਿਵੇਂ ਗੋਬਿੰਦ ਦਾਸ (ਗੁਰੂ ਗੋਬਿੰਦ ਸਿੰਘ) ਜੀ ਦੇ ਪਟਨਾ ਸਾਹਿਬ ਵਿਖੇ ਪ੍ਰਕਾਸ਼ ਹੋਣ ਦੀ ਵਧਾਈ, ਬੱਚੇ ਦੀ ਸਾਂਭ-ਸੰਭਾਲ ਕਰਨ ਲਈ ਪਟਨਾ ਸੰਗਤ ਨੂੰ ਅਸ਼ੀਰਵਾਦ, ਭਾਈ ਦਿਆਲ ਦਾਸ ਨੂੰ ਢਾਕਾ ਵਿਖੇ ਆਉਣ ਲਈ ਆਦੇਸ਼, ਭਾਈ ਮਿਹਰ ਚੰਦ ਅਤੇ ਭਾਈ ਕਲਿਆਣ ਦਾਸ ਆਦਿ ਦੇ ਨਾਂ ਜਾਰੀ ਕੀਤੇ ਗਏ ਫ਼ਰਮਾਨ ਆਦਿ। ਦੂਰ-ਦੁਰਾਡੇ ਦੇ ਜਿਹੜੇ ਅਸਥਾਨਾਂ 'ਤੇ ਸਿੱਖ ਸੰਗਤ ਮੌਜੂਦ ਸੀ, ਉਹਨਾਂ ਦੇ ਨਾਂ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਜਾਰੀ ਕੀਤੇ ਹੁਕਮਨਾਮਿਆਂ ਵਿਚ ਵੀ ਆਉਂਦੇ ਹਨ। ਇਸ ਦ੍ਰਿਸ਼ਟੀ ਤੋਂ ਹੁਕਮਨਾਮੇ ਉਹਨਾਂ ਇਲਾਕਿਆਂ ਦੀ ਵੀ ਪਛਾਣ ਕਰਵਾ ਦਿੰਦੇ ਹਨ ਜਿਥੇ ਸਿੱਖ ਸੰਗਤ ਮੌਜੂਦ ਸੀ। ਬੰਗਲਾਦੇਸ਼ ਦੀਆਂ ਰਵਾਇਤੀ ਅਤੇ ਪਵਿੱਤਰ ਨਿਸ਼ਾਨੀਆਂ ਸੰਬੰਧੀ ਜੀ.ਬੀ. ਸਿੰਘ ਨੇ ਮਹੱਤਵਪੂਰਨ ਖੋਜ ਕੀਤੀ ਹੈ। ਇਸ ਸੰਬੰਧੀ ਇਹਨਾਂ ਦੁਆਰਾ ਲਿਖਿਆ ਇਕ ਵਿਸਤ੍ਰਿਤ ਲੇਖ 1915 ਦੇ *ਢਾਕਾ ਰਿਵੀਊ* ਵਿਚ ਸਭ ਤੋਂ ਪਹਿਲਾਂ ਛਪਿਆ ਸੀ ਜਿਹੜਾ ਕਿ ਅਪ੍ਰੈਲ 1975 ਵਿਚ ਡਾ. ਗੰਡਾ ਸਿੰਘ ਦੁਆਰਾ ਸੰਪਾਦਿਤ ਮੈਗ਼ਜ਼ੀਨ *ਦ ਪੰਜਾਬ ਪਾਸਟ ਐਂਡ ਪ੍ਰੈਜੈਂਟ* ਵਿਚ ਦੁਬਾਰਾ ਛਪਿਆ ਹੋਇਆ ਮਿਲਦਾ ਹੈ। ਜੀ.ਬੀ. ਸਿੰਘ ਹੱਥਲਿਖਤ ਖਰੜਿਆਂ ਨੂੰ ਲੱਭਣ ਅਤੇ ਉਹਨਾਂ ਦੀ

ਪਛਾਣ ਅਤੇ ਵਿਸ਼ਲੇਸਣ ਕਰਨ ਵਿਚ ਮਾਹਰ ਸਨ। ਇਹਨਾਂ ਨੇ ਗੁਰੂ ਸਾਹਿਬਾਨ ਦੇ ਹੁਕਮਨਾਮਿਆਂ ਸੰਬੰਧੀ ਬਹੁਤ ਹੀ ਮਹੱਤਵਪੂਰਨ ਜਾਣਕਾਰੀ ਦਿੱਤੀ ਹੈ। ਇਹ ਜਾਣਾਕਾਰੀ ਪ੍ਰਦਾਨ ਕਰਦੇ ਹੋਏ ਉਹ ਸਥਾਨਕ ਪੱਧਰ 'ਤੇ ਮਿਲ ਰਹੀ ਉਸ ਜਾਣਕਾਰੀ ਬਾਰੇ ਵੀ ਸੁਚੇਤ ਕਰਦੇ ਹਨ ਜਿਹੜੀ ਕਿ ਅਲੋਪ ਹੁੰਦੀ ਜਾ ਰਹੀ ਹੈ। ਗੁਰੂ ਸਾਹਿਬਾਨ ਦੁਆਰਾ ਲਿਖੇ ਹੁਕਮਨਾਮਿਆਂ ਦੇ ਮਹੱਤਵ ਸੰਬੰਧੀ ਦੱਸਦੇ ਹੋਏ ਉਹ ਕਹਿੰਦੇ ਹਨ:

> A few years ago, there could be had a big collection of letters etc. of antiquarian interest. They have unfortunately been mostly lost. But what has been left behind is neither inconsiderable nor unimportant. From the point of view of Sikh history I may say that quite a little treasure trove has been found here. For herein are preserved, half a dozen old letters, some of which are in the handwriting of Guru Tegh Bahadur and Guru Gobind Singh... The letters are not merely interesting but of historical importance to the Sikhs, for they not only furnish a valuable corroboration of certain events already known and bear out certain traditions, but supply new facts.[2]

ਜੀ.ਬੀ. ਸਿੰਘ ਨੇ ਕੁੱਝ ਹੁਕਮਨਾਮਿਆਂ ਦੇ ਗੁੰਮ ਹੋ ਜਾਂਣ ਸੰਬੰਧੀ ਸੂਚਨਾ ਦਿੱਤੀ ਹੈ ਜਿਸ ਤੋਂ ਇਕ ਗੱਲ ਪੂਰਨ ਤੌਰ 'ਤੇ ਸਪਸ਼ਟ ਹੋ ਜਾਂਦੀ ਹੈ ਕਿ ਉਹਨਾਂ ਵਿਚ ਸਿੱਖ ਧਰਮ, ਇਤਿਹਾਸ, ਸਿਧਾਂਤ ਅਤੇ ਪਰੰਪਰਾਵਾਂ ਦੀ ਮੌਜੂਦ ਜਾਣਕਾਰੀ ਤੋਂ ਅਸੀਂ ਵਾਂਝੇ ਰਹਿ ਗਏ ਹਾਂ। ਜੀ.ਬੀ. ਸਿੰਘ ਦੇ ਮਨ ਵਿਚ ਜਦੋਂ ਹੁਕਮਨਾਮਿਆਂ ਸੰਬੰਧੀ ਜਾਣਕਾਰੀ ਪ੍ਰਾਪਤ ਕਰਨ ਦੀ ਇੱਛਾ ਪੈਦਾ ਹੋਈ ਉਸ ਸਮੇਂ ਬੰਗਲਾਦੇਸ਼ ਭਾਰਤ ਦਾ ਹਿੱਸਾ ਸੀ ਅਤੇ ਉਥੋਂ ਦੇ ਗੁਰਧਾਮਾਂ ਦੇ ਸੇਵਾਦਾਰਾਂ ਦੀ ਅਣਗਹਿਲੀ ਕਾਰਨ ਬਹੁਤ ਸਾਰਾ ਅਨਮੋਲ ਸਰਮਾਇਆ ਸਾਡੇ ਹੱਥੋਂ ਨਿਕਲ ਗਿਆ। ਪਾਕਿਸਤਾਨ ਬਣਨ ਨਾਲ ਸਿੱਖ ਪ੍ਰਵਾਸ ਕਰ ਗਏ ਅਤੇ ਗੁਰਧਾਮ ਵੀਰਾਨ ਹੋ ਗਏ ਜਿਸ ਨਾਲ ਜਿਹੜਾ ਕੁੱਝ ਬਚਿਆ ਸੀ ਉਸ ਵਿਚੋਂ ਵੀ ਬਹੁਤਾ ਹੱਥੋਂ ਨਿਕਲ ਗਿਆ। ਬੰਗਲਾਦੇਸ਼ ਦੇ ਬਦਲਦੇ ਰਾਜਨੀਤਿਕ ਹਾਲਤਾਂ ਨੇ ਜਿਥੇ ਗੁਰਧਾਮਾਂ ਨੂੰ ਭਾਰੀ ਨੁਕਸਾਨ ਪਹੁੰਚਾਇਆ ਉਥੇ ਅਨੇਕਾਂ ਹੱਥਲਿਖਤ ਦਸਤਾਵੇਜ਼ ਵੀ ਨਸ਼ਟ ਹੋ ਗਏ। ਜਿਹੜੇ ਹੁਕਮਨਾਮੇ ਹੁਣ ਮਿਲਦੇ ਨਹੀਂ ਹਨ ਉਹਨਾਂ ਵਿਚੋਂ ਇਕ ਹੁਕਮਨਾਮੇ ਦਾ ਵਰਨਨ ਕਰਦੇ ਹੋਏ ਜੀ.ਬੀ. ਸਿੰਘ ਦੱਸਦਾ ਹੈ:

> ਫ਼ਜਰ ਅਲੀ ਹੋਰਾਂ ਦਾ ਪੁਰਾਣਾ ਖ਼ਾਨਦਾਨ ਸੀ। ਜਦ ਗੁਰੂ ਤੇਗ ਬਹਾਦਰ ਜੀ 'ਦੋ ਹਜ਼ਾਰੀ' ਗਏ ਸਨ, ਤਦ ਇਹਨਾਂ ਦੇ ਵਡੇ ਨੂੰ ਇਕ ਹੁਕਮਨਾਮਾ ਭੀ

ਦਿੱਤਾ ਸੀ, ਜੋ ਬਹੁਤ ਚਿਰ ਪਿਛੋਂ ਤਕ ਏਸ ਖ਼ਾਨਦਾਨ ਵਿਚ ਰਿਹਾ। ਪਿਛੋਂ ਜਾਇਦਾਦ ਕੋਰਟ ਆਫ਼ ਵਾਰਡਜ਼ ਪਾਸ ਚਲੀ ਗਈ ਤੇ ਹੁਕਮਨਾਮਾ ਗੁੰਮ ਹੋ ਗਿਆ।[3]

ਮੌਜੂਦਾ ਬੰਗਲਾਦੇਸ਼ ਦੇ ਵਿਭਿੰਨ ਇਲਾਕਿਆਂ ਵਿਚ ਵੱਸਦੇ ਸਿੱਖ ਗੁਰੂ ਸਾਹਿਬਾਨ ਨਾਲ ਜੁੜੇ ਰਹੇ ਹਨ ਅਤੇ ਉਹਨਾਂ ਨੂੰ ਸਮੇਂ-ਸਮੇਂ 'ਤੇ ਗੁਰੂ ਸਾਹਿਬਾਨ ਵੱਲੋਂ ਬਖ਼ਸ਼ਿਸ਼ਾਂ ਅਤੇ ਪ੍ਰੇਰਨਾ ਸੰਬੰਧੀ ਪ੍ਰਸੰਸਾ ਪੱਤਰ ਅਤੇ ਹੁਕਮਨਾਮੇ ਜਾਰੀ ਹੁੰਦੇ ਰਹੇ ਹਨ। ਬੰਗਲਾਦੇਸ਼ ਨਾਲ ਸੰਬੰਧਿਤ ਦੋ ਤਰ੍ਹਾਂ ਦੇ ਹੁਕਮਨਾਮੇ ਦੇਖਣ ਨੂੰ ਮਿਲਦੇ ਹਨ। ਇਕ ਉਹ ਹੁਕਮਨਾਮੇ ਹਨ ਜਿਹੜੇ ਗੁਰੂ ਤੇਗ਼ ਬਹਾਦਰ ਜੀ ਨੇ ਢਾਕੇ ਤੋਂ ਪਟਨਾ ਦੀ ਸਿੱਖ ਸੰਗਤ ਦੇ ਨਾਂ ਲਿਖੇ ਸਨ। ਦੂਜੇ ਉਹ ਹੁਕਮਨਾਮੇ ਹਨ ਜਿਹੜੇ ਗੁਰੂ ਗੋਬਿੰਦ ਸਿੰਘ ਜੀ ਨੇ ਸਿਲਹਟ, ਸੋਨਦੀਪ, ਚਿਟਾਗਾਂਵ ਅਤੇ ਢਾਕਾ ਆਦਿ ਨਗਰਾਂ ਵਿਖੇ ਨਿਵਾਸ ਕਰਦੀ ਸਿੱਖ ਸੰਗਤ ਦੇ ਨਾਂ ਲਿਖੇ ਸਨ। ਡਾ. ਤ੍ਰਿਲੋਚਨ ਸਿੰਘ ਨੇ ਪੰਜ ਹੁਕਮਨਾਮਿਆਂ ਦਾ ਜ਼ਿਕਰ ਕੀਤਾ ਹੈ ਜਿਹੜੇ ਗੁਰੂ ਤੇਗ਼ ਬਹਾਦਰ ਜੀ ਨੇ ਢਾਕੇ ਤੋਂ ਪਟਨਾ ਦੀ ਸੰਗਤ ਦੇ ਨਾਂ ਲਿਖੇ ਸਨ। ਇਹਨਾਂ ਹੁਕਮਨਾਮਿਆਂ ਵਿਚ ਗੁਰੂ ਜੀ ਪਟਨੇ ਨੂੰ 'ਗੁਰੂ ਕਾ ਘਰ' ਦੱਸਦੇ ਹਨ। ਇਹ ਹੁਕਮਨਾਮੇ ਗੁਰੂ ਜੀ ਦੁਆਰਾ ਸੰਗਤ ਨੂੰ ਪਿੱਛੇ ਛੱਡ ਆਏ ਗੁਰੂ-ਪਰਿਵਾਰ ਦੀ ਸੇਵਾ ਕਰਨ, ਪੁੱਤਰ ਗੋਬਿੰਦ ਦਾਸ ਜੀ ਦੇ ਪ੍ਰਕਾਸ਼ ਦੀ ਵਧਾਈ, ਸੰਗਤ ਦੀ ਸੇਵਾ ਪ੍ਰਵਾਨ ਕਰਨ, ਸੰਗਤ ਨੂੰ ਵਸਤਾਂ ਅਤੇ ਭੇਟਾਵਾਂ ਢਾਕੇ ਲੈ ਕੇ ਆਉਣ ਦੀ ਤਾਕੀਦ ਕਰਦੇ ਹਨ। ਭਾਵੇਂ ਕਿ ਇਹ ਹੁਕਮਨਾਮੇ ਡਾ. ਗੰਡਾ ਸਿੰਘ, ਸ. ਸ਼ਮਸ਼ੇਰ ਸਿੰਘ ਆਦਿ ਵਿਦਵਾਨਾਂ ਦੀਆਂ ਪੁਸਤਕਾਂ ਵਿਚ ਵੀ ਛਪੇ ਹੋਏ ਮਿਲਦੇ ਹਨ। ਅਸਲ ਹੁਕਮਨਾਮੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਮੌਜੂਦ ਹਨ ਜਿਨ੍ਹਾਂ ਦੇ ਸਿੱਖ ਸੰਗਤ ਨੂੰ ਰੋਜ਼ਾਨਾ ਦਰਸ਼ਨ ਕਰਵਾਏ ਜਾਂਦੇ ਹਨ। ਇਥੇ ਉਹਨਾਂ ਅਸਲ ਹੁਕਮਨਾਮਿਆਂ ਦੀ ਨਕਲ ਹੀ ਦਿੱਤੀ ਜਾ ਰਹੀ ਹੈ।

(ਹੁਕਮਨਾਮਾ ਪਾਤਸ਼ਾਹੀ ੯)

ਕੋਈ ਅਵਲ ਹਵੇਲੀ
ਹੋਵੈ ਬਡੀ ਹੋਵੈ ਤਿਸ ਮੋ
ਕਬੀਲੇ ਹਮਾਰੇ ਰਖਣੈ
ਸੰਗਤਿ ਕੇ ਗੁਰੂ ਰੁਜਗਾਰ ਮੋ
ਬਰਕਤਿ ਕਰੈਗਾ ਸੇਵਾ
ਕੀ ਵੇਲਾ ਹੈ

ਗੁਰੂਸਤਿ

ਭਾਈ ਦਿਆਲ ਦਾਸੁ ਭਾਈ ਰਾਮਰਾਇ ਭਾਈ ਦਰਬਾਰੀ ਭਾਈ ਚੈਨਸੁਖ ਭਾਈ ਮਿਹਰਚੰਦ ਭਾਈ ਸੋਭ ਚੰਦੁ
ਭਾਈ ਜੇਠਮਲੁ ਭਾਈ ਡੇਡਮਲੁ ਭਾਈ ਪਹਲਾਦ ਦਾਸੁ ਭਾਈ ਬੰਸੀ ਭਾਈ ਮੁਰਲੀਧਰੁ ਭਾਈ ਰਾਘੋ ਦਾਸੁ ਭਾਈ ਭਾਈ ਦੀਨਾ ਨਾਥ
ਮੋਹਨਦਾਸੁ ਭਾਈ ਪਰੀਤਮਦਾਸੁ ਭਾਈ ਨੰਦ ਕੁਆਰ ਭਾਈ ਮਿਹਰਚੰਦੁ ਭਾਈ ਪਰਾਨ ਨਾਥ ਭਾਈ ਮੁਰਲੀਧਰ ਭਾਈ
ਸਿੰਘਾ ਭਾਈ ਸਦਾਨੰਦ ਭਾਈ ਕਵਲਨੈਨ ਭਾਈ ਰਾਮਰਾਇ ਭਾਈ ਲਾਲਮੰਨ ਭਾਈ ਛਬੀਲ ਦਾਸੁ ਭਾਈ ਬਾਲ ਗੋਬਿੰਦ
ਭਾਈ ਅਮਾਲੀਆ ਭਾਈ ਕਿਰਪਾਲੁ ਭਾਈ ਬੈਜਨਾਥੁ ਭਾਈ ਸੰਗਤਿ ਦਾਸੁ ਭਾਈ ਝਬਰ ਸਿੰਘ ਬੇਬੇ ਪੇੜੀ ਬਾਈ
ਭਾਈ ਰਾਮਚੰਦ ਭਾਈ ਭਗਵਾਨ ਦਾਸੁ ਗੁਜਰਮਲੁ ਭਾਈ ਜਗਦੇਉ ਭਾਈ ਭੋਜਰਾਇ ਭਾਈ ਦਲਪਤ ਦਾਸੁ ਭਾਰਾ ਦਰੀਆ
ਚਿੰਤਾ ਬਿੰਦਾਰਾਬਨ ਪਰਾਨ ਨਾਥ ਸਰਬਤਿ ਸੰਗਤਿ ਪਟਣੇ ਕੀ ਸੂਬੇ ਕੀ ਗੁਰੂ ਰਖੇਗਾ ਜਿਨ ਸਿਖ ਵਾਹਗੁਰੂ
ਕੀਤਾ ਹੈ ਤਿਸ ਕੈ ਮਨੋਰਥ ਗੁਰੂ ਪੂਰੇ ਕਰੈਗਾ ਅਸੀ ਪਰੈ ਰਾਜੇ ਜੀ ਕੇ ਸਾਥ ਗਏ ਹਾਂ ਕਬੀਲਾ ਹਮੋ ਪਟਣੈ
ਮੋ ਛੋਡਾ ਹੈ ਜਿਨ ਸਿਖ ਵਾਹਗੁਰੂ ਕੀਆ ਹੈ ਤਿਨ ਸੇਵਾ ਕਰਣੀ ਪੈਸੇ ਕੀ ਮੁਹਰ ਥਾਇ ਪੜੈਗੀ ਸੰਗਤ
ਕੀ ਸੇਵਾ ਕੀ ਵੇਲਾ ਹੈ ਜੁ ਸਿਖ ਸੇਵਾ ਕਰੇਗਾ ਤਿਸ ਕੇ ਰੁਜਗਾਰ ਮੋ ਬਰਕਤਿ ਹੋਵੇਗੀ ਸੇਵਾ ਕਾ ਵਖਤ ਹੈ

(ਹੁਕਮਨਾਮਾ ਪਾਤਸ਼ਾਹੀ ੯)

ਸਰਬਤ ਸੰਗਤਿ ਪਟਣੇ ਕੀ ਜਿਨਿ ਸਿਖ
ਵਾਹਗੁਰੂ ਕੀਆ ਹੈ ਤਿਸ ਕੇ
ਮਨੋਰਥ ਪੂਰੇ ਹੋਵਹਿਗੇ ਗੋਬਿੰਦ
ਦਾਸ ਕੀ ਬਧਾਈ ਉਪਰਿ ਸੰਗਤਿ
ਖਰਚ ਕੀਆ ਗੁਰੂ ਕੀ ਦਰਗਹ ਥਾਇ
ਪਯਾ ਰੁਪਯੇ ਕੀ ਮੁਹਰ ਥਾਇ ਪੜੀ
ਪੀਛੇ ਸੇਵਾ ਕੀਤੀ ਸੋ ਥਾ
ਇ ਪਈ ਆਗੇ ਜੁ ਸੇਵਾ ਕਰੇਗਾ
ਤਿਸਕਾ ਭਲਾ ਹੋਗੁ ਸੰਗਤ ਕੇ ਰੁਜਗਾਰ ਮੋ ਬਰ
ਕਤਿ ਹੋਗੁ ਭਾਈ ਜੀ ਸਰਪਾਉ ਭੇਜਿਆ ਹੈ
ਪਟਣਾ ਗੁਰੂ ਕਾ ਘਰ ਹੈ ਸੰਗਤਿ ਕਾ ਭਲਾ ਹੋਗੁ

ਗੁਰੂਸਤਿ

ਭਾਈ ਦਿਆਲ ਦਾਸ ਭਾਈ ਰਾਮਰਾਇ ਭਾਈ ਦਰਬਾਰੀ ਭਾਈ ਚੈਨਸੁਖੁ ਭਾਈ ਮਿਹਰਚੰਦ ਭਾਈ ਸੁਭਾ ਚੰਦ
ਭਾਈ ਜੇਠ ਮਲੁ ਭਾਈ ਡੇਡਮਲੁ ਭਾਈ ਨੰਦ ਕੁਆਰ ਭਾਈ ਦੀਨ ਦਿਆਲ ਭਾਈ ਮਿਹਰ ਚੰਦੁ...
ਨਾਥ ਭਾਈ ਹੀਰਾਨੰਦ ਭਾਈ ਰਾਘੋਦਾਸੁ ਭਾਈ ਪਹਲਾਦ ਦਾਸੁ ਭਾਈ ਬੰਸੀਧਰ ਭਾਈ ਮੁਰਲੀਧਰ
ਮੋਹਨਦਾਸੁ ਭਾਈ ਨੈਨਸੁਖ ਭਾਈ ਹਰਕੇਸੁ ਭਾਈ ਛਬੀਲਦਾਸ ਭਾਈ ਭਗਵਾਨ ਦਾਸੁ ਭਾਈ...
ਭਾਈ ਸਦਾਨੰਦ ਭਾਈ ਘਨਿਸਿਆਮੁ ਭਾਈ ਕਵਲਨੈਨ ਭਾਈ ਰਾਮਰਾਇ ਭਾਈ ਮੁਰਲੀਧਰ ਭਾਈ...
ਭਾਈ ਸਿੰਘਾ ਭਾਈ ਸੰਗਤਿ ਦਾਸੁ ਭਾਈ ਬੈਜਨਾਥ ਭਾਈ ਸੁਖਦੇਉ ਭਾਈ ਝਬਰ ਸਿੰਘ ਭਾਈ...
ਮੁ ਭਾਈ ਜਗਮੰਨ ਭਾਈ ਛਬੀਲਦਾਸੁ ਭਾਈ ਰੂਪਨ ਭਾਈ ਲਾਲਮੰਨ ਭਾਈ ਅਨੰਦਦਾਸ
ਭਾਈ ਸੁਫੇਰ ਚੰਦ ਭਾਈ ਨੈਨਸੁਖ ਗੁਲਾਲਚੰਦ ਬਾਲਗੋਬਿੰਦੁ ਭਾਈ ਭਗਤਾ ਬਿੰਦਰਾਬਨੁ...
ਪਾਲਾ ਫੇਰੂ ਬੰਸੀਧਰ ਸੁਖਦੇਉ ਮਾਛੀ ਸੁਚਾ ਰਾਮ ਚੈਨਸੁਖ ਹੀਰਾ ਨੰਦ ਪਰਸਰਾਮੁ...
ਮਿਤਰ ਸੈਣ ਗਜਮਲ ਜਗਦੇਉ ਦਲਪਤ ਦਾਸੁ ਭਾਈ ਮਲੂਕ ਦਾਸੀਆ ਚੇਤਨੁ...
ਲਛੂਆ ਰਘੁਨਾਥ ਫਤਹਚੰਦ ਬੇਬੇ ਪੇੜੀ ਬਾਈ ਦੀਨਾਨਾਥ ਪਰਾਨਨਾਥ...

(ਹੁਕਮਨਾਮਾ ਪਾਤਸ਼ਾਹੀ ੯)

ਕੀ ਗੁਰੂ ਕੀ ਦਰਗਹ
ਥਾਇ ਪੜੇਗੀ ਸੰਗਤ
ਕਾ ਭਲਾ ਹੋਗੁ ਜੋ ਪਰੇ ਤੇ ਭਾਈ
ਰਾਜਾ ਦੇ ਪਾਸ ਤੇ ਡੇਰਾ ਆਇਆ ਹੋਵੇ
ਤਾ ਭੇਜਣਾ ਇਕ ਸੁਹੇਲਾ ਤਿਨ ਕਨਾਤਾਂ
ਇਕ ਸੇਹਤਖਾਨਾ ਖਾਸੇ ਡੇਰੇ ਨੂੰ ਭੇਜਣਾ
ਤਿਨ ਕਨਾਤਾਂ ਇਕੁ ਕਲੰਦਰੀ ਰਸੋਇ
ਨੋ ਭੇਜਣੀ ਇਕੁ ਰਾਵਟੀ ਪੰਜ
ਗਜੀ ਹੋਰ ਭੇਜਣੀ
ਅੰਦਰ ਦਾ ਡੇਰਾ ਕਨਾਤਾਂ ਹੋਰ ਸਾਜ
ਭਾਈ ਮਲੂ ਮਿਹਰੇ ਕੇ ਹਵਾਲੇ ਕਰਣਾ
ਗੁਰੂ ਸੰਗਤਿ ਕੀ ਬਾਹੁੜੀ ਕਰੇਗਾ
ਪਟਣਾ ਗੁਰੂ ਕਾ ਘਰ ਹੈ

ਗੁਰੂ ਸਤਿ

ਭਾਈ ਦਿਆਲਦਾਸ ਭਾਈ ਰਾਮਰਾਇ ਭਾਈ ਦਬਾਰੀ ਭਾਈ ਚੈਨ ਸੁਖ ਭਾਈ ਮਿਹਰਚੰਦ ਭਾਈ ਸੋਭਾ ਚੰਦੁ ਭਾਈ ਜੇਠ ਮਲੁ ਭਾਈ ਡੇਡਮਲੁ

ਭਾਈ ਨੰਦਕੁਆਰ ਭਾਈ ਦੀਨਦਿਆਲ ਭਾਈ ਮਿਹਰਚੰਦੁ ਭਾਈ ਪਰਾਨਨਾਥ ਭਾਈ ਹੀਰਾਨੰਦ ਭਾਈ ਸੋਭਾਚੰਦੁ ਭਾਈ ਕਵਲਨੈਨ ਭਾਈ ਰਾਘੋ ਦਾਸੁ

ਭਾਈ ਪਹਲਾਦ ਦਾਸੁ ਭਾਈ ਮੁਰਲੀ ਭਾਈ ਮੋਹਨਦਾਸੁ ਭਾਈ ਭਗਵਾਨਦਾਸੁ ਭਾਈ ਹਰਜੀਮਲੁ ਭਾਈ ਸਦਾਨੰਦੁ ਭਾਈ ਕਵਲਨੈਨ ਭਾਈ ਰਾਮਰਾਇ

ਭਾਈ ਨੰਦਲਾਲ ਭਾਈ ਬਾਲੁਗੋਬਿੰਦ ਭਾਈ ਜਗਮੰਨ ਭਾਈ ਸੰਗਤ ਦਾਸੁ ਭਾਈ ਬੈਜਨਾਥੁ ਭਾਈ ਝਬਰ ਸਿੰਘ ਅਮਾਲੀਆ ਕਿਰ

ਪਾਲ ਫੇਰੂ ਭਾਈ ਬਿੰਦਰਾਬਨ ਭਾਈ ਲਾਲਮੰਨ ਛਬੀਲਾ ਨੈਨਸੁਖ ਭਾਈ ਮੂਲਾ ਭਾਈ ਮਿਹਰਚੰਦ ਭਾਈ ਚੇਤਨ ਜਾਦੋ ਬੇਬੇ

ਪੇੜੀ ਬਾਈ ਭਾਰਾ ਮਲੂਕਾ ਲਛੂਆ ਭਾਈ ਪਰਾਨਨਾਥੁ ਸਰਬਤਿ ਸੰਗਤਿ ਪਟਣੇ ਕੀ ਗੁਰੂ ਰਖੈਗਾ ਗੁਰੂ ਗੁਰੂ

ਜਪਣਾ ਜਨਮ ਸਉਰੇ ਸੰਗਤਿ ਕਾ ਭਲਾ ਹੋਵੈ ਜਿਨਸਿਖ ਵਾਹਗੁਰੂ ਕੀਆ ਹੈ ਸਭਨਾ ਕੇ ਮਨੋਰਥ ਗੁਰੂ ਪੂਰੇ ਕਰੇਗਾ

ਪਟਣਾ ਗੁਰੂ ਦਾ ਘਰ ਹੈ ਸੰਗਤਿ ਕੀ ਬਾਹੁੜੀ ਹੋਗੁ ਸੰਗਤਿ ਸੇਵਾ ਗੋਬਿੰਦ ਦਾਸ ਕੀ ਕਰਤੀ ਹੈ ਤੁਮਾਰੀ ਸੇਵਾ ਸੰਗਤਿ

(ਹੁਕਮਨਾਮਾ ਪਾਤਸ਼ਾਹੀ ੯)

ਸਰਬਤਿ ਸੰਗਤਿ ਗੁਰੂ ਮਨੋਰਥ ਪੂਰੇ
ਕਰੇਗਾ ਅਸੁਨ ਕੋਚ ਹੈਂ ਸਤਰੀ ਰੁਪਯਾ ਕੀ
ਵਸਤ ਲਿਖੀ ਹੈ ਡੇਰੇ ਕੇ ਵਾਸਤੈ ਹੁਕਮੁ ਦੇਖਦੇ
ਹੀ ਵਸਤ ਭੇਜਣੀ ਸਿਤਾਬੀ ਸਾਥ ਡੇਰਾ ਤਯਾਰ ਹੋ
ਣਾ ਹੈ ਸੰਗਤਿ ਸਰਬਤ ਲੇ ਕੇ ਭਯਾ ਜੀ
ਤੁਮੋ ਦਰਸਨ ਕਰ ਜਾਣਾ
ਸਿਤਾਬ ਆਵਣਾ
ਸੰਗਤਿ ਕਾ ਗੁਰੂ ਰੁਜਗਾਰ ਮੋ
ਬਰਕਤਿ ਕਰੈਗਾ
ਪਟਣਾ ਗੁਰੂ
ਕਾ ਘਰੁ ਹੈ

ਗੁਰੂ ਸਤਿ

ਭਾਈ ਦਿਆਲਦਾਸੁ ਭਾਈ ਰਾਮਰਾਇ ਭਾਈ ਦਰਬਾਰੀ ਭਾਈ ਚੈਨਸੁਖੁ ਭਾਈ ਮਿਹਰਚੰਦ ਸੁਭਾ ਚੰਦ
ਭਾਈ ਜੇਠਮਲੁ ਭਾਈ ਡੇਡਮਲੁ ਭਾਈ ਰਾਘੋਦਾਸੁ ਭਾਈ ਪਹਲਾਦ ਦਾਸੁ ਭਾਈ ਮੋਹਨ ਦਾਸੁ ਭਾਈ ਨੰਦ ਕੁਆਰ
ਭਾਈ ਪਰੀਤਮਦਾਸੁ ਭਾਈ ਘਨਿਸਿਆਮੁ ਜਗਮੰਨੁ ਮੁਰਲੀਧਰ ਭਾਈ ਬੰਸੀ ਭਾਈ ਮੁਰਲੀ ਭਾਈ ਸਿੰਘਾ
ਸਦਾਨੰਦ ਕਵਲਨੈਨ ਰਾਮਰਾਇ ਲਾਲਮੰਨ ਛਬੀਲਦਾਸੁ ਬਾਲ ਗੋਬਿੰਦ ਅਮਾਲੀਆ ਫੇਰੂ ਕਿਰਪਾਲ
ਸੰਗਤਿ ਦਾਸ ਬੈਜਨਾਥ ਝਬਰ ਸਿੰਘ ਭਗਵਾਨੁ ਗੁਜਰਮਲ ਪੇੜੀ ਬਾਈ ਰਾਮਚੰਦੁ ਦੀਨਾਨਾਥੁ ਪਰਾਨ ਨਾਥੁ
ਜਗਦੇਉ ਭੋਜਰਾਜ ਦਲਪਤ ਦਾਸੁ ਭਾਰਾ ਦਰੀਆ ਚਿੰਤਾ ਬਿੰਦਰਾਬਨ ਪਰਾਨਨਾਥੁ ਮਿਹਰਚੰਦ ਹੀਰਾ ਨੰਦੁ ਪਰਾਨਨਾਥ

(ਹੁਕਮਨਾਮਾ ਪਾਤਸ਼ਾਹੀ ੯)

ਸਰਬਤ ਸੰਗਤਿ ਪਟਣੇ ਕੀ ਗੁਰ ਰਖੈਗਾ ਗੁਰੁ ਗੁਰੂ
ਜਪਣਾ ਜਨਮੁ ਸਉਰੇ ਸੰਗਤਿ ਕਾ ਭਲਾ ਹੋਵੈ ਕਾਰ
ਭੇਟ ਕਪੜੇ ਭਾਈ ਮਿਹਰਚੰਦ ਭਾਈ ਕਲਿਆਨਿ ਰਾਇ
ਹਥਿ ਭੇਜੀ ਥੀ ਸੋ ਹਜੂਰਿ ਪਹੁਚੀ ਸੰਗਤਿ
ਕੇ ਰੁਜਗਾਰ ਵਿਚਿ ਗੁਰੂ ਬਰਕ
ਤਿ ਕਰੈਗਾ ਪਟਣਾ ਗੁਰੂ
ਕਾ ਘਰੁ ਹੈ ਸੰਗਤਿ ਕਾ ਭਲਾ ਹੋਵੈਗਾ

ਗੁਰੂ ਸਤਿ

ਭਾਈ ਦਿਆਲਦਾਸ ਭਾਈ ਰਾਮਰਾਇ ਭਾਈ ਦਰਬਾਰੀ ਭਾਈ ਚੈਨਸੁਖ ਭਾਈ ਮਿਹਰਚੰਦ ਭਾਈ ਸੁਭਾ ਚੰਦ
ਭਾਈ ਜੈ ਸਿੰਘ ਭਾਈ ਚਿਮਨਾ ਭਾਈ ਲਾਲਮੰਨ ਭਾਈ ਜੇਠ ਮਲੁ ਭਾਈ ਡੇਡਮਲੁ ਭਾਈ ਪਹਲਾਦ ਦਾਸੁ ਭਾਈ
ਬੰਸੀਧਰ ਭਾਈ ਮੁਰਲੀ ਭਾਈ ਰਾਘੋਦਾਸੁ ਭਾਈ ਸੇਠ ਛਬੀਲਦਾਸ ਭਾਈ ਪਰੀਤਮ ਦਾਸੁ ਭਾਈ ਨੰਦ ਲਾਲ
ਭਾਈ ਪਰਾਨ ਨਾਥ ਬਖਸ਼ੀ ਮੁਰਲੀਧਰ ਭਾਈ ਹੀਰਾਨੰਦੁ ਭਾਈ ਸੰਗਤਿ ਦਾਸੁ ਭਾਈ ਝਬਰ ਭਾਈ ਗੁਰਦਾਸੁ ਪਰ
ਸਰਾਮ ਮੋਹਨਦਾਸੁ ਨੈਨਸੁਖ ਬਾਲ ਗੋਬਿੰਦੁ ਸੰਕਰਦਾਸੁ ਸਦਾਨੰਦੁ ਸੂਜਾਰਾਮੁ ਭਗਵਾਨ ਦਾਸ ਗੁਜਰ
ਮਲੁ ਸੰਕਰਦਾਸੁ ਨੰਦਲਾਲ ਛਜੂਮਲੁ ਨੰਦ ਕੁਆਰ ਭਾਈ ਜਸੋਧਾ ਨੰਦਨ ਮਿਹਰਚੰਦੁ ਪਰਾਨ ਨਾਥ ਬਲੀ–
ਰਾਮ ਸਭਾਚੰਦ ਜਗਦੇਉ ਦਲਪਤਿਰਾਇ ਅਨੀਰਾਇ ਘਨਸਿਆਮੁ ਸੁਖਦੇਉ ਗਜਮਲੁ ਗਜੂਆ ਭਾਗੁ ਮਲ
ਛਬੀਲਦਾਸੁ ਸੁਫੇਰਾ ਅਮਾਲੀਆ ਫੇਰੂ ਕਿਰਪਾਲਾ ਬੰਸੀ ਸੁਖਦੇਉ ਪੇੜੀ ਬਾਈ ਰਾਮਚੰਦ ਹਰਕੇਸੁ
ਛਬੀਲਦਾਸ ਸੁਭਕਰਣ ਕੇਵਲਰਾਮ ਭਾਗੁ ਅਨੰਤਾ ਮਨਸੁਖ ਬਸੰਤਰਾਇ ਲਛੂਆ ਬਾਲਾ ਸਦਾਨੰਦ ਸਾਧੂ

ਗੁਰੂ ਤੇਗ਼ ਬਹਾਦਰ ਜੀ ਦੇ ਇਹਨਾਂ ਪੰਜ ਹੁਕਮਨਾਮਿਆਂ ਤੋਂ ਇਲਾਵਾ ਇਕ ਹੋਰ ਹੁਕਮਨਾਮੇ ਦਾ ਜ਼ਿਕਰ ਜੀ.ਬੀ. ਸਿੰਘ ਨੇ ਕੀਤਾ ਹੈ। ਉਹ ਦੱਸਦੇ ਹਨ ਕਿ ਸੰਮਤ 1730/1673 ਈ. ਦੇ ਲਗਪਗ ਗੁਰੂ ਜੀ ਨੇ ਇਹ ਹੁਕਮਨਾਮਾ ਢਾਕੇ ਦੀ ਸਿੱਖ ਸੰਗਤ ਨੂੰ ਲਿਖਿਆ ਸੀ। ਭਾਵੇਂ ਕਿ ਇਹ ਹੁਕਮਨਮਾ ਪੂਰਨ ਤੌਰ 'ਤੇ ਪੜ੍ਹਿਆ ਨਹੀਂ ਜਾ ਸਕਦਾ ਪਰ ਇਸ ਵਿਚੋਂ ਢਾਕੇ ਦੇ ਕੁੱਝ ਸਿੱਖਾਂ ਦਾ ਜ਼ਿਕਰ ਮਿਲਦਾ ਹੈ ਜਿਵੇਂ ਭਾਈ ਭਾਗਮਲ, ਛਬੀਲਦਾਸ, ਨਾਥੋਰਮਲ ਅਤੇ ਸਧਰੀਮਲ। ਗੁਰਮੁਖੀ ਵਿਚ ਲਿਖਿਆ ਇਹ ਅਸਲ ਹੁਕਮਨਾਮਾ ਪ੍ਰਾਪਤ ਨਹੀਂ ਹੈ ਅਤੇ ਜੀ.ਬੀ. ਸਿੰਘ ਦੁਆਰਾ ਅੰਗਰੇਜ਼ੀ ਵਿਚ ਅਨੁਵਾਦ ਕੀਤਾ ਹੁਕਮਨਾਮਾ ਇਸ ਤਰ੍ਹਾਂ ਹੈ[4]:

> "May God protect you"
>
> Bhais Bhagmal, Chhabildas, Nathormal and Saddhrimal! I want one Chira and one aswari... Send... Blessed be the congretation.

ਗੁਰੂ ਤੇਗ ਬਹਾਦਰ ਜੀ ਦੇ ਹੋਰਨਾਂ ਹੁਕਮਨਾਮਿਆਂ ਦਾ ਜ਼ਿਕਰ ਵੀ ਦੇਖਣ ਨੂੰ ਮਿਲਦਾ ਹੈ, ਉਹਨਾਂ ਬਾਰੇ ਹੋਰ ਵਧੇਰੇ ਖੋਜ ਕਰਨ ਦੀ ਲੋੜ ਹੈ। ਬੰਗਲਾਦੇਸ਼ ਵਿਖੇ ਵੱਸਦੀ ਸਿੱਖ ਸੰਗਤ ਦੇ ਨਾਂ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਲਿਖੇ ਚਾਰ ਹੁਕਮਨਾਮੇ ਮਿਲਦੇ ਹਨ ਜਿਨ੍ਹਾਂ ਦਾ ਵਿਸਤਾਰ ਪੂਰਵਕ ਵਰਨਨ ਜੀ.ਬੀ. ਸਿੰਘ ਨੇ ਕੀਤਾ ਹੈ। ਅਸਲ ਰੂਪ ਵਿਚ ਇਹ ਹੁਕਮਨਾਮੇ ਕਿਥੇ ਹਨ, ਇਸ ਬਾਰੇ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ। ਡਾ. ਗੰਡਾ ਸਿੰਘ ਨੇ ਪੁਰਾਣੀਆਂ ਲਿਖਤਾਂ ਵਿਚ ਛਪੇ ਹੋਏ ਹੁਕਮਨਾਮਿਆਂ ਨੂੰ ਸੰਗਤ ਦੇ ਸਨਮੁਖ ਕਰਨ ਦਾ ਵਡਮੁੱਲਾ ਕਾਰਜ ਕੀਤਾ ਹੈ। ਸਿਲਹਟ, ਸੋਨਦੀਪ, ਚਟਗਾਵ, ਢਾਕਾ, ਲਸਕਰ ਆਦਿ ਦੀ ਸੰਗਤ ਨੂੰ ਲਿਖੇ ਗਏ ਹੁਕਮਨਾਮਿਆਂ ਵਿਚ ਇਹਨਾਂ ਪ੍ਰਮੁੱਖ ਸਿੱਖਾਂ ਦਾ ਜ਼ਿਕਰ ਮਿਲਦਾ ਹੈ—ਅਨੂਪ ਰਾਇ, ਸੇਵਕ ਦਾਸ, ਸੁਖਦੇਵ, ਹਰਦਿਆਲ, ਹੁਲਾਸ ਚੰਦ, ਕਾਸੀ ਰਾਮ, ਗੁਰਬਖ਼ਸ਼, ਗੁਲਾਲ ਚੰਦ, ਗਿਰਧਰ ਲਾਲ, ਜੀਵਨ ਮਲ, ਤੁਲਾ ਰਾਮ, ਦਖਨੀ ਰਾਇ, ਦਾਨੀਰਾਇ, ਦਿਆਲ ਦਾਸ, ਧਰਮ ਚੰਦ, ਪਾਤੀ ਰਾਮ, ਪ੍ਰੀਤਮ ਦਾਸ, ਬਖਸ਼ੀਸ਼ ਚੰਦ, ਬਾਬੂ ਰਾਇ, ਬੁਲਾਕੀ ਦਾਸ, ਬਿਹਾਰੀ ਲਾਲ, ਬਿੰਦਰਾਬਨ, ਮਹੇਸ ਦਾਸ, ਮਿਹਰਚੰਦ, ਲਾਲ ਚੰਦ, ਲਾਲਮਨ। ਇਹਨਾਂ ਨਾਵਾਂ ਤੋਂ ਇੰਝ ਜਾਪਦਾ ਹੈ ਕਿ ਇਸ ਸਮੇਂ ਤੱਕ ਖ਼ਾਲਸਾ ਪੰਥ ਦੀ ਸਿਰਜਨਾ ਨਹੀਂ ਹੋਈ ਸੀ।

ਸੰਗਤ ਗੁਰੂ ਪ੍ਰਤੀ ਸਮਰਪਿਤ ਭਾਵਨਾ ਨਾਲ ਜੀਵਨ ਬਸਰ ਕਰਦੀ ਹੈ ਅਤੇ ਗੁਰੂ ਅਰਜਨ ਦੇਵ ਜੀ ਦੇ ਸਮੇਂ ਅਰੰਭ ਹੋਈ ਦਸਵੰਧ ਦੀ ਮਾਇਆ ਗੁਰੂ-ਘਰ ਭੇਟ ਕਰਨਾ ਆਪਣਾ ਧਾਰਮਿਕ ਫ਼ਰਜ਼ ਸਮਝਦੀ ਹੈ। ਹੁਕਮਨਾਮਿਆਂ ਤੋਂ ਜਾਣਕਾਰੀ ਮਿਲਦੀ ਹੈ ਕਿ ਗੁਰੂ ਜੀ ਸੰਗਤ ਨੂੰ ਆਦੇਸ਼ ਕਰਦੇ ਹਨ ਕਿ ਲੋੜੀਂਦੀਆਂ ਵਸਤਾਂ ਹੀ ਗੁਰੂ-ਘਰ ਭੇਟ ਕੀਤੀਆਂ ਜਾਣ। ਹਥਿਆਰ, ਕਪੜਾ, ਕਾਰ ਭੇਟ, ਜੰਗੀ ਹਾਥੀ, ਢਾਲ ਆਦਿ ਗੁਰੂ ਨਮਿਤ ਭੇਜਣ ਦੀ ਹਦਾਇਤ ਕੀਤੀ ਗਈ ਹੈ। ਗੁਰੂ ਸਾਹਿਬਾਨ ਦੀ ਸੰਗਤ ਨਾਲ ਭਾਵਨਾਤਮਿਕ ਸਾਂਝ ਹੈ। ਲੋਕ-ਪਰਲੋਕ ਵਿਚ ਗੁਰੂ ਜੀ ਸਹਾਈ ਹੋਣ, ਸੰਗਤ ਇਸ ਇੱਛਾ ਦੀ ਕਾਮਨਾ ਅਤੇ ਅਰਦਾਸ ਕਰਦੀ ਹੈ। ਦਸਮ ਪਿਤਾ ਆਪਣੇ ਹੁਕਮਨਾਮਿਆਂ ਵਿਚ ਸਿੱਖਾਂ ਦੀਆਂ

ਸ਼ੁਭ-ਕਮਾਨਾਵਾਂ ਪੂਰੀਆਂ ਕਰਨ ਅਤੇ ਅੰਗ-ਸੰਗ ਸਹਾਈ ਹੋਣ ਦਾ ਬਚਨ ਕਰਦੇ ਹਨ। ਗੁਰੂ ਜੀ ਕਹਿੰਦੇ ਹਨ — ਸੰਗਤ ਕੀ ਗੁਰੂ ਬਹੁੜੀ ਕਰੈਗਾ, ਗੁਰੂ ਕੀ ਦਰਗਾਹ ਮੈ ਥਾਇ ਪੜੈਗਾ, ਸੰਗਤ ਕੇ ਰੁਜਗਾਰ ਮੈ ਗੁਰੂ ਬਰਕਤ ਕਰੈਗਾ, ਸੰਗਤ ਕੇ ਗੁਰੂ ਮਨੋਰਥ ਪੂਰੇ ਕਰੇਗਾ, ਜੋ ਸਿਖ ਕਵਡੀ ਲਾਵੇਗਾ ਸੋ ਨਿਹਾਲ ਹੋਗੁ। ਸੰਗਤ ਵਿਚ ਪ੍ਰੇਮ ਅਤੇ ਭਾਈਚਾਰੇ ਦੀ ਭਾਵਨਾ ਬਣੀ ਰਹੇ ਇਸ ਲਈ 'ਏਹ ਕਾਮੁ ਸੰਗਤ ਨੇ ਏਕਠੇ ਹੋ ਕੈ ਕਰਨਾ' ਦਾ ਆਦੇਸ਼ ਦਿੱਤਾ ਗਿਆ ਹੈ। ਜਿਹੜੀ ਮਾਇਆ ਜਾਂ ਵਸਤੂ ਗੁਰੂ ਘਰ ਪਹੁੰਚਦੀ, ਉਸ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਉਸ ਮੁਖੀ ਸਿੱਖ ਦਾ ਵੀ ਨਾਂ ਦਰਜ ਕੀਤਾ ਗਿਆ ਹੈ ਜਿਹੜਾ ਸੰਗਤ ਦੀ ਕਾਰਭੇਟ ਲੈ ਕੇ ਗੁਰੂ ਘਰ ਪੁੱਜਾ ਹੈ। ਜਿਵੇਂ ਇਕ ਹੁਕਮਨਾਮੇ ਵਿਚ ਦੱਸਿਆ ਗਿਆ ਹੈ ਕਿ 'ਭਾਈ ਹੁਲਾਸ ਚੰਦ ਹਜੂਰ ਆਇਆ ਸੰਗਤ ਕਾ ਮੁਜਰਾ ਕੀਆ 900 ਨਉ ਸੈ ਰੁਪਯੇ ਕੀ ਹੁੰਡੀ 8 ਆਠ ਚੀਰੇ ਕੇ ਕਪੜੇ ਤੇਗੇ ਹਜੂਰ ਪਹੁਤੇ।' ਇਸੇ ਤਰ੍ਹਾਂ ਜਿਹੜੀ ਵਸਤੂ ਗੁਰੂ ਘਰ ਮੰਗਵਾਉਣੀ ਹੈ ਉਸ ਦਾ ਵੀ ਵਿਸਤਾਰ ਵਰਨਨ ਕੀਤਾ ਮਿਲਦਾ ਹੈ ਜਿਵੇਂ 'ਸਰਬਤ ਸੰਗਤ ਨੋ ਹੁਕਮ ਹੈ ਜੋ 1600 ਸੋਲਾ ਸੈ ਕੇ 40 ਚਾਲੀਸ ਚੀਰੇ ਮੁਕੇਸੀ ਸੁਨਹਰੀ 300 ਤੀਨ ਸੈ ਕੀ 30 ਢਾਲੈ 100 ਸਉ ਕੀ 2 ਦੋ ਢਾਲੈਂ 1 ਇਕ ਮਨ ਗਾਜਾ (ਇਕ) ਭਾਗਾ ਏਹ ਸੰਗਤ ਨੇ ਫਰਮਾਇਸ ਏਕਠੇ ਹੋਇ ਕੈ ਕਰਣੀ', 'ਇਕ ਸਉ ਇਕੁ ਰਪਯਾ ਫੁਰਮਾਇਸ ਹੁਕਮੁ ਦੇਖਦੇ ਹੀ ਹੁੰਡੀ ਕਰਾਇ ਭੇਜਣੀ।'

ਦੀਵਾਲੀ ਅਤੇ ਬੈਸਾਖ਼ੀ ਦਾ ਸਿੱਖ ਇਤਿਹਾਸ ਵਿਚ ਵਿਸ਼ੇਸ਼ ਮਹੱਤਵ ਹੈ। ਇਹ ਦੋ ਅਜਿਹੇ ਤਿਉਹਾਰ ਹਨ ਜਿਨ੍ਹਾਂ ਬਾਰੇ ਗੁਰੂ ਸਾਹਿਬਾਨ ਆਪ ਹੀ ਸੰਗਤ ਨੂੰ ਦ੍ਰਿੜ ਕਰਾਉਂਦੇ ਰਹੇ ਹਨ। ਦੂਰ-ਦੁਰਾਡੇ ਦੀ ਸੰਗਤ ਇਹਨਾਂ ਤਿਉਹਾਰਾਂ ਸਮੇਂ ਸਾਲ ਵਿਚ ਦੋ ਵਾਰੀ ਗੁਰੂ ਸਾਹਿਬਾਨ ਦੇ ਦਰਸ਼ਨ ਕਰਨ ਆਉਂਦੀ ਸੀ। ਮਸੰਦ ਆਪਣੇ ਇਲਾਕੇ ਦੀ ਸੰਗਤ ਨਾਲ ਗੁਰੂ-ਘਰ ਆਉਂਦੇ ਅਤੇ ਭੇਟਾਵਾਂ ਅਰਪਨ ਕਰਦੇ ਸਨ। ਢਾਕੇ ਦੀ ਸੰਗਤ ਨੂੰ ਲਿਖੇ ਹੁਕਮਨਾਮਿਆਂ ਵਿਚ ਗੁਰੂ ਜੀ ਆਦੇਸ਼ ਕਰਦੇ ਹਨ, 'ਭਾਈ ਹੁਲਾਸ ਚੰਦ ਸੰਗਤ ਕਾਰ ਭੇਟ ਲੈ ਕੇ ਦੀਵਾਲੀ ਨੋ ਦਰਸਨ ਆਵਣਾ ਜੋ ਸਿਖ ਦਰਸਨ ਆਵਗੁ ਤਿਸ ਦੇ ਕਦਮ ਥਾਇ ਪਉਨਗੇ', 'ਦੀਪਮਾਲਾ ਕੋ ਹਮਾਰੇ ਹਜੂਰ ਪਹੁਚੈ'। ਦਰਸ਼ਨ ਕਰਨ ਵਾਲੀ ਸੰਗਤ ਹਥਿਆਰ ਬੰਨ ਕੇ ਆਵੇ ਅਤੇ ਜੇ ਕੋਈ ਸਿੱਖ ਮਿਲੇ ਤਾਂ ਨਾਲ ਮਿਲਾ ਲੈਣਾ। ਇਹਨਾਂ ਹੁਕਮਨਾਮਿਆਂ ਵਿਚੋਂ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਮਸੰਦ ਪ੍ਰਥਾ ਨੂੰ ਖ਼ਤਮ ਕੀਤੇ ਜਾਣ ਦਾ ਜ਼ਿਕਰ ਵੀ ਮਿਲਦਾ ਹੈ। ਸੰਗਤ ਮਸੰਦਾਂ ਨਾਲ ਗੁਰੂ ਸਾਹਿਬਾਨ ਦੇ ਦਰਸ਼ਨ ਕਰਨ ਆਉਂਦੀ ਸੀ ਜਾਂ ਆਪਣੀਆਂ ਭੇਟਾਵਾਂ ਇਹਨਾਂ ਰਾਹੀਂ ਗੁਰੂ ਸਾਹਿਬ ਨੂੰ ਪਹੁੰਚਾਉਂਦੀ ਸੀ ਗੁਰੂ ਸਾਹਿਬ ਨੇ ਇਹ ਪ੍ਰਥਾ ਬੰਦ ਕਰਦੇ ਹੋਏ ਸੰਗਤ ਨੂੰ ਆਦੇਸ਼ ਕੀਤਾ ਗਿਆ ਕਿ, 'ਮਸੰਦ ਮਸੰਦੀਏ ਨਾਲ ਨਹੀ ਮਿਲਣਾ' ਅਤੇ 'ਜੋ ਕੁਛੁ ਗੁਰੂ ਕੇ ਨਵਿਤ ਕਾ ਹੋਵੈ ਸੋ ਹੋਰਸ ਕਿਸੇ ਨੋ ਨਾਹੀ ਦੇਣਾ ਆਪੇ ਲੈ ਆਵਣਾ।'

ਡਾ. ਗੰਡਾ ਸਿੰਘ ਦੁਆਰਾ ਕਲਮਬੰਦ ਕੀਤੇ ਗਏ ਹੁਕਮਨਾਮਿਆਂ ਤੋਂ ਇਲਾਵਾ ਇਕ ਅਜਿਹਾ ਹੁਕਮਨਾਮਾ ਵੀ ਸਾਹਮਣੇ ਆਇਆ ਹੈ ਜਿਹੜਾ ਦਸੰਬਰ 1971 ਵਿਚ ਬੰਗਲਾਦੇਸ਼ ਦੀ ਅਜ਼ਾਦੀ ਉਪਰੰਤ ਉਥੇ ਗਏ ਸਿੱਖ ਵਫ਼ਦ ਦੇ ਹੱਥ ਲੱਗਾ ਸੀ। ਇਹ ਹੁਕਮਨਾਮਾ ਸ. ਜੋਗਿੰਦਰ ਸਿੰਘ ਜੋਗੀ ਨੇ *ਬੰਗਲਾਦੇਸ਼ ਵਿਚ ਇਤਿਹਾਸਕ ਗੁਰਦੁਆਰੇ*

ਸਿਰਲੇਖ ਅਧੀਨ ਆਪਣੀ ਪੁਸਤਕ ਵਿਚ ਛਾਪਿਆ ਹੈ। ਇਸ ਹੁਕਮਨਾਮੇ 'ਤੇ ਸੰਮਤ 1751/1694 ਈ. ਦੀ ਮਿਤੀ ਛਪੀ ਹੋਈ ਹੈ ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਇਹ ਹੁਕਮਨਾਮਾ ਵੀ ਖ਼ਾਲਸਾ ਪੰਥ ਦੀ ਸਿਰਜਨਾ ਤੋਂ ਪਹਿਲਾਂ ਦਾ ਛਪਿਆ ਹੋਇਆ ਹੈ। ਇਸ ਹੁਕਮਨਾਮੇ ਦਾ ਮੂਲ ਰੂਪ ਇਥੇ ਦਿੱਤਾ ਜਾ ਰਿਹਾ ਹੈ।

ੴ ਗੁਰਸਤੁ
ਸਰਬਤੁ ਸੰਗਤ ਗੁਰੂ ਰਖੈਗਾ ਬੁਲਾਕੀ
ਦਾਸ ਸੇਵਕ ਦਾਸ ਸਿਧ ਸੈਣ ਕਾ
ਖਸਮਾਨਾ ਕਰਣਾ ਜੋ ਇਨ ਕੀ
ਸੇਵਾ ਕਰੈਗਾ ਉਸ ਦੀ ਦਰਗਾਹ ਮੇ
ਥਾਇ ਪੜੈਗੀ ਸੰਗਤਿ ਨਿਹਾਲ ਹੋਈ
ਬੁਲਾਕੀ ਦਾਸ ਹਮਾਰਾ ਹੈ ਇਸ ਕਾ ਖਸਮਾਨਾ ਕਰਨਾ

ੴ ਗੁਰੂਸਤਿ

ਸਿਰੀ ਗੁਰੂ ਜੀਉ ਦੀ ਆਗਿਆ ਹੈ ਸਰਬਤ ਸੰਗਤ ਜਿਨ ਸਿਖ ਵਾਹੁਗੁਰੂ ਕੀਆ ਹੈ ਕਹਿਆ ਹੈ
ਗੁਰੂ ਰਖੈਗਾ ਸੰਗਤ ਗੁਰੂ ਗੁਰੂ ਜਪਣਾ ਜਨਮੁ ਸਉਰੇਗਾ ਬੁਲਾਕੀ ਦਾਸੁ ਸੇਵਕ ਦਾਸੁ ਸਿਧ
ਸੈਣੁ ਉਪਰ ਮੇਰੀ ਖੁਸੀ ਹੈ ਜੋ ਕੋਈ ਸਿਖੁ ਇਨਾ ਦਾ ਖਸਮਾਨਾ ਕਰੈਗਾ ਉਸ ਦਾ ਖਸਮਾਨਾ
ਦਰਗਹ ਵਿਚਿ ਹੋਵੈਗਾ ਮੇਰਾ ਹੁਕਮੁ ਹੈ ਸੰਗਤ ਨਿਹਾਲ ਹੋਈ॥ ਮਿਤੀ ਜੇਠ ਵਦੀ 11 ਸੰਮਤ 1751
(1694 ਈ.)

ਉਕਤ ਹੁਕਮਨਾਮਿਆਂ ਤੋਂ ਇਲਾਵਾ ਜੀ.ਬੀ. ਸਿੰਘ ਨੇ ਇਕ ਹੋਰ ਹੁਕਮਨਾਮੇ ਦਾ ਜ਼ਿਕਰ ਕੀਤਾ ਹੈ ਜਿਹੜਾ ਕਿ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਤੋਂ ਸੰਮਤ 1849 ਵਿਚ ਲਿਖਿਆ ਗਿਆ ਸੀ। ਇਸ ਹੁਕਮਨਾਮੇ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ

ਜੋਤੀ ਜੋਤ ਸਮਾਉਣ ਉਪਰੰਤ ਚਾਰ ਤਖ਼ਤਾਂ ਦੇ ਮਹੱਤਵ ਅਤੇ ਇਹਨਾਂ ਦੇ ਸੇਵਾਦਾਰਾਂ ਦੇ ਆਪਸੀ ਸੰਬੰਧਾਂ ਦਾ ਜ਼ਿਕਰ ਮਿਲਦਾ ਹੈ। ਕਿਸੇ ਵੀ ਰੂਪ ਵਿਚ ਇਹ ਹੁਕਮਨਾਮਾ ਮੌਜੂਦ ਨਹੀਂ ਹੈ।

ਬੰਗਲਾਦੇਸ਼ ਵਿਚ ਭਾਵੇਂ ਸਿੱਖ ਸੰਗਤ ਨਹੀਂ ਹੈ ਪਰ ਉਥੇ ਸਸ਼ੋਭਿਤ ਗੁਰਧਾਮ ਅਤੇ ਉਥੋਂ ਦੀ ਸਿੱਖ ਸੰਗਤ ਦੇ ਨਾਂ ਲਿਖੇ ਇਹ ਹੁਕਮਨਾਮੇ ਉਹਨਾਂ ਇਲਾਕਿਆਂ ਨਾਲ ਸਾਂਝ ਪੈਦਾ ਕਰਦੇ ਹਨ ਜਿਹੜੇ ਗੁਰੂ ਸਾਹਿਬਾਨ ਦੀ ਚਰਨ ਛੋਹ ਨਾਲ ਪਵਿੱਤਰ ਹੋਏ ਹਨ। ਭੂਗੋਲਿਕ ਤੌਰ ’ਤੇ ਅਲੱਗ ਹੋ ਗਏ ਅਜਿਹੇ ਇਲਾਕਿਆਂ ਪ੍ਰਤੀ ਹਾਲੇ ਵੀ ਭਾਵਨਾਤਮਿਕ ਸਾਂਝ ਕਾਇਮ ਹੈ ਅਤੇ ਸਿੱਖ ਉਹਨਾਂ ਦੀ ਯਾਤਰਾ ਕਰਨਾ ਲੋਚਦੇ ਹਨ। ਬੰਗਲਾਦੇਸ਼ ਵਿਚ ਮੌਜੂਦ ਗੁਰੂ ਸਾਹਿਬਾਨ ਦੀਆਂ ਨਿਸ਼ਾਨੀਆਂ ਇਸ ਮੁਲਕ ਨਾਲ ਸਦੀਵੀ ਸਾਂਝ ਹੋਣ ਦਾ ਪ੍ਰਗਟਾਵਾ ਕਰਦੀਆਂ ਹਨ। ਇਹਨਾਂ ਨਿਸ਼ਾਨੀਆਂ ਵਿਚੋਂ ਹੁਕਮਨਾਮੇ ਅਜਿਹੇ ਪ੍ਰਮਾਣਿਤ ਦਸਤਾਵੇਜ਼ ਹਨ ਜਿਹੜੇ ਸਿੱਖ ਇਤਿਹਾਸ ਦੀ ਜਾਣਕਾਰੀ ਪ੍ਰਦਾਨ ਕਰਨ ਦੇ ਨਾਲ-ਨਾਲ ਗੁਰੂ ਪ੍ਰਤੀ ਸ਼ਰਧਾ, ਸਤਿਕਾਰ ਅਤੇ ਪ੍ਰੇਮ ਦਾ ਪ੍ਰਗਟਾਵਾ ਕਰਦੇ ਹਨ।

ਹਵਾਲੇ

1. ਜੀ.ਬੀ. ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪ੍ਰਾਚੀਨ ਬੀੜਾਂ*, ਪੰਨਾ 276.
2. Gurbaksh (G.B.) Singh, Sikh Relics in Eastern Bengal, in *The Dacca Review*, Oct-Nov. 1915, pp. 229-30.
3. ਜੀ.ਬੀ. ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪ੍ਰਾਚੀਨ ਬੀੜਾਂ*, ਪੰਨਾ 178, ਫੁੱਟ-ਨੋਟ.
4. Gurbuksh Singh, Sikh Relics in Eastern Bengal, in *The Dacca Review*, Oct.-Nov. 1915, p. 231.

ਅੰਤਿਕਾ

ਗੁਰੂ ਗੋਬਿੰਦ ਸਿੰਘ ਜੀ ਵੱਲੋਂ ਪਟਨਾ ਸਾਹਿਬ ਦੀ ਸੰਗਤ ਲਈ ਭੇਜੀ ਗਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵਿਚੋਂ
ਨਿਸ਼ਾਨ ਅਤੇ ਮੂਲ ਮੰਤਰ



ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ

ਗੁਰੂ ਗੋਬਿੰਦ ਸਿੰਘ ਜੀ ਦਾ ਇਕ ਪੁਰਾਤਨ ਚਿੱਤਰ

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ

ਸੰਦਲ ਦੀ ਲੱਕੜ ਦੀਆਂ ਬਣੀਆਂ ਹੋਈਆਂ ਗੁਰੂ ਤੇਗ਼ ਬਹਾਦਰ ਜੀ
ਦੀਆਂ ਖੜਾਵਾਂ

ਹਾਥੀ ਦੰਦ ਦੀਆਂ ਬਣੀਆਂ ਹੋਈਆਂ ਗੁਰੂ ਗੋਬਿੰਦ ਸਿੰਘ ਜੀ ਦੇ ਬਚਪਨ
ਦੀਆਂ ਛੋਟੀਆਂ ਖੜਾਵਾਂ

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ

ਮਾਤਾ ਗੁਜਰੀ ਜੀ ਦਾ ਖੂਹ

ਗੁਰੂ ਗੋਬਿੰਦ ਸਿੰਘ ਜੀ ਦੇ ਬਚਪਨ ਦਾ ਪੰਘੂੜਾ



ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ

ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸਤਰ ਅਤੇ ਨਿਸ਼ਾਨੀਆਂ

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ

ਗੁਰੂ ਗੋਬਿੰਦ ਸਿੰਘ ਜੀ ਦਾ ਚੋਲਾ

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਪੁਰਤਾਨ ਡਿਊੜ੍ਹੀ
ਜਿਸ ਦੀ ਸੇਵਾ ਸੰਤ ਨਿਸਚਲ ਸਿੰਘ ਨੇ ਕਰਵਾਈ ਸੀ

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਦਰਬਾਰ ਹਾਲ ਦੇ
ਬਾਹਰੀ ਦਰਵਾਜੇ

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ

ਗੁਰਦੁਆਰਾ ਨਾਨਕ ਸ਼ਾਹੀ, ਰਮਨਾ, ਢਾਕਾ

ਗੁਰਦੁਆਰਾ ਨਾਨਕਸ਼ਾਹੀ ਰਮਨਾ, ਢਾਕੇ ਵਿਖੇ ਗੁਰੂ ਤੇਗ਼ ਬਹਾਦਰ ਜੀ ਦੀਆਂ ਸੰਭਾਲ ਕੇ ਰੱਖੀਆਂ ਹੋਈਆਂ ਖੜਾਵਾਂ

ਢਾਕਾ ਦੇ ਬੰਗਲਾ ਬਜ਼ਾਰ ਵਿਚ ਸਥਿਤ ਗੁਰਦੁਆਰਾ ਸੰਗਤ ਟੋਲਾ

ਬੰਗਲਾਦੇਸ਼ ਦੇ ਚਿਟਾਗਾਂਗ ਨਗਰ ਵਿਚ ਚੌਕ ਬਜ਼ਾਰ ਵਿਖੇ ਸਥਿਤ ਗੁਰਦੁਆਰਾ ਸਿੱਖ ਟੈਂਪਲ ਅਸਟੇਟ

ਬੰਗਲਾਦੇਸ਼ ਦੀ ਅਜ਼ਾਦੀ ਉਪਰੰਤ ਉਥੋਂ ਦੇ ਕਾਰਜਕਾਰੀ ਰਾਸ਼ਟਰਪਤੀ ਸੱਯਦ ਨਜ਼ਰੁਲ ਇਸਲਾਮ ਗੁਰਦੁਆਰਾ ਨਾਨਕਸ਼ਾਹੀ, ਰਮਨਾ, ਢਾਕਾ ਵਿਖੇ ਪਹਿਲਾ ਭਾਸ਼ਣ ਦਿੰਦੇ ਹੋਏ



Nazrul addresses Sikhs at Bakshi Bazar Gurdwara

Religious freedom for all assured

Acting President of the People's Republic of Bangladesh Syed Nazrul Islam on Sunday declared that there will be absolute religious freedom in Bangladesh, reports APB

The Acting President said, while addressing a gathering of Sikhs at a Gurdwara at Bakshi Baz.., when I declare Bangladesh will be a secular state then I only echo the great ideals of Father of the Nation Bangabandhu Sheikh Mujibur Rahman for which he was fighting for the last 22 years. By secularism if anybody thinks that there will be no religion then he is mistaken.

Secularism in the truest sense of the term means that all religions must have full freedom and with all assurance they will be able to perform religious functions in their respective religious places.

The Acting President declared that henceforth a Gurdwara, a church, a mandir and a pagoda will be equally a place of respect to us as a mosque. The Acting President said, I am happy to see that many Muslims are also present here. One Imam is also present. This is clear indication that things have totally and radically changed. Hence imams purohits and fathers will respect each other and respect each other's religion.

Syed Nazrul Islam said, it is gratifying to see that the old Gurdwara which was in shambles is brought back to life. I am sorry to know that the then Pak Government did not allow the Sikh community to visit this religious place and thus did not allow religious freedom. This itself speaks of the intolerance which was shown by the then government. Intolerance was practised by them for their political purpose. Now after independence the age of intolerance is over.

Paying rich tribute to the Sikh community, the Acting President said, I have highest regard for the great Guru Nanak. He was one of the great men of the world who preached love for humanity. Guru Nanak preached message of goodwill and friendship for all people of the world. No religious leader ever appeared to have spoken in a way which divides the people in warring groups. Our great Prophet Mohammad preached tolerance and brotherhood. Islam itself means peace. Jesus Christ preached nothing but love and affection for each other. Lord Buddha preached non-violence and love for all communities of the world.

(Continued on page 4 col. 8)

Acting President Syed Nazrul Islam addressing a gathering of Sikhs at Gurudwara at Bakshi bazar on January 2.

ਗ੍ਰੰਥੀ ਸਵਰਨ ਸਿੰਘ ਦੀ ਯਾਦ ਵਿਚ ਰੱਖੇ ਹੋਏ ਅਖੰਡ ਪਾਠ ਦੇ ਭੋਗ ਵਿਚ ਹਿੱਸਾ ਲੈਂਦੇ ਹੋਏ ਭਾਰਤੀ ਫ਼ੌਜ ਦੇ ਜਵਾਨ ਜਿਸ ਨੇ ਗੁਰਦੁਆਰਾ ਨਾਨਕਸ਼ਾਹੀ ਨੂੰ ਬਚਾਉਣ ਲਈ ਸ਼ਹਾਦਤ ਦੇ ਦਿੱਤੀ ਸੀ

The Sikh members of the Allied Forces, offering prayer at the Gurdwara on the western side of the University library in membry of departed souls of the martyers on Sunday in observance of the National Mourning Day. Granthi Sarwan Singh their religious chief of the Sikh communnity in Bangladesh was killed there by the Pakistan Army in December. —OBSERVER

ਪੁਸਤਕ ਸੂਚੀ

ਪ੍ਰਮੁੱਖ ਸਰੋਤ

ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਚਾਰ ਭਾਗ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਵਾਰਾਂ ਭਾਈ ਗੁਰਦਾਸ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2005.

ਸ੍ਰੀ ਦਸਮ ਗ੍ਰੰਥ ਸਾਹਿਬ

ਪੰਜਾਬੀ ਪੁਸਤਕਾਂ

1. *ਅਕਾਲੀ ਰੈਹਤਨਾਮਾ*, ਭਾਈ ਪ੍ਰਤਾਪ ਸਿੰਘ ਸੁੰਦਰ ਸਿੰਘ, ਅੰਮ੍ਰਿਤਸਰ, 1923.
2. ਅਮਰ ਸਿੰਘ ਖਾਲਸਾ, *ਕਲਗੀਧਰ ਜੀ ਦਾ ਪ੍ਰਕਾਸ਼ ਅਸਥਾਨ*, ਸਰਦਾਰ ਪਬਲੀਕੇਸ਼ਨਜ਼, ਲਖਨਊ, 1951.
3. *ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ* (ਫ਼ਰੀਦਕੋਟ ਵਾਲਾ ਟੀਕਾ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970.
4. ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1971.
5. *ਸਿੱਖ ਰਹਿਤ ਮਰਯਾਦਾ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2015.
6. ਸੁਮੇਰ ਸਿੰਘ, ਬਾਬਾ, *ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼*, ਸੰਪਾਦਕ ਅੱਛਰ ਸਿੰਘ ਕਾਹਲੋਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000.
7. ਸੁਰਿੰਦਰ ਸਿੰਘ ਕੋਹਲੀ, ਸੰਪਾ., *ਜਨਮਸਾਖੀ ਭਾਈ ਬਾਲਾ*, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1975.
8. ਸੁਖਦਿਆਲ ਸਿੰਘ, *ਖਾਲਸਾ ਪੰਥ ਦੇ ਪੰਜ ਤਖ਼ਤ: ਪਿਛੋਕੜ ਅਤੇ ਵਰਤਮਾਨ*, ਡੈਫ਼ੋਡਿਲਜ਼ ਪ੍ਰਿੰਟਰਜ਼, ਪਟਿਆਲਾ, 1987.
9. ਸੁੱਖਾ ਸਿੰਘ, *ਗੁਰ ਬਿਲਾਸ ਪਾਤਸਾਹੀ 10*, ਸੰਪਾਦਕ ਗੁਰਸ਼ਰਨ ਕੌਰ ਜੱਗੀ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1989.

10. ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 2011

11. ਸ਼ਮਸ਼ੇਰ ਸਿੰਘ ਅਸ਼ੋਕ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2003.

12. ਸ਼ਮਸ਼ੇਰ ਸਿੰਘ ਅਸ਼ੋਕ, ਸੰਪਾ., *ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਕੀ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1969.

13. ਹਰਭਜਨ ਸਿੰਘ, ਮੁਖ ਸੰਪਾਦਕ, *ਨਿਰਮਲ ਸੰਪ੍ਰਦਾਇ ਦੀ ਗੁਰਬਾਣੀ ਵਿਆਖਿਆਕਾਰੀ*, ਪੰਜਾਬੀ ਯੂਨੀਵਰਸਿਟੀ ਡਾ. ਬਲਬੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ, 2011.

14. ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1960.

15. ਕਿਰਪਾਲ ਸਿੰਘ, ਸੰਪਾ., *ਜਨਮਸਾਖੀ ਪਰੰਪਰਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1970.

16. ਕੁਇਰ ਸਿੰਘ, *ਗੁਰ ਬਿਲਾਸ ਪਾਤਸਾਹੀ 10*, ਸੰਪਾਦਕ ਸ਼ਮਸ਼ੇਰ ਸਿੰਘ ਅਸ਼ੋਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986.

17. ਕੇਸਰੀ ਸਿੰਘ ਮੁਲਤਾਨੀ, *ਜੀਵਨ ਬ੍ਰਿਤਾਂਤ ਸ੍ਰੀ ਗੁਰੂ ਤੇਗ਼ ਬਹਾਦਰ ਜੀ*, ਰਾਮ ਸਿੰਘ ਕਾਬਲੀ ਐਂਡ ਕੰਪਨੀ, ਅੰਮ੍ਰਿਤਸਰ, 1918.

18. ਗਿਆਨ ਸਿੰਘ, ਗਿਆਨੀ, *ਤਵਾਰੀਖ਼ ਗੁਰੂ ਖ਼ਾਲਸਾ*, ਭਾਗ ਪਹਿਲਾ, ਭਾਸ਼ਾ ਵਿਭਾਗ, ਪਟਿਆਲਾ, ਪੰਜਾਬ, 1993.

19. ਗੰਡਾ ਸਿੰਘ, *ਹੁਕਮਨਾਮੇ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1967.

20. ਗੁਰਬਚਨ ਸਿੰਘ, ਗਿਆਨੀ, *ਮੇਰੀ ਜੀਵਨ ਕਹਾਣੀ*, ਲਿਟਰੇਚਰ ਹਾਊਸ, ਪੁਤਲੀਘਰ, ਅੰਮ੍ਰਿਤਸਰ, 1982.

21. ਜੀ.ਬੀ. ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪ੍ਰਾਚੀਨ ਬੀੜਾਂ*, ਮਾਡਰਨ ਪਬਲੀਕੇਸ਼ਨਜ਼, ਲਾਹੌਰ, 1944.

22. ਜੋਗਿੰਦਰ ਸਿੰਘ ਜੋਗੀ, *ਬੰਗਲਾਦੇਸ਼ ਵਿਚ ਇਤਿਹਾਸਿਕ ਗੁਰਦੁਵਾਰੇ*, ਜੋਗਿੰਦਰ ਸਿੰਘ ਜੋਗੀ, ਪਟਨਾ ਸਾਹਿਬ, 1972.

23. *ਤਖ਼ਤ ਪਟਨਾ ਸਾਹਿਬ ਦਾ ਸੰਖੇਪ ਹਾਲ*, ਬਾਬਾ ਮੋਹਨ ਸਿੰਘ ਬੇਦੀ ਅਤੇ ਹੋਰ, ਕਲਕੱਤਾ, 1933.

24. ਤਰਲੋਚਨ ਸਿੰਘ ਬੇਦੀ, ਸੰਪਾ., *ਸਿੱਖਾਂ ਦੀ ਭਗਤਮਾਲਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994.

25. ਤਾਰਾ ਹਰਿ ਨੋਰਤਮ, *ਸ੍ਰੀ ਗੁਰ ਤੀਰਥ ਸੰਗ੍ਰਹਿ*, ਸ੍ਰੀ ਨਿਰਮਲ ਪੰਚਾਇਤੀ ਅਖਾੜਾ, ਕਨਖਲ, ਮਈ 1975 (ਪਹਿਲੀ 1884).

26. ਧੰਨਾ ਸਿੰਘ ਚਹਿਲ ਪਟਿਆਲਵੀ, ਭਾਈ, *ਗੁਰ ਤੀਰਥ ਸਾਈਕਲ ਯਾਤਰਾ*, ਸੰਪਾਦਕ ਚੇਤਨ ਸਿੰਘ, ਯੂਰਪੀਅਨ ਪੰਜਾਬੀ ਸੱਥ, ਯੂ.ਕੇ., 2016.

27. *ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਕੀ*, ਸੰਪਾਦਕ ਸ਼ਮਸ਼ੇਰ ਸਿੰਘ ਅਸ਼ੋਕ, ਸ੍ਰੀ *ਗੁਰੂ ਨਾਨਕ ਪੰਜ ਸੌ ਸਾਲਾ ਪ੍ਰਕਾਸ਼-ਉਤਸਵ ਕਮੇਟੀ*, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1969.

28. ਪਿਆਰਾ ਸਿੰਘ ਪਦਮ, *ਸ੍ਰੀ ਗੁਰੂ ਗ੍ਰੰਥ ਪ੍ਰਕਾਸ਼*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2004.

29. ਪਿਆਰਾ ਸਿੰਘ ਪਦਮ, *ਦਸਮ ਗ੍ਰੰਥ ਦਰਸ਼ਨ*, ਕਲਮ ਮੰਦਿਰ, ਪਟਿਆਲਾ, 1990.

30. ਪਿਆਰਾ ਸਿੰਘ ਪਦਮ, *ਰਹਿਤਨਾਮੇ*, ਸਿੰਘ ਬਰਦ੍ਰਜ਼, ਅੰਮ੍ਰਿਤਸਰ, 2010.

31. ਪ੍ਰੀਤਮ ਸਿੰਘ, *ਨਿਰਮਲ ਸੰਪ੍ਰਦਾਇ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1981.

32. ਫੌਜਾ ਸਿੰਘ, *ਗੁਰੂ ਤੇਗ਼ ਬਹਾਦਰ: ਯਾਤਰਾ ਅਸਥਾਨ, ਪਰੰਪਰਾਵਾਂ ਤੇ ਯਾਦ ਚਿੰਨ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1976.

33. ਬਲਵੰਤ ਸਿੰਘ ਕੋਠਾ ਗੁਰੂ, ਗਿਆਨੀ, *ਨਿਰਮਲ ਪੰਥ ਦੀ ਗੌਰਵ ਗਾਥਾ*, ਸ੍ਰੀ ਮਾਨ ਮਹੰਤ ਬਲਵੰਤ ਸਿੰਘ ਸੈਕਟਰੀ, ਹਰਿਦਵਾਰ, 2009.

34. ਰਣਧੀਰ ਸਿੰਘ, ਭਾਈ, *ਉਦਾਸੀ ਸਿੱਖਾਂ ਦੀ ਵਿਥਿਆ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1959.

35. ਵਿਸਾਖਾ ਸਿੰਘ ਸੰਤ ਸਿਪਾਹੀ, *ਮਾਲਵਾ ਇਤਿਹਾਸ*, ਦੂਜੀ ਜਿਲਦ, ਗੁਰਮਤ ਪ੍ਰਚਾਰਕ ਸਿੰਘ ਸਭਾ ਇਲਾਕਾ ਤਿਹਾੜਾ, ਫੀਰੋਜ਼ਪੁਰ, 1954.

ਬੰਗਾਲੀ ਪੁਸਤਕਾਂ

ਤਪਨ ਬੈਨਰਜੀ, *ਅਮਰ ਸ਼ਹੀਦ ਗੁਰੂ ਤੇਗ਼ ਬਹਾਦਰ*, ਹਰਮਿੰਦਰ ਸਿੰਘ ਮਲਿਕ, ਲੁਧਿਆਣਾ, 2012.

ਰਸਾਲੇ/ਅਖ਼ਬਾਰਾਂ

ਅਕਾਲੀ, ਅੰਮ੍ਰਿਤਸਰ, 25 ਜੁਲਾਈ 1945.

ਅਜੀਤ, ਜਲੰਧਰ, 2 ਨਵੰਬਰ 2010, 8 ਜਨਵਰੀ 2013.

ਸਿੱਖ ਸੇਵਕ, ਅੰਮ੍ਰਿਤਸਰ, 12 ਦਸੰਬਰ 1932, 28 ਜਨਵਰੀ 1934.

ਸਿੰਘ ਸਭਾ ਪਤ੍ਰਿਕਾ, ਸ੍ਰੀ ਅੰਮ੍ਰਿਤਸਰ, ਦਸੰਬਰ 1983-ਜਨਵਰੀ 1984.

ਸ੍ਰੀ ਗੁਰਮਤ ਪ੍ਰਕਾਸਕਾ, ਸ੍ਰੀ ਅੰਮ੍ਰਿਤਸਰ, ਪੋਹ, ਭਾਗ ਦੂਜਾ, 1888.

ਕੌਮੀ ਦਰਦ, ਅੰਮ੍ਰਿਤਸਰ, 16 ਸਤੰਬਰ 1925, 1 ਅਕਤੂਬਰ 1925.

ਖਾਲਸਾ ਅਖਬਾਰ, ਲਾਹੌਰ, 17 ਸਤੰਬਰ 1887, 26 ਨਵੰਬਰ 1887, 25 ਫਰਵਰੀ 1888.

ਖਾਲਸਾ ਐਡਵੋਕੇਟ, ਅੰਮ੍ਰਿਤਸਰ, 13 ਸਤੰਬਰ 1913, 27 ਫਰਵਰੀ 1950, 4 ਫਰਵਰੀ 1963, 30 ਦਸੰਬਰ 1963, 13 ਜਨਵਰੀ 1964, 11 ਮਈ 1964, 20 ਜੁਲਾਈ 1964, 3 ਅਗਸਤ 1964, 17 ਅਗਸਤ 1964, 12 ਅਗਸਤ 1968, 28 ਫਰਵਰੀ 1972, 11 ਸਤੰਬਰ 1972.

ਖਾਲਸਾ ਸੇਵਕ, ਅੰਮਰਤਸਰ, 3 ਅਪ੍ਰੈਲ 1938, 5 ਜੂਨ 1938, 28 ਦਸੰਬਰ 1938.

ਖਾਲਸਾ ਸਮਾਚਾਰ, ਅੰਮ੍ਰਿਤਸਰ, 18 ਦਸੰਬਰ 1924, 10 ਅਪ੍ਰੈਲ 1930, 3 ਜੁਲਾਈ 1930, 15 ਮਾਰਚ 1934, 3 ਮਈ 1934, 19 ਜੁਲਾਈ 1934, 28 ਜੁਲਾਈ 1938, 4 ਅਗਸਤ 1938, 9 ਜਨਵਰੀ 1958.

ਖਾਲਸਾ ਟਾਈਮਜ਼, ਪਟਨਾ ਸਾਹਿਬ, ਜਨਵਰੀ 2017 (ਹਿੰਦੀ)।

ਗਿਆਨ ਅੰਮ੍ਰਿਤ, ਅੰਮ੍ਰਿਤਸਰ, ਮਈ 1957.

ਗੁਰ ਸੇਵਕ, ਅੰਮ੍ਰਿਤਸਰ 15 ਜਨਵਰੀ 1936, 12 ਅਗਸਤ 1936.

ਗੁਰਦੁਆਰਾ ਗਜ਼ਟ, ਅੰਮ੍ਰਿਤਸਰ, ਦਸੰਬਰ 1936, ਦਸੰਬਰ 1954, ਫਰਵਰੀ 1955, ਨਵੰਬਰ 1965, ਜਨਵਰੀ 1972, ਮਾਰਚ 1972, ਅਪ੍ਰੈਲ 1973, ਮਈ 1974.

ਗੁਰਮਤਿ ਪ੍ਰਕਾਸ਼, ਅੰਮ੍ਰਿਤਸਰ, ਮਾਰਚ 1967, ਨਵੰਬਰ 1969.

ਗੋਬਿੰਦ ਪ੍ਰਕਾਸ਼, ਪਟਨਾ,ਫਰਵਰੀ 1970, ਅਗਸਤ 1970, ਦਸੰਬਰ 2003, ਜਨਵਰੀ 2016.

ਦਸਮੇਸ਼ ਗਜ਼ਟ, ਪਟਨਾ, ਜਨਵਰੀ 1960.

ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ, 11 ਫਰਵਰੀ 1979, 20 ਦਸੰਬਰ 1981, 8 ਦਸੰਬਰ 2012.

ਪ੍ਰੀਤਲੜੀ, ਜਨਵਰੀ 1972.

ਫੁਲਵਾੜੀ, ਲਾਹੌਰ, ਨਵੰਬਰ 1931, ਮਾਰਚ 1934, ਮਈ 1934.

English Books

1. B.C. Allen, ed., *Eastern Bengal District Gazetters, Dacca*, The Pioneer Press, Allahabad, 1912.
2. F.B. Bradley-Birt, *The Romance of an Eastern Capital*, Smith Elder & Co., London, 1906.

3. Francis Buchanan, *An Account of the Districts of Bihar and Patna in 1811-1812*, The Bihar and Orissa Research Society, Calcutta, n.d.
4. Ganda Singh (ed.), *The Sikhs and their College at Patna*, Introduction, Khalsa College, Amritsar, 1940.
5. H.A. Giles (tr.), *The Travels of Fa-hsien (399-414 AD) or Records of the Buddhistic Kingdoms*, Cambridge University Press, Cambridge, 1923.
6. Harbans Singh, *The Encyclopaedia of Sikhism*, 4 vols., Punjabi University, Patiala, 1992-1998.
7. J.H. Hutton, *Census of India*, 1931, vol. I - India, Part I, Manager of Publications, Delhi, 1933.
8. K.L. Sheshagiri Rao, Chief Editor, *Encyclopedia of Hinduism*, Rupa & Co., New Delhi, 2010.
9. L.S.S. O'Malley, *Bengal District Gazetteers, Patna*, The Bengal Secretariat, Calcutta, 1907.
10. M. Subramaniam and M.V. Krishnaswami, *The Law Reports of British India*, Calcutta vol. 3, (The Indian Law Reports, Calcutta Series, vol. VII-1881,), The Law Reports Office, Madras, 1913.
11. Monier Williams, *Religious Thought and Life in India*, part I, Pub. by John Murray, Albemarle Street, London, 1883.
12. R.R. Diwakar, *Bihar Through the Ages,* Orient Longmans Private Ltd., Calcutta, 1959.
13. Ranchor Prasad, ed., *Census of India*, 1951, Bihar, vol. V, Part I-Report, Secretariat Press Bihar, Patna, 1956.
14. Sujan Singh Uban, *Phantoms of Chittagong*, Allied Publishers Private Limited, New Delhi, 1985.
15. Susan Brownmiller, *Against Our Will: Men, Women and Rape*, Ballantine Books, New York, 1975.
16. Teja Singh, *The Gurdwara Reform Movement and the Sikh Awakening*, Desh Sewak Agency, Jallandhar, 1922.

17. *The Constitution and Bylaws of Sri Takht Harimandir Ji, Patna Saheb*, Introduction, The Prabandhak Committee Sri Takht Harimandir Ji, Patna Saheb, 2011.
18. *The Imperial Gazetteer of India*, Clarendon Press, Oxford, 1908.
19. Trilochan Singh, *Guru Tegh Bahadur: Prophet and Martyr*, Gurdwara Parbandhak Committee, Delhi, 1967.
20. V.H. Jackson, ed., *Journal of Francis Buchanan*, *Patna and Gaya in 1811-1812*, Superintendent, Govt. Printing, Bihar and Orissa, Patna, 1925.
21. Ved Parkash, *The Sikhs in Bihar*, Janaki Prakashan, Patna, 1981.

Journals/News Papers

Asiatick Researches, Calcutta, 1789.

Journal of Sikh Studies, August 1977.

Journal of the Asiatic Society of Bengal, vol. lxxiii, 1904.

Journal of the Bihar Research Society, Patna,June 1946.

Souvenir on Guru Nanak in Bihar, 2008.

The Bangladesh Observer, 3 January 1972.

The Dacca Review, Calcutta, Oct.-Nov. 1915.

The Panjab Past and Present, Patiala, April 1975.

The Sikh Review, Calcutta, February 1959, April 1960, October 1960, January 1964, May 1966, April 1967, August 1968, March 1971, September 1972, October 1972, October 1975, December 1975, January 1980, June 1984, January 1985, October 1996.

The Spokesman Weekly, Baisakhi Number 1953, Baisakhi Number 1955, 5 November 1990.

The Tribune, 19 November 2017.


ਸ੍ਰੀ ਪਟਨਾ ਸਾਹਿਬ
ਜੀ

ਡਾ. ਪਰਮਵੀਰ ਸਿੰਘ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਸਿੱਖ ਧਰਮ ਅਤੇ ਦਰਸ਼ਨ ਵਿਸ਼ੇ ਵਿਚ ਵਿੱਦਿਆ ਪ੍ਰਾਪਤ ਕਰਕੇ ਇਥੇ ਹੀ ਕਾਰਜਸ਼ੀਲ ਹਨ। ਮੌਜੂਦਾ ਸਮੇਂ ਵਿਚ ਸਿੱਖ ਵਿਸ਼ਵਕੋਸ਼ ਵਿਭਾਗ ਵਿਖੇ ਖੋਜ-ਕਾਰਜ ਕਰਦਿਆਂ ਇਹਨਾਂ ਨੇ ਵਿਦਿਆਰਥੀਆਂ ਅਤੇ ਖੋਜਾਰਥੀਆਂ ਲਈ ਕਈ ਮਹੱਤਵਪੂਰਨ ਆਰਟੀਕਲ ਅਤੇ ਪੁਸਤਕਾਂ ਲਿਖੀਆਂ ਹਨ। ਇਹਨਾਂ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ: ਚਿੰਤਨ ਅਤੇ ਵਿਚਾਰਧਾਰਾ, ਸਿੱਖ ਅਧਿਐਨ, ਮਾਤਾ ਸੁੰਦਰੀ ਜੀ: ਸੰਘਰਸ਼ ਅਤੇ ਸ਼ਖ਼ਸੀਅਤ, ਭਾਰਤ ਦੇ ਪ੍ਰਮੁੱਖ ਧਰਮ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਬਿਹਾਰ ਦੀ ਸਿੱਖ ਵਿਰਾਸਤ ਆਦਿ ਵਿਸ਼ਿਆਂ 'ਤੇ ਲਿਖੀਆਂ ਪੁਸਤਕਾਂ ਸਿੱਖ ਧਰਮ, ਦਰਸ਼ਨ ਅਤੇ ਇਤਿਹਾਸ ਸੰਬੰਧੀ ਜਾਣਕਾਰੀ ਪ੍ਰਦਾਨ ਕਰਦੀਆਂ ਹਨ।

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਅਤੇ ਬੰਗਲਾਦੇਸ਼ ਦੇ ਗੁਰਧਾਮ ਵਿਸ਼ੇ 'ਤੇ ਲਿਖੀ ਇਹ ਪੁਸਤਕ ਇਹਨਾਂ ਦੀ ਗੁਰ-ਇਤਿਹਾਸ ਪ੍ਰਤਿ ਰੁਚੀ ਦਾ ਪ੍ਰਗਟਾਵਾ ਕਰਦੀ ਹੈ।

GRACIOUS BOOKS

ISBN : 978-93-87276-92-5

9 789387 276925

₹ 450